# ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ ਦਾ ਧਾਰਮਿਕ ਅਤੇ ਰਾਜਨੀਤਿਕ ਵਿਸ਼ਲੇਸ਼ਣ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਮਾਜ ਵਿਗਿਆਨ
ਫੈਕਲਟੀ ਅਧੀਨ ਪੀਐੱਚ. ਡੀ. ਦੀ ਡਿਗਰੀ ਲਈ ਪੇਸ਼
**ਖੋਜ-ਪ੍ਰਬੰਧ**
(2019)


ਨਿਗਰਾਨ
ਡਾ. ਹਰਪਾਲ ਸਿੰਘ ਪੰਨੂ
ਪ੍ਰੋਫੈਸਰ (ਰਿਟਾ.)
ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖੋਜਾਰਥੀ
ਮੱਖਣ ਸਿੰਘ


(Established Under Punjab Act No. 35 of 1961)


ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਪ੍ਰਮਾਣ ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਮੱਖਣ ਸਿੰਘ ਨੇ **ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ ਦਾ ਧਾਰਮਿਕ ਅਤੇ ਰਾਜਨੀਤਿਕ ਵਿਸ਼ਲੇਸ਼ਣ** ਵਿਸ਼ੇ ਉੱਤੇ ਪੀਐੱਚ. ਡੀ. ਦੀ ਡਿਗਰੀ ਲਈ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਤਿਆਰ ਕੀਤਾ ਹੈ। ਇਹ ਖੋਜ-ਪ੍ਰਬੰਧ ਖੋਜਾਰਥੀ ਦੀ ਆਪਣੀ ਮੌਲਿਕ ਖੋਜ ਅਤੇ ਮਿਹਨਤ ਦਾ ਸਿੱਟਾ ਹੈ। ਇਹ ਖੋਜ-ਪ੍ਰਬੰਧ ਪਹਿਲਾਂ ਕਿਸੇ ਯੂਨੀਵਰਸਿਟੀ ਵਿਚ ਡਿਗਰੀ ਜਾਂ ਡਿਪਲੋਮੇ ਲਈ ਪੇਸ਼ ਨਹੀਂ ਕੀਤਾ ਗਿਆ। ਇਹ ਖੋਜ-ਪ੍ਰਬੰਧ ਪ੍ਰੀਖਿਆ ਲਈ ਮੁਲਾਂਕਣ ਦੇ ਯੋਗ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਮੁਲਾਂਕਣ ਕਰਨ ਦੀ ਸਿਫਾਰਸ਼ ਕਰਦਾ ਹਾਂ।

ਮਿਤੀ: 14.03.2019

ਨਿਗਰਾਨ

ਡਾ. ਹਰਪਾਲ ਸਿੰਘ ਪੰਨੂ
ਪ੍ਰੋਫੈਸਰ (ਰਿਟਾ.)
ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਪਾਠ ਪਹਿਲਾ

# ਜਾਣ ਪਛਾਣ

ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ ਵਿਚ ਗੁਰੂ ਸਾਹਿਬਾਨ ਦੇ ਜੀਵਨ-ਚਰਿਤ, ਸਿੱਖ ਇਤਿਹਾਸ, ਗੁਰੂ ਜੰਗਾਂ, ਸਿੱਖ ਜੰਗਾਂ, ਸਿੱਖ ਆਚਰਣ ਤੇ ਸਿੱਖ ਸਿਧਾਂਤਾਂ ਦੀ ਅਦੁੱਤੀ ਪੇਸ਼ਕਾਰੀ ਕੀਤੀ ਗਈ ਹੈ ਜਿਸ ਨਾਲ ਸਿੱਖ ਪੰਥ ਦਾ ਧਾਰਮਿਕ ਅਤੇ ਰਾਜਨੀਤਿਕ ਸਰੂਪ ਉੱਘੜ ਕੇ ਸਾਹਮਣੇ ਆਉਂਦਾ ਹੈ। ਜਾਣ ਪਛਾਣ ਵਿਚ ਇਹਨਾਂ ਦੋ ਰਚਨਾਕਾਰਾਂ ਦੇ ਜੀਵਨ ਸੰਬੰਧੀ ਮਿਲਦੀ ਜਾਣਕਾਰੀ ਨੂੰ ਸਾਂਝਾ ਕੀਤਾ ਜਾਵੇਗਾ। ਦੋਵੇਂ ਗ੍ਰੰਥਾਂ ਦੀ ਆਧਾਰ ਸਮੱਗਰੀ, ਵਿਸ਼ਾ ਵਸਤੂ, ਕਾਵਿਕ ਬਣਤਰ, ਰਚਨਾ ਕਾਲ ਤੇ ਪ੍ਰਕਾਸ਼ਨ ਸੰਬੰਧੀ ਜਾਣਕਾਰੀ ਦਾ ਅਧਿਐਨ ਕੀਤਾ ਜਾਵੇਗਾ।

ਇਹਨਾਂ ਗ੍ਰੰਥਾਂ ਵਿਚ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਦੇ ਅਨੇਕਾਂ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੈ। ਜਿੱਥੇ ਇਹ ਦੋਵੇਂ ਗ੍ਰੰਥ ਇਤਿਹਾਸਕ, ਧਾਰਮਿਕ ਤੇ ਸਾਹਿਤਿਕ ਮਹੱਤਤਾ ਰਖਦੇ ਹਨ, ਉੱਥੇ ਇਹ ਗ੍ਰੰਥ ਬਿਰਤਾਂਤਿਕ ਕਾਵਿ ਸ਼ੈਲੀ ਦਾ ਨਮੂਨਾ ਵੀ ਹਨ। ਬਿਰਤਾਂਤਕ ਰਚਨਾ ਵਿਚ ਘਟਨਾਵਾਂ ਦਾ ਕਾਲਪਨਿਕ ਵਿਸਥਾਰ ਹੁੰਦਾ ਹੈ। 'ਦੋ ਜਾਂ ਅਧਿਕ ਗਾਲਪਨਿਕ ਜਾਂ ਵਾਸਤਵਿਕ ਘਟਨਾਵਾਂ ਦਾ ਸੰਤੁਲਿਤ ਤੇ ਤਰਤੀਬਵਾਰ ਪ੍ਰਗਟਾ ਬਿਰਤਾਂਤ ਕਹਾਉਂਦਾ ਹੈ।'[1]

## 1.1. ਗੁਰਬਿਲਾਸ ਪਾਤਸ਼ਾਹੀ ੧੦: ਜਾਣ ਪਛਾਣ

ਕੁਇਰ ਸਿੰਘ ਵੱਲੋਂ ਰਚਿਆ 'ਗੁਰਬਿਲਾਸ ਪਾਤਸ਼ਾਹੀ ੧੦' ਗ੍ਰੰਥ ਅਠਾਰਵੀਂ ਸਦੀ ਦੇ ਸਿੱਖ-ਸਾਹਿਤ ਦਾ ਹਿੱਸਾ ਹੈ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ 43 ਸਾਲ ਬਾਅਦ ਲਿਖਿਆ ਗਿਆ ਇਹ ਗ੍ਰੰਥ ਸਿੱਖ ਪਰੰਪਰਾ ਅਤੇ ਇਤਿਹਾਸ ਦਾ ਸੁਮੇਲ ਹੈ। ਇਸ ਤੋਂ ਪਹਿਲਾਂ ਮਿਲਦੀਆਂ ਰਚਨਾਵਾਂ ਵਿੱਚੋਂ ਕੋਈ ਵੀ ਰਚਨਾ ਅਜਿਹੀ ਨਹੀਂ ਹੈ ਜਿਸ ਵਿਚ ਗੁਰੂ ਸਾਹਿਬ ਦੇ ਸਮੁੱਚੇ ਜੀਵਨ ਦਾ ਚਿਤਰਨ ਹੋਵੇ। ਭਾਵੇਂ ਬਚਿਤ੍ਰ ਨਾਟਕ ਅਤੇ ਕਵੀ ਸੈਨਾਪਤਿ ਦੇ ਗ੍ਰੰਥ 'ਸ੍ਰੀ ਗੁਰ ਸੋਭਾ' ਵਿਚ ਗੁਰੂ ਸਾਹਿਬ ਦੇ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਛੋਹਿਆ ਗਿਆ ਹੈ, ਪਰ ਕੁਇਰ ਸਿੰਘ ਦਾ ਗੁਰਬਿਲਾਸ ਇਹਨਾਂ ਵਿਚਲੇ ਸਾਰੇ ਇਤਿਹਾਸਕ ਖੱਪਿਆਂ ਨੂੰ ਪੂਰਾ ਕਰਕੇ

[1] ਡਾ. ਜਸਵਿੰਦਰ ਕੌਰ, ਜਨਮਸਾਖੀ ਸਾਹਿਤ: ਚਰਿਤਰ ਨਿਰਮਾਣ ਜੁਗਤਾਂ, ਪੰਨਾ 44

ਗੁਰੂ ਸਾਹਿਬ ਦੇ ਜੀਵਨ ਦੀ ਸੁੰਦਰ ਤਸਵੀਰ ਪੇਸ਼ ਕਰਦਾ ਹੈ।

### 1.1.1. ਰਚਨਾਕਾਰ

'ਗੁਰਬਿਲਾਸ ਪਾਤਸ਼ਾਹੀ ੧੦' ਕਵੀ ਕੁਇਰ ਸਿੰਘ ਦੀ ਰਚਨਾ ਹੈ। ਕੁਇਰ ਸਿੰਘ ਸੰਬੰਧੀ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਇਸ ਗ੍ਰੰਥ ਦਾ ਕਰਤਾ ਭਾਈ ਮਨੀ ਸਿੰਘ ਨੂੰ ਸਮਝਿਆ ਜਾਂਦਾ ਰਿਹਾ ਹੈ। ਰਚਨਾ ਵਿਚ ਇਕ ਵਾਰ ਕੁਇਰ ਸਿੰਘ, ਇਕ ਵਾਰ ਕੰਤ ਹਰਿ, ਦੋ ਵਾਰ ਬਿਸ਼ਨ ਹਰਿ ਅਤੇ ਦਸ ਵਾਰ ਮਨੀ ਸਿੰਘ ਦਾ ਜ਼ਿਕਰ ਆਉਂਦਾ ਹੈ। ਫੌਜਾ ਸਿੰਘ ਨੇ ਵਾਰ-ਵਾਰ ਭਾਈ ਮਨੀ ਸਿੰਘ ਦਾ ਨਾਂ ਆਉਣ ਨੂੰ ਹੀ, ਕਰਤਾ ਸੰਬੰਧੀ ਪਏ ਇਸ ਭੁਲੇਖੇ ਦਾ ਕਾਰਨ ਮੰਨਿਆ ਹੈ।[2] ਇਸ ਰਚਨਾ ਦੀ ਅੰਦਰਲੀ ਗਵਾਹੀ ਕੁਝ ਹੱਦ ਤੱਕ ਸਾਡੀ ਸਹਾਇਤਾ ਕਰਦੀ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਭਾਈ ਮਨੀ ਸਿੰਘ ਇਸ ਗ੍ਰੰਥ ਦੇ ਕਰਤਾ ਨਹੀਂ ਸਗੋਂ ਉਨ੍ਹਾਂ ਤੋਂ ਕਥਾ ਸੁਣ ਕੇ ਕੁਇਰ ਸਿੰਘ ਨੇ ਇਹ ਰਚਨਾ ਕੀਤੀ ਹੈ।[3] ਜਿਥੋਂ ਤੱਕ ਸ੍ਰੀ ਕੰਤ ਹਰਿ ਅਤੇ ਬਿਸ਼ਨ ਹਰਿ ਨਾਂਵਾਂ ਦਾ ਸਵਾਲ ਹੈ, ਰਤਨ ਸਿੰਘ ਜੱਗੀ ਅਨੁਸਾਰ "ਕਵੀ ਨੇ ਇਸ ਕਾਵਿ ਵਿਚ ਆਪਣੇ ਦੋ ਪਰਿਆਇਵਾਚੀ ਨਾਂ- ਬਿਸ਼ਨ ਹਰਿ ਅਤੇ ਸ੍ਰੀ ਕੰਤ ਹਰਿ-ਵਰਤੇ ਹਨ। ਇਹ ਦੋਵੇਂ ਨਾਂ 'ਕੋਇਰ ਸਿੰਘ' ਦੇ ਸਮਾਨਾਰਥ ਸਿੱਧ ਨਹੀਂ ਹੁੰਦੇ। ਸੰਭਵ ਹੈ ਕਵੀ ਦਾ ਨਾਂ ਭਾਈ ਮਨੀ ਸਿੰਘ ਨੇ ਅੰਮ੍ਰਿਤਪਾਨ ਕਰਨ ਵੇਲੇ ਬਿਸ਼ਨ ਸਿੰਘ ਰੱਖ ਦਿੱਤਾ ਹੋਵੇ।"[4] ਸਿੱਖ ਸਮਾਜ ਵਿਚ ਅੰਮ੍ਰਿਤ ਛੱਕਣ ਤੋਂ ਬਾਅਦ ਨਾਂ ਬਦਲਣ ਦੀ ਪਰੰਪਰਾ ਮੰਨੀ ਜਾਂਦੀ ਹੈ। ਇਸ ਕਰਕੇ ਕੁਇਰ ਸਿੰਘ ਦਾ ਹੀ ਦੂਜਾ ਨਾਂ ਬਿਸ਼ਨ ਸਿੰਘ ਮੰਨਿਆ ਜਾ ਸਕਦਾ ਹੈ। ਫੌਜਾ ਸਿੰਘ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਸ੍ਰੀਕੰਤ ਹਰਿ ਨੂੰ ਬਿਸ਼ਨ ਹਰਿ ਦਾ ਹੀ ਪਰਿਆਇਵਾਚੀ ਦਸਦੇ ਹਨ।

### 1.1.2. ਜੀਵਨ ਤੇ ਸ਼ਖ਼ਸੀਅਤ

ਕੁਇਰ ਸਿੰਘ ਦੇ ਜੀਵਨ ਸੰਬੰਧੀ ਜਾਣਨ ਲਈ, ਉਸ ਵੱਲੋਂ ਰਚਨਾ ਅੰਦਰ ਦਿੱਤੀ ਗਈ ਸੀਮਤ ਜਾਣਕਾਰੀ ਹੀ ਸਾਡੇ ਲਈ ਇਕੋ-ਇਕ ਵਸੀਲਾ ਹੈ। ਲੇਖਕ ਅਨੁਸਾਰ ਕੁਇਰ ਸਿੰਘ ਕਲਾਲ ਹੈ ਜੋ ਕੰਬੋਆਂ ਦੇ

---

[2] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 1

[3] ਉਹੀ, ਪੰਨਾ 295

[4] ਰਤਨ ਸਿੰਘ ਜੱਗੀ (ਸੰਪਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 628

ਗਵਾਂਢ ਵਿਚ ਰਹਿੰਦਾ ਹੈ:

ਕੁਇਰ ਸਿੰਘ ਕਲਾਲ ਅਤਿ ਜੋਈ। ਰਹੈ ਕੰਬੋਅਨ ਅੰਗਨ ਸੋਈ।

ਨਾਮ ਮਾਤ੍ਰੀ ਸਿੰਘ ਹੋ ਭਾਈ। ਪੂਰਬ ਖੰਡੇ ਪਾਹੁਲ ਨਾ ਲਈ॥

ਜਬ ਨੌਕਰੀ ਤੇ ਭਏ ਬੈਰਾਗੀ। ਸੁਨਤ ਸਾਖੀਅਨ ਮਨ ਅਨੁਰਾਗੀ।

ਮਨੀ ਸਿੰਘ ਏ ਬਚਨ ਅਲਾਏ। ਸੁਨੈ ਖਾਲਸਾ ਜੀ ਚਿਤ ਲਾਏ॥

ਇਹ ਧਰਮਗ ਕਥਾ ਮੈ ਆਖੀ। ਬਡ ਵਿਸਥਾਰ ਸੂਖਮ ਕਰ ਆਖੀ।[5]

ਇਹ ਮੁਹੱਲਾ ਕਿਸ ਸ਼ਹਿਰ ਦਾ ਹੈ ਇਸ ਬਾਰੇ ਕਵੀ ਨੇ ਕੋਈ ਜਾਣਕਾਰੀ ਨਹੀਂ ਦਿੱਤੀ। ਰਤਨ ਸਿੰਘ ਜੱਗੀ ਅਨੁਸਾਰ ਵਿਦਵਾਨਾਂ ਦਾ ਅਨੁਮਾਨ ਹੈ ਕਿ ਇਹ ਮੁਹੱਲਾ ਲਾਹੌਰ ਸ਼ਹਿਰ ਦਾ ਹੋ ਸਕਦਾ ਹੈ।[6] ਇਹ ਅਨੁਮਾਨ ਲਾਹੌਰ ਵਿਖੇ ਭਾਈ ਮਨੀ ਸਿੰਘ ਦੀ ਸ਼ਹੀਦੀ ਬਾਰੇ ਕੁਇਰ ਸਿੰਘ ਦੇ ਅੱਖੀਂ ਡਿੱਠਾ ਹਾਲ ਦੱਸਣ ਦੇ ਆਧਾਰ 'ਤੇ ਵੀ ਲਾਇਆ ਹੋ ਸਕਦਾ ਹੈ। ਕੁਇਰ ਸਿੰਘ ਦੇ ਦੱਸਣ ਅਨੁਸਾਰ ਹੀ ਪਹਿਲਾਂ ਉਸ ਨੇ ਖੰਡੇ ਦੀ ਪਾਹੁਲ ਨਹੀਂ ਲਈ ਸੀ। ਪਰ ਕੋਈ ਸਮਾਂ ਐਸਾ ਆਇਆ ਕਿ ਉਹ ਨੌਕਰੀ ਛੱਡਣ ਪਿੱਛੋਂ ਬੈਰਾਗੀ ਹੋ ਗਿਆ ਤੇ ਉਸ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਲਿਆ ਤੇ ਸਭ ਕਾਰਜ ਛੱਡ ਕੇ ਭਾਈ ਮਨੀ ਸਿੰਘ ਦੇ ਧਾਰਮਿਕ ਵਖਿਆਨ ਸੁਣਨ ਲੱਗਾ ਤੇ ਗੁਰੂ ਜੀ ਦੀਆਂ ਸਾਖੀਆਂ ਸੁਣ ਕੇ ਉਸ ਦੇ ਮਨ ਵਿਚ ਸਿੱਖੀ ਪ੍ਰੇਮ ਪੈਦਾ ਹੋਇਆ। ਇਸ ਪ੍ਰੇਮ ਅਤੇ ਪ੍ਰੇਰਨਾ ਦਾ ਸਦਕਾ ਹੀ ਕਵੀ ਨੇ ਭਾਈ ਮਨੀ ਸਿੰਘ ਵੱਲੋਂ ਸੁਣਾਈ ਕਥਾ ਨੂੰ ਕਾਵਿ-ਰੂਪ ਦਿੱਤਾ। ਉਪਰੋਕਤ ਵਿਚਾਰ ਤੋਂ ਪਤਾ ਲੱਗਦਾ ਹੈ ਕਿ ਕੁਇਰ ਸਿੰਘ ਰਚਨਾ ਕਰਨ ਸਮੇਂ ਸਿੰਘ ਸਜ ਚੁੱਕਾ ਸੀ। ਕੁਇਰ ਸਿੰਘ ਦੀ 'ਗੁਰਬਿਲਾਸ ਪਾਤਸ਼ਾਹੀ ੧੦' ਤੋਂ ਬਿਨਾਂ ਕੋਈ ਹੋਰ ਰਚਨਾ ਨਹੀਂ ਮਿਲਦੀ। ਉਹ ਕਿਹੜੇ ਮਹਿਕਮੇ ਵਿਚ ਨੌਕਰੀ ਕਰਦਾ ਸੀ, ਇਸ ਬਾਰੇ ਰਚਨਾ ਅੰਦਰ ਕੋਈ ਇਸ਼ਾਰਾ ਨਹੀਂ ਮਿਲਦਾ। ਰਚਨਾ ਤੋਂ ਇਲਾਵਾ ਕਿਸੇ ਹੋਰ ਸਿੱਖ ਸ੍ਰੋਤ ਵਿਚ ਕੁਇਰ ਸਿੰਘ ਦੇ ਜਨਮ, ਅਕਾਲ ਚਲਾਣੇ ਅਤੇ ਪਰਿਵਾਰ ਬਾਰੇ ਹੋਰ ਕੋਈ ਜਾਣਕਾਰੀ

[5] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 295

[6] ਰਤਨ ਸਿੰਘ ਜੱਗੀ (ਸੰਪਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 628

ਪ੍ਰਾਪਤ ਨਹੀਂ ਹੁੰਦੀ।

### 1.1.3. ਗੁਰਬਿਲਾਸ ਪਰੰਪਰਾ

ਗੁਰਬਿਲਾਸ ਦੋ ਸ਼ਬਦਾਂ ਗੁਰ ਅਤੇ ਬਿਲਾਸ ਦੇ ਸੰਜੋਗ ਤੋਂ ਬਣਿਆ ਹੈ। 'ਗੁਰ' ਸੰਸਕ੍ਰਿਤ ਦੇ ਗੁਰੂ ਦਾ ਤਦਭਵ ਰੂਪ ਹੈ। ਇਹ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ, ਇਸ ਦੇ ਅਰਥ ਹਨ ਨਿਗਲਨਾ ਅਤੇ ਸਮਝਾਉਣਾ, ਜੋ ਅਗਜਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ ਗਿਆਨ ਸਮਝਾਉਂਦਾ ਹੈ ਉਹ ਗੁਰੂ ਹੈ, ਗੁਰਬਾਣੀ ਵਿਚ ਗੁਰ, ਗੁਰੁ ਅਤੇ ਗੁਰੂ ਸ਼ਬਦ ਇਕ ਹੀ ਅਰਥ ਵਿੱਚ ਆਏ ਹਨ।[7] ਬਿਲਾਸ ਸੰਸਕ੍ਰਿਤ ਦੇ ਵਿਲਾਸ ਸ਼ਬਦ ਦਾ ਤਦਭਵ ਰੂਪ ਹੈ ਜਿਸ ਦਾ ਅਰਥ ਹੈ ਬਹੁਤ ਲਸ (ਖੇਡਣਾ) ਖੇਲ, ਕ੍ਰੀੜਾ।[8] ਇਸ ਰਚਨਾ ਵਿਚ ਬਿਲਾਸ ਸ਼ਬਦ ਕ੍ਰੀੜਾ, ਖੇਡ ਅਤੇ ਲੀਲਾ[9] ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਡਾ. ਜੀਆਲਾਲ ਨੇ ਵੀ ਸ੍ਰੀ ਕ੍ਰਿਸ਼ਨ 'ਤੇ ਲਿਖੇ ਰਾਸ ਵਿਲਾਸ ਗ੍ਰੰਥ ਵਿੱਚ ਇਸ ਦੇ ਅਰਥ ਗੋਪੀਆਂ ਦੀ ਕ੍ਰੀੜਾ ਤੇ ਰਹੱਸ ਲੀਲਾ ਕੀਤੇ ਹਨ।[10] ਪਰ ਕੁਝ ਥਾਵਾਂ 'ਤੇ ਇਹ ਚਰਿਤ, ਕੌਤਕ[11] ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪਾਤਸ਼ਾਹੀ ਤੋਂ ਭਾਵ ਹੈ ਸਿੱਖ ਮਤ ਅਨੁਸਾਰ ਗੁਰੁਤਾ ਅਤੇ ਸਤਿਗੁਰੂ ਦੀ ਅਮਲਦਾਰੀ ਜਾਂ ਸੱਚੀ ਬਾਦਸ਼ਾਹਤ ਵਾਲੇ ਦਸ ਸਤਿਗੁਰੂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ 'ਗੁਰੂ' ਲਈ ਪਾਤਸ਼ਾਹ ਸ਼ਬਦ ਵਰਤਿਆ ਗਿਆ ਹੈ:

ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥[12]

ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ 'ਗੁਰੂ ਸਾਹਿਬ' ਨੂੰ ਵਾਰ-ਵਾਰ ਪਾਤਸ਼ਾਹ ਕਹਿ ਕੇ ਸੰਬੋਧਨ ਕੀਤਾ ਹੈ ਅਤੇ ਇਸ ਸੱਚੀ ਪਾਤਸ਼ਾਹੀ ਦੀ ਵਡਿਆਈ ਪੇਸ਼ ਕੀਤੀ ਹੈ:

---

[7] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 415.

[8] ਉਹੀ, ਪੰਨਾ 876

[9] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 261

[10] मिश्र राम दास, डा. जियालाल हण्डु (संपा.), रास विलास, पृष्ठ 19

[11] ਸੁੱਖਾ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਗੁਰਸ਼ਰਨ ਕੌਰ ਜੱਗੀ (ਸੰਪਾ.), ਪੰਨਾ 259

[12] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 967

ਸਤਿਗੁਰ ਸਚਾ ਪਾਤਿਸਾਹੁ ਗੁਰਮੁਖਿ ਗਾਡੀ ਰਾਹੁ ਚਲਾਇਆ॥[13]

'੧੦' ਦਾ ਅਰਥ ਹੈ ਸਿੱਖਮਤ ਦੇ ਦਸਵੇਂ ਗੁਰੂ ਭਾਵ ਗੁਰੂ ਗੋਬਿੰਦ ਸਿੰਘ ਜੀ। ਇਸ ਤਰ੍ਹਾਂ ਸੰਖੇਪ ਵਿਚ 'ਗੁਰਬਿਲਾਸ ਪਾਤਸ਼ਾਹੀ ੧੦' ਦਾ ਅਰਥ 'ਗੁਰੂ ਗੋਬਿੰਦ ਸਿੰਘ ਜੀ ਦੇ ਕੌਤਕ, ਲੀਲਾ ਅਤੇ ਚਰਿਤ' ਪ੍ਰਮਾਣਿਤ ਹੁੰਦੇ ਹਨ। ਜਿਸ ਬਾਰੇ ਰਚਨਾ ਵਿੱਚੋਂ ਹੀ ਸਾਨੂੰ ਇਸ ਦੇ ਕਈ ਰੂਪ ਮਿਲਦੇ ਹਨ

ਵੇਖ ਵਿਚਿਤ੍ਰ ਵਿਲਾਸ ਕੋ, ਬਿਸਮ ਭਏ ਮਨ ਮਾਹਿ।

ਨੈਨਨ ਮੋ ਕਰੁਨਾ ਅਏ, ਵ੍ਯਾਕੁਲ ਭਏ ਲਖਾਹਿ॥[14]

ਜੋ ਜੋ ਮਗ ਮੈ ਕੀਨ ਚਰਿਤ੍ਰ। ਬਰਨ ਨ ਆਵਤ ਅਧਿਕ ਬਚਿਤ੍ਰ॥[15]

''ਬੇ ਪ੍ਰਵਾਹ ਸ੍ਵਾਮਿ ਜੀ! ਇਹ ਕਯਾ ਕੀਨ ਬਿਲਾਸ?''[16]

ਰਤਨ ਸਿੰਘ ਜੱਗੀ 'ਬਿਲਾਸ' ਕਾਵਿ-ਵਿਧਾ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ, "ਭਾਰਤੀ ਦਰਸ਼ਨ ਅਤੇ ਧਰਮ-ਸਾਧਨਾ ਵਿਚ ਸੰਸਾਰ ਨੂੰ ਛਿਣ-ਭੰਗੁਰ ਸਮਝ ਕੇ ਇਸ ਵਿਚ ਵਿਚਰਨ ਕਰ ਰਹੇ ਪ੍ਰਾਣੀਆਂ ਨੂੰ ਵੀ ਸਥਾਈ ਨਹੀਂ ਮੰਨਿਆ ਗਿਆ। ਇਸ ਲਈ ਇਹ ਸੰਸਾਰ ਮਨੁੱਖ ਲਈ ਇਕ ਕ੍ਰੀੜਾ-ਸਥਲੀ ਹੈ, ਖੇਡ ਦਾ ਮੈਦਾਨ ਹੈ, ਜਿੱਥੇ ਖੇਡ ਦੇ ਖ਼ਤਮ ਹੋ ਜਾਣ 'ਤੇ ਸਭ ਨੇ ਆਪਣੇ-ਆਪਣੇ ਰਾਹ ਤੁਰ ਜਾਣਾ ਹੈ। ਇਸ ਤਰ੍ਹਾਂ ਇਹ ਸਾਰਾ ਜਗਤ ਖੇਡ ਤਮਾਸ਼ਾ ਹੈ ਅਤੇ ਇਸ ਖੇਡ ਵਿਚ ਹਿੱਸਾ ਲੈਣ ਵਾਲੇ ਆਉਂਦੇ ਜਾਂਦੇ ਰਹਿੰਦੇ ਹਨ। ਮਹਾਂਪੁਰਸ਼ ਵੀ ਇਸ ਸੰਸਾਰ ਵਿਚ ਆ ਕੇ ਜਗਤ-ਤਮਾਸ਼ਾ ਵੇਖਣ ਉਪਰੰਤ ਪ੍ਰਸਥਾਨ ਕਰ ਜਾਂਦੇ ਹਨ। ਉਨ੍ਹਾਂ ਦੇ ਚਰਿਤ ਜਾਂ ਜੀਵਨ ਲੀਲਾ ਨੂੰ 'ਬਿਲਾਸ' ਪਦ ਨਾਲ ਨਿਰਦਿਸ਼ਟ ਕੀਤਾ ਗਿਆ ਹੈ।"[17] ਉਹ 'ਗੁਰਬਿਲਾਸ' ਦਾ ਸਾਹਿਤਕ ਪਿਛੋਕੜ ਅਪਭ੍ਰੰਸ਼ ਦੇ 'ਵਿਲਾਸ' ਸਾਹਿਤ ਅਤੇ 'ਜਨਮਸਾਖੀ ਸਾਹਿਤ' ਨਾਲ ਜੋੜਦੇ ਹੋਏ ਦਸਦੇ ਹਨ ਕਿ ਚਰਿਤ-ਕਾਵਿ ਦੀ ਪਰੰਪਰਾ ਦਾ ਆਰੰਭ ਅਪਭ੍ਰੰਸ਼ ਸਾਹਿਤ ਤੋਂ ਹੋਇਆ ਪ੍ਰਤੀਤ

[13] ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਪੰਨਾ 58

[14] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 287

[15] ਉਹੀ, ਪੰਨਾ 272

[16] ਉਹੀ, ਪੰਨਾ 280

[17] ਰਤਨ ਸਿੰਘ ਜੱਗੀ (ਸੰਪਾ.), ਸਿੱਖ ਪੰਥ ਵਿਸ਼ਵਕੋਸ਼, ਭਾਗ-ਪਹਿਲਾ, ਪੰਨਾ 625

ਹੁੰਦਾ ਹੈ ਅਤੇ ਇਸ ਦੇ ਪ੍ਰਭਾਵ ਦੇ ਫਲਸਰੂਪ ਹਿੰਦੀ ਸਾਹਿਤ ਵਿਚ ਵੀ ਚਰਿਤ-ਕਾਵਿ ਦੀ ਪਰੰਪਰਾ ਚੱਲੀ ਹੈ। ਗੁਰੂ ਜੀ ਦੇ ਮਹਾਨ ਉਪਕਾਰਾਂ ਦੇ ਫਲਸਰੂਪ ਲੋਕੀਂ ਗੁਰੂ ਨਾਨਕ ਦੇ ਮਹਾਨ ਚਰਿਤ ਵੱਲ ਆਕਰਸ਼ਿਤ ਹੋਏ, ਉਨ੍ਹਾਂ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਸ਼ਰਧਾਲੂ ਬਣੇ, ਅਨੁਯਾਈ ਬਣ ਕੇ ਉਨ੍ਹਾਂ ਦਾ ਜਸ ਗਾਉਣ ਲੱਗੇ। ਸਾਹਿਤਿਕ ਰੁਚੀਆਂ ਵਾਲੇ ਅਨੁਯਾਈਆਂ ਨੇ ਉਨ੍ਹਾਂ ਦੇ ਚਰਿਤ ਬਾਰੇ ਆਪਣੀ ਭਾਵ-ਅਭਿਵਿਅਕਤੀ ਸ਼ੁਰੂ ਕੀਤੀ ਜੋ ਜਨਮ-ਸਾਖੀਆਂ ਦੇ ਰੂਪ ਵਿਚ ਸਾਡੇ ਸਾਹਮਣੇ ਆਈ। ਸਿੱਖ ਇਤਿਹਾਸ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਬਾਅਦ ਧਰਮ-ਸਾਧਨਾ ਦੇ ਸਰੂਪ ਵਿਚ ਮਹੱਤਵਪੂਰਨ ਪਰਿਵਰਤਨ ਲਿਆਉਣ ਵਾਲੇ ਦਸਮ ਗੁਰੂ ਸਨ। ਉਨ੍ਹਾਂ ਦੇ ਚਰਿਤ ਵਿਚ ਵਿਲੱਖਣ ਤੱਤ੍ਵ ਬਹੁਤ ਅਧਿਕ ਸਨ। ਉਨ੍ਹਾਂ ਦੇ ਕਾਰਨਾਮਿਆਂ ਅਤੇ ਉਪਕਾਰਾਂ ਨੇ ਲੋਕਾਂ/ਅਨੁਯਾਈਆਂ ਦੀ ਸੋਚਣੀ ਬਦਲ ਦਿੱਤੀ। ਲੋਕ-ਚੇਤਨਾ ਅਤੇ ਕਵੀ-ਮਨ ਨੂੰ ਹਲੂਣਾ ਦੇਣ ਵਾਲੀ ਇਕ ਸਖਸ਼ੀਅਤ ਸਾਹਮਣੇ ਆਈ। ਇਸ ਲਈ ਉਨ੍ਹਾਂ ਦੇ ਚਰਿਤਾਂ, ਕੌਤਕਾਂ ਅਤੇ ਉਪਕਾਰਾਂ ਨੂੰ ਸੰਭਾਲਣ ਲਈ ਸਾਹਿਤਕਾਰਾਂ ਦੇ ਮਨ ਵਿਚ ਉਮੰਗ ਪੈਦਾ ਹੋਈ। ਉਹੀ ਉਮੰਗ ਉਨ੍ਹਾਂ ਰਚਨਾਵਾਂ ਦੇ ਰੂਪ ਵਿਚ ਸਾਹਮਣੇ ਆਈ ਜਿਨ੍ਹਾਂ ਨੂੰ 'ਗੁਰਬਿਲਾਸ' ਜਾਂ ਇਸ ਪ੍ਰਕਾਰ ਦਾ ਕੋਈ ਹੋਰ ਨਾਂ ਦਿੱਤਾ ਗਿਆ।[18]

ਜੈ ਭਗਵਾਨ ਗੋਯਲ 'ਵਿਲਾਸ' ਅਤੇ 'ਗੁਰਬਿਲਾਸ' ਸਾਹਿਤ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਲਿਖਦੇ ਹਨ 'ਹਿੰਦੀ ਵਿਚ ਚਾਲੀ ਤੋਂ ਵੱਧ ਅਜਿਹੇ ਕਾਵਿ ਗ੍ਰੰਥ ਉਪਲਬਧ ਹਨ ਜਿਨ੍ਹਾਂ ਨਾਲ 'ਵਿਲਾਸ' ਨਾਂ ਲੱਗਾ ਹੋਇਆ ਹੈ। ਸਤਾਰ੍ਹਵੀਂ ਸ਼ਤਾਬਦੀ ਤੋਂ ਉਨ੍ਹੀਵੀਂ ਸ਼ਤਾਬਦੀ ਤੱਕ ਅਜਿਹੇ ਕਾਵਿ ਗ੍ਰੰਥ ਲਿਖੇ ਜਾਂਦੇ ਰਹੇ। ਇਹਨਾਂ ਵਿਚ ਰੀਤੀ ਗ੍ਰੰਥ, ਤੱਤ ਗਿਆਨ ਨਾਲ ਸੰਬੰਧਿਤ, ਸ਼ਿੰਗਾਰ, ਭਗਤੀ, ਕੁਦਰਤ ਦਾ ਬਿਆਨ ਅਤੇ ਚਰਿਤ ਕਾਵਿ ਸ਼ੁਮਾਰ ਹਨ। ਸਪਸ਼ਟ ਹੈ ਕਿ ਵਿਲਾਸ-ਕਾਵਿ ਕਿਸੇ ਵਿਸ਼ੇਸ਼ ਸੁਭਾਅ ਦਾ ਲਖਾਇਕ ਨਹੀਂ ਹੈ। ਉਂਞ ਵਿਲਾਸ ਕਾਵਿ ਨੂੰ ਚਰਿਤ, ਰੂਪਕ, ਪਰਕਾਸ਼, ਰਾਸ ਆਦਿ ਵਾਂਗ ਚਰਿਤ ਕਾਵਿ ਹੀ ਸਮਝਿਆ ਜਾਂਦਾ ਹੈ। ਭਾਵੇਂ 'ਗੁਰਬਿਲਾਸ' ਵਿਚ ਇਕ ਥਾਂ 'ਤੇ 'ਵਿਲਾਸ' ਦੇ ਕੌਤਕ ਦੇ ਅਰਥ ਦਾ ਇਸ਼ਾਰਾ ਮਿਲਦਾ ਹੈ ਪਰ ਵਿਸ਼ੇ ਵਸਤੂ ਤੋਂ ਇਹ ਸਪਸ਼ਟ ਹੈ ਕਿ ਇਹ ਇਕ ਚਰਿਤ ਕਾਵਿ ਹੈ।'[19]

---

[18] ਉਹੀ, ਪੰਨੇ 625-626

[19] सुखा सिंह, गुरविलास, जय भगवान गोयल(संपा.), पृष्ठ 1

ਗੁਰਮੁਖੀ ਵਿਚ 'ਬਿਲਾਸ' ਸਿਰਲੇਖ ਦੀ ਵਰਤੋਂ ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਹੈ। ਆਪ ਨੇ ਚੰਡੀ ਚਰਿਤ੍ਰ ਦਾ ਸਿਰਲੇਖ "ਅਥ ਚੰਡੀ ਚਰਿਤ੍ਰ ਉਕਤਿ ਬਿਲਾਸ" ਦਿੱਤਾ ਹੈ। 'ਗੁਰਬਿਲਾਸ ਪਾਤਸ਼ਾਹੀ ੧੦' ਦਾ ਸਾਹਿਤਕ ਪਿਛੋਕੜ ਹਿੰਦੀ ਅਤੇ ਬ੍ਰਜ ਦੇ 'ਵਿਲਾਸ' ਸਾਹਿਤ ਨਾਲ ਜੁੜਦਾ ਹੈ ਪਰ ਇਹ ਗ੍ਰੰਥ ਜੈ ਭਗਵਾਨ ਗੋਯਲ ਵਲੋਂ ਦੱਸੇ ਸ਼ਿੰਗਾਰ ਅਤੇ ਚਰਿਤ ਕਾਵਿ ਤੋਂ ਬਿਲਕੁਲ ਵੱਖਰੇ ਹਨ। ਰਾਸ ਸਾਹਿਤ ਵਿੱਚੋਂ ਮੁੱਖ ਰਚਨਾ 'ਪ੍ਰਿਥਵੀ ਰਾਜ ਰਾਸੋ' ਵਿਸ਼ੇ ਦੇ ਪੱਖੋਂ ਇਕ ਦੁਨਿਆਵੀ ਰਾਜੇ ਪ੍ਰਿਥਵੀ ਰਾਜ ਚੌਹਾਨ ਦਾ ਚਰਿੱਤਰ ਪੇਸ਼ ਕਰਦੀ ਹੈ। ਦੂਜੇ ਪਾਸੇ 'ਗੁਰਬਿਲਾਸ' ਦੇ ਕਵੀ ਵਾਰ-ਵਾਰ ਇਸ ਗੱਲ ਉੱਤੇ ਜੋਰ ਦਿੰਦੇ ਹਨ ਕਿ ਗੁਰੂ ਦੀ ਸ਼ਖ਼ਸੀਅਤ ਕਥਨ ਤੋਂ ਬਾਹਰੀ ਅਤੇ ਅਵਤਾਰੀ ਹੈ। ਦੂਜਾ 'ਗੁਰਬਿਲਾਸ' ਵਿਚ ਕਵੀ ਗੁਰੂ ਸ਼ਖ਼ਸੀਅਤ ਨੂੰ ਸਾਖੀ, ਕਥਾ ਅਤੇ ਉਪਦੇਸ਼ ਦੇ ਰੂਪ ਵਿਚ ਪੇਸ਼ ਕਰਦਾ ਹੈ। ਇਸ ਦੇ ਨਾਲ ਹੀ 'ਗੁਰਬਿਲਾਸ' ਗੁਰਮਤਿ ਦੇ ਤੱਤ ਗਿਆਨ, ਅਧਿਆਤਮ ਅਤੇ ਰਹਿਤ ਸੰਬੰਧੀ ਸਿਧਾਂਤ ਨੂੰ ਨਾ ਸਿਰਫ਼ ਪੇਸ਼ ਕਰਦਾ ਹੈ ਸਗੋਂ ਉਨ੍ਹਾਂ ਨੂੰ ਸਮਰਥਾ ਅਨੁਸਾਰ ਤਰਤੀਬ-ਬੱਧ ਰੂਪ ਦਿੰਦਾ ਹੋਇਆ ਉਨ੍ਹਾਂ ਦੀ ਪ੍ਰੋੜਤਾ ਅਤੇ ਪ੍ਰਚਾਰ ਵੀ ਕਰਦਾ ਹੈ। ਇਸ ਕਰਕੇ ਕਿਹਾ ਜਾ ਸਕਦਾ ਹੈ ਕਿ 'ਗੁਰਬਿਲਾਸ', ਚਰਿਤ-ਕਾਵਿ ਦੀਆਂ ਵਿਸ਼ੇਸ਼ਤਾਵਾਂ ਰਖਦੇ ਹੋਇਆਂ ਵੀ ਆਪਣੇ-ਆਪ ਵਿਚ ਇਕ ਨਿਵੇਕਲਾ ਸਾਹਿਤ ਹੈ। ਡਾ. ਵਿਸ਼ਾਲ ਕੁਮਾਰ ਗੁਰਬਿਲਾਸ ਨੂੰ ਮਹਾਕਾਵਿ ਦਾ ਦਰਜਾ ਦਿੰਦੇ ਦਸਦੇ ਹਨ ਕਿ ਵਿਦਵਾਨਾਂ ਦੀ ਇਹ ਧਾਰਣਾ ਕਿ ਪੰਜਾਬੀ ਵਿਚ ਮੱਧਕਾਲ ਵਿਚ ਮਹਾਕਾਵਿ ਨਹੀਂ ਰਚੇ ਗਏ, ਬਿਲਕੁਲ ਤਰਕਸੰਗਤ ਨਹੀਂ ਹੈ। ਪੰਜਾਬ ਵਿਚ ਮੱਧਕਾਲ ਸਮੇਂ ਮਹਾਕਾਵਿਕ ਰਚਨਾਵਾਂ ਦੀ ਸਿਰਜਣਾ ਗੁਰਬਿਲਾਸਾਂ ਦੇ ਰੂਪ ਵਿਚ ਕੀਤੀ ਜਾਂਦੀ ਰਹੀ ਹੈ।[20]

ਸਿੱਖ ਪਰੰਪਰਾ ਵਿਚ ਇਸ ਗ੍ਰੰਥ ਤੋਂ ਬਿਨਾਂ ਕਵੀ ਸੋਹਨ ਵੱਲੋਂ ਸੰਮਤ 1775 ਬਿ. (ਸ਼ੱਕੀ) ਵਿਚ ਕੀਤੀ ਰਚਨਾ 'ਗੁਰਬਿਲਾਸ ਪਾਤਸ਼ਾਹੀ ੬' ਦਾ ਵੀ ਮੁੱਖ ਸਥਾਨ ਹੈ।[21] ਇਸੇ ਤਰ੍ਹਾਂ ਕਵੀ ਸੋਭਾ ਰਾਮ ਨੇ ਸੰਮਤ 1867 ਬਿ. (1810 ਈ.) ਵਿਚ 'ਗੁਰਬਿਲਾਸ ਬਾਬਾ ਸਾਹਿਬ ਸਿੰਘ ਬੇਦੀ' ਦੀ ਰਚਨਾ ਕੀਤੀ।[22] ਜਿਵੇਂ ਕਿ

---

[20] ਡਾ. ਵਿਸ਼ਾਲ ਕੁਮਾਰ, ਪੰਜਾਬੀ ਮਹਾਕਾਵਿ ਬਦਲਦੇ ਪਰਿਪੇਖ, ਪੰਨਾ 56

[21] ਰਤਨ ਸਿੰਘ ਜੱਗੀ (ਸੰਪਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 626

[22] ਉਹੀ, ਪੰਨਾ 628

ਨਾਂ ਤੋਂ ਹੀ ਸਪਸ਼ਟ ਹੈ ਕਿ ਪਹਿਲਾ 'ਗੁਰਬਿਲਾਸ ਪਾਤਸ਼ਾਹੀ-੬'[23] ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਅਤੇ ਦੂਜਾ 'ਗੁਰਬਿਲਾਸ' ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲਿਆਂ[24] ਨਾਲ ਸੰਬੰਧਿਤ ਹੈ। ਇਸ ਕਰਕੇ ਗੁਰਬਿਲਾਸ ਦੇ ਨਾਲ ਲਿਖੇ ਪਾਤਸ਼ਾਹੀ ਪਦ ਅਤੇ ਛੇ ਜਾਂ ਦਸ ਆਦਿ ਅੰਕ ਦਾ ਆਪਣੀ ਵੱਖਰੀ ਪਛਾਣ ਲਈ ਵਿਸ਼ੇਸ਼ ਮਹੱਤਵ ਹੈ। ਇਸ ਕਰਕੇ ਗੁਰਸ਼ਰਨ ਕੌਰ ਜੱਗੀ ਦਾ ਵਿਚਾਰ ਸਹੀ ਜਾਪਦਾ ਹੈ "ਇਸ ਗ੍ਰੰਥ ਦਾ ਮੂਲ ਨਾਂ 'ਗੁਰਬਿਲਾਸ' ਹੈ ਪਰ ਚੂੰਕਿ ਇਹ ਦਸਵੇਂ ਗੁਰੂ ਸੰਬੰਧੀ ਲਿਖਿਆ ਗਿਆ ਹੈ, ਇਸ ਲਈ ਇਸ ਨੂੰ 'ਗੁਰਬਿਲਾਸ ਪਾਤਸ਼ਾਹੀ 10' ਨਾਂ ਵੀ ਦਿੱਤਾ ਜਾਂਦਾ ਹੈ।"[25] 'ਗੁਰਬਿਲਾਸ ਪਾਤਸ਼ਾਹੀ ੧੦' ਤੋਂ ਬਿਨਾਂ ਗੁਰਬਿਲਾਸ ਸਾਹਿਤ ਵਿਚ ਗੁਰੂ ਸਾਹਿਬ ਨਾਲ ਸੰਬੰਧਿਤ ਬਾਵਾ ਸੁਮੇਰ ਸਿੰਘ ਰਚਿਤ 'ਪੋਥੀ ਗੁਰਬਿਲਾਸ ਕੀ' (1882 ਈ.) ਸ਼ਾਮਿਲ ਹੈ। ਚਰਿਤ ਕਾਵਿ ਪਰੰਪਰਾ ਵਿਚ ਇਸ ਤੋਂ ਇਲਾਵਾ 'ਸਿੰਘ ਸਾਗਰ ਗੁਰ ਬਿਲਾਸ'(1827 ਈ.) ਕਵੀ ਵੀਰ ਸਿੰਘ ਬਲ ਦੀ ਰਚਨਾ ਵੀ ਮਿਲਦੀ ਹੈ।[26]

ਬਿਲਾਸ ਸਾਹਿਤ ਦਾ ਇਕ ਹੋਰ ਰੂਪ 'ਸ਼ਹੀਦ ਬਿਲਾਸ' ਸਿੱਖ-ਸਾਹਿਤ ਵਿਚ ਸਾਹਮਣੇ ਆਇਆ ਹੈ। ਇਸ ਵੰਨਗੀ ਵਿਚ 'ਸ਼ਹੀਦ ਬਿਲਾਸ ਭਾਈ ਮਨੀ ਸਿੰਘ' ਅਤੇ 'ਸ਼ਹੀਦ-ਬਿਲਾਸ ਸੰਤ ਜਰਨੈਲ ਸਿੰਘ' ਸ਼ੁਮਾਰ ਹਨ। ਭਾਈ ਮਨੀ ਸਿੰਘ ਸ਼ਹੀਦ ਦੇ ਜੀਵਨ ਅਤੇ ਸ਼ਖ਼ਸੀਅਤ ਨਾਲ ਸੰਬੰਧਿਤ 'ਸ਼ਹੀਦ ਬਿਲਾਸ ਭਾਈ ਮਨੀ ਸਿੰਘ' ਦੀ ਰਚਨਾ ਸੇਵਾ ਸਿੰਘ ਨੇ ਭੱਟਾਖਰੀ ਵਿਚ ਕੀਤੀ। ਇਸ ਦਾ ਗੁਰਮੁਖੀ ਉਤਾਰਾ ਸੇਵਾ ਸਿੰਘ ਦੀ ਤੀਜੀ ਪੀੜ੍ਹੀ ਦੇ ਭੱਟ ਛੱਜੂ ਸਿੰਘ ਨੇ 1927 ਬਿ. (1870 ਈ.) ਵਿਚ ਕੀਤਾ ਹੈ।[27] ਦੂਜਾ 'ਸ਼ਹੀਦ-ਬਿਲਾਸ' ਸੰਤ ਜਰਨੈਲ ਸਿੰਘ ਜੀ ਦੀ ਸ਼ਹਾਦਤ ਅਤੇ ਸ਼ਖ਼ਸੀਅਤ ਸੰਬੰਧੀ ਵੱਖ-ਵੱਖ ਵਿਦਵਾਨਾਂ ਦੀ ਕਾਵਿ ਅਤੇ ਵਾਰਤਕ ਰਚਨਾ ਦਾ ਸੰਜੋਗ ਹੋਣ ਕਰਕੇ ਪਹਿਲੇ ਬਿਲਾਸ ਸਾਹਿਤ ਤੋਂ ਬਿਲਕੁਲ ਵੱਖਰੇ ਤਰ੍ਹਾਂ ਦੀ ਰਚਨਾ

---

[23] ਡਾ. ਗੁਰਮੁਖ ਸਿੰਘ (ਸੰਪਾ.), ਕ੍ਰਿਤ ਭਗਤ ਸਿੰਘ, ਗੁਰਬਿਲਾਸ ਪਾਤਸ਼ਾਹੀ-੬, ਪੰਨਾ 6

[24] ਡਾ. ਗੁਰਮੁਖ ਸਿੰਘ (ਸੰਪਾ.), ਕ੍ਰਿਤ ਭਾਈ ਸੋਭਾ ਰਾਮ, ਗੁਰ-ਬਿਲਾਸ ਬਾਬਾ ਸਾਹਿਬ ਸਿੰਘ ਬੇਦੀ, ਪਾਤਸ਼ਾਹੀ-੬, ਭੂਮਿਕਾ

[25] ਸੁੱਖਾ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਗੁਰਸ਼ਰਨ ਕੌਰ ਜੱਗੀ (ਸੰਪਾ.), ਪੰਨਾ IV.

[26] ਡਾ. ਗੁਰਬਚਨ ਕੌਰ, ਗੁਰਕੀਰਤ ਪ੍ਰਕਾਸ਼ ਕਵੀ ਵੀਰ ਸਿੰਘ ਬਲ, ਪੰਨਾ 27

[27] ਗਿਆਨੀ ਗਰਜਾ ਸਿੰਘ (ਸੰਪਾ.), ਸ਼ਹੀਦ ਬਿਲਾਸ ਭਾਈ ਮਨੀ ਸਿੰਘ, ਕ੍ਰਿਤ ਕਵੀ ਸੇਵਾ ਸਿੰਘ

ਹੈ।[28] ਇਸ ਤਰ੍ਹਾਂ 'ਬਿਲਾਸ' ਸਾਹਿਤ-ਵਿਧਾ ਨੇ ਗੁਰਮੁਖੀ ਵਿਚ ਆ ਕੇ ਇਕ ਨਿਵੇਕਲਾ ਸਰੂਪ ਅਤੇ ਮਹੱਤਵ ਧਾਰਨ ਕੀਤਾ ਹੈ।

### 1.1.4. ਗ੍ਰੰਥ ਰਚਨਾ ਅਤੇ ਪ੍ਰਕਾਸ਼ਨ

ਫੌਜਾ ਸਿੰਘ ਅਨੁਸਾਰ ਕੁਇਰ ਸਿੰਘ ਨੇ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਰਚਨਾ ਅੱਸੂ ਸੁਦੀ 11, ਸੰਮਤ 1808 ਬਿ. ਮੁਤਾਬਕ 1751 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਲਗਭਗ 43 ਵਰ੍ਹੇ ਬਾਅਦ ਕੀਤੀ।[29] ਰਤਨ ਸਿੰਘ ਜੱਗੀ ਨੇ ਵੀ ਇਸ ਦਾ ਰਚਨਾ ਕਾਲ 1751 ਈ. ਹੀ ਮੰਨਿਆ ਹੈ,[30] ਪਰ ਉਨ੍ਹਾਂ ਨੇ ਇਸ ਮਿਤੀ ਦੀ ਪ੍ਰੋੜ੍ਹਤਾ ਲਈ 'ਗੁਰਬਿਲਾਸ' ਵਿਚਲੇ ਰਚਨਾ ਕਾਲ ਸੰਬੰਧੀ ਛੰਦ ਦੀ ਕੋਈ ਵਿਆਖਿਆ ਪੇਸ਼ ਨਹੀਂ ਕੀਤੀ। ਕਵੀ ਨੇ ਗ੍ਰੰਥ ਸੰਪੂਰਨਤਾ ਦੀ ਮਿਤੀ ਇਸ ਤਰ੍ਹਾਂ ਦਿੱਤੀ ਹੈ:

ਸੰਮਤ ਬਸੁ ਇਕਾਦਸ ਤਾਹਿ ਮੈ, ਕੁਆਰ ਸੁ ਮਾਸ ਕੇ ਦਿਵਸ ਮੰਝਾਰੀ॥
ਅਠ ਦਸ ਸੰਮਤ ਪ੍ਰਥਮ ਬਰ, ਮਾਸ ਕੁਆਰ ਜੋ ਆਹਿ।
ਪੂਸਤਕ ਭਯੋ ਸੰਪੂਰਨੰ, ਚੰਦ ਤਨੁਜ ਦਿਨ ਮਾਹਿ॥[31]

ਭਾਈ ਵੀਰ ਸਿੰਘ ਨੇ ਇਸ ਛੰਦ ਦੇ ਆਧਾਰ 'ਤੇ ਇਸ 'ਗੁਰਬਿਲਾਸ' ਦਾ ਰਚਨਾ ਕਾਲ ਸੰਮਤ 1808 ਤੋਂ 1819 ਭਾਵ ਸੰਨ 1751 ਈ. ਤੋਂ 1762 ਈ. ਦੇ ਵਿਚਕਾਰਲਾ ਹੋਣ ਦਾ ਸੰਕੇਤ ਕੀਤਾ ਹੈ।[32] 'ਬਸੁ' ਦਾ ਅਰਥ ਹੈ ਅੱਠ (ਗਣ ਦੇਵਤਾ) ਅਤੇ ਇਕਾਦਸ ਭਾਵ 11 (1+10), ਜੋ ਮਿਲ ਕੇ ਬਣੇ 19 (8+11) ਅੱਸੂ। ਦੋਹਰਾ ਅੱਠ+ਦਸ ਭਾਵ 18 ਸੰਮਤ ਨੂੰ ਉੱਪਰ ਦੱਸੀ ਮਿਤੀ ਤੋਂ (ਪ੍ਰਥਮ ਬਰ) ਪਹਿਲਾਂ ਗਿਣੋ ਤਾਂ ਸੰਮਤ 1819 ਬਿ. ਬਣਦਾ ਹੈ।

---

[28] ਗੁਰਤੇਜ ਸਿੰਘ ਅਤੇ ਸਵਰਨਜੀਤ ਸਿੰਘ (ਸੰਪਾ.), ਸ਼ਹੀਦ-ਬਿਲਾਸ ਸੰਤ ਜਰਨੈਲ ਸਿੰਘ

[29] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਫੌਜਾ ਸਿੰਘ, 'ਭੂਮਿਕਾ', ਪੰਨਾ 2

[30] ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 628

[31] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨੇ 295-296

[32] ਵੀਰ ਸਿੰਘ, ਦੇਵੀ ਪੂਜਨ ਪੜਤਾਲ, ਪੰਨਾ 55.

ਸੁਰਜੀਤ ਹਾਂਸ ਨੇ ਇਸ 'ਗੁਰਬਿਲਾਸ' ਨੂੰ ਅਠਾਰਵੀਂ ਸਦੀ ਤੋਂ ਬਾਅਦ ਦੀ ਕਿਰਤ ਦੱਸਿਆ ਹੈ।[33] ਉਨ੍ਹਾਂ ਦਾ ਮੰਨਣਾ ਹੈ ਕਿ ਕੁਇਰ ਸਿੰਘ ਨੇ ਕਵੀ ਸੁੱਖਾ ਸਿੰਘ ਦੇ ਗੁਰਬਿਲਾਸ (1797 ਈ.) ਵਿਚੋਂ ਕਥਾ ਅਤੇ ਛੰਦ ਆਪਣੀ ਰਚਨਾ ਵਿਚ ਵਰਤੇ ਹਨ, ਇਸ ਕਰਕੇ ਇਹ ਗ੍ਰੰਥ ਅਠਾਰਵੀਂ ਸਦੀ ਤੋਂ ਬਾਅਦ ਰਚਿਆ ਗਿਆ ਹੈ। ਸੁਰਜੀਤ ਹਾਂਸ ਅਨੁਸਾਰ ਕੁਇਰ ਸਿੰਘ ਦੀ ਮੁਸਲਮਾਨਾਂ ਨਾਲ ਸੁਲ੍ਹਾ ਵਾਲੀ ਵਿਚਾਰਧਾਰਾ, ਸਿੱਖਾਂ ਦੀ ਰਾਜਸੀ ਤਾਕਤ ਅਤੇ ਤੁਰਕਾਂ ਦੀ ਆਪਸੀ ਫੁੱਟ ਦੇ ਸੰਕੇਤ ਇਸ ਰਚਨਾ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸਮਕਾਲੀ ਬਣਾਉਂਦੇ ਹਨ। ਮਦਨਜੀਤ ਕੌਰ ਨੇ ਸੁਰਜੀਤ ਹਾਂਸ ਦੀ ਥਾਂ ਭਾਈ ਵੀਰ ਸਿੰਘ ਦੇ ਦੱਸੇ ਰਚਨਾ ਕਾਲ ਨੂੰ ਵਧੇਰੇ ਸਹੀ ਪਰਵਾਣ ਕੀਤਾ ਹੈ।[34] ਮਦਨਜੀਤ ਕੌਰ ਦਾ ਵਿਚਾਰ ਹੈ ਕਿ ਮੁਸਲਮਾਨਾਂ ਨਾਲ ਸੁਲ੍ਹਾ ਵਾਲਾ ਰਵੱਈਆ ਸਿੱਖ ਸਿਧਾਂਤ ਦਾ ਅਨੁਸਾਰੀ ਹੈ। ਉਨ੍ਹਾਂ ਦਾ ਮਤ ਹੈ ਕਿ ਅਠਾਰਵੀਂ ਸਦੀ ਵਿਚ ਅਫਗਾਨਾਂ ਵਲੋਂ ਦਿੱਲੀ ਹਕੂਮਤ ਉੱਪਰ ਕੀਤੇ ਹਮਲੇ ਤੋਂ ਤੁਰਕਾਂ ਦੀ ਆਪਸੀ ਫੁੱਟ ਜਾਹਰ ਹੋ ਚੁੱਕੀ ਸੀ ਅਤੇ 'ਦਲ ਖ਼ਾਲਸਾ' ਜਥੇਬੰਦੀ ਤੋਂ ਸਿੱਖਾਂ ਦਾ ਰਾਜਸੀ ਤਾਕਤ ਵਜੋਂ ਉਭਾਰ ਸਪਸ਼ਟ ਵੇਖਿਆ ਜਾ ਸਕਦਾ ਸੀ।[35] ਕੁਇਰ ਸਿੰਘ ਆਪਣਾ ਸੰਬੰਧ ਭਾਈ ਮਨੀ ਸਿੰਘ ਨਾਲ ਜੋੜਦਾ ਹੈ। ਮਦਨਜੀਤ ਕੌਰ ਅਨੁਸਾਰ ਜੇਕਰ ਉਸ ਨੇ ਹੋਰ ਕਵੀਆਂ ਵਾਂਗ ਆਪਣੇ ਰਚਨਾ ਕਾਲ ਬਾਰੇ ਝੂਠ ਹੀ ਲਿਖਣਾ ਹੁੰਦਾ ਤਾਂ ਉਹ ਆਪਣੇ-ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਵੀ ਦੱਸ ਸਕਦਾ ਸੀ, ਕਿਉਂਕਿ ਉਹ ਗੁਰੂ ਸਾਹਿਬ ਦਾ ਹੀ ਜੀਵਨ ਬਿਆਨ ਕਰ ਰਿਹਾ ਹੈ। ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕੁਇਰ ਸਿੰਘ ਦੀ ਰਚਨਾ ਨੂੰ ਕਵੀ ਸੁੱਖਾ ਸਿੰਘ ਦੀ ਰਚਨਾ ਜਾਂ ਅਠਾਰਵੀਂ ਸਦੀ ਤੋਂ ਬਾਅਦ ਦੀ ਕ੍ਰਿਤ ਮੰਨਣਾ ਸਹੀ ਨਹੀਂ ਜਾਪਦਾ। ਸੰਖੇਪ ਵਿਚ ਕੁਇਰ ਸਿੰਘ ਦੀ ਰਚਨਾ 'ਗੁਰਬਿਲਾਸ ਪਾਤਸ਼ਾਹੀ ੧੦' ਦਾ ਰਚਨਾ ਕਾਲ 1751 ਈ. ਤੋਂ 1762 ਈ. ਦੇ ਵਿਚਕਾਰ ਦਾ ਮੰਨਿਆ ਜਾ ਸਕਦਾ ਹੈ।

ਇਸ ਮਹੱਤਵਪੂਰਨ ਰਚਨਾ ਨੂੰ ਸਮਸ਼ੇਰ ਸਿੰਘ ਨੇ ਸੰਪਾਦਿਤ ਕਰਕੇ ਪਹਿਲੀ ਵਾਰ 1968 ਈ.

---

[33] Surjit Hans, A Reconstruction of Sikh History from Sikh Literature, p 206

[34] Madanjit Kaur, Koer Singh's Gurbilas Patshahi 10: An Eighteenth Century Sikh Literature, p 165

[35] Ibid, p 168

ਵਿਚ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪੁਸਤਕ ਰੂਪ ਵਿਚ ਸੁੰਦਰ ਜਿਲਦ ਵਿਚ ਛਪਵਾਇਆ ਹੈ। ਇਸ ਦੇ ਔਖੇ ਪਾਠਾਂ ਨੂੰ ਸੁਖਾਲਾ ਕਰਨ ਲਈ ਪੈਰ ਟਿੱਪਣੀਆਂ ਦੇ ਰੂਪ ਵਿਚ ਅਰਥ ਦਿੱਤੇ ਗਏ ਹਨ ਤੇ ਅੰਤਿਕਾ ਵਿਚ ਪ੍ਰਸਿੱਧ ਨਾਵਾਂ ਤੇ ਥਾਵਾਂ ਦਾ ਵੇਰਵਾ ਦਿੱਤਾ ਹੈ। ਇਸ ਦੀ ਵਿਸਥਾਰਿਤ ਭੂਮਿਕਾ ਡਾਕਟਰ ਫੌਜਾ ਸਿੰਘ ਨੇ ਲਿਖੀ ਹੈ ਜਿਸ ਵਿਚ ਵੱਖ-ਵੱਖ ਹਵਾਲਿਆਂ ਤੇ ਅੰਦਰਲੀਆਂ ਗਵਾਹੀਆਂ ਰਾਹੀਂ ਇਸ ਦੇ ਇਤਿਹਾਸਕ ਮਹੱਤਵ ਨੂੰ ਸਾਹਮਣੇ ਲਿਆਂਦਾ ਗਿਆ ਹੈ।

### 1.1.5. ਆਧਾਰ ਸਮੱਗਰੀ ਤੇ ਪ੍ਰਮਾਣਿਕਤਾ

ਗੁਰਬਿਲਾਸ ਪਾਤਸ਼ਾਹੀ ੧੦ ਦਾ ਸ੍ਰੋਤ ਤੇ ਆਧਾਰ ਭਾਈ ਮਨੀ ਸਿੰਘ ਦੇ ਵਿਖਿਆਨ ਹਨ। ਭਾਈ ਮਨੀ ਸਿੰਘ ਦਾ ਗੁਰੂ-ਘਰ ਦੇ ਨਿਕਟਵਰਤੀ ਹੋਣਾ ਕੁਇਰ ਸਿੰਘ ਦੇ ਗੁਰਬਿਲਾਸ ਦੀ ਪ੍ਰਮਾਣਿਕਤਾ ਦਾ ਲਖਾਇਕ ਹੈ। ਇਸ ਤੋਂ ਇਲਾਵਾ ਕੁਇਰ ਸਿੰਘ ਨੇ ਆਪਣੇ ਗੁਰਬਿਲਾਸ ਵਿਚ ਗੁਰੂ ਗੋਬਿੰਦ ਸਿੰਘ ਰਚਿਤ ਬਚਿਤਰ ਨਾਟਕ, ਸੈਨਾਪਤਿ ਰਚਿਤ ਸ੍ਰੀ ਗੁਰੁ ਸੋਭਾ, ਅਨੀਰਾਏ ਰਚਿਤ ਜੰਗਨਾਮਾ, ਭਾਈ ਨੰਦ ਲਾਲ ਰਚਿਤ ਕੁਲਿਆਤ ਤੋਂ ਜਾਣਕਾਰੀ ਲਈ ਹੈ। ਸੁੱਖਾ ਸਿੰਘ ਨੇ ਆਪਣੇ ਗੁਰਬਿਲਾਸ ਵਿਚ ਕੁਇਰ ਸਿੰਘ ਨੂੰ ਆਪਣੇ ਮੂਲ-ਸ੍ਰੋਤ ਵਜੋਂ ਵਰਤਿਆ ਹੈ।[36] ਕੁਇਰ ਸਿੰਘ ਵੱਲੋਂ ਆਪਣੀ ਲਿਖਤ ਵਿਚ ਦਿੱਤੇ ਪੰਜਾਂ ਪਿਆਰਿਆਂ ਦੇ ਤਰਤੀਬਵਾਰ ਦਿੱਤੇ ਨਾਂ ਹੀ ਬਾਅਦ ਵਿਚ ਬਹੁਤ ਸਾਰੇ ਰਚਨਾਕਾਰਾਂ ਨੇ ਵਰਤੇ ਹਨ। ਕੁਇਰ ਸਿੰਘ ਵੱਲੋਂ ਭੰਗਾਣੀ ਦੀ ਲੜਾਈ ਦਾ ਜ਼ਿਕਰ ਬਾਕੀ ਸ੍ਰੋਤਾਂ ਨਾਲੋਂ ਵਧੇਰੇ ਜਾਣਕਾਰੀ ਵਾਲਾ ਹੈ। ਡਾ. ਗੁਰਬਚਨ ਸਿੰਘ ਨਈਅਰ ਗੁਰਬਿਲਾਸ ਦੀ ਇਤਿਹਾਸਕ ਮਹੱਤਤਾ ਬਾਰੇ ਦਸਦੇ ਹਨ ਕਿ ਇਹ ਲਿਖਤ ਸ੍ਰੀ ਗੁਰੁ ਸੋਭਾ ਦੁਆਰਾ ਦਿੱਤੀ ਜਾਣਕਾਰੀ ਦੀ ਪ੍ਰੋੜਤਾ ਕਰਦੀ ਹੈ ਅਤੇ ਸੈਨਾਪਤਿ ਦੁਆਰਾ ਪਾਏ ਗਏ ਘਾਪਿਆਂ ਨੂੰ ਪੂਰਾ ਕਰਦੀ ਹੈ। ਨਦੌਣ ਦੀ ਲੜਾਈ ਸੰਬੰਧੀ ਵੀ ਕੁਇਰ ਸਿੰਘ ਦਾ ਗੁਰਬਿਲਾਸ ਕੁਝ ਅਜਿਹੇ ਸੰਕੇਤ ਦਿੰਦਾ ਹੈ ਜਿਸ ਤੋਂ ਲੜਾਈ ਦਾ ਵਿਸਥਾਰ ਪੂਰਨ ਰੂਪ ਵਿਚ ਸਾਹਮਣੇ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਦੀਆਂ ਖਾਨਜ਼ਾਦਾ ਅਤੇ ਹੁਸੈਨੀ ਨਾਲ ਹੋਈਆਂ ਲੜਾਈਆਂ ਦੇ ਵਰਨਣ ਵਿਚ ਵੀ ਕੁਇਰ ਸਿੰਘ ਦਾ ਗੁਰਬਿਲਾਸ ਸਾਡਾ ਸਹਾਇਕ ਹੈ।[37] ਗੁਰਬਿਲਾਸ

---

[36] ਡਾ. ਗੁਰਬਚਨ ਸਿੰਘ ਨਈਅਰ, ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ, ਪੰਨਾ 216

[37] ਉਹੀ, ਪੰਨਾ 217

ਨੇ ਸਿੱਖ ਇਤਿਹਾਸ ਦੀਆਂ ਅਹਿਮ ਘਟਨਾਵਾਂ ਦੀ ਸਿਧਾਂਤਕ ਨੁਕਤੇ ਤੋਂ ਵਿਆਖਿਆ ਕੀਤੀ ਹੈ। ਅਸਲ ਵਿਚ ਕੁਇਰ ਸਿੰਘ ਦੀ ਲਿਖਤ ਇਕ ਅਜਿਹੀ ਰਚਨਾ ਹੈ ਜਿਸਨੇ ਪੁਰਾਤਨ ਪਰੰਪਰਾ ਨੂੰ ਲਿਪੀਬੱਧ ਕੀਤਾ ਹੈ।

ਕਵੀ ਸੈਨਾਪਤਿ ਦਾ ਗ੍ਰੰਥ ਸ੍ਰੀ ਗੁਰੁ ਸੋਭਾ ਵੀ ਕੁਇਰ ਸਿੰਘ ਦੇ ਗੁਰਬਿਲਾਸ ਦਾ ਆਧਾਰ ਮੰਨਿਆ ਜਾ ਸਕਦਾ ਹੈ। ਸੈਨਾਪਿਤ ਖ਼ਾਲਸੇ ਦੀ ਸਿਰਜਣਾ ਉਪਰੰਤ ਰਾਜਪੂਤ ਰਾਜਿਆਂ ਬਾਰੇ ਜੋ ਜਾਣਕਾਰੀ ਦਿੰਦਾ ਹੈ, ਉਹ ਸੂਚਨਾ ਹੀ ਗੁਰਬਿਲਾਸ ਵਿਚ ਦਰਜ ਹੈ। ਕਈ ਥਾਂ ਕੁਇਰ ਸਿੰਘ ਅਤੇ ਕਵੀ ਸੈਨਾਪਿਤ ਦੇ ਕਥਨ ਮਿਲਦੇ ਹਨ। ਕਈ ਥਾਂ ਉਹ ਆਪਣੀਆਂ ਰਚਨਾਵਾ ਵਿਚ ਲਗਭਗ ਸ੍ਰੀ ਗੁਰੁ ਸੋਭਾ ਵਾਲੀਆਂ ਪੰਕਤੀਆਂ ਦੀ ਹੀ ਵਰਤੋਂ ਕਰਦਾ ਹੈ:

ਕਰਤ ਚਰਿਤ ਪੁਨਿ ਤਹਿ ਅਏ, ਜੋ ਰਜਪੂਤਨ ਦੇਸ।
ਆਨ ਆਨ ਰਾਜਾ ਮਿਲੈ, ਜੋਧੇ ਬਡੇ ਨਰੇਸ।[38]

ਸੈਨਾਪਤਿ ਦੀਆਂ ਪੰਕਤੀਆਂ ਜਿਹਨਾਂ ਦੀ ਵਰਤੋਂ ਕੁਇਰ ਸਿੰਘ ਨੇ ਕੀਤੀ ਪ੍ਰਤੀਤ ਹੁੰਦੀ ਹੈ ਇਸ ਪ੍ਰਕਾਰ ਹਨ:

ਕਰਤ ਕੂਚ ਆਏ ਤਹਾਂ ਰਾਜਪੂਤਨ ਕੇ ਦੇਸ।
ਆਨ ਆਨ ਰਾਜਾ ਮਿਲੇ ਜੋਧਾ ਬਡੇ ਨਰੇਸ।[39]

ਇਸ ਰਚਨਾ ਦੀ ਮਹੱਤਤਾ ਦੀ ਪੁਸ਼ਟੀ ਇਸ ਨੁਕਤੇ ਤੋਂ ਵੀ ਜਾਹਰ ਹੁੰਦੀ ਹੈ ਕਿ ਸੁੱਖਾ ਸਿੰਘ ਨੇ ਆਪਣੇ ਗੁਰਬਿਲਾਸ ਵਿਚ ਬਹੁਤ ਸਾਰੀਆਂ ਘਟਨਾਵਾਂ ਵਿਚ ਕੁਇਰ ਸਿੰਘ ਦੇ ਗੁਰਬਿਲਾਸ ਨੂੰ ਹੀ ਆਧਾਰ ਬਣਾਇਆ ਹੈ। ਗੁਰਬਿਲਾਸ ਅਜਿਹੀ ਇਤਿਹਾਸਕ ਲਿਖਤ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਆਦੇਸ਼ ਅਤੇ ਪ੍ਰਾਪਤੀਆਂ ਸੰਬੰਧੀ ਬਹੁਤ ਸਾਰੀ ਪ੍ਰਮਾਣਿਕ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਵਿਚ ਗੁਰੂ ਸਾਹਿਬ ਵੱਲੋਂ ਸੀਸ ਭੇਂਟ ਕਰਨ ਦੀ ਮੰਗ, ਖੰਡੇ ਦੀ ਪਾਹੁਲ, ਰਹਿਤ, ਪੰਜ ਪਿਆਰਿਆਂ ਬਾਰੇ, ਚਮਕੌਰ ਦੀ ਲੜਾਈ ਤੇ ਕਈ ਅਹਿਮ ਇਤਿਹਾਸਕ ਘਟਨਾਵਾਂ ਸੰਬੰਧੀ ਵਿਸਥਾਰਤ ਜਾਣਕਾਰੀ ਹੈ। ਕੁਇਰ ਸਿੰਘ ਦਾ

[38] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 237

[39] ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.) ਕਵੀ ਸੈਨਾਪਤਿ, ਸ੍ਰੀ ਗੁਰੁ ਸੋਭਾ, ਪੰਨਾ 109

ਗੁਰਬਿਲਾਸ ਪਹਿਲਾ ਗ੍ਰੰਥ ਹੈ ਜਿਸ ਵਿਚ ਬੜੇ ਸਪਸ਼ਟ ਸ਼ਬਦਾਂ ਵਿਚ ਆਦਿ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਪਾਧੀ ਬਖਸ਼ੀ ਗਈ ਹੈ:

ਗੁਰੂ ਗ੍ਰੰਥ ਜਾਨੋ ਸਦਾ ਅੰਗ ਸੰਗੰ। ਸੁਨੋ ਗਾਥ ਪੁਰਾਨ ਕੀ ਚੀਤ ਰੰਗੰ।

ਤਾਂ ਤੇ ਜੋ ਮੁਹ ਸਿਖ ਸੁਜਾਨਾ। ਮਾਨੇ ਗੁਰੂ ਗ੍ਰੰਥ ਭਗਵਾਨਾ।[40]

ਉਪਰੋਕਤ ਅਹਿਮ ਇਤਿਹਾਸਕ ਤੱਥ ਵੀ ਇਸ ਰਚਨਾ ਦੀ ਪ੍ਰਮਾਣਿਕਤਾ 'ਤੇ ਮੁਹਰ ਲਾਉਂਦਾ ਹੈ। ਕੁਇਰ ਸਿੰਘ ਰਚਿਤ ਗੁਰਬਿਲਾਸ ਵਿਚ ਜਿੱਥੇ ਬਹੁਤ ਸਾਰੇ ਤੱਥ ਮਹੱਤਵਪੂਰਨ ਅਤੇ ਨਵੀਨ ਹਨ ਉੱਥੇ ਇਸ ਰਚਨਾ ਵਿਚ ਕੁਝ ਤਰੁੱਟੀਆਂ ਵੀ ਦੇਖਣ ਵਿਚ ਆਉਂਦੀਆਂ ਹਨ। ਕੁਇਰ ਸਿੰਘ ਵਲੋਂ ਦਰਸਾਏ ਗਏ ਇਤਿਹਾਸਕ ਘਟਨਾਵਾਂ ਦੇ ਕਈ ਸੰਮਤ ਗਲਤ ਸਿੱਧ ਹੁੰਦੇ ਹਨ।

### 1.1.6. ਵਿਸ਼ਾ ਵਸਤੂ

ਕੁਇਰ ਸਿੰਘ ਨੇ ਸਿੱਖ ਇਤਿਹਾਸ ਦੀਆਂ ਵਿਸ਼ੇਸ਼ ਘਟਨਾਵਾਂ ਅਤੇ ਅੰਸਾਂ ਸੰਬੰਧੀ ਦਿਲ ਟੁੰਬਵੀਂ ਵਿਆਖਿਆ ਕੀਤੀ ਹੈ। ਕੁਇਰ ਸਿੰਘ ਦੀ ਲਿਖਤ ਖ਼ਾਲਸੇ ਦੀਆਂ ਜੰਗਾਂ ਨੂੰ ਲਿਖਣ ਤੇ ਖੋਜ ਦੇ ਪੱਖ ਤੋਂ ਉਜਾਗਰ ਕਰਨ ਵਿਚ ਕਾਫ਼ੀ ਸਹਾਇਕ ਹੈ। ਕਾਜ਼ੀ ਨਾਲ ਬੰਦਗੀ ਤੇ ਧਰਮ ਬਾਰੇ ਲਿਖਤ ਬੰਦ ਬਹੁਤ ਦਿਲਚਸਪ ਤੇ ਜਾਣਕਾਰੀ ਭਰਪੂਰ ਹਨ। ਕਵੀ ਨੇ ਗੁਰੂ ਜੀ ਦੀ ਕਥਾ ਬਿਆਨ ਕਰਦੇ ਸਮੇਂ ਥਾਂ ਅਤੇ ਵਸਤੂ ਦਾ ਬੜਾ ਪ੍ਰਭਾਵਸ਼ਾਲੀ ਵਰਨਣ ਕੀਤਾ ਹੈ ਜਿਸ ਨਾਲ ਵਾਕਿਆਤ ਦੇ ਪੂਰੇ ਨਜ਼ਾਰੇ ਪਾਠਕ ਦੀਆਂ ਅੱਖਾਂ ਸਾਹਮਣੇ ਆ ਜਾਂਦੇ ਹਨ। ਜੰਗ ਦੇ ਮੈਦਾਨ ਵਿਚ ਅਸਤਰ-ਸ਼ਸਤਰ ਦੀ ਹਰ ਵੰਨਗੀ, 'ਜੋ ਗੁਰੂ ਕਾਲ ਵਿਚ ਵਰਤੋਂ ਵਿਚ ਸੀ' ਦਾ ਬਿਆਨ ਕੀਤਾ ਗਿਆ ਹੈ। ਜਿਸ ਰਾਹ ਜਾਂ ਨਗਰ ਵਿੱਚੋਂ ਗੁਰੂ ਜੀ ਲੰਘੇ ਜਾਂ ਠਹਿਰੇ ਉਹ ਨਗਰ, ਰਾਹ, ਦਰਿਆ, ਪਹਾੜ, ਜੰਗਲ, ਮੈਦਾਨ ਅਤੇ ਮਾਰੂਥਲ ਦੇ ਜਿਉਂਦੇ ਜਾਗਦੇ ਦ੍ਰਿਸ਼ ਪੇਸ਼ ਕੀਤੇ ਗਏ ਹਨ। ਬਾਬਾ ਬਕਾਲਾ, ਮਥੁਰਾ, ਕਾਸ਼ੀ, ਪਟਨਾ, ਆਨੰਦਪੁਰ ਆਦਿ ਨਗਰ ਅਤੇ ਉਨ੍ਹਾਂ ਦੇ ਖੂਹ, ਬਾਗ ਤੇ ਗਲ਼ੀਆਂ ਆਦਿ ਦਾ ਸੁੰਦਰ ਵਰਨਣ ਕੀਤਾ ਹੈ। ਕਈ ਤਰ੍ਹਾਂ ਦੇ ਫ਼ੁੱਲਾਂ, ਫਲਾਂ ਅਤੇ ਰੁੱਖਾਂ ਦਾ ਵੇਰਵਾ ਦਿੱਤਾ ਗਿਆ ਹੈ। ਕਵੀ ਵੱਲੋਂ ਸਵੇਰ ਹੋਣ ਅਤੇ ਰਾਤ ਪੈਣ ਦਾ ਕੀਤਾ ਵਰਨਣ ਕੁਦਰਤ ਦੀ ਅਰੁਕ ਚਾਲ ਦੇ ਦਰਸ਼ਨ ਕਰਵਾਉਂਦਾ

[40] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 130

ਹੈ। ਇਹ ਵਰਨਣ ਕਿਤੇ ਵੀ ਕਥਾ-ਸੂਤਰ ਵਿਚ ਅੜਿੱਕਾ ਨਹੀਂ ਬਣਦਾ ਸਗੋਂ ਗੁਰੂ ਜੀ ਦੇ ਜੀਵਨ ਅਤੇ ਲੀਲਾ ਨੂੰ ਹੋਰ ਨੇੜਿਓਂ ਦਰਸਾਉਣ ਵਿਚ ਸਹਾਈ ਸਾਬਤ ਹੁੰਦਾ ਹੈ।

### 1.1.7. ਕਥਾਨਕ

ਕਥਾਨਕ ਵਿਚ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਕਥਾ ਦਾ ਸਾਰੰਸ਼ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਗ੍ਰੰਥ ਵਿਚਲੀ ਕਥਾ-ਲੜੀ ਨੂੰ ਸਮਝਣ ਲਈ ਅਧਿਆਇਆਂ ਦੀ ਗਿਣਤੀ, ਨਾਂ, ਪੰਨਾ ਅਤੇ ਛੰਦਾਂ ਦੀ ਗਿਣਤੀ ਤੋਂ ਇਲਾਵਾ ਅਹਿਮ ਇਤਿਹਾਸਕ ਘਟਨਾਵਾਂ ਦਾ ਸੰਖੇਪ ਵੇਰਵਾ ਦਿੱਤਾ ਗਿਆ ਹੈ, ਜਿਸ ਨਾਲ ਗ੍ਰੰਥ ਦੇ ਇਤਿਹਾਸਕ ਪ੍ਰਸੰਗ ਨੂੰ ਸਮਝਣ ਵਿਚ ਚੋਖੀ ਮਦਦ ਮਿਲਦੀ ਹੈ। ਕੁਇਰ ਸਿੰਘ ਨੇ ਪੂਰੀ ਰਚਨਾ ਨੂੰ ਇੱਕੀ ਅਧਿਆਇਆਂ ਵਿਚ ਵੰਡਿਆ ਹੈ:

ਪਹਿਲਾ ਅਧਿਆਇ: ਮੁੱਢਲੀ ਕਥਾ (ਪੰਨਾ 1-9, ਛੰਦ 89)

ਕਵੀ ਨੇ ਮੰਗਲਾਚਰਨ ਵਿਚ ਅਕਾਲ ਪੁਰਖ ਤੇ ਗੁਰੂ ਜੀ ਦੀ ਉਸਤਤ ਤੋਂ ਬਾਅਦ ਭਾਈ ਮਨੀ ਸਿੰਘ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਹੁਤ ਸੰਖੇਪ ਕਥਾ ਬਿਆਨ ਕੀਤੀ ਹੈ। ਮੁੱਖ ਕਥਾ ਗੁਰੂ ਤੇਗ ਬਹਾਦਰ ਜੀ ਦੇ ਬਕਾਲੇ ਨਿਵਾਸ ਤੋਂ ਸ਼ੁਰੂ ਹੁੰਦੀ ਹੈ। ਅਠਵੇਂ ਗੁਰੂ ਸ੍ਰੀ ਹਰਿਕ੍ਰਿਸ਼ਨ ਜੀ ਦੇ ਜੋਤੀ-ਜੋਤਿ ਸਮਾਉਣ ਸਮੇਂ 'ਗੁਰੂ ਬਾਬਾ ਬਕਾਲੇ' ਦੇ ਹੁਕਮ ਕਾਰਨ ਸਿੱਖਾਂ ਨੇ ਬਾਬੇ ਬਕਾਲੇ ਵੱਲ ਵਹੀਰਾਂ ਘੱਤਣੀਆਂ ਸ਼ੁਰੂ ਕਰ ਦਿੱਤੀਆਂ। ਬਕਾਲੇ ਵਿਚ ਬਹੁਤ ਸਾਰੇ ਸੋਢੀ ਗੁਰੂ ਕਹਾਉਣ ਲੱਗ ਪਏ। ਗੁਰੂ-ਘਰ ਦੇ ਸਰਧਾਲੂ ਭਾਈ ਮੱਖਣ ਸ਼ਾਹ ਲੁਬਾਣੇ ਰਾਹੀਂ ਤੇਗ ਬਹਾਦਰ ਜੀ ਗੁਰੂ ਪ੍ਰਗਟ ਹੋਏ। ਗੁਰੂ ਜੀ ਬਕਾਲੇ ਤੋਂ ਚੱਲ ਕੇ ਤੀਰਥ ਪਾਵਨ ਕਰਨ ਲਈ ਹਰਿਦੁਆਰ, ਨੇਮਖਾਰ, ਅਲਾਹਾਬਾਦ, ਕਾਸ਼ੀ, ਪ੍ਰਯਾਗ ਹੁੰਦੇ ਹੋਏ ਪਟਨੇ ਪਹੁੰਚ ਕੇ ਨਿਵਾਸ ਕਰਦੇ ਹਨ।

ਦੂਜਾ ਅਧਿਆਇ: ਰਾਜਾ ਮਾਨ ਸਿੰਘ ਤੇ ਔਰੰਗਜ਼ੇਬ (ਪੰਨਾ 10-21, ਛੰਦ 127)

ਸ਼ੁਰੂ ਵਿਚ ਰਾਜਾ ਮਾਨ ਸਿੰਘ (ਸਹੀ ਨਾਮ ਰਾਜਾ ਰਾਮ ਸਿੰਘ) ਦੇ ਰਾਜ ਅਤੇ ਭਾਈ ਨੰਦ ਲਾਲ ਦੀ ਵਿਦਵਤਾ ਦਾ ਜ਼ਿਕਰ ਹੈ। ਸ਼ਾਹ ਮਾਜ਼ਿੰਦਰਾਂ ਦਾ ਖ਼ਤ ਪੜ੍ਹ ਕੇ ਔਰੰਗਜ਼ੇਬ ਨੇ ਰਾਜਾ ਮਾਨ ਸਿੰਘ ਨੂੰ ਮਾਰਨ ਦੀ ਵਿਉਂਤ ਬਣਾਈ, ਉਸ ਨੂੰ ਬੰਗਾਲ ਜਾਣ ਦਾ ਹੁਕਮ ਦਿੱਤਾ। ਰਾਜਾ ਮਾਨ ਸਿੰਘ ਪਟਨੇ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਪਹੁੰਚਿਆ। ਰਾਜਾ ਆਪਣੀ ਜੇਤੂ ਮੁਹਿੰਮ ਨਾਲ ਵਾਪਸ ਮੁੜਿਆ। ਗੁਰੂ ਸਾਹਿਬ ਦਿੱਲੀ

ਨੇੜੇ ਰਾਜਾ ਮਾਨ ਸਿੰਘ ਤੋਂ ਵੱਖ ਹੋ ਗਏ ਤੇ ਪੰਜਾਬ ਦੇ ਮਾਲਵੇ ਇਲਾਕੇ ਨੂੰ ਪਵਿੱਤਰ ਕਰਦੇ ਹੋਏ ਮਾਝੇ ਵਿਚ ਪਹੁੰਚੇ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ’ਤੇ ਕਾਬਜ ਮਸੰਦਾਂ ਨੇ ਆਪ ਜੀ ਨੂੰ ਦਰਬਾਰ ਸਾਹਿਬ ਦੀਆਂ ਪਰਕਰਮਾ ਵਿਚ ਦਾਖ਼ਲ ਨਾ ਹੋਣ ਦਿੱਤਾ ਤਾਂ ਆਪ ਜੀ ਵੱਲਾ ਤੇ ਵਿਹਰਕੇ ਹੁੰਦੇ ਹੋਏ ਦੁਆਬੇ ਪਹੁੰਚੇ। ਸੋਭਪੁਰ ਗਏ ਅਤੇ ਅਖੀਰ ਮਾਖੋਵਾਲ ਜਾ ਨਿਵਾਸ ਕੀਤਾ।

ਅਕਾਲ ਪੁਰਖ ਦੇ ਹੁਕਮ ਨਾਲ ਜ਼ੁਲਮ ਦੇ ਖਾਤਮੇ ਅਤੇ ਜਗਤ ਵਿਚ ਧਰਮ ਦੀ ਦ੍ਰਿੜਤਾ ਲਈ ਗੋਬਿੰਦ ਰਾਏ ਜੀ ਨੇ ਪਟਨੇ ਵਿਖੇ ਜਨਮ ਲਿਆ ਤੇ ਗੁਰੂ ਜੀ ਦੀ ਆਭਾ ਸਾਰੇ ਜਹਾਨ ਵਿਚ ਫੈਲਣ ਲੱਗ ਪਈ। ਖੂਹ ਤੋਂ ਪਾਣੀ ਭਰਣ ਵਾਲੀ ਨਾਰੀ ਵੱਲੋਂ ਗੋਬਿੰਦ ਰਾਏ ਜੀ ਬਾਰੇ ਉਲ੍ਹਾਮਾ ਦੇਣ ਤੇ ਮਾਤਾ ਗੁਜਰੀ ਜੀ ਦੇ ਬਚਨ ਨਾਲ ਖੂਹ ਦਾ ਪਾਣੀ ਖਾਰਾ ਹੋਣ ਦਾ ਕੌਤਕ ਦਰਜ ਹੈ।

ਪਿਤਾ ਗੁਰੂ ਤੇਗ ਬਹਾਦਰ ਜੀ ਦਾ ਪੰਜਾਬ ਆਉਣ ਦਾ ਹੁਕਮ ਸੁਣਦੇ ਹੀ ਗੋਬਿੰਦ ਰਾਏ ਜੀ ਪਟਨੇ ਦੀ ਸੰਗਤ ਤੋਂ ਖੁਸ਼ੀ ਸਹਿਤ ਵਿਦਾ ਹੋਏ ਅਤੇ ਕਾਸ਼ੀ ਪਹੁੰਚੇ। ਗੋਬਿੰਦ ਰਾਏ ਜੀ ਨੇ ਅਗੰਮੀ ਦਰਸ਼ਨਾਂ ਤੇ ਅਪਾਰ ਬਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਪ੍ਰਯਾਗ ਤੀਰਥ ਤੇ ਬ੍ਰਾਹਮਣਾਂ ਨੂੰ ਸਰਬੰਸ ਦਾਨ ਦੇਣ ਦੀ ਕਥਾ ਸੁਣਾਈ। ਗੁਰੂ ਜੀ ਨੇ ਅਲੌਕਿਕ ਦਰਸ਼ਨ ਤੇ ਗੁਰ ਗਿਆਨ ਰਾਹੀਂ ਬ੍ਰਾਹਮਣਾਂ, ਵਿਦਵਾਨ ਬੁੱਧੀਮਾਨਾਂ ਤੇ ਸੰਨਿਆਸੀਆਂ ਦਾ ਹੰਕਾਰ ਤੇ ਸ਼ੰਕੇ ਨਿਵਰਤ ਕਰਕੇ ਨਿਰਮਲ ਬੁੱਧੀ ਬਖਸ਼ੀ ਤੇ ਕਾਸ਼ੀ ਨੂੰ ਤਾਰਿਆ।

ਤੀਜਾ ਅਧਿਆਇ: ਕਾਸ਼ੀ ਤੋਂ ਅਜੁੱਧਿਆ (ਪੰਨਾ 22-30, ਛੰਦ 93)

ਗੁਰੂ ਜੀ ਕਾਸ਼ੀ ਤੋਂ ਅਜੁੱਧਿਆ ਹੁੰਦੇ ਹੋਏ ਨਾਨਕਮਤੇ ਪਹੁੰਚੇ ਜਿੱਥੇ ਆਪ ਨੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਅਸਥਾਨ ’ਤੇ ਪੂਜਾ ਕੀਤੀ ਅਤੇ ਕੜਾਹ ਪ੍ਰਸਾਦਿ ਭੇਟ ਕੀਤਾ। ਇੱਥੋਂ ਸੁੰਦਰ ਪਾਲਕੀ ’ਤੇ ਸਵਾਰ ਹੋ ਕੇ ਸੰਗਤਾਂ ਸਮੇਤ ਮਥੁਰਾ ਹੁੰਦੇ ਹੋਏ ਲਖਨੌਰ ਪਹੁੰਚੇ ਜਿੱਥੇ ਪੀਰ ਆਰਿਫ਼ਦੀਨ ਨਾਲ ਮੁਲਾਕਾਤ ਹੋਈ ਤੇ ਪੀਰ ਸਮੇਤ ਮੁਰੀਦਾਂ ਨੇ ਗੁਰੂ ਜੀ ਨੂੰ ਸਜਦਾ ਕੀਤਾ। ਗੁਰੂ ਤੇਗ ਬਹਾਦਰ ਜੀ ਦਾ ਹੁਕਮ ਲੈ ਕੇ ਆਏ ਚਾਰ ਸਿੱਖਾਂ ਨੇ ਗੋਬਿੰਦ ਰਾਏ ਜੀ ਨੂੰ ਪਰਿਵਾਰ ਸਮੇਤ ਚੱਲਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਸਤਲੁਜ ਨਾਲ ਜੁੜੀ ਰਿਸ਼ੀ ਵਸ਼ਿਸ਼ਟ ਅਤੇ ਵਿਸ਼ਵਾਮਿਤਰ ਦੀ ਪੌਰਾਣਿਕ ਕਥਾ ਸੁਣੀ ਤੇ ਰੋਪੜ, ਕੀਰਤਪੁਰ ਹੁੰਦੇ ਹੋਏ ਮਾਖੋਵਾਲ ਪਹੁੰਚੇ। ਇਸ ਵਾਰਤਾ ਨਾਲ ਹੀ ਤੀਜੇ ਅਧਿਆਇ ਦੀ ਸਮਾਪਤੀ ਹੁੰਦੀ ਹੈ।

ਚੌਥਾ ਅਧਿਆਇ: ਵਿਦਿਆ ਪ੍ਰਾਪਤੀ ਅਤੇ ਕਸ਼ਮੀਰੀ ਪੰਡਿਤ (ਪੰਨਾ 31-47, ਛੰਦ 169)

ਗੁਰੂ ਤੇਗ ਬਹਾਦਰ ਜੀ ਨੇ ਬਚਪਨ ਵਿਚ ਹੀ ਗੋਬਿੰਦ ਰਾਏ ਜੀ ਨੂੰ ਹਰ ਤਰ੍ਹਾਂ ਦੀ ਵਿੱਦਿਆ ਦਿੱਤੀ। ਕਸ਼ਮੀਰ ਦੀ ਸੰਗਤ ਨੇ ਗੁਰੂ ਸਾਹਿਬ ਨੂੰ ਔਰੰਗਜ਼ੇਬ ਦੇ ਜ਼ੁਲਮ(ਸਵਾ ਮਣ ਜਨੇਊ ਲਹਾਉਣ) ਦੀ ਕਹਾਣੀ ਸੁਣਾਈ। ਗੋਬਿੰਦ ਰਾਏ ਜੀ ਨੇ ਗੁਰੂ-ਪਿਤਾ ਨੂੰ ਸ਼ਹੀਦੀ ਦੇਣ ਲਈ ਬਚਨ ਕੀਤੇ। ਗੁਰੂ ਤੇਗ ਬਹਾਦਰ ਜੀ ਗੁਪਤ ਰੂਪ ਵਿਚ ਦੁਆਬੇ ਅਤੇ ਮਾਲਵੇ ਵਿਚ ਗੁਰਮਤਿ ਪ੍ਰਚਾਰ ਲਈ ਵਿਚਰਨ ਲੱਗੇ ਤਾਂ ਧਰਤੀ ਨੇ ਗਊ ਦਾ ਰੂਪ ਧਾਰ ਕੇ ਮੁਗ਼ਲਾਂ ਦੇ ਜ਼ੁਲਮ ਤੋਂ ਬਚਾਉਣ ਲਈ ਅਰਦਾਸ ਕੀਤੀ। ਗੁਰੂ ਜੀ ਦਿੱਲੀ ਦੇ ਨੇੜੇ ਇਕ ਬਾਗ ਵਿਚ ਜਾ ਪਹੁੰਚੇ ਅਤੇ ਇਕ ਆਜੜੀ ਨੂੰ ਆਪਣੀ ਮੁੰਦਰੀ ਅਤੇ ਦੁਸ਼ਾਲਾ ਦੇ ਕੇ ਮਠਿਆਈ ਲੈਣ ਭੇਜਿਆ। ਇਸ ਨੂੰ ਦੇਖ ਕੇ ਹੀ ਕਾਜ਼ੀ ਨੇ ਆਪ ਜੀ ਨੂੰ ਗ੍ਰਿਫਤਾਰ ਕਰਵਾਇਆ।

ਕਾਜ਼ੀ ਅਤੇ ਔਰੰਗਜ਼ੇਬ ਨੇ ਗੁਰੂ ਜੀ ਨੂੰ ਇਸਲਾਮ ਕਬੂਲ ਕਰਨ, ਕਰਾਮਾਤ ਵਿਖਾਉਣ ਜਾਂ ਮੌਤ ਦੀ ਸਜ਼ਾ ਵਿੱਚੋਂ ਕੋਈ ਇਕ ਰਾਹ ਚੁਣਨ ਦੀ ਪੇਸ਼ਕਸ਼ ਕੀਤੀ। ਗੁਰੂ ਜੀ ਨੇ ਕਰਾਮਾਤ ਦਿਖਾਉਣ ਨੂੰ ਖ਼ੁਦਾ ਦਾ ਸਰੀਕ ਹੋਣਾ ਦੱਸ ਕੇ ਨਾਂਹ ਕਰ ਦਿੱਤੀ ਤੇ ਇਸਲਾਮ ਕਬੂਲਣ ਦੀ ਬਜਾਇ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਕੈਦ ਵਿਚ ਇਕ ਸਿੱਖ ਆਪ ਦੇ ਨਾਲ ਰਿਹਾ। ਔਰੰਗਜ਼ੇਬ ਵੱਲੋਂ ਧੀ ਦਾ ਡੋਲ਼ਾ ਅਤੇ ਲਾਹੌਰ ਦੀ ਸੂਬੇਦਾਰੀ ਦੇਣ ਤੇ ਰਾਜ ਭਾਗ ਦੇ ਅਨੇਕ ਲਾਲਚ ਦਿੱਤੇ ਗਏ। ਆਪਣਾ ਧਰਮ ਨਾ ਛੱਡਣ ਕਾਰਨ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ।

ਮਾਤਾ ਜੀ ਪਾਸ ਲਾਹੌਰ ਦੇ ਇਕ ਖੱਤਰੀ ਨੇ ਆਪਣੀ ਪੁੱਤਰੀ ਦਾ ਵਿਆਹ ਗੋਬਿੰਦ ਰਾਏ ਜੀ ਨਾਲ ਕਰਨ ਦੀ ਬੇਨਤੀ ਕੀਤੀ ਤਾਂ ਨਵਾਂ ਲਾਹੌਰ ਵਸਾ ਕੇ ਵਿਆਹ ਕੀਤਾ ਗਿਆ। ਦਿੱਲੀ ਤੋਂ ਗੁਰੂ ਜੀ ਦੀ ਸ਼ਹੀਦੀ ਦੀ ਖ਼ਬਰ ਪਹੁੰਚੀ। ਗੋਬਿੰਦ ਰਾਏ ਜੀ ਨੇ ਮਜ਼ਹਬੀ ਸਿੱਖ ਨੂੰ ਹੁਕਮ ਦਿੱਤਾ। ਸਿੱਖ ਨੌਵੇਂ ਗੁਰੂ ਜੀ ਦਾ ਸਰੀਰ (ਧੜ) ਲੈ ਕੇ ਸਰਹੰਦ ਅਤੇ ਕੀਰਤਪੁਰ ਹੁੰਦੇ ਹੋਏ ਆਨੰਦਪੁਰ ਪਹੁੰਚਿਆ ਅਤੇ ਅੰਤਿਮ ਸੰਸਕਾਰ ਕੀਤਾ। ਮਸੰਦਾਂ ਤੇ ਗੁਰੂ ਨਜਦੀਕੀ ਸਿੱਖਾਂ ਨੇ ਮਾਤਾ ਜੀ ਨਾਲ ਮਿਲ ਕੇ ਗੋਬਿੰਦ ਰਾਏ ਜੀ ਦੀ ਦਸਤਾਰਬੰਦੀ ਕੀਤੀ ਅਤੇ ਭਾਈ ਰਾਮ ਕੁਯਰ ਨੇ ਆਪ ਨੂੰ ਗੁਰਿਆਈ ਦਾ ਤਿਲਕ ਲਾਇਆ ਤੇ ਬੰਸ ਵਿਚ ਚੱਲੀ ਆ ਰਹੀ ਗੁਰਿਆਈ ਦੀ ਰਸਮ ਨੂੰ ਪੂਰਾ ਕੀਤਾ।

ਪੰਜਵਾਂ ਅਧਿਆਇ: ਰਾਜ ਸਾਜ (ਪੰਨਾ 48-62, ਛੰਦ 168)

ਗੁਰੂ ਜੀ ਬ੍ਰਾਹਮਣ ਨੂੰ ਜਨੇਊ ਦੀ ਰਸਮ ਸੰਬੰਧੀ ਉਪਦੇਸ ਦਿੰਦੇ ਹਨ। ਮੰਗਤੇ, ਸਵਾਲੀ ਤੇ ਗਵੱਈਏ

ਸ਼ਿਰੋਮਣੀ ਸੋਢੀ ਬੰਸ ਦੀ ਉਪਮਾ ਗਾਉਂਦੇ ਹਨ ਅਤੇ ਮਰਾਸੀ ਤੇ ਉਸਤਤ ਕਰਨ ਵਾਲਿਆਂ ਨੂੰ ਮਨਇੱਛਤ ਦਾਨ ਮਿਲਦਾ ਹੈ। ਵਿਦਵਾਨ ਭੱਟ ਗੁਰੂ ਜੀ ਦੀ ਭਾਰੀ ਉਪਮਾ ਤੇ ਕੀਰਤੀ ਕਰਦੇ ਹਨ। ਆਪ ਦਮਦਮੇ ਦੇ ਉੱਚੇ ਸਿੰਘਾਸਣ `ਤੇ ਬਿਰਾਜੇ ਅਤੇ ਨਗਾਰਾ ਬਣਾਉਣ ਦਾ ਹੁਕਮ ਦਿੱਤਾ। ਭਰੇ ਦਿਵਾਨ ਵਿਚ ਰਾਜਾ ਭੀਮ ਚੰਦ ਦਰਸ਼ਨ ਕਰਨ ਆਇਆ ਤਾਂ ਪਰਸਾਦੀ ਹਾਥੀ ਦੇਖ ਕੇ ਉਹ ਲੋਭੀ ਹੋ ਗਿਆ। ਉਸ ਨੇ ਪੁੱਤਰ ਦੀ ਕੁੜਮਾਈ ਦੇ ਬਹਾਨੇ ਸੁਨੇਹਾ ਭੇਜ ਕੇ ਗੁਰੂ ਜੀ ਤੋਂ ਹਾਥੀ ਮੰਗਿਆ। ਗੁਰੂ ਜੀ ਨੇ ਆਸਾਮ ਦੇ ਰਾਜੇ ਦੀ ਭੇਟਾ ਹੋਣ ਕਰਕੇ ਹਾਥੀ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੇ ਸਿੱਧਾ ਹੀ ਹਾਥੀ ਦੇਣ, ਆਨੰਦਪੁਰ ਖਾਲੀ ਕਰਨ ਜਾਂ ਯੁੱਧ ਲਈ ਤਿਆਰ ਰਹਿਣ ਦੀ ਧਮਕੀ ਦੇ ਦਿੱਤੀ।

ਨਾਹਨ ਦੇ ਰਾਜੇ ਪ੍ਰਿਥਵੀ ਪ੍ਰਕਾਸ਼ (ਮੇਦਨੀ ਪ੍ਰਕਾਸ਼) ਨੇ ਗੁਰੂ ਜੀ ਨੂੰ ਆਪਣੀ ਰਿਆਸਤ ਵਿਚ ਪਧਾਰਨ ਲਈ ਚਿੱਠੀ ਭੇਜ ਕੇ ਬੇਨਤੀ ਕੀਤੀ। ਮਾਤਾ ਜੀ ਦੇ ਬੇਨਤੀ ਕਰਨ 'ਤੇ ਗੁਰੂ ਸਾਹਿਬ ਨੇ ਨਾਹਨ ਵੱਲ ਕੂਚ ਦਾ ਹੁਕਮ ਦਿੱਤਾ। ਗੁਰੂ ਜੀ ਨੇ ਹਾਥੀ, ਘੋੜਿਆਂ,ਸਸਤਰਾਂ ਤੇ ਲਾਮ ਲਸ਼ਕਰ ਸਮੇਤ ਚਾਲੇ ਪਾ ਦਿੱਤੇ ਤੇ ਜਮਨਾ ਦੇ ਕੰਢੇ ਨਿਵਾਸ ਕੀਤਾ। ਰਾਜੇ ਵੱਲੋਂ ਨਿੱਘਾ ਸੁਆਗਤ ਕੀਤਾ ਗਿਆ। ਅਨੇਕਾਂ ਸੂਰਬੀਰ, ਰਾਜੇ ਤੇ ਸੰਗਤਾਂ ਦਰਸ਼ਨਾਂ ਲਈ ਪਹੁੰਚਣ ਲੱਗੀਆਂ ਅਤੇ ਰਾਜਾ ਫਤੇ ਸ਼ਾਹ ਵੀ ਦਰਸ਼ਨ ਲਈ ਆਇਆ। ਗੁਰੂ ਸਾਹਿਬ ਨੇ ਜਮਨਾ ਦੇ ਕਿਨਾਰੇ ਪਾਉਂਟਾ ਸਾਹਿਬ ਦੀ ਸਥਾਪਨਾ ਕੀਤੀ।

ਛੇਵਾਂ ਅਧਿਆਇ: ਭੰਗਾਣੀ ਦਾ ਯੁੱਧ (ਪੰਨਾ 63-80, ਛੰਦ 187)

ਗੁਰੂ ਜੀ ਪਹਿਲੇ ਪਹਿਰ (ਸਵੇਰ ਵੇਲੇ) ਕ੍ਰਿਸ਼ਨਾਵਤਾਰ ਦੀ ਰਚਨਾ ਕਰਦੇ ਤੇ ਭੋਜਨ ਕਰਨ ਬਾਅਦ ਦਿਵਾਨ ਲਾਉਂਦੇ। ਦਿਨ ਸਮੇਂ ਜੰਗੀ ਕਰਤੱਬ ਤੇ ਸਿੱਖਾਂ ਨਾਲ ਜੰਗਲ ਵਿਚ ਸ਼ਿਕਾਰ ਖੇਡਦੇ ਸਨ। ਭੀਮ ਚੰਦ ਆਪਣੇ ਪੁੱਤਰ ਦੀ ਬਰਾਤ ਸਮੇਤ ਸ੍ਰੀਨਗਰ ਪਹੁੰਚਣ ਲਈ ਪਾਉਂਟਾ ਦੇ ਰਾਹ ਲੰਘਣ ਲਈ ਆਇਆ ਤਾਂ ਗੁਰੂ ਜੀ ਨੇ ਸਿਰਫ਼ ਮੰਤਰੀ ਅਤੇ ਰਾਜਕੁਮਾਰ (ਲਾੜਾ) ਨੂੰ ਲੰਘਣ ਦੀ ਪ੍ਰਵਾਨਗੀ ਦਿੱਤੀ। ਆਪ ਨੇ ਸਿੱਖਾਂ ਹੱਥ ਫਤੇਸ਼ਾਹ ਨੂੰ ਸ਼ਗਨ ਭੇਜਿਆ। ਕੁੱਲੂ, ਚੰਬਾ, ਕਟੋਚ, ਡਢਵਾਲ, ਜੰਮੂ, ਜਸਵਾਨ, ਗੁਲੇਰ ਤੇ ਸੁਕੇਤ ਮੰਡੀ ਸਮੇਤ ਸਾਰੇ ਬਾਈਧਾਰ ਰਾਜੇ ਗੁਰੂ ਸਾਹਿਬ ਨਾਲ ਜੰਗ ਕਰਨ ਲਈ ਆਏ ਤਾਂ ਪਹਾੜੀਆਂ ਦੇ ਇਸ ਹਮਲੇ ਦੀ ਖ਼ਬਰ ਸੁਣ ਕੇ ਪੰਜ ਸੌ ਤਨਖ਼ਾਹਦਾਰ ਪਠਾਣ ਬੇਈਮਾਨ ਹੋ ਗਏ ਅਤੇ ਪੰਜ ਸੌ ਉਦਾਸੀ ਡਰਦੇ ਭੱਜ ਗਏ। ਸਿਰਫ਼ ਮਹੰਤ ਕਿਰਪਾਲ ਦਾਸ ਹੀ ਰਹਿ ਗਿਆ। ਇਕ ਪਾਸੇ ਬਾਈਧਾਰ ਦੇ ਪਹਾੜੀ ਰਾਜੇ ਤੇ ਦੂਜੇ ਪਾਸੇ ਗੁਰੂ ਜੀ ਦੇ

ਯੋਧਿਆਂ ਵਿਚ ਸੰਗੋਸ਼ਾਹ, ਕਿਰਪਾਰਾਮ, ਜੀਤਮੱਲ, ਗੰਗਾਰਾਮ, ਮਾਹਰੂ, ਕਾਹਰੂ, ਦਯਾਰਾਮ ਆਦਿ ਸਨ। ਭੰਗਾਣੀ ਦੇ ਸਥਾਨ 'ਤੇ ਲੜੀ ਇਸ ਜੰਗ ਵਿਚ ਗੁਰੂ ਜੀ ਦੀ ਜਿੱਤ ਹੋਈ। ਫਤਹਿ ਦੇ ਧੌਂਸੇ ਬਜਾ ਕੇ ਗੁਰੂ ਜੀ ਨੇ ਆਨੰਦਪੁਰ ਵੱਲ ਚਾਲੇ ਪਾਏ ਅਤੇ ਰਸਤੇ ਵਿਚ ਕੀਰਤਪੁਰ ਵਿਖੇ ਕੜਾਹ ਪ੍ਰਸਾਦਿ ਭੇਟਾ ਕਰਕੇ ਆਨੰਦਪੁਰ ਵਿਚ ਪ੍ਰਵੇਸ਼ ਹੋ ਗਏ।

ਸੱਤਵਾਂ ਅਧਿਆਇ: ਆਨੰਦਪੁਰ ਦੀ ਆਬਾਦੀ: ਰਾਜਾ ਭੀਮ ਚੰਦ ਦੀ ਖਿਮਾ-ਪ੍ਰਾਰਥਨਾ (ਪੰਨਾ 81-90, ਛੰਦ 107)

ਵੱਖ-ਵੱਖ ਇਲਾਕਿਆਂ ਤੇ ਪਿੰਡਾਂ ਤੋਂ ਸੰਗਤ ਤੇ ਸੂਰਬੀਰ ਦਰਸ਼ਨਾਂ ਲਈ ਆਨੰਦਪੁਰ ਸਾਹਿਬ ਪਹੁੰਚਦੇ ਤੇ ਗੁਰੂ ਜੀ ਦੀ ਸ਼ਰਣ ਵਿਚ ਆ ਕੇ ਬਚਨ ਬਿਲਾਸ ਸੁਣਦੇ। ਭੀਮ ਚੰਦ ਨੇ ਵੀ ਆਨੰਦਪੁਰ ਆ ਕੇ ਗੁਰੂ ਜੀ ਦੀ ਉਸਤਤ ਕੀਤੀ ਤੇ ਮਾਫ਼ੀ ਮੰਗ ਕੇ ਸਹਾਇਤਾ ਲਈ ਅਰਜ ਕੀਤੀ। ਜੰਮੂ ਦੇ ਫੌਜਦਾਰ ਮੀਆਂ ਖਾਨ ਨੇ ਅਲਫ ਖਾਂ ਨੂੰ ਕਰ ਉਗਰਾਹੁਣ ਲਈ ਭੇਜਿਆ। ਕੁਝ ਪਹਾੜੀਏ ਵੀ ਉਸ ਦੇ ਨਾਲ ਸਨ। ਭੀਮ ਚੰਦ ਵੱਲੋਂ ਸਹਾਇਤਾ ਲਈ ਕੀਤੀ ਬੇਨਤੀ ਨੂੰ ਪ੍ਰਵਾਨ ਕਰਕੇ ਗੁਰੂ ਜੀ ਨੇ ਨਦੌਣ ਦੇ ਜੰਗ ਵਿਚ ਅਲਫ ਖਾਂ ਨੂੰ ਹਰਾ ਕੇ ਭਜਾ ਦਿੱਤਾ। ਗੁਰੂ ਜੀ ਨਦੌਣ ਤੋਂ ਵਾਪਸ ਮੁੜ ਆਏ ਪਰ ਭੀਮ ਚੰਦ ਵੈਰੀ ਨਾਲ ਸੁਲ੍ਹਾ ਕਰਨ ਚਲਾ ਗਿਆ। ਗੁਰੂ ਜੀ ਨੇ ਦੇਵੀ ਪ੍ਰਗਟਾਉਣ ਦਾ ਫੈਸਲਾ ਕੀਤਾ। ਵੱਖ-ਵੱਖ ਤੀਰਥਾਂ ਦੇ ਪੰਡਤਾਂ ਨੂੰ ਬੁਲਾਇਆ ਤਾਂ ਸਭ ਨੇ ਉਜੈਨ ਦੇ ਦੱਤਾ ਨੰਦ ਨੂੰ ਪੂਜਾ ਲਈ ਬੁਲਾਉਣ ਦਾ ਸੁਝਾਅ ਦਿੱਤਾ। ਦੱਤਾ ਨੰਦ ਨੇ ਵੱਖ-ਵੱਖ ਤਰ੍ਹਾਂ ਦੀ ਸਮੱਗਰੀ ਮੰਗਵਾਈ ਤੇ ਗੁਰੂ ਜੀ ਦੇ ਹੁਕਮ ਨਾਲ ਸਤਲੁਜ ਕੰਢੇ ਦੇਵੀ ਪੂਜਾ ਸ਼ੁਰੂ ਕੀਤੀ।

ਅੱਠਵਾਂ ਅਧਿਆਇ: ਦੇਵੀ ਦਾ ਪ੍ਰਗਟ ਹੋਣਾ (ਪੰਨਾ 91-107, ਛੰਦ 168)

ਦੇਵੀ ਪੂਜਾ ਦੇ ਤਿੰਨ ਸਾਲ ਬੀਤ ਜਾਣ 'ਤੇ ਵੀ ਦੇਵੀ ਪ੍ਰਗਟ ਨਾ ਹੋਈ ਤਾਂ ਦੱਤਾ ਨੰਦ ਨੇ ਗੁਰੂ ਜੀ ਵੱਲੋਂ ਸ਼ਿਕਾਰ ਖੇਡੇ ਜਾਣ ਸਮੇਂ ਹੋਈ ਜੀਵ ਹਿੰਸਾ ਨੂੰ ਇਸ ਦਾ ਕਾਰਨ ਦੱਸਿਆ। ਇਹ ਸੁਣਕੇ ਗੁਰੂ ਜੀ ਨੇ ਮਾਰੇ ਹੋਏ ਜਾਨਵਰ ਮੁੜ ਜਿੰਦਾ ਕਰ ਦਿੱਤੇ। ਜਦੋਂ ਸਮਾਂ ਬੀਤਣ 'ਤੇ ਫਿਰ ਵੀ ਦੇਵੀ ਨਾ ਪ੍ਰਗਟ ਹੋਈ ਤਾਂ ਬ੍ਰਾਹਮਣ ਨੇ ਕਿਹਾ ਕਿ ਪੂਜਾ ਲਈ ਇਕਾਂਤ ਥਾਂ ਦੀ ਜ਼ਰੂਰਤ ਹੈ। ਇਕਾਂਤ ਵਾਸਤੇ ਦੇਵੀ ਪੂਜਾ ਨੈਣਾ ਦੇ ਟਿੱਲੇ ਉੱਤੇ ਸ਼ੁਰੂ ਕੀਤੀ ਗਈ। ਗੁਰੂ ਜੀ ਨੇ ਆਪ ਪੂਜਾ ਕਰਨੀ ਸ਼ੁਰੂ ਕੀਤੀ। ਦੱਤਾ ਨੰਦ ਤੋਂ ਦੇਵੀ ਨਾ ਪ੍ਰਗਟ ਹੋਈ ਤਾਂ ਉਸਨੇ ਬਲੀ ਦਾ ਬਹਾਨਾ ਲਾਇਆ। ਜਦੋਂ ਗੁਰੂ ਜੀ ਨੇ ਉਸਨੂੰ ਆਪਣੀ ਬਲੀ ਦੇਣ ਲਈ ਕਿਹਾ ਤਾਂ ਉਹ ਪਹਾੜੀ ਤੋਂ

ਥੱਲੇ ਭੱਜ ਗਿਆ। ਚੌਥੇ ਸਾਲ ਦੇਵੀ ਪ੍ਰਗਟ ਹੋਈ। ਦੇਵੀ ਨੇ ਗੁਰੂ ਜੀ ਨੂੰ ਇਕ ਖੰਡਾ ਦੇ ਕੇ ਤੁਰਕਾਂ ਦਾ ਨਾਸ ਕਰਨ ਅਤੇ ਖ਼ਾਲਸਾ ਸਾਜਣ ਦਾ ਵਰ ਦਿੱਤਾ।

ਗੁਰੂ ਜੀ ਨੇ ਖ਼ਾਲਸਾ ਸਾਜਣ ਤੋਂ ਪਹਿਲਾਂ ਪੰਥ ਵਿਚ ਸੁਧਾਰ ਲਈ ਭੇਸ ਬਦਲ ਕੇ ਲੰਗਰਾਂ ਦੀ ਪਰਖ ਕੀਤੀ ਤਾਂ ਸਿਰਫ਼ ਰਾਮ ਕੁਯਰ ਦੀ ਸੇਵਾ ਸੱਚੀ ਸਾਬਤ ਹੋਈ। ਮਰਾਸੀਆਂ ਨੇ ਮਸੰਦਾਂ ਦੇ ਜੀਵਨ ਵਿਚ ਆਈਆਂ ਗਿਰਾਵਟਾਂ ਦਾ ਸਾਂਗ ਪੇਸ਼ ਕੀਤਾ ਤਾਂ ਸੋਧ ਲਈ ਮਸੰਦਾਂ ਨੂੰ ਬਹੁਤ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਮਸੰਦ ਬਖਤ ਮੱਲ ਨੂੰ ਮਾਤਾ ਜੀ ਦੇ ਕਹਿਣ 'ਤੇ ਬਖ਼ਸ਼ ਦਿੱਤਾ।

ਨੌਵਾਂ ਅਧਿਆਇ: ਖ਼ਾਲਸਾ ਪੰਥ ਦੀ ਰਚਨਾ (ਪੰਨਾ 108-120, ਛੰਦ 142)

ਵਿਸਾਖੀ ਦੇ ਦਿਨ ਗੁਰੂ ਜੀ ਨੇ ਕੇਸਗੜ੍ਹ ਦੇ ਸਥਾਨ 'ਤੇ ਕੌਤਕ ਰਚਾਇਆ ਤੇ ਸੰਗਤ ਵਿੱਚੋਂ ਸਿੱਖਾਂ ਨੂੰ ਗੁਰੂ ਅੱਗੇ ਸੀਸ ਭੇਟ ਕਰਨ ਲਈ ਬੁਲਾਵਾ ਦਿੱਤਾ। ਵੱਖ-ਵੱਖ ਥਾਵਾਂ ਤੋਂ ਆਏ ਪੰਜ ਸਿੱਖਾਂ ਨੇ ਸੀਸ ਭੇਟ ਕੀਤੇ ਤਾਂ ਉਹਨਾਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਖ਼ਾਲਸਾ ਸਜਾਇਆ ਅਤੇ ਫਿਰ ਉਹਨਾਂ ਪਾਸੋਂ ਆਪ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਨਵਾਂ ਪੰਥ ਸਾਜ ਕੇ ਖ਼ਾਲਸੇ ਦੀ ਰਹਿਤ ਦ੍ਰਿੜ ਕਰਾਈ। ਬ੍ਰਾਹਮਣ ਅਤੇ ਪਹਾੜੀ ਰਾਜੇ ਆਪਣੇ ਹੰਕਾਰ ਕਰਕੇ ਖ਼ਾਲਸਾ ਪੰਥ ਵਿਚ ਸ਼ਾਮਲ ਨਾ ਹੋਏ। ਗੁਰੂ ਜੀ ਨੇ ਸੰਗਤ ਨੂੰ ਖ਼ਾਲਸਾ ਸਜਣ ਲਈ ਹੁਕਮਨਾਮੇ ਭੇਜੇ। ਗੁਰੂ ਸਾਹਿਬ ਨੇ ਸਾਰੇ ਤਰ੍ਹਾਂ ਦੀ ਵਿੱਦਿਆ, ਵਡਿਆਈ ਤੇ ਮਾਣ ਖ਼ਾਲਸੇ ਨੂੰ ਬਖ਼ਸ਼ ਕੇ ਚਿੜੀਆਂ ਤੋਂ ਬਾਜ ਤੜਾਉਣ ਦਾ ਵਰ ਦਿੱਤਾ।

ਦਸਵਾਂ ਅਧਿਆਇ: ਸਿੱਖ ਸੰਗਤਾਂ ਨੂੰ ਸੱਦਾ ਅਤੇ ਪਹਾੜੀ ਰਾਜਿਆਂ ਦੀ ਬੇਮੁਖਤਾ (ਪੰਨਾ 121-140, ਛੰਦ 203)

ਗੁਰੂ ਜੀ ਨੇ ਵੱਖ-ਵੱਖ ਇਲਾਕਿਆਂ ਤੇ ਦੂਰ-ਦੁਰਾਡੇ ਦੀਆਂ ਸੰਗਤਾਂ ਦੇ ਨਾਂ ਪਤ੍ਰਿਕਾ ਭੇਜੀਆਂ ਤੇ ਦਿਵਾਲੀ ਨੂੰ ਆਨੰਦਪੁਰ ਦੇ ਦਰਸ਼ਨਾਂ ਲਈ ਸੰਗਤਾਂ ਦਾ ਵੱਡਾ ਇਕੱਠ ਸੱਦਿਆ। ਪਸ਼ੂਆਂ ਲਈ ਘਾਹ-ਪੱਠੇ ਅਤੇ ਲੱਕੜਾਂ ਆਦਿ ਸਮਾਨ ਗੁਰੂ ਦੇ ਹੁਕਮਾਂ 'ਤੇ ਇਲਾਕੇ ਦੇ ਪਿੰਡਾਂ ਵਿੱਚੋਂ ਇਕੱਠਾ ਕੀਤਾ ਗਿਆ। ਇਹ ਦੇਖ ਕੇ ਭੀਮ ਚੰਦ ਔਰੰਗਜ਼ੇਬ ਪਾਸ ਜਾ ਕੇ ਫਰਿਆਦੀ ਹੋਇਆ।

ਇਹ ਸੁਣ ਕੇ ਔਰੰਗਜ਼ੇਬ ਦੇ ਹੁਕਮ 'ਤੇ ਅਸਤਰ ਖਾਨ ਨੇ ਦਸ ਲੱਖ ਫੌਜ ਲੈ ਕੇ ਆਨੰਦਪੁਰ 'ਤੇ ਚੜ੍ਹਾਈ ਕਰ ਦਿੱਤੀ। ਸਰਹੰਦ ਦੀ ਸੰਗਤ ਨੇ ਵਿਚਾਰ ਕਰਕੇ ਹਮਲੇ ਬਾਬਤ ਗੁਰੂ ਜੀ ਵੱਲ ਗੁਪਤ ਸੁਨੇਹਾ

ਭੇਜਿਆ। ਤੁਰਕ, ਪਹਾੜੀ, ਸੂਬਾ ਲਾਹੌਰ ਅਤੇ ਸੂਬਾ ਸਰਹੰਦ ਦੀ ਫੌਜ ਨੇ ਆਨੰਦਪੁਰ 'ਤੇ ਹਮਲਾ ਕੀਤਾ ਤਾਂ ਗੁਰੂ ਜੀ ਨੇ ਵੈਰੀ ਦੇ ਸਭ ਹਮਲੇ ਬੇਅਸਰ ਕਰ ਦਿੱਤੇ। ਸੂਬਾ ਲਾਹੌਰ ਨੇ ਭੀਮ ਚੰਦ ਦੇ ਵਜ਼ੀਰ ਨੂੰ ਗੁਰੂ ਨਾਲ ਜੰਗ ਦਾ ਕਾਰਨ ਪੁਛਿਆ ਤਾਂ ਉਸ ਨੇ ਨੌਵੇਂ ਗੁਰੂ ਜੀ ਦੀ ਆਸਾਮ ਯਾਤਰਾ ਅਤੇ ਰਾਜੇ ਦੇ ਘਰ ਗੁਰੂ ਬਚਨਾਂ ਨਾਲ ਪੁੱਤਰ ਪੈਦਾ ਹੋਣ ਤੋਂ ਲੈ ਕੇ ਪਰਸਾਦੀ ਹਾਥੀ ਭੇਟਾ ਕਰਨ ਤੱਕ ਸਾਰਾ ਪ੍ਰਸੰਗ ਸੁਣਾਇਆ। ਗੁਰੂ ਜੀ ਨੇ ਤੁਰਕਾਂ ਵੱਲ ਚਲਾਏ ਇਕ ਤੀਰ ਨਾਲ ਪਤ੍ਰਿਕਾ ਭੇਜ ਕੇ ਕਰਾਮਾਤ ਬਾਰੇ ਦੱਸਿਆ।

ਸਿੰਘਾਂ ਨੇ ਤਾਰਾਗੜ੍ਹ, ਬਿਜੈਗੜ੍ਹ, ਅਗਮਗੜ੍ਹ, ਲੋਹਗੜ੍ਹ, ਹੋਲਗੜ੍ਹ ਅਤੇ ਕੇਸਗੜ੍ਹ ਕਿਲਿਆਂ ਅੰਦਰ ਮੋਰਚੇਬੰਦੀ ਕੀਤੀ। ਮਾਤਾ ਗੁਜਰੀ ਜੀ, ਗੁਰੂ ਕੇ ਮਹਿਲ ਜੀਤ ਕੌਰ ਅਤੇ ਸੁੰਦਰੀ ਜੀ ਤਿੰਨ ਸਾਹਿਬਜਾਦਿਆਂ ਸਮੇਤ ਆਗੰਮਪੁਰੇ ਵਿਚ ਰਹੇ। ਸਿੰਘਾਂ ਨੇ ਵਿਉਂਤ ਨਾਲ ਰਾਤ ਸਮੇਂ ਦੁਸ਼ਮਣ ਫੌਜ ਤੇ ਹਮਲਾ ਕਰਕੇ ਭਾਰੀ ਨੁਕਸਾਨ ਕੀਤਾ ਅਤੇ ਦੁਸ਼ਮਣ ਹਾਰ ਕੇ ਨੱਸ ਗਿਆ।

ਗਿਆਰਵਾਂ ਅਧਿਆਇ: ਪਹਾੜੀਆਂ ਦਾ ਮਸਤ ਹਾਥੀ ਉੱਤੇ ਲੋਹਗੜ੍ਹ ਦਾ ਜੰਗ (ਪੰਨਾ 141-150, ਛੰਦ 97)

ਤੁਰਕ ਫੌਜ ਦੀ ਹੋਈ ਭਾਰੀ ਹਾਰ ਤੋਂ ਬਾਅਦ ਜਬਰਦਸਤ ਖਾਂ ਅਤੇ ਪਹਾੜੀ ਰਾਜਿਆਂ ਨੇ ਹੱਲਾ ਕਰਕੇ ਮਾਰਧਾੜ, ਲੁੱਟ ਮਚਾਉਣ ਤੇ ਲੋਹਗੜ੍ਹ ਦੇ ਕਿਲ੍ਹੇ ਦਾ ਦਰਵਾਜਾ ਮਸਤ ਹਾਥੀ ਤੋਂ ਤੁੜਵਾਉਣ ਦੀ ਵਿਉਂਤ ਬਣਾਈ। ਗੁਰੂ ਜੀ ਨੇ ਦੁਨੀ ਚੰਦ ਮਸੰਦ ਨੂੰ ਹਾਥੀ ਦਾ ਮੁਕਾਬਲਾ ਕਰਨ ਲਈ ਭੇਜਣ ਦਾ ਐਲਾਨ ਕੀਤਾ ਤਾਂ ਉਹ ਡਰਦਾ ਆਪਣੇ ਪੰਜ ਸੌ ਸਾਥੀਆਂ ਸਮੇਤ ਰਾਤ ਨੂੰ ਭੱਜ ਗਿਆ। ਗੁਰੂ ਜੀ ਦੇ ਹੁਕਮ ਤੇ ਬਚਿੱਤਰ ਸਿੰਘ ਮਸਤ ਹਾਥੀ ਦੇ ਮੁਕਾਬਲੇ ਲਈ ਤਿਆਰ ਹੋਇਆ। ਉਸ ਵੱਲੋਂ ਮੱਥੇ ਵਿਚ ਮਾਰੇ ਨੇਜੇ ਨਾਲ ਹਾਥੀ ਵਾਪਸ ਭੱਜ ਗਿਆ ਤੇ ਉਸਨੇ ਤੁਰਕ ਸੈਨਾ ਦਾ ਹੀ ਬਹੁਤ ਨੁਕਸਾਨ ਕਰ ਦਿੱਤਾ।

ਇਸ ਭਿਆਨਕ ਜੰਗ ਵਿਚ ਰਾਜਾ ਕੇਸਰੀ ਜਸਵਾਰ ਉਦੈ ਸਿੰਘ ਦੇ ਹੱਥੋਂ ਮਾਰਿਆ ਗਿਆ ਅਤੇ ਦੁਸ਼ਮਣ ਫੌਜ ਭੱਜ ਗਈ। ਗੁਰੂ ਜੀ ਨੇ ਸਿੰਘਾਂ ਨੂੰ ਭੱਜੇ ਜਾਂਦੇ ਦੁਸ਼ਮਣ ਦਾ ਪਿੱਛਾ ਕਰਨੋ ਰੋਕ ਕੇ ਜੰਗ ਵਿਚ ਵੀ ਵਡੱਪਣ ਦਿਖਾਉਣ ਲਈ ਕਿਹਾ। ਦੁਸ਼ਮਣ ਦਾ ਨਾਸ ਤੇ ਗੁਰੂ ਜੀ ਦੀ ਜਿੱਤ ਹੋਈ।

ਬਾਰ੍ਹਵਾਂ ਅਧਿਆਇ: ਹੁਸੈਨੀ ਬਧ (ਪੰਨਾ 151-154, ਛੰਦ 45)

ਜਬਰਦਸਤ ਖਾਂ ਅਤੇ ਪਹਾੜੀ ਰਾਜਿਆਂ ਨੇ ਹਾਰ ਦੀ ਸਾਰੀ ਵਿਥਿਆ ਔਰੰਗਜ਼ੇਬ ਨੂੰ ਸੁਣਾਈ ਤਾਂ ਰਾਜੇ ਨੇ ਸਾਰੇ ਵਜ਼ੀਰਾਂ ਨੂੰ ਬੁਲਾ ਕੇ ਉਪਾਅ ਪੁੱਛਿਆ। ਔਰੰਗਜ਼ੇਬ ਨੇ ਆਪਣੇ ਡਰ ਕਾਰਨ ਵਜ਼ੀਰਾਂ ਦੀ ਸਲਾਹ

’ਤੇ ਚੌਮਾਸੇ ਪਿੱਛੋਂ ਦੁਬਾਰਾ ਹਮਲਾ ਕਰਨ ਦਾ ਹੁਕਮ ਦਿੱਤਾ। ਦਿਲਾਵਰ ਖਾਨ ਨੇ ਆਪਣੇ ਪੁੱਤਰ ਨੂੰ ਭਾਰੀ ਫੌਜ ਦੇ ਕੇ ਆਨੰਦਪੁਰ ਵੱਲ ਭੇਜਿਆ। ਉਹ ਸਿੰਘਾਂ ਦੇ ਸ਼ਸਤਰਾਂ ਤੇ ਬੰਦੂਕਾਂ ਦਾ ਸ਼ੋਰ ਸੁਣ ਕੇ ਬਿਨਾਂ ਲੜੇ ਹੀ ਭੱਜ ਗਿਆ ਅਤੇ ਜਾਂਦਾ ਹੋਇਆ ਰਸਤੇ ਵਿਚ ਬਰਵਾ ਨਾਂ ਦਾ ਪਿੰਡ ਉਜਾੜ ਗਿਆ। ਦਿਲਾਵਰ ਖਾਨ ਨੇ ਆਪਣੇ ਗੁਲਾਮ ਹੁਸੈਨੀ ਨੂੰ ਫੌਜ ਦੇ ਕੇ ਭੇਜਿਆ ਤਾਂ ਉਹ ਰਸਤੇ ਵਿਚ ਪਿੰਡਾਂ ਨੂੰ ਲੁਟਦਾ ਆਇਆ। ਉਹ ਚੜ੍ਹਾਈ ਗੁਰੂ ਜੀ ’ਤੇ ਕਰਕੇ ਆਇਆ ਪਰ ਪਹਾੜੀ ਰਾਜਿਆਂ ਨਾਲ ਉਲਝ ਕੇ ਰਸਤੇ ਵਿਚ ਹੀ ਮਾਰਿਆ ਗਿਆ।

ਤੇਰ੍ਹਵਾਂ ਅਧਿਆਇ: ਸ਼ਾਹਜਾਦਾ ਮੁਅੱਜ਼ਮ ਦੀ ਆਮਦ (ਪੰਨਾ 155-158, ਛੰਦ 41)

ਆਨੰਦਪੁਰ ਸਾਹਿਬ ਦੇ ਸੁੰਦਰ ਵਾਤਾਵਰਨ ਤੇ ਦੈਵੀ ਆਭਾ ਦੀ ਹਰੀ ਨਗਰੀ (ਬੈਕੁੰਠ) ਨਾਲ ਤੁਲਨਾ ਹੈ। ਗੁਰੂ ਜੀ ਨੇ ਸਿਕਲੀਗਰਾਂ ਤੋਂ ਸ਼ਸਤਰਾਂ ਦੀ ਸੋਧ-ਸੁਧਾਈ ਦੀ ਸੇਵਾ ਕਰਵਾ ਕੇ ਸ਼ਸਤਰਾਂ ਦੀ ਪੂਜਾ ਕੀਤੀ ਤੇ ਅਨੇਕਾਂ ਬਖ਼ਸ਼ਿਸ਼ਾਂ ਦਿੱਤੀਆਂ। ਗੁਰੂ ਜੀ ਨੇ ਸ਼ਸਤਰਾਂ, ਧੌਂਸਿਆਂ ਤੇ ਨਗਾਰਿਆਂ ਦੀ ਗੂੰਜ ਨਾਲ ਮਹੱਲਾ ਕੱਢਿਆ।

ਭਾਰੀ ਸੈਨਾ ਲੈ ਕੇ ਸ਼ਾਹਜਾਦਾ ਮੁਅੱਜ਼ਮ ਨੇ ਗੁਰੂ ਜੀ ’ਤੇ ਹਮਲਾ ਕਰ ਦਿੱਤਾ ਤਾਂ ਖ਼ਬਰ ਸੁਣਕੇ ਬਹੁਤੇ ਲੋਕ ਆਨੰਦਪੁਰ ਛੱਡ ਕੇ ਭੱਜਣ ਲੱਗੇ। ਸ਼ਾਹਜਾਦਾ ਸਰਹੰਦ ਪਹੁੰਚਿਆ ਤਾਂ ਸਿਆਣੇ ਮਨੁੱਖਾਂ ਨੇ ਸਮਝਾਇਆ ਗੁਰੂ ਨਾਲ ਲੜਨ ਦੀ ਬਜਾਇ ਉਸ ਨੂੰ ਆਪਣਾ ਧਿਆਨ ਇਕ ਤਰਫ ਹੀ ਦੱਖਣ ਦੇਸ਼ ਨੂੰ ਅਧੀਨ ਕਰਨ ’ਤੇ ਲਾਉਣਾ ਚਾਹੀਦਾ ਹੈ। ਇਹ ਸਮਝਾਉਣ ’ਤੇ ਉਹ ਸਿੱਧਾ ਲਾਹੌਰ ਚਲਾ ਗਿਆ। ਬਾਦਸ਼ਾਹ ਬਹੁਤ ਗੁੱਸੇ ਹੋਇਆ ਤੇ ਉਸ ਨੇ ਬੇਗਮ ਖਾਂ ਆਦਿ ਚਾਰ ਹੋਰ ਅਹਿਦੀਏ ਭੇਜੇ। ਇਹਨਾਂ ਅਹਿਦੀਆਂ ਨੇ ਆਨੰਦਪੁਰ ਛੱਡ ਕੇ ਭੱਜਣ ਵਾਲਿਆਂ ਨੂੰ ਫੜ੍ਹਕੇ ਬਹੁਤ ਸਖ਼ਤ ਸਜਾਵਾਂ ਦਿੱਤੀਆਂ। ਇਸ ਤਰ੍ਹਾਂ ਗੁਰੂ ਤੋਂ ਬੇਮੁਖਾਂ ਦੀ ਬਹੁਤ ਦੁਰਗਤੀ ਹੋਈ।

ਚੌਦ੍ਹਵਾਂ ਅਧਿਆਇ: ਸ਼ਾਹੀ ਫ਼ੌਜਾਂ ਦੀ ਚੜ੍ਹਾਈ ਤੇ ਜੰਗ (ਪੰਨਾ 159-165, ਛੰਦ 73)

ਗੁਰੂ ਦਾ ਜਸ ਤੇ ਕੀਰਤੀ ਤਿੰਨਾਂ ਲੋਕਾਂ ਵਿਚ ਫੈਲ ਗਈ। ਖ਼ਾਲਸੇ ਦੀ ਸ਼ਾਨ ਤੇ ਜਿੱਤਾਂ ਦਾ ਦਬਦਬਾ ਵੇਖ ਕੇ ਪਹਾੜੀ ਰਾਜੇ ਦੁਬਾਰਾ ਔਰੰਗਜ਼ੇਬ ਕੋਲ ਫਰਿਆਦੀ ਹੋਏ ਤਾਂ ਉਸਨੇ ਪਹਾੜੀ ਰਾਜਿਆਂ ਨੂੰ ਜੰਗ ਲਈ ਆਪੋ-ਆਪਣੀ ਸੈਨਾ ਇਕੱਠੀ ਕਰਨ ਲਈ ਕਿਹਾ ਤੇ ਉਹਨਾਂ ਦੀ ਮਦਦ ਕਰਨ ਲਈ ਤਤਪਰ ਹੋ ਗਿਆ। ਗੁਰੂ

ਜੀ ਨੇ ਤਨਖ਼ਾਹਦਾਰ ਸੂਰਮਿਆਂ ਦੀ ਭਰਤੀ ਕੀਤੀ। ਬਾਈ ਧਾਰ ਦੇ ਰਾਜੇ ਅਤੇ ਮੁਗ਼ਲ ਫੌਜ ਨੇ ਆਨੰਦਪੁਰ ਨੂੰ ਘੇਰਾ ਪਾ ਕੇ ਰਸਦ ਪਾਣੀ ਰੋਕ ਦਿੱਤਾ।

ਜਦੋਂ ਸਿੰਘਾਂ ਨੇ ਗੁਰੂ ਜੀ ਨੂੰ ਪਾਣੀ ਲਿਆਉਣ ਲਈ ਸਤਲੁਜ ਦਰਿਆ ਦੂਰ ਹੋਣ ਦੀ ਔਖਿਆਈ ਦੱਸੀ ਤਾਂ ਗੁਰੂ ਜੀ ਨੇ ਸਿੰਘਾਂ ਨੂੰ ਪੰਜ ਤੀਰ ਦੇ ਕੇ ਲਕੀਰ ਮਾਰ ਕੇ ਸਤਲੁਜ ਦਰਿਆ ਨੂੰ ਲੈ ਆਉਣ ਲਈ ਕਿਹਾ। ਪਰ ਸਿੰਘਾਂ ਦੇ ਮਨ ਵਿਚ ਗੁਰੂ ਦੇ ਇਸ ਬਚਨ ਪ੍ਰਤੀ ਸ਼ੰਕਾ ਆ ਗਿਆ। ਰਸਦ ਨਾ ਮਿਲਣ ’ਤੇ ਸਿੰਘਾਂ ਨੇ ਇਕ ਨੇੜਲਾ ਪਿੰਡ ਲੁੱਟ ਕੇ ਗੁਜਾਰਾ ਕੀਤਾ। ਇਕ ਸਿੱਖ ਵੱਲੋਂ ਭੇਟ ਕੀਤਾ ਪਾਰਸ ਗੁਰੂ ਜੀ ਨੇ ਦਰਿਆ ਵਿਚ ਸੁੱਟ ਕੇ ਕੌਤਕ ਵਰਤਾਇਆ ਤੇ ਉਸ ਦਾ ਭਰਮ ਦੂਰ ਕੀਤਾ। ਇਸ ਸਿੱਖ ਨੇ ਉਪਰੋਕਤ ਕੌਤਕ ਦੀ ਕਥਾ ਪੜ੍ਹਨ ਤੇ ਸੁਣਨ ਨਾਲ ਗੁਰੂ ਦੇ ਚਰਨ ਕਮਲ ਵਿਚ ਸਮਾ ਜਾਣ ਦਾ ਵਰ ਪ੍ਰਾਪਤ ਕੀਤਾ।

ਪੰਦ੍ਹਰਵਾਂ ਅਧਿਆਇ: ਉਹੀ (ਪੰਨਾ 166-172, ਛੰਦ 86)

ਗੁਰੂ ਜੀ ਨੇ ਭਗਤ ਸਿੰਘ ਵੱਲੋਂ ਕੀਤੀ ਗਲਤੀ ਦੀ ਭੁੱਲ ਬਖ਼ਸ਼ ਦਿੱਤੀ। ਬਿਰਧ ਨੂੰ ਬਿਠਾ ਕੇ ਝੂਠਾ ਬਿਬਾਣ ਸਜਾ ਕੇ ਭੱਜ ਰਹੀ ਪਿਸ਼ੌਰੀ ਸੰਗਤ ਦਾ ਨਿਸ਼ਚਾ ਗੁਰੂ ਜੀ ਨੇ ਅੰਤਰਯਾਮਤਾ ਨਾਲ ਬਚਾ ਲਿਆ। ਸਿੰਘਾਂ ਤੇ ਮਾਤਾ ਜੀ ਨੇ ਦੁਸ਼ਮਣ ਦੇ ਘੇਰੇ ਨਾਲ ਰਸਦ ਮੁੱਕਣ ਤੇ ਸਿੱਖਾਂ ਦੇ ਭੁੱਖ ਨਾਲ ਹੋਏ ਹਾਲਾਤ ਦਾ ਜ਼ਿਕਰ ਕਰਕੇ ਆਨੰਦਪੁਰ ਛੱਡਣ ਲਈ ਬੇਨਤੀ ਕੀਤੀ।

ਦੁਸ਼ਮਣ ਦੇ ਦੂਤਾਂ ਨੇ ਗੁਰੂ ਜੀ ਕੋਲ ਆ ਕੇ ਸਹੁੰਆਂ ਖਾਧੀਆਂ ਤੇ ਕਿਹਾ ਕਿ ਆਨੰਦਪੁਰ ਖਾਲੀ ਕਰੋ ਤੇ ਜਿੱਥੇ ਜੀਅ ਕਰੇ ਆਰਾਮ ਨਾਲ ਚਲੇ ਜਾਵੋ। ਗੁਰੂ ਜੀ ਨੇ ਦੁਸ਼ਮਣ ਦੇ ਦੂਤ ਨੂੰ ਅਨੇਕਾਂ ਪ੍ਰਕਾਰ ਦੇ ਭੋਜਨ ਕਰਵਾ ਕੇ ਅੰਨ-ਧਨ ਦੇ ਭਰੇ ਖਜਾਨਿਆਂ ਦਾ ਸੁਨੇਹਾ ਦਿੱਤਾ। ਗੁਰੂ ਜੀ ਨੇ ਗੱਡਿਆਂ ਵਿਚ ਖਜਾਨਾ ਹੋਣ ਦਾ ਭਰਮ ਪਾ ਕੇ ਕੂਚ ਦਾ ਨਾਟਕ ਕੀਤਾ ਤਾਂ ਦੁਸ਼ਮਣ ਦੇ ਮਨ ਦੀ ਖੋਟ ਜਾਹਿਰ ਹੋ ਗਈ। ਔਰੰਗਜ਼ੇਬ ਦੀ ਕਸਮਾਂ ਵਾਲੀ ਚਿੱਠੀ ਆਈ। ਸਿੱਖ ਸੰਗਤਾਂ ਦੇ ਬਹੁਤਾ ਕਹਿਣ ’ਤੇ ਗੁਰੂ ਜੀ ਨੇ ਕੂਚ ਦਾ ਹੁਕਮ ਦਿੱਤਾ। ਮਾਣਿਕ ਮੋਤੀਆਂ ਦਾ ਬੇਸ਼ਕੀਮਤੀ ਖਜਾਨਾ ਸਿੰਘਾਂ ਵਿਚ ਵੰਡਣ ਤੋਂ ਬਾਅਦ ਅਗਨ, ਅਕਾਸ਼ ਅਤੇ ਸਤਲੁਜ ਦੀ ਭੇਟ ਕਰ ਦਿੱਤਾ। ਇਕ ਸਿੱਖ ਨੇ ਕੀਮਤੀ ਕੰਗਣ ਭੇਟ ਕੀਤਾ ਜਿਸ ਨੂੰ ਗੁਰੂ ਜੀ ਨੇ ਦਰਿਆ ਵਿਚ ਸੁੱਟ ਦਿੱਤਾ। ਇਸ ਤਰ੍ਹਾਂ ਗੁਰੂ ਜੀ ਨੇ ਕਈ ਕੌਤਕ ਕੀਤੇ।

ਸੋਲ੍ਹਵਾਂ ਅਧਿਆਇ: ਜ਼ਫ਼ਰਨਾਮੇ ਦਾ ਪ੍ਰਸੰਗ (ਪੰਨਾ 173-201, ਛੰਦ 332)

ਸਿੱਖਾਂ ਦਾ ਅਭਿਮਾਨ ਤੋੜਨ ਲਈ ਇਕ ਰਾਜੇ ਦੀ ਸਾਖੀ ਦਿੱਤੀ ਹੈ ਜਿਸ ਨੇ ਪਤਨੀ ਵੱਲੋਂ ਪਾਏ ਗੁਰੂ ਦੇ ਵਾਸਤੇ ਦੀ ਕਦੀ ਉਲੰਘਣਾ ਨਹੀਂ ਕੀਤੀ। ਦੂਜੀ ਸਾਖੀ ਵਿਚ ਸਿੱਖ ਗੁਰੂ ਵੱਲੋਂ ਕੁਝ ਵੀ ਮੰਗਣ ਲਈ ਕਹਿਣ ’ਤੇ ਆਪਣੀ ਜੜ੍ਹ ਨਾਸ ਕਰਨ ਦਾ ਵਰ ਮੰਗਦਾ ਹੈ। ਤੀਜੀ ਸਾਖੀ ਭਾਈ ਫੇਰੂ ਜੀ ਨਾਲ ਸੰਬੰਧਿਤ ਹੈ ਜਿਸ ਨੇ ਛੇਵੇਂ ਗੁਰੂ ਜੀ ਦੀ ਦਿੱਤੀ ਟੋਪੀ ਅਤੇ ਗੁਰਦਿੱਤਾ ਜੀ ਦੇ ਧੂੰਣੇ ਦੀ ਸੇਵਾ ਹੀ ਮੰਗੀ। ਗੁਰੂ ਜੀ ਨੇ ਮਾਝੇ ਵਿਚ ਜਾ ਕੇ ਲੰਗਰ ਦੀ ਸੇਵਾ ਲਾਉਣ ਦਾ ਹੁਕਮ ਦਿੱਤਾ।

ਅੱਗੇ ਕਥਾ ਲੜੀ ਫਿਰ ਆਨੰਦਪੁਰ ਤੋਂ ਗੁਰੂ ਜੀ ਦੇ ਪਿਆਨੇ ਨਾਲ ਜਾ ਜੁੜਦੀ ਹੈ। ਗੁਰੂ ਜੀ ਨੇ ਕੂਚ ਤੋਂ ਪਹਿਲਾਂ ਗੁਰਬਖਸ਼ ਸਿੰਘ ਨੂੰ ਸੇਵਾ ਸੰਭਾਲ ਲਈ ਨਿਯੁਕਤ ਕੀਤਾ। ਸਿਆਹੀ ਟਿੱਬੀ ਪਹੁੰਚਣ ’ਤੇ ਦੁਸ਼ਮਣ ਨੇ ਹਮਲਾ ਕਰ ਦਿੱਤਾ ਜਿਸ ਨੂੰ ਰੋਕਣ ਲਈ ਉਦੈ ਸਿੰਘ ਆਪਣੇ ਜਥੇ ਸਮੇਤ ਸ਼ਹੀਦ ਹੋਇਆ। ਗੁਰੂ ਜੀ ਚਾਲੀ ਸਿੰਘਾਂ ਸਮੇਤ ਚਮਕੌਰ ਪਹੁੰਚੇ। ਦੁਸ਼ਮਣ ਦਾ ਘੇਰਾ ਪੈਣ ’ਤੇ ਸਿੰਘਾਂ ਨੇ ਗੜ੍ਹੀ ਵਿਚ ਮੋਰਚੇ ਸੰਭਾਲ ਲਏ। ਪੰਜ-ਪੰਜ ਸਿੰਘਾਂ ਦਾ ਜਥਾ ਗੜ੍ਹੀ ਵਿੱਚੋਂ ਨਿਕਲ਼ ਕੇ ਲੜਦਾ ਹੋਇਆ ਸ਼ਹੀਦੀ ਪ੍ਰਾਪਤ ਕਰਦਾ। ਅਜੀਤ ਸਿੰਘ ਦੇ ਵਿਆਹ ਅਤੇ ਹਠੀ ਸਿੰਘ ਦੇ ਜਨਮ ਦੀ ਕਥਾ ਦਾ ਜ਼ਿਕਰ ਹੈ। ਭਿਆਨਕ ਤੇ ਬੇਜੋੜ ਜੰਗ ਵਿਚ ਲੜਦੇ ਹੋਏ ਅਜੀਤ ਸਿੰਘ ਤੇ ਜੁਝਾਰ ਸਿੰਘ ਸ਼ਹੀਦ ਹੋਏ। ਗੁਰੂ ਜੀ ਨੇ ‘ਕਲਗ਼ੀ ਤੇ ਜਿਗਾ’ ਸੰਤ ਸਿੰਘ ਨੂੰ ਦਿੱਤਾ। ਦੁਸ਼ਮਣ ਨੂੰ ਵੰਗਾਰ ਕੇ ਗੜ੍ਹੀ ਵਿੱਚੋਂ ਨਿਕਲ਼ੇ ਅਤੇ ਕਾਲੀ ਬੋਲ਼ੀ ਰਾਤ ਦੇ ਹਨੇਰੇ ਵਿਚ ਜੰਗਲ ਚੀਰਦੇ ਹੋਏ ਮਾਛੀਵਾੜੇ ਪਹੁੰਚੇ। ਗੁਰੂ ਜੀ ਭਿਖਾਰੀ ਦੇ ਭੇਸ ਵਿਚ ਇਕ ਸਿੱਖ ਦੇ ਘਰ ਪ੍ਰਸ਼ਾਦੇ ਲਈ ਗਏ।

ਮਾਤਾ ਗੁਜਰੀ, ਦੋਵੇਂ ਗੁਰੂ ਕੇ ਮਹਿਲ ਅਤੇ ਛੋਟੇ ਸਾਹਿਬਜ਼ਾਦੇ ਵੀ ਚਮਕੌਰ ਹੀ ਸਨ। ਮਾਤਾ ਤੇ ਸਾਹਿਬਜ਼ਾਦਿਆਂ ਨੂੰ ਹਥਕੜੀ ਲਾ ਕੇ ਸਰਹੰਦ ਲਿਆਂਦਾ ਗਿਆ ਅਤੇ ਗੁਰੂ ਕੇ ਮਹਲ ਵਿਛੜ ਗਏ। ਸਰਹੰਦ ਸੂਬੇ ਦੀ ਕਚਹਿਰੀ ਵਿਚ ਅਨੇਕਾਂ ਦੁਖਾਂ ਤੇ ਤਸੀਹਿਆਂ ਉਪਰੰਤ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ। ਮਾਤਾ ਗੁਜਰੀ ਜੀ ਨੇ ਆਪਣੇ ਪੇਟ ਵਿਚ ਕਟਾਰ ਮਾਰ ਲਈ ਅਤੇ ਧਰਤੀ ਵਿਚ ਸਮਾ ਗਏ। ਰਸਤੇ ਵਿਚ ਗੁਰੂ ਜੀ ਦੀ ਗਨੀ ਖਾਂ ਤੇ ਨਬੀ ਖਾਂ ਨੇ ਬਹੁਤ ਸੇਵਾ ਕੀਤੀ, ਜਿਸ ਤੋਂ ਪ੍ਰਸੰਨ ਹੋ ਕੇ ਗੁਰੂ ਜੀ ਨੇ ਆਪਣਾ ਹੁਕਮਨਾਮਾ ਬਖ਼ਸ਼ਿਸ਼ ਕੀਤਾ। ਗੁਰੂ ਜੀ ਨੇ ਮਾਲਵੇ ਦੇ ਕਾਂਗੜ ਨਗਰ ਪਹੁੰਚ ਕੇ ਸੰਗਤਾਂ ਨੂੰ ਦਰਸ਼ਨ ਦੀਦਾਰੇ ਬਖਸ਼ੇ। ਇੱਥੋਂ ਹੀ ਔਰੰਗਜ਼ੇਬ ਨੂੰ ਪਤ੍ਰਿਕਾ ਲਿਖੀ ਜਿਸ ਨੂੰ ਜ਼ਫ਼ਰਨਾਮਾ ਦਾ ਨਾਂ ਦਿੱਤਾ ਗਿਆ।

ਸਤਾਰ੍ਹਵਾਂ ਅਧਿਆਇ: ਭਾਈ ਦਯਾ ਸਿੰਘ ਜੀ ਔਰੰਗਜ਼ੇਬ ਪਾਸ ਜ਼ਫ਼ਰਨਾਮਾ ਲੈ ਕੇ ਗਏ (ਪੰਨਾ 202-209, ਛੰਦ 87)

ਗੁਰੂ ਜੀ ਨੇ ਦਯਾ ਸਿੰਘ ਨੂੰ ਪੰਜ ਸਿੰਘਾਂ ਸਮੇਤ ਜ਼ਫ਼ਰਨਾਮਾ ਦੇ ਕੇ ਔਰੰਗਜ਼ੇਬ ਕੋਲ ਭੇਜਿਆ। ਦਯਾ ਸਿੰਘ ਅਹਿਦੀਏ ਦਾ ਭੇਸ ਧਾਰ ਕੇ ਦਿੱਲੀ, ਆਗਰਾ ਤੋਂ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਅਹਿਮਦਾਬਾਦ ਪਹੁੰਚਾ। ਸੰਗਤ ਨੂੰ ਗੁਰੂ ਜੀ ਦੀ ਖ਼ਬਰ ਦਿੱਤੀ। ਸੰਗਤ ਦੀ ਮੱਦਦ ਦੇ ਬਾਵਜੂਦ ਮੇਲ ਨਾ ਹੋ ਸਕਿਆ। ਦਯਾ ਸਿੰਘ ਨੇ ਗੁਰੂ ਜੀ ਪਾਸ ਬੇਨਤੀ ਲਿਖ ਭੇਜੀ। ਗੁਰੂ ਜੀ ਨੇ ਜਵਾਬ ਵਿਚ ਪੰਜ ਹੁਕਮ ਲਿਖ ਕੇ ਭੇਜੇ। ਆਖਰ ਦਯਾ ਸਿੰਘ ਨੇ ਔਰੰਗਜ਼ੇਬ ਨੂੰ ਮਿਲ ਕੇ ਜ਼ਫ਼ਰਨਾਮਾ ਦਿੱਤਾ। ਜ਼ਫ਼ਰਨਾਮਾ ਪੜ੍ਹ ਕੇ ਉਸ ਦੀ ਮੌਤ ਹੋ ਗਈ।

ਗੁਰੂ ਜੀ ਕੋਟਕਪੂਰੇ ਗਏ। ਆਪ ਜੀ ਨੇ ਚੌਧਰੀ ਕਪੂਰੇ ਤੋਂ ਕਿਲ੍ਹਾ ਮੰਗਿਆ। ਉਸ ਦੇ ਮਨ੍ਹਾ ਕਰਨ ’ਤੇ ਗੁਰੂ ਜੀ ਅੱਗੇ ਚੱਲ ਪਏ। ਗੁਰੂ ਜੀ ਨੇ ਇਕੱਠੀ ਹੋਈ ਸੰਗਤ ਨੂੰ ਦਰਸ਼ਨ ਦਿੱਤੇ। ਦੂਜੇ ਪਾਸੇ ਪਹਾੜੀਆਂ ਤੇ ਸੂਬੇ ਸਰਹੰਦ ਦੀ ਫੌਜ ਵੀ ਸੂਹ ਕਢਦੀ ਆਣ ਪਹੁੰਚੀ। ਘੇਰਾ ਪੈਣ ’ਤੇ ਸਵਾ ਪਹਿਰ ਭਾਰੀ ਯੁੱਧ ਪਿੱਛੋਂ ਦੁਸ਼ਮਣ ਫੌਜ ਪਾਣੀ ਲਈ ਵਾਪਸ ਮੁੜ ਗਈ। ਗੁਰੂ ਜੀ ਨੇ ਮੈਦਾਨ ਵਿਚ ਆ ਕੇ ਸਹਿਕ ਰਹੇ ਸਿੰਘਾਂ ਨੂੰ ਖ਼ਿਤਾਬ ਦਿੱਤੇ। ਉਹਨਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਬੇਦਾਵਾ ਪਾੜਿਆ ਤੇ ਸਾਰੇ ਸਿੰਘਾਂ ਨੂੰ ਮੁਕਤ ਕਰ ਦਿੱਤਾ। ਆਪਣੇ ਹੱਥੀਂ ਸ਼ਹੀਦ ਸਿੰਘਾਂ ਦਾ ਸੰਸਕਾਰ ਕੀਤਾ ਅਤੇ ਉਸ ਅਸਥਾਨ ਨੂੰ ਮੁਕਤਸਰ ਤੀਰਥ ਥਾਪਿਆ।

ਅਠਾਰ੍ਹਵਾਂ ਅਧਿਆਇ: ਤਲਵੰਡੀ ਸਾਬੋ, ਦਮਦਮਾ ਸਾਹਿਬ (ਪੰਨਾ 210-225, ਛੰਦ 189)

ਮੁਕਤਸਰ ਤੋਂ ਗੁਰੂ ਜੀ ਬਠਿੰਡੇ ਪਹੁੰਚੇ ਤੇ ਮਾਲਵੇ ਨੂੰ ਲੱਖੀ ਜੰਗਲ ਦਾ ਵਰ ਦਿੱਤਾ ਤੇ ਸੰਗਤ ਆ ਕੇ ਮਿਲਣ ਲੱਗੀ। ਮਹਿਰਾਜ ਪਹੁੰਚ ਕੇ ਅਤੇ ਭਾਈ ਭਗਤੂ ਨੂੰ ਰਾਜ ਦਾ ਵਰ ਦਿੱਤਾ। ਇੱਥੋਂ ਪਿਆਨਾ ਕਰਕੇ ਤਲਵੰਡੀ ਪਹੁੰਚੇ। ਡੱਲੇ ਸਮੇਤ ਛੋਟੇ ਵੱਡੇ ਬਰਾੜ ਸਰਦਾਰ, ਸੰਗਤ ਅਤੇ ਖ਼ਾਲਸਾ ਗੁਰੂ ਜੀ ਦੇ ਦਰਸ਼ਨਾਂ ਨੂੰ ਪਹੁੰਚਣ ਲੱਗਾ। ਦਿਵਾਨ ਸਜਣ ਲੱਗੇ। ਗੁਰੂ ਜੀ ਨੇ ਬੁਰਜ ਅਤੇ ਸਰੋਵਰ ਦੀ ਕਾਰ-ਸੇਵਾ ਕਰਵਾਈ। ਦਮਦਮੇ ਨੂੰ ਗੁਰੂ ਕੀ ਕਾਸ਼ੀ ਦਾ ਵਰ ਦਿੱਤਾ। ਗੁਰੂ ਜੀ ਦੇ ਨਾਲ ਦੱਖਣ ਜਾਣੋਂ ਡਰਦੇ ਦਰਬਾਰੀ ਤੇ ਸਿਪਾਹੀ ਰਾਤੀਂ ਭੱਜ ਗਏ। ਗੁਰੂ ਜੀ ਨੇ ਸਗਲ ਜਹਾਨ ਤਾਰਨ ਲਈ ਖ਼ਾਲਸੇ ਸਮੇਤ ਦੱਖਣ ਵੱਲ ਕੂਚ ਕੀਤਾ। ਭਾਈ ਰੂਪੇ ਨੇ ਆਪ ਨੂੰ ਠੰਢਾ ਜਲ ਛਕਾਇਆ ਅਤੇ ਸਾਰੇ ਪਰਿਵਾਰ ਨੇ ਲੰਗਰ ਦਾ ਵਰ ਮੰਗਿਆ। ਮਾਛੀ ਸਿੱਖ ਅਤੇ ਭਾਈ ਬੱਠਾ ਨੂੰ ਧਰਮਸਾਲ਼ ਦਾ ਬਚਨ ਦਿੱਤਾ।

ਰਾਜਪੁਤਾਨੇ ਪਹੁੰਚਣ ’ਤੇ ਰਾਜੇ, ਸੂਰਮੇ ਤੇ ਬਲੀ ਗੁਰੂ ਜੀ ਨੂੰ ਆ ਕੇ ਮਿਲਣ ਲੱਗੇ। ਇਕ ਸਿੱਖ ਨੇ ਆਪਣੀ ਪੁੱਤਰੀ ਦਾ ਪਹਿਲਾਂ ਕੀਤੇ ਪ੍ਣ ਅਨੁਸਾਰ ਆਪ ਨਾਲ ਵਿਆਹ ਕਰਨ ਦੀ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਪ੍ਰਵਾਨ ਕਰ ਲਈ। ਭਾਈ ਦਯਾ ਸਿੰਘ ਗੁਰੂ ਜੀ ਨੂੰ ਮਿਲੇ ਤੇ ਔਰਗਜ਼ੇਬ ਦੀ ਮੌਤ ਦੀ ਖ਼ਬਰ ਦਿੱਤੀ। ਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਰਾਜਭਾਗ ਸਾਂਭਣ ਲਈ ਚਿੱਠੀ ਲਿਖੀ। ਆਪ ਜੀ ਕੂਚ ਕਰਕੇ ਬਘੌਰ ਸ਼ਹਿਰ ਨੇੜੇ ਪਹੁੰਚੇ। ਬਘੌਰ ਵਾਸੀਆਂ ਨੇ ਆਪਣੇ ਰਾਜਿਆਂ ਕੋਲ ਖ਼ਾਲਸੇ ਵੱਲੋਂ ਬਾਗ ਉਜਾੜਨ ਦੀ ਖ਼ਬਰ ਦਿੱਤੀ ਤਾਂ ਭਾਰੀ ਯੁੱਧ ਛਿੜ ਗਿਆ। ਨਗਰ ਦੇ ਰਾਜੇ ਮਰਨ ਨਾਲ ਫੌਜ ਭੱਜ ਗਈ ਤੇ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਦਿੱਲੀ ਵੱਲ ਕੂਚ ਕੀਤਾ।

ਉਨ੍ਹੀਵਾਂ ਅਧਿਆਇ: ਸ਼ਾਹਜਾਦਾ ਤਾਰਾ ਆਜ਼ਮ ਮਾਰਿਆ (ਪੰਨਾ 226-232, ਛੰਦ 69)

ਔਰੰਗਜ਼ੇਬ ਦੇ ਪੁੱਤਰ ਤਾਰਾ ਆਜ਼ਮ ਨੂੰ ਕਾਜ਼ੀਆਂ, ਮੁਗ਼ਲਾ ਤੇ ਪਠਾਣਾਂ ਨੇ ਬਾਦਸ਼ਾਹ ਥਾਪ ਦਿੱਤਾ ਤੇ ਉਹ ਭਾਰੀ ਫੌਜ ਲੈ ਕੇ ਦਿੱਲੀ ਵੱਲ ਵਧਿਆ। ਡਰਿਆ ਹੋਇਆ ਬਹਾਦਰ ਸ਼ਾਹ ਜੰਗੀ ਮਦਦ ਲਈ ਗੁਰੂ ਜੀ ਦੀ ਸ਼ਰਨ ਵਿਚ ਆਇਆ। ਗੁਰੂ ਜੀ ਵੱਲੋਂ ਸਹਾਇਤਾ ਦੀ ਪੇਸ਼ਕਸ ਤੇ ਬਹਾਦਰ ਸਾਹ ਉਤਸ਼ਾਹ ਵਿਚ ਆਇਆ। ਬਹਾਦਰ ਸ਼ਾਹ ਤੇ ਆਜ਼ਮ ਸ਼ਾਹ ਦੀ ਸੈਨਾ ਵਿਚ ਚੰਬਲ ਨਦੀ ਨੇੜੇ ਯੁੱਧ ਹੋਇਆ। ਗੁਰੂ ਜੀ ਦੀ ਵੱਲੋਂ ਚਲਾਏ ਤੀਰ ਨਾਲ ਆਜ਼ਮ ਸ਼ਾਹ ਮਾਰਿਆ ਗਿਆ ਤੇ ਸੈਨਾ ਭੱਜ ਗਈ। ਬਹਾਦਰ ਸ਼ਾਹ ਦੀ ਜਿੱਤ ਤੇ ਵੱਖ-ਵੱਖ ਸੂਰਮੇ ਆਪਣੀ ਬਹਾਦਰੀ ਦੀ ਗਾਥਾ ਸੁਣਾ ਰਹੇ ਸਨ ਤਾਂ ਉਮਾਹ ਵਿਚ ਆਏ ਬਾਦਸ਼ਾਹ ਨੇ ਗੁਰੂ ਜੀ ਵੱਲੋਂ ਆਜ਼ਮ ਸ਼ਾਹ ਨੂੰ ਮਾਰਨ ਵਾਲਾ ਤੀਰ ਮੈਦਾਨ ਵਿੱਚੋਂ ਮੰਗਾ ਕੇ ਵਿਖਾਇਆ। ਬਹਾਦਰ ਸ਼ਾਹ ਨੇ ਦਿੱਲੀ ਦਾ ਬਾਦਸ਼ਾਹ ਬਣ ਕੇ ਆਗਰਾ ਵਿਚ ਨਿਵਾਸ ਬਣਾ ਲਿਆ।

ਵੀਹਵਾਂ ਅਧਿਆਇ: ਦਿੱਲੀਓਂ ਅਬਚਲ ਨਗਰ, ਨਾਂਦੇੜ (ਪੰਨਾ 233-255, ਛੰਦ 248)

ਗੁਰੂ ਜੀ ਨੇ ਦਿੱਲੀ ਨੇੜੇ ਪਹੁੰਚ ਕੇ ਜਮਨਾ ਕੰਢੇ ਡੇਰਾ ਕੀਤਾ, ਜਿੱਥੇ ਸਿੱਖ ਸੰਗਤ ਤੋਂ ਬਿਨਾਂ ਹਿੰਦੂ ਤੇ ਤੁਰਕ ਵੀ ਆਪ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੇ। ਸ਼ਾਹ ਦਾ ਸੁਨੇਹਾ ਆਉਣ ’ਤੇ ਆਪ ਆਗਰੇ ਵੱਲ ਚੱਲ ਪਏ। ਮਥੁਰਾ, ਗੋਕੁਲ ਅਤੇ ਬਿਰੰਦਾਵਣ ਵਿਚ ਦਰਸ਼ਨ ਬਖ਼ਸ਼ਦੇ ਹੋਏ ਆਗਰੇ ਪਹੁੰਚੇ। ਆਪਣੇ ਖ਼ਾਲਸਾਈ ਲਾਮ ਲਸ਼ਕਰ ਤੇ ਹਥਿਆਰਾਂ ਸਮੇਤ ਮਹਿਲਾਂ ਵਿਚ ਪਹੁੰਚਣ ’ਤੇ ਬਹਾਦਰ ਸ਼ਾਹ ਨੇ ਗੁਰੂ ਜੀ ਦਾ ਬਹੁਤ ਆਦਰ ਤੇ ਉਪਮਾ ਕੀਤੀ। ਬਹਾਦਰ ਸ਼ਾਹ ਨੂੰ ਰਾਜ-ਰੀਤ ਸਮਝਾਈ। ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਸਤਿਕਾਰ

ਵਜੋਂ ਕਲਗ਼ੀ, ਜਿਗਾ, ਧੁਖਧੁਖੀ ਅਤੇ ਖਿੱਲਤ ਪੇਸ਼ ਕੀਤੀ। ਬਹਾਦਰ ਸ਼ਾਹ ਨੇ ਗੁਰੂ ਜੀ ਦੇ ਕਹਿਣ 'ਤੇ ਦੱਖਣ ਜਾਣ ਦੀ ਤਿਆਰੀ ਕੀਤੀ। ਗੁਰੂ ਜੀ ਨੇ ਦਰਸ਼ਨ ਲਈ ਆਏ ਪੀਰ, ਦਿਵਾਨ ਅਤੇ ਕਾਜ਼ੀ ਦੇ ਜਗਿਆਸਾ ਤੇ ਬੰਦਗੀ ਸੰਬੰਧੀ ਸ਼ੰਕੇ ਦੂਰ ਕੀਤੇ। ਸਾਹਿਬ ਦੀ ਕਿਰਪਾ ਨਾਲ ਰੌਸ਼ਨ ਸਿੰਘ ਨੇ ਸ਼ੇਰ ਮਾਰਿਆ। ਆਪ ਨੇ ਹਾਥੀਆਂ ਦੀ ਲੜਾਈ ਵੇਖੀ।

ਚਾਰ ਮਹੀਨੇ ਆਗਰੇ ਰਹਿਣ ਤੋਂ ਬਾਅਦ ਜੈਪੁਰ ਪਹੁੰਚੇ ਜਿੱਥੇ ਜੰਡ ਤੇ ਪਿੱਪਲ ਦੀ ਕਥਾ ਰਾਹੀਂ ਖ਼ਾਲਸਾ ਰਾਜ ਦਾ ਬਚਨ ਦਿੱਤਾ। ਫਿਰ ਆਪ ਜੀ ਪਟਨੇ ਗਏ। ਗੁਰੂ ਜੀ ਸਿੱਖਾਂ ਸਮੇਤ ਅਨੇਕਾਂ ਕੌਤਕ ਵਰਤਾਉਂਦੇ ਹੋਏ ਅੰਬੇਰ, ਜੋਧਪੁਰ, ਜੈਸਲਮੇਰ, ਚਿਤੌੜ, ਗੋਪਾਲਗੜ੍ਹ ਤੋਂ ਹੁੰਦੇ ਹੋਏ ਬੁਰਹਾਨਪੁਰ ਪਹੁੰਚੇ ਜਿੱਥੇ ਹਠੀ ਸਿੰਘ ਨੂੰ ਦੇਖ ਕੇ ਆਪ ਦਾ ਮਨ ਦ੍ਰਵ ਗਿਆ। ਇੱਥੋਂ ਆਪ ਜੀ ਨਾਂਦੇੜ ਆਣ ਪਹੁੰਚੇ। ਇਕ ਪਠਾਣ ਦਾ ਪੁੱਤਰ ਗੁਰੂ ਜੀ ਦੇ ਦਰਸ਼ਨ ਕਰਨ ਪਹੁੰਚਿਆਂ ਤਾਂ ਉਸ ਨੂੰ ਆਪਣੇ ਕੋਲ ਹੀ ਰੱਖ ਲਿਆ।

ਇਕੀਵਾਂ ਅਧਿਆਇ: ਅੰਤਿਮ ਸਮਾਚਾਰ (ਪੰਨਾ 256-277, ਛੰਦ 218)

ਗੁਰੂ ਜੀ ਰਹਿਰਾਸ ਦੇ ਪਾਠ ਤੋਂ ਬਾਅਦ ਅਰਾਮ ਕਰ ਰਹੇ ਸਨ ਤਾਂ ਪਠਾਣ ਨੇ ਆਪਣੇ ਬਾਪ ਦਾ ਬਦਲਾ ਲੈਣ ਲਈ ਗੁਰੂ ਜੀ ਨੂੰ ਜਮਦਾੜ (ਇਕ ਸ਼ਸਤਰ) ਮਾਰ ਕੇ ਸਖ਼ਤ ਜ਼ਖਮੀ ਕਰ ਦਿੱਤਾ। ਸ਼ਾਹ ਵੱਲੋਂ ਫਿਰੰਗੀ ਵੈਦ ਪਹੁੰਚਿਆ ਅਤੇ ਉਸ ਨੇ ਜਖ਼ਮ ਧੋ ਕੇ ਸੀਤਾ। ਗਿਆਰਵੇਂ ਦਿਨ ਕੁਝ ਰਾਜ਼ੀ ਹੋਏ ਤਾਂ ਇਸ਼ਨਾਨ ਕਰਕੇ ਵਸਤਰ ਸਜਾਏ ਤੇ ਸੰਗਤਾਂ ਨੂੰ ਦਰਸ਼ਨ ਦਿੱਤੇ। ਪੰਜਾਬ ਦੀ ਸੰਗਤ ਵੱਲੋਂ ਭੇਟਾ ਕੀਤੀ ਕਮਾਨ ਖਿਚਦੇ ਸਮੇਂ ਜਖ਼ਮ ਦੇ ਟਾਂਕੇ ਟੁੱਟ ਗਏ। ਬੰਦਾ ਸਿੰਘ ਨੂੰ ਪੰਜ ਸਿੰਘ ਦੇ ਕੇ ਸਰਹੰਦ ਤੇ ਦਿੱਲੀ ਦੇ ਤੁਰਕਾਂ ਦਾ ਯੁੱਧ ਰਾਹੀਂ ਨਾਸ ਕਰਕੇ ਪੰਜਾਬ ਤੇ ਰਾਜ ਕਰਨ ਲਈ ਭੇਜਿਆ।

ਆਦਿ ਗ੍ਰੰਥ ਨੂੰ ਗੁਰੂ ਥਾਪ ਕੇ ਨਮਸਕਾਰ ਕੀਤੀ ਤੇ ਖ਼ਾਲਸੇ ਨੂੰ ਉਪਦੇਸ਼ ਦਿੱਤਾ। ਇਸ਼ਨਾਨ ਕਰਕੇ ਰੇਸ਼ਮੀ ਬਸਤਰ, ਸ਼ਸਤਰ ਤੇ ਕਲਗ਼ੀ ਜਿਗਾ ਸਜਾ ਕੇ ਚੰਦਨ ਦੀ ਚਿਖਾ ਤਿਆਰ ਕਰਵਾਕੇ ਇਕ ਸਿੰਘ ਨੂੰ ਅੱਗ ਲਗਾਉਣ ਦਾ ਹੁਕਮ ਦਿੱਤਾ। ਕਨਾਤ ਵਿੱਚੋਂ ਸਾਰੀ ਸੰਗਤ ਨੂੰ ਬਾਹਰ ਜਾਣ ਲਈ ਕਿਹਾ ਤੇ ਸਮਾ ਗਏ। ਉੱਥੇ ਹੁਣ ਉਦਾਸੀਆਂ ਦੀ ਧਰਮਸਾਲ਼ ਹੈ ਅਤੇ ਸਿੰਘ ਸ਼ਸਤਰਾਂ ਦੀ ਸੇਵਾ ਕਰਦਾ ਹੈ। ਅਬਚਲ ਨਗਰ ਨਾਂਦੇੜ੍ਹ ਸਾਹਿਬ ਦੀ ਪਰੰਪਰਾ ਅਤੇ ਅਸਥਾਨਾਂ ਦਾ ਜ਼ਿਕਰ ਹੈ। ਅਠਾਰਵੀਂ ਸਦੀ ਦੇ ਲਾਹੌਰ ਦਾ ਹਾਲ, ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣ, ਮਨੁੱਖੀ ਜਾਮੇ ਤੇ ਪਰਮਾਰਥ ਸੰਬੰਧੀ ਲੰਬੀ ਵਿਚਾਰ ਹੈ। ਅੰਤ ਵਿਚ ਭਾਈ ਮਨੀ ਸਿੰਘ ਦੀ

ਸ਼ਹੀਦੀ ਗਾਥਾ ਦਾ ਵਰਨਣ ਹੈ। ਸੰਖੇਪ ਵਿਚ ਇਹ ਕਹਿ ਸਕਦੇ ਹਾਂ ਕਿ ਕੁਇਰ ਸਿੰਘ ਜੀ ਦੇ ਗ੍ਰੰਥ ਦਾ ਮੂਲ ਸੂਤਰ ਗੁਰੂ ਗੋਬਿੰਦ ਸਿੰਘ ਜੀ ਦੇ ਕੌਤਕ ਤੇ ਜੀਵਨ ਬਿਲਾਸ ਨਾਲ ਸੰਬੰਧਿਤ ਹੈ।

### 1.1.8. ਗ੍ਰੰਥ ਦੀ ਬਣਤਰ, ਕਾਵਿਕ ਖੂਬੀਆਂ ਤੇ ਛੰਦ

ਗੁਰਬਿਲਾਸ ਪਾਤਸ਼ਾਹੀ ੧੦ ਆਪਣੀਆਂ ਹੋਰ ਵਿਸ਼ੇਸ਼ਤਾਵਾਂ ਦੇ ਨਾਲ-ਨਾਲ ਸਾਹਿਤਕ ਪੱਖੋਂ ਵੀ ਅਮੀਰ ਗ੍ਰੰਥ ਹੈ ਜਿਸ ਬਾਰੇ ਪੰਡਿਤ ਕਰਤਾਰ ਸਿੰਘ ਦਾਖਾ ਦਸਦੇ ਹਨ, ਸਾਹਿਤਯ ਦੇ ਨਿਯਮਾਂ ਵਿਚ ਗੁੰਦੀ ਹੋਈ ਬਾਣੀ (ਛੰਦ ਬਧ ਯਾ ਵਾਰਤਿਕ) ਹੀ 'ਕਾਵਯ' ਕਹਾਉਂਦੀ ਹੈ ਜੋ ਸੁਣਨ ਵਾਲਿਆਂ ਨੂੰ ਕੇਵਲ ਆਪਣਾ ਤਾਤ ਪਰਯ ਦੱਸ ਕੇ ਹੀ ਨਹੀਂ ਚੁੱਪ ਕਰ ਜਾਂਦੀ ਕਿੰਤੂ ਉਹਨਾਂ ਦੇ ਹਿਰਦਿਆਂ 'ਤੇ ਆਪਣੇ ਉਪਦੇਸ਼ ਦਾ ਗੂੜ੍ਹਾ ਅਸਰ ਪਾ ਕੇ ਉਸਦੇ ਅਨੁਸਾਰੀ ਬਣਾਉਣ ਦੀ ਸਮਰਥਾ ਭੀ ਰਖਦੀ ਹੈ।[41] ਬੇਸ਼ਕ ਰਚਨਾਕਾਰ ਨੇ ਸਾਹਿਤਕ ਮਹੱਤਵ ਗੌਣ ਅਤੇ ਅਧਿਆਤਮਿਕ ਮਹੱਤਵ ਨੂੰ ਮੁੱਖ ਰੱਖਿਆ ਹੈ ਪਰ ਫਿਰ ਵੀ ਉਹਨਾਂ ਨੇ ਸਾਹਿਤਕ ਪੱਖੋਂ 'ਗੁਰਬਿਲਾਸ' ਵਿਚ ਕਿਸੇ ਤਰ੍ਹਾਂ ਦੀ ਘਾਟ ਨਹੀਂ ਰਹਿਣ ਦਿੱਤੀ।

#### 1.1.8.1. ਭਾਸ਼ਾ

ਗੁਰਬਿਲਾਸ ਪਾਤਸ਼ਾਹੀ ੧੦ ਦੀ ਭਾਸ਼ਾ ਬ੍ਰਜ ਅਤੇ ਲਿਪੀ ਗੁਰਮੁਖੀ ਹੈ। ਇਸ ਬ੍ਰਜ ਭਾਸ਼ਾ ਉੱਤੇ ਆਮ ਤੌਰ 'ਤੇ ਪੰਜਾਬੀ ਦਾ ਪ੍ਰਭਾਵ ਸਾਫ ਦਿਸਦਾ ਹੈ। ਕਈ ਥਾਂ ਹਿੰਦੀ ਅਤੇ ਖੜੀ ਬੋਲੀ ਦਾ ਪ੍ਰਭਾਵ ਪਿਆ ਹੈ। ਕਵੀ ਨੇ ਕੁਝ ਛੰਦਾਂ ਵਿਚ ਠੇਠ ਪੰਜਾਬੀ ਦੀ ਵਰਤੋਂ ਵੀ ਕੀਤੀ ਹੈ। ਫੌਜਾ ਸਿੰਘ ਨੇ 'ਗੁਰਬਿਲਾਸ' ਦੀ ਬੋਲੀ ਨੂੰ ਬ੍ਰਜ ਅਤੇ ਪੰਜਾਬੀ ਦਾ ਮਿਲਗੋਭਾ ਦੱਸਿਆ ਹੈ।[42] ਕੁਇਰ ਸਿੰਘ ਨੇ ਖ਼ਾਸ ਕਰਕੇ ਸਿਰਖੰਡੀ ਛੰਦ ਵਿਚ ਠੇਠ ਪੰਜਾਬੀ ਰਾਹੀਂ ਯੁੱਧ ਦਾ ਬਹੁਤ ਹੀ ਪ੍ਰਭਾਵਸ਼ਾਲੀ ਰੂਪ ਪੇਸ਼ ਕੀਤਾ ਹੈ:

ਭੱਜੇ ਸੂਰ ਅਪਾਰੀ, ਭਾਜੜ ਪੈ ਗਈ।

ਭਜਦੇ ਜਾਂਦੇ ਮਾਰੇ, ਪਿਛਾਂ ਨਾ ਝਾਕਦੇ।

ਕੇਸ ਅੜੇ ਤਿਨ ਭਾਰੀ, ਕਹਦੇ ਰੱਖੀਐ।

---

[41] ਪੰਡਿਤ ਕਰਤਾਰ ਸਿੰਘ ਦਾਖਾ ,ਅਲੰਕਾਰ ਨਿਰਣਯ, ਪੰਨਾ 1

[42] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 16/ਹ

ਭੱਜੈ ਸੂਰ ਅਪਾਰੀ ਖਾਨ ਪਠਾਂਣ ਜੋ।

ਪਾਯੋ ਫਲ ਤਿਨ ਭਾਰੀ, ਨੱਸੇ ਗੁਰੂ ਥੋਂ।

ਲੂਟ ਖਜਾਨਾ ਚਾਹੇ, ਮਾਰੇ ਤੜਫਦੇ।

ਦੀਨੀ ਦੇਹਿ ਤਿਨਾਹੀ ਗਏ ਬਿਯਾਹ ਨੂੰ।

ਕੜਕੇ ਫੇਰ ਕਮਾਣੀ ਧੀਰੀ ਧੱਕਿਆਂ॥[43]

ਕੁਇਰ ਸਿੰਘ ਨੇ ਕੁੱਲ 2938 ਛੰਦਾਂ ਵਿੱਚੋਂ 37 ਛੰਦ ਠੇਠ ਪੰਜਾਬੀ ਵਿਚ ਲਿਖੇ ਹਨ। ਜਿਨ੍ਹਾਂ ਵਿੱਚੋਂ 35 ਸਿਰਖੰਡੀ ਅਤੇ ਦੋ ਝੂਲਣੇ ਹਨ।[44] ਕਵੀ ਨੇ ਕਾਵਿ ਦੇ ਨਾਲ-ਨਾਲ ਪੰਜਾਬੀ ਵਾਰਤਕ ਦਾ ਵੀ ਇਕ ਨਮੂਨਾ ਪੇਸ਼ ਕੀਤਾ ਹੈ:

"ਛੱਤ੍ਰੀ ਬਿੱਪ੍ਰ ਸਬ ਅਕਾਲ ਕੇ ਕੀਤੇ ਹੋਏ ਹੈਨ। ਤਾਤੇ ਹੰਕ੍ਰਿਤ ਤਜਾਗੋ, ਸਰਬਤ ਜੀਅ ਵਿਚ ਅਕਾਲ ਹੈ। ਅਕਾਲ ਕੇ ਭਾਣੇ ਵਿਚ ਤੁਸਾਡੀ ਸੰਭਾਲ ਨਹੀਂ ਰਹੀ। ਇਸ ਪ੍ਰਕਾਰ ਸਮਾਂ ਤੇ ਨੇਤ ਵਿਚਾਰ ਕੇ ਸਾਹਬ ਕੇ ਵੇਖਣੇ ਨਾਲ ਪੰਡਿਤ ਕਾ ਮਨ ਦ੍ਰਿਉ ਗਯਾ।"[45]

ਕਵੀ ਕੁਇਰ ਸਿੰਘ ਨੇ ਪਾਤਰ ਅਤੇ ਥਾਂ ਅਨੁਸਾਰ ਫ਼ਾਰਸੀ ਦੇ ਸ਼ਬਦ ਵਰਤੇ ਹਨ। ਕਵੀ ਨੇ ਸਾਹਿਬਜ਼ਾਦਿਆਂ ਦੀ ਸਰਹੰਦ ਕਚਹਿਰੀ ਵਿਚ ਪੇਸ਼ੀ ਸਮੇਂ ਕਾਜ਼ੀ ਦੇ ਵਿਚਾਰਾਂ ਨੂੰ ਇਹਨਾਂ ਸ਼ਬਦਾਂ ਵਿਚ ਪੇਸ਼ ਕੀਤਾ ਹੈ:

ਤਬ ਆਇ ਕਾਜੀ ਬਾਤ ਭਾਖੀ, "ਇਨੈ ਮਜਬ ਲਿਆਈਐ।

ਰਸੂਲ ਕੋ ਇਹ ਅਜਬ ਕੀਨਾ, ਖੁਦ ਖੁਦਾਇ ਬਤਾਈਐ।

ਭਿਸਤ ਕੀ ਜੁ ਆਸ ਰਾਖੈ, ਮਜਬ ਮੁਹਕਮ ਇਹੁ ਕਰੈ।

ਪਵਹਿ ਦੋਜਖ ਆਦਮੀ ਜੋ ਕਾਫਰੀ ਸੋਭਾ ਰਰੈ"॥[46]

---

[43] ਉਹੀ, ਪੰਨੇ 94-95

[44] ਉਹੀ, ਪੰਨਾ 16/ਹ

[45] ਉਹੀ, ਪੰਨਾ 136

[46] ਉਹੀ, ਪੰਨਾ 212

ਇਸ ਤਰ੍ਹਾਂ ਜਿੱਥੇ ਮੁਗ਼ਲ ਪਾਤਰ ਦਾ ਵਾਰਤਾਲਾਪ ਆਇਆ ਉੱਥੇ ਕਵੀ ਨੇ ਦਰੋਗ, ਰਫਤ, ਪਿਦਰ, ਸੀਰਖੋਰ, ਚਸਮ ਅਤੇ ਦਸਤ ਆਦਿ ਫ਼ਾਰਸੀ ਸ਼ਬਦਾਂ ਦਾ ਤਤਸਮ/ਤਦਭਵ ਰੂਪ ਵਰਤਿਆ ਹੈ।

### 1.1.8.2. ਅਲੰਕਾਰ

ਸਾਹਿਤ ਆਚਾਰੀਆਂ ਨੇ ਅਲੰਕਾਰਾਂ ਨੂੰ ਕਵਿਤਾ ਦਾ ਮਹੱਤਵਪੂਰਨ ਅੰਗ ਸਵੀਕਾਰ ਕੀਤਾ ਹੈ। ਕਿਉਂਕਿ ਇਹਨਾਂ ਨਾਲ ਜਿੱਥੇ ਕਾਵਿ ਵਿਚ ਸੌਂਦਰਯ ਦਾ ਵਾਧਾ ਹੁੰਦਾ ਹੈ ਉੱਥੇ ਕਵੀ ਸਹਿਜ ਤੇ ਸਰਲ ਢੰਗ ਨਾਲ ਆਪਣੇ ਵਿਚਾਰਾਂ ਜਾਂ ਭਾਵਾਂ ਨੂੰ ਬਿਆਨ ਕਰਨ ਵਿਚ ਸਫਲ ਹੁੰਦਾ ਹੈ। ਪਰ ਇਤਿਹਾਸਕ ਕਾਵਿ ਸਿਰਜਣ ਵਿਚ ਕਲਪਨਾ ਨੂੰ ਬਹੁਤਾ ਸਥਾਨ ਦੇਣ ਦੀ ਥਾਂ ਸਹਿਜ ਸੁਭਾ ਅਲੰਕਾਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਤਰ੍ਹਾਂ ਹੀ ਗੁਰਬਿਲਾਸ ਪਾਤਸ਼ਾਹੀ ੧੦ ਵਿਚ ਅਲੰਕਾਰਾਂ ਦੀ ਸੀਮਤ ਪਰ ਸੁੰਦਰ ਵਰਤੋਂ ਕੀਤੀ ਗਈ ਹੈ। ਕਿਉਂਕਿ ਅਲੰਕਾਰ ਸਾਹਿਤਕ ਰਚਨਾ ਨੂੰ ਉਚਿਤ ਸਤਿਕਾਰ ਦਿਵਾਉਣ ਵਾਲਾ ਆਭੂਸ਼ਣ ਹੁੰਦਾ ਹੈ। ਸ਼ਬਦ ਦੀ ਧੁਨੀ ਦੀ ਹੀ ਯੋਗ ਢੰਗ ਨਾਲ ਵਰਤੋਂ ਕਰਕੇ ਕਵਿਤਾ ਵਿਚ ਰੰਗ ਭਰਨ ਨਾਲ ਸ਼ਬਦਾਲੰਕਾਰ ਦਾ ਪਤਾ ਲਗਦਾ ਹੈ।[47] ਉਪਮਾ ਅਤੇ ਰੂਪਕ ਅਲੰਕਾਰ ਦੀ ਵਧੇਰੇ ਵਰਤੋਂ ਕੀਤੀ ਗਈ ਹੈ। ਕੁਇਰ ਸਿੰਘ ਨੇ 'ਗੁਰੂ' ਦੀ ਵਡਿਆਈ ਨੂੰ ਅਲੰਕਾਰ ਰਾਹੀਂ ਇੰਞ ਪੇਸ਼ ਕੀਤਾ ਹੈ:

1) **ਰੂਪਕ**

ਖੀਰ ਸਿੰਧ ਸਤਿਗੁਰ ਅਮਲ, ਲਾਲ ਰਤਨ ਕਰ ਪੂਰ।
ਮਰ ਜੀਅਰਾ ਮਨ ਕੀਜੀਏ, ਲਹੋ ਰਤਨ ਯੌ ਰੂਰ॥[48]

2) **ਉਪਮਾ**

ਛੁਠੇ ਗੁਰੂ ਦੁਰਤ ਭਏ ਐਸੇ। ਜਿਮ ਤਮ ਨਸਤ ਪੇਖ ਰਵਿ ਕੈਸੇ।
ਸਿੰਧ ਸਾਤ ਹੂੰ ਪੁਨਿ ਜਸ ਛਾਯੋ। ਧੀਰਜ ਧਾਮ ਗੁਰੂ ਲਖ ਪਾਯੋ॥[49]

---

[47] ਪੰਡਿਤ ਕਰਤਾਰ ਸਿੰਘ ਦਾਖਾ, ਅਲੰਕਾਰ ਨਿਰਣਯ, (ਦੋ ਸ਼ਬਦ, ਗੁਰਦਿੱਤ ਸਿੰਘ ਗਿਆਨੀ)

[48] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 74

[49] ਉਹੀ, ਪੰਨਾ 67

### 1.1.8.3. ਕਾਵਿ ਰਸ

ਗੁਰਬਿਲਾਸ ਦੇ ਕਵੀ ਕੁਇਰ ਸਿੰਘ ਨੇ ਆਪਣੀ ਰਚਨਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਭਾਵ ਅਤੇ ਰਸ ਦੀ ਭਰਪੂਰ ਵਰਤੋਂ ਕੀਤੀ ਹੈ। ਕਵੀ ਕੁਇਰ ਸਿੰਘ ਦੇ ਗੁਰਮਤਿ ਵਿਚ ਦਾਖ਼ਲ ਹੋਣ ਵੇਲੇ ਦੇ ਬੈਰਾਗੀ ਭਾਵ ਨੇ ਉਹਨਾਂ ਦੀ ਰਚਨਾ ਵਿਚ ਸ਼ਾਂਤ ਰਸ ਦਾ ਰੂਪ ਧਾਰਨ ਕੀਤਾ ਹੈ:

ਚਾਰ ਪਦਾਰਥ ਮੋਖ ਤੇ ਆਦਿ ਹੀ, ਦੇਤ ਹੈ ਭੀਖ ਜੁ ਜਾਚਕ ਚਾਰੀ।
ਮਾਗਧ ਚਾਰਨ ਸੂਤਨ ਕੋ ਪੁਨਿ ਦੇਵਤ ਦਾਨ ਜੁ ਮੋਖ ਪ੍ਰਕਾਰੀ॥[50]

ਗੁਰੂ ਜੀ ਦੀ ਸ਼ਖ਼ਸੀਅਤ ਬਿਆਨ ਕਰਦੇ ਸਮੇਂ ਸੋਭਾ ਭਾਵ ਅਧੀਨ ਸ਼ਿੰਗਾਰ ਰਸ ਦੇ ਸੁੰਦਰ ਉਦਾਹਰਣ ਪੇਸ਼ ਕੀਤੇ ਗਏ ਹਨ:

ਬਾਮ ਕ੍ਰਿਪਾਨ ਛਕਾਇ ਕਟਾਰ, ਜਿਗਾ ਕਲਗੀ ਮੁਕਟੰ ਮਨਿ ਧਾਰੀ।
ਚਾਪ ਨਿਖੰਗ ਧਰੈ ਪਟ ਭੂਖਨ, ਕੰਕਨ ਅੰਗਦ ਕੀ ਰੁਚਿ ਸਾਰੀ।
ਸੋਢੀ ਮਸੰਦਨ ਭੇਟ ਦਈ ਇਤਨੀ ਇਤਨੀ ਜਿਤਨੀ ਕਹਿ ਸਾਰੀ।
ਪੰਚ ਹੀ ਮੁਹਰ ਸੋ ਗੋਦੜੀ ਖਜੋ ਮਨ ਅਸਟ ਗਜੰ ਰਥ ਆਯੂ ਧਾਰੀ॥[51]

ਗੁਰਬਿਲਾਸ ਪਾਤਸ਼ਾਹੀ ੧੦ ਦੀ ਕਥਾ ਦਾ ਵੱਡਾ ਹਿੱਸਾ ਜੰਗਾਂ-ਜੁੱਧਾਂ ਨੂੰ ਬਿਆਨ ਕਰਦਾ ਹੈ, ਇਸ ਕਰਕੇ ਵੀਰ ਰਸ ਦੇ ਬੇਮਿਸਾਲ ਉਦਾਹਰਣ ਮਿਲਦੇ ਹਨ:

ਪਾਇ ਕੈ ਗੁਰ ਆਯਸੰ ਤਬ ਬਜੀ ਭੇਰਿ ਅਪਾਰ।
ਸਰਨਾਯ ਗੋ ਮੁਖ ਝਾਲਰੰ ਮਿਰਦੰਗ ਨਾਦ ਅਪਾਰ॥
ਮੁਚੰਗ ਔਰ ਉਪੰਗ ਤੇ ਬਰ ਪੰਚ ਤੂਰ ਬਖਾਨ।
ਜਨ ਪਾਂਡੁ ਪੁਤ੍ਰਨ ਕੈਰਵਨ ਸਭ ਖੇਤ੍ਰ ਕੁਰ ਅਸਥਾਨ॥[52]

---

[50] ਉਹੀ, ਪੰਨਾ 67

[51] ਉਹੀ, ਪੰਨਾ 64

[52] ਉਹੀ, ਪੰਨਾ 92

ਇਸ ਤੋਂ ਬਿਨਾਂ ਕਰੁਣਾ, ਭਿਆਨਕ ਅਤੇ ਰੌਦਰ ਆਦਿ ਰਸ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਵਰਤੇ ਗਏ ਹਨ।

### 1.1.8.4. ਛੰਦ

ਕੁਇਰ ਸਿੰਘ ਨੇ ਦੋਹਰਾ-ਚੌਪਾਈ ਸ਼ੈਲੀ ਦੀ ਵਰਤੋਂ ਕੀਤੀ ਹੈ। ਗੁਰਬਿਲਾਸ ਪਾਤਸ਼ਾਹੀ ੧੦ ਦਾ ਮੁੱਖ ਨਿਸ਼ਾਨਾ ਗੁਰੂ ਗੋਬਿੰਦ ਸਿੰਘ ਜੀ ਦੇ ਸੰਪੂਰਨ ਜੀਵਨ ਅਤੇ ਆਦਰਸ਼ ਨੂੰ ਪੇਸ਼ ਕਰਨਾ ਹੈ। ਇਸ ਕਰਕੇ ਛੰਦ-ਵਿਧਾਨ ਅਤੇ ਕਥਾ-ਲੜੀ ਦੋਹਾਂ ਦਾ ਨਿਭਾਅ ਕਠਿਨ ਕਾਰਜ ਹੋ ਨਿਬੜਦਾ ਹੈ। ਜਿਵੇਂ ਕਿ ਜੰਗ ਦੇ ਮੈਦਾਨ ਵਿਚ ਵਾਰ-ਵਾਰ ਭਾਵ ਦੇ ਬਦਲਣ ਨਾਲ ਛੰਦ ਬਦਲਣਾ ਜ਼ਰੂਰੀ ਹੋ ਜਾਂਦਾ ਹੈ।

ਕੁਇਰ ਸਿੰਘ ਨੇ ਕੁੱਲ ੨੯ ਛੰਦ ਵਰਤੇ ਹਨ, ਜਿਨ੍ਹਾਂ ਦੇ ਨਾਂ, ਅਖਰ ਕ੍ਰਮ ਅਨੁਸਾਰ, ਅਚਕੜਾ, ਅੜਿਲ, ਸਲੋਕ, ਸਵੈਯਾ, ਸਿਰਖੰਡੀ, ਸੋਰਠਾ, ਸ਼ੰਕਰ, ਸੰਗੀਤ ਚਾਚਰੀ, ਕਬਿੱਤ, ਕਲਸ, ਗੀਆ, ਚੌਪਈ, ਚੌਪਈਆ, ਛਪੈ, ਛੰਦ, ਝੂਲਣਾ, ਤਾਰਿਕਾ, ਤੋਮਰ, ਤ੍ਰਿਭੰਗੀ, ਦੋਹਰਾ, ਨਗਜ, ਪਾਧੜੀ, ਬਿਜੈ, ਬੇਲੀ ਬਿੰਦ੍ਰਮ, ਭੁਜੰਗ, ਪ੍ਰਯਾਤ, ਮਧਭਾਰ ਅਤੇ ਰਸਾਵਲ ਹਨ। ਇਹ ਸਾਰੇ ਹੀ ਛੰਦ ਅੱਜ ਤੋਂ ਢਾਈ ਤਿੰਨ ਸੌ ਸਾਲ ਪਹਲਾਂ ਸਾਡੇ ਪਿੰਗਲ ਗ੍ਰੰਥਾਂ ਵਿਚ ਆਮ ਪਾਏ ਜਾਂਦੇ ਸਨ। ਇਸ ਪੁਸਤਕ ਦੇ ਕੁੱਲ ਛੰਦਾਂ ਦੀ ਗਿਣਤੀ 2938 ਹੈ।[53]

ਗੁਰੂ ਸਾਹਿਬ ਦੇ ਜੀਵਨ ਉਦੇਸ਼ਾਂ ਅਤੇ ਪ੍ਰਾਪਤੀਆਂ ਨੂੰ ਪੇਸ਼ ਕਰਨ ਵਾਲੀ ਅਜਿਹੀ ਨਿਵੇਕਲੀ ਰਚਨਾ ਹੈ ਜਿਸ ਵਿਚ ਸਿੱਖ ਪੰਥ ਦੇ ਧਾਰਮਿਕ ਅਤੇ ਰਾਜਨੀਤਿਕ ਸਰੂਪ ਨੂੰ ਨਿਵੇਕਲੇ ਢੰਗ ਨਾਲ ਚਿਤਰਿਆ ਗਿਆ ਹੈ। ਸਿੱਖ ਧਰਮ ਨੂੰ ਸੰਪੂਰਨਤਾ ਨਾਲ ਨਿਵਾਜਣ ਵਾਲੇ ਦਸਵੇਂ ਪਾਤਸ਼ਾਹ ਦੇ ਰੂਹਾਨੀ ਰੰਗਾਂ ਅਤੇ ਦੁਨਿਆਵੀ ਸਫਰਾਂ ਨੂੰ ਆਪਣੀ ਕਾਵਿਕ ਛੁਹ ਨਾਲ ਅਤਿ ਰੌਚਕ ਬਿਆਨ ਕੀਤਾ ਹੈ ਪਰ ਇਸ ਵਿਚਲੀਆਂ ਕੁਝ ਊਣਤਾਈਆਂ ਤੇ ਭੁੱਲਾਂ ਇਸ ਦੇ ਇਤਿਹਾਸਕ ਰੁਤਬੇ ਦੀ ਸ਼ਾਨ ਨੂੰ ਘਟਾਉਂਦੀਆਂ ਹਨ, ਜਿਵੇਂ:

- ਇਤਿਹਾਸਕ ਘਟਨਾਵਾਂ ਦੇ ਕਈ ਸੰਮਤ ਗਲਤ ਸਿੱਧ ਹੁੰਦੇ ਹਨ ਜੋ ਉਹਨਾਂ ਘਟਨਾਵਾਂ ਦੇ ਮਹੱਤਵ ਨੂੰ ਘਟਾਉਂਦੇ ਹਨ। ਉਦਾਹਰਣ ਵਜੋਂ ਕੁਇਰ ਸਿੰਘ ਨੇ ਖ਼ਾਲਸਾ ਪੰਥ ਦੀ ਰਚਨਾ ਦਾ ਸੰਮਤ 1746 ਬਿ: ਲਿਖਿਆ ਹੈ ਜੋ ਲਗਭਗ 1689 ਈ. ਬਣਦਾ ਹੈ। ਇਸ ਸੰਮਤ ਜਾਂ ਈਸਵੀ ਦੀ ਪ੍ਰੋੜਤਾ ਕਿਸੇ

[53] ਉਹੀ, ਪੰਨਾ 16/ਹ

ਇਤਿਹਾਸਕਾਰ ਜਾਂ ਲੇਖਕ ਨੇ ਨਹੀਂ ਕੀਤੀ। ਕੁਇਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਦਾ ਸੰਮਤ 1766 ਬਿ. ਦਸਦਾ ਹੈ ਜਦਕਿ ਬਹੁਤੇ ਇਤਿਹਾਸਕਾਰ ਜੋਤੀ ਸਮਾਉਣ ਦੀ ਮਿਤੀ ਸੰਮਤ 1765 ਬਿ. ਮੰਨਦੇ ਹਨ। ਇਸ ਗ੍ਰੰਥ ਦੀ ਇਤਿਹਾਸਕ ਦੇਣ ਬਹੁਤ ਵੱਡੀ ਹੈ ਜੇਕਰ ਇਸ ਗ੍ਰੰਥ ਵਿਚ ਉਪਰੋਕਤ ਇਤਿਹਾਸਕ ਤਰੀਕਾਂ ਅਤੇ ਕਈ ਇਤਿਹਾਸਕ ਤੱਥਾਂ ਤੇ ਘਟਨਾਵਾਂ ਦੇ ਭੁਲੇਖੇ ਨਾ ਹੁੰਦੇ ਤਾਂ ਇਸ ਦਾ ਇਤਿਹਾਸਕ ਰੁਤਬਾ ਹੋਰ ਮਹੱਤਵਪੂਰਨ ਤੇ ਪ੍ਰਮਾਣਿਕ ਹੋਣਾ ਸੀ।

- ਕੁਇਰ ਸਿੰਘ ਭੰਗਾਣੀ ਅਤੇ ਨਦੌਣ ਦੀਆਂ ਜੰਗਾਂ ਦਾ ਵਰਨਣ ਜਿਸ ਭਾਵਪੂਰਤ ਤੇ ਖ਼ਾਲਸਾਈ ਜਲੌਅ ਨਾਲ ਕਰਦਾ ਹੈ ਉੱਥੇ ਜੰਗਾਂ ਦੀਆਂ ਮਿਤੀਆਂ ਇਤਿਹਾਸ ਦੇ ਸੰਦਰਭ ਵਿਚ ਠੀਕ ਨਹੀਂ ਦਿੰਦਾ।
- ਕਵੀ ਕੁਇਰ ਸਿੰਘ ਵੱਲੋਂ ਗੁਰੂ ਜੀ ਨੂੰ ਦੇਵੀ ਪ੍ਰਗਟ ਕਰਦੇ ਦਿਖਾਉਣਾ ਗੁਰੂ ਦੇ ਸਮਰੱਥ ਹੋਣ ਅਤੇ ਦੇਵੀ ਦੀ ਸੀਮਿਤ ਸਮਰੱਥਾ ਦੇ ਸੰਦਰਭ ਵਿਚ ਵਿਚਾਰਿਆ ਜਾ ਸਕਦਾ ਹੈ ਪਰ ਫਿਰ ਵੀ ਇਹ ਉਕਾਈ ਸਿੱਖੀ ਦੇ ਇਕ ਅਕਾਲ ਪੁਰਖ ਦੇ ਸੰਕਲਪ ਨੂੰ ਠੇਸ ਮਾਰਦੀ ਹੈ ਤੇ ਕਵੀ ਆਪਣੇ ਗ੍ਰੰਥ ਦੀ ਮਨਸ਼ਾ ਦੇ ਉਲਟ ਆਪਾ-ਵਿਰੋਧੀ ਵਿਚਾਰ ਪੇਸ਼ ਕਰਦਾ ਹੈ।
- ਕੁਇਰ ਸਿੰਘ ਮਾਝੇ ਦੇ ਸਿੱਖਾਂ ਨੂੰ ਰਤਨ ਸਿੰਘ ਭੰਗੂ ਵਾਂਗ ਹੀ ਧਰਮ ਵਿਚ ਪ੍ਰਪੱਕ ਮੰਨਦਾ ਹੈ ਉਹਨਾਂ ਵਾਸਤੇ 'ਜਗ ਰਾਜਾ' ਸ਼ਬਦ ਦੀ ਵਰਤੋਂ ਕਰਦਾ ਹੈ। ਜਦਕਿ ਮਾਲਵੇ ਦੇ ਲੋਕਾਂ ਨੂੰ 'ਮਾਲਵ ਬਾਵਰਕ ਕੋ ਹੈ ਸਾਜਾ' ਦੇ ਸ਼ਬਦਾ ਨਾਲ ਸੰਬੋਧਨ ਕਰਕੇ ਮਾਲਵੇ ਦਾ ਸਿੱਖੀ ਨਾਲ ਨਿੱਗਰ ਰਿਸ਼ਤਾ ਪੇਸ਼ ਨਹੀਂ ਕਰਦਾ।
- ਕਵੀ ਵੱਲੋਂ ਨਸ਼ੇ ਦੇ ਸੇਵਨ ਬਾਰੇ ਲਿਖਣਾ ਸਿੱਖੀ ਦੇ ਅਧਿਆਤਮਕ ਆਸ਼ੇ, ਸਿਧਾਂਤ ਤੇ ਸਿੱਖ ਰਹਿਤ ਦੇ ਉਲਟ ਹੈ।

ਉਪਰੋਕਤ ਊਣਤਾਈਆਂ ਦੇ ਬਾਵਜੂਦ ਵੀ ਗੁਰਬਿਲਾਸ ਪਾਤਸ਼ਾਹੀ ੧੦ ਕੁਇਰ ਸਿੰਘ ਨੇ 'ਬਿਲਾਸ' ਦੀ ਭਾਰਤੀ ਪਰੰਪਰਾ ਨੂੰ ਅੱਗੇ ਤੋਰਦੇ ਹੋਏ ਗੁਰੂ ਜੀ ਦੇ ਜੀਵਨ ਨੂੰ 'ਗੁਰਬਿਲਾਸ' ਦੇ ਰੂਪ ਵਿਚ ਉਜਾਗਰ ਕਰਦਾ ਇਹ ਪਹਿਲਾ ਗ੍ਰੰਥ ਹੈ ਜਿਸ ਵਿਚ ਗੁਰੂ ਸਾਹਿਬ ਦੇ ਮੁੱਢਲੇ ਜੀਵਨ ਦਾ ਤਸੱਲੀਬਖ਼ਸ਼ ਵੇਰਵਾ ਦਿੱਤਾ ਗਿਆ ਹੈ। ਕਵੀ ਨੇ ਗੁਰੂ ਸਾਹਿਬਾਨ ਦੇ ਜੀਵਨ-ਚਰਿਤ, ਸਿੱਖ ਇਤਿਹਾਸ, ਗੁਰੂ ਜੰਗਾਂ, ਸਿੱਖ ਜੰਗਾਂ, ਸਿੱਖ ਆਚਰਣ ਤੇ ਸਿੱਖ ਸਿਧਾਂਤਾਂ ਦੀ ਅਦੁੱਤੀ ਪੇਸ਼ਕਾਰੀ ਕੀਤੀ ਹੈ ਜਿਸ ਨਾਲ ਸਿੱਖ ਪੰਥ ਦਾ ਧਾਰਮਿਕ ਅਤੇ

ਰਾਜਨੀਤਿਕ ਸਰੂਪ ਉੱਘੜ ਕੇ ਸਾਹਮਣੇ ਆਉਂਦਾ ਹੈ। ਇਸ ਰਚਨਾ ਦਾ ਸ੍ਰੋਤ ਗੁਰੂ-ਘਰ ਦੇ ਨਿਕਟਵਰਤੀ ਸਿੱਖ ਭਾਈ ਮਨੀ ਸਿੰਘ ਦੇ ਹੋਣ ਕਰਕੇ ਇਸ ਗ੍ਰੰਥ ਦੀ ਪ੍ਰਮਾਣਿਕਤਾ ਇਸ ਦੀ ਮਹੱਤਤਾ ਨੂੰ ਹੋਰ ਉਚੇਰਾ ਬਣਾ ਦਿੰਦੀ ਹੈ। ਇਸ ਤੋਂ ਇਲਾਵਾ ਪ੍ਰਮਾਣਿਕ ਤੇ ਠੋਸ ਜਾਣਕਾਰੀ ਲਈ ਕੁਇਰ ਸਿੰਘ ਨੇ ਭਾਈ ਮਨੀ ਸਿੰਘ ਦੇ ਵਿਖਿਆਨਾਂ ਤੋਂ ਇਲਾਵਾ ਹੋਰ ਵੀ ਕਈ ਇਤਿਹਾਸਕ ਰਚਨਾਵਾਂ ਤੋਂ ਜਾਣਕਾਰੀ ਪ੍ਰਾਪਤ ਕੀਤੀ ਹੈ। ਰਾਜਾ ਭੀਮ ਚੰਦ ਦਾ ਗੁਰੂ ਸਾਹਿਬ ਨਾਲ ਝਗੜਾ, ਭੰਗਾਣੀ ਦਾ ਯੁੱਧ ਅਤੇ ਖ਼ਾਲਸਾ ਸਾਜਣਾ ਦੀ ਘਟਨਾ ਨੂੰ ਵਿਸਥਾਰ ਨਾਲ ਪੇਸ਼ ਕੀਤਾ ਗਿਆ ਹੈ। ਰਚਨਾਕਾਰ ਗੁਰੂ ਸਾਹਿਬ ਦੀਆਂ ਜੰਗਾਂ ਨੂੰ ਬੜੀ ਸੂਖਮਤਾ ਨਾਲ ਅਤੇ ਬਾਰੀਕੀ ਨਾਲ ਪੇਸ਼ ਕਰਦਾ ਹੈ। ਸਿੱਖ ਰਹਿਤ, ਖ਼ਾਲਸੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਦਾ ਜ਼ਿਕਰ ਵੀ ਸਭ ਤੋਂ ਪਹਿਲਾਂ ਇਸ ਲਿਖਤ ਵਿਚ ਹੀ ਆਉਂਦਾ ਹੈ। ਇਹ ਲਿਖਤ ਹੋਰ ਸਮਕਾਲੀ ਲਿਖਤਾਂ ਦੇ ਮੁਕਾਬਲੇ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਸੰਬੰਧੀ ਪ੍ਰਮਾਣਿਕ ਨਿਰਣਿਆਂ ਦੀ ਲਖਾਇਕ ਹੈ।

### 1.2. ਪ੍ਰਾਚੀਨ ਪੰਥ ਪ੍ਰਕਾਸ਼: ਜਾਣ ਪਛਾਣ

ਸ੍ਰੀ ਗੁਰ ਪੰਥ ਪ੍ਰਕਾਸ਼ ਅਠਾਰਵੀਂ ਸਦੀ ਦੇ ਇਤਿਹਾਸ ਦਾ ਮੁੱਢਲਾ ਸ੍ਰੋਤ ਮੂਲਕ ਗ੍ਰੰਥ ਹੈ ਜਿਸ ਵਿਚ ਇਸ ਸਦੀ ਦੇ ਸਿੱਖ ਜੀਵਨ-ਜਾਚ ਅਤੇ ਇਤਿਹਾਸਕ ਪ੍ਰਸੰਗਾਂ ਨੂੰ ਕਾਵਿਕ ਸ਼ੈਲੀ ਵਿਚ ਚਿਤਰਿਆ ਗਿਆ ਹੈ। ਇਸ ਗ੍ਰੰਥ ਵਿਚ ਸਮਕਾਲੀ ਪਰਸਥਿਤੀਆਂ, ਸਿੱਖ ਸੰਸਥਾਵਾਂ ਦੇ ਕਾਰਜ ਤੇ ਸਰੂਪ ਨੂੰ ਉਜਾਗਰ ਕਰਕੇ ਉਹਨਾਂ ਦੇ ਸਿੱਖ ਜੀਵਨ ਉੱਪਰ ਪਏ ਪ੍ਰਭਾਵ ਨੂੰ ਚਿਤਰਿਆ ਗਿਆ ਹੈ। ਉਸ ਸਮੇਂ ਪੰਥ ਵਿਰੋਧੀ ਤਾਕਤਾਂ ਵੱਲੋਂ ਸਿੱਖਾਂ ਪ੍ਰਤੀ ਈਰਖਾ ਕਾਰਨ ਪੈਦਾ ਹੋਏ ਧਾਰਮਿਕ ਤੇ ਸਮਾਜਿਕ ਤਣਾਅ ਦਾ ਜ਼ਿਕਰ ਵੀ ਇਸ ਗ੍ਰੰਥ ਵਿੱਚੋਂ ਮਿਲਦਾ ਹੈ। ਸਿੱਖ ਸਰਦਾਰਾਂ ਦੇ ਮੁਗ਼ਲਾਂ, ਅਫ਼ਗਾਨਾਂ, ਰਾਜਪੂਤਾਂ ਤੇ ਮਰਾਠਿਆਂ ਨਾਲ ਸੰਬੰਧਾਂ ਦੇ ਹਵਾਲੇ ਇਸ ਗ੍ਰੰਥ ਨੂੰ ਇਤਿਹਾਸ ਦਾ ਅਹਿਮ ਦਸਤਾਵੇਜ਼ ਬਣਾਉਂਦੇ ਹਨ।

ਅਠਾਰਵੀਂ ਸਦੀ ਇਤਿਹਾਸ ਦਾ ਉਹ ਸੁਨਹਿਰੀ ਸਮਾਂ ਸੀ ਜਿਸ ਵਿਚ ਖ਼ਾਲਸਾ ਪੰਥ ਨੇ ਅਤਿ ਦੀਆਂ ਮੁਸ਼ਕਲਾਂ, ਔਕੜਾਂ ਭਰੇ ਸਮੇਂ ਵਿਚ ਗੁਰੂ ਸੁਰਤ ਦੀ ਲੋਅ ਨਾਲ ਆਪਣਾ ਪੰਧ ਰੌਸ਼ਨ ਕਰਕੇ ਮੰਜ਼ਿਲਾਂ ਪ੍ਰਾਪਤ ਕੀਤੀਆਂ। ਭਾਵੇਂ ਆਪਣੀ ਮੰਜ਼ਿਲ ਲਈ ਵਧੇ ਇਹਨਾਂ ਕਾਫ਼ਲਿਆਂ ਦੇ ਜੀਵਨ-ਪੰਧ ਨੂੰ ਗੈਰ ਸਿੱਖ ਅਤੇ ਸਿੱਖ ਇਤਿਹਾਸਕਾਰਾਂ ਨੇ ਆਪਣੀਆਂ ਕਲਮਾਂ ਨਾਲ ਚਿਤਰਿਆ ਹੈ ਪਰ ਇਤਿਹਾਸ ਦੇ ਉਸ ਮੂੰਹ-ਜੋਰ ਸਮੇਂ ਖ਼ਾਲਸਾ ਪੰਥ ਦੀਆਂ ਖਾਹਿਸ਼ਾਂ, ਇਛਾਵਾਂ ਅਤੇ ਪੀੜਾਂ ਦਾ ਵਿਸ਼ਲੇਸ਼ਣ ਕਰਨਾ ਅਜੇ ਬਾਕੀ ਹੈ, ਜਿਸ ਨਾਲ ਖ਼ਾਲਸਾ ਪੰਥ

ਪੁਰਾਤਨ ਇਤਿਹਾਸ ਤੋਂ ਸੇਧ ਲੈ ਕੇ ਭਵਿੱਖ ਦਾ ਰਾਹ ਬਣਾ ਸਕੇ।

### 1.2.1. ਰਚਨਾਕਾਰ

ਰਤਨ ਸਿੰਘ ਕੋਈ ਪੰਡਤਾਊ ਕਿਸਮ ਦਾ ਇਤਿਹਾਸਕਾਰ ਨਹੀਂ ਸੀ ਬਲਕਿ ਸ਼ਹੀਦਾਂ ਦੀ ਅੰਸ਼-ਵੰਸ਼ ਵਿਚ ਪੈਦਾ ਹੋਇਆ ਉਹ ਗੁਰਸਿੱਖ ਸੀ, ਜਿਸ ਦੇ ਪੁਰਖਿਆਂ ਵੱਲੋਂ ਖ਼ਾਲਸਾ ਰਾਜ ਲਈ ਚੱਲੇ ਸੰਘਰਸ਼ ਵਿਚ ਸ਼ਹਾਦਤਾਂ ਪਾਉਣ ਅਤੇ ਉੱਘੀ ਭੂਮਿਕਾ ਨਿਭਾਉਣ ਕਰਕੇ ਉਸਦੇ ਜ਼ਿਹਨ ’ਚ ਵਿਰਾਸਤ ਵਿੱਚੋਂ ਮਿਲੀਆਂ ਬਹੁਤ ਸਾਰੀਆਂ ਯਾਦਾਂ ਤਾਜ਼ਾ ਸਨ ਜਿਹੜੀਆਂ ਉਸਨੇ ਗ੍ਰੰਥ ਦੇ ਰੂਪ ਵਿਚ ਲਿਖ ਦਿੱਤੀਆਂ।

ਹਰੇਕ ਜੇਤੂ ਧਿਰ ਆਪਣੀ ਵਿਰੋਧੀ ਧਿਰ ਉੱਪਰ ਕਬਜ਼ਾ ਕਰਨ ਤੋਂ ਪਹਿਲਾਂ ਉਸ ਦੀਆਂ ਰਵਾਇਤਾਂ, ਇਤਿਹਾਸ, ਵਿਸ਼ਵਾਸ਼ਾਂ ਬਾਰੇ ਜਾਣਕਾਰੀ ਇਕੱਠੀ ਕਰਕੇ ਉਸ ਦੀ ਸਮੂਹਿਕ ਮਾਨਸਿਕਤਾ ਦਾ ਅੰਦਾਜ਼ਾ ਲਾਉਂਦੀ ਹੈ। ਅੰਗਰੇਜ਼ ਵੀ ਅਠਾਰਵੀਂ ਸਦੀ ਦੀ ਖ਼ਾਲਸਾਈ ਤਾਕਤ ਤੇ ਸਿੱਖ ਰਾਜ ਸਥਾਪਤੀ ਨਾਲ ਸੰਬੰਧਿਤ ਸਿੱਖ ਮਾਨਸਿਕਤਾ ਨੂੰ ਸਮਝਣ ਲਈ ਇਤਿਹਾਸ ਲਿਖਵਾ ਰਹੇ ਸਨ। ਰਤਨ ਸਿੰਘ ਨੇ ਅੰਗਰੇਜ਼ਾਂ ਵਲੋਂ ਲਿਖਵਾਇਆ ਜਾ ਰਿਹਾ ਬੂਟੇ ਸ਼ਾਹ ਵਾਲਾ ਖਰੜਾ ਵੇਖ ਕੇ ਇਸ ਨਾਲ ਅਸਹਿਮਤੀ ਤੇ ਸ਼ੰਕਾ ਪ੍ਰਗਟ ਕਰਦੇ ਹੋਏ ਅੰਗਰੇਜ਼ਾਂ ਨੂੰ ਦੱਸਿਆ ਕਿ ਪਿਛਲੇ ਸਮੇਂ ਸਿੱਖਾਂ ਅਤੇ ਮੁਸਲਮਾਨਾਂ ਦੀ ਆਪਸੀ ਲੜਾਈ ਰਹਿਣ ਕਰਕੇ ਬੂਟੇ ਸ਼ਾਹ ਸਿੱਖ ਇਤਿਹਾਸ ਤੇ ਵਿਰਸੇ ਨਾਲ ਨਿਆਂ ਨਹੀਂ ਕਰ ਸਕੇਗਾ। ਜਿਸ ਬਾਰੇ ਭੰਗੂ ਨੇ ਲਿਖਿਆ ਹੈ:

ਉਸੀ ਕਚਹਿਰੀ ਹਮ ਥੇ ਗਏ। ਸੁਨ ਯਹ ਬਾਤ ਸੁ ਚਿੰਤਤ ਭਏ।
ਯਹਿ ਮੌਲਵੀ ਹੈ ਮੁਸਲਮਾਨ। ਕਬ ਸਿੱਖਨ ਜਸ ਕਰੈ ਬਖਾਨ॥
ਕਰ ਗੋਸ਼ਟ ਹਮ ਮਰੀ ਸਮਝਾਯੋ। ਉਸ ਕਾ ਲਿਖਿਆ ਹਮਹਿ ਦਿਖਾਯੋ।
ਉਸ ਕੋ ਦੇਖ ਹਮ ਬਾਤ ਉਚਾਰੀ। ‘ਇਨ ਗਲ ਖਾਲਸੇ ਕਹੀ ਨ ਸਾਰੀ।’[54]

ਰਤਨ ਸਿੰਘ ਭੰਗੂ ਨੇ ਅੰਗਰੇਜ਼ ਕਪਤਾਨ ਮਰੇ ਨੂੰ ਮਿਲ ਕੇ ਉਸ ਨਾਲ ਖ਼ਾਲਸਾ ਸੰਘਰਸ਼, ਪਾਤਸ਼ਾਹੀ ਦਾਅਵੇ ਅਤੇ ਸਿੱਖਾਂ ਦੀਆਂ ਸ਼ਹਾਦਤਾਂ ਦੇ ਪ੍ਰਸੰਗ ਸਾਂਝੇ ਕੀਤੇ, ਕਿਉਂਕਿ ਉਹ ਅਠਾਰਵੀਂ ਸਦੀ ਦੇ ਅੱਧ ਵਿਚ

---

[54] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 5

ਉਸ ਸਮੇਂ ਜੰਮਿਆ ਜਦੋਂ ਉਸ ਦੇ ਬਜ਼ੁਰਗ ਖ਼ਾਲਸਾ ਰਾਜ ਲਈ ਸੰਘਰਸ਼ ਕਰ ਰਹੇ ਸਨ। ਉਸ ਨੇ ਬਚਪਨ ਵਿਚ ਆਪਣੇ ਬਜ਼ੁਰਗਾਂ ਦੇ ਪੰਥਕ ਸੰਘਰਸ਼ ਬਾਰੇ ਪ੍ਰਸੰਗ ਸੁਣੇ ਸਨ। ਇਸ ਕਰਕੇ ਉਸਦੇ ਤੱਥ ਵਧੇਰੇ ਪ੍ਰਮਾਣਿਕ ਹੋਣ ਕਰਕੇ ਕਪਤਾਨ ਮਰੇ ਨੇ ਉਸ ਨੂੰ ਇਤਿਹਾਸ ਲਿਖਣ ਲਈ ਕਿਹਾ:

ਸੋ ਮਰੀ ਹਮਾਰੋ ਮਿਤ ਭਯੋ ਮੁਹਿ ਫਿਰ ਕਹਯੋ ਬੁਲਵਾਇ।

ਜਿਮ ਉਤਪਤਿ ਭਈ ਖਾਲਸੇ ਤਿਮ ਤੁਮ ਦੇਹੁ ਲਿਖਾਇ।[55]

ਇਸ ਤਰ੍ਹਾਂ ਬੂਟੇ ਸ਼ਾਹ ਦੀ ਇਕਪਾਸੜ ਇਤਿਹਾਸਕ ਲਿਖਤ ਨੂੰ ਨਕਾਰਦਿਆਂ ਰਤਨ ਸਿੰਘ ਭੰਗੂ ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' ਦੀ ਰਚਨਾ ਕੀਤੀ। ਮਹਾਰਾਜਾ ਰਣਜੀਤ ਸਿੰਘ ਦਾ ਸਮਕਾਲੀ ਉਹ ਪਹਿਲਾ ਸਿੱਖ ਲਿਖਾਰੀ ਸੀ ਜਿਸਨੇ ਗੁਰ ਇਤਿਹਾਸ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਤੋਂ ਲੈ ਕੇ ਖ਼ਾਲਸੇ ਦੀ ਰਾਜ ਸਥਾਪਤੀ ਤੱਕ ਦੀ ਸਿੱਖ ਜਦੋ-ਜਹਿਦ ਦੇ ਅਦਭੁਤ ਤੇ ਭਿਆਨਕ ਸਮੇਂ ਨੂੰ ਬਿਆਨ ਕਰਕੇ ਸਿੱਖ ਇਤਿਹਾਸਕਾਰੀ ਨੂੰ ਅਮੀਰ ਕੀਤਾ। ਜ਼ਿਕਰਯੋਗ ਹੈ ਕਿ ਜਦੋਂ ਪੰਥ ਪ੍ਰਕਾਸ਼ ਗ੍ਰੰਥ ਲਿਖਿਆ ਗਿਆ ਉਸ ਸਮੇਂ ਮੁਸਲਮਾਨ, ਅੰਗਰੇਜ਼ ਅਤੇ ਬ੍ਰਾਹਮਣਵਾਦੀ ਵਿਦਵਾਨ ਵੀ ਸਿੱਖ ਇਤਿਹਾਸ ਨੂੰ ਆਪਣੇ ਢੰਗ ਨਾਲ ਲਿਖਣ ਦੀ ਕੋਸ਼ਿਸ਼ ਵਿਚ ਸਨ ਪਰ ਰਤਨ ਸਿੰਘ ਭੰਗੂ ਕਿਸੇ ਧਿਰ ਦੇ ਦਬਾਅ ਵਿਚ ਨਹੀਂ ਆਇਆ। ਜਿਸ ਤਰ੍ਹਾਂ ਅੱਜ ਕਲ੍ਹ ਦੇ ਬਹੁਤੇ ਪੇਸ਼ੇਵਰ ਇਤਿਹਾਸਕਾਰ ਦਬਾਅ ਅਧੀਨ (ਕਈ ਵਾਰ ਸੁਚੇਤ ਤੇ ਬਹੁਤੀ ਵਾਰ ਹਕੂਮਤ ਦਾ ਅਚੇਤ ਦਬਾਅ) ਸਿੱਖੀ ਦੇ ਮੂਲ ਮਨੋਰਥ ਨਾਲ ਨਿਆਂ ਨਹੀਂ ਕਰਦੇ। ਇਕ ਗੁਰਸਿੱਖ ਹੋਣ ਦੇ ਨਾਤੇ ਉਸ ਨੇ ਕਿਸੇ ਧਿਰ ਅੱਗੇ ਝੁਕਣ ਦੀ ਬਜਾਇ ਸਿੱਖਾਂ ਬਾਰੇ ਉਸਨੂੰ ਜਿੰਨੀ ਕੁ ਸਮਝ ਵਿਰਾਸਤ ਵਿੱਚੋਂ ਮਿਲੀ ਉਸਨੂੰ ਗ੍ਰੰਥ ਰੂਪ ਵਿਚ ਲਿਖ ਦਿੱਤਾ। ਭਾਵੇਂ ਸਿੱਖ ਇਤਿਹਾਸ ਦੇ ਵੱਡੇ ਵਿਦਵਾਨਾਂ ਵਿਚ ਰਤਨ ਸਿੰਘ ਦਾ ਨਾਂ ਨਹੀਂ ਗਿਣਿਆ ਜਾਂਦਾ ਤੇ ਉਸਦੀ ਇਤਿਹਾਸਕਾਰੀ ਵਿਚ ਤਕਨੀਕ ਦੇ ਹਿਸਾਬ ਨਾਲ ਵੀ ਨੁਕਸ ਹਨ ਪਰ ਉਸ ਵੱਲੋਂ ਸਹੀ ਭਾਵਨਾ ਨਾਲ ਲਿਖਿਆ ਇਤਿਹਾਸ ਪੰਥ ਨੂੰ ਵਡਮੁੱਲੀ ਦੇਣ ਹੈ।

ਇਸ ਗ੍ਰੰਥ ਵਿਚ ਸਿੱਖ ਸੰਘਰਸ਼, ਸਥਾਪਤੀ, ਜਜ਼ਬੇ, ਉਤਸ਼ਾਹ ਅਤੇ ਪ੍ਰੇਰਨਾ ਪਿੱਛੇ ਛੁਪੀ ਰਾਜ ਦੀ ਭਾਵਨਾ ਨੂੰ ਨਿਵੇਕਲੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ ਤੇ ਅਠਾਰਵੀਂ ਸਦੀ ਦੇ ਸਿੱਖ ਪੰਥ ਦੇ ਧਾਰਮਿਕ,

---

[55] ਉਹੀ, ਪੰਨਾ 5

ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਨਜ਼ਰੀਏ ਨੂੰ ਸਮਝਣ ਲਈ ਇਹ ਮੁੱਢਲਾ ਇਤਿਹਾਸਕ ਸ੍ਰੋਤ ਹੈ ਜਿਸ ਬਾਰੇ ਕਰਮ ਸਿੰਘ ਹਿਸਟੋਰੀਅਨ ਨੇ ਬਹੁਤ ਖ਼ੂਬਸੂਰਤ ਟਿੱਪਣੀ ਕੀਤੀ ਹੈ:

''ਮੈਂ ਹੱਥ ਚੁੰਮ ਲਵਾਂ ਉਸ ਸਰਦਾਰ ਦਾ, ਜਿਸ ਨੇ 'ਪੰਥ ਪ੍ਰਕਾਸ਼' ਲਿਖਿਆ। ਮੈਂ ਸੱਚ ਕਹਿੰਦਾ ਹਾਂ ਕਿ ਜੇ ਇਹ 'ਪੰਥ ਪ੍ਰਕਾਸ਼' ਨਾ ਹੁੰਦਾ ਤਾਂ ਅੱਜ ਸਾਡਾ ਇਤਿਹਾਸ ਹੀ ਨਾ ਹੁੰਦਾ।... ਕੋਈ ਸਿੱਖ ਜੋ ਸਿੱਖ ਅਖਵਾਉਣ ਦਾ ਹੱਕਦਾਰ ਹੈ, ਇਸ ਪੰਥ ਪ੍ਰਕਾਸ਼ ਤੋਂ ਵਿਰਵਾ ਨਹੀਂ ਰਹਿਣਾ ਚਾਹੀਦਾ।''[56]

### 1.2.2. ਪਰਿਵਾਰਕ ਪਿਛੋਕੜ

ਰਤਨ ਸਿੰਘ ਕੌਣ ਸੀ ਤੇ ਉਸਦੀ ਕਾਇਆ ਤੇ ਰੂਹ ਕਿਸ ਤਰ੍ਹਾਂ ਪੰਥ ਨਾਲ ਇਕਮਿਕ ਸੀ ਅਤੇ ਕਿਵੇਂ ਉਸ ਦੀ ਪੰਥਕ ਪਿਆਰ ਨਾਲ ਲਬਰੇਜ਼ ਆਤਮਾ ਵਿੱਚੋਂ 'ਗੁਰ ਪੰਥ ਪ੍ਰਕਾਸ਼' ਨਾਮੀ ਗ੍ਰੰਥ ਪ੍ਰਗਟ ਹੋਇਆ, ਇਸ ਦਾ ਪਿਛੋਕੜ ਜਾਣਨਾ ਜ਼ਰੂਰੀ ਹੈ।

ਰਤਨ ਸਿੰਘ ਭੰਗੂ ਅਠਾਰਵੀਂ ਸਦੀ ਦੇ ਪ੍ਰਸਿੱਧ ਜਰਨੈਲ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਪੋਤਰਾ ਸੀ ਤੇ ਕਰੋੜਸਿੰਘੀਆ ਮਿਸਲ ਦੇ ਬਾਨੀ ਸਰਦਾਰ ਸ਼ਾਮ ਸਿੰਘ ਦਾ ਦੋਹਤਰਾ ਸੀ। ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ ਸੈਨਾਪਤਿ (ਕਰਤਾ ਸ੍ਰੀ ਗੁਰੁ ਸੋਭਾ) ਨਾਲ ਵੀ ਆਪ ਦਾ ਸੰਬੰਧ ਜੁੜਦਾ ਸੀ। ਰਤਨ ਸਿੰਘ ਭੰਗੂ ਦਾ ਦਾਦਾ ਸਰਦਾਰ ਮਹਿਤਾਬ ਸਿੰਘ ਅੰਮ੍ਰਿਤਸਰ ਦੇ ਪੱਛਮ ਵਿਚ ਤਿੰਨ ਕੋਹ ਦੂਰੀ 'ਤੇ ਵਸੇ ਪਿੰਡ ਮੀਰਾਂਕੋਟ ਦਾ ਰਹਿਣ ਵਾਲਾ ਸੀ, ਜਿਸਨੇ 1740 ਈ. ਵਿਚ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੰਡਿਆਲੇ ਦੇ ਚੌਧਰੀ ਮੱਸੇ ਰੰਘੜ (ਮਸਾ ਉੱਲਦੀਨ) ਦਾ ਭਾਈ ਸੁੱਖਾ ਸਿੰਘ ਨਾਲ ਰਲ ਕੇ ਸਿਰ ਵੱਢਿਆ ਸੀ।[57]

ਰਤਨ ਸਿੰਘ ਭੰਗੂ ਪੰਥ ਪ੍ਰਕਾਸ਼ ਦੀ ਹੀ ਇਕ ਸਾਖੀ ਵਿਚ ਦਸਦੇ ਹਨ ਕਿ ਜਦ ਮਹਿਤਾਬ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਸੂਬਾ ਲਾਹੌਰ ਵਲੋਂ ਨੂਰਦੀਨ ਦੀ ਕਮਾਨ ਹੇਠ ਭੇਜੀ ਫੌਜ ਨੇ ਮੀਰਾਂਕੋਟ ਨੂੰ ਘੇਰਾ ਪਾਇਆ ਤਾਂ ਉਸ ਦਾ ਪਿਤਾ ਰਾਏ ਸਿੰਘ ਹਾਲੇ ਬਚਪਨ ਵਿਚ ਹੋਣ ਕਰਕੇ ਲੜਾਈ ਵਿਚ ਮਧੋਲਿਆ ਜਾਂਦਾ

[56] ਹੀਰਾ ਸਿੰਘ ਦਰਦ (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ (ਭਾਗ ਪਹਿਲਾ), ਪੰਨਾ 65

[57] ਡਾ. ਗੁਲਜਾਰ ਸਿੰਘ ਕੰਗ, ਸ∙ ਰਤਨ ਸਿੰਘ ਭੰਗੂ, ਨਾਨਕ ਪ੍ਰਕਾਸ਼ ਪੱਤ੍ਰਿਕਾ ਜੂਨ 2007, ਪੰਨਾ 198

ਹੈ। ਮੁਸਲਮਾਨ ਉਸ ਨੂੰ ਮਰਿਆ ਸਮਝ ਕੇ ਛੱਡ ਜਾਂਦੇ ਹਨ ਤਾਂ ਸਾਗ ਤੋੜਨ ਗਈ ਇਕ ਔਰਤ ਉਸ ਨੂੰ ਟੋਕਰੀ ਵਿਚ ਪਾ ਕੇ ਲੈ ਜਾਂਦੀ ਹੈ ਤੇ ਰਾਏ ਸਿੰਘ ਬਚ ਜਾਂਦਾ ਹੈ। ਇਹ ਘਟਨਾ 1745 ਈ.[58] ਦੇ ਨੇੜੇ-ਤੇੜੇ ਦੀ ਹੈ।

ਇਸ ਸਮੇਂ ਹੀ ਮਹਿਤਾਬ ਸਿੰਘ ਦੀ ਸ਼ਹੀਦੀ ਹੁੰਦੀ ਹੈ ਤੇ ਉਸ ਦੀ ਸ਼ਹਾਦਤ ਤੋਂ ਪਿੱਛੋਂ ਉਸ ਦੇ ਸਾਥੀ ਸੁੱਖਾ ਸਿੰਘ ਮਾੜੀ ਕੰਬੋ ਕੀ ਵਾਲੇ ਨੇ ਰਾਏ ਸਿੰਘ ਨੂੰ ਆਪਣਾ ਪੁੱਤਰ ਬਣਾ ਕੇ ਉਸ ਦਾ ਪਾਲਣ-ਪੋਸ਼ਣ ਕੀਤਾ। ਜਦ ਰਾਏ ਸਿੰਘ ਜੁਆਨ ਹੋਇਆ ਤਾਂ ਸੁੱਖਾ ਸਿੰਘ ਨੇ ਸ਼ਾਮ ਸਿੰਘ ਦੀ ਧੀ ਲਛਮੀ ਦੀ ਸ਼ਾਦੀ ਰਾਏ ਸਿੰਘ ਨਾਲ ਕਰਵਾ ਦਿੱਤੀ। ਰਤਨ ਸਿੰਘ ਭੰਗੂ ਇਸ ਸੁਭਾਗੀ ਜੋੜੀ ਤੋਂ ਪੈਦਾ ਹੋਏ ਚਾਰ ਪੁੱਤਰਾਂ ਵਿੱਚੋਂ ਤੀਜੇ ਥਾਂ 'ਤੇ ਸਨ। ਇਵੇਂ ਰਤਨ ਸਿੰਘ ਭੰਗੂ ਜੀ ਦੇ ਦਾਦਾ ਅਤੇ ਨਾਨਾ ਉਨ੍ਹਾਂ ਆਦਰਸ਼ਕ ਸਿੰਘਾਂ ਵਿੱਚੋਂ ਸਨ ਜਿਨ੍ਹਾਂ ਨੇ ਖ਼ਾਲਸਾ ਰਾਜ ਦੀ ਸਥਾਪਨਾ ਅਤੇ ਸਿੱਖ ਸੰਘਰਸ਼ ਵਿਚ ਅਹਿਮ ਭੂਮਿਕਾ ਨਿਭਾਈ ਸੀ। ਪਰਿਵਾਰਕ ਪਿਛੋਕੜ ਵਜੋਂ ਆਪ ਦਾ ਖ਼ਾਨਦਾਨੀ ਸੰਬੰਧ ਜਿੱਥੇ ਬਹਾਦਰ ਸਿੱਖ ਜਰਨੈਲਾਂ ਨਾਲ ਜੁੜਿਆ ਹੋਇਆ ਸੀ, ਉੱਥੇ ਆਪ ਦੇ ਸੰਸਕਾਰ ਵਿਦਵਾਨਾਂ ਪੱਖੋਂ ਗੁਰੂ-ਘਰ ਦੇ ਦਰਬਾਰੀ ਕਵੀ ਸੈਨਾਪਤਿ ਨਾਲ ਜਾ ਜੁੜਦੇ ਹਨ। ਇਸ ਦਾ ਜ਼ਿਕਰ ਰਤਨ ਸਿੰਘ ਭੰਗੂ ਨੇ ਆਪਣੇ ਹਨੂਮਾਨ ਨਾਟਕ ਦੇ ਟੀਕੇ ਵਿੱਚ ਕੀਤਾ ਹੈ।[59] ਇਸ ਤਰ੍ਹਾਂ ਰਤਨ ਸਿੰਘ ਭੰਗੂ ਰਾਏ ਸਿੰਘ ਦੇ ਪੁੱਤਰ, ਮਹਿਤਾਬ ਸਿੰਘ ਦੇ ਪੋਤਰੇ, ਸ਼ਾਮ ਸਿੰਘ ਦੇ ਦੋਹਤੇ ਅਤੇ ਕਵੀ ਸੈਨਾਪਤਿ ਦੀ ਟਕਸਾਲ ਦੇ ਵਿਦਵਾਨ ਸਿੱਖ ਸਨ।

### 1.2.3. ਜੀਵਨ ਅਤੇ ਸ਼ਖ਼ਸੀਅਤ

ਰਤਨ ਸਿੰਘ ਭੰਗੂ ਦਾ ਜਨਮ ਕਿੱਥੇ ਅਤੇ ਕਦੋਂ ਹੋਇਆ? ਇਸ ਬਾਰੇ ਕਿਤੇ ਵੀ ਕੋਈ ਪ੍ਰਮਾਣਿਕ ਇਤਿਹਾਸਕ ਹਵਾਲਾ ਪ੍ਰਾਪਤ ਨਹੀਂ ਹੁੰਦਾ। ਉਸ ਦੇ ਜਨਮ ਬਾਰੇ ਵਿਦਵਾਨਾਂ ਨੇ ਅੰਦਾਜ਼ੇ ਹੀ ਲਾਏ ਹਨ। ਇਕ ਅਨੁਮਾਨ ਦੇ ਮੁਤਾਬਿਕ ਰਤਨ ਸਿੰਘ ਭੰਗੂ ਦਾ ਜਨਮ 1782-1787 ਈ.[60] ਦੇ ਵਿਚਕਾਰ ਮਿਥਿਆ ਜਾ

---

[58] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿੱਲੋਂ (ਸੰਪਾ·), ਸਿੰਘ ਬ੍ਰਦਰਜ਼, ਪੰਨਾ ੳ

[59] ਡਾ. ਗੁਲਜਾਰ ਸਿੰਘ ਕੰਗ, ਸ· ਰਤਨ ਸਿੰਘ ਭੰਗੂ, ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ-2007, ਪੰਨਾ 202

[60] ਡਾ. ਜੀਤ ਸਿੰਘ ਸੀਤਲ (ਸੰਪਾ·), ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ 28

ਸਕਦਾ ਹੈ।

ਬਲਵੰਤ ਸਿੰਘ ਢਿੱਲੋਂ ਪੰਥ ਪ੍ਰਕਾਸ਼ ਦੇ ਸ਼ੁਰੂ ਵਿਚ ਦਸਦੇ ਹਨ ਕਿ ਜਦ ਮਹਾਰਾਜਾ ਰਣਜੀਤ ਸਿੰਘ ਨੇ ਦਰਿਆ ਸਤਲੁਜ ਦੇ ਉੱਤਰ-ਪੱਛਮੀ ਇਲਾਕੇ ਉੱਪਰ ਆਪਣਾ ਪ੍ਰਭਾਵ ਜਮਾਇਆ ਤਾਂ ਭੰਗੂ ਦਾ ਪਰਿਵਾਰ ਮੀਰਾਂਕੋਟ ਨੂੰ ਛੱਡ ਸਰਹੰਦ ਨੇੜੇ ਭੜੀ ਪਿੰਡ ਵਾਲੀ ਜਾਗੀਰ ਵਿਚ ਜਾ ਵਸਿਆ ਸੀ। ਰਤਨ ਸਿੰਘ ਭੰਗੂ ਨੂੰ ਵਿਰਸੇ ਵਿਚ ਕੁਝ ਪਿੰਡਾਂ ਦੀ ਸਰਦਾਰੀ ਵੀ ਮਿਲੀ ਸੀ। ਰਾਇ ਸਿੰਘ ਦਾ ਅਕਾਲ ਚਲਾਣਾ 1809 ਈ. ਵਿਚ ਹੋਇਆ ਦੱਸਿਆ ਜਾਂਦਾ ਹੈ।[61] ਲਗਭਗ ਇਸ ਸਮੇਂ ਹੀ ਰਤਨ ਸਿੰਘ ਭੰਗੂ ਲੁਧਿਆਣੇ ਕਪਤਾਨ ਮਰੇ ਨੂੰ ਮਿਲਦਾ ਹੈ ਤੇ ਉਸ ਨੂੰ ਸਿੱਖ ਇਤਿਹਾਸ ਬਾਰੇ ਸਹੀ ਜਾਣਕਾਰੀ ਦੇਣ ਦਾ ਦਾਅਵਾ ਕਰਦਾ ਹੈ।

ਰਤਨ ਸਿੰਘ ਭੰਗੂ ਦਾ ਜੀਵਨ ਚੰਗੇ ਹਾਲਾਤ ਵਿਚ ਗੁਜਰਿਆ, ਕਿਉਂਕਿ ਚੰਗੀ ਜ਼ਮੀਨ ਜਾਇਦਾਦ ਹੋਣ ਕਰਕੇ ਆਪ ਆਪਣੇ ਸਮੇਂ ਦੇ ਪੜ੍ਹੇ-ਲਿਖੇ ਅਮੀਰ ਸਨ। ਭਾਈ ਸਾਹਿਬ ਸੂਝ-ਬੂਝ ਵਾਲੇ ਗੁਣਵਾਨ ਵਿਅਕਤੀ ਤੇ ਫ਼ਾਰਸੀ ਦੇ ਚੰਗੇ ਵਿਦਵਾਨ ਸਨ। ਉਹਨਾਂ ਦੇ ਜੀਵਨ ਬਾਰੇ ਜਿਆਦਾ ਵੇਰਵੇ ਨਾ ਮਿਲਣ ਕਰਕੇ ਪੰਥ ਪ੍ਰਕਾਸ਼ ਤੋਂ ਹੀ ਉਹਨਾਂ ਦੇ ਜੀਵਨ ਸੰਬੰਧੀ ਸੇਧ ਲਈ ਜਾ ਸਕਦੀ ਹੈ। ਉਨ੍ਹਾਂ ਨੇ ਆਪਣੇ ਬਜ਼ੁਰਗਾਂ ਦੀਆਂ ਰਵਾਇਤਾਂ ਦਾ ਅਧਿਐਨ ਕੀਤਾ ਅਤੇ ਸਿੱਖ ਕਲਾਸਿਕੀ ਸਾਹਿਤ ਤੋਂ ਇਲਾਵਾ ਹਿੰਦੂ ਮਿਥਿਹਾਸ ਰਾਹੀਂ ਹਿੰਦੂ ਮਾਨਸਿਕਤਾ ਦਾ ਡੂੰਘਾ ਅਧਿਐਨ ਕੀਤਾ। ਆਪਣੇ ਬਜ਼ੁਰਗਾਂ ਤੋਂ ਪ੍ਰਸੰਗ ਕਹਾਣੀਆਂ ਦੇ ਰੂਪ ਵਿਚ ਸੁਣੇ। 'ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਆਏ ਗੁਰਬਾਣੀ, ਦਸਮ ਬਾਣੀ (ਖ਼ਾਸ ਕਰ ਬਚਿੱਤਰ ਨਾਟਕ), ਭਾਈ ਗੁਰਦਾਸ ਬਾਣੀ ਅਤੇ ਪੌਰਾਣਿਕ ਹਵਾਲੇ ਉਸ ਦੀ ਵਿਦਵਤਾ ਦੀ ਗਵਾਹੀ ਭਰਦੇ ਹਨ। ਭੰਗੂ ਦੀ ਸ੍ਰੋਤ ਸਮੱਗਰੀ ਵਿਚ ਭਾਰਤੀ ਤੇ ਸਾਮੀ ਰਵਾਇਤਾਂ ਦੇ ਅੰਸ਼ ਵੀ ਸ਼ਾਮਿਲ ਹਨ। ਸਿੰਘਾਂ ਦੀਆਂ ਸ਼ਹੀਦੀਆਂ ਦੇ ਬਿਰਤਾਂਤਾਂ ਵਿੱਚੋਂ ਸਰਦਾਰ ਰਤਨ ਸਿੰਘ ਭੰਗੂ ਦੀ ਕੌਮੀ ਚੇਤਨਾ ਅਤੇ ਦਰਦ/ਪਿਆਰ ਦੇ ਸਾਂਝੇ ਅਨੁਭਵ ਪ੍ਰਤੱਖ ਦਿਸਦੇ ਹਨ, ਜੋ ਭੰਗੂ ਦੀ ਸਖਸ਼ੀਅਤ ਦਾ ਇਕ ਅਹਿਮ ਤੇ ਜ਼ਰੂਰੀ ਅੰਗ ਹਨ।'[62] ਉਨ੍ਹਾਂ ਦਾ ਅਕਾਲ ਚਲਾਣਾ 1846 ਈ.[63]

---

[61] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਪੰਨਾ ਅ

[62] ਗੁਰਮੇਲ ਸਿੰਘ, ਸ੍ਰੀ ਗੁਰ ਪੰਥ ਪ੍ਰਕਾਸ਼: ਸਰਦਾਰ ਰਤਨ ਸਿੰਘ ਭੰਗੂ, ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ-2005, ਪੰਨੇ 253-54

[63] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 794

ਵਿਚ ਹੋਇਆ ਦੱਸਿਆ ਜਾਂਦਾ ਹੈ।

ਭੰਗੂ ਨੇ ਪੰਥ ਪ੍ਰਕਾਸ਼ ਦੀ ਰਚਨਾ ਕਿਸੇ ਇਤਿਹਾਸਕਾਰ ਦੀ ਹੈਸੀਅਤ ਕਰਕੇ ਨਹੀਂ ਕੀਤੀ, ਬਲਕਿ ਇਕ ਸਿੱਖ ਵਜੋਂ ਇਹ ਮਹਿਸੂਸ ਕੀਤਾ ਕਿ ਰਾਜ ਸਥਾਪਤੀ ਦੀ ਮਾਲਕ ਰਹੀ ਸਿੱਖ ਕੌਮ ਅੰਗਰੇਜ਼ਾਂ ਦੇ ਕਬਜ਼ੇ ਉਪਰੰਤ ਅਠਾਰਵੀਂ ਸਦੀ ਦੇ ਪਾਤਸ਼ਾਹੀ ਦਾਅਵੇ ਨੂੰ ਨਾ ਵਿਸਾਰ ਦੇਵੇ। ਇਸ ਲਈ ਉਹ ਆਪਣੀ ਰਾਜਸੀ ਹੋਣੀ ਲਈ ਸੰਘਰਸ਼ ਦੀ ਹਮਾਇਤ ਕਰਦਾ ਹੈ। ਉਸ ਅੰਦਰ ਆਪਣੇ ਰਾਜ ਲਈ ਕੌਮੀ-ਚੇਤਨਾ ਦਾ ਦਰਦ ਹੈ। ਜਿਸ ਨੂੰ ਉਸਨੇ ਪੰਥ ਪ੍ਰਕਾਸ਼ ਰਾਹੀਂ ਪ੍ਰਗਟ ਕੀਤਾ। ਕੁੱਲ ਮਿਲਾ ਕੇ ਭੰਗੂ ਇਕ ਗੰਭੀਰ ਸ਼ਖ਼ਸੀਅਤ ਦਾ ਮਾਲਕ ਸੀ।

### 1.2.4. ਪ੍ਰਾਚੀਨ ਪੰਥ ਪ੍ਰਕਾਸ਼ ਨਾਂ ਕਿਉਂ?

ਸਿੱਖ-ਸਾਹਿਤ ਦੇ ਇਤਿਹਾਸ ਵਿਚ ਰਤਨ ਸਿੰਘ ਭੰਗੂ ਦਾ 'ਸ੍ਰੀ ਗੁਰ ਪੰਥ ਪ੍ਰਕਾਸ਼' ਸਭ ਤੋਂ ਪਹਿਲਾ ਪੰਥ ਪ੍ਰਕਾਸ਼ ਹੈ। ਭਾਈ ਵੀਰ ਸਿੰਘ ਨੇ ਸੰਨ 1914 ਈ.[64] ਵਿਚ ਪਹਿਲੀ ਵਾਰ ਇਸ ਮਹਾਨ ਗ੍ਰੰਥ ਦਾ ਸੰਪਾਦਿਤ ਸੰਸਕਰਣ ਛਾਪਣ ਸਮੇਂ ਇਸ ਦਾ ਨਾਮ 'ਪ੍ਰਾਚੀਨ ਪੰਥ ਪ੍ਰਕਾਸ਼' ਰੱਖਿਆ ਤਾਂ ਕਿ ਇਸ ਨੂੰ ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਨਾਲੋਂ ਨਿਖੇੜਿਆ ਜਾ ਸਕੇ। ਕਿਉਂਕਿ ਇਸ ਗ੍ਰੰਥ ਨੂੰ ਆਧਾਰ ਬਣਾ ਕੇ ਹੀ ਗਿਆਨੀ ਗਿਆਨ ਸਿੰਘ ਨੇ ਆਪਣਾ ਇਕ ਹੋਰ ਪੰਥ ਪ੍ਰਕਾਸ਼ ਗ੍ਰੰਥ ਰਚ ਦਿੱਤਾ ਜਿਸ ਬਾਰੇ ਡਾ. ਗੁਲਜਾਰ ਸਿੰਘ ਕੰਗ ਦਸਦੇ ਹਨ, ''ਗਿਆਨੀ ਗਿਆਨ ਸਿੰਘ ਨਿਵਾਸੀ ਲੌਂਗੋਵਾਲ ਨੇ ਸੰਮਤ 1924 (1867 ਈ.) ਵਿੱਚ 'ਪੰਥ ਪ੍ਰਕਾਸ਼' ਨਾਮ ਹੇਠ ਹੋਰ ਗ੍ਰੰਥ ਦੀ ਸਿਰਜਣਾ ਕੀਤੀ, ਜਿਸ ਦਾ ਪਹਿਲਾ ਐਡੀਸ਼ਨ ਸੰਮਤ 1937 ਬਿ. (1880 ਈ.) ਵਿੱਚ ਪ੍ਰਕਾਸ਼ਿਤ ਹੋਇਆ ਤਾਂ ਸਿੱਖ ਸੰਗਤਾਂ ਵਿੱਚ ਇਹ ਭੁਲੇਖੇ ਪੈਣੇ ਸ਼ੁਰੂ ਹੋ ਗਏ ਕਿ ਦੋ ਪੰਥ ਪ੍ਰਕਾਸ਼ ਕਿਹੜੇ-ਕਿਹੜੇ ਹਨ। ਦੋਵੇਂ ਛੰਦਾ-ਬੰਦੀ ਵਿੱਚ ਲਿਖੇ ਹੋਣ ਕਰਕੇ ਤੇ ਇਹਨਾਂ ਦੋਹਾਂ ਨੂੰ ਇਕ-ਦੂਜੇ ਤੋਂ ਰਲ-ਗਡ ਹੋਣ ਤੋਂ ਬਚਾਉਣ ਲਈ ਭਾਈ ਵੀਰ ਸਿੰਘ ਨੇ ਸ. ਰਤਨ ਸਿੰਘ ਭੰਗੂ ਵਾਲੇ ਪੰਥ ਪ੍ਰਕਾਸ਼ ਨੂੰ 'ਪ੍ਰਾਚੀਨ ਪੰਥ ਪ੍ਰਕਾਸ਼' ਦਾ ਨਾਮ ਦੇ ਦਿੱਤਾ''[65] ਪਰ ਇਸ ਗ੍ਰੰਥ ਵਿਚ ਇਸਦਾ ਪੂਰਾ ਨਾਮ 'ਸ੍ਰੀ ਗੁਰ ਪੰਥ ਪ੍ਰਕਾਸ਼' ਹੀ ਆਇਆ ਹੈ, ਜਿਵੇਂ:

---

[64] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਭੂਮਿਕਾ, ਪੰਨਾ ਅ

[65] ਡਾ· ਗੁਲਜਾਰ ਸਿੰਘ ਕੰਗ, ਸ· ਰਤਨ ਸਿੰਘ ਭੰਗੂ, ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ-2007, ਪੰਨਾ 208

ਤਹਿੰ ਗੁਰ ਪੰਥ ਪ੍ਰਕਾਸ਼ ਗ੍ਰੰਥ ਲਿਖ ਦੋਊ ਕੀਏ ਸੁਧਾਰ॥

*           *           *

ਗੁਰ ਪੰਥ ਪ੍ਰਕਾਸ਼ ਭਯੋ ਯੇਹ ਪੂਰਣ॥

ਭਾਈ ਵੀਰ ਸਿੰਘ ਵੱਲੋਂ ਪੰਥ ਪ੍ਰਕਾਸ਼ ਦੇ ਨਾਂ ਨਾਲ 'ਪ੍ਰਾਚੀਨ' ਸ਼ਬਦ ਜੋੜ ਦੇਣ ਕਰਕੇ ਖੋਜਾਰਥੀਆਂ ਅਤੇ ਵਿਦਵਾਨਾਂ ਵਿਚ ਇਸ ਦਾ ਨਾਂ ਪ੍ਰਾਚੀਨ ਪੰਥ ਪ੍ਰਕਾਸ਼ ਪ੍ਰਚੱਲਿਤ ਹੋ ਗਿਆ।

ਭਾਈ ਰਤਨ ਸਿੰਘ ਭੰਗੂ ਦਾ ਪ੍ਰਾਚੀਨ ਪੰਥ ਪ੍ਰਕਾਸ਼ ਪਹਿਲੀ ਪ੍ਰਕਾਸ਼ ਰਚਨਾ ਹੈ। ਇਸ ਤੋਂ ਬਾਅਦ ਗਿਆਨੀ ਗਿਆਨ ਨੇ ਪੰਥ ਪ੍ਰਕਾਸ਼ ਦੀ ਰਚਨਾ ਕੀਤੀ ਹੈ। 'ਗੁਰਕੀਰਤ ਪ੍ਰਕਾਸ਼' ਕਵੀ ਵੀਰ ਸਿੰਘ ਬਲ ਦੀ ਰਚਨਾ ਹੈ ਤੇ ਇਸ ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ ਅਤੇ ਉਪਕਾਰਾਂ ਉੱਤੇ ਪ੍ਰਕਾਸ਼ ਪਾਇਆ ਗਿਆ ਹੈ।[66] ਸੁਖਬਾਸੀ ਰਾਮ ਬੇਦੀ ਦੀ ਰਚਨਾ ਗੁਰੂ ਨਾਨਕ ਬੰਸ ਪ੍ਰਕਾਸ਼ ਵੀ 'ਪ੍ਰਕਾਸ਼' ਪਰੰਪਰਾ ਦੀ ਹੀ ਰਚਨਾ ਹੈ ਜਿਸ ਵਿਚ ਲੇਖਕ ਨੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਜੀਵਨ, ਵਿਅਕਤਿਤਵ, ਉਨ੍ਹਾਂ ਦੀਆਂ ਉਦਾਸੀਆਂ ਅਤੇ ਸੰਸਾਰਿਕ ਜੀਵਾਂ ਉੱਪਰ ਕੀਤੇ ਉਪਕਾਰਾਂ ਦਾ ਬੜੇ ਸ਼ਰਧਾਮਈ ਢੰਗ ਨਾਲ ਚਿਤਰਨ ਕੀਤਾ ਹੈ।[67] ਕਾਵਿ ਸਾਹਿਤ ਨਾਲ ਸੰਬੰਧਿਤ 'ਕਾਵਿ ਪ੍ਰਕਾਸ਼' ਭਾਰਤੀ ਕਾਵਿ ਸ਼ਾਸਤਰ ਦੀ ਮਹੱਤਵਪੂਰਨ ਰਚਨਾ ਹੈ ਜਿਸ ਦਾ ਰਚੇਤਾ ਆਚਾਰੀਆ ਮੰਮਟ ਹੈ।[68] ਨਵੀਆਂ ਰਚਨਾਵਾਂ ਵਿਚ ਇਕ ਲਘੂ ਰਚਨਾ ਭਾਈ ਦਿੱਤ ਸਿੰਘ ਗਿਆਨੀ ਜੀ ਦੀ 'ਨੀਤੀ ਪ੍ਰਕਾਸ਼' ਵੀ ਮਿਲਦੀ ਹੈ ਜਿਸ ਵਿਚ ਭਲੇ ਅਤੇ ਦੁਸ਼ਟ ਪੁਰਖਾਂ ਦੇ ਸੁਭਾਅ ਨੂੰ ਵੱਖ-ਵੱਖ ਉਦਾਹਰਨਾਂ ਦੇ ਕੇ ਪੇਸ਼ ਕੀਤਾ ਗਿਆ ਹੈ।[69]

### 1.2.5. ਗ੍ਰੰਥ ਰਚਨਾ ਅਤੇ ਪ੍ਰਕਾਸ਼ਨ

ਇਸ ਗ੍ਰੰਥ ਦੀ ਰਚਨਾ ਦੀ ਸ਼ੁਰੂਆਤ ਕਪਤਾਨ ਮਰੇ ਵਲੋਂ ਖ਼ਾਲਸੇ ਦੀ ਰਾਜ ਪ੍ਰਾਪਤੀ ਸੰਬੰਧੀ ਪੁੱਛੇ

---

[66] ਵੀਰ ਸਿੰਘ ਬਲ, ਗੁਰਕੀਰਤ ਪ੍ਰਕਾਸ਼, ਡਾ. ਗੁਰਬਚਨ ਕੌਰ (ਸੰਪਾ.), ਪੰਨਾ 208

[67] ਸੁਖਬਾਸੀ ਰਾਮ ਬੇਦੀ, ਗੁਰੂ ਨਾਨਕ ਬੰਸ ਪ੍ਰਕਾਸ਼, ਡਾ. ਗੁਰਮੁਖ ਸਿੰਘ (ਸੰਪਾ.), ਪੰਨਾ ਭੂਮਿਕਾ

[68] ਆਚਾਰੀਆ ਮੰਮਟ, ਕਾਵਿ ਪ੍ਰਕਾਸ਼, ਰਾਜਿੰਦਰ ਸਿੰਘ ਸ਼ਾਸਤਰੀ (ਅਨੁ.), ਪੰਨਾ 16

[69] ਭਾਈ ਦਿੱਤ ਸਿੰਘ ਜੀ ਗਿਆਨੀ, ਨੀਤੀ ਪ੍ਰਕਾਸ਼, ਪੰਨਾ 7

ਗਏ ਸਵਾਲ ਨਾਲ ਹੁੰਦੀ ਹੈ। ਆਰੰਭ ਤੋਂ ਅੰਤ ਤੱਕ ਉਨ੍ਹਾਂ ਦਾ ਆਪਸੀ ਸੰਵਾਦ ਹੀ ਇਸ ਗ੍ਰੰਥ ਰਚਨਾ ਦਾ ਆਧਾਰ ਹੈ। ਕਪਤਾਨ ਮਰੇ ਵੱਲੋਂ ਪੁੱਛੇ ਅਨੇਕਾਂ ਸਵਾਲ ਜਿਵੇਂ: ਖ਼ਾਲਸੇ ਦੀ ਉਤਪਤੀ, ਰਾਜ ਦੀ ਬਖ਼ਸ਼ਿਸ਼, ਖ਼ਾਲਸਾਈ ਸੰਘਰਸ਼ ਦਾ ਜਜ਼ਬਾ, ਘੱਲੂਘਾਰਿਆਂ ਦੇ ਬਿਰਤਾਂਤ ਅਤੇ ਸ਼ਹਾਦਤਾਂ ਦਾ ਵਰਨਣ ਆਦਿ ਦਾ ਜਵਾਬ ਭੰਗੂ ਕਾਵਿਕ ਸ਼ੈਲੀ ਵਿਚ ਪੇਸ਼ ਕਰਕੇ ਪੰਥ ਪ੍ਰਕਾਸ਼ ਗ੍ਰੰਥ ਨੂੰ ਰੂਪਮਾਨ ਕਰਦਾ ਹੈ। ਡਾ. ਢਿੱਲੋਂ ਦਸਦੇ ਹਨ, 'ਪ੍ਰਸ਼ਨੋਤਰੀ ਦਾ ਇਹ ਸੰਵਾਦ 1809 ਈ. ਵਿੱਚ ਸ਼ੁਰੂ ਹੋਣ ਦੀ ਸੂਹ ਮਿਲਦੀ ਹੈ, ਪਰ ਸੰਵਾਦ ਦਾ ਇਹ ਸਿਲਸਿਲਾ ਕਦੋਂ ਤਕ ਜਾਰੀ ਰਿਹਾ, ਇਸ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ।'[70]

ਰਤਨ ਸਿੰਘ ਭੰਗੂ ਨੇ ਇਸ ਗ੍ਰੰਥ ਵਿਚ ਖ਼ਾਲਸਾ ਸਾਜਣਾ, ਸਿੱਖ ਸੂਰਬੀਰਤਾ ਅਤੇ ਮਹਾਨ ਸ਼ਹਾਦਤਾਂ ਦੇ ਪ੍ਰਸੰਗ ਨੂੰ ਖ਼ਾਲਸਾ ਪੰਥ ਦੇ ਰੂਹਾਨੀ ਆਦਰਸ਼ਾਂ ਨਾਲ ਜੋੜਿਆ ਹੈ। ਇਸ ਤੋਂ ਇਲਾਵਾ ਬਿਖੜੇ ਸਮੇਂ ਵਿਚ ਸਿੱਖ ਕਿਰਦਾਰ ਦੀਆਂ ਉਚਾਈਆਂ ਦੇ ਅਨੇਕਾਂ ਪ੍ਰਸੰਗਾਂ ਨੂੰ ਆਪਣੀ ਕਾਵਿਕ ਛੋਹ ਦਿੱਤੀ ਹੈ। ਖ਼ਾਲਸੇ ਦੇ ਬੇਅੰਤ ਮੁਸ਼ਕਲਾਂ ਭਰੇ ਸੰਘਰਸ਼ ਤੋਂ ਬਾਅਦ, ਖ਼ਾਲਸਾ ਰਾਜ ਸਥਾਪਤੀ ਦਾ ਜ਼ਿਕਰ ਕਰਦਿਆਂ ਰਤਨ ਸਿੰਘ ਭੰਗੂ ਸਮਾਪਤੀ ਤੇ ਗ੍ਰੰਥ ਲਿਖਣ ਦਾ ਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਸਦਾ ਹੈ ਜਿੱਥੇ ਆਪਣੇ ਨਾਨੇ ਸ਼ਾਮ ਸਿੰਘ ਦੇ ਬੁੰਗੇ ਵਿਚ ਬੈਠ ਕੇ ਇਸ ਨੂੰ ਪੂਰਾ ਕੀਤਾ:

ਗਿਰਯੋ ਪੁਰਾਣੋ ਹੁਇ ਬੁੰਗੋ ਸ਼ਯਾਮ ਸਿੰਘ ਜੋ ਵਾਰ।
ਤਹਿਂ ਗੁਰ ਪੰਥ ਪ੍ਰਕਾਸ਼ ਗ੍ਰੰਥ ਲਿਖ ਦੋਊ ਕੀਏ ਸੁਧਾਰ॥[71]

ਗ੍ਰੰਥ ਦੇ ਸੰਪੂਰਨ ਹੋਣ ਉਪਰੰਤ ਲੇਖਕ ਗੁਰੂ ਰਾਮਦਾਸ ਜੀ ਦੀ ਅਪਾਰ ਕਿਰਪਾ ਦਾ ਧੰਨਵਾਦ ਕਰਦਾ ਹੋਇਆ ਇਸ ਦੀ ਸੰਪੂਰਨਤਾ ਦਾ ਸਾਲ ਸੰਮਤ ਬਿਕ੍ਰਮੀ 1898(1841 ਈ.) ਬਿਆਨ ਕਰਦਾ ਹੈ:

ਬਿਕ੍ਰਮ ਬਸੁ ਗ੍ਰਹਿ ਅਹਿ ਸਸੀ ਬੀਤਤ ਭਏ ਸੁ ਸਾਲ।[72]

ਪ੍ਰਕਾਸ਼ਿਤ ਰੂਪ ਵਿਚ ਇਸ ਨੂੰ ਸਭ ਤੋਂ ਪਹਿਲਾਂ ਭਾਈ ਵੀਰ ਸਿੰਘ ਨੇ ਇਕ ਲਿਖਤੀ ਨੁਸਖ਼ੇ ਤੋਂ

---

[70] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਪੰਨਾ ੲ

[71] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 378

[72] ਉਹੀ, ਪੰਨਾ 379

ਉਤਾਰਾ ਕਰਕੇ 1914 ਈ. ਵਿਚ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਤੋਂ ਛਪਵਾਇਆ। ਉਨ੍ਹਾਂ ਨੇ ਇਸ ਖਰੜੇ ਵਿਚ ਗਲਤ ਪਾਠ ਨੂੰ ਸੋਧਿਆ, ਵਾਧੂ ਲੱਭੇ ਪਾਠਾਂ ਨੂੰ ਫੁੱਟ-ਨੋਟਾਂ ਵਿਚ ਦਰਜ ਕਰਕੇ ਬਹੁਤ ਮਿਹਨਤ ਨਾਲ ਸੰਪਾਦਿਤ ਕੀਤਾ। ਪਰ ਫਿਰ ਵੀ ਉਨ੍ਹਾਂ ਨੇ ਆਪਣੀ ਭੂਮਿਕਾ ਵਿਚ ਇਸ ਨੂੰ ਹੋਰ ਦਰੁਸਤੀ ਦਾ ਮੁਥਾਜ ਦੱਸਿਆ ਹੈ। ਇਸ ਪਿੱਛੋਂ ਡਾ. ਜੀਤ ਸਿੰਘ ਸੀਤਲ ਨੇ ਇਸ ਗ੍ਰੰਥ ਨੂੰ 'ਸ੍ਰੀ ਗੁਰ ਪੰਥ ਪ੍ਰਕਾਸ਼' ਦੇ ਨਾਂ ਹੇਠ ਸੰਪਾਦਿਤ ਕਰਕੇ ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਤੋਂ ਪਹਿਲੀ ਵਾਰ ਸਤੰਬਰ 1984 ਈ. ਵਿਚ ਛਪਵਾਇਆ। ਕੋਈ ਹੱਥ-ਲਿਖਤ ਨਾ ਲੱਭਣ ਕਾਰਨ ਉਨ੍ਹਾਂ ਨੇ ਭਾਈ ਵੀਰ ਸਿੰਘ ਵਾਲੇ ਪੁਸਤਕ ਪਾਠ ਨੂੰ ਹੀ ਆਧਾਰ ਬਣਾ ਕੇ ਲੋੜੀਂਦੀਆਂ ਸ਼ੁੱਧੀਆਂ ਤੇ ਸੋਧਾਂ ਕਰਕੇ ਸੰਪਾਦਨਾ ਕੀਤੀ। ਇਸ ਗ੍ਰੰਥ ਦਾ ਤੀਜਾ ਪ੍ਰਕਾਸ਼ਨ ਬੁੱਢਾ ਦਲ ਦੇ ਜਥੇਦਾਰ ਸੰਤਾ ਸਿੰਘ ਨੇ ਦੋ ਜਿਲਦਾਂ ਵਿਚ ਭਾਈ ਚਤਰ ਸਿੰਘ, ਜੀਵਨ ਸਿੰਘ, ਅੰਮ੍ਰਿਤਸਰ ਤੋਂ 2000 ਈ. ਵਿਚ ਪ੍ਰਕਾਸ਼ਿਤ ਕਰਵਾਇਆ। ਇਸ ਦਾ ਆਧਾਰ ਵੀ ਭਾਈ ਵੀਰ ਸਿੰਘ ਵਾਲਾ ਪਾਠ ਹੈ ਤੇ ਇਸ ਵਿਚ ਇਕ ਫ਼ਰਕ ਹੈ ਕਿ ਹਰ ਇਕ ਬੰਦ ਦੀ ਸਰਲ ਅਰਥ ਤੇ ਵਿਆਖਿਆ ਵੀ ਨਾਲ ਹੀ ਦਿੱਤੀ ਗਈ ਹੈ। ਇਸ ਦਾ ਚੌਥਾ ਖ਼ੂਬਸੂਰਤ ਪ੍ਰਕਾਸ਼ਿਤ ਰੂਪ ਡਾ. ਬਲਵੰਤ ਸਿੰਘ ਢਿੱਲੋਂ ਦੁਆਰਾ ਸੰਪਾਦਿਤ ਕੀਤਾ 'ਸ੍ਰੀ ਗੁਰ ਪੰਥ ਪ੍ਰਕਾਸ਼' ਹੈ, ਜਿਸ ਨੂੰ ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ ਨੇ ਅਪ੍ਰੈਲ 2004 ਵਿਚ ਪਹਿਲੀ ਵਾਰ ਪ੍ਰਕਾਸ਼ਿਤ ਕੀਤਾ ਹੈ। ਇਸ ਵਿਚ ਪਾਠ ਭੇਦਾਂ, ਸਾਖੀ ਸਿਰਲੇਖ, ਸਾਖੀ ਤਰਤੀਬ, ਅਧੂਰੇ ਛੰਦਾਂ ਦੀ ਪੂਰਤੀ, ਪਾਠ ਭੇਦਾਂ ਦੇ ਫੁੱਟ ਨੋਟ, ਹਵਾਲਿਆਂ ਆਦਿ ਨੂੰ ਬਹੁਤ ਮਿਹਨਤ ਕਰਕੇ ਸੋਧੇ ਹੋਏ ਰੂਪ ਵਿਚ ਸੰਪਾਦਿਤ ਕੀਤਾ ਗਿਆ ਹੈ। ਇਸ ਦੀ ਪ੍ਰਕਾਸ਼ਨਾ ਦੀ ਖ਼ੂਬਸੂਰਤੀ ਪਾਠਕ ਦਾ ਧਿਆਨ ਖਿੱਚਦੀ ਹੈ।

### 1.2.6. ਆਧਾਰ-ਸਮੱਗਰੀ

ਸ੍ਰੀ ਗੁਰ ਪੰਥ ਪ੍ਰਕਾਸ਼ ਲਿਖਣ ਲਈ ਰਤਨ ਸਿੰਘ ਭੰਗੂ ਨੇ ਬਹੁਤੀ ਜਾਣਕਾਰੀ ਆਪਣੇ ਬਜ਼ੁਰਗਾਂ ਤੋਂ ਪ੍ਰਾਪਤ ਕੀਤੀ ਹੈ ਕਿਉਂਕਿ ਉਸ ਦੇ ਵਡੇਰੇ ਖ਼ਾਲਸਾ ਸੰਘਰਸ਼ ਦੇ ਮੋਢੀ ਜਥੇਦਾਰਾਂ ਵਿੱਚੋਂ ਸਨ। ਉਸ ਨੇ ਆਪਣੇ ਪਰਿਵਾਰਾਂ, ਸ਼ਹੀਦ ਪਰਿਵਾਰਾਂ ਦੇ ਅੰਸ਼ਾਂ ਅਤੇ ਗੁਰਸਿੱਖਾਂ ਤੋਂ ਪ੍ਰਾਪਤ ਮੌਖਿਕ ਜਾਣਕਾਰੀ ਨੂੰ ਇਤਿਹਾਸ ਬਣਾ ਦਿੱਤਾ। ਇਸ ਤੋਂ ਇਲਾਵਾ ਉਸ ਨੇ ਸਿੱਖਾਂ ਦੇ ਮੁੱਢਲੇ ਗ੍ਰੰਥਾਂ, ਜਨਮ-ਸਾਖੀਆਂ ਆਦਿ ਦਾ ਅਧਿਐਨ ਕਰਕੇ ਲਿਖਤੀ ਤੇ ਮੌਖਿਕ ਦੋਨੋਂ ਤਰ੍ਹਾਂ ਦੇ ਸ੍ਰੋਤਾਂ ਨੂੰ ਆਧਾਰ ਬਣਾਇਆ ਹੈ।

### 1.2.6.1. ਲਿਖਤੀ ਸ੍ਰੋਤ

ਭੰਗੂ ਨੇ ਗੁਰ ਇਤਿਹਾਸ ਲਿਖਣ ਲਈ ਮੁੱਖ ਤੌਰ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦਸਮ ਗ੍ਰੰਥ, ਭਾਈ ਗੁਰਦਾਸ ਦੀਆਂ ਰਚਨਾਵਾਂ, ਜਨਮਸਾਖੀ ਪਰੰਪਰਾ ਤੇ ਗੁਰਬਿਲਾਸ ਪਾਤਸ਼ਾਹੀ ਦਸਵੀਂ (ਕ੍ਰਿਤ ਭਾਈ ਸੁੱਖਾ ਸਿੰਘ) ਨੂੰ ਆਧਾਰ ਬਣਾਇਆ ਹੈ। ਉਦਾਹਰਨ ਵਜੋਂ ਜਿਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ ਆਦਮੀ ਦੀ ਉਮਰ ਦੇ ਪੜਾਅ ਬਾਰੇ ਜਾਣਕਾਰੀ ਦਿੰਦਾ ਹੈ:

ਕਹੀ ਬੰਦੈ ਮਧ ਗੁਰ ਗ੍ਰੰਥ ਬਾਣੀ। ਸੱਤ੍ਰਨ ਮੈਂ ਮਤਹੀਣ ਬਖਾਣੀ।[73]

ਗੁਰ ਇਤਿਹਾਸ ਬਾਰੇ ਭੰਗੂ ਬਹੁਤੀ ਜਾਣਕਾਰੀ ਸਿੱਖ ਲਿਖਤਾਂ ਤੋਂ ਪ੍ਰਾਪਤ ਕਰਦਾ ਹੈ। ਉਸਨੇ ਗੁਰੂ ਸਾਹਿਬ ਨਾਲ ਸੰਬੰਧਿਤ ਬਹੁਤ ਸਾਰੇ ਪ੍ਰਸੰਗਾਂ ਦੀ ਮੁੱਢਲੀ ਜਾਣਕਾਰੀ ਜਨਮ-ਸਾਖੀਆਂ ਤੋਂ ਹੀ ਪ੍ਰਾਪਤ ਕੀਤੀ ਹੈ ਕਿਉਂਕਿ ਕਈ ਥਾਂ ਉਹ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਲੈਣ ਲਈ ਜਨਮ-ਸਾਖੀਆਂ ਪੜ੍ਹਨ ਦੀ ਸਲਾਹ ਦਿੰਦਾ ਹੈ:

ਜਨਮ ਸਾਖੀ ਪੁਰਾਤਨੈ ਦੇਖੋ ਜਿਸ ਹੁਇ ਚਾਹਿ॥[74]

ਗੁਰੂ ਨਾਨਕ ਸਾਹਿਬ ਜੀ ਦੀਆਂ ਉਦਾਸੀਆਂ ਦੌਰਾਨ ਹੋਏ ਵਾਰਤਾਲਾਪਾਂ ਨੂੰ ‘ਗੋਸ਼ਟਾਂ’ ਦੱਸ ਕੇ ਆਧਾਰ-ਸਮੱਗਰੀ ਨਾਲ ਜਾਣ ਪਛਾਣ ਅਚੇਤ ਹੀ ਕਰਵਾ ਦਿੰਦਾ ਹੈ:

ਗੋਸਟਨ ਕੋ ਔ ਸਾਖੀ ਭਾਇ

ਨਹ ਮੂਰਖ ਕੇ ਸਮਝਤ ਥਾਇ॥[75]

ਇਸ ਤੋਂ ਇਲਾਵਾ ਪ੍ਰਾਚੀਨ ਸਿੱਖ ਗ੍ਰੰਥਾਂ ਨੂੰ ਵੀ ਆਪਣੀ ਲਿਖਤੀ ਆਧਾਰ ਸਮੱਗਰੀ ਵਜੋਂ ਵਰਤਿਆ ਹੈ। ਕਈ ਸਾਖੀਆਂ ਦੇ ਅੰਤ ਵਿਚ ਉਸ ਨੇ ਪਾਠਕਾਂ ਦੇ ਅਧਿਐਨ ਲਈ ਸ੍ਰੋਤ-ਗ੍ਰੰਥ ਦਾ ਸਪਸ਼ਟ ਜ਼ਿਕਰ ਕੀਤਾ ਹੈ ਜਿਸ ਤਰ੍ਹਾਂ:

---

[73] ਉਹੀ, ਪੰਨਾ 116

[74] ਉਹੀ, ਪੰਨਾ 11

[75] ਉਹੀ, ਪੰਨਾ 16

ਗੁਰ ਬਿਲਾਸ ਮਧ ਉਨ ਬਹੁ ਕਹੀ।

ਸੋਇ ਕਹੂੰ ਮੈਂ ਜੁ ਉਸਤੈ ਰਹੀ।[76]

### 1.2.6.2. ਮੌਖਿਕ ਸ੍ਰੋਤ

ਬੰਦਾ ਸਿੰਘ ਬਹਾਦਰ ਦੇ ਮੁਗ਼ਲਾ ਨਾਲ ਸੰਘਰਸ਼[77] ਤੇ ਉਸ ਤੋਂ ਪਿਛਲੇਰੇ ਕਾਲ ਦੇ ਇਤਿਹਾਸ ਨੂੰ ਕਲਮਬੰਦ ਕਰਨ ਲਈ ਰਤਨ ਸਿੰਘ ਭੰਗੂ ਨੇ ਮੌਖਿਕ ਇਤਿਹਾਸ ਦਾ ਸਹਾਰਾ ਲਿਆ ਹੈ। ਮੌਖਿਕ ਇਤਿਹਾਸ ਬਾਰੇ ਗੁਰਬਚਨ ਸਿੰਘ ਨਈਅਰ ਆਪਣੀ ਕਿਤਾਬ 'ਮੌਖਿਕ ਇਤਿਹਾਸ' ਦੀ ਭੂਮਿਕਾ ਵਿਚ ਲਿਖਦਾ ਹੈ ਕਿ ''ਮੌਖਿਕ ਇਤਿਹਾਸ ਜਦੋਂ ਵਾਸਤਵਿਕਤਾ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਤਾਂ ਸਹੀ ਅਰਥਾਂ ਵਿੱਚ ਉਸ ਦਾ ਲਿਖਤੀ ਰੂਪ ਪੇਸ਼ ਕੀਤਾ ਜਾਂਦਾ ਹੈ। ਪ੍ਰਮਾਣਿਕ ਮੌਖਿਕ ਗਵਾਹੀ ਅਸਲ ਵਿੱਚ ਪ੍ਰਮਾਣਿਕ ਲਿਖਤੀ ਇਤਿਹਾਸ ਹੈ।''[78]

ਭੰਗੂ ਦੇ ਦਾਦਕੇ ਤੇ ਨਾਨਕੇ ਪਰਿਵਾਰਾਂ ਦੇ ਬਹੁਤੇ ਰਿਸ਼ਤੇਦਾਰਾਂ ਨੇ ਅਠਾਰਵੀਂ ਸਦੀ ਦੇ ਸਿੱਖ ਸੰਘਰਸ਼ ਨੂੰ ਆਪਣੇ ਹੱਡੀ ਹੰਢਾਇਆ ਸੀ। ਉਸ ਦਾ ਦਾਦਾ, ਨਾਨਾ, ਮਾਤਾ, ਪਿਤਾ, ਚਾਚਾ, ਤਾਇਆ, ਫੁੱਫੜ ਆਦਿ ਇਸ ਸੰਘਰਸ਼ ਦੇ ਚਸ਼ਮਦੀਦ ਗਵਾਹ ਸਨ। ਬਾਬਾ ਬੰਦਾ ਸਿੰਘ ਤੇ ਉਸ ਤੋਂ ਬਾਅਦ ਦੇ ਕਾਲ ਲਈ ਮੌਖਿਕ ਇਤਿਹਾਸ ਦਾ ਸਹਾਰਾ ਆਪਣੇ ਵਡੇਰਿਆਂ ਤੋਂ ਲੈਂਦਾ ਹੈ:

ਅਬ ਮੈਂ ਲਿਖੋਂ ਸਿੰਘਨ ਕੀ ਸਾਖੀ। ਜਿਹ ਬਿਧ ਬਡਨ ਅਸਾਡਨ ਆਖੀ।

ਔਰ ਪੁਰਾਤਨ ਤੇ ਭੀ ਸੁਨੀ। ਹੁਤੇ ਜੁ ਬਿਰਧ ਸਿੱਖ ਬਹੁਗੁਨੀ।[79]

ਬਲਵੰਤ ਸਿੰਘ ਢਿੱਲੋਂ ਪੰਥ ਪ੍ਰਕਾਸ਼ ਦੀ ਭੂਮਿਕਾ ਵਿਚ ਰਤਨ ਸਿੰਘ ਨੂੰ ਪ੍ਰਾਪਤ ਹੋਈ ਮੌਖਿਕ ਜਾਣਕਾਰੀ ਦੀ ਪੁਸ਼ਟੀ ਕਰਦੇ ਦਸਦੇ ਹਨ ਕਿ ਲੇਖਕ ਨੂੰ ਪਰਿਵਾਰ ਦੇ ਵਡੇਰਿਆਂ ਤੋਂ ਇਲਾਵਾ ਸੰਕਟ ਤੇ ਸੰਘਰਸ਼ ਦੀ ਭੱਠੀ ਵਿੱਚੋਂ ਨਿਕਲੇ ਬਿਰਧ ਸਿੰਘਾਂ ਨੂੰ ਨਿੱਜੀ ਤੌਰ 'ਤੇ ਮਿਲਣ ਦਾ ਮੌਕਾ ਹੀ ਨਹੀਂ ਸੀ ਮਿਲਿਆ

---

[76] ਉਹੀ, ਪੰਨਾ 28

[77] ਡਾ. ਬਲਵੰਤ ਸਿੰਘ ਢਿੱਲੋਂ, ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ, ਪੰਨਾ 9

[78] ਗੁਰਬਚਨ ਸਿੰਘ ਨਈਅਰ, ਮੌਖਿਕ ਇਤਿਹਾਸ (ਮੁੱਢਲੀਆਂ ਸਿੱਖ ਲਿਖਤਾਂ ਦੇ ਸੰਦਰਭ ਵਿੱਚ), ਪੰਨਾ 9

[79] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 1

ਬਲਕਿ ਇਤਿਹਾਸ ਦੀਆਂ ਬਹੁਤ ਸਾਰੀਆਂ ਯਾਦਾਂ ਜੋ ਉਨ੍ਹਾਂ ਦੇ ਸੀਨੇ ਵਿੱਚ ਸੰਭਾਲੀਆਂ ਸਨ, ਸੁਣਨ ਦਾ ਅਵਸਰ ਵੀ ਮਿਲਿਆ ਸੀ।[80]

ਭਾਵੇਂ ਮੌਖਿਕ ਜਾਣਕਾਰੀ ਮਿਲਣ ਤੋਂ ਬਾਅਦ ਡੂੰਘੀ ਪੁੱਛ-ਪੜਤਾਲ ਕਰਕੇ ਹੀ ਰਤਨ ਸਿੰਘ ਪ੍ਰਸੰਗਾਂ ਨੂੰ ਲਿਖਤੀ ਰੂਪ ਦਿੰਦਾ ਹੈ ਪਰ ਫਿਰ ਵੀ ਕਈ ਥਾਂ ’ਤੇ ਪਾਠਕਾਂ ਨੂੰ ‘ਭੂਲ ਹਮਾਰੀ ਬਖਸ਼ੀਓ’ ਭਾਵ ਹੋਈਆਂ ਭੁੱਲਾਂ ਬਖ਼ਸ਼ਣ ਲਈ ਕਹਿੰਦਾ ਹੈ। ਕਈ ਥਾਂ ਉਸਨੇ ਆਪਣੇ ਅਨੁਭਵ ਨੂੰ ਵੀ ਲਿਖਤ ਵਿਚ ਸ਼ਾਮਲ ਕੀਤਾ ਹੈ ਜਿਵੇਂ ‘ਕਿਛ ਸੁਨਿਕੈ ਕਿਛ ਅਨੁਭਵ ਲਹੀ’। ਜਿਸ ਨਾਲ ਉਸ ਦੀ ਲਿਖਤ ਕਾਵਿ ਕਲਪਨਾ ਨਾਲ ਲਬਰੇਜ਼ ਹੋ ਕੇ ਪਾਠਕ ਦੇ ਮਨ ਨੂੰ ਧੂਹ ਪਾਉਂਦੀ ਹੈ।

### 1.2.7. ਗ੍ਰੰਥ ਲਿਖਣ ਦਾ ਕਾਰਨ

ਸ੍ਰੀ ਗੁਰ ਪੰਥ ਪ੍ਰਕਾਸ਼ ਦੀ ਰਚਨਾ ਕਿਵੇਂ ਹੋਈ, ਇਸ ਬਾਰੇ ਰਤਨ ਸਿੰਘ ਭੰਗੂ ਪੰਥ ਪ੍ਰਕਾਸ਼ ਦੇ ਸ਼ੁਰੂ ਵਿਚ ਹੀ ਵਿਸਥਾਰ ਨਾਲ ਜ਼ਿਕਰ ਕਰਦਾ ਹੈ। ਅਠਾਰਵੀਂ ਸਦੀ ਦੇ ਅੰਤ ਤੱਕ ਅੰਗਰੇਜ਼ਾਂ ਨੇ ਉੱਤਰੀ ਭਾਰਤ ਦੇ ਵੱਡੇ ਹਿੱਸੇ ’ਤੇ ਕਬਜ਼ਾ ਕਰ ਲਿਆ ਤਾਂ ਉਹਨਾਂ ਦੀ ਸਿੱਧੀ ਟੱਕਰ ਸਿੱਖਾਂ ਨਾਲ ਹੋਣੀ ਸੁਭਾਵਿਕ ਸੀ। ਅੰਗਰੇਜ਼ ਖ਼ਾਲਸਾ ਰਾਜ ਦੀ ਤਾਕਤ, ਜਜ਼ਬੇ ਅਤੇ ਸੂਰਬੀਰਤਾ ਤੋਂ ਪ੍ਰਭਾਵਿਤ ਸਨ। ਇਸ ਲਈ ਉਹਨਾਂ ਨੇ ਸਿੱਖਾਂ ਦੇ ਇਤਿਹਾਸਕ, ਮਾਨਸਿਕ, ਰਾਜਨੀਤਿਕ, ਸੱਭਿਆਚਾਰਕ ਵਿਰਸੇ ਤੇ ਮਾਨਤਾਵਾਂ ਦਾ ਗਿਆਨ ਪ੍ਰਾਪਤ ਕਰਨ ਲਈ ਸਿੱਖਾਂ ਦੇ ਧਰਮ ਤੇ ਇਤਿਹਾਸ ਬਾਰੇ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਜਿਸ ਬਾਰੇ ਡਾ. ਬਲਵੰਤ ਸਿੰਘ ਢਿੱਲੋਂ ਦਸਦੇ ਹਨ ਕਿ ‘ਅੰਗਰੇਜ਼ਾਂ ਨੇ 1805 ਈ. ਵਿੱਚ ਸਿੱਖਾਂ ਬਾਰੇ ਵਾਕਫ਼ੀਅਤ ਇਕੱਠੀ ਕਰਨ ਲਈ ਡੇਵਿਡ ਅਖ਼ਤਰ ਲੋਨੀ ਦੀ ਲੁਧਿਆਣਾ ਵਿਖੇ ਏਜੰਸੀ ਸਥਾਪਿਤ ਕਰਕੇ ਖ਼ੁਸ਼ਵਕਤ ਰਾਇ ਨੂੰ ਸਿੱਖਾਂ ਦਾ ਇਤਿਹਾਸ ਲਿਖਣ ਲਈ ਲਾਇਆ। ਜਦ ਕੈਪਟਨ ਮਰੇ ਸਿੱਖ ਇਲਾਕੇ ਦਾ ਏਜੰਟ ਮੁਕਰਰ ਹੋਇਆ ਤਾਂ ਉਸ ਨੇ ਆਪਣੇ ਮੁਨਸ਼ੀ ਮੌਲਵੀ ਬੂਟੇ ਸ਼ਾਹ ਨੂੰ ਸਿੱਖਾਂ ਦਾ ਵਿਸਥਾਰ ਸਹਿਤ ਇਤਿਹਾਸ ਲਿਖਣ ਦਾ ਕੰਮ

[80] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਪੰਨਾ ਸ

ਸੌਂਪਿਆ।'[81] ਪਰ ਭੰਗੂ ਨੂੰ ਪੂਰਾ ਵਿਸ਼ਵਾਸ ਸੀ ਕਿ ਮੁਸਲਮਾਨ ਇਤਿਹਾਸਕਾਰ ਸਿੱਖਾਂ ਨਾਲ ਨਿਆਂ ਨਹੀਂ ਕਰੇਗਾ ਕਿਉਂਕਿ ਸਿੱਖਾਂ ਦੀ ਮੁਸਲਮਾਨਾਂ ਨਾਲ ਰਾਜਸੀ ਟੱਕਰ ਰਹੀ ਸੀ। ਭੰਗੂ ਨੇ ਆਪਣਾ ਗਿਲਾ ਕਪਤਾਨ ਮਰੇ ਅੱਗੇ ਰੱਖਿਆ:

ਉਸੀ ਕਚਹਿਰੀ ਹਮ ਥੇ ਗਏ। ਸੁਨ ਯਹ ਬਾਤ ਸੁਚਿੰਤਤ ਭਏ

ਯਹ ਮੌਲਵੀ ਹੈ ਮੁਸਲਮਾਨ। ਕਬ ਸਿੱਖਨ ਜਸ ਕਰੈ ਬਖਾਨ।[82]

ਮੌਲਵੀ ਦੀ ਲਿਖਤ ਨੂੰ ਰਤਨ ਸਿੰਘ ਨੇ ਦੇਖਿਆ/ਵਾਚਿਆ ਤਾਂ ਪਤਾ ਲੱਗਾ ਕਿ ਉਸਨੇ ਖ਼ਾਲਸੇ ਦੇ ਰੂਹਾਨੀ ਫੈਲਾਅ ਅਤੇ ਸੰਘਰਸ਼ ਨੂੰ ਸਹੀ ਰੂਪ ਵਿਚ ਪੇਸ਼ ਨਹੀਂ ਕੀਤਾ, 'ਇਨ ਗਲ ਖਾਲਸੈ ਕਹੀ ਨ ਸਾਰੀ।'[83] ਉਸ ਨੇ ਖ਼ਾਲਸੇ ਦੀ ਅਸਲ ਗਾਥਾ ਕੈਪਟਨ ਮਰੇ ਨੂੰ ਦੱਸਣ ਲਈ ਪੰਥ ਪ੍ਰਕਾਸ਼ ਦੀ ਰਚਨਾ ਆਰੰਭੀ।

ਅੰਗਰੇਜ਼ਾਂ ਨੂੰ ਪਤਾ ਲੱਗਾ ਕਿ ਦਿੱਲੀ ਦੀ ਮੁਗ਼ਲ ਹਕੂਮਤ ਨੇ ਸਿੱਖਾਂ ਨੂੰ ਰਾਜ ਦਿੱਤਾ ਨਹੀਂ ਬਲਕਿ ਸਿੱਖਾਂ ਨੇ ਤਾਕਤ ਨਾਲ ਖੋਹਿਆ ਹੈ। ਅੰਗਰੇਜ਼ ਜਰਨੈਲ ਅਖਤਰ ਲੋਨੀ, ਸਿੰਘਾਂ ਦੀ ਇਸ ਰਾਜਸੀ ਭਾਵਨਾ ਤੇ ਸ਼ਕਤੀ ਤੋਂ ਬੇਚੈਨ ਹੋ ਗਿਆ। ਉਸ ਨੇ ਕਪਤਾਨ ਮਰੇ ਨੂੰ ਬੁਲਾ ਕੇ ਕਿਹਾ ਕਿ ਇਸ ਗੱਲ ਦੀ ਪੜਤਾਲ ਕਰੋ ਕਿ ਸਿੰਘਾਂ ਨੂੰ ਸ਼ੁਰੂ ਤੋਂ (ਆਦਿ ਤੋਂ) ਰਾਜ ਕਿਵੇਂ ਪ੍ਰਾਪਤ ਹੋਇਆ ਹੈ:

ਤਿਸਕੋ ਕਹਯੋ ਜ੍ਰਨੈਲ ਬੁਲਾਇ।

ਬਹਾਇ ਪਾਸ ਉਸ ਖ਼ੂਬ ਸਮਝਾਇ।

'ਸਿੰਘਨ ਕੀ ਉਤਪਤੀ ਲਿਖਾਯੋ।

ਜਿਸ ਕਰ ਖਾਲਸੋ ਰਾਜ ਆਦ ਪਾਯੋ॥[84]

ਇਸ ਸੁਆਲ ਦਾ ਜੁਆਬ ਲੱਭਣ ਲਈ ਕਪਤਾਨ ਮਰੇ ਨੇ ਰਤਨ ਸਿੰਘ ਭੰਗੂ ਤੋਂ ਇਤਿਹਾਸ ਦੀ

---

[81] ਉਹੀ, ਪੰਨਾ ਹ

[82] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 5

[83] ਉਹੀ, ਪੰਨਾ 5

[84] ਉਹੀ, ਪੰਨਾ 4

ਜਾਣਕਾਰੀ ਲੈ ਕੇ ਪੁੱਛਣਾ ਚਾਹਿਆ ਕਿ 'ਸਿੰਘਨ ਪਾਯੋ ਰਾਜ ਕਿਮ ਔ ਦੀਨੋ ਕਿਨ ਪਾਤਿਸ਼ਾਹੁ॥'[85] ਅੰਗਰੇਜ਼ ਹਾਕਮਾਂ ਨੂੰ ਇਹ ਪ੍ਰਸ਼ਨ ਵਾਰ-ਵਾਰ ਪ੍ਰੇਸ਼ਾਨ ਕਰ ਰਹੇ ਸਨ ਕਿ ਖ਼ਾਲਸੇ ਨੇ ਕਿਵੇਂ ਬਾਦਸ਼ਾਹ ਦੇ ਸੂਬੇ ਮਾਰ ਲਏ ਤੇ ਹਕੂਮਤ ਕਿਵੇਂ ਪਰਜਾ ਤੋਂ ਹਾਰ ਗਈ:

ਕਿਮ ਕਰ ਜੱਟਨ ਸ਼ਾਹਿ ਸੂਬੇ ਮਾਰੇ।

ਸ਼ਾਹਿ ਰੱਯਤ ਤੇ ਕਿਮ ਕਰ ਹਾਰੇ।[86]

ਉਪਰੋਕਤ ਮੁੱਦਿਆਂ ਦੇ ਸੁਆਲਾਂ ਜੁਆਬਾਂ ਨੂੰ ਹੀ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਮੁਖਾਤਿਬ ਹੋ ਕੇ ਭੰਗੂ ਦੀ ਕੈਪਟਨ ਮਰੇ ਨਾਲ ਲੰਮੀ ਵਿਚਾਰ ਚਰਚਾ ਹੁੰਦੀ ਹੈ। ਅੰਗਰੇਜ਼ ਹਾਕਮ ਖ਼ਾਲਸਾ ਸਾਜਣਾ ਸੰਬੰਧੀ ਬਹੁਤ ਧਿਆਨ ਨਾਲ ਪੁੱਛਦਾ ਹੈ ਕਿ 'ਸਿੰਘਨ ਕੀ ਉਤਪਤੀ' ਕਿਸ ਤਰ੍ਹਾਂ ਹੋਈ ਅਤੇ ਸਿੱਖਾਂ (ਰੱਯਤੈਂ) ਨੇ ਹਕੂਮਤ ਤੋਂ ਕਿਸ ਤਰ੍ਹਾਂ ਰਾਜ ਖੋਹਿਆ ਭਾਵ 'ਹਾਕਮ ਮਾਰੇ ਰੱਯਤੈਂ' ਬਾਰੇ ਅਨੇਕਾਂ ਸਵਾਲ ਪੁੱਛਦਾ ਹੈ ਅਤੇ ਰਤਨ ਸਿੰਘ ਉਹਨਾਂ ਸਵਾਲਾਂ ਦੇ ਪ੍ਰਸੰਗ ਅਨੁਸਾਰ ਜਵਾਬ ਦਿੰਦਾ ਹੈ। ਇਹਨਾਂ ਸੁਆਲਾਂ-ਜਵਾਬਾਂ ਦੇ ਪ੍ਰਸੰਗ ਜੋ ਰਤਨ ਸਿੰਘ ਭੰਗੂ ਨੇ ਆਪਣੇ ਪੁਰਖਿਆਂ ਤੋਂ ਸੁਣੇ ਸਨ, ਇਸ ਗ੍ਰੰਥ ਲਿਖਣ ਦੀ ਬਿਧ ਬਣਦੇ ਹਨ:

ਰਤਨ ਸਿੰਘ ਜਿਮ ਸੁਨੀ ਥੀ ਪਿਤਾ ਆਪਨੇ ਪਾਸ।

ਲਿਖੀ ਸੁ ਖ਼ਾਤਰ ਖਾਲਸੈ ਪੜ੍ਹ ਸੁਣ ਕਰੈ ਅਰਦਾਸ॥[87]

'ਸ੍ਰੀ ਗੁਰ ਪੰਥ ਪ੍ਰਕਾਸ਼' 'ਸਿੰਘਨ ਪਾਯੋ ਰਾਜ ਕਿਮ' ਪ੍ਰਸ਼ਨ ਦਾ ਸਧਾਰਨ ਛੰਦਾ-ਬੰਦੀ ਵਿਚ ਸੁੰਦਰ, ਸਿੱਧਾ ਤੇ ਸਾਫ਼ ਦਿੱਤਾ ਗਿਆ ਉੱਤਰ ਹੈ ਜੋ ਸੱਚਾ ਵੀ ਹੈ ਤੇ ਸ਼ਕਤੀਸ਼ਾਲੀ ਵੀ।

### 1.2.8. ਵਿਸ਼ਾ ਤੇ ਉਦੇਸ਼

'ਸ੍ਰੀ ਗੁਰ ਪੰਥ ਪ੍ਰਕਾਸ਼' ਗ੍ਰੰਥ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਸ ਵਿਚ ਖ਼ਾਲਸਾ ਪੰਥ ਦੇ ਪ੍ਰਕਾਸ਼ ਨੂੰ ਰੂਪਮਾਨ ਕੀਤਾ ਗਿਆ ਹੋਵੇਗਾ। ਇਹ ਗ੍ਰੰਥ ਖ਼ਾਲਸੇ ਦੀ ਉਤਪਤੀ ਤੇ ਪਸਾਰ ਦੀ ਵਿਆਖਿਆ ਕਰਦਾ

---

[85] ਉਹੀ, ਪੰਨਾ 5

[86] ਉਹੀ, ਪੰਨਾ 4

[87] ਉਹੀ, ਪੰਨਾ 329

ਹੋਇਆ ਅੰਤ ਇਸ ਦੇ ਨਿਸ਼ਾਨੇ ਨੂੰ ਪੇਸ਼ ਕਰਦਾ ਹੈ। ਇਸ ਰਚਨਾ ਦਾ ਮੰਤਵ ਕਾਵਿ-ਤੱਤਾਂ ਅਤੇ ਸਾਹਿਤਕ ਗੁਣਾਂ ਨੂੰ ਰੂਪਮਾਨ ਕਰਨਾ ਹੀ ਨਹੀਂ ਬਲਕਿ ਧਰਤੀ 'ਤੇ ਖੇਡੀ ਗਈ ਖ਼ੂਨੀ ਹੋਲੀ ਅਥਵਾ ਰਣਤੱਤੇ ਵਿਚ ਸੂਰਬੀਰਾਂ ਵੱਲੋਂ ਲੜੀ ਗਈ ਅਸਾਵੀਂ ਤੇ ਨਿਰਾਲੀ ਜੰਗ ਨੂੰ ਰੂਪਮਾਨ ਕਰਨਾ ਹੈ।

ਜਿੱਥੇ ਇਸ ਰਚਨਾ ਵਿਚ ਭੰਗੂ ਨੇ ਆਪਣੇ ਬਜ਼ੁਰਗਾਂ ਤੋਂ ਵੱਖ-ਵੱਖ ਪ੍ਰਸੰਗਾਂ ਦੇ ਰੂਪ ਵਿਚ ਸੁਣੇ ਵਾਕਿਆਤ ਨੂੰ ਇਤਿਹਾਸਕ ਰੂਪ ਵਿਚ ਉਜਾਗਰ ਕੀਤਾ ਹੈ, ਉੱਥੇ ਗੁਰੂ ਸਾਹਿਬ ਵਲੋਂ ਸਿਰਜੀਆਂ ਸਿਧਾਂਤਕ ਸੇਧਾਂ, ਸੰਸਥਾਵਾਂ ਅਤੇ ਪਰੰਪਰਾਵਾਂ ਨੂੰ ਵੀ ਮੁੱਖ ਰੂਪ ਵਿਚ ਉਘਾੜਿਆ ਹੈ। ਇਸ ਰਚਨਾ ਦੇ ਦੋ ਪਹਿਲੂ ਹਨ:

(1) ਇਤਿਹਾਸਕ

(2) ਸਿਧਾਂਤਕ

#### 1.2.8.1. ਇਤਿਹਾਸਕ

ਇਤਿਹਾਸ ਦੇ ਤੱਥਾਂ ਬਾਰੇ ਈ.ਐੱਚ. ਕਾਰ ਦੀ ਧਾਰਨਾ ਹੈ ਕਿ 'ਇਤਿਹਾਸਕਾਰ ਤੱਥਾਂ ਦੇ ਅਸੀਮ ਸਾਗਰ 'ਚੋਂ ਆਪਣੇ ਮੰਤਵ ਲਈ ਅਹਿਮ ਇਤਿਹਾਸਕ ਤੱਥ ਚੁਣ ਕੇ ਹੀ ਆਪਣੀ ਨਿਪੁੰਨਤਾ ਨਾਲ ਇਹਨਾਂ ਦੇ ਸਪੱਸ਼ਟੀਕਰਣ ਅਤੇ ਵਿਆਖਿਆ ਨੂੰ ਠੀਕ ਬਣਾਉਂਦਾ ਹੈ'[88] ਇਸ ਤਰ੍ਹਾਂ ਪੰਥ ਪ੍ਰਕਾਸ਼ ਗ੍ਰੰਥ ਵੀ ਲੇਖਕ ਨੇ ਕਿਸੇ ਬੱਝਵੇਂ ਇਤਿਹਾਸਕ ਕ੍ਰਮ ਵਿਚ ਲਿਖਣ ਦੀ ਬਜਾਇ ਵਿਸ਼ੇ ਦੀ ਵਿਆਖਿਆ ਨਾਲ ਸੰਬੰਧਿਤ ਰੱਖਿਆ ਹੈ। ਇਸ ਮਨੋਰਥ ਲਈ ਉਸ ਨੇ ਪ੍ਰਸੰਗਾਂ/ਤੱਥਾਂ ਦੀ ਤਰਤੀਬ ਵਿਚ ਵੀ ਫ਼ਰਕ ਪਾਇਆ ਹੈ। ਕਈ ਸਾਖੀਆਂ ਵਿਚ ਇਕ ਤੋਂ ਵਧੇਰੇ ਘਟਨਾਵਾਂ ਦਾ ਵੀ ਵਰਨਣ ਹੈ ਪਰ ਫਿਰ ਵੀ ਆਪਣੇ ਵਿਸ਼ੇ ਦੀ ਵਿਆਖਿਆ ਦੇ ਨਾਲ-ਨਾਲ ਉਸ ਨੇ ਇਤਿਹਾਸਕ ਕ੍ਰਮ ਦਾ ਬਹੁਤ ਖ਼ਿਆਲ ਰੱਖਿਆ ਹੈ।

ਸ਼ੁਰੂ ਵਿਚ ਪੁਸਤਕ ਦੇ ਰਚਣ ਦਾ ਕਾਰਨ ਦੱਸਣ ਤੋਂ ਬਾਅਦ ਰਤਨ ਸਿੰਘ ਭੰਗੂ ਸੰਖੇਪ ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਜਾਣਕਾਰੀ ਦਿੰਦਾ ਹੈ। ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਦਾ ਜੀਵਨ ਵਰਨਣ ਵਿਸਥਾਰ ਵਿਚ ਦਸਦਾ ਹੋਇਆ ਅਠਾਰਵੀਂ ਸਦੀ ਦੇ ਇਤਿਹਾਸ ਦੀ ਪਿੱਠ ਭੂਮੀ ਸਿਰਜਦਾ ਹੈ। ਬਾਬਾ ਬੰਦਾ

[88] ਈ.ਐਚ. ਕਾਰ, ਇਤਿਹਾਸ ਕੀ ਹੈ?, ਡਾ. ਨਵਤੇਜ ਸਿੰਘ (ਅਨੁ.), ਪੰਨਾ 100

ਸਿੰਘ ਬਹਾਦਰ ਦੇ ਜੀਵਨ ਅਤੇ ਸ਼ਹਾਦਤ ਨਾਲ ਸੰਬੰਧਿਤ ਸਾਖੀਆਂ ਦੀ ਗਿਣਤੀ 54 ਦੇ ਕਰੀਬ ਹੈ। ਇਸ ਤੋਂ ਬਿਨਾਂ ਉਸ ਸਮੇਂ ਫੈਲੇ ਗੁਰੂ-ਡੰਮ (ਗੁਲਾਬਰਾਈਏ, ਮੀਣੇ, ਗੰਗੂਸ਼ਾਹੀਏ, ਹਿੰਦਾਲੀਏ, ਨਿਰੰਜਨੀਏ ਅਤੇ ਬ੍ਰਾਹਮਣ ਆਦਿ ਜੋ ਖ਼ਾਲਸਾਈ ਸੰਘਰਸ਼ ਨੂੰ ਢਾਹ ਲਾ ਰਹੇ ਸਨ) ਸੰਬੰਧੀ ਜਾਣਕਾਰੀ ਦੇ ਕੇ ਉਹਨਾਂ ਦੀਆਂ ਪੰਥ ਵਿਰੋਧੀ ਕਾਰਵਾਈਆਂ ਦਾ ਜ਼ਿਕਰ ਕਰਦਾ ਹੈ। ਕੌਮੀ ਸੰਘਰਸ਼ ਨੂੰ ਉਤਸ਼ਾਹ ਬਖ਼ਸ਼ਣ ਵਾਲੇ ਸ਼ਹੀਦਾਂ ਦੀਆਂ ਸ਼ਹਾਦਤਾਂ ਦੇ ਪ੍ਰਸੰਗਾਂ ਦਾ ਬਿਆਨ ਵਿਸਥਾਰ ਵਿਚ ਹੈ। ਇਸ ਤੋਂ ਇਲਾਵਾ ਛੋਟੇ ਅਤੇ ਵੱਡੇ ਘੱਲੂਘਾਰੇ ਦਾ ਬਿਰਤਾਂਤ ਮੁਗ਼ਲ/ਅਫ਼ਗਾਨ ਸਰਕਾਰਾਂ ਦੇ ਜ਼ੁਲਮ ਅਤੇ ਸਿੱਖ ਰਾਜਸੱਤਾ ਦਾ ਇਤਿਹਾਸਕ ਵਰਨਣ ਬਹੁਤ ਰੌਚਕਤਾ ਨਾਲ ਪੇਸ਼ ਕੀਤਾ ਗਿਆ ਹੈ।

'ਗੁਰ ਪੰਥ ਪ੍ਰਕਾਸ਼' ਸ਼ਹੀਦਾਂ ਦੀ ਜ਼ਬਾਨੀ, ਸ਼ਹੀਦਾਂ ਦਾ ਇਤਿਹਾਸ ਹੈ ਜਿਸ ਵਿਚ ਗੁਰੂ ਕੇ ਸਿੱਖਾਂ ਅਤੇ ਸਿਧਾਂਤਾਂ ਦੀ ਸੱਚੀ-ਸੁੱਚੀ ਵਿਥਿਆ ਤੇ ਵਿਆਖਿਆ ਹੈ। 'ਗੁਰ ਪੰਥ ਪ੍ਰਕਾਸ਼' ਵਿਚ ਗੁਰੂ ਤੇਗ ਬਹਾਦਰ ਦੀ ਬੇਮਿਸਾਲ ਸ਼ਹਾਦਤ ਉਪਰੰਤ ਖ਼ਾਲਸੇ ਦੀ ਸਾਜਣਾ, ਪੰਥ ਦੇ ਪਸਾਰੇ ਦੀ ਸਾਖੀ ਸ਼ੁਰੂ ਹੋ ਜਾਂਦੀ ਹੈ। ਅਸਲ ਵਿਚ ਇਹ ਖ਼ਾਲਸੇ ਦੇ ਪਸਾਰੇ ਤੇ ਸਾਗਰ ਵਾਂਗ ਵਧਣ ਦੀ ਸਾਖੀ ਹੈ, ਜੋ ਪੂਰੀ ਅਠਾਰਵੀਂ ਸਦੀ ਉੱਪਰ ਸੂਰਜ ਦੀ ਲਾਲੀ ਵਾਂਗ ਫੈਲ ਜਾਂਦੀ ਹੈ ਜਿਸ ਦਾ ਵਰਨਣ ਜੀਤ ਸਿੰਘ ਸੀਤਲ ਕਰਦੇ ਹਨ, 'ਸਿੱਖਾਂ ਦੇ ਵਿਸ਼ਵਾਸ ਦਾ ਬੂਟਾ ਹਰਾ ਹੋਇਆ ਅਤੇ ਇਕ ਘਣਾ, ਵੱਡਾ, ਛਾਂ-ਦਾਰ ਬੋਹੜ ਬਣ ਕੇ ਮੁਲਕ ਦੇ ਮੱਧ ਵਿਚ ਫੈਲ ਗਿਆ। ਜਾਲ਼ਮ ਆਪਣੇ ਜ਼ੁਲਮ ਦਾ ਆਪ ਸ਼ਿਕਾਰ ਹੋ ਗਏ ਤੇ ਚਿੜੀਆਂ ਨੇ ਬਾਜ ਮਾਰ ਲਏ। ਛੇਲਿਆਂ ਨੇ ਸ਼ੇਰਾਂ ਨੂੰ ਸਰਿ-ਮੈਦਾਨ ਘਾਇਲ ਕਰ ਗਿਰਾਇਆ ਤੇ ਅਹਿਮਦ ਸ਼ਾਹ ਅਬਦਾਲੀ ਵਰਗਿਆਂ ਦੇ ਮੂੰਹੋਂ ਸੱਚ ਦੇ ਬੋਲ ਆਪ ਨਿਕਲੇ ਕਿ 'ਇਨ ਕੀ ਮੱਦਦ ਆਪ ਖੁਦਾਇ। ਪੁਜਯੋ ਨ ਬਲ ਹਮ ਇਨ ਪਰ ਕਾਇ।' 'ਗੁਰੂ ਪੰਥ ਪ੍ਰਕਾਸ਼' ਦੀ ਜਿੱਤ ਤੇ ਅਟੱਲ ਵਿਜੈ ਦੀ ਸੱਚੀ ਸਾਖੀ ਹੈ ਜੋ 1675 ਈ. ਨੂੰ ਆਰੰਭ ਹੋ ਕੇ ਜ਼ਾਲਮ ਅਬਦਾਲੀ ਦੀ ਮੌਤ ਤੱਕ ਦੀ ਦਰਦ ਭਰੀ ਵਿਥਿਆ ਲਹੂ ਰਤੇ ਸ਼ਬਦਾਂ ਰਾਹੀਂ ਬਿਆਨ ਕਰਦੀ ਹੈ।'[89]

ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ, ਭਾਈ ਬੋਤਾ ਸਿੰਘ ਤੇ ਗਰਜਾ

[89] ਡਾ. ਜੀਤ ਸਿੰਘ ਸੀਤਲ (ਸੰਪਾ·), ਸ੍ਰੀ ਗੁਰ ਪੰਥ ਪ੍ਰਕਾਸ਼, ਪੰਨੇ 22-23

ਸਿੰਘ, ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ ਆਦਿ ਗੌਰਵਮਈ ਸ਼ਹਾਦਤਾਂ ਦਾ ਵਿਸਥਾਰਪੂਰਵਕ ਵਰਨਣ ਇਹ ਦਰਸਾਉਂਦਾ ਹੈ ਕਿ ਗੁਰੂ ਵੱਲੋਂ ਬਖਸ਼ੇ ਪਾਤਸ਼ਾਹੀ ਦੇ ਦਾਅਵੇ ਲਈ ਸੰਘਰਸ਼ ਕਰਕੇ ਕੌਮ ਲਈ ਮਰ ਮਿਟਣਾ ਹੀ ਅਸਲ ਜੀਵਨ ਹੈ ਜਿਸ ਕਰਕੇ ਰਤਨ ਸਿੰਘ ਨੇ ਖ਼ਾਲਸੇ ਦੀ ਹਰੇਕ ਘਟਨਾ ਨੂੰ ਦੈਵੀ ਬਖ਼ਸ਼ਿਸ਼ ਨਾਲ ਜੋੜ ਕੇ ਇਤਿਹਾਸ ਨੂੰ ਅਲੌਕਿਕ ਬਣਾ ਦਿੱਤਾ ਹੈ। ਅਹਿਮਦਸ਼ਾਹ ਅਬਦਾਲੀ ਦੇ ਆਖਰੀ ਹੱਲੇ ਤੋਂ ਬਾਅਦ ਪੰਜਾਬ ਦੀ ਰਾਜਸੱਤਾ ਤੇ ਪੂਰਨ ਰੂਪ ਵਿਚ ਸਿੱਖ ਸਰਦਾਰਾਂ ਵਲੋਂ ਕਬਜ਼ਾ ਕਰ ਲੈਣ ਨਾਲ 'ਸ੍ਰੀ ਗੁਰ ਪੰਥ ਪ੍ਰਕਾਸ਼' ਦਾ ਅੰਤਮ ਭਾਗ ਪੂਰਨਤਾ ਨੂੰ ਪਹੁੰਚਦਾ ਹੈ। ਉਪਰੰਤ ਕੁਝ ਕੁ ਸਾਖੀਆਂ ਵਿਚ ਕਰੋੜਸਿੰਘੀਆ ਤੇ ਫੂਲਕੀਆ ਮਿਸਲ ਦਾ ਬਿਆਨ ਉਜਾਗਰ ਕਰਦਾ ਇਹ ਗ੍ਰੰਥ ਸਮਾਪਤ ਹੋ ਜਾਂਦਾ ਹੈ।

#### 1.2.8.2. ਸਿਧਾਂਤਕ

ਆਮ ਤੌਰ 'ਤੇ ਪੰਥ ਪ੍ਰਕਾਸ਼ ਨੂੰ ਇਕ ਇਤਿਹਾਸਕ ਗ੍ਰੰਥ ਵਜੋਂ ਜਾਣਿਆ ਜਾਂਦਾ ਹੈ ਪਰ ਇਹ ਇਕ ਇਤਿਹਾਸਕ ਰਚਨਾ ਹੋਣ ਦੇ ਨਾਲ-ਨਾਲ ਸਿੱਖ ਲਹਿਰ ਦੀ ਬੁਨਿਆਦ ਤੇ ਡੂੰਘਾ ਸਿਧਾਂਤਕ ਚਾਨਣ ਪਾਉਂਦੀ ਹੈ। ਭਾਵੇਂ ਇਸ ਦਾ ਕਥਾਨਕ ਇਤਿਹਾਸਕ ਯਥਾਰਥ ਵਿੱਚੋਂ ਲਿਆ ਗਿਆ ਹੈ ਪਰ ਸਿੱਖ ਲਹਿਰ ਦੇ ਸਰੂਪ ਨੂੰ ਸਿਧਾਂਤਕ ਤੇ ਇਤਿਹਾਸਕ ਰੂਪ ਵਿਚ ਘੜਿਆ ਗਿਆ ਹੈ।

ਮੁਗ਼ਲ ਹਾਕਮਾਂ ਵਲੋਂ ਖ਼ਾਲਸੇ ਨੂੰ ਪੰਥ ਦੀ ਥਾਂ ਤੇ ਰਯਤ ਕਹਿਣ ਦਾ ਭੰਗੂ ਬਹੁਤ ਬੁਰਾ ਮਨਾਉਂਦਾ ਹੈ ਤੇ ਉਹ ਆਪਣੇ ਸਾਰੇ ਗ੍ਰੰਥ ਵਿਚ 'ਹਮ ਰਾਖਤ ਪਾਤਿਸ਼ਾਹੀ ਦਾਅਵਾ' ਦੀ ਸਿਧਾਂਤਕ ਪੇਸ਼ਕਾਰੀ ਕਰਦਾ ਹੈ। ਜਦੋਂ ਕਪਤਾਨ ਮਰੇ ਇਹ ਸਵਾਲ ਕਰਦਾ ਹੈ ਕਿ 'ਰਯੀਅਤ' ਨੇ 'ਸਹਿਨਸ਼ਾਹੀ' ਕਿਸ ਤਰ੍ਹਾਂ ਢਾਹ ਲਈ? ਭਾਵ 'ਸ਼ਾਹਿ ਰੱਯਤ ਤੇ ਕਿਮ ਕਰ ਹਾਰੇ।' ਰਤਨ ਸਿੰਘ ਮਰੇ ਦੇ ਸਵਾਲਾਂ ਦੀ ਰੌਸ਼ਨੀ ਵਿਚ ਉਸਨੂੰ ਵਾਰ-ਵਾਰ ਸਿੱਖਾਂ ਦੇ ਰੂਹਾਨੀ ਰਾਜ ਦੇ ਟੀਚੇ ਨੂੰ ਦ੍ਰਿੜ ਕਰਵਾਉਂਦਾ ਦਸਦਾ ਹੈ ਕਿ ਸਿੱਖ ਇਕ ਸੂਰਬੀਰਾਂ ਤੇ ਬਹਾਦਰਾਂ ਦੀ ਕੌਮ ਹੈ। ਖ਼ਾਲਸਾ ਪੰਥ ਕੇਵਲ ਇਕ ਧਾਰਮਿਕ ਫਿਰਕਾ ਨਹੀਂ, ਸਗੋਂ ਬਹਾਦਰ ਸੂਰਬੀਰਾਂ ਦੀ ਇਕ ਸੰਗਠਿਤ ਕੌਮ ਹੈ, ਜਿਹੜੀ ਅਣਖ, ਇੱਜਤ ਅਤੇ ਸ਼ਾਨ ਨਾਲ ਆਜ਼ਾਦ ਜਿਉਣਾ ਜਾਣਦੀ ਹੈ। ਇਹਨਾਂ ਸੂਰਬੀਰਾਂ ਵੱਲੋਂ ਜੰਗ ਵਿਚ ਵੀ ਸਿਧਾਂਤਕ ਅਸੂਲਾਂ 'ਤੇ ਦਿੱਤੇ ਪਹਿਰੇ ਬਾਰੇ ਭੰਗੂ ਦਸਦਾ ਹੈ ਕਿ ਸਿੰਘ ਇਸਤਰੀ ਦੇ ਗਹਿਣੇ, ਮਰਦ ਦੀ ਪੱਗ ਨੂੰ ਹੱਥ ਨਹੀਂ ਲਾਉਂਦੇ ਅਤੇ ਡਿੱਗੇ ਪਏ ਦੁਸ਼ਮਣ ਤੇ ਵਾਰ ਕਰਨਾ ਵੀ ਬੁਰਾ ਮੰਨਦੇ ਹਨ।

ਰਤਨ ਸਿੰਘ ਭੰਗੂ ਸਿੱਖ ਇਤਿਹਾਸ ਨੂੰ ਗੁਰੂ ਦੀ ਰੂਹਾਨੀ ਬਖ਼ਸ਼ਿਸ਼ ਦੇ ਸਿਧਾਂਤ ਨਾਲ ਜੋੜਦਾ ਦਸਦਾ

ਹੈ ਕਿ ਸਿੱਖਾਂ ਲਈ ਪਾਤਸ਼ਾਹੀ ਗੁਰੂ ਨਾਨਕ ਸਾਹਿਬ ਧੁਰੋਂ ਲੈ ਕੇ ਆਏ ਸਨ। ਡਾ. ਢਿੱਲੋਂ ਪੰਥ ਪ੍ਰਕਾਸ਼ ਦੀ ਭੂਮਿਕਾ ਵਿਚ ਭੰਗੂ ਦੇ ਦੈਵੀ ਇਤਿਹਾਸਕ ਸਿਧਾਂਤ ਬਾਰੇ ਦਸਦੇ ਹਨ, ''ਗੁਰੂ ਨਾਨਕ ਦੇਵ ਜੀ ਇਤਿਹਾਸ ਵਿੱਚ ਦੈਵੀ-ਉਦੇਸ਼ ਦੀ ਪੂਰਤੀ ਲਈ ਪ੍ਰਗਟ ਹੋਏ ਸਨ। ਇਸ ਲਈ ਗੁਰੂ ਨਾਨਕ ਦੇਵ ਜੀ ਦਾ ਸਥਾਪਿਤ ਕੀਤਾ ਪੰਥ ਇੱਕ ਦੈਵੀ ਸੰਸਥਾ ਹੈ ਕਿਉਂਕਿ ਪੰਥ ਦਾ ਉਦੇਸ਼ ਦੈਵੀ ਹੈ ਇਸ ਲਈ ਇਸ ਦਾ ਸੰਘਰਸ਼ ਵੀ ਦੈਵੀ ਹੈ।''[90] ਰਤਨ ਸਿੰਘ ਭੰਗੂ ਦੀਆਂ ਨਜ਼ਰਾਂ ਵਿਚ ਖ਼ਾਲਸਾਈ ਸਿਧਾਂਤ ਨੂੰ ਪ੍ਰਣਾਏ ਹੋਏ ਲੋਕਾਂ ਦੇ ਰੂਹਾਨੀ ਆਦਰਸ਼ ਅਤੇ ਅਣਖੀਲੀ ਰੁਚੀ ਕਾਰਨ ਹੀ ਖ਼ਾਲਸਾ ਰਾਜ ਦੀ ਸਥਾਪਨਾ ਹੋਈ। ਸਤਿਗੁਰੂ ਵਲੋਂ ਬਖਸ਼ਿਆ 'ਪਾਤਿਸ਼ਾਹੀ ਦਾਵਾ' ਖ਼ਾਲਸੇ ਦੀ ਇਕ ਅਕਾਲ ਪੁਰਖ ਉੱਪਰ ਟੇਕ ਤੇ ਆਧਾਰਿਤ ਸੀ:

ਖਾਲਸੋ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ।
ਆਨ ਨ ਮਾਨੈ ਆਨ ਕੀ ਇਕ ਸੱਚੇ ਬਿਨ ਪਤਿਸ਼ਾਹ॥[91]

ਭੰਗੂ ਅਠਾਰਵੀਂ ਸਦੀ ਦੀਆਂ ਸਿੱਖ ਸੰਸਥਾਵਾਂ, ਪਰੰਪਰਾਵਾਂ, ਆਰਥਿਕ-ਪ੍ਰਬੰਧ ਤੇ ਜੰਗੀ ਵਿਵਹਾਰ ਦੀ ਅਹਿਮੀਅਤ ਨੂੰ ਦਰਸਾ ਕੇ ਖ਼ਾਲਸਾ ਪੰਥ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਉੱਤੇ ਪਏ ਇਸ ਦੇ ਪ੍ਰਭਾਵਾਂ ਦਾ ਵਰਨਣ ਵੀ ਕਰਦਾ ਹੈ। ਭੰਗੂ ਨੇ ਇਹਨਾਂ ਸੰਸਥਾਵਾਂ ਦੇ ਸਰੂਪ ਨੂੰ ਵੀ ਨਿਸ਼ਚਿਤ ਕੀਤਾ ਹੈ ਜਿਸ ਬਾਰੇ ਡਾ. ਢਿੱਲੋਂ ਦਸਦੇ ਹਨ, ''ਉਹ ਨਾ ਸਿਰਫ਼ ਵਿਰਸੇ ਵਿੱਚ ਪ੍ਰਾਪਤ ਹੋਈਆਂ ਸੰਸਥਾਵਾਂ ਉੱਪਰ ਨਿਰਵਿਘਨ ਅਮਲ ਦੀ ਗਵਾਹੀ ਦਿੰਦਾ ਹੈ ਬਲਕਿ ਅਠਾਰਵੀਂ ਸਦੀ ਦੇ ਪੰਥਕ ਅਨੁਭਵ ਵਿੱਚੋਂ ਪੈਦਾ ਹੋਈਆਂ ਸਿੱਖ ਸੰਸਥਾਵਾਂ ਤੇ ਪ੍ਰਪੰਰਾਵਾਂ ਦੇ ਸਰੂਪ ਤੇ ਕਾਰਜ ਨੂੰ ਰੇਖਾਂਕਤ ਵੀ ਕਰਦਾ ਹੈ।''[92] ਉਪਰੋਕਤ ਵਿਵਰਣ ਤੋਂ ਸਾਫ਼ ਹੈ ਕਿ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੀ ਸਿਧਾਂਤਕ ਵਿਆਖਿਆ ਖ਼ਾਲਸੇ ਦੀ ਰਾਜਸੀ ਆਜ਼ਾਦੀ ਦਾ ਜਾਮਨ ਸ੍ਰੋਤ ਹੈ ਕਿਉਂਕਿ ਗੁਰੂ ਪੰਥ, ਦਲ ਖ਼ਾਲਸਾ, ਮਿਸਲਾਂ ਦਾ ਪ੍ਰਬੰਧ ਤੇ ਸੰਗਠਨ, ਰਾਖੀ ਪ੍ਰਬੰਧ, ਸਰਬੱਤ ਖ਼ਾਲਸਾ, ਗੁਰਮਤਾ, ਤਨਖ਼ਾਹ ਦੀ ਪਰੰਪਰਾ, ਸ਼ਹੀਦੀ ਪਰੰਪਰਾ, ਸਰਦਾਰੀ ਲਈ ਯੋਗਤਾ, ਸਿੱਖ ਯੁੱਧ-ਕਲਾ, ਜੰਗੀ

---

[90] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਪੰਨਾ ਹ

[91] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 25

[92] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਪੰਨਾ ਖ

ਵਿਵਹਾਰ ਆਦਿ ਬਾਰੇ ਪ੍ਰਮਾਣਿਕ ਤੇ ਭਰੋਸੇਯੋਗ ਸਮੱਗਰੀ ਸਾਨੂੰ ਇਸ ਸ੍ਰੋਤ ਵਿੱਚੋਂ ਪ੍ਰਾਪਤ ਹੁੰਦੀ ਹੈ।

### 1.2.9. ਪ੍ਰਮਾਣਿਕਤਾ

ਡਾ. ਕਿਰਪਾਲ ਸਿੰਘ ਆਪਣੇ ਇਕ ਲੇਖ ਵਿਚ ਇਤਿਹਾਸਕ ਤੱਥਾਂ ਦੀ ਪ੍ਰਮਾਣਿਕਤਾ ਬਾਰੇ ਦਸਦੇ ਹਨ, ''ਕਿਸੇ ਇਤਿਹਾਸਕ ਤੱਤ ਦੀ ਪ੍ਰਮਾਣਿਕਤਾ ਦਾ ਪਤਾ ਕੇਵਲ ਇਸ ਗੱਲ ਤੋਂ ਲਗਦਾ ਹੈ ਕਿ ਉਸ ਦੀ ਤਸਦੀਕ ਕਿਸੇ ਹੋਰ ਸਰੋਤ ਤੋਂ ਹੋਵੇ, ਜਿਵੇਂ ਕਿ ਰਤਨ ਸਿੰਘ ਦੇ ਲਿਖੇ ਕਿਸੇ ਘਟਨਾ ਦੀ ਤਸਦੀਕ ਜੇਕਰ ਫ਼ਾਰਸੀ ਜਾਂ ਮਰਹੱਟੀ ਸਮਕਾਲੀ ਲਿਖਤਾਂ ਤੋਂ ਹੋ ਜਾਏ ਤਾਂ ਅਸੀਂ ਇਸ ਘਟਨਾ ਨੂੰ ਪ੍ਰਮਾਣਿਕ ਮੰਨਾਂਗੇ।''[93]

ਰਤਨ ਸਿੰਘ ਭੰਗੂ ਵੱਲੋਂ ਸਿੱਖ ਕੌਮ ਉੱਪਰ ਹੋਏ ਜ਼ੁਲਮ ਤੇ ਤਸੀਹੇ, ਸਿੱਖਾਂ ਦਾ ਜੰਗੀ ਵਿਹਾਰ ਅਤੇ ਸਿੱਖਾਂ ਸੰਬੰਧੀ ਜ਼ਕਰੀਆ ਖ਼ਾਨ ਤੇ ਨਾਦਰ ਸ਼ਾਹ ਵਿਚਕਾਰ ਹੋਏ ਵਾਰਤਾਲਾਪ ਸੰਬੰਧੀ ਜੋ ਤੱਥ ਪੇਸ਼ ਕੀਤੇ ਗਏ ਹਨ, ਉਨ੍ਹਾਂ ਦੀ ਪੁਸ਼ਟੀ ਜਾਰਜ ਫੌਰਸਟਰ, ਕਾਜੀ ਨੂਰਦੀਨ, ਅਹਿਮਦ ਸ਼ਾਹ ਬਟਾਲਵੀ ਆਦਿ ਦੀਆਂ ਹੋਰਨਾਂ ਸਮਕਾਲੀ ਲਿਖਤਾਂ ਤੋਂ ਵੀ ਹੋ ਜਾਂਦੀ ਹੈ। ਭੰਗੂ ਆਪਣੀ ਇਤਿਹਾਸਕਾਰੀ ਦੀ ਪ੍ਰਮਾਣਿਕਤਾ ਦਾ ਸਿੱਕਾ ਕਪਤਾਨ ਮਰੇ ਦੀ ਜ਼ਬਾਨੀ ਇਹਨਾਂ ਸ਼ਬਦਾਂ ਰਾਹੀਂ ਸਵੀਕਾਰ ਕਰਾਉਂਦਾ ਹੈ:

ਤੌਂ ਮਾਲੀ ਨੇ ਫਿਰ ਕਹਯੋ ਕਹੀ ਸੱਚ ਤੁਮ ਬਾਤ।
ਦਿੱਲੀ ਵਾਲਨ ਥੀ ਕਹੀ ਬੈਰ ਬਾਦ ਕੀ ਬਾਤ।[94]

ਇੱਥੇ ਕਪਤਾਨ ਮਰੇ ਨੂੰ ਹੀ ਮਾਲੀ ਕਿਹਾ ਗਿਆ ਹੈ। ਭੰਗੂ ਨੇ ਆਪਣੀਆਂ ਸਾਖੀਆਂ ਦੇ ਪ੍ਰਸੰਗਾਂ ਨੂੰ ਚੰਗੀ ਤਰ੍ਹਾਂ ਖੋਜ ਕੇ ਲਿਖਿਆ ਹੈ, 'ਹਮ ਸਭ ਖੂਬ ਖੋਜ ਲਿਖ ਲਿਆ।' ਇਹਨਾਂ ਪ੍ਰਸੰਗਾਂ ਦੀ ਸ਼ੁੱਧਤਾ ਲਈ ਉਸ ਨੇ ਉਸ ਸਮੇਂ ਦੇ ਹਿੰਦੂਆਂ, ਮੁਸਲਮਾਨਾਂ ਅਤੇ ਹੋਰ ਵੀ ਸਿਆਣੇ ਲੋਕਾਂ ਦੇ ਵਿਚਾਰ ਲੈ ਕੇ ਆਪਣੀ ਲਿਖਤ ਤਸਦੀਕ ਕੀਤੀ ਹੈ। ਇਸ ਕਰਕੇ ਹੀ ਕਪਤਾਨ ਮਰੇ ਕਹਿੰਦਾ ਹੈ ਕਿ ਇਸ ਲਿਖਤ ਵਿਚ ਖ਼ਾਲਸੇ ਦੀ ਮਹਿਮਾ ਸਹੀ ਢੰਗ ਨਾਲ ਪੇਸ਼ ਹੋਈ ਹੈ:

---

[93] ਡਾ· ਕਿਰਪਾਲ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ) ਦੀ ਇਤਿਹਾਸਕ ਮਹਾਨਤਾ, ਸਿੰਘ ਸਭਾ ਪੱਤ੍ਰਿਕਾ, ਅਗਸਤ 1978, ਪੰਨਾ 168

[94] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 349

ਪੰਥ ਖਾਲਸੇ ਕੀ ਮਹਿਮਾ ਊਚ।

ਲਿਖੀ ਗਈ ਕਰ ਸਭ ਹੀ ਸੂਚ।[95]

'ਇਸ ਤੋਂ ਇਲਾਵਾ ਭੰਗੂ ਨੇ ਖ਼ਾਲਸੇ ਵੱਲੋਂ 1758 ਈਸਵੀ ਵਿੱਚ ਸਰਹੰਦ ਨੂੰ ਜਿੱਤਣ ਦਾ ਜਿਹੜਾ ਪ੍ਰਸੰਗ ਲਿਖਿਆ ਹੈ ਉਸ ਨਾਲ ਬਿਲਕੁਲ ਮਿਲਦਾ ਪ੍ਰਸੰਗ ਹੀ 'ਤਾਰੀਖ਼ ਇ-ਇਮਾਦ ਉਲ ਮੁਲਕ' ਵਿੱਚ ਦਿੱਤਾ ਗਿਆ ਹੈ ਜਿਸ ਦਾ ਹੱਥ ਲਿਖਤ ਫ਼ਾਰਸੀ ਖਰੜਾ ਖੁਦਾ ਬਖਸ਼ ਲਾਇਬਰੇਰੀ ਬਾਕੀਪੁਰ ਪਟਨਾ (ਬਿਹਾਰ) ਵਿੱਚ ਪਿਆ ਹੈ। ਪੰਥ ਪ੍ਰਕਾਸ਼ ਵਿੱਚ 'ਜਵਾਹਰ ਮਲ ਭਰਤ ਪੁਰੀਏ ਨੂੰ ਖਾਲਸੇ ਵੱਲੋਂ ਮੱਦਦ' ਦੇਣ ਦਾ ਪ੍ਰਸੰਗ ਵੀ 'ਅਹਿਵਾਲ ਨਜੀਬੁਲ ਦੌਲਾ' ਕ੍ਰਿਤ ਨੂਰਉਦਦੀਨ ਵਿੱਚ ਮਿਲਦਾ ਹੈ। ਇਹ ਅਸਲ ਫ਼ਾਰਸੀ ਹੱਥ ਲਿਖਤ ਰਾਮਪੁਰ ਲਾਇਬਰੇਰੀ ਵਿੱਚ ਮੌਜੂਦ ਹੈ। ਜਿਸ ਦਾ ਅੰਗਰੇਜ਼ੀ ਤਰਜਮਾ ਸ਼ੇਖ ਅਬਦੁਲ ਹਮੀਦ ਅਲੀਗੜ੍ਹ ਯੂਨੀਵਰਸਿਟੀ ਵਾਲੇ ਨੇ ਕੀਤਾ ਹੈ।'[96]

ਭਾਈ ਕਰਮ ਸਿੰਘ ਹਿਸਟੋਰੀਅਨ ਨੇ ਵੀ ਰਤਨ ਸਿੰਘ ਦੇ ਦਿੱਤੇ ਸਾਰੇ ਸੰਮਤਾਂ ਨੂੰ ਤਕਰੀਬਨ ਠੀਕ ਦੱਸਿਆ ਹੈ। ਵੱਡੀ ਗੱਲ ਇਹ ਹੈ ਕਿ ਉਸ ਸਮੇਂ ਇਹ ਸਾਰੇ ਵਾਕਿਆਤ ਪੁਰਾਣੇ ਨਹੀਂ ਸਨ ਹੋਏ ਜਿਸ ਬਾਰੇ ਭਾਈ ਵੀਰ ਸਿੰਘ ਨੇ ਪੰਥ ਪ੍ਰਕਾਸ਼ ਦੀ ਭੂਮਿਕਾ ਵਿਚ ਲਿਖਿਆ ਹੈ, ''ਆਪ ਉਨ੍ਹਾਂ ਸਮਿਆਂ ਵਿੱਚ ਹੋਏ ਹਨ ਜਦੋਂ ਪੰਥ ਦੇ ਮਾਜਰੇ ਸੱਜਰੇ-ਸੱਜਰੇ ਅੱਖਾਂ ਅੱਗੇ ਫਿਰਦੇ ਸੇ। ਸ਼ਹੀਦਾਂ ਅਰ ਪੰਥ ਦੇ ਜਥੇਦਾਰਾਂ ਦੇ ਖਾਨਦਾਨ ਵਿੱਚ ਹੋਣ ਕਰਕੇ ਆਪ ਨੂੰ ਬਹੁਤ ਸਾਰੇ ਹਾਲਾਤ ਸਿੱਧੇ ਅਰ ਸੱਚੇ ਆਪਣੇ ਘਰ ਵਿੱਚੋਂ ਲੱਭੇ।''[97]

ਉਪਰੋਕਤ ਸਾਰੀਆਂ ਗੱਲਾਂ ਤੋਂ ਰਤਨ ਸਿੰਘ ਦੀ ਇਤਿਹਾਸਕ ਸੂਝ ਅਤੇ ਸਿੱਖੀ ਜ਼ਜਬੇ ਦਾ ਸਬੂਤ ਮਿਲਦਾ ਹੈ ਕਿਉਂਕਿ ਇਤਿਹਾਸ ਦੀ ਸਮੱਸਿਆ ਕੇਵਲ ਮਸਾਲਾ ਇਕੱਤਰ ਕਰਨਾ ਹੀ ਨਹੀਂ ਸਗੋਂ ਇਸ ਨੂੰ ਠੀਕ ਢੰਗ, ਠੀਕ ਦ੍ਰਿਸ਼ਟੀ ਤੇ ਠੀਕ ਵਾਕਿਆਤ ਵਿਚ ਪੇਸ਼ ਕਰਨਾ ਵੀ ਜ਼ਰੂਰੀ ਹੁੰਦਾ ਹੈ।

---

[95] ਉਹੀ, ਪੰਨਾ 349

[96] ਡਾ. ਕਿਰਪਾਲ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ) ਦੀ ਇਤਿਹਾਸਕ ਮਹਾਨਤਾ, ਸਿੰਘ ਸਭਾ ਪੱਤ੍ਰਿਕਾ, ਅਗਸਤ 1978, ਪੰਨਾ 169

[97] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਭੂਮਿਕਾ ਪੰਨਾ ੳ

### 1.2.10. ਗ੍ਰੰਥ ਦੀ ਬਣਤਰ, ਕਾਵਿਕ ਖ਼ੂਬੀਆਂ ਤੇ ਛੰਦ

ਭਾਈ ਵੀਰ ਸਿੰਘ ਵੱਲੋਂ ਸੰਪਾਦਿਤ ਕੀਤੇ ਪ੍ਰਾਚੀਨ ਪੰਥ ਪ੍ਰਕਾਸ਼ ਦਾ ਆਕਾਰ ਛੋਟਾ ਹੈ। ਭੂਮਿਕਾ ਵੀ ਬਹੁਤ ਸੰਖੇਪ ਰੂਪ ਵਿਚ ਲਿਖੀ ਹੈ ਅਤੇ ਤਤਕਰੇ ਵਿਚ ਸਾਖੀਆਂ ਦਾ ਲੜੀ ਨੰਬਰ ਨਹੀਂ ਦਿੱਤਾ ਗਿਆ। ਇਸ ਦੀ ਛਪਾਈ ਵੀ ਪੁਰਾਤਨ ਢੰਗ ਦੀ ਹੈ ਅਤੇ 472 ਪੰਨਿਆਂ ਤੇ ਇਸ ਦਾ ਵਿਸਥਾਰ ਕੀਤਾ ਗਿਆ ਹੈ ਅਤੇ ਸਿੱਖ ਇਤਿਹਾਸ ਦੀਆਂ 200 ਸਾਖੀਆਂ ਨੂੰ ਕਵਿਤਾ ਦੇ ਮਾਧਿਅਮ ਰਾਹੀਂ ਪੇਸ਼ ਕੀਤਾ ਹੈ। ਇਸ ਦੀਆਂ ਪਹਿਲੀਆਂ 2 ਸਾਖੀਆਂ ਗ੍ਰੰਥ ਰਚਨਾ ਦੇ ਕਾਰਨ ਨੂੰ ਦਰਸਾਉਂਦੀਆਂ ਹਨ ਅਤੇ ਅਗਲੀਆਂ 35 ਕੁ ਸਾਖੀਆਂ ਵਿਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਸਫ਼ਰ ਤੱਕ ਦੇ ਹਾਲ ਦਾ ਵਰਨਣ ਕੀਤਾ ਗਿਆ ਹੈ। ਅਗਲੀਆਂ 54 ਕੁ ਸਾਖੀਆਂ, ਬੰਦਾ ਸਿੰਘ ਬਹਾਦਰ ਦੇ ਜੀਵਨ ਤੇ ਸੰਘਰਸ਼ ਨੂੰ ਬਿਆਨ ਕਰਦੀਆਂ ਹਨ। ਬਾਕੀ ਦੀਆਂ ਸਾਖੀਆਂ ਵਿਚ ਅਠਾਰਵੀਂ ਸਦੀ ਦੇ ਸਿੱਖ ਇਤਿਹਾਸ ਦਾ ਵਰਨਣ ਹੈ ਜਿਸ ਵਿਚ ਮੁਗ਼ਲਾਂ ਤੇ ਅਫ਼ਗਾਨਾਂ ਦੁਆਰਾ ਸਿੱਖਾਂ ਉੱਪਰ ਜ਼ੁਲਮ ਤੇ ਤਸੀਹੇ, ਸਿੰਘਾਂ ਦੀਆਂ ਸ਼ਹੀਦੀਆਂ, ਪੰਥ ਵਿਰੋਧੀ (ਮੀਣੇ, ਹੰਦਾਲੀਏ, ਨਿਰੰਜਨੀਏ, ਬ੍ਰਾਹਮਣ ਆਦਿ) ਤਾਕਤਾਂ ਦੀਆਂ ਸਾਜਿਸ਼ਾਂ, ਜੰਗਾਂ ਯੁੱਧਾਂ ਲਈ ਦਲ ਖ਼ਾਲਸਾ ਦਾ ਗਠਨ, ਸਿੱਖ ਰਾਜ ਸੱਤਾ ਦੀ ਸਥਾਪਨਾ ਆਦਿ ਦਾ ਵਰਨਣ ਹੈ। ਸਾਰੀਆਂ ਸਾਖੀਆਂ ਦਾ ਆਕਾਰ ਇੱਕੋ ਜਿਹਾ ਨਹੀਂ ਹੈ। ਕਈ ਸਾਖੀਆਂ ਵਿਚ ਇਕ ਤੋਂ ਵਧੇਰੇ ਘਟਨਾਵਾਂ ਦਾ ਵੀ ਵਰਨਣ ਮਿਲਦਾ ਹੈ। ਕਈ ਥਾਂ ਸਾਖੀ ਦੇ ਆਕਾਰ ਦਾ ਬਹੁਤ ਧਿਆਨ ਰੱਖਿਆ ਗਿਆ ਹੈ, 'ਗ੍ਰੰਥ ਵਧਨ ਤੇ ਚਿਤ ਸੰਕਾਹੂੰ' ਭਾਵ ਰਤਨ ਸਿੰਘ ਗ੍ਰੰਥ ਦਾ ਆਕਾਰ ਵਧਣ ਤੋਂ ਡਰਦਾ ਹੈ। ਹਰੇਕ ਸਾਖੀ ਦੇ ਸ਼ੁਰੂ ਜਾਂ ਅੰਤ ਵਿਚ ਸਾਖੀ ਦੇ ਸ੍ਰੋਤ (ਕਿੱਥੋਂ ਪੜੀ, ਕਿਸ ਕੋਲੋਂ ਸੁਣੀ) ਦਾ ਜ਼ਿਕਰ ਕਰਦਾ ਹੈ। ਲੇਖਕ ਦਾ ਆਪਣਾ ਇਲਾਕਾ ਮਾਝਾ ਹੋਣ ਕਰਕੇ ਜ਼ਿਆਦਾਤਰ ਸਾਖੀਆਂ ਦੇ ਪ੍ਰਸੰਗ ਮਾਝੇ ਦੇ ਸਿੱਖਾਂ ਨਾਲ ਸੰਬੰਧਿਤ ਹਨ। ਮਾਲਵੇ ਦੇ ਸਿੱਖਾਂ ਨਾਲ ਸੰਬੰਧਿਤ ਸਾਖੀਆਂ ਜ਼ਿਆਦਾਤਰ ਇਤਿਹਾਸਕ ਕ੍ਰਮ ਜੋੜਨ ਵੇਲੇ ਹੀ ਆਈਆਂ ਹਨ।

ਡਾ. ਬਲਵੰਤ ਸਿੰਘ ਢਿੱਲੋਂ ਗ੍ਰੰਥ ਦੀ ਬਣਤਰ 'ਤੇ ਟਿੱਪਣੀ ਕਰਦੇ ਹਨ ਕਿ ''ਲੇਖਕ ਨੇ ਗ੍ਰੰਥ ਨੂੰ ਕਿਸੇ ਬੱਝਵੇਂ ਇਤਿਹਾਸਕ ਕ੍ਰਮ ਵਿਚ ਨਹੀਂ ਲਿਖਿਆ। ਵਿਸ਼ੇ ਦੀ ਵਿਆਖਿਆ ਲਈ ਜੇਕਰ ਕਿਸੇ ਹੋਰ ਪ੍ਰਸੰਗ ਨੂੰ ਬਿਆਨ ਕਰਨ ਦੀ ਲੋੜ ਮਹਿਸੂਸ ਹੋਈ ਹੈ ਤਾਂ ਸੰਕੋਚ ਨਹੀਂ ਕੀਤਾ ਪਰ ਵਿਸ਼ੇਸ਼ਤਾ ਇਹ ਹੈ ਕਿ ਇਤਿਹਾਸਕ

ਕ੍ਰਮ ਭੰਗ ਹੋ ਜਾਣ ਦੇ ਬਾਵਜੂਦ ਇਤਿਹਾਸ ਦੀ ਲੜੀ ਵਿਚ ਵਿਘਨ ਪੈਣ ਦਾ ਕੋਈ ਅਹਿਸਾਸ ਨਹੀਂ ਹੁੰਦਾ।''[98]

ਕਈ ਸਾਖੀਆਂ ਦੇ ਸਿਰਲੇਖ ਅੰਤ ਵਿਚ ਦਿੱਤੇ ਗਏ ਹਨ ਤੇ ਕਈਆਂ ਦੇ ਸ਼ੁਰੂ ਵਿਚ ਸਿਰਲੇਖ ਆ ਜਾਂਦਾ ਹੈ। ਸਿਰਲੇਖ ਅੰਕਿਤ ਕਰਨ ਵਿਚ ਇਕਸਾਰਤਾ ਨਹੀਂ ਹੈ, ਕਈ ਸਾਖੀਆਂ ਸਿਰਲੇਖ ਤੋਂ ਬਿਨਾਂ ਵੀ ਅੰਕਿਤ ਹਨ। ਪੰਥ ਪ੍ਰਕਾਸ਼ ਦੀ ਵੰਨਗੀ ਭਾਵੇਂ ਕਾਵਿ ਹੈ ਪਰ ਇਸ ਦਾ ਵਿਸ਼ਾ ਮੁੱਖ ਰੂਪ ਵਿਚ ਇਤਿਹਾਸਕ ਤੇ ਸਿਧਾਂਤਕ ਹੋਣ ਕਰਕੇ ਰਤਨ ਸਿੰਘ ਭੰਗੂ ਇਸ ਵਿਚ ਕਾਵਿ ਦੀ ਦ੍ਰਿਸ਼ਟੀ ਤੋਂ ਉਹ ਕਾਵਿ ਚਮਤਕਾਰ ਪੈਦਾ ਨਹੀਂ ਕਰ ਸਕਿਆ ਜਿਹੜੇ ਕਿਸੇ ਕਾਵਿ ਰਚਨਾ ਵਿਚ ਹੁੰਦੇ ਹਨ। ਗ੍ਰੰਥ ਦੀਆਂ ਕਾਵਿਕ ਖ਼ੂਬੀਆਂ ਤੇ ਛੰਦਾਂ ਸੰਬੰਧੀ ਡਾ. ਬਲਵੰਤ ਸਿੰਘ ਢਿੱਲੋਂ ਲਿਖਦੇ ਹਨ, ''ਕਵਿਤਾ ਦੀ ਦ੍ਰਿਸ਼ਟੀ ਤੋਂ ਸ੍ਰੀ ਗੁਰ ਪੰਥ ਪ੍ਰਕਾਸ਼ ਕੋਈ ਉੱਚ ਕੋਟੀ ਦਾ ਨਮੂਨਾ ਜਾਂ ਵੰਨਗੀ ਪੇਸ਼ ਨਹੀਂ ਕਰਦਾ। ਕੁਝ ਕੁ ਛੰਦਾਂ ਨੂੰ ਛੱਡ ਕੇ ਕਾਵਿਕ ਅਭਿਵਿਅਕਤੀ ਬੜੀ ਸਾਦੀ ਹੈ। ਕਾਵਿ ਉਡਾਰੀਆਂ ਦੀ ਬਜਾਇ ਇਤਿਹਾਸ ਵਰਨਣ ਉੱਪਰ ਵਧੇਰੇ ਧਿਆਨ ਕੇਂਦ੍ਰਿਤ ਹੈ। ਜ਼ਿਆਦਾਤਰ ਚੌਪਈ ਤੇ ਦੋਹਰੇ ਦਾ ਪ੍ਰਯੋਗ ਕੀਤਾ ਹੈ ਪਰ ਕਿਧਰੇ-ਕਿਧਰੇ ਸੋਰਠਾ, ਕੁੰਡਲੀਆ, ਸਵੱਈਆ, ਝੂਲਨਾ, ਪਉੜੀ, ਅੜਿਲ ਤੇ ਕਬਿੱਤ ਉੱਪਰ ਵੀ ਹੱਥ ਅਜ਼ਮਾ ਲਿਆ ਹੈ। ਆਪਣੇ ਯੁੱਗ ਦੇ ਹੋਰਨਾਂ ਸਮਕਾਲੀ ਕਵੀਆਂ ਦੇ ਉਲਟ ਰਤਨ ਸਿੰਘ ਭੰਗੂ ਨੇ ਪੰਡਤਾਉ ਤੇ ਬ੍ਰਜ ਭਾਸ਼ਾ ਨੂੰ ਅਭਿਵਿਅਕਤੀ ਦਾ ਮਾਧਿਅਮ ਨਹੀਂ ਬਣਾਇਆ। ਇਸ ਨਾਲ ਲੇਖਕ ਆਮ ਲੋਕਾਂ ਨਾਲ ਰਾਬਤਾ ਕਾਇਮ ਕਰਕੇ ਜਨ ਸਧਾਰਨ ਤੱਕ ਆਪਣਾ ਵਿਚਾਰ ਸੰਚਾਰਨ ਵਿਚ ਸਫਲ ਹੋਇਆ ਹੈ। ਆਮ ਤੌਰ 'ਤੇ ਪ੍ਰਸੰਗ ਦੀ ਭੂਮਿਕਾ ਵਜੋਂ ਆਰੰਭ ਵਿਚ ਦੋਹਰੇ ਨੂੰ ਸਜਾਇਆ ਹੈ। ਇਸ ਤਰ੍ਹਾਂ ਸਿੱਟੇ ਵਜੋਂ ਸਾਖੀ ਦੇ ਅੰਤ ਵਿਚ ਦੋਹਰੇ ਦੀ ਮੋਹਰ-ਛਾਪ ਲਾਈ ਹੈ। ਪ੍ਰਸੰਗ ਵਿਚ ਲੋੜ ਮੁਤਾਬਕ ਉਪ-ਪ੍ਰਸੰਗ ਬਿਆਨ ਕਰਨ ਲਈ ਚੌਪਈਆ ਦੇ ਵਿਚਕਾਰ ਦੋਹਰੇ ਫਿੱਟ ਕੀਤੇ ਹਨ।[99] ਉਸ ਨੇ ਕਾਵਿਕ ਵੰਨ ਸੁਵੰਨਤਾ, ਮੁਹਾਵਰੇ ਅਤੇ ਅਖਾਣ ਵਰਤ ਕੇ ਬਿਆਨ ਨੂੰ ਦਿਲਚਸਪ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਭੰਗੂ ਵਲੋਂ ਸਿੱਖ ਪੰਥ ਦੇ ਇਤਿਹਾਸਕ ਤੇ ਸਿਧਾਂਤਕ ਰੋਲ ਨੂੰ ਸਪਸ਼ਟ ਕਰਨ ਲਈ ਆਪਣੀ ਪੂਰੀ ਸਮਰੱਥਾ ਲਾਈ

[98] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਪੰਨਾ ੲ

[99] ਉਹੀ, ਪੰਨਾ ਸ

ਹੈ ਪਰ ਫਿਰ ਵੀ ਕਈ ਪ੍ਰਸੰਗ ਅਜਿਹੇ ਹਨ ਜਿਹੜੇ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੇ ਹਨ। ਪਰ ਇਹਨਾਂ ਨੂੰ ਸਮਕਾਲੀਨ ਪਰਸਥਿਤੀਆਂ ਦੇ ਪ੍ਰਸੰਗ ਵਿਚ ਰੱਖ ਕੇ ਹੀ ਸਮਝਣਾ ਚਾਹੀਦਾ ਹੈ ਕਿਉਂਕਿ ਗ੍ਰੰਥ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਉਸ ਨੇ ਬਹੁਤਾ ਕੁਝ ਜਿਸ ਤਰ੍ਹਾਂ ਸੁਣਿਆ ਉਵੇਂ ਹੀ ਪੇਸ਼ ਕਰ ਦਿੱਤਾ ਜਿਸ ਨਾਲ ਹੇਠ ਲਿਖੀਆਂ ਕੁਝ ਕਮੀਆਂ ਸਾਹਮਣੇ ਆਉਂਦੀਆਂ ਹਨ:

- ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਅਤੇ ਸਮਰਪਣ ਸੰਬੰਧੀ ਹਕੂਮਤ ਅਤੇ ਸਿੱਖਾਂ ਦੀਆਂ ਵਿਚਾਰਧਾਰਕ ਵਿਰੋਧੀ ਤਾਕਤਾਂ ਵੱਲੋਂ ਪਾਏ ਭੁਲੇਖਿਆਂ ਨੂੰ ਭੰਗੂ ਨੇ ਗੁਰਮਤਿ ਦੀ ਕਸੌਟੀ ਉੱਪਰ ਪਰਖਣ ਦੀ ਬਜਾਇ ਚਲਾਈਆਂ ਗਲਤ ਧਾਰਨਾਵਾਂ ਮੁਤਾਬਿਕ ਹੀ ਲਿਖ ਦਿੱਤਾ।
- ਅਠਾਰਵੀਂ ਸਦੀ ਵਿਚ ਇਸ ਖਿੱਤੇ ਵਿਚ ਕਈ ਰਾਜਨੀਤਿਕ ਤੇ ਵਿਚਾਰਧਾਰਕ ਟਕਰਾਅ ਚੱਲ ਰਹੇ ਸਨ ਤਾਂ ਸਿੱਖ ਰੂਹਾਨੀ, ਵਿਚਾਰਧਾਰਕ ਤੇ ਰਾਜਨੀਤਿਕ ਦਾਅਵੇ ਵਾਲੀ ਵੱਡੀ ਧਿਰ ਵਜੋਂ ਸਾਹਮਣੇ ਆਏ ਜਿਸ ਦੇ ਸਿੱਟੇ ਵਜੋਂ ਹਕੂਮਤ ਨੇ ਸਮੇਂ ਦੀ ਜੁਝਾਰੂ ਧਿਰ ਦੇ ਮੁੱਖ ਆਗੂ ਵਜੋਂ ਬਾਬਾ ਬੰਦਾ ਸਿੰਘ ਦਾ ਚਰਿੱਤਰਹਰਨ ਕਰਨ ਲਈ ਪੂਰਾ ਜ਼ੋਰ ਲਾਇਆ। ਇਹਨਾਂ ਭੁਲੇਖਿਆਂ ਨੂੰ ਰਤਨ ਸਿੰਘ ਨੇ ਇੰਨ ਬਿੰਨ ਲਿਖ ਦਿੱਤਾ।
- ਰਤਨ ਸਿੰਘ ਭੰਗੂ ਮਾਝੇ ਇਲਾਕੇ ਨਾਲ ਸੰਬੰਧਿਤ ਹੋਣ ਕਰਕੇ ਉਸ ਕੋਲ ਜਿਆਦਾ ਜਾਣਕਾਰੀ ਮਾਝੇ ਇਲਾਕੇ ਦੀ ਸੀ। ਜਿਸ ਕਾਰਨ ਗ੍ਰੰਥ ਵਿਚ ਕਈ ਥਾਂ ਮਾਝੇ ਦੇ ਸਿੱਖਾਂ ਦੀ ਪ੍ਰਮੁੱਖਤਾ ਹੀ ਨਜ਼ਰ ਆਉਂਦੀ ਹੈ।
- ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੀ ਸ਼ੁਰੂਆਤ ਦਾ ਜ਼ਿਕਰ ਨਾ ਆਉਣਾ ਗ੍ਰੰਥ ਦੇ ਇਤਿਹਾਸਕ ਕ੍ਰਮ ਨੂੰ ਅਧੂਰਾ ਕਰ ਦਿੰਦਾ ਹੈ।
- ਰਤਨ ਸਿੰਘ ਵੱਲੋਂ ਨਸ਼ੇ ਦੇ ਸੇਵਨ ਬਾਰੇ ਲਿਖਣਾ ਸਿੱਖ ਸਿਧਾਂਤ, ਸਿੱਖਾਂ ਦੀ ਜੰਗਜੂ ਪ੍ਰਵਿਰਤੀ ਤੇ ਸਿੱਖ ਰਹਿਤ ਦੇ ਉਲਟ ਹੈ।
- ਰਤਨ ਸਿੰਘ ਦਾ ਕਾਲੀ ਭੱਛ ਦਾ ਪ੍ਰਸੰਗ ਸਿੱਖੀ ਦੇ ਇਕ ਅਕਾਲ ਪੁਰਖ ਤੇ ਗ੍ਰੰਥ ਦੀ ਮੂਲ ਭਾਵਨਾ ਦੇ ਉਲਟ ਆਪਾ-ਵਿਰੋਧੀ ਪ੍ਰਸੰਗ ਹੈ।
- ਗੁਰਮੇਲ ਸਿੰਘ ਪੰਥ ਪ੍ਰਕਾਸ਼ ਦੇ ਮੂਲ ਖਰੜੇ ਦੇ ਵਿਗਾੜ ਸੰਬੰਧੀ ਸ਼ੰਕਾ ਪ੍ਰਗਟ ਕਰਦੇ ਹਨ ਕਿ

'ਨਿਰੋਲ ਪੰਥ ਪ੍ਰਕਾਸ਼ ਦੇ ਅਸਲੀ ਖਰੜੇ, ਜਿਸ ਦੀ ਇਕ ਕਾਪੀ ਗਿਆਨੀ ਨਾਹਰ ਸਿੰਘ ਜੀ ਦੀ ਸੂਚਨਾ ਅਨੁਸਾਰ ਸਰਦਾਰ ਰਤਨ ਸਿੰਘ ਨੇ ਖ਼ੁਦ ਮਹਾਰਾਜਾ ਕਰਮ ਸਿੰਘ ਪਟਿਆਲਾ ਨੂੰ ਭੇਂਟ ਕੀਤੀ ਸੀ, ਉਸ ਨੂੰ 'ਸੋਧਣ' ਦੀ ਡਿਊਟੀ ਮਹਰਾਜਾ ਕਰਮ ਸਿੰਘ ਨੇ ਚਾਰ 'ਪੰਡਿਤਾਂ' ਦੀ ਲਾਈ ਸੀ। ਸਪਸ਼ਟ ਹੈ ਕਿ 'ਪੰਥ ਪ੍ਰਕਾਸ਼' ਦੇ ਪਾਠ (Text) ਨੂੰ ਜਾਣ-ਬੁੱਝ ਕੇ 'ਸੋਧਿਆ' (ਵਿਗਾੜਿਆ) ਗਿਆ ਹੈ। ਗੁਰਮਤਿ ਵਿਰੋਧੀ ਜਾਂ ਬਾਬਾ ਬੰਦਾ ਸਿੰਘ ਬਹਾਦਰ ਵਿਰੋਧੀ 'ਪਾਠ' ਦਾ ਸ਼ਾਮਿਲ ਹੋ ਜਾਣਾ ਵੀ ਕੋਈ ਗੈਰ-ਕੁਦਰਤੀ ਨਹੀਂ, ਕਿਉਂਕਿ ਬ੍ਰਾਹਮਣੀ-ਖੁਣਸ ਸ਼ਹੀਦ-ਜਰਨੈਲਾਂ 'ਤੇ ਹੀ ਬਹੁਤੀ ਖਿਝ ਰੱਖਦੀ ਹੈ।'[100]

- ਇਸ ਤੋਂ ਇਲਾਵਾ ਸ਼ੁੱਧ ਪਾਠ ਦੀ ਸਮੱਸਿਆ ਭਾਵੇਂ ਸਮੁੱਚੇ ਧਾਰਮਿਕ ਸਾਹਿਤ ਦੀ ਹੀ ਇਕ ਵਿਆਪਕ ਸਮੱਸਿਆ ਹੈ ਪਰ ਕੁਝ ਸਿੱਖ-ਸਾਹਿਤ ਦੀ ਸ਼ੁੱਧਤਾ ਦੀ ਪ੍ਰਮਾਣਿਕਤਾ ਦਾ ਵੱਡਾ ਸਵਾਲ ਇਸ ਕਰਕੇ ਖੜ੍ਹਦਾ ਹੈ ਕਿ ਇਕ ਪਾਸੇ ਜਿੱਥੇ ਸਿੱਖਾਂ ਦੀ ਰਾਜਸੀ ਟੱਕਰ ਇਸਲਾਮ ਨਾਲ ਸੀ ਉੱਥੇ ਨਾਲ ਹੀ ਬ੍ਰਾਹਮਣਵਾਦ ਨਾਲ ਵਿਚਾਰਧਾਰਕ ਟੱਕਰ ਵੀ ਸੀ। ਬ੍ਰਾਹਮਣ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਸੁਚੇਤ ਰੂਪ ਵਿਚ ਸਿੱਖ ਵਿਚਾਰਧਾਰਾ ਦਾ ਵਿਰੋਧੀ ਸੀ। ਇਸ ਕਰਕੇ ਹੀ ਉਸ ਨੇ ਸਿੱਖ-ਸਾਹਿਤ ਦੀ ਸ਼ੁੱਧਤਾ ਨੂੰ ਵਿਗਾੜਨ ਲਈ ਅਨੇਕਾਂ ਯਤਨ ਕੀਤੇ।
- ਗਿਆਨ ਉੱਪਰ ਲੰਬੇ ਸਮੇਂ ਤੋਂ ਬ੍ਰਾਹਮਣਵਾਦੀ ਸੋਚ ਦਾ ਕਬਜ਼ਾ ਹੋਣ ਕਰਕੇ ਸਮਾਜ ਦੇ ਇਕ ਹਿੱਸੇ ਵਿਚ ਕਰਾਮਾਤਾਂ ਅਤੇ ਸਰਾਪ ਦੇਣ ਵਾਲੀਆਂ ਸਾਖੀਆਂ ਨੂੰ ਜਿਆਦਾ ਪ੍ਰਮੁੱਖਤਾ ਸੀ। ਇਸ ਅਚੇਤ ਪ੍ਰਭਾਵ ਵਿਚ ਹੀ ਭੰਗੂ ਨੇ ਭਾਈ ਮਨੀ ਸਿੰਘ ਨੂੰ ਸੰਗਤ ਵੱਲੋਂ ਸਰਾਪ ਦੇਣ ਅਤੇ ਬਾਬਾ ਬੰਦਾ ਸਿੰਘ ਨਾਲ ਰਿੱਧੀਆਂ-ਸਿੱਧੀਆਂ ਵਾਲੀਆਂ ਸਾਖੀਆਂ ਜੋੜ ਦਿੱਤੀਆਂ।

ਸਪਸ਼ਟ ਹੈ ਕਿ ਰਤਨ ਸਿੰਘ ਵੱਲੋਂ ਸਿੱਖ ਰਾਜ ਦੇ ਪਹਿਲੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੂੰ ਕੇਂਦਰ ਵਿਚ ਰੱਖ ਕੇ ਸਿੱਖ ਸੰਘਰਸ਼ ਦਾ ਇਤਿਹਾਸ ਲਿਖਣਾ, ਸਿੱਖ ਸ਼ਹਾਦਤਾਂ ਦੇ ਰੂਹਾਨੀ ਜਲਾਲ ਨੂੰ

[100] ਗੁਰਮੇਲ ਸਿੰਘ, ਸ੍ਰੀ ਗੁਰ ਪੰਥ ਪ੍ਰਕਾਸ਼: ਸਰਦਾਰ ਰਤਨ ਸਿੰਘ ਭੰਗੂ, ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ-2005, ਪੰਨਾ 261

ਫੈਲਾਉਣਾ ਅਤੇ ਰਾਜ ਸਥਾਪਤੀ ਦੇ ਸਰੂਪ ਨੂੰ ਪੇਸ਼ ਕਰਨਾ ਬ੍ਰਾਹਮਣਵਾਦੀ ਸੋਚ ਦੇ ਧਾਰਨੀਆਂ ਲਈ ਇਕ ਵੰਗਾਰ ਸੀ ਜਿਸ ਕਰਕੇ ਉਨ੍ਹਾਂ ਲਈ ਪੰਥ ਪ੍ਰਕਾਸ਼ ਦੇ ਮੂਲ ਖਰੜੇ ਨਾਲ ਛੇੜਖਾਨੀ ਕਰਨੀ ਕੋਈ ਅਣਹੋਣੀ ਨਹੀਂ ਜਾਪਦੀ।

ਇਹ ਗ੍ਰੰਥ ਇਕੋ-ਇਕ ਗੁਰਮੁਖੀ ਸੋਮਾ ਹੈ ਜੋ ਕਿ ਅਠਾਰਵੀਂ ਸਦੀ ਦੇ ਸਿੱਖ ਸੂਰਬੀਰਾਂ ਦੇ ਸੱਚੇ-ਸੁੱਚੇ, ਅਣਖੀ, ਨਿਡਰ ਅਤੇ ਸਹਿਣਸ਼ੀਲ ਇਖ਼ਲਾਕ ਦੀ ਕਹਾਣੀ ਬਿਆਨ ਕਰਦਾ ਹੈ। ਇਸ ਵਿਚ ਪੰਥ ਪ੍ਰਬੰਧ ਦੀਆਂ ਸਿੱਖ ਸੰਸਥਾਵਾਂ ਅਤੇ ਪਰੰਪਰਾਵਾਂ ਦੇ ਕਾਰਜ ਅਤੇ ਆਦਰਸ਼ ਸਰੂਪ ਨੂੰ ਪਛਾਣ ਕੇ ਇਸ ਦੀਆਂ ਪਰਿਭਾਸ਼ਾਵਾਂ ਉਲੀਕੀਆਂ ਗਈਆਂ ਹਨ। ਨਾਲ ਹੀ ਸ਼ਹਾਦਤਾਂ, ਸਿੱਖ ਯੁੱਧ ਕਲਾ ਅਤੇ ਜੰਗੀ ਵਿਵਹਾਰ ਵਿੱਚੋਂ ਖ਼ਾਲਸੇ ਦੀ ਕੋਮਲਤਾ ਦੇ ਦਰਸ਼ਨ ਹੁੰਦੇ ਹਨ। ਖ਼ਾਲਸੇ ਦੇ ਰਾਜਸੀ ਹੱਕ ਅਤੇ ਪਾਤਸ਼ਾਹੀ ਦਾਅਵੇ ਨੂੰ ਕਿਸੇ ਰਾਜਨੀਤਿਕ ਸੰਕਲਪ ਦੀ ਕਾਢ ਦੀ ਬਜਾਇ ਗੁਰੂ ਨਾਨਕ ਦੀ ਬਖ਼ਸ਼ਿਸ਼ ਪ੍ਰਾਪਤੀ ਮੰਨਿਆ ਹੈ। ਇਹ ਗ੍ਰੰਥ ਸਿੱਖ ਇਤਿਹਾਸ ਦਾ ਸਵੈ-ਪ੍ਰਤਿਬਿੰਬਤ ਦਸਤਾਵੇਜ਼ ਅਤੇ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਰਾਜਨੀਤਿਕ ਵਿਚਾਰਧਾਰਾ ਦਾ ਨੀਤੀ-ਸ਼ਾਸ਼ਤਰ ਹੈ ਜਿਸ ਵਿਚ ਛੁਪੇ ਅਹਿਮ ਸਿਧਾਂਤਾਂ ਦਾ ਅਧਿਐਨ ਅੱਜ ਦੇ ਸਮੇਂ ਵਿਚ ਵੀ ਖ਼ਾਲਸਾ ਪੰਥ ਦਾ ਰਾਹ ਰੁਸ਼ਨਾਉਣ ਵਿਚ ਸਹਾਈ ਹੋਵੇਗਾ।

# ਪਾਠ ਦੂਜਾ

## ਧਾਰਮਿਕ ਅਤੇ ਰਾਜਨੀਤਿਕ ਵਿਸ਼ਲੇਸ਼ਣ: ਸਰੂਪ, ਸਿਧਾਂਤ ਤੇ ਵਿਧੀ

ਧਰਮ ਅਤੇ ਰਾਜ ਮਨੁੱਖੀ ਮਨ ਅਤੇ ਦੇਹ ਨੂੰ ਪ੍ਰਭਾਵਿਤ ਕਰਨ ਵਾਲੇ ਅਜਿਹੇ ਵਰਤਾਰੇ ਹਨ ਜਿਹੜੇ ਮਨੁੱਖ ਦੀ ਇੱਛਾ ਜਾਂ ਦਿਲਚਸਪੀ ਤੋਂ ਬਿਨਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਮਨੁੱਖੀ ਕਰਮ ਨੂੰ ਪ੍ਰਭਾਵਿਤ ਕਰਦੇ ਹਨ। ਇਹਨਾਂ ਵਰਤਾਰਿਆਂ ਦੀ ਅਤਿ ਸੂਖਮ ਤੇ ਸਥੂਲ ਪਹੁੰਚ ਮਨੁੱਖੀ ਜਿੰਦਗੀ ਦੀ ਹੋਂਦ ਤੋਂ ਹੀ ਅਧਿਐਨ ਤੇ ਚਿੰਤਨ ਦਾ ਵਿਸ਼ਾ ਰਹੀ ਹੈ। ਜਿੱਥੇ ਇਹ ਵਿਸ਼ੇ ਮਨੁੱਖੀ ਸੰਵੇਦਨਾ ਨਾਲ ਜੁੜੇ ਹੋਏ ਹਨ ਉੱਥੇ ਸੰਸਾਰ ਦੀ ਹਰ ਚਿੰਤਨ ਪੱਧਤੀ ਤੇ ਮਨੱਖ ਦੇ ਅਮਲੀ ਕਾਰਜ ਕਰਮ ਨੂੰ ਬਦਲ ਦੇਣ ਦੀ ਤਾਕਤ ਰਖਦੇ ਹਨ। ਜਿੱਥੇ ਧਰਮ ਦਾ ਸੰਬੰਧ ਸਿੱਧੇ ਰੂਪ ਵਿਚ ਮਨੁੱਖੀ ਅੰਤਰ ਆਤਮਾ ਦੇ ਅੰਦਰੂਨੀ ਤੇ ਰੂਹਾਨੀ ਸਰੋਕਾਰਾਂ ਨਾਲ ਇਕ ਸਹਿਜ ਮਾਹੌਲ ਪੈਦਾ ਕਰਨਾ ਹੈ, ਉੱਥੇ ਰਾਜ ਦਾ ਕੰਮ ਮਨੁੱਖੀ ਦੇਹ ਦੇ ਤਮਾਮ ਬਾਹਰੀ ਵਰਤਾਰਿਆਂ ਨੂੰ ਇਕਸੁਰ ਕਰਕੇ ਮਨੁੱਖ ਦੇ ਸਮਾਜੀ ਵਰਤਾਰੇ ਨੂੰ ਇਕ ਸਾਜਗਾਰ ਪ੍ਰਬੰਧ ਵਿਚ ਵਿਉਂਤਣਾ ਹੈ। ਸਿੱਟੇ ਵਜੋਂ ਰਾਜ ਤੇ ਧਰਮ ਮਨੁੱਖ ਨੂੰ ਅਨੁਕੂਲ ਮਾਹੌਲ ਦੇਣ ਵਾਲੇ ਦੋ ਬੁਨਿਆਦੀ ਤੇ ਮੁੱਢਲੇ ਥੰਮ ਹਨ। ਇਹਨਾਂ ਦੇ ਬੁਨਿਆਦੀ ਤੇ ਸਿਧਾਂਤਕ ਸਰੂਪ ਸਾਨੂੰ ਇਕ ਦੂਜੇ ਤੋਂ ਉਲਟ ਦਿਸਦੇ ਹਨ ਕਿਉਂਕਿ ਦੋਹਾਂ ਦੇ ਅਮਲ ਤੇ ਵਿਵਹਾਰਕ ਬਣਤਰ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ ਪਰ ਦੋਵਾਂ ਦਾ ਮੰਤਵ ਤੇ ਖੇਤਰ ਮਨੁੱਖੀ ਭਲਾਈ ਤੇ ਕਲਿਆਣ ਹੀ ਹੈ। ਜਿਸ ਤੋਂ ਸਪਸ਼ਟ ਹੈ ਕਿ ਇਹਨਾਂ ਵਿਚ ਕਿਤੇ ਨਾ ਕਿਤੇ ਬੁਨਿਆਦੀ ਸਾਂਝ ਜ਼ਰੂਰ ਹੈ ਭਾਵੇਂ ਲੰਮੇਂ ਸਮੇਂ ਤੋਂ ਹੀ ਰਾਜ ਤੇ ਧਰਮ ਦਾ ਵੱਖ-ਵੱਖ ਹੋਣਾ, ਇਕ ਸਵਾਲ ਰਿਹਾ ਹੈ ਪਰ ਅਜੋਕੇ ਗਿਆਨ (Enlightenment) ਦੇ ਯੁੱਗ ਵਿਚ ਰਾਜ ਤੇ ਧਰਮ ਦੇ ਅਲਹਿਦੇ ਹੋਣ ਨੂੰ ਲੈ ਕੇ ਚੱਲੀ ਬਹਿਸ ਨੇ ਇਹਨਾਂ ਵਿਚਲੀਆਂ ਬੁਨਿਆਦੀ ਸਾਂਝਾਂ ਨੂੰ ਹੋਰ ਧੁੰਦਲਾ ਕਰ ਦਿੱਤਾ ਹੈ। ਹਥਲੇ ਖੋਜ-ਪ੍ਰਬੰਧ ਦੇ ਇਸ ਪਾਠ ਵਿਚ ਇਹਨਾਂ ਦੋਵਾਂ ਵਰਤਾਰਿਆਂ ਦੇ ਵਿਸ਼ਲੇਸ਼ਣ ਲਈ ਇਕ ਸਿਧਾਂਤਕ ਖ਼ਾਕਾ ਉਲੀਕਣ ਦਾ ਯਤਨ ਕੀਤਾ ਹੈ।

### 2.1. ਕਾਰਜ ਸਰਵੇਖਣ

ਹਥਲੇ ਖੋਜ-ਕਾਰਜ ਦਾ ਮੂਲ ਸਰੋਕਾਰ ਆਧਾਰ ਗ੍ਰੰਥਾਂ ਦਾ ਧਾਰਮਿਕ ਅਤੇ ਰਾਜਨੀਤਿਕ ਵਿਸ਼ਲੇਸ਼ਣ ਹੈ ਫਿਰ ਵੀ ਕਿਸੇ ਖੋਜ-ਕਾਰਜ ਨੂੰ ਆਰੰਭ ਕਰਨ ਤੋਂ ਪਹਿਲਾਂ ਸੰਬੰਧਿਤ ਵਿਸ਼ੇ ਬਾਰੇ ਪਹਿਲਾਂ ਹੋ ਚੁੱਕੇ ਖੋਜ-

ਕਾਰਜਾਂ ਨੂੰ ਵਾਚਣਾ ਮੁੱਲਵਾਨ ਹੁੰਦਾ ਹੈ। ਗੁਰਬਿਲਾਸ ਪਾਤਸ਼ਾਹੀ ੧੦ ਤੇ ਪ੍ਰਾਚੀਨ ਪੰਥ ਪ੍ਰਕਾਸ਼ ਸਿੱਖ ਇਤਿਹਾਸ ਦੇ ਮੁੱਢਲੇ ਸ੍ਰੋਤ ਹਨ ਇਹਨਾਂ ਦੀ ਇਸ ਮਹੱਤਤਾ ਨੂੰ ਸਾਹਮਣੇ ਰਖਦੇ ਹੋਏ ਇਹਨਾਂ ਉੱਪਰ ਹੋਏ ਕਾਰਜਾਂ 'ਤੇ ਸਰਸਰੀ ਨਜ਼ਰ ਮਾਰੀ ਹੈ ਜਿਸ ਦਾ ਵੇਰਵਾ ਇਸ ਤਰ੍ਹਾਂ ਹੈ:

**ਗੁਰਬਿਲਾਸ ਪਾਤਸ਼ਾਹੀ ੧੦**

- ਸ਼ਮਸ਼ੇਰ ਸਿੰਘ ਅਸ਼ੋਕ[101] ਨੇ ਗੁਰਬਿਲਾਸ ਪਾਤਸ਼ਾਹੀ ੧੦ ਨੂੰ ਪਹਿਲੀ ਵਾਰ 1968 ਵਿਚ ਨੇ ਸੰਪਾਦਿਤ ਕਰਕੇ ਪੰਜਾਬੀ ਯੂਨੀਵਰਸਿਟੀ ਤੋਂ ਛਪਵਾਇਆ ਤੇ ਇਸ ਦੀ ਵਿਸਥਾਰਿਤ ਭੂਮਿਕਾ ਡਾ. ਫੌਜਾ ਸਿੰਘ ਨੇ ਲਿਖੀ। ਜਿਸ ਵਿਚ ਉਹਨਾਂ ਨੇ ਇਸ ਗ੍ਰੰਥ ਨੂੰ ਬਾਕੀ ਸ੍ਰੋਤਾਂ ਨਾਲ ਮੇਲ ਕੇ ਇਸ ਦੀ ਇਤਿਹਾਸਕ ਮਹੱਤਤਾ ਨੂੰ ਸਾਹਮਣੇ ਰੱਖਿਆ।
- ਸੋਹਣ ਸਿੰਘ ਸੀਤਲ[102] ਨੇ ਸਿੱਖ ਇਤਿਹਾਸ ਦੇ ਸੋਮੇ ਪੁਸਤਕ ਲੜੀ ਦੇ ਪਹਿਲੇ ਭਾਗ ਵਿਚ ਗੁਰਬਿਲਾਸ ਦੇ ਸਾਰੇ ਅਧਿਆਇਆਂ ਦਾ ਤੱਤ-ਸਾਰ ਕਥਾਨਕ ਵਾਂਗ ਲਿਖਿਆ ਹੈ ਤੇ ਟਿੱਪਣੀਆਂ ਕੀਤੀਆਂ ਹਨ।
- ਸੁਰਜੀਤ ਹਾਂਸ[103] ਨੇ ਗੁਰਬਿਲਾਸ ਪਾਤਸਾਹੀ ੧੦ ਦਾ ਸਾਹਿਤ ਰੂਪ ਵਜੋਂ ਅਧਿਐਨ ਕੀਤਾ ਹੈ ਤੇ ਇਸ ਦੇ ਰਚਨਾਕਾਲ ਨੂੰ ਲੈ ਕੇ ਟਿੱਪਣੀਆਂ ਕੀਤੀਆਂ ਹਨ।
- ਭਾਈ ਵੀਰ ਸਿੰਘ[104] ਨੇ 'ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ' ਦੀ ਭੂਮਿਕਾ ਵਿਚ ਗੁਰਬਿਲਾਸ ਤੇ ਸੂਰਜ ਪ੍ਰਕਾਸ਼ ਦੀਆਂ ਤੁਕਾਂ ਲੈ ਕੇ ਸਮਾਨਤਾ ਦਰਸਾਈ ਹੈ।
- ਜਸਪਾਲ ਸਿੰਘ[105] ਨੇ ਗੁਰਬਿਲਾਸ ਦੀ ਲਿਖਤ ਨੂੰ ਰਾਜ ਦੇ ਸੰਕਲਪ ਲਈ ਇਤਿਹਾਸਕ ਲਿਖਤ ਵਜੋਂ ਆਧਾਰ ਬਣਾਇਆ ਹੈ।

---

[101] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.).

[102] ਸੋਹਣ ਸਿੰਘ ਸੀਤਲ, ਸਿੱਖ ਇਤਿਹਾਸ ਦੇ ਸੋਮੇ.

[103] Surjit Hans, A Reconstruction of Sikh History from Sikh Literature.

[104] ਕਵੀ ਚੂੜਾਮਣੀ ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਪਹਿਲੀ, ਰਚਨਾ.

[105] ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ.

- ਵਿਸ਼ਾਲ ਕੁਮਾਰ[106] ਨੇ ਪੰਜਾਬੀ ਮਹਾਕਾਵਿ ਦੇ ਹਵਾਲੇ ਨਾਲ ਗੁਰਬਿਲਾਸ ਪਾਤਸ਼ਾਹੀ ੧੦ ਨੂੰ ਪੰਜਾਬੀ ਸਾਹਿਤ ਦਾ ਆਦਿ ਕਾਵਿ-ਰੂਪ ਦੱਸਿਆ ਹੈ।
- ਗੁਰਬਚਨ ਸਿੰਘ ਨਈਅਰ[107] ਨੇ ਕੁਇਰ ਸਿੰਘ ਦੇ ਜੀਵਨ ਸੰਬੰਧੀ ਸੰਖੇਪ ਤੇ ਉਸਦੀ ਰਚਨਾ ਬਾਰੇ ਵਿਸਥਾਰਿਤ ਜਾਣਕਾਰੀ ਦਿੱਤੀ ਹੈ।
- ਦੇਵੀ ਦਾਸ[108] ਨੇ ਆਪਣੇ ਪੀਐਚ. ਡੀ. ਦੇ ਖੋਜ-ਕਾਰਜ ਵਿਚ ਸਾਹਿਤਕ ਨੁਕਤੇ ਤੋਂ ਭਾਈ ਸੁੱਖਾ ਸਿੰਘ ਤੇ ਕੁਇਰ ਸਿੰਘ ਦੇ ਗੁਰਬਿਲਾਸ ਦੀਆਂ ਰਚਨਾਵਾਂ ਦਾ ਤੁਲਨਾਤਮਿਕ ਅਧਿਐਨ ਕੀਤਾ ਹੈ।
- ਕਵਿਤਾ ਰਾਣੀ[109]ਨੇ ਆਪਣੇ ਖੋਜ-ਕਾਰਜ ਵਿਚ 'ਗੁਰਬਿਲਾਸ ਪਾਤਸ਼ਾਹੀ ੧੦' ਦਾ ਇਤਿਹਾਸਕ ਪੱਖ ਤੋਂ ਅਧਿਐਨ ਕੀਤਾ ਹੈ।
- ਗੁਰਮੇਲ ਸਿੰਘ[110] ਨੇ ਆਪਣੇ ਖੋਜ-ਪ੍ਰਬੰਧ ਵਿਚ ਗੁਰਬਿਲਾਸ ਪਾਤਸ਼ਾਹੀ ੧੦ ਦੇ ਹਵਾਲੇ ਨਾਲ ਗੁਰਮਤਿ ਦਾ ਸਿਧਾਂਤਕ ਤੇ ਸੰਸਥਾਗਤ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ।
- ਹਰਦੇਵ ਸਿੰਘ[111] ਨੇ ਆਪਣੇ ਖੋਜ-ਪ੍ਰਬੰਧ ਵਿਚ ਗੁਰਬਿਲਾਸ ਪਾਤਸ਼ਾਹੀ ੧੦ ਕੁਇਰ ਸਿੰਘ ਦੇ ਧਰਮ-ਸ਼ਾਸਤਰੀ ਨੁਕਤੇ ਤੋਂ ਅਧਿਐਨ ਰਾਹੀਂ ਇਸ ਦੇ ਗੁਰ-ਦਰਸ਼ਨ ਰੂਪ ਨੂੰ ਉਭਾਰਿਆ ਹੈ।

---

[106] ਡਾ. ਵਿਸ਼ਾਲ ਕੁਮਾਰ, ਪੰਜਾਬੀ ਮਹਾਕਾਵਿ ਬਦਲਦੇ ਪਰਿਪੇਖ.

[107] ਡਾ. ਗੁਰਬਚਨ ਸਿੰਘ ਨਈਅਰ, ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ(1469-1849) ਅਧਿਐਨ ਤੇ ਮੁਲਾਂਕਣ.

[108] देवी दास, भाई सुखा सिँह व कुईर सिँह के गुरविलास का तुलनातमक अघिययन.

[109] Kavita Rani, Select Gurmukhi Sources on Medievel Sikh History From 1469-1799- A Historical Analysis (Ph.D. Thesis)

[110] ਗੁਰਮੇਲ ਸਿੰਘ, ਮਧ-ਕਾਲੀਨ ਸਿੱਖ-ਸਾਹਿਤ ਦਾ ਗੁਰਮਤਿ ਦ੍ਰਿਸ਼ਟੀਕੋਣ ਇਕ ਅਧਿਐਨ, (ਪੀਐਚ.ਡੀ. ਖੋਜ-ਪ੍ਰਬੰਧ)

[111] ਹਰਦੇਵ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਸੁੱਖਾ ਸਿੰਘ ਦਾ ਧਰਮ ਸ਼ਾਸਤਰੀ ਅਧਿਐਨ (ਪੀਐਚ.ਡੀ. ਖੋਜ-ਪ੍ਰਬੰਧ)

- ਹਰਦੇਵ ਸਿੰਘ[112] ਨੇ ਆਪਣੇ ਪੇਪਰ ਵਿਚ ਅਠਾਰਵੀਂ ਸਦੀ ਦੇ ਸਿੱਖ ਸੰਘਰਸ਼ ਵਿਚ ਕੁਇਰ ਸਿੰਘ ਦੀ ਭੂਮਿਕਾ ਦਾ ਜ਼ਿਕਰ ਕੀਤਾ ਹੈ।
- ਮਦਨਜੀਤ ਕੌਰ[113] ਨੇ ਕੋਇਰ ਸਿੰਘ ਤੇ ਲਿਖੇ ਪਰਚੇ ਵਿਚ ਗੁਰਬਿਲਾਸ ਗ੍ਰੰਥ ਦੀ ਮਹੱਤਤਾ ਦਸਦੇ ਹੋਏ ਇਸ ਨੂੰ ਅਠਾਰਵੀਂ ਸਦੀ ਦੇ ਸਿੱਖ-ਸਾਹਿਤ ਦਾ ਮਹਾਂਕਾਵਿ ਦੱਸਿਆ ਹੈ।
- ਕਿਰਨਜੀਤ ਕੌਰ[114] ਨੇ ਵੱਖ-ਵੱਖ ਲੇਖਕਾਂ ਦੇ ਹਵਾਲਿਆਂ ਨਾਲ ਗੁਰਬਿਲਾਸ ਨੂੰ ਅਠਾਰਵੀਂ ਸਦੀ ਦੇ ਸਿੱਖ ਇਤਿਹਾਸ ਦਾ ਮਹੱਤਵਪੂਰਨ ਇਤਿਹਾਸਕ ਸ੍ਰੋਤ ਦੱਸਿਆ ਹੈ।
- ਧਰਮ ਸਿੰਘ[115] ਨੇ 'ਗੁਰਬਿਲਾਸ ਪਾਤਸ਼ਾਹੀ ੧੦' ਨੂੰ ਇਕ ਮਹਾਕਾਵਿ ਮੰਨਦੇ ਹੋਏ ਇਸ ਵਿਚਲੇ ਮਹਾਕਾਵਿ ਦੇ ਲੱਛਣਾਂ ਨੂੰ ਉਜਾਗਰ ਕੀਤਾ ਹੈ।

### ਪ੍ਰਾਚੀਨ ਪੰਥ ਪ੍ਰਕਾਸ਼

- ਭਾਈ ਵੀਰ ਸਿੰਘ[116] ਨੇ ਇਕ ਲਿਖਤੀ ਨੁਸਖ਼ੇ ਤੋਂ ਉਤਾਰਾ ਕਰਕੇ 1914 ਈ. ਵਿਚ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਤੋਂ ਛਪਵਾਇਆ। ਉਨ੍ਹਾਂ ਨੇ ਇਸ ਖਰੜੇ ਵਿਚ ਗਲਤ ਪਾਠ ਨੂੰ ਸੋਧਿਆ, ਵਾਧੂ ਲੱਭੇ ਪਾਠਾਂ ਨੂੰ ਫੁੱਟ-ਨੋਟਾਂ ਵਿਚ ਦਰਜ ਕਰਕੇ ਬਹੁਤ ਮਿਹਨਤ ਨਾਲ ਸੰਪਾਦਿਤ ਕੀਤਾ ਪਰ ਫਿਰ ਵੀ ਉਨ੍ਹਾਂ ਨੇ ਆਪਣੀ ਭੂਮਿਕਾ ਵਿਚ ਇਸ ਨੂੰ ਹੋਰ ਦਰੁਸਤੀ ਦਾ ਮੁਥਾਜ ਦੱਸਿਆ ਹੈ।

---

[112] ਹਰਦੇਵ ਸਿੰਘ, ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਵਿਚ ਕਵੀ ਕੁਇਰ ਸਿੰਘ ਦਾ ਯੋਗਦਾਨ, ਪ੍ਰੋਸੀਡਿੰਗ, ਪੰਜਾਬ ਹਿਸਟਰੀ ਕਾਨਫਰੰਸ-2013.

[113] Madanjit Kaur, Koer Singh's Gurbilas patshahi 10: An Eighteenth Century Sikh Literature, Recent Researches in Sikhism.

[114] Kiranjeet kaur, Koer Singh's Gurbilas Patshahi-10: A Historical Source of Medieval Sikh History.

[115] ਧਰਮ ਸਿੰਘ, ਗੁਰਬਿਲਾਸਾਂ ਤੋਂ ਮਹਾਕਾਵਿ ਤੱਕ, ਪੰਜਾਬੀ ਟ੍ਰਿਬਿਊਨ, 30 ਜੁਲਾਈ 2014.

[116] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.)

- ਡਾ. ਜੀਤ ਸਿੰਘ ਸੀਤਲ[117] ਨੇ ਭਾਈ ਵੀਰ ਸਿੰਘ ਦੇ ਪੰਥ ਪ੍ਰਕਾਸ਼ ਨੂੰ ਹੀ ਔਖੇ ਸ਼ਬਦਾਂ ਦੇ ਅਰਥਾਂ ਤੇ ਲੋੜੀਂਦੀਆਂ ਸੋਧਾਂ ਸਮੇਤ ਸੰਪਾਦਿਤ ਕੀਤਾ ਹੈ।
- ਬੁੱਢਾ ਦਲ[118] ਨੇ ਪ੍ਰਾਚੀਨ ਪੰਥ ਪ੍ਰਕਾਸ਼ ਦੀ ਲੜੀਵਾਰ ਕਥਾ ਦਾ ਦੋ ਜਿਲਦਾਂ ਵਿਚ ਟੀਕਾ ਪ੍ਰਕਾਸ਼ਿਤ ਕਰਵਾਇਆ ਹੈ।
- ਡਾ. ਬਲਵੰਤ ਸਿੰਘ ਢਿਲੋਂ[119] ਨੇ ਇਸ ਗ੍ਰੰਥ ਦੀ ਗੰਭੀਰਤਾ ਨੂੰ ਸਮਝਦੇ ਹੋਏ ਇਸ ਦੇ ਪਾਠ ਦੀਆਂ ਕਮੀਆਂ ਤੇ ਖੱਪਿਆਂ ਨੂੰ ਦੂਰ ਕਰਨ ਲਈ ਹੱਥ ਲਿਖਤ ਖਰੜਿਆਂ ਨੂੰ ਆਧਾਰ ਬਣਾ ਕੇ ਨਵੇਂ ਸਿਰੇ ਤੋਂ ਸੰਪਾਦਿਤ ਕੀਤਾ ਹੈ। ਪਾਠਕਾਂ ਦੀ ਸੌਖ ਲਈ ਇਤਿਹਾਸਕ ਥਾਵਾਂ, ਘਟਨਾਵਾਂ ਤੇ ਪਾਤਰਾਂ ਸੰਬੰਧੀ ਟਿੱਪਣੀਆਂ ਤੇ ਵਿਆਖਿਆ ਫੁੱਟ-ਨੋਟਾਂ ਵਿਚ ਦਰਜ ਕਰਕੇ, ਔਖੇ ਸ਼ਬਦਾਂ ਦੇ ਅਰਥ ਨਾਲੋ-ਨਾਲ ਦਿੱਤੇ ਹਨ।
- ਕੁਲਵੰਤ ਸਿੰਘ ਨੇ ਦੋ ਜਿਲਦਾਂ (Vol. I,[120] & Vol II[121]) ਵਿਚ ਕੀਤੇ ਅੰਗਰੇਜ਼ੀ ਅਨੁਵਾਦ ਲਈ ਡਾ. ਜੀਤ ਸਿੰਘ ਸੀਤਲ ਦੇ ਸ੍ਰੀ ਗੁਰ ਪੰਥ ਪ੍ਰਕਾਸ਼ ਨੂੰ ਹੀ ਆਪਣਾ ਆਧਾਰ ਬਣਾਇਆ ਹੈ ਤੇ ਪੰਜਾਬੀ ਪਾਠ ਦੇ ਨਾਲ-ਨਾਲ ਰੋਮਨ ਲਿੱਪੀ ਵਿਚ ਵੀ ਪਾਠ ਨੂੰ ਦਰਸਾਇਆ ਹੈ। ਕੁਲਵੰਤ ਸਿੰਘ ਨੇ ਦੋਹਾਂ ਜਿਲਦਾਂ ਦੀ ਅਲੱਗ ਜਾਣ ਪਛਾਣ ਵਿਚ ਇਸ ਗ੍ਰੰਥ ਨੂੰ ਮਹਾਕਾਵਿ ਤੇ ਅਠਾਰਵੀਂ ਸਦੀ ਦੇ ਸਿੱਖ ਇਤਿਹਾਸ ਤੇ ਸ਼ਹੀਦੀਆਂ ਨੂੰ ਦਰਸਾਉਣ ਵਾਲੀ ਮਹੱਤਵਪੂਰਨ ਰਚਨਾ ਕਿਹਾ ਹੈ।
- ਗੁਰਤੇਜ ਸਿੰਘ[122] ਨੇ ਦੋ ਜਿਲਦਾਂ ਦੇ ਸੈੱਟ ਵਿਚ ਕੀਤੇ ਅੰਗਰੇਜ਼ੀ ਅਨੁਵਾਦ ਲਈ ਡਾ. ਜੀਤ ਸਿੰਘ ਸੀਤਲ ਦੇ ਸ੍ਰੀ ਗੁਰ ਪੰਥ ਪ੍ਰਕਾਸ਼ ਨੂੰ ਹੀ ਆਪਣਾ ਆਧਾਰ ਬਣਾਇਆ ਹੈ ਤੇ ਰਤਨ ਸਿੰਘ ਭੰਗੂ ਨੂੰ

---

[117] ਡਾ· ਜੀਤ ਸਿੰਘ ਸੀਤਲ (ਸੰਪਾ.), ਸ੍ਰੀ ਗੁਰ ਪੰਥ ਪ੍ਰਕਾਸ਼.

[118] ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ 'ਅਕਾਲੀ'.

[119] ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਸ੍ਰੀ ਗੁਰ ਪੰਥ ਪ੍ਰਕਾਸ਼.

[120] Kulwant Singh (Eng. Tran.), Sri Gur Panth Prakash, Vol. I.

[121] Kulwant Singh (Eng. Tran.), Sri Gur Panth Prakash, Vol. II.

[122] Gurtej Singh (Eng. Tran.), Sri Gur Panth Prakash, Vol. I, Vol. II.

ਖ਼ਾਲਸੇ ਦੀ ਉਤਪਤੀ ਤੇ ਪਸਾਰੇ ਦਾ ਪ੍ਰਸੰਗ ਦੱਸਣ ਵਾਲਾ ਵਿਲੱਖਣ ਇਤਿਹਾਸਕਾਰ ਤੇ ਪੰਥ ਪ੍ਰਕਾਸ਼ ਨੂੰ ਰਾਜਨੀਤਿਕ ਮਹੱਤਵ ਵਾਲੀ ਰਚਨਾ ਦਰਸਾਉਂਦਾ ਹੈ।

- ਗੁਰਬਚਨ ਸਿੰਘ ਨਈਅਰ[123] ਨੇ ਰਤਨ ਸਿੰਘ ਭੰਗੂ ਦੇ ਜੀਵਨ ਸੰਬੰਧੀ ਸੰਖੇਪ ਤੇ ਉਸਦੀ ਰਚਨਾ ਬਾਰੇ ਵਿਸਥਾਰਿਤ ਜਾਣਕਾਰੀ ਦਿੱਤੀ ਹੈ।
- ਜਸਪਾਲ ਸਿੰਘ[124] ਨੇ ਪ੍ਰਾਚੀਨ ਪੰਥ ਪ੍ਰਕਾਸ਼ ਦੀ ਲਿਖਤ ਨੂੰ ਰਾਜ ਦੇ ਸੰਕਲਪ ਲਈ ਇਤਿਹਾਸਕ ਲਿਖਤ ਵਜੋਂ ਆਧਾਰ ਬਣਾਇਆ ਹੈ।
- ਹਰਿੰਦਰ ਸਿੰਘ ਚੋਪੜਾ[125] ਨੇ ਭਾਈ ਵੀਰ ਸਿੰਘ ਵੱਲੋਂ ਪ੍ਰਾਚੀਨ ਪੰਥ ਪ੍ਰਕਾਸ਼ ਦੇ ਪਾਠ ਵਿਚ ਸੰਪਾਦਨਾ ਸਮੇਂ ਕੀਤੀਆਂ ਤਬਦੀਲੀਆਂ ਨੂੰ ਲੈ ਕੇ ਟਿੱਪਣੀਆਂ ਕੀਤੀਆਂ ਹਨ।
- ਗੁਰਮੇਲ ਸਿੰਘ[126] ਨੇ ਆਪਣੇ ਖੋਜ-ਪ੍ਰਬੰਧ ਵਿਚ ਪ੍ਰਾਚੀਨ ਪੰਥ ਪ੍ਰਕਾਸ਼ ਦੇ ਹਵਾਲੇ ਨਾਲ ਗੁਰਮਤਿ ਦਾ ਸਿਧਾਂਤਕ ਤੇ ਸੰਸਥਾਗਤ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ।
- ਮੱਖਣ ਸਿੰਘ[127] ਨੇ ਪ੍ਰਾਚੀਨ ਪੰਥ ਪ੍ਰਕਾਸ਼ ਨੂੰ ਆਧਾਰ ਬਣਾ ਕੇ ਸਿੱਖਾਂ ਵੱਲੋਂ ਲਏ ਰਾਜਨੀਤਿਕ ਫੈਸਲਿਆਂ ਦਾ ਅਧਿਐਨ ਕੀਤਾ ਹੈ
- ਸਿੰਘ ਸਭਾ ਪ੍ਰਤਿਕਾ ਪੇਪਰ[128] ਦੇ 'ਪ੍ਰਾਚੀਨ ਪੰਥ ਪ੍ਰਕਾਸ਼ ਅੰਕ' ਵਿਚ ਪ੍ਰਾਚੀਨ ਪੰਥ ਪ੍ਰਕਾਸ਼ ਸੰਬੰਧੀ ਨਿਮਨਲਿਖਤ ਲੇਖ ਸ਼ਾਮਿਲ ਹਨ:

---

[123] ਡਾ. ਗੁਰਬਚਨ ਸਿੰਘ ਨਈਅਰ, ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ (1469-1849) ਅਧਿਐਨ ਤੇ ਮੁਲਾਂਕਣ.

[124] ਡਾ. ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ.

[125] Hrinder Singh Chprha, Editing of Panth Parkash Of Ratan Singh Bhangoo by Bhai Veer Singh, Ph.D. Thesis.

[126] ਗੁਰਮੇਲ ਸਿੰਘ, ਮਧ-ਕਾਲੀਨ ਸਿੱਖ-ਸਾਹਿਤ ਦਾ ਗੁਰਮਤਿ ਦ੍ਰਿਸ਼ਟੀਕੋਣ ਇਕ ਅਧਿਐਨ, (ਪੀਐਚ.ਡੀ. ਖੋਜ-ਪ੍ਰਬੰਧ)

[127] ਮੱਖਣ ਸਿੰਘ, ਅਠਾਰਵੀਂ ਸਦੀ ਦੌਰਾਨ ਸਿੱਖਾਂ ਦੇ ਰਾਜਨੀਤਿਕ ਫੈਸਲੇ (ਭਾਈ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਅਨੁਸਾਰ), (ਐਮ.ਫਿਲ ਖੋਜ-ਨਿਬੰਧ)

[128] ਗੁਰਦਿੱਤ ਸਿੰਘ ਗਿਆਨੀ (ਸੰਪਾ.), ਸਿੰਘ ਸਭਾ ਪਤ੍ਰਿਕਾ-1978.

- ○ ਰਤਨ ਸਿੰਘ ਭੰਗੂ ਅਤੇ ਸਿੱਖਾਂ ਦੀ ਰਾਜਨੀਤੀ ਦੇ ਮੁੱਢਲੇ ਸਿੱਧਾਂਤ -ਪ੍ਰੋ. ਗੁਰਬਖਸ਼ ਸਿੰਘ ਪਟਿਆਲਾ
- ○ ਸਿੱਖ ਇਤਿਹਾਸ ਦੀ ਸਮੱਗਰੀ -ਸ੍ਰੀ ਗੁਰੂ ਪੰਥ ਪ੍ਰਕਾਸ਼ ਗ੍ਰੰਥ -ਸ੍ਰ. ਨਾਹਰ ਸਿੰਘ ਐਮ.ਏ.
- ○ 'ਗੁਰੂ ਪੰਥ ਪ੍ਰਕਾਸ਼' ਵਿਚ 'ਪੰਥ' ਦਾ ਤਸੱਵਰ -ਪ੍ਰੋ. ਪਿਆਰਾ ਸਿੰਘ ਪਦਮ, ਪਟਿਆਲਾ
- ○ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਸਿੱਖੀ ਲਹਿਰ -ਪ੍ਰੋ. ਲਾਭ ਸਿੰਘ, ਅੰਮ੍ਰਿਤਸਰ
- ○ ਪੰਥ ਪ੍ਰਕਾਸ਼ ਵਿਚ ਸਿੱਖੀ ਲਹਿਰ -ਸ੍ਰ. ਸੁਰਮੁਖ ਸਿੰਘ ਅਮੋਲ
- ○ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਖਾਲਸਾਈ ਤੱਤ ਦਾ ਨਿਰੂਪਣ -ਪ੍ਰਿੰ. ਹਰਿਭਜਨ ਸਿੰਘ
- ○ ਪ੍ਰਾਚੀਨ ਪੰਥ ਪ੍ਰਕਾਸ਼ਾਂ ਦੀ ਰਚਨਾ ਪ੍ਰਸੰਗ-ਭੇਦ -ਸ੍ਰ. ਸਮਸ਼ੇਰ ਸਿੰਘ ਅਸ਼ੋਕ
- ○ ਪ੍ਰਾਚੀਨ ਪੰਥ ਪ੍ਰਕਾਸ਼ ਦਾ ਇਤਿਹਾਸਕ ਮੁਲਾਂਕਣ -ਡਾ. ਗੁਰਬਚਨ ਸਿੰਘ
- ○ ਪ੍ਰਾਚੀਨ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ) ਦੀ ਇਤਿਹਾਸਕ ਮਹਾਨਤਾ -ਡਾ. ਕਿਰਪਾਲ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ

- ਡਾ. ਗੁਲਜਾਰ ਸਿੰਘ ਕੰਗ[129] ਨੇ ਰਤਨ ਸਿੰਘ ਭੰਗੂ ਦੇ ਜੀਵਨ ਤੇ ਸ੍ਰੀ ਗੁਰ ਪੰਥ ਪ੍ਰਕਾਸ਼ ਬਾਰੇ ਵਿਸ਼ਥਾਰ ਵਿਚ ਜਾਣ ਪਛਾਣ ਕਰਵਾਈ ਹੈ।
- ਗੁਰਮੇਲ ਸਿੰਘ ਨੇ ਖੋਜ-ਪੱਤਰ[130] ਵਿਚ ਰਤਨ ਸਿੰਘ ਭੰਗੂ ਦੇ ਜੀਵਨ ਤੇ ਪ੍ਰਾਚੀਨ ਪੰਥ ਪ੍ਰਕਾਸ਼ ਸੰਬੰਧੀ ਵਿਸਥਾਰ ਵਿਚ ਗ੍ਰੰਥ ਦੇ ਬਹੁਤ ਸਾਰੇ ਪੱਖਾਂ ਬਾਰੇ ਜਾਣਕਾਰੀ ਦਿੱਤੀ ਹੈ।
- ਡਾ. ਬਲਵਿੰਦਰ ਕੌਰ ਜੋਸ਼ੀ[131] ਨੇ ਪ੍ਰਾਚੀਨ ਪੰਥ ਪ੍ਰਕਾਸ਼ ਦੇ ਵਿਸ਼ੇ ਤੇ ਇਤਿਹਾਸ ਬਾਰੇ ਤੁਕਾਂ ਦੇ ਕੇ ਇਸ ਵਿਚਲੀ ਇਤਿਹਾਸਕ ਸਮੱਗਰੀ ਨਾਲ ਜਾਣ ਪਛਾਣ ਕਰਵਾਈ ਹੈ।

---

[129] ਡਾ. ਗੁਲਜਾਰ ਸਿੰਘ ਕੰਗ, ਸ· ਰਤਨ ਸਿੰਘ ਭੰਗੂ, ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ-2007.

[130] ਗੁਰਮੇਲ ਸਿੰਘ, ਸ੍ਰੀ ਗੁਰ ਪੰਥ ਪ੍ਰਕਾਸ਼: ਸਰਦਾਰ ਰਤਨ ਸਿੰਘ ਭੰਗੂ, ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ-2005.

[131] ਡਾ. ਬਲਵਿੰਦਰ ਕੌਰ ਜੋਸ਼ੀ, ਪ੍ਰਾਚੀਨ ਪੰਥ ਪ੍ਰਕਾਸ਼: ਸ: ਰਤਨ ਸਿੰਘ ਭੰਗੂ: ਇੱਕ ਪਰਿਚਯ, ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ-2005.

- ਹਰਪਾਲ ਸਿੰਘ ਬੁੱਘਾ[132] ਨੇ ਪਹਿਲਾਂ ਹੋਏ ਕਾਰਜਾਂ ਬਾਰੇ ਦਸਦੇ ਹੋਏ ਵੱਖ-ਵੱਖ ਇਤਿਹਾਸਕਾਰਾਂ ਦੇ ਹਵਾਲੇ ਨਾਲ ਪ੍ਰਾਚੀਨ ਪੰਥ ਪ੍ਰਕਾਸ਼ ਦੀ ਇਤਿਹਾਸਕ ਦ੍ਰਿਸ਼ਟੀ ਦਾ ਵਿਸ਼ਲੇਸ਼ਣ ਕੀਤਾ ਹੈ।
- ਮੋਹਣਬੀਰ ਕੌਰ[133] ਨੇ ਪ੍ਰਾਚੀਨ ਪੰਥ ਪ੍ਰਕਾਸ਼ ਦੇ ਹਵਾਲੇ ਦੇ ਕੇ ਵੱਖ-ਵੱਖ ਸਿੱਖ ਸਹੀਦਾਂ ਦੇ ਜੀਵਨ ਦੀ ਜਾਣਕਾਰੀ ਦਿੱਤੀ ਹੈ।

ਮੁੱਖ ਰੂਪ ਵਿਚ ਸਾਹਮਣੇ ਆਏ ਉਪਰੋਕਤ ਖੋਜ-ਕਾਰਜਾਂ ਤੋਂ ਇਲਾਵਾ ਵੀ ਇਹਨਾਂ ਗ੍ਰੰਥਾਂ ਸੰਬੰਧੀ ਫੁਟਕਲ ਲੇਖ, ਹਵਾਲੇ, ਕੋਸ਼ਾ ਦੇ ਇੰਦਰਾਜ਼ਾਂ ਵਿਚ ਬਹੁਤ ਸਾਰੀ ਜਾਣਕਾਰੀ ਮਿਲਦੀ ਹੈ।

### 2.2. ਪ੍ਰਸਤੁਤ ਅਧਿਐਨ: ਲੋੜ ਅਤੇ ਮਹੱਤਤਾ

ਗੁਰੂ ਸਾਹਿਬ ਨੇ ਸਚਿਆਰ ਮਨੁੱਖ ਦੀ ਘਾੜਤ ਲਈ ਪਰਮਸੱਤਾ ਜਾਂ ਰੱਬੀ ਗਿਆਨ ਦੇ ਸਦੀਵੀ ਪ੍ਰਬੰਧ ਦੀ ਸਿਰਜਣਾ ਵਜੋਂ ਗੁਰਬਾਣੀ ਰਚਨਾ ਕੀਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਮਨੁੱਖਤਾ ਨੂੰ ਸ਼ਬਦ ਨਾਲ ਜੋੜਿਆ। ਸਪਸ਼ਟ ਹੈ ਕਿ ਸਿੱਖਾਂ ਦੀ ਗਿਆਨਸ਼ਿਲਾ ਦਾ ਆਧਾਰ ਸ਼ਬਦ ਗੁਰੂ ਗ੍ਰੰਥ ਨੂੰ ਸਥਾਪਿਤ ਕੀਤਾ। ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਗੁਰੂ ਦੇ ਸਰਧਾਲੂ ਸਿੱਖਾਂ ਨੇ ਗੁਰੂ ਸਾਹਿਬ ਦੇ ਇਤਿਹਾਸਕ ਕਥਾ-ਬਿਰਤਾਂਤ ਲਿਖਣ ਲਈ ਵੱਖ-ਵੱਖ ਇਤਿਹਾਸਕ ਗ੍ਰੰਥਾਂ ਦੀ ਰਚਨਾ ਕੀਤੀ। ਗੁਰੂ ਤੇ ਗੁਰੂ ਪੰਥ ਦੀ ਨਿਆਰੀ ਹਸਤੀ ਦੀ ਹੋਂਦ ਦਰਸਾਉਣ ਲਈ ਸਾਹਿਤ ਦੀ ਕਾਵਿ-ਰੂਪ ਤੇ ਸਾਖੀ ਵਿਧਾ ਹੀ ਸਭ ਤੋਂ ਵਿਲੱਖਣ ਸਾਹਿਤ ਰੂਪ ਹਨ। ਇਸ ਕਰਕੇ ਹੀ ਸਿੱਖ ਇਤਿਹਾਸ ਦੇ ਮੂਲ ਸ੍ਰੋਤ ਜ਼ਿਆਦਾਤਰ ਕਾਵਿ ਤੇ ਸਾਖੀ ਬਿਰਤਾਂਤ ਵਿਚ ਹਨ। ਇਹਨਾਂ ਵਿੱਚੋਂ ਉਜਾਗਰ ਹੁੰਦੀ ਗੁਰੂ ਸਖਸ਼ੀਅਤ, ਗੁਰ ਇਤਿਹਾਸ, ਗੁਰੂ ਸਾਹਿਬ ਦੀ ਰੂਹਾਨੀ ਆਭਾ ਤੇ ਪੰਥ ਦਾ ਘਾਲਣਾ ਭਰਿਆ ਇਤਿਹਾਸ ਇਹਨਾਂ ਗ੍ਰੰਥਾਂ ਨੇ ਬਾਖੂਬੀ ਚਿਤਰਿਆ ਹੈ।

ਇਹਨਾਂ ਦੋਵੇਂ ਗ੍ਰੰਥਾਂ ਵਿਚ ਗੁਰੂ ਸਾਹਿਬਾਨ ਦੇ ਜੀਵਨ ਚਰਿਤ, ਸਿੱਖ ਇਤਿਹਾਸ, ਗੁਰੂ ਜੰਗਾਂ, ਸਿੱਖ ਜੰਗਾਂ, ਸਿੱਖ ਆਚਰਣ ਤੇ ਸਿੱਖ ਸਿਧਾਂਤਾਂ ਦੀ ਅਜਿਹੀ ਅਦੁੱਤੀ ਪੇਸ਼ਕਾਰੀ ਕੀਤੀ ਗਈ ਹੈ, ਜਿਸ ਨਾਲ ਸਿੱਖ

---

[132] ਹਰਪਾਲ ਸਿੰਘ ਬੁੱਘਾ, ਪ੍ਰਾਚੀਨ ਪੰਥ ਪ੍ਰਕਾਸ਼: ਸ੍ਰ ਰਤਨ ਸਿੰਘ ਭੰਗੂ (ਸਿੱਖ ਇਤਿਹਾਸ ਦ੍ਰਿਸ਼ਟੀ ਦੇ ਵਿਸ਼ੇਸ਼ ਸੰਦਰਭ ’ਚ), ਪ੍ਰੋਸੀਡਿੰਗ, ਪੰਜਾਬ ਹਿਸਟਰੀ ਕਾਨਫਰੰਸ-2012.

[133] ਮੋਹਣਬੀਰ ਕੌਰ, ਰਤਨ ਸਿੰਘ ਭੰਗੂ ਦਾ ਸਿੱਖ ਸ਼ਹੀਦਾਂ ਪ੍ਰਤੀ ਨਜ਼ਰੀਆ, ਪ੍ਰੋਸੀਡਿੰਗ, ਪੰਜਾਬ ਹਿਸਟਰੀ ਕਾਨਫਰੰਸ-2013.

ਪੰਥ ਦਾ ਧਾਰਮਿਕ ਅਤੇ ਰਾਜਨੀਤਿਕ ਸਰੂਪ ਉੱਘੜ ਕੇ ਸਾਹਮਣੇ ਆਉਦਾ ਹੈ। ਇਹਨਾਂ ਗ੍ਰੰਥਾਂ ਵਿਚ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਦੇ ਅਨੇਕਾਂ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੈ । ਧਰਮ ਅਤੇ ਰਾਜਨੀਤੀ ਦਾ ਸਿੱਖ ਧਰਮ ਵਿਚ ਸਿਧਾਂਤਕ ਅਤੇ ਅਨਿੱਖੜ ਰਿਸ਼ਤਾ ਹੈ ਜਿਸ ਨੂੰ ਗੁਰੂ ਸਹਿਬਾਨ ਨੇ ਦਸ ਜਾਮਿਆਂ ਰਾਹੀਂ ਇਸ ਧਰਤੀ ’ਤੇ ਉਜਾਗਰ ਕੀਤਾ। ਵਿਸ਼ੇ ਦੀ ਵਰਤਮਾਨ ਸਮੇਂ ਸਾਰਥਿਕਤਾ ਨੂੰ ਧਿਆਨ ਵਿਚ ਰੱਖਦਿਆਂ ਹੀ ਹਥਲੇ ਖੋਜ-ਕਾਰਜ ਵਿਚ ਇਸ ਨੂੰ ਚੁਣਿਆ ਗਿਆ ਹੈ। ਵਰਤਮਾਨ ਸਮੇਂ ਤੱਕ ਕਿਸੇ ਵੀ ਖੋਜ-ਸੰਸਥਾ ਵੱਲੋਂ ਅਜਿਹਾ ਖੋਜ-ਕਾਰਜ ਸਾਹਮਣੇ ਨਹੀਂ ਆਇਆ ਜਿਸ ਵਿਚ ਇਹਨਾਂ ਵਡਮੁੱਲੇ ਗ੍ਰੰਥਾਂ ਦਾ ਉਚੇਚੇ ਤੌਰ ’ਤੇ ਧਾਰਮਿਕ ਅਤੇ ਰਾਜਨੀਤਿਕ ਮੁਲਾਂਕਣ ਕੀਤਾ ਗਿਆ ਹੋਵੇ। ਇਸ ਨੂੰ ਮੁੱਖ ਰਖਦੇ ਹੋਏ ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ ਦੇ ਗ੍ਰੰਥ ਨੂੰ ਧਾਰਮਿਕ ਅਤੇ ਰਾਜਨੀਤਿਕ ਵਿਸ਼ਲੇਸ਼ਣ ਲਈ ਚੁਣਿਆ ਹੈ।

ਇਹ ਰਚਨਾਵਾਂ ਕਾਵਿਕ ਤੇ ਸਾਹਿਤਕ ਅਮੀਰੀ ਨਾਲ ਭਰਪੂਰ ਹੋਣ ਦੇ ਨਾਲ-ਨਾਲ ਮੁੱਢਲੇ ਇਤਿਹਾਸਕ ਸ੍ਰੋਤਾਂ ਦੇ ਤੌਰ ’ਤੇ ਵੀ ਵਿਸ਼ੇਸ਼ ਮਹੱਤਤਾ ਰੱਖਦੀਆਂ ਹਨ। ਕੁਇਰ ਸਿੰਘ ਨੇ 'ਬਿਲਾਸ ਦੀ ਭਾਰਤੀ ਪਰੰਪਰਾ ਨੂੰ ਅੱਗੇ ਤੋਰਦੇ ਹੋਏ ਗੁਰੂ ਜੀ ਦੇ ਜੀਵਨ ਨੂੰ 'ਗੁਰਬਿਲਾਸ' ਦੇ ਰੂਪ ਵਿਚ ਪੇਸ਼ ਕੀਤਾ। ਇਹ ਪਹਿਲਾ ਗ੍ਰੰਥ ਹੈ ਜਿਸ ਵਿਚ ਗੁਰੂ ਸਾਹਿਬ ਦੇ ਮੁੱਢਲੇ ਜੀਵਨ ਦਾ ਵੇਰਵਾ ਦਿੱਤਾ ਗਿਆ ਹੈ। ਰਾਜਾ ਭੀਮ ਚੰਦ ਦਾ ਗੁਰੂ ਸਾਹਿਬ ਨਾਲ ਝਗੜਾ, ਭੰਗਾਣੀ ਦਾ ਯੁੱਧ ਅਤੇ ਖ਼ਾਲਸਾ ਸਾਜਣਾ ਨੂੰ ਵਿਸਥਾਰ ਨਾਲ ਪੇਸ਼ ਕੀਤਾ ਗਿਆ ਹੈ। ਚਮਕੌਰ ਸਾਹਿਬ ਦੀ ਜੰਗ ਤੋਂ ਲੈ ਕੇ ਗੁਰੂ ਸਾਹਿਬ ਦੇ ਮਾਲਵੇ ਤੱਕ ਸਫ਼ਰ ਦਾ ਚੋਖਾ ਵੇਰਵਾ ਇਸ ਰਚਨਾ ਵਿਚ ਮਿਲਦਾ ਹੈ। ਲੇਖਕ ਗੁਰੂ ਸਾਹਿਬ ਦੀਆਂ ਜੰਗਾਂ ਨੂੰ ਬੜੀ ਸੂਖਮਤਾ ਅਤੇ ਬਾਰੀਕੀ ਨਾਲ ਪੇਸ਼ ਕਰਦਾ ਹੈ। ਸਿੱਖ ਰਹਿਤ, ਖ਼ਾਲਸੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਦਾ ਜ਼ਿਕਰ ਵੀ ਇਸ ਲਿਖਤ ਵਿਚ ਆਉਂਦਾ ਹੈ।

ਇਹ ਗੁਰੂ ਸਾਹਿਬ ਦੇ ਜੀਵਨ, ਉਦੇਸ਼ਾਂ ਅਤੇ ਪ੍ਰਾਪਤੀਆਂ ਨੂੰ ਪੇਸ਼ ਕਰਨ ਵਾਲੀ ਅਜਿਹੀ ਨਿਵੇਕਲੀ ਰਚਨਾ ਹੈ ਜਿਸ ਵਿਚ ਸਿੱਖ ਪੰਥ ਦੇ ਧਾਰਮਿਕ ਅਤੇ ਰਾਜਨੀਤਿਕ ਸਰੂਪ ਨੂੰ ਨਿਵੇਕਲੇ ਢੰਗ ਨਾਲ ਚਿਤਰਿਆ ਗਿਆ ਹੈ। ਸਿੱਖ ਧਰਮ ਨੂੰ ਸੰਪੂਰਨਤਾ ਨਾਲ ਨਿਵਾਜਣ ਵਾਲੇ ਦਸਵੇਂ ਪਾਤਸ਼ਾਹ ਦੇ ਰੂਹਾਨੀ ਰੰਗਾਂ ਅਤੇ ਦੁਨਿਆਵੀ ਸਫਰਾਂ ਨੂੰ ਆਪਣੀਆਂ ਕਾਵਿਕ ਛੁਹਾਂ ਨਾਲ ਅਤਿ ਰੌਚਕ ਢੰਗ ਰਾਹੀਂ ਬਿਆਨ ਕੀਤਾ ਹੈ।

ਸਿੱਖ-ਸਾਹਿਤ ਦੇ ਇਤਿਹਾਸ ਵਿਚ ਰਤਨ ਸਿੰਘ ਭੰਗੂ ਦਾ 'ਸ੍ਰੀ ਗੁਰ ਪੰਥ ਪ੍ਰਕਾਸ਼' ਸਭ ਤੋਂ ਪਹਿਲਾ ਪੰਥ ਪ੍ਰਕਾਸ਼ ਹੈ। ਇਸ ਗ੍ਰੰਥ ਵਿਚ ਇਸਦਾ ਪੂਰਾ ਨਾਂ 'ਸ੍ਰੀ ਗੁਰ ਪੰਥ ਪ੍ਰਕਾਸ਼' ਹੀ ਆਇਆ ਹੈ ਪਰ ਭਾਈ ਵੀਰ ਸਿੰਘ ਨੇ ਸੰਪਾਦਨਾ ਸਮੇਂ ਰਤਨ ਸਿੰਘ ਭੰਗੂ ਵਾਲੇ ਪੰਥ ਪ੍ਰਕਾਸ਼ ਨੂੰ ਪ੍ਰਾਚੀਨ ਪੰਥ ਪ੍ਰਕਾਸ਼ ਦਾ ਨਾਂ ਦੇ ਦਿੱਤਾ। ਭੰਗੂ ਨੇ ਗ੍ਰੰਥ 'ਰਚਨਾ ਲਈ ਆਪਣੇ ਤੋਂ ਪਹਿਲਾਂ ਲਿਖੇ ਗਏ ਸਿੱਖ ਇਤਿਹਾਸਕ ਗ੍ਰੰਥਾਂ ਤੋਂ ਇਲਾਵਾ ਬਹੁਤੀ ਜਾਣਕਾਰੀ ਆਪਣੇ ਦਾਦਕੇ ਤੇ ਨਾਨਕੇ ਪਰਿਵਾਰਾਂ ਦੇ ਉਨ੍ਹਾਂ ਬਜ਼ੁਰਗਾਂ ਤੋਂ ਪ੍ਰਾਪਤ ਕੀਤੀ ਹੈ ਜਿਹੜੇ ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਦੇ ਚਸ਼ਮਦੀਦ ਗਵਾਹ ਸਨ।

ਇਸ ਰਚਨਾ ਦੀ ਸ਼ੁਰੂਆਤ ਕਪਤਾਨ ਮਰੇ ਵੱਲੋਂ ਖ਼ਾਲਸੇ ਦੇ ਰਾਜ ਪ੍ਰਾਪਤੀ ਸੰਬੰਧੀ ਰਤਨ ਸਿੰਘ ਨੂੰ ਪੁੱਛੇ ਗਏ ਸਵਾਲ ਨਾਲ ਹੁੰਦੀ ਹੈ ਅਤੇ ਆਰੰਭ ਤੋਂ ਅੰਤ ਤੱਕ ਉਨ੍ਹਾਂ ਦਾ ਆਪਸੀ ਸੰਵਾਦ ਹੀ ਇਸ ਗ੍ਰੰਥ ਰਚਨਾ ਦਾ ਆਧਾਰ ਹੈ। ਕਪਤਾਨ ਮਰੇ ਵੱਲੋਂ ਪੁੱਛੇ ਅਨੇਕਾਂ ਸਵਾਲ ਜਿਵੇਂ ਖ਼ਾਲਸੇ ਦੀ ਉਤਪਤੀ, ਰਾਜ ਦੀ ਬਖ਼ਸ਼ਿਸ਼, ਖ਼ਾਲਸਾਈ ਸੰਘਰਸ਼ ਦਾ ਜਜ਼ਬਾ, ਘੱਲੂਘਾਰਿਆਂ ਦੇ ਬਿਰਤਾਂਤ ਅਤੇ ਸ਼ਹਾਦਤਾਂ ਦਾ ਵਰਨਣ ਆਦਿ ਦਾ ਜਵਾਬ ਭੰਗੂ ਨੇ ਕਾਵਿਕ ਸ਼ੈਲੀ ਵਿਚ ਪੇਸ਼ ਕਰਕੇ 'ਪੰਥ ਪ੍ਰਕਾਸ਼ ਗ੍ਰੰਥ' ਨੂੰ ਰੂਪਮਾਨ ਕੀਤਾ ਹੈ। ਰਤਨ ਸਿੰਘ ਨੇ ਖ਼ਾਲਸਾਈ ਸੰਘਰਸ਼ ਦੀ ਹਰੇਕ ਘਟਨਾ ਨੂੰ ਦੈਵੀ ਬਖ਼ਸ਼ਿਸ਼ ਨਾਲ ਜੋੜ ਕੇ ਇਤਿਹਾਸ ਨੂੰ ਅਲੌਕਿਕ ਬਣਾ ਦਿੱਤਾ ਹੈ। ਰਚਨਾਕਾਰ ਇਸ ਤੱਥ ਨੂੰ ਉਭਾਰਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਜੀ ਸੰਸਾਰ ਵਿਚ ਦੈਵੀ ਉਦੇਸ਼ ਦੀ ਪੂਰਤੀ ਲਈ ਪ੍ਰਗਟ ਹੋਏ ਸਨ। ਇਸ ਲਈ ਉਨ੍ਹਾਂ ਦੇ ਨਿਰਾਲੇ ਪੰਥ ਦਾ ਉਦੇਸ਼ ਅਤੇ ਸੰਘਰਸ਼ ਦੈਵੀ ਹੈ। ਭੰਗੂ ਨੇ ਸਿੱਖ ਪੰਥ ਦੇ ਸਰੂਪ ਨੂੰ ਸਿਧਾਂਤਕ ਅਤੇ ਇਤਿਹਾਸਕ ਚੌਖਟੇ ਵਿਚ ਰੱਖ ਕੇ, ਇਸ ਦੇ ਦੈਵੀ ਅਤੇ ਦੁਨਿਆਵੀ (ਧਾਰਮਿਕ ਅਤੇ ਰਾਜਨੀਤਿਕ) ਰੂਪ ਨੂੰ ਘੜਿਆ ਹੈ।

### 2.3. ਵਿਸ਼ੇ ਦੀ ਸੀਮਾ ਤੇ ਅਧਿਐਨ ਵਿਧੀ

ਕਿਸੇ ਵੀ ਸਮਾਜਿਕ ਪ੍ਰਪੰਚ ਨੂੰ ਸਮਝਣ ਲਈ ਖੋਜ ਦੀਆਂ ਦੋ ਮੁੱਖ ਵਿਧੀਆਂ ਵਰਤੀਆਂ ਜਾਂਦੀਆਂ ਹਨ- ਪਹਿਲੀ ਇਤਿਹਾਸਕ ਤੇ ਦੂਜੀ ਵਰਨਾਣਤਮਕ। ਵਰਨਾਣਤਮਕ ਵਿਧੀ ਕਾਲਗਤੀ ਤੋਂ ਮੁਕਤ ਹੋ ਕੇ ਜੋ ਕੁਝ ਸਾਮ੍ਹਣੇ ਨਜ਼ਰ ਆਉਂਦਾ ਹੈ, ਉਸ ਨੂੰ ਸਮਝਣ ਬੁੱਝਣ ਦਾ ਉਪਰਾਲਾ ਕਰਦੀ ਹੈ। ਇਸ ਦੀਆਂ ਆਪਣੀਆਂ

ਖੂਬੀਆਂ ਤੇ ਸੀਮਾਵਾਂ ਹਨ।[134] ਸਮਾਜਿਕ ਪ੍ਰਪੰਚਾਂ ਦੇ ਅਧਿਐਨ ਦੀ ਇਹ ਸਭ ਤੋਂ ਸਰਲ ਵਿਧੀ ਹੈ। ਇਸ ਦਾ ਮੰਤਵ ਕਿਸੇ ਪ੍ਰਪੰਚ ਜਾਂ ਵਸਤੂ ਬਾਰੇ ਵਰਤਮਾਨ ਵਿਚ ਉਸ ਦੀ ਸਾਰਥਿਕਤਾ ਦਾ ਅਧਿਐਨ ਕਰਨਾ ਹੈ। ਇਸ ਦਾ ਕਾਰਜ ਖੇਤਰ ਬਹੁਤ ਵਿਸ਼ਾਲ ਹੈ। ਇਸ ਦਾ ਮੁੱਖ ਆਧਾਰ ਭਰੋਸੇਯੋਗ ਤੱਥ ਇਕੱਤਰ ਕਰਨਾ ਤੇ ਫਿਰ ਉਨ੍ਹਾਂ ਦੇ ਸਹਿ-ਸੰਬੰਧ ਸਥਾਪਿਤ ਕਰਕੇ ਉਹਨਾਂ ਪਿੱਛੇ ਕੰਮ ਕਰਦੇ ਸਿਧਾਂਤਾਂ ਦਾ ਨਿਰਮਾਣ ਕਰਨਾ ਹੈ। ਖੋਜ ਦੀ ਇਹ ਵਿਧੀ ਉੱਥੇ ਵਰਤੀ ਜਾ ਸਕਦੀ ਹੈ ਜਿੱਥੇ ਪ੍ਰਾਪਤ ਹੋਏ ਤੱਥਾਂ ਦੀ ਵਿਆਖਿਆ ਹੀ ਕਰਨੀ ਹੋਵੇ ਤੇ ਡੂੰਘੇ ਤਰਕ ਵਿਤਰਕ ਵਿਚ ਨਾ ਪੈਣਾ ਹੋਵੇ।[135]

ਇਸ ਤਰ੍ਹਾਂ ਹੀ ਖੇਤਰੀ ਖੋਜ ਦੀਆਂ ਵੱਖ-ਵੱਖ ਖੋਜ ਵਿਧੀਆਂ ਦੇ ਵਿਸ਼ੇਸ਼ ਅਨੁਸ਼ਾਸਨਾਂ ਵਿੱਚੋਂ ਇਕ ਵਿਸ਼ਲੇਸ਼ਣੀ ਵਿਧੀ ਹੈ ਜਿਹੜੀ ਸਾਡੇ ਇਸ ਖੋਜ-ਕਾਰਜ ਦਾ ਮੁੱਖ ਆਧਾਰ ਹੈ। ਇਸ ਕਰਕੇ ਵਿਸ਼ਲੇਸ਼ਣ ਦੀ ਕਿਰਿਆ ਸਾਰੇ ਖੋਜ-ਕਾਰਜ ਉੱਪਰ ਛਾਈ ਹੋਈ ਹੈ। ਆਧਾਰ ਸਮੱਗਰੀ ਦਾ ਵਿਸ਼ਲੇਸ਼ਣ, ਅਭਿਧਾਰਣਾਵਾਂ ਦਾ ਵਿਸ਼ਲੇਸ਼ਣ, ਸਿਧਾਂਤਾਂ ਦਾ ਵਿਸ਼ਲੇਸ਼ਣ ਇਸ ਖੋਜ-ਕਾਰਜ ਦੇ ਮੁੱਖ ਪੜਾਅ ਹਨ। ਸਮੁੱਚੇ ਅਧਿਐਨ ਵਿਚ ਲੱਭੇ ਤੱਥਾਂ ਦਾ ਸਿਧਾਂਤਕ ਸੰਬੰਧਾਂ ਰਾਹੀਂ ਸਾਰਥਕ ਤੇ ਮਹੱਤਵਪੂਰਨ ਰੂਪ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਤੱਥਾਂ, ਸਿਧਾਂਤਾਂ ਤੇ ਸੱਚਾਈਆਂ ਦੀ ਇਹ ਚੀਰ-ਫਾੜ ਤੇ ਅਧਿਐਨ ਹੀ 'ਵਿਸ਼ਲੇਸ਼ਣ' ਅਖਵਾਉਂਦਾ ਹੈ।[136]

ਹਥਲੇ ਅਧਿਐਨ ਦੀ ਆਧਾਰ ਸਮੱਗਰੀ ਦੇ ਮੂਲ ਸ੍ਰੋਤ, 'ਗੁਰਬਿਲਾਸ ਪਾਤਸ਼ਾਹੀ ੧੦' ਤੇ 'ਪ੍ਰਾਚੀਨ ਪੰਥ ਪ੍ਰਕਾਸ਼' ਗੁਰ ਇਤਿਹਾਸ ਤੇ ਸਿੱਖ ਇਤਿਹਾਸ ਦੇ ਬੁਨਿਆਦੀ ਸ੍ਰੋਤ ਹਨ। ਅਸੀਂ ਆਪਣੇ ਖੋਜ-ਪ੍ਰਬੰਧ ਵਿਚ ਗੁਰਬਿਲਾਸ ਪਾਤਸ਼ਾਹੀ ੧੦ ਦੀ ਪਬਲੀਕੇਸ਼ਨ ਬਿਊਰੋ ਦੀ 1996 ਵਾਲੀ ਛਾਪ ਨੂੰ ਆਧਾਰ ਬਣਾਇਆ ਹੈ ਤੇ ਪ੍ਰਾਚੀਨ ਪੰਥ ਪ੍ਰਕਾਸ਼ ਦੀ ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ 2008 ਵਾਲੀ ਛਾਪ ਨੂੰ ਆਧਾਰ ਬਣਾਇਆ ਹੈ। ਮੱਧਕਾਲ ਦੇ ਅਧਿਆਤਮਕ ਸਿੱਖ-ਸਾਹਿਤ ਦਾ ਦਰਜਾ ਰਖਦੇ ਇਹਨਾਂ ਪੁਰਾਤਨ ਗ੍ਰੰਥਾਂ ਦੇ ਅਨੇਕਾਂ

---

[134] ਡਾ. ਪਿਆਰ ਸਿੰਘ, ਖੋਜ: ਸਿੱਧਾਂਤ ਤੇ ਵਿਹਾਰ, ਪੰਨਾ 275

[135] ਉਹੀ, ਪੰਨਾ 276

[136] ਉਹੀ, ਪੰਨਾ 293

ਸਾਹਿਤਕ, ਸਿਧਾਂਤਕ, ਅਧਿਆਤਮਕ, ਪਰੰਪਰਾਗਤ ਤੇ ਇਤਿਹਾਸਕ ਸਰੋਕਾਰ ਹਨ। ਮੂਲ ਰੂਪ ਵਿਚ ਸਾਡੇ ਅਧਿਐਨ/ਵਿਸ਼ਲੇਸ਼ਣ ਦਾ ਮੁੱਖ ਵਿਸ਼ਾ ਇਨ੍ਹਾਂ ਗ੍ਰੰਥਾਂ ਦੀ ਧਾਰਮਿਕ ਤੇ ਰਾਜਨੀਤਿਕ ਮਹੱਤਤਾ ਦਾ ਮੁਲਾਂਕਣ ਕਰਨਾ ਹੈ।

ਇਸ ਖੋਜ-ਕਾਰਜ ਦੇ ਅਧਿਐਨ ਨੂੰ ਵੱਧ ਤੋਂ ਵੱਧ ਪ੍ਰਸੰਗਿਕ ਬਣਾਉਣ ਲਈ ਅਸੀਂ ਧਰਮ ਤੇ ਰਾਜਨੀਤੀ ਸ਼ਾਸਤਰ ਦੇ ਅਧਿਐਨ ਲਈ ਵਿਕਸਿਤ ਹੋਈਆਂ ਵੱਖ-ਵੱਖ ਵਿਧੀਆਂ ਦੀ ਵਰਤੋਂ ਕੀਤੀ ਹੈ। ਧਾਰਮਿਕ ਵਿਸ਼ਲੇਸ਼ਣ ਲਈ ਮੁੱਖ ਰੂਪ ਵਿਚ ਧਰਮ ਦੀ ਧਰਮ-ਸਾਸ਼ਤਰੀ ਵਿਧੀ (Theological approach) ਤੇ ਰਾਜਨੀਤਿਕ ਵਿਸ਼ਲੇਸ਼ਣ ਲਈ ਰਾਜਨੀਤੀ ਸ਼ਾਸਤਰ ਦੀ ਪਰੰਪਰਾਗਤ ਵਿਧੀ (Traditional approach) ਨੂੰ ਵਿਸ਼ੇਸ਼ ਤੌਰ 'ਤੇ ਆਧਾਰ ਬਣਾਇਆ ਹੈ। ਇਸ ਤੋਂ ਇਲਾਵਾ ਅੰਸ਼ਕ ਰੂਪ ਵਿਚ ਬਿਰਤਾਂਤਕ, ਤੁਲਨਾਤਮਕ, ਪਾਠ-ਵਿਸ਼ਲੇਸ਼ਣੀ ਤੇ ਸੰਸਥਾਗਤ ਅਧਿਐਨ ਵਿਧੀਆਂ ਦਾ ਸਹਾਰਾ ਵੀ ਲਿਆ ਗਿਆ ਹੈ। ਇਤਿਹਾਸਕ ਤੇ ਦਾਰਸ਼ਨਿਕ ਖੋਜ-ਵਿਧੀਆਂ ਦੀ ਵੀ ਲੋੜ ਪੈਣ 'ਤੇ ਵਿਸ਼ਲੇਸ਼ਣ ਲਈ ਵਰਤੋਂ ਕੀਤੀ ਗਈ ਹੈ। ਵਿਸ਼ਲੇਸ਼ਣ ਦੀ ਬਹੁਪਰਤੀ ਅਧਿਐਨ ਦ੍ਰਿਸ਼ਟੀ ਨੂੰ ਸਾਹਮਣੇ ਰੱਖਦਿਆਂ ਵਿਧੀਗਤ ਪਹੁੰਚ ਅਧਿਐਨ ਦ੍ਰਿਸ਼ਟੀਆਂ ਤੋਂ ਬਿਨਾਂ ਵੀ ਜੇਕਰ ਕਿਤੇ ਜ਼ਿੰਦਗੀ ਦੇ ਵਿਵਹਾਰਕ ਅਮਲ ਦਾ ਸਿੱਖ ਧਰਮ ਅਤੇ ਰਾਜ ਦੇ ਨੁਕਤੇ ਤੋਂ ਇਹਨਾਂ ਗ੍ਰੰਥਾਂ ਵਿਚ ਕੋਈ ਤੱਥ ਮਿਲਦਾ ਹੈ ਉਸ ਨੂੰ ਵੀ ਖੋਜ-ਕਾਰਜ ਵਿਚ ਸ਼ਾਮਿਲ ਕੀਤਾ ਗਿਆ ਹੈ। ਇਹਨਾਂ ਇਤਿਹਾਸਕ ਲਿਖਤਾਂ ਦਾ ਪਾਠਗਤ ਅਧਿਐਨ ਤੇ ਇਤਿਹਾਸਕ ਵਿਆਖਿਆ/ਵਿਸ਼ਲੇਸ਼ਣ ਮੇਰੇ ਖੋਜ-ਕਾਰਜ ਦਾ ਵਿਸ਼ਾ ਨਹੀਂ ਹੈ। ਜੇਕਰ ਕਿਧਰੇ ਇਤਿਹਾਸਤਕ ਘਟਨਾ ਦਾ ਜ਼ਿਕਰ ਹੈ ਉਸ ਦਾ ਮੰਤਵ ਵੀ ਆਪਣੇ ਵਿਸ਼ੇ ਦੀ ਸਪਸ਼ਟਤਾ ਲਈ ਕੀਤਾ ਗਿਆ ਹੈ। ਇਹ ਆਧਾਰ ਗ੍ਰੰਥ ਸਾਡੇ ਲਈ 'ਧਾਰਮਿਕ ਮਹਾਂਪ੍ਰਵਚਨ' ਸਮਾਨ ਹਨ ਇਸ ਲਈ ਅਧਿਐਨ ਦ੍ਰਿਸ਼ਟੀਆਂ ਦੀ ਅਧਿਐਨ ਸੀਮਾ ਤੇ ਗ੍ਰੰਥਾਂ ਦੀ ਪਵਿੱਤਰਤਾ ਨੂੰ ਧਿਆਨ ਵਿਚ ਰਖਦੇ ਹੋਏ ਹੀ ਕਾਰਜ ਕੀਤਾ ਹੈ।

ਗੁਰਬਿਲਾਸ ਪਾਤਸ਼ਾਹੀ ੧੦ ਤੇ ਪ੍ਰਾਚੀਨ ਪੰਥ ਪ੍ਰਕਾਸ਼ ਦਾ ਮੂਲ ਪਾਠ, ਧਾਰਮਿਕ ਤੇ ਸਾਹਿਤਕ-ਪ੍ਰਵਚਨ ਦਾ ਸੁਮੇਲ ਹੈ ਜਿਸ ਵਿਚ ਭਾਸ਼ਾ, ਸਾਹਿਤ, ਮਿਥ ਤੇ ਇਤਿਹਾਸ ਦੇ ਬਿਰਤਾਂਤਕ ਦ੍ਰਿਸ਼ ਪਾਠਕ ਲਈ ਰਸਦਾਇਕ ਤੇ ਮਨਮੋਹਕ ਮਾਹੌਲ ਸਿਰਜਦੇ ਹਨ ਕਿ ਰਚਨਾ ਦੀ ਸਿਰਜਣ ਪ੍ਰਕਿਰਿਆ ਦੇ ਅਨੇਕ ਪਹਿਲੂ ਉਜਾਗਰ ਹੋ ਜਾਂਦੇ ਹਨ। ਇਹਨਾਂ ਰਚਨਾਵਾਂ ਦਾ ਵਸਤੂਮੂਲਕ ਸਰਵੇਖਣ ਕਰਨ ਉਪਰੰਤ ਅਸੀਂ ਇਸ ਸਿੱਟੇ

'ਤੇ ਪੁੱਜਦੇ ਹਾਂ ਕਿ ਕੋਈ ਵੀ ਇਕੱਲੀ ਖੋਜ-ਵਿਧੀ ਉਪਰੋਕਤ ਰਚਨਾਵਾਂ ਦੇ ਅਧਿਐਨ ਲਈ ਆਪਣੇ ਆਪ ਵਿਚ ਸੰਪੂਰਣ ਨਹੀਂ ਹੈ ਕਿਉਂਕਿ ਸਾਰੀਆਂ ਖੋਜ-ਵਿਧੀਆਂ ਦੀਆਂ ਆਪੋ-ਆਪਣੀਆਂ ਸੀਮਾਵਾਂ ਹਨ ਤੇ ਇਹਨਾਂ ਗ੍ਰੰਥਾਂ ਦੀਆਂ ਆਪਣੀਆਂ ਕੁਝ ਨਿਵੇਕਲੀਆਂ ਤੇ ਆਂਤਰਿਕ ਸਮੱਸਿਆਵਾਂ ਹਨ। ਇਸ ਤੱਥ ਨੂੰ ਧਿਆਨ ਗੋਚਰ ਰਖਦੇ ਹੋਏ ਇਹਨਾਂ ਰਚਨਾਵਾਂ ਦੇ ਅਧਿਐਨ/ਵਿਸ਼ਲੇਸ਼ਣ ਲਈ ਕਿਸੇ ਇਕ ਵਿਸ਼ੇਸ਼ ਵਿਧੀ ਨੂੰ ਵਰਤਣ ਦੀ ਬਜਾਇ ਕਈ ਵੱਖ-ਵੱਖ ਵਿਧੀਆਂ ਦੀ ਵਰਤੋਂ ਕਰਦੇ ਹੋਏ ਗੁਰਬਿਲਾਸ ਤੇ ਪੰਥ ਪ੍ਰਕਾਸ਼ ਦੇ ਸਿਰਜਣ ਕਲਾ ਵਿਚ ਕਾਰਜਸ਼ੀਲ ਸਾਂਝੇ ਨੇਮਾਂ ਦੀ ਪਛਾਣ ਨਾਲ ਬਿਲਾਸ ਤੇ ਪ੍ਰਕਾਸ਼ ਸਿਰਜਣ ਵਿਧਾ ਨਾਲ ਆਪਣਾ ਨਾਤਾ ਜੋੜਨ ਦੀ ਕੋਸ਼ਿਸ਼ ਕੀਤੀ ਹੈ।

### 2.4. ਆਧਾਰ ਗ੍ਰੰਥਾਂ ਦੀ ਇਤਿਹਾਸਕ ਤੇ ਸਾਹਿਤਿਕ ਪ੍ਰਕਿਰਤੀ

ਇਤਿਹਾਸ ਇਕ ਅਜਿਹਾ ਪ੍ਰਵਾਹ ਹੈ ਜਿਸ ਵਿੱਚ ਜਿੰਦਗੀ ਦੇ ਅਮਲ ਦੇ ਬਹੁਤ ਸਾਰੇ ਕਰਮ ਪ੍ਰਵਾਹਿਤ ਹੁੰਦੇ ਰਹਿੰਦੇ ਹਨ। ਇਸ ਦਾ ਖੇਤਰ ਬਹੁਤ ਵਿਸ਼ਾਲ ਤੇ ਬਹੁਦਿਸ਼ਾਵੀ ਹੁੰਦਾ ਹੈ। ਭਾਈ ਵੀਰ ਸਿੰਘ ਇਤਿਹਾਸ ਬਾਰੇ ਦਸਦੇ ਹਨ ਕਿ ਹਰੇਕ ਇਤਹਾਸ ਵਿੱਚ ਤ੍ਰੈ ਭਾਵ ਸ਼ਾਮਿਲ ਹੁੰਦੇ ਹਨ। ਇਹ ਭਾਵ ਬਹੁਤੀ ਵਾਰ ਅਦ੍ਰਿਸ਼ ਤੇ ਗੁੱਝੇ ਰੂਪ ਵਿਚ ਸ਼ਾਮਿਲ ਹੁੰਦੇ ਹਨ। ਇਹ ਹਨ: (1) ਸਾਹਿਤਕ ਭਾਵ, (2) ਬ੍ਰਿਤਾਂਤਿਕ ਭਾਵ, (3) ਅਧਿਆਤਮਿਕ ਭਾਵ। 'ਸਾਹਿਤਿਕ' ਭਾਵ ਦਾ ਅਰਥ ਉਹ ਰਚਨਾ ਜਾ ਪਦ-ਗੋਂਦ (ਸ਼ਬਦ ਅਡੰਬਰ) ਹੈ ਜਿਸ ਵਿੱਚ ਇਤਿਹਾਸ ਪ੍ਰਗਟ ਹੁੰਦਾ ਹੈ। ਸਾਹਿਤ ਦਾ ਇਹ ਹਿੱਸਾ ਸਾਰੇ ਇਤਿਹਾਸ ਵਿਚ ਵਿਆਪਕ ਰੂਪ ਵਿਚ ਵਿਦਮਾਨ ਹੁੰਦਾ ਹੈ।[137] ਸਾਹਿਤ ਦੇ ਅਰਥਾਂ ਬਾਰੇ ਪੰਡਿਤ ਕਰਤਾਰ ਸਿੰਘ ਦਾਖਾ ਦਸਦੇ ਹਨ, 'ਸਾਹਿਤਯ' ਸ਼ਬਦ 'ਤਧਿਤ' ਦ੍ਵਾਰਾ ਘੜਿਆ ਗਿਆ ਹੈ, ਏਸਦਾ ਅਰਥ (ਸਾਹਿਤ ਤੋਂ) ਸਹਿਤਤਾਈ ਹੈ, ਤਾਤਪ੍ਰਯ ਇਹ ਕਿ ਰਲੇ ਮਿਲੇ ਕਟਾਖਯਾਂ ਨੂੰ ਸਫੁੱਟ ਕਰਨਾਂ ਅਤੇ ਸਰਲ ਬਾਣੀ ਨੂੰ ਚਾਤੁਰੀ ਦ੍ਵਾਰਾ ਗੁੰਦਕੇ ਰਲਾ ਮਿਲਾ ਦੇਣਾ ਇਹਦਾ ਕੰਮ ਹੈ।"[138] ਕੋਈ ਵੀ ਕਿਰਤ ਸਾਹਿਤ ਦੇ ਇਹਨਾਂ ਗਹਿਣਿਆਂ ਤੋਂ ਬਿਨਾਂ ਪੂਰੀ ਨਹੀਂ ਹੁੰਦੀ। ਭਾਈ ਵੀਰ ਸਿੰਘ ਨੇ ਸਾਹਿਤ ਦੀਆਂ ਇਹਨਾ ਕਿਰਤਾਂ ਦੇ ਦੋ ਵੇਸ਼ ਦੱਸੇ ਹਨ: 'ਸ਼ਬਦਾਡੰਬਰ ਦੀ

[137] ਕਵੀ ਚੂੜਾਮਣੀ ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਪਹਿਲੀ, ਪੰਨਾ 29

[138] ਪੰਡਿਤ ਕਰਤਾਰ ਸਿੰਘ ਦਾਖਾ, ਗੁਰੂ ਕਾਵਯ ਦਰਸ਼ਨ, ਪੰਨਾ 2

ਪ੍ਰਵਿਰਤੀ' ਤੇ 'ਮੀਤਾਕਸ਼ਰ'।[139] ਸ਼ਬਦਾਡੰਬਰ ਇਤਿਹਾਸ ਵਿੱਚ ਅਲੰਕਾਰਾਂ, ਰਸ ਤੇ ਸਾਹਿਤ ਦੇ ਸੁਹਜ ਦੀ ਅਜਿਹੀ ਲਿਸ਼ਕ ਸ਼ਾਮਿਲ ਹੁੰਦੀ ਹੈ ਜਿਸ ਵਿਚ ਇਤਿਹਾਸ ਦੇ ਬਹੁਤ ਸਾਰੇ ਘਾਟੇ ਵਾਧੇ ਲੁਕ ਜਾਂਦੇ ਹਨ। ਮੀਤਾਕਸ਼ਰ ਵੇਸ਼ ਵਾਲੇ ਗ੍ਰੰਥਾਂ ਵਿਚ ਰਚਨਾ ਦੇ ਭਾਵ ਨੂੰ ਦੱਸਣ ਲਈ ਗਿਣਤੀ ਮਿਣਤੀ ਦੇ ਅੱਖਰ ਵਰਤੇ ਜਾਂਦੇ ਹਨ। ਇਹਨਾਂ ਵਿਚ ਸਾਹਿਤ ਦੇ ਕਿਸੇ ਰੂਪ ਜਾਂ ਰਸ ਦਾ ਵਾਧਾ ਕਰਨ ਦੀ ਗੁੰਜਾਇਸ਼ ਨਹੀਂ ਹੁੰਦੀ।

ਇਤਿਹਾਸ ਦਾ ਦੂਸਰਾ ਰੌਂ ਬਿਰਤਾਂਤਕ ਹੈ ਜਿਸ ਵਿਚ ਇਤਿਹਾਸ ਦੇ ਵਾਕਿਆਤ ਤੇ ਘਟਨਾਵਾਂ ਦਾ ਵਿਸਥਾਰਤ ਵਰਨਣ ਹੁੰਦਾ ਹੈ। ਭਾਈ ਵੀਰ ਸਿੰਘ ਇਤਿਹਾਸ ਦੇ ਇਸ ਭਾਵ ਬਾਰੇ ਦਸਦੇ ਹਨ ਕਿ ਇਹ ਰੌਂ ਲੌਕਿਕ ਤੇ ਅਲੌਕਿਕ ਘਟਨਾਵਾਂ ਦੀ ਸੂਚਨਾ ਹੈ। ਲੌਕਿਕ ਘਟਨਾਵਾਂ ਜੋ ਪ੍ਰਤੱਖ ਦੁਨੀਆ ਵਿਚ ਵਰਤਦੀਆਂ ਹਨ ਤੇ ਅਲੌਕਿਕ ਘਟਨਾਵਾਂ ਰੂਹਾਨੀ ਜਗਤ ਨਾਲ ਸੰਬੰਧਿਤ ਹੁੰਦੀਆਂ ਹਨ। ਇਤਿਹਾਸ ਲੌਕਿਕ ਘਟਨਾਵਾਂ ਦਾ ਹੀ ਬ੍ਰਿਤਾਂਤ ਨਹੀਂ ਹੁੰਦਾ ਸਗੋਂ ਰੂਹਾਨੀ ਵਿਅਕਤੀਆਂ ਤੇ ਰੂਹਾਨੀ ਹਾਲਾਤ ਬਾਰੇ ਵੀ ਆਪਣੀ ਪ੍ਰਵਿਰਤੀ ਰਖਦਾ ਹੈ। ਇਸ ਸੂਰਤ ਵਿਚ ਹੀ ਇਤਿਹਾਸ ਧਰਮ ਦੀ ਪ੍ਰਮਾਣਿਕ ਪੁਸਤਕ ਹੋਣ ਦਾ ਮਾਣ ਪ੍ਰਾਪਤ ਕਰ ਸਕਦਾ ਹੈ।[140]

ਇਤਿਹਾਸ ਦਾ ਤੀਜਾ ਰੌਂ ਅਧਿਆਤਮਿਕ ਸਿਧਾਂਤਾਂ ਦੀਆਂ ਝਲਕਾਂ ਵਾਲਾ ਹੁੰਦਾ ਹੈ। ਇਹਨਾਂ ਝਲਕਾਂ ਵਿਚਲਾ ਰੱਬੀ ਗਿਆਨ ਤੇ ਪ੍ਰਕਾਸ਼ ਮਨੁੱਖ ਦੇ ਕਠੋਰ ਹਿਰਦੇ ਨੂੰ ਦ੍ਰਵਿਤ ਕਰਨ ਦੀ ਸਮਰੱਥਾ ਰੱਖਦਾ ਹੈ ਜਿਸ ਬਾਰੇ ਭਾਈ ਵੀਰ ਸਿੰਘ ਇਕ ਦ੍ਰਿਸ਼ਟਾਂਤ ਦਿੰਦੇ ਹਨ। ਈਰਾਨ ਦੇ ਬਾਦਸ਼ਾਹ ਨੇ ਹਕੀਮ ਜ਼ੇਬ ਨੂੰ ਜਗਤ ਦਾ ਇਤਿਹਾਸ ਲਿਖਣ ਲਈ ਕਿਹਾ ਤਾਂ ਉਹ ਅਨੇਕਾਂ ਜਿਲਦਾਂ ਵਿਚ ਲਿਖ ਕੇ ਲੈ ਆਇਆ। ਬਾਦਸ਼ਾਹ ਨੇ ਸਦਾ 'ਸੰਖੇਪ ਕਰੋ' ਦਾ ਹੁਕਮ ਦਿੱਤਾ ਤੇ ਅੰਤ ਹਕੀਮ ਇਕ ਜਿਲਦ ਲੈ ਆਇਆ ਤਾਂ ਬਾਦਸ਼ਾਹ ਚਲਾਣੇ ਵਿਚ ਸੀ। ਤਦ ਬਾਦਸ਼ਾਹ ਨੇ ਕਿਹਾ, 'ਐਨਾ ਸੰਖੇਪ ਕਰ ਕਿ ਮੈਂ ਮਰਨ ਤੋਂ ਪਹਿਲਾਂ ਸੁਣ ਸਕਾਂ' ਤਦ ਜ਼ੇਬ ਨੇ ਕਿਹਾ, 'ਜਗਤ ਦਾ ਇਤਿਹਾਸ ਇਹ ਹੈ, ਕਿ ਇਨਸਾਨ ਜੰਮੇਂ, ਉਨ੍ਹਾਂ ਨੇ ਦੁਖ ਪਾਏ ਤੇ ਮਰ ਗਏ।' ਹੁਣ ਇਹ ਜੋ ਸਿਧਾਂਤ ਇਸ ਕਥਨ ਵਿਚ ਹੈ ਕਿ 'ਸੰਸਾਰ ਦੁਖ ਰੂਪ ਹੈ' ਅਧਿਆਤਮਿਕ ਸਿਧਾਂਤ ਹੈ। ਪਰ ਇਹ ਜਗਤ ਦੇ ਅਨੇਕਾਂ

---

[139] ਕਵੀ ਚੂੜਾਮਣੀ ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਪਹਿਲੀ, ਪੰਨਾ 30

[140] ਉਹੀ, ਪੰਨਾ 31

ਜਿਲਦਾਂ ਵਿਚ ਲਿਖੇ ਗਏ ਇਤਿਹਾਸ ਤੋਂ ਪੈਦਾ ਹੋਇਆ। ਇਸ ਤਰ੍ਹਾਂ ਦੀ ਗੁੱਝੀ ਜਾਂ ਪ੍ਰਤੱਖ ਅਧਿਆਤਮਿਕ ਝਲਕ ਇਤਿਹਾਸ ਦਾ ਤੀਸਰਾ ਅੰਗ ਹੈ।[141] ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਕਿਸੇ ਵੀ ਰਚਨਾ ਦਾ ਸੰਬੰਧ ਇਤਿਹਾਸਕ ਹੋਣ ਦੇ ਨਾਲ-ਨਾਲ ਧਾਰਮਿਕ ਤੇ ਸਾਹਿਤਕ ਹੋਣਾ ਹੋਰ ਵੀ ਜਿਆਦਾ ਮਹੱਤਤਾ ਰੱਖਦਾ ਹੈ। ਇਤਿਹਾਸ ਆਪਣੇ ਭੂਤ, ਵਰਤਮਾਨ ਤੇ ਆਲੇ ਦੁਆਲੇ ਤੋਂ ਵੱਖ ਨਹੀਂ ਹੋ ਸਕਦਾ। ਜਿਸ ਦਾ ਜ਼ਿਕਰ ਆਰ. ਜੀ. ਕੌਲਿੰਗਵੁਡ ਕਰਦਾ ਦਸਦਾ ਹੈ ਕਿ ਭੂਤ ਵਿੱਚ ਮਨੁੱਖਾਂ ਵੱਲੋਂ ਕੀਤੇ ਕਾਰਜ ਤੇ ਕਾਰਨਾਮੇ ਹੀ ਇਤਿਹਾਸ ਹੈ।[142] ਇਤਿਹਾਸ ਦੇ ਭੂਤ ਵਿਚ ਮਨੁੱਖਾਂ ਵੱਲੋਂ ਕੀਤੇ ਕਾਰਨਾਮੇ ਹੀ ਵਰਤਮਾਨ ਦੀ ਦਿਸ਼ਾ ਨਿਸ਼ਚਿਤ ਕਰਦੇ ਹਨ। ਇਤਿਹਾਸ ਦਾ ਮੰਤਵ ਪ੍ਰੇਰਨਾ ਸਰੂਪ ਹੈ। ਇਤਿਹਾਸ ਦੀ ਇਹ ਪ੍ਰੇਰਨਾ ਕਿਸ ਲਈ ਹੈ ਇਸ ਬਾਰੇ ਕੌਲਿੰਗਵੁਡ ਦਾ ਵਿਚਾਰ ਹੈ ਕਿ ਇਤਿਹਾਸ ਆਤਮ ਗਿਆਨ ਲਈ ਹੈ।[143]

ਸਿੱਖ ਧਰਮ ਦੀ ਮੂਲ ਟੇਕ ਸਤਿਗੁਰਾਂ ਦੀ ਬਾਣੀ ਹੈ ਤੇ ਹੁਕਮ ਹੈ। ਸਿੱਖ ਇਤਿਹਾਸ ਦੀ ਟੇਕ ਵੀ ਗੁਰਬਾਣੀ ਹੈ ਯਾਨੀ ਕਿ ਗੁਰਬਾਣੀ ਦਾ ਅਮਲ ਹੀ ਸਿੱਖ ਇਤਿਹਾਸ ਦਾ ਸਿਰਜਕ ਹੈ। ਇਸ ਅਮਲ ਦੀ ਪਵਿੱਤਰ ਛੁਹ ਤੇ ਅਗੰਮੀ ਬਖ਼ਸ਼ਿਸ਼ ਹੀ ਇਤਿਹਾਸ ਨੂੰ ਨਿਆਰਾ ਰੁਤਬਾ ਪ੍ਰਦਾਨ ਕਰਦੀ ਹੈ। ਭਾਈ ਵੀਰ ਸਿੰਘ ਇਸ ਇਤਿਹਾਸਕ ਅਮਲ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ, ''ਇਸ ਦੇ ਦਾਤੇ ਸਤਿਗੁਰੂ ਜੀ ਜਗਤ ਵਿਚ ਆਏ ਵਿਚਰੇ ਤੇ ਉਹਨਾਂ ਨੇ ਜੀਆਦਾਨ ਨਾਮ ਦਾਨ ਤੇ ਉਪਦੇਸ਼ ਦਾਨ ਦਿੱਤਾ, ਸੋ ਇਨ੍ਹਾਂ ਗੱਲਾਂ ਦਾ ਹੋਣਾ ਵਾਕਯਾਤ ਦਾ ਸਿਲਸਿਲਾ ਹੋ ਗਿਆ, ਇਸ ਦੀ ਯਾਦ ਲਿਖੀ ਚਾਹੇ ਕੰਠਾਗਰ ਰਹਿ ਗਈ, ਇਹ ਇਤਿਹਾਸ ਹੋ ਗਿਆ। ਆਪ ਨੇ ਉਪਦੇਸ਼ ਦਿੱਤੇ, ਲੋਕਾਂ ਨਾਲ ਵਾਹ ਪਏ, ਮਿਹਰਾਂ ਕੀਤੀਆਂ, ਮੁਸ਼ਕਲਾਂ ਆਈਆਂ, ਖੇਦ ਝੱਲੇ, ਅਸੂਲ ਪਾਲੇ, ਆਪੇ ਵਾਰੇ, ਲੋਕੀਂ ਹਨੇਰੇ ਵਿੱਚੋਂ ਕੱਢੇ, ਜੀਵਤ ਭਾਵ ਵਿਚ ਆਂਦੇ, ਉਹਨਾਂ ਜੀ ਉਠਿਆਂ ਨੇ ਆਪਾ ਵਾਰ ਕਰਨੀਆਂ ਦੇ ਕਮਾਲ ਵਿਖਾਏ। ਇਹ ਸਾਰਾ ਕੁਝ ਇਤਿਹਾਸ ਦਾ ਬ੍ਰਿਤਾਂਤਕ ਹਿੱਸਾ ਬਣ ਗਿਆ। ਇਸ ਨੇ ਸਾਹਿਤਯਕ ਰੂਪ ਵੀ ਲਿਆ।''[144] ਮੱਧਕਾਲ ਦੇ ਜਿਸ ਸਮੇਂ ਗੁਰਬਿਲਾਸ ਤੇ ਪ੍ਰਾਚੀਨ ਗ੍ਰੰਥ ਲਿਖੇ ਗਏ, ਉਸ

---

[141] ਉਹੀ, ਪੰਨਾ 32

[142] R. G. Collingwood, The Idea of History, p. 9

[143] Ibid, p. 10

[144] ਕਿਰਪਾਲ ਸਿੰਘ (ਸੰਪਾ.), ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ, ਪੰਨਾ 7

ਇਤਿਹਾਸਕ ਦੌਰ ਬਾਰੇ ਪ੍ਰਸਿੱਧ ਚਿੰਤਕ ਨਿਕੋਲਸ ਦਸਦਾ ਹੈ ਕਿ ਮੱਧਕਾਲ ਵਿਚ ਮਨੁੱਖ ਦੀ ਊਰਜਾ ਅੰਦਰੂਨੀ ਅਧਿਆਤਮਕਤਾ ਨਾਲ ਇਕਾਗਰ ਸੀ ਤੇ ਉਸ ਸਮੇਂ ਇਸਦੇ ਬਾਹਰੀ ਪ੍ਰਗਟਾਵੇ ਦਾ ਕੋਈ ਰੂਪ ਸਾਹਮਣੇ ਨਹੀਂ ਆਇਆ ਸੀ।[145] ਇਹਨਾਂ ਗ੍ਰੰਥਾਂ ਨੇ ਕਾਵਿ ਦੇ ਪ੍ਰਕਾਸ਼ ਨਾਲ ਅਣਦਿਸਦੇ, ਅਕਹਿ ਤੇ ਅਕੱਥ ਦੀ ਐਸੀ ਕਥਾ ਨੂੰ ਲਿਖਿਆ ਕਿ ਸਿੱਖ ਇਤਿਹਾਸ ਤੇ ਗੁਰੂ ਸਾਹਿਬ ਦੀ ਅਦੁੱਤੀ ਤੇ ਲਾਸਾਨੀ ਸਖਸ਼ੀਅਤ ਨੂੰ ਚਿਤਰਨ ਲਈ ਇਹ ਪ੍ਰਮਾਣਿਕ ਲਿਖਤਾਂ ਬਣ ਗਈਆਂ।

ਭਾਈ ਵੀਰ ਸਿੰਘ ਸਿੱਖ ਇਤਿਹਾਸ ਵੱਖ-ਵੱਖ ਰੂਪਾਂ ਬਾਰੇ ਦਸਦੇ ਹੋਏ ਦੋ ਰੂਪ ਨਿਯਤ ਕਰਦੇ ਹਨ, ''ਇਕ ਰੂਪ ਤਾਂ ਇਤਿਹਾਸ ਦਾ ਹੈ 'ਸਾਰ ਅੰਸ਼' ਤੇ ਦੂਸਰਾ ਹੈ 'ਸਵਿਸਥਾਰ'। 'ਸਾਰੰਸ' ਦਾ ਭਾਵ ਹੈ ਕਿ ਸੰਖੇਪ ਦੇ ਵਿਚ ਪਤਾ ਲਗ ਜਾਏ ਕਿ ਬਾਣੀ ਤੇ ਹੁਕਮਾਂ ਵਿੱਚੋਂ ਜੋ ਗੁਣ ਅਵਤਾਰ, ਗੁਰੂ ਤੇ ਮਹਾਂਪੁਰਖ ਦੇ ਆਏ ਹਨ ਉਹ ਹੁਣ ਅਮਲ ਵਿਚ ਸਨ। ਇਨ੍ਹਾਂ ਮੂਲਕ ਗਲਾਂ ਦੀ ਉਗਾਹੀ ਅੱਖੀਂ ਦੇਖਣ ਵਾਲਿਆਂ ਤੋਂ ਅਥਵਾ ਰਚਨਾ ਦੇ ਅੰਦਰਲੇ ਸਬੂਤਾਂ ਤੋਂ ਮਿਲ ਜਾਵੇ। 'ਸਵਿਸਥਾਰ ਇਤਿਹਾਸ' ਉਹ ਹੈ ਕਿ ਜਿਸ ਵਿਚ ਤ੍ਰੀਕਾਂ ਸੰਮਤ ਤੇ ਸਾਰੇ ਹਾਲਾਤ ਯਾ ਜਿੰਨੇ ਕੁ ਹੋ ਸਕਣ, ਜੀਵਨ ਹੋਣੀਆਂ ਤੇ ਵਾਕਿਆਤ ਦੇ ਕੁਛ ਵਿਸਤਾਰ ਮਿਲ ਜਾਣ..''[146] ਇਸ ਸਾਰੰਸ਼ਿਕ ਇਤਿਹਾਸ ਦੇ ਨਮੂਨੇ ਸਾਨੂੰ ਦੋਵੇਂ ਗ੍ਰੰਥਾਂ ਵਿਚ ਹੀ ਮਿਲਦੇ ਹਨ।

**ਸਾਰੰਸ਼**

ਕਹਨ ਕਥਨ ਲਿਖਨੈ ਨਹੀ ਆਵੈ। ਅਗਮ ਅਗੋਚਰ ਪਰੈ ਸਮਾਵੈ।
ਸੰਤਨ ਕੇ ਉਰ ਮੈ ਤਿਹ ਥਾਨਾ। ਨਿਸ ਦਿਨ ਕਰ ਹੀ ਤਾ ਅਸਥਾਨਾ॥[147] (ਗੁਰਬਿਲਾਸ)

ਸੂਰਜਮੁਖੀ ਸਮ ਸੂਰਜੈ ਬਿਜਨ ਸੁ ਬਿੱਜ ਸਮਾਨ।
ਬਾਦਲ ਜਿਮ ਛਤ੍ਰ ਘੁਮੇ ਬਡ ਤੰਬੂ ਘਟਨ ਸਮਾਨ॥[148] (ਪ੍ਰਾਚੀਨ ਪੰਥ ਪ੍ਰਕਾਸ਼)

---

[145] Nicolas Berdyaev, The meaning of History, p 128

[146] ਕਿਰਪਾਲ ਸਿੰਘ (ਸੰਪਾ.), ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ, ਪੰਨਾ 9

[147] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 18

[148] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 52

**ਸਵਿਸਥਾਰ**

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਬਾਰੇ:

ਸੰਮਤ ਸਤ੍ਹ ਸਹਸ ਇਕਾਵਨ। ਮਾਸ ਅਖਾੜ ਸੁਕਲ ਬਰ ਪਾਵਨ।

ਦਹੇ ਬੀਚ ਤੁਰਕਨ ਕੋ ਮੇਲਾ। ਤਬ ਹੀ ਮ੍ਰਿਤ ਗੁਰੂ ਸੰਗ ਚੇਲਾ॥[149] (ਗੁਰਬਿਲਾਸ)

ਛੋਟੇ ਘੱਲੂਘਾਰੇ ਬਾਰੇ:

ਸੰਮਤ ਠਾਰਾਂ ਸੈ ਹੁਤੋ ਉਪਰ ਤੀਨ ਸੁ ਸਾਲ।

ਘੱਲੂਘਾਰੋ ਵਡ ਕਰਜੋ ਤੁਰਕਨ ਸਿੰਘਨ ਨਾਲ॥[150] (ਪ੍ਰਾਚੀਨ ਪੰਥ ਪ੍ਰਕਾਸ਼)

ਇਹਨਾਂ ਗ੍ਰੰਥਾਂ ਨੂੰ ਭਾਈ ਵੀਰ ਸਿੰਘ ਨੇ ਸਵਿਸਥਾਰ ਗ੍ਰੰਥਾਂ[151] ਦੀ ਸ੍ਰੇਣੀ ਵਿਚ ਰੱਖਿਆ ਹੈ। ਇਤਿਹਾਸ ਨੂੰ ਸਾਹਿਤਿਕ ਤੇ ਵਿਗਿਆਨਕ ਨੁਕਤੇ ਤੋਂ ਵਿਚਾਰਦੇ ਹੋਏ ਭਾਈ ਸਾਹਿਬ ਇਤਿਹਾਸ ਨੂੰ ਅੱਗੇ ਦੋ ਹਿੱਸਿਆਂ ਵਿਚ ਹੋਰ ਵੰਡਦੇ ਹਨ- ਵਿਗਿਆਨਕ ਇਤਿਹਾਸ ਤੇ ਕੋਮਲ ਉਨਰੀ ਇਤਿਹਾਸ। ''ਵਿਗਿਆਨਕ ਇਤਿਹਾਸ ਦਾ ਅਸੂਲ ਇਹ ਹੈ ਕਿ ਠੀਕ ਠੀਕ ਦਰੁਸਤ ਦਰੁਸਤ ਵਧਾ ਘਟਾ ਤੋਂ ਬਿਨਾਂ ਵਾਕਿਆਤ ਨੂੰ ਸਾਧਾਰਣ ਬੋਲੀ ਵਿਚ ਲਿਖਿਆ ਜਾਵੇ। ਇਸ ਨੂੰ 'ਵਿਗਿਯਾਨਕ ਇਤਿਹਾਸ' ਕਹਿ ਲਈਏ ਤਾਂ ਠੀਕ ਹੈ।''[152] ਪੱਛਮੀ ਇਤਿਹਾਸ ਵਿਚ ਘਟਨਾਵਾਂ ਨੂੰ ਸਾਹਿਤਕ ਰੰਗਣ ਦੇਣ ਦੀ ਬਜਾਇ ਜਿਵੇਂ ਹੋਈਆਂ ਤਿਵੇਂ ਲਿਖਣ ਦੀ ਕੋਸ਼ਿਸ਼ ਕੀਤੀ ਗਈ। ਇਤਿਹਾਸ ਤੇ ਵਿਗਿਆਨ ਵਿਚ ਫਰਕ ਕਰਦੇ ਹੋਏ ਈ. ਐਚ. ਕਾਰ ਦਸਦਾ ਹੈ ਕਿ ਇਤਿਹਾਸ ਖ਼ਾਸ ਅਤੇ ਵਿਸ਼ੇਸ਼ ਦਾ ਅਧਿਐਨ ਕਰਦਾ ਹੈ ਜਦਕਿ ਵਿਗਿਆਨ ਸਧਾਰਨ ਅਤੇ ਆਮ ਦਾ। ਇਸ ਮੱਤ ਦੀ ਸ਼ੁਰੂਆਤ ਅਰਸਤੂ ਤੋਂ ਕਹੀ ਜਾ ਸਕਦੀ ਹੈ, ਜਿਸ ਨੇ ਘੋਸ਼ਣਾ ਕੀਤੀ ਸੀ ਕਿ ਕਾਵਿ, ਇਤਿਹਾਸ ਦੇ ਮੁਕਾਬਲੇ ਕਿਤੇ

---

[149] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 294

[150] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 257

[151] ਕਵੀ ਚੂੜਾਮਣੀ ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਪਹਿਲੀ, ਪੰਨਾ 56

[152] ਕਿਰਪਾਲ ਸਿੰਘ (ਸੰਪਾ.), ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ, ਪੰਨਾ 15

'ਜਿਆਦਾ ਗੰਭੀਰ' ਅਤੇ 'ਜਿਆਦਾ ਦਾਰਸ਼ਨਿਕਤਾ ਪੂਰਨ' ਹੁੰਦਾ ਹੈ ਕਿਉਂਕਿ ਕਾਵਿ ਦਾ ਵਿਸ਼ਾ ਆਮ ਸੱਚ ਹੁੰਦਾ ਹੈ ਜਦਕਿ ਇਤਿਹਾਸ ਦਾ ਖ਼ਾਸ ਸੱਚ।[153]

ਕੋਮਲ ਉਨਰੀ ਇਤਿਹਾਸ ਨੂੰ ਭਾਈ ਵੀਰ ਸਿੰਘ ਨੇ ਦੋ ਉਦਾਹਰਨਾਂ ਰਾਹੀਂ ਸਮਝਾਇਆ ਹੈ। ਭਾਈ ਗੁਰਦਾਸ ਜੀ ਦੀ ਵਾਰ ਦੇ ਹਵਾਲੇ ਨਾਲ ਧਰੂ ਭਗਤ ਦੀ ਸਾਖੀ ਦਾ ਜ਼ਿਕਰ ਕਰਦੇ ਦਸਦੇ ਹਨ ਕਿ ਜਿਵੇਂ ਧਰੂ ਭਗਤ ਦੀ ਸਾਖੀ ਵਿਚ ਇਹ ਕੁਝ ਵਾਕਿਆਤਾਂ ਸਮੇਤ ਇਹ ਕਿੱਸਾ ਰੱਖ ਲਿਆ ਕਿ ਮਤਰੇਈ ਦੀ ਬੋਲੀ ਨਾਲ ਉਹ 'ਭਗਤ ਪੁਰਖ' ਹੋ ਗਿਆ ਤੇ ਮਤਰੇਈ ਦੀਆਂ ਬਾਕੀ ਬਦਸਲੂਕੀਆਂ ਦਾ ਵਿਸਥਾਰ ਜਾਂ ਇਤਿਹਾਸ ਖੋਲ ਕੇ ਇਸ ਲਈ ਨਹੀਂ ਲਿਖਿਆ ਕਿਉਂਕਿ ਇਹ ਗੱਲਾਂ ਤਾਂ ਹਰ ਗਲੀ-ਮੁਹੱਲੇ ਮਿਲ ਜਾਂਦੀਆਂ ਹਨ ਪਰ ਮਤਰੇਈ ਦੀ ਬੋਲੀ ਕਿਸੇ ਨੂੰ ਮਹਾਂਪੁਰਖ ਬਣਾ ਦੇਵੇ ਇਹ ਅਸਚਰਜ ਤੇ ਸਿੱਖਿਆ ਦੇਣ ਵਾਲੀ ਕਥਾ ਹੈ।[154] ਦੂਸਰੀ ਉਦਾਹਰਨ ਹੈ ਕਿ ਜਿਵੇਂ ਕਿਸੇ ਫਰਿਸ਼ਤੇ ਦੀ ਤਸਵੀਰ ਬਣਾਉਣ ਵੇਲੇ ਕੋਈ ਮੁਸੱਵਰ ਖੰਭ ਜ਼ਰੂਰ ਲਾਉਂਦਾ ਹੈ। ਫਰਿਸ਼ਤੇ ਪੰਛੀ ਨਹੀਂ ਹਨ ਕਿ ਉਹਨਾਂ ਦੇ ਖੰਭ ਹੋਣ, ਨਾ ਹੀ ਉਹ ਕੋਈ ਸਰੀਰਧਾਰੀ ਹਨ ਕਿ ਉਹਨਾਂ ਨੂੰ ਹਵਾ ਦਾ ਮੁਕਾਬਲਾ ਕਰਨ ਲਈ ਖੰਭਾਂ ਦੀ ਲੋੜ ਹੋਵੇ ਪਰ ਕੇਵਲ ਇਸ ਭਾਵ ਨੂੰ ਦਰਸਾਉਣ ਲਈ ਕਿ ਫਰਿਸ਼ਤੇ ਮਨੁੱਖਾਂ ਵਾਂਗੂੰ ਧਰਤੀ ਉੱਤੇ ਗਤੀ ਨਹੀਂ ਰਖਦੇ ਉਹ ਸਵੈ-ਇੱਛਾ ਨਾਲ ਸੁਤੇਸਿਧ ਗਤੀ ਰਖਦੇ ਹਨ। ਇਸ ਗੱਲ ਨੂੰ ਦਰਸਾਉਣ ਲਈ ਚਿੱਤਰਕਾਰ ਨੂੰ ਖੰਭ ਲਾ ਕੇ ਦਿਖਾਉਣੇ ਪਏ। ਇਸ ਤਰ੍ਹਾਂ ਦਾ ਹੀ ਸਮਾਨ ਕੋਮਲ ਉਨਰੀ ਇਤਿਹਾਸਕਾਰਾਂ ਨੂੰ ਵੀ ਵਰਤਣਾ ਪੈਂਦਾ ਹੈ। ਜਿਵੇਂ ਕਿਸੇ ਮਹਾਂਪੁਰਖ ਦੇ ਆਪਣੇ ਅਨੁਭਵ ਵਿਚ ਟਿਕ ਕੇ 'ਅਨੰਤ' ਤੋਂ ਕੋਈ ਛੋਹ ਪ੍ਰਾਪਤ ਕਰਨ ਤੇ ਪਰਮਾਤਮਾ ਦੀ ਦਰਗਾਹ ਵਿਚ ਕੋਈ ਆਗਿਆ ਲੈਣ ਜਾਣਾ, ਇਸ ਵਾਕਿਆਤ ਨੂੰ ਕਿਸੇ ਰਾਜੇ ਦੇ ਦਰਬਾਰ ਵਿਚ ਪੰਚ-ਭੌਤਿਕ ਸਰੀਰ ਨਾਲ ਤੁਰ ਕੇ ਜਾਣ ਵਾਂਗ ਤੇ ਰਸਨਾਂ ਨਾਲ ਗੱਲਾਂ ਕਰਨ ਵਾਂਗ ਵਰਨਣ ਕਰਨਾ ਕੋਮਲ ਉਨਰੀ ਇਤਿਹਾਸ ਲਈ ਉਸ ਤਰ੍ਹਾਂ ਹੀ ਜ਼ਰੂਰੀ ਹੈ ਜਿਵੇਂ ਫਰਿਸ਼ਤੇ ਦੀ ਤਸਵੀਰ ਵਿਚ ਚਿੱਤਰਕਾਰ ਨੂੰ ਖੰਭ ਦਿਖਾਉਣੇ ਜ਼ਰੂਰੀ ਹਨ।[155]

---

[153] ਈ. ਐਚ. ਕਾਰ, ਡਾ. ਐਸ. ਡੀ. ਗਜਰਾਨੀ (ਅਨੁ.), ਪੰਨਾ 74

[154] ਕਿਰਪਾਲ ਸਿੰਘ (ਸੰਪਾ.), ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ, ਪੰਨਾ 16

[155] ਉਹੀ, ਪੰਨਾ 17

ਕਿਸੇ ਵੱਡੇ ਪੁਰਖਾਂ ਦੇ ਜੀਵਨ ਚਰਿੱਤਰ ਜਾਂ ਬਿਲਾਸ ਲੀਲਾ ਜਾਂ ਪ੍ਰਕਾਸ਼ ਦੇ ਕਿਸੇ ਵਾਕਿਆਤ ਨੂੰ ਦਰਸਾਉਣ ਲਈ ਅਲੰਕਾਰ, ਬਿੰਬ, ਪ੍ਰਤੀਕ ਜਾਂ ਸਾਹਿਤ ਦਾ ਕੋਈ ਹੁਨਰ ਉਸ ਜੀਵਨੀ ਵਿਚ ਅਸੀਮ ਤੇ ਅਛੋਹ ਰੰਗ ਭਰਕੇ ਉਸ ਨੂੰ ਮਿਥ ਤੇ ਅਨੁਭਵ ਦੇ ਖੇਤਰ ਵਿਚ ਲੈ ਜਾਂਦਾ ਹੈ ਜਿਸ ਨਾਲ ਹਰ ਪਾਠਕ ਨੂੰ ਉਸ ਦੀ ਆਪਣੀ ਸੁਰਤ ਮੁਤਾਬਕ ਵੱਖਰੇ ਦਰਸ਼ਨ ਹੁੰਦੇ ਹਨ ਜਿਸ ਬਾਰੇ ਭਾਈ ਵੀਰ ਸਿੰਘ ਦਸਦੇ ਹਨ, ''ਜਿਮੀ ਕੋਮਲ ਉਨਰ ਦੀ ਮੁਸੱਵਰੀ ਵਾਂਙੂ ਰਚਣੀ ਪੈਂਦੀ ਹੈ, ਅਧਯਾਤਮਿਕ ਹਿੱਸੇ ਨੂੰ ਮੁਅੱਸਰ ਕਰ ਕੇ ਦੱਸਣਾ ਪੈਂਦਾ ਹੈ ਅਤੇ ਅਲੌਕਿਕ ਗੱਲਾਂ ਤੇ ਮਾਮਲੇ, ਚਿੰਨ੍ਹਾਂ ਵਾਲੀ ਬੋਲੀ ਵਿਚ ਦੱਸਣੇ ਪੈਂਦੇ ਹਨ; ਇਸ ਕਰਕੇ ਉਸ ਦਾ ਕੰਮ ਮਾਨੋ ਇਕ 'ਕੋਮਲ ਉਨਰ' ਦਾ ਕੰਮ ਹੁੰਦਾ ਹੈ ਤੇ ਆਪਣੇ ਪੱਖ ਵਿਚ ਇਸ ਕੋਮਲ ਉਨਰ ਦਾ ਕਮਾਲ ਦੱਸਣਾ ਹੁੰਦਾ ਹੈ। ਇਨ੍ਹਾਂ ਵਿਚਾਰਾਂ ਕਰਕੇ ਇਸ ਇਤਿਹਾਸ ਨੂੰ ਉਨਰੀ ਇਤਿਹਾਸ ਯਾ 'ਕਲਾ ਕੌਸਲੀ ਇਤਿਹਾਸ' ਕਹਿ ਲਿਆ ਜਾਵੇ ਤਾਂ ਅਸਲੀਅਤ ਦੇ ਅਤਿ ਨੇੜੇ ਹੈ।[156]

ਉਪਰੋਕਤ ਵਿਚਾਰ ਅਨੁਸਾਰ ਇਤਿਹਾਸ ਵਿੱਚ ਤਿੰਨੇ ਰੌ ਸਾਹਿਤਕ, ਬਿਰਤਾਂਤਿਕ ਤੇ ਅਧਿਆਤਮਿਕ ਇਕੱਠੇ ਚੱਲਦੇ ਹਨ। ਵਿਗਿਆਨਕ ਤੇ ਕੋਮਲ ਉਨਰੀ ਕਿਸਮ ਨੂੰ ਨਿਖੇੜਨ ਨਾਲ ਪਤਾ ਲੱਗਦਾ ਹੈ ਕਿ ਤਿੰਨੇ ਰੌ ਇਤਿਹਾਸ ਵਿਚ ਕਿਸ ਫਰਕ ਨਾਲ ਚੱਲਦੇ ਹਨ। ਭਾਈ ਵੀਰ ਸਿੰਘ ਦਸਦੇ ਹਨ ਕਿ ਵਿਗਿਆਨਕ ਇਤਿਹਾਸ ਵਿਚ ਬਿਰਤਾਂਤਿਕ ਹਿੱਸਾ ਵਧੇਰੇ ਹੁੰਦਾ ਹੈ ਤੇ ਸਾਹਿਤਕ ਹਿੱਸਾ ਘੱਟ ਹੁੰਦਾ ਹੈ ਤੀਸਰਾ ਹਿੱਸਾ ਅਧਿਆਤਮਿਕ (ਇਖਲਾਕੀ ਤੇ ਰੂਹਾਨੀ ਸਿਧਾਂਤ) ਇਸ ਵਿੱਚ ਹੋਰ ਘੱਟ ਹੁੰਦਾ ਹੈ।[157] ਗੁਰਬਿਲਾਸ ਤੇ ਪ੍ਰਾਚੀਨ ਪੰਥ ਪ੍ਰਕਾਸ਼ ਜਿਹੇ ਗ੍ਰੰਥਾਂ ਦੇ ਕੋਮਲ ਉਨਰੀ ਇਤਿਹਾਸ ਦਾ ਉਦੇਸ਼ ਭਾਈ ਵੀਰ ਸਿੰਘ ਦੀ ਇਹ ਧਾਰਨਾ ਸਪਸ਼ਟ ਕਰਦੀ ਹੈ, ''ਉਨਰੀ ਇਤਿਹਾਸ ਵਿੱਚ ਤ੍ਰੈਆਂ ਦਾ ਰੌ ਇਸ ਤਰ੍ਹਾਂ ਚੱਲਦਾ ਹੈ: ਸਾਹਿਤਯਕ ਹਿੱਸਾ ਆਪਣੇ ਕਮਾਲ ਤੇ ਹੁੰਦਾ ਹੈ, ਬ੍ਰਿਤਾਂਤਿਕ ਹਿੱਸਾ ਕਾਫ਼ੀ ਪਰ ਉਸ ਦਾ ਰੁਖ ਸਾਹਿਤਯਕ ਹਿੱਸੇ ਨੂੰ ਜੜਤ ਦਾ ਕੰਮ ਦੇਣ ਦਾ ਹੁੰਦਾ ਹੈ ਤੇ ਦੋਹਾਂ ਦਾ ਰੁੱਖ ਤੀਸਰੇ ਹਿੱਸੇ ਨੂੰ ਮੁਅੱਸਰ ਬਣਾਉਣ ਵਾਲਾ ਹੁੰਦਾ ਹੈ। ਅਰਥਾਤ ਉਨਰੀ ਇਤਿਹਾਸ ਦਾ ਰੌ ਇਨਸਾਨ ਦੀ ਸਿਖਿਆ ਲਈ ਅਧਯਾਤਮਿਕ ਸੱਤਯਤਾ ਨੂੰ

---

[156] ਉਹੀ, ਪੰਨੇ 17-18

[157] ਉਹੀ, ਪੰਨਾ 18

ਪ੍ਰਦੀਪਤ ਕਰਨਾ ਹੁੰਦਾ ਹੈ ਤੇ ਉਸ ਦੇ ਸੁਆਦ ਲਈ ਕੋਮਲ ਉਨਰੀ ਰਸ ਦੇ ਕਟਾਖਯ ਭਰਨੇ ਜ਼ਰੂਰੀ ਹੁੰਦੇ ਹਨ ਤੇ ਇਸ ਰਸ ਦੇ ਸੁਆਦ ਲਈ ਇਨਸਾਨ ਦੇ ਮਨ ਵਿੱਚ ਸੂਖਮ ਰਸਾਂ ਦੇ ਭਾਵਾਂ ਨੂੰ ਤੇ ਉੱਚ ਆਦਰਸ਼ਾਂ ਨੂੰ ਚਾਹੋ ਜਾਣੇ ਤੇ ਚਾਹੋ ਬੇ ਮਲੂਮੇ ਸੁਖੱਲਾ ਆਵੇਸ਼ ਮਿਲਦਾ ਹੈ।''[158]

ਉਨੀਂਵੀ ਸਦੀ ਦਾ ਮਹਾਨ ਕਵੀ ਤੇ ਫ਼ਿਲਾਸਫ਼ਰ ਇਤਿਹਾਸ ਦੀ ਵਿਆਪਕਤਾ ਨੂੰ ਮਨੁੱਖੀ ਮਨ ਦਾ ਹੀ ਲਿਖਤੀ ਵਿਵਰਣ ਮੰਨਦਾ ਹੋਇਆ ਦਸਦਾ ਹੈ ਕਿ ਮਨੁੱਖੀ ਮਨ ਸਾਰੇ ਮਨੁੱਖਾਂ ਵਿਚਕਾਰ ਸਾਂਝਾ ਹੁੰਦਾ ਹੈ। ਜੋ ਕੁਝ ਪਲੈਟੋ ਵਰਗੇ ਕਿਸੇ ਫ਼ਿਲਾਸਫ਼ਰ ਨੇ ਸੋਚਿਆ ਹੈ, ਉਹ ਸੋਚ ਸਕਦਾ ਹੈ, ਜੋ ਕੁਝ ਕਿਸੇ ਸੰਤ ਵਿਅਕਤੀ ਨੇ ਮਹਿਸੂਸ ਕੀਤਾ ਹੈ ਉਹ ਮਹਿਸੂਸ ਕਰ ਸਕਦਾ ਹੈ, ਜੋ ਕੁਝ ਵੀ ਕਦੀ ਕਿਸੇ ਮਨੁੱਖ ਨਾਲ ਵਾਪਰਿਆ ਹੈ ਉਸ ਨੂੰ ਉਹ ਸਮਝ ਸਕਦਾ ਹੈ।[159] ਸੋ ਇਹ ਗ੍ਰੰਥ ਉਸ ਗੁਰੂ ਅਮਲ ਤੇ ਅਨੁਭਵ ਨੂੰ ਸਮਝਣ ਲਈ ਹੀ ਕਾਵਿ, ਰਸ, ਪ੍ਰਤੀਕਾਂ, ਚਿੰਨ੍ਹਾਂ ਨਾਲ ਲਬਰੇਜ਼ ਹੋ ਕੇ ਹੀ ਉਹ ਇਤਿਹਾਸਕ ਛਿਣ ਸਿਰਜਦੇ ਹਨ, ਜਿਹੜਾ ਮਨੁੱਖੀ ਮਨ ਨੂੰ ਬਦਲ ਦੇਣ ਦੀ ਸਮਰੱਥਾ ਰੱਖਦਾ ਹੈ। ਇਹਨਾਂ ਗ੍ਰੰਥਾਂ ਦੀ ਵਿਲੱਖਣ ਵਿਧਾ ਤੇ ਟਿੱਪਣੀ ਕਰਦੇ ਹੋਏ ਪ੍ਰੋ. ਪੂਰਨ ਸਿੰਘ ਦਸਦੇ ਹਨ ਕਿ ਗੁਰੂ ਦੀ ਅਚਰਜ ਮੂਰਤ ਕੌਣ ਖਿੱਚੇ ਤੇ ਕਿਵੇਂ ਦੱਸੇ? ਕਵੀ ਸੰਤੋਖ ਸਿੰਘ ਜੀ ਤੇ ਗੁਰਬਿਲਾਸ ਲਿਖਣ ਵਾਲੇ ਸਿੱਖ ਕੁਛ ਕਾਮਯਾਬ ਹੋਏ ਹਨ।[160]

ਇਸ ਕਰਕੇ ਰੂਹਾਨੀ ਸ਼ਖ਼ਸੀਅਤਾਂ ਤੇ ਉਨ੍ਹਾਂ ਦੀ ਜੀਵਨ-ਜਗਤ ਨੂੰ ਸਾਕਾਰ ਮੂਰਤ ਰਾਹੀਂ ਪੇਸ਼ ਕਰਨ ਲਈ ਐਸੀ ਜ਼ਮੀਨ ਜ਼ਰੂਰ ਰਚਣੀ ਪੈਂਦੀ ਹੈ ਜੋ ਗੁਰਬਿਲਾਸ ਤੇ ਪੰਥ ਪ੍ਰਕਾਸ਼ ਨੇ ਰਚੀ ਹੈ। ਕੋਮਲ ਉਨਰੀ ਇਤਿਹਾਸ ਦੇ ਅਨੇਕਾਂ ਝਲਕਾਰੇ ਸਾਨੂੰ ਗੁਰਬਿਲਾਸ ਤੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਮਿਲਦੇ ਹਨ ਜਿਸ ਨਾਲ ਗੁਰੂ ਜੀਵਨ ਤੇ ਸਿੱਖ ਇਤਿਹਾਸ ਦੀ ਸੁੰਦਰ ਤੇ ਸਪਸ਼ਟ ਤਸਵੀਰ ਸਾਹਮਣੇ ਆਉਂਦੀ ਹੈ। ਗੁਰੂ ਦੀ ਆਭਾ ਤੇ ਪ੍ਰਤਾਪ ਬਾਰੇ ਕੁਇਰ ਸਿੰਘ ਲਿਖਦੇ ਹਨ:

ਨਹੀਂ ਨਗ੍ਰ ਜਾ ਸੋ ਸੁ ਤ੍ਰੈ ਲੋਕ ਮਾਹੀ। ਪ੍ਰਮਾਨੰ ਬਿਨਾ ਸੋਭ ਸੁੰਦਰ ਲਸਾਹੀ।

---

[158] ਉਹੀ, ਪੰਨਾ 18

[159] ਐਮਰਸਨ, ਐਮਰਸਨ ਦੇ ਨਿਬੰਧ, ਪੰਨਾ 5

[160] ਮਹਿੰਦਰ ਸਿੰਘ ਰੰਧਾਵਾ, ਪੂਰਨ ਸਿੰਘ ਦੀ ਵਾਰਤਕ, ਪੰਨਾ 135

ਧਈ ਸੰਗਤੀ ਸ੍ਰੋਨ ਮੈ ਸੁਨਤ ਜੇਤੀ। ਲਖੈ ਰੂਪ ਸ੍ਰੀ ਕੋ ਕਹੈ ਵਾਹ ਤੇਤੀ।

ਲਖੈ ਰੂਪ ਨਾਸੈ ਸਭੈ ਪਾਪ ਲੋਗੰ। ਕਹੈ ਕੌਨ ਓਪੰ ਮਿਟੈ ਦੋਖ ਸੋਕੰ।

ਨਹੀਂ ਐਸ ਸੂਖੰ ਸੁ ਤ੍ਰੈ ਲੋਕ ਮਾਂਹੀ। ਜਸੋ ਦੇਖ ਗੁਰ ਕੋ ਭਵੈ ਮੋਦ ਚਾਂਹੀ॥

ਸਭੈ ਲੋਕ ਜਾਨੈ ਨਿਜੰ ਇਸਟ ਰੂਪੰ। ਕਰੈ ਸੇਵ ਐਸੀ ਜਸੀ ਚੰਦ ਸੂਯੰ।

ਇਸੀ ਭਾਂਤ ਕੀਨੀ ਸਭੈ ਲੋਕ ਸੇਵਾ। ਪ੍ਰਥਮ ਧਜਾਇ ਪੂਰਨ ਭਯੋ ਭਾਂਤਿ ਏਵਾ॥

ਇਤਿ ਸ੍ਰੀ ਗੁਰ ਬਿਲਾਸ ਬਰਨਨੰ ਪ੍ਰਥਮੋ ਧਜਾਇ॥[161]

ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਕੋਮਲ ਉਨਰੀ ਇਤਿਹਾਸ ਨਾਲ ਹੀ ਗੁਰੂ ਨਾਨਕ ਸਾਹਿਬ ਦੇ ਕੌਤਕਮਈ ਜੀਵਨ ਦੀ ਸੁੰਦਰ ਝਲਕ ਪੇਸ਼ ਕਰਦੇ ਹਨ

ਜੇ ਸਭ ਬਾਲਨ ਕਥਾ ਲਿਖਾਈਂ। ਬਢੈ ਗ੍ਰੰਥ ਬਡ ਅੰਤ ਨ ਪਾਈ।

ਯਾਂ ਤੇ ਮੈਂ ਅਬ ਸੁਚ ਸੋਂ ਕਹੋਂ। ਬੀਜ ਮਾਤ੍ਰ ਕੁਛ ਲਿਖਿਓ ਚਹੋਂ॥

ਜਿਮ ਬਾਲਨ ਸੋਂ ਖੇਡ ਖਿਡਾਈ। ਖੇਤੀ ਉਜਾੜੀ ਫੇਰ ਜਮਾਈ।

ਜਿਮ ਬਲਵੰਡ ਸੋਊ ਬਾਬਾ ਦੇਖਾ। ਛਾਮ ਕਰਤਿ ਸ੍ਰਪਫ਼ਨ ਸਜੋਂ ਪੇਖਾ॥

ਔਰ ਅਚੰਭੇ ਕੇਤੇ ਭਏ। ਸੁਨੇ ਰਾਇ ਕਿਛੁ ਅੱਖੀਂ ਦਿਖਏ।

ਜਿਮ ਕਰ ਰਾਏ ਮਨ ਪਤੀਆਯੋ। ਸਦ ਕਰ ਨਾਨਕ ਆਦ੍ਰ ਕਰਵਾਯੋ॥[162]

## 2.5. ਧਰਮ ਤੇ ਧਰਮ-ਸ਼ਾਸਤਰ

### 2.5.1. ਧਰਮ

ਧਰਮ-ਸ਼ਾਸਤਰ ਦੇ ਅਧਿਐਨ ਤੋਂ ਪਹਿਲਾਂ ਧਰਮ ਦੇ ਆਰੰਭ ਤੇ ਪਰਿਭਾਸ਼ਾ ਬਾਰੇ ਸੰਖੇਪ ਜਾਣ ਪਛਾਣ ਕਰਨੀ ਜ਼ਰੂਰੀ ਜਾਪਦੀ ਹੈ। ਮਨੁੱਖੀ ਦੇਹ ਆਪਣੇ ਆਪ ਵਿਚ ਅਧੂਰੀ ਹੈ ਕਿਉਂਕਿ ਦੇਹ ਦੀ ਕੋਈ ਵੀ ਕਿਰਿਆ ਮਨੁੱਖੀ ਭਾਵਾਂ ਤੋਂ ਬਿਨਾਂ ਨਹੀਂ ਹੋ ਸਕਦੀ ਤੇ ਮਨੁੱਖੀ ਭਾਵਾਂ ਦੇ ਆਵੇਸ਼ ਦੀਆਂ ਸੂਖਮਤਾਈਆਂ ਦਾ

---

[161] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 25

[162] ਭਾਈ ਸਾਹਿਬ ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 8

ਅਦ੍ਰਿਸ਼ ਰੂਪ ਹੀ ਮਨੁੱਖੀ ਦੇਹ ਨੂੰ ਕਿਰਿਆ ਵਿੱਚ ਲਿਆਉਂਦਾ ਹੈ ਤੇ ਇਸ ਭਾਵ-ਅਭਾਵ ਦਾ ਸੂਖਮ ਪ੍ਰਗਟਾਅ ਹੀ ਧਰਮ ਦੀ ਨੀਂਹ ਹੁੰਦਾ ਹੈ। ਇਸ ਕਰਕੇ ਧਰਮ ਦੀ ਸ਼ੁਰੂਆਤ ਮਨੁੱਖੀ ਸਰੀਰ ਦੀ ਹੋਂਦ ਨਾਲ ਹੀ ਸ਼ੁਰੂ ਹੁੰਦੀ ਹੈ ਤੇ ਧਰਮ ਜੀਵਨ ਦੇ ਬੁਨਿਆਦੀ ਅਰਥਾਂ ਨਾਲ ਜੁੜਿਆ ਹੋਇਆ ਹੈ। ਆਦਿ-ਕਾਲ ਤੋਂ ਹੀ ਧਰਮ ਦੇ ਅਨੇਕਾਂ ਰੂਪ ਪ੍ਰਚਲਿਤ ਰਹੇ ਹਨ ਤੇ ਹਰੇਕ ਮਨੁੱਖੀ ਸਮੂਹ ਦਾ ਆਪਣਾ ਧਰਮ ਰਿਹਾ ਹੈ। ਆਦਿ ਸਮੇਂ ਤੋਂ ਹੀ ਮਨੁੱਖ ਅਦ੍ਰਿਸ਼ ਸਕਤੀਆਂ ਦੀ ਪੂਜਾ ਤੇ ਕਰਮ-ਕਾਂਡ ਕਰਦਾ ਰਿਹਾ ਹੈ। ਇਸ ਦੇ ਸਬੂਤ ਲੁਪਤ ਹੋ ਚੁੱਕੀਆਂ ਅਨੇਕਾਂ ਸੱਭਿਆਤਾਵਾਂ ਦੀ ਜੀਵਨ-ਸ਼ੈਲੀ ਵਿੱਚੋਂ ਮਿਲਦੇ ਹਨ। ਇਸ ਲਈ ਧਰਮ ਦਾ ਆਦਿ, ਮਨੁੱਖੀ ਉਤਪਤੀ ਦੇ ਨਾਲ ਹੀ ਸ਼ੁਰੂ ਹੋ ਜਾਂਦਾ ਹੈ।

ਮਨੁੱਖੀ ਸੋਚ ਸਮਝ ਦੇ ਆਰੰਭ ਤੋਂ ਹੀ ਮਨੁੱਖਤਾ ਦੇ ਹਰੇਕ ਕਾਰਜ ਨੂੰ ਧਰਮ ਨੇ ਪ੍ਰਭਾਵਿਤ ਕੀਤਾ ਹੈ। ਮਨੁੱਖੀ ਸਭਿਅਤਾ ਦੇ ਵੱਖ-ਵੱਖ ਪੜਾਵਾਂ ਵਿੱਚੋਂ ਮਿਲਦੇ ਆਵੇਸ਼ਾਂ, ਬਿੰਬਾਂ ਤੇ ਚਿੰਨ੍ਹਾਂ ਤੋਂ ਮਨੁੱਖਤਾ ਅਤੇ ਧਰਮ ਦੇ ਗੂੜ੍ਹੇ ਰਿਸਤਿਆਂ ਦਾ ਪਤਾ ਲਗਦਾ ਹੈ। ਪੁਰਾਤਨ ਸਮੇਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਵਿੱਦਿਅਕ ਖੇਤਰ ਵਿਚ ਧਰਮ ਦੀ ਪ੍ਰਮੁੱਖਤਾ ਤੋਂ ਇਲਾਵਾ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਪ੍ਰਬੰਧ ਵਿਚ ਵੀ ਧਰਮ ਦਾ ਬੋਲਬਾਲਾ ਸੀ । ਧਰਮ ਦੀ ਬੁਨਿਆਦ, ਵਿਆਖਿਆ, ਸਰੂਪ ਅਤੇ ਮਹੱਤਵ ਨੂੰ ਸਮਝਣ ਲਈ ਇਸਦੇ ਪੈਰੋਕਾਰਾਂ, ਧਰਮ ਸ਼ਾਸਤਰੀਆਂ ਅਤੇ ਧਰਮ ਦਾ ਵਿਧੀਗਤ ਅਤੇ ਵਿਗਿਆਨਕ ਤਰੀਕੇ ਨਾਲ ਅਧਿਐਨ ਕਰਨ ਵਾਲੇ ਵਿਦਵਾਨਾਂ ਨੇ ਅਚੇਤ ਅਤੇ ਸੁਚੇਤ ਤਰੀਕਿਆਂ ਨਾਲ ਧਰਮ ਨੂੰ ਪਰਿਭਾਸ਼ਿਤ ਕਰਨ ਦੇ ਅਨੇਕ ਯਤਨ ਕੀਤੇ ਹਨ।

#### 2.5.1.1. ਧਰਮ: ਆਰੰਭ ਤੇ ਪਰਿਭਾਸ਼ਾ

ਧਰਮ ਦੀ ਉਤਪਤੀ ਤੇ ਵਿਕਾਸ ਮਨੁੱਖਤਾ ਲਈ ਹਮੇਸ਼ਾਂ ਬੁਨਿਆਦੀ ਤੇ ਜਟਿਲ ਸਵਾਲ ਰਿਹਾ ਹੈ ਤੇ ਇਸ ਸਮੱਸਿਆ ਦੇ ਹੱਲ ਲਈ ਬਹੁਤ ਸਾਰੇ ਮਾਨਵ-ਵਿਗਿਆਨੀਆਂ, ਸਮਾਜ-ਸਾਸ਼ਤ੍ਰੀਆਂ ਅਤੇ ਧਰਮ-ਵਿਗਿਆਨੀਆਂ ਨੇ ਅਨੇਕਾਂ ਉਪਰਾਲੇ ਤੇ ਕਈ ਸਿਧਾਂਤ ਪੇਸ਼ ਕੀਤੇ ਹਨ। ਭਾਵੇਂ ਇਹਨਾਂ ਵੱਖ-ਵੱਖ ਧਾਰਨਾਵਾਂ ਵਿਚ ਕੋਈ ਸਮਾਨਤਾ ਨਜ਼ਰ ਨਹੀਂ ਆਉਂਦੀ ਪਰ ਫਿਰ ਵੀ ਧਰਮ ਦੀ ਉਤਪਤੀ ਤੇ ਵਾਧੇ ਨੂੰ ਸਮਝਣ ਲਈ ਖ਼ਾਕਾ ਜ਼ਰੂਰ ਬਣਦਾ ਹੈ।

ਧਰਮ ਦਾ ਸੰਬੰਧ ਮਨੁੱਖੀ ਅੰਤਰੀਵ ਤੇ ਸੂਖਮਤਾ ਨਾਲ ਹੋਣ ਕਰਕੇ ਧਰਮ ਮਨੁੱਖੀ ਹੋਂਦ ਦੇ ਨਾਲ

ਹੀ ਆਰੰਭ ਹੁੰਦਾ ਹੈ ਤੇ ਵਿਗਸਦਾ ਹੈ। ਧਰਮ ਦੀ ਸੂਖਮਤਾ ਬਾਰੇ ਮਿਲਿੰਦ ਪ੍ਰਸ਼ਨ ਵਿਚ ਜ਼ਿਕਰ ਮਿਲਦਾ ਹੈ, ''ਭੰਤੇ! ਸਭ ਤੋਂ ਸੂਖਮ ਚੀਜ਼ ਕਿਹੜੀ ਹੈ?'' ''ਮਹਾਰਾਜ ਧਰਮ ਹੀ ਸਭ ਤੋਂ ਸੂਖਮ ਚੀਜ਼ ਹੈ। ਪਰੰਤੂ ਸਾਰੇ ਧਰਮਾਂ ਵਿਚ ਅਜਿਹੀ ਗੱਲ ਨਹੀਂ ਹੈ। ਸੂਖਮ ਜਾਂ ਸਥੂਲ ਹੋਣਾ ਧਰਮ ਦਾ ਹੀ ਵਿਸ਼ੇਸ਼ਣ ਹੈ।''[163] ਧਰਮਾਂ ਦੇ ਆਰੰਭ ਬਾਰੇ ਐਮ.ਪੀ. ਕ੍ਰਿਸਟਾਨੰਦ ਪਿੱਲੈ ਦਸਦੇ ਹਨ, ''ਜਦ ਅਸੀਂ ਇਸ ਪੂਰਵ ਇਤਿਹਾਸਕ ਪੁਰਾਤਨਤਾ ਦੇ ਦੁਰੇਡੇ ਕਾਲ ਨੂੰ ਤਕਦੇ ਹਾਂ, ਤਾਂ ਇਹ ਪ੍ਰਤੀਤ ਹੁੰਦਾ ਹੈ, ਕਿ ਧਰਮ ਦਾ ਨਿਸ਼ਚਿਤ ਆਰੰਭ ਮਿਥਣਾ ਸੰਭਵ ਨਹੀਂ, ਸਗੋਂ ਇਹ ਕਿਹਾ ਜਾ ਸਕਦਾ ਹੈ ਕਿ ਧਾਰਮਿਕ ਭਾਵ ਮਨੁੱਖ ਜਾਤੀ ਜਿਨਾਂ ਹੀ ਪੁਰਾਤਨ ਹੈ।''[164] ਧਰਮ ਤੇ ਧਾਰਮਿਕ ਭਾਵਾਂ ਦੇ ਆਰੰਭ ਬਾਰੇ ਆਰ. ਆਰ. ਮੈਰੇਟ ਲਿਖਦਾ ਹੈ, ''ਹਰ ਵਸਤੂ ਦਾ ਆਰੰਭ ਹੁੰਦਾ ਹੈ, ਦਾ ਸਿਧਾਂਤ ਮਨੁੱਖ ਜਾਤੀ ਦੀਆਂ ਮੁੱਖ ਸੰਸਥਾਵਾਂ, ਟੱਬਰਾਂ, ਕਬੀਲਿਆਂ, ਰਾਜ ਸਰਕਾਰ, ਕਾਨੂੰਨ, ਸਦਾਚਾਰ, ਕੋਮਲ, ਹੁਨਰ, ਅੰਤਲੀ ਤੇ ਸਭ ਤੋਂ ਉਤਲੀ ਗੱਲ ਇਹ ਕਿ ਇਹ ਧਰਮ 'ਤੇ ਲਾਗੂ ਨਹੀਂ ਹੁੰਦਾ। ਹਰ ਹਾਲਤ ਵਿਚ, ਜੇ ਅਸੀਂ ਵਰਤਮਾਨ ਸਮੇਂ ਤੋਂ ਪਿਛਲੇ ਸਮੇਂ ਵਿਚ ਤੱਕੀਏ ਤਾਂ ਇਨ੍ਹਾਂ ਸਭਨਾਂ ਦੇ ਨਿਸ਼ਾਨ ਕਾਇਮ ਰਹਿੰਦੇ ਹਨ।''[165] ਦੁਨੀਆ ਦੇ ਵੱਡੇ ਸਭਿਆਚਾਰਾਂ ਤੇ ਪ੍ਰੰਪਰਾਵਾਂ ਦੀਆਂ ਜੜ੍ਹਾਂ ਧਰਮ ਨਾਲ ਜੁੜੀਆਂ ਹਨ। ''ਸਾਡੀ ਦੁਨੀਆ ਦੇ ਸਾਰੇ ਉੱਤਮ ਸਭਿਆਚਾਰਾਂ ਦੀਆਂ ਜੜ੍ਹਾਂ ਧਾਰਮਿਕ ਰਵਾਇਤਾਂ ਵਿਚ ਹਨ, ਭਾਵੇਂ ਉਹ ਰਵਾਇਤਾਂ ਲਿਖਤੀ ਜਾਂ ਮੌਖਿਕ ਸਾਹਿਤ ਨੇ ਥਾਪੀਆਂ।''[166] ਜਦੋਂ ਅਸੀਂ ਸਾਹਿਤ ਦੇ ਆਰੰਭ ਤੋਂ ਵੀ ਪਿਛਲੇ ਸਮੇਂ ਦੀਆਂ ਮਨੁੱਖੀ ਪ੍ਰਵਿਰਤੀਆਂ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਮਨੁੱਖੀ ਅਰਥਚਾਰੇ ਨਾਲ ਸੰਬੰਧਿਤ ਸਿੱਕਿਆਂ ਵਿਚ ਵੀ ਧਰਮ ਦੇ ਅੰਸ਼ ਮੌਜੂਦ ਸਨ। ''ਜਿਸ ਕੱਚੀ ਧਾਂਤ ਦੇ ਬੇਢੰਗੇ ਮਸਾਲੇ ਤੋਂ ਮਨੁੱਖੀ ਮਨ ਨੂੰ ਪ੍ਰਗਟ ਕਰਨ ਵਾਲੇ ਸਿੱਕੇ ਜਾਂ ਖ਼ਿਆਲ ਤਿਆਰ ਹੋ ਰਹੇ ਸਨ ਉਸ ਵਿਚ ਧਰਮ ਦੇ ਅੰਸ਼ ਮੌਜੂਦ ਸਨ।''[167] ਧਰਮ ਦੀ ਸ਼ੁਰੂਆਤ ਅਦਿੱਖ ਸ਼ਕਤੀਆਂ 'ਤੇ ਹੈਰਾਨ ਹੋਣ ਦੀ ਪ੍ਰਵਿਰਤੀ ਵਿੱਚੋਂ ਹੋਈ। ਉਹਨਾਂ ਨੂੰ ਰਾਤ ਨੂੰ

---

[163] ਨਾਗਸੇਨ, ਮਿਲਿੰਦ ਪ੍ਰਸ਼ਨ, ਹਰਪਾਲ ਸਿੰਘ ਪੰਨੂ, ਰਾਜੇਸ਼ ਰੰਜਨ (ਸੰਪਾ.), ਪੰਨਾ 71

[164] ਪ੍ਰੋ. ਗੁਰਬਚਨ ਸਿੰਘ ਤਾਲਿਬ (ਸੰਪਾ.), ਪ੍ਰੋ. ਜਨਕ ਸਿੰਘ (ਅਨੁ.), ਧਰਮ ਦੀ ਉਤਪਤੀ ਤੇ ਵਿਕਾਸ, ਪੰਨਾ 4

[165] ਉਹੀ, ਪੰਨਾ 4

[166] ਐਫ. ਮੈਕਸਮੂਲਰ, ਧਰਮ ਦੀ ਉਤਪਤੀ ਤੇ ਵਿਕਾਸ, ਤਾਰਨ ਸਿੰਘ (ਅਨੁ.), ਪੰਨਾ 3

[167] ਉਹੀ, ਪੰਨਾ 3

ਆਉਂਦੇ ਸੁਪਨੇ ਹੈਰਾਨ ਕਰ ਦਿੰਦੇ ਸਨ। ਉਹਨਾਂ ਨੂੰ ਇਸ ਵਰਤਾਰੇ ਪਿੱਛੇ ਅਦਿੱਖ ਸ਼ਕਤੀ ਕੰਮ ਕਰਦੀ ਲਗਦੀ ਸੀ। ਇਸੇ ਭਾਵਨਾ ਵਿੱਚੋਂ ਧਾਰਮਿਕ ਵਿਸ਼ਵਾਸ ਦੀ ਸ਼ੁਰੂਆਤ ਹੋਈ ਜਿਸ ਨਾਲ ਧਰਮ ਦਾ ਮੁੱਢ ਬੱਝਿਆ।[168] ਧਰਮ ਦੀ ਸਿੱਖਿਆ ਮਨੁੱਖ ਨੂੰ ਸੰਸਾਰਕ ਬੰਧਨਾਂ ਅਤੇ ਨਫ਼ਰਤਾਂ ਤੋਂ ਦੂਰ ਕਰਕੇ ਆਜ਼ਾਦੀ ਅਤੇ ਇਮਾਨਦਾਰੀ ਨਾਲ ਭਰ ਦਿੰਦੀ ਹੈ।[169]

ਮਨੁੱਖੀ ਬੌਧਿਕਤਾ ਦੇ ਹੁਣ ਤੱਕ ਦੇ ਵਿਕਾਸ ਵਿਚ ਅਚੇਤ ਰੂਪ ਵਿਚ ਧਰਮ ਨੇ ਆਪਣਾ ਮਹੱਤਵ ਤੇ ਜੇਤੂ ਮੁਕਾਮ ਹਾਸਲ ਕਰੀ ਰੱਖਿਆ ਹੈ। ਇਸ ਮਹੱਤਤਾ ਦਾ ਜ਼ਿਕਰ ਮੈਕਸਮੂਲਰ ਆਪਣੇ ਵਖਿਆਨ ਵਿਚ ਕਰਦੇ ਹਨ, ''ਅਸੀ ਮਨੁੱਖੀ ਬੌਧਿਕਤਾ ਦੇ ਵਿਕਾਸ ਨੂੰ ਉਸ ਦੀ ਅਤਿ ਨੀਂਵੀ ਆਰੰਭਕ ਮੂਲ ਹਾਲਤ ਵਿਚ ਦੇਖੀਏ, ਜਾਂ ਉਸ ਨੂੰ ਉਸ ਦੀ ਆਧੁਨਿਕ ਕਲਪਨਾ ਦੀਆਂ ਅਤਿ ਉੱਚੀਆਂ ਚੋਟੀਆਂ ’ਤੇ ਚੜ੍ਹ ਕੇ ਦੇਖੀਏ, ਹਰ ਥਾਂ ਅਸੀਂ ਅਨੁਭਵ ਕਰਦੇ ਹਾਂ ਕਿ ਧਰਮ ਐਸੀ ਸ਼ਕਤੀ ਰਹੀ ਹੈ ਜੋ ਮਨੁੱਖ ’ਤੇ ਜੇਤੂ ਸੀ, ਅਤੇ ਇਹ ਉਨ੍ਹਾਂ ਨੂੰ ਵੀ ਜਿੱਤ ਲੈਂਦੀ ਹੈ ਜੋ ਸਮਝਦੇ ਹਨ ਕਿ ਉਨ੍ਹਾਂ ਨੇ ਇਸ ਨੂੰ ਜਿੱਤਿਆਂ ਹੈ।''[170] ਧਰਮ ਦਾ ਮੂਲ ਰਹੱਸ ਨਾਲ ਜੁੜਿਆ ਹੋਣ ਕਰਕੇ ਹੀ ਧਰਮ ਦੀ ਉਤਪਤੀ ਤੇ ਆਰੰਭ ਵੀ ਗਹਿਰੇ ਰਹੱਸ ਦਾ ਵਿਸ਼ਾ ਰਿਹਾ ਹੈ ਜਿਸ ਬਾਰੇ ਡਾ. ਵਜ਼ੀਰ ਸਿੰਘ ਦਸਦੇ ਹਨ, ਧਰਮ ਦੀ ਉਤਪਤੀ ਰਹੱਸਮਈ ਹੈ। ਆਦਿ ਮਨੁੱਖ ਕੁਦਰਤ ਦੇ ਡਰਾਉਣੇ ਤੇ ਵਸੋਂ ਬਾਹਰੇ ਵਰਤਾਰਿਆਂ ਨਾਲ ਸਿੱਝ ਨਹੀਂ ਸੀ ਸਕਦਾ ਜਾਂ ਆਪਣੇ ਫੈਲੇ ਹੋਏ ਗਹਿਰੇ ਰਹੱਸ ਦੀ ਥਾਹ ਨਹੀਂ ਪਾ ਸਕਦਾ ਸੀ।[171] ਰਹੱਸ ਸਾਰੇ ਧਰਮਾਂ ਦਾ ਕੇਂਦਰੀ ਤੱਤ ਹੈ ਤੇ ਰਹੱਸਵਾਦ ਬੁੱਧੀ ਤੋਂ ਅੱਗੇ ਅੰਤਰ ਸੂਝ ਤੇ ਅਨੁਭਵ ਦੁਆਰਾ ਸੱਚ ਵਿਚ ਸਮਾ ਜਾਣ ਦੀ ਕਿਰਿਆ ਹੈ। ਇਹ ਰਹੱਸ ਹੀ ਧਰਮ ਦੀ ਉਤਪਤੀ ਬਾਰੇ ਮਿਥ ਦਾ ਰੂਪ ਧਾਰਨ ਕਰਦਾ ਹੈ। ਮਿਥ ਤੇ ਧਰਮ ਦਾ ਆਪਸੀ ਸੰਬੰਧ ਬਹੁਤ ਗਹਿਰਾ ਹੈ ਇਸ ਕਰਕੇ ਹੀ ਮਿਥ ਨੂੰ ਧਰਮ ਦਾ ਆਰੰਭ ਮੰਨਿਆ ਗਿਆ ਹੈ।[172] ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਧਰਮ ਦੇ ਆਰੰਭ ਸੰਬੰਧੀ

---

[168] Harbans Singh, Lal Mani Joshi, An Introduction to Indian Religions, p. 1

[169] Sures Chandra Banerji, A Companion to Dharmaśāstra, p 4

[170] ਐਫ. ਮੈਕਸਮੂਲਰ, ਤਾਰਨ ਸਿੰਘ (ਅਨੁ.), ਧਰਮ ਦੀ ਉਤਪਤੀ ਤੇ ਵਿਕਾਸ, ਪੰਨਾ 4

[171] Dr. Wazir Singh (Ed.), Religious Pluralism and Co-Existance, p 9

[172] Michael Stausberg (Ed.), Contemporary Theories of Religion, p 231

ਸਾਰੇ ਸਿਧਾਂਤ ਕੇਵਲ ਅਨੁਮਾਨ ਹੀ ਹਨ ਤੇ ਕਹਿ ਸਕਦੇ ਹਾਂ ਕਿ ਧਰਮ ਨਵੀਨ ਨਹੀਂ ਹੈ ਤੇ ਇਹ ਇੰਨਾ ਪੁਰਾਣਾ ਜ਼ਰੂਰ ਹੈ ਜਿੰਨਾ ਪੁਰਾਣਾ ਸਾਨੂੰ ਦੁਨੀਆ ਦੀਆਂ ਸੱਭਿਆਤਾਵਾਂ ਦਾ ਇਤਿਹਾਸ ਮਿਲਦਾ ਹੈ।

ਧਰਮ ਮਨੁੱਖੀ ਅਨੁਭਵ ਅਤੇ ਗਿਆਨ ਨਾਲ ਸੰਬੰਧਿਤ ਇਕ ਪ੍ਰਾਚੀਨ ਭਾਰਤੀ ਸ਼ਬਦ ਹੈ। ਇਸ ਦੀ ਵਰਤੋਂ ਇੱਥੋਂ ਦੀ ਦਾਰਸ਼ਨਿਕ ਤੇ ਧਾਰਮਿਕ ਪਰੰਪਰਾ ਵਿਚ ਸਦੀਆਂ ਤੋਂ ਕੀਤੀ ਜਾ ਰਹੀ ਹੈ। ਇਹ ਸ਼ਬਦ ਆਪਣੇ-ਆਪ ਵਿਚ ਬਹੁਅਰਥੀ ਸ਼ਬਦ ਹੈ ਜਿਹੜਾ ਕਾਲ, ਵਿਅਕਤੀ, ਪਰੰਪਰਾ ਅਤੇ ਸਥਿਤੀ ਅਨੁਸਾਰ ਹੀ ਆਪਣਾ ਅਰਥ ਪ੍ਰਗਟਾਉਂਦਾ ਹੈ। ਧਰਮ ਅਜਿਹਾ ਸ਼ਬਦ ਹੈ ਜਿਸਦਾ ਭਾਵ ਹਰ ਸਦੀ ਤੇ ਸਮੇਂ ਵਿਚ ਬਦਲਦਾ ਰਿਹਾ ਹੈ ਅਤੇ ਜਿਸਦੀ ਭਾਵਨਾ ਹਰ ਦੇਸ਼, ਕੌਮ, ਕਬੀਲੇ ਅਨੁਸਾਰ ਹੀ ਨਹੀਂ ਬਲਕਿ ਵਰਤਣ ਵਾਲੇ ਹਰ ਵਿਅਕਤੀ ਲਈ ਵੀ ਭਿੰਨ ਹੈ। ਵੱਖ-ਵੱਖ ਬੋਲੀਆਂ ਤੇ ਧਰਮਾਂ ਵਿਚ ਇਸ ਦੇ ਅਰਥਾਂ ਬਾਰੇ ਅਨਿਸ਼ਚਤਤਾ ਹੈ। ਵਿਦਵਾਨਾਂ ਤੇ ਵਿਚਾਰਕਾਂ ਨੇ ਧਰਮ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ। ਧਰਮ ਨੂੰ ਸਮਝਣ ਦਾ ਹਰ ਇਕ ਮਨੁੱਖ ਦਾ ਆਪਣਾ ਲਹਿਜ਼ਾ ਹੈ ਜਿਸ ਵਿਚ ਅੰਤਰ ਹੋਣਾ ਸੁਭਾਵਿਕ ਹੈ। ਇਹ ਹੀ ਕਾਰਨ ਹੈ ਕਿ ਧਰਮ ਦੀ ਅੰਤਿਮ ਅਤੇ ਸਰਵ-ਪ੍ਰਮਾਣਿਤ ਪਰਿਭਾਸ਼ਾ ਪੇਸ਼ ਕਰਨੀ ਔਖਾ ਕਾਰਜ ਹੈ।

ਪੱਛਮੀ ਫ਼ਲਸਫੇ ਵਿਚ 'ਧਰਮ' ਲਈ 'ਰਿਲੀਜਨ'(Religion) ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਲਾਤੀਨੀ ਭਾਸ਼ਾ ਦੇ ਦੋ ਸ਼ਬਦਾਂ 'ਰੀ' ਅਤੇ 'ਲਿਗੇਅਰ' ਦੇ ਮੇਲ ਤੋਂ ਬਣਿਆ ਹੈ। ਰੀ ਦਾ ਅਰਥ ਹੈ ਦੁਬਾਰਾ ਜਾਂ ਪਿੱਛੇ ਅਤੇ ਲਿਗੇਅਰ ਦਾ ਅਰਥ ਹੈ 'ਬੰਨ੍ਹਣਾ। ਇਸ ਤਰ੍ਹਾਂ ਧਰਮ ਦਾ ਸ਼ਾਬਦਿਕ ਅਰਥ ਹੈ 'ਦੁਬਾਰਾ ਬੰਨ੍ਹਣਾ। ਰੀ ਜਾਂ ਦੁਬਾਰਾ ਸ਼ਬਦ ਤੋਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਏਕਤਾ ਦੇ ਇਹ ਦੋਵੇਂ ਵਿਸ਼ੇ ਪਹਿਲਾਂ ਇਕ ਹੀ ਸਨ ਅਤੇ ਸਿਰਫ਼ ਕੁੱਝ ਸਮੇਂ ਲਈ ਇਕ ਦੂਜੇ ਤੋਂ ਵੱਖਰੇ ਹੋ ਗਏ ਸਨ।[173]

ਵੈਦਿਕ ਪਰੰਪਰਾ ਅਨੁਸਾਰ 'ਧਰਮ' ਸ਼ਬਦ ਦੇ ਅਰਥ ਵਿਸ਼ਾਲ ਹਨ। ਅੰਗਰੇਜ਼ੀ ਦਾ ਸ਼ਬਦ ਰਿਲੀਜ਼ਨ ਇਸ ਦੇ ਬਰਾਬਰ ਨਹੀਂ ਹੋ ਸਕਦਾ। ਇਸ ਦੇ ਅਨੁਸਾਰ ਧਰਮ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਧ੍ਰੀ' ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ 'ਧਾਰਨ ਕਰਨਾ', 'ਪਾਲਨ ਪੋਸ਼ਣ ਕਰਨਾ'। ਵੱਖ-ਵੱਖ ਸ਼ਬਦਕੋਸ਼ਾਂ ਤੇ ਕੋਸ਼ਾਂ ਨੇ ਧਰਮ ਦੇ ਅਰਥ ਇਸ ਤਰ੍ਹਾਂ ਕੀਤੇ ਹਨ:

[173] ਮਨਜੀਤ ਸਿੰਘ, ਧਰਮ ਦਰਸ਼ਨ, ਪੰਨੇ 1-2

- ਵੈਦਿਕ ਪਰੰਪਰਾ ਦੇ ਵਿਦਵਾਨ ਸਤਯ ਪ੍ਰਕਾਸ਼ ਅਨੁਸਾਰ ਆਚਾਰ ਹੀ ਧਰਮ ਹੈ, 'The mark of Dharma is Âchâra(good conduct)'[174]
- Encyclopedia of Religion and Ethics ਅਨੁਸਾਰ "Every definition ultimately implies theories of reality and indicates the place that religion should hold in the world of life and thought''[175]
- Encyclopedia of World Religions ਮੁਤਾਬਕ ''Religion, in all its forms, implies a relationship between human beings and super human power which are believed to effect human affairs.''[176]
- ਕੈਥੋਲਿਕ ਡਿਕਸ਼ਨਰੀ ਅਨੁਸਾਰ, "The moral virtue which inclines man to give due reverence and worship to God"[177]
- A Concise Dictionary of Philosophy ਅਨੁਸਾਰ, ''It is a strong faith in some supernatural spirit or God.''[178]
- Encyclopedia of Psychology ਅਨੁਸਾਰ ''psychological theories and methods to the content of the religious traditions and to the related experiences, attitudes and actions of individuals. This is highly pluralistic field''[179]
- ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ 'ਗੁਰਸ਼ਬਦ ਰਤਨਾਕਰ ਮਹਾਨਕੋਸ਼' ਅਨੁਸਾਰ ਧਰਮ ਦੇ ਅਰਥ:

---

[174] Satya Parkash, Hindu Religion and Morality, p 108

[175] James Hastings (Ed.), Encyclopædia of Religion and Ethics, Volume X, p 663

[176] Encyclopedia of World Religions, p 183

[177] Albert J. Nevins, M.M. (Compiled and edited), The Maryknoll Catholic Dictionary, p 486

[178] K. Srinivas, Vempaty Kutumba Sastry, A Concise Dictionary of Philosophy, p 350

[179] Alan E. Kazdin (Ed,), Encyclopedia of Psychology, Vol. 7, p. 34

1. ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਜਿਸ ਦੇ ਆਧਾਰ ਵਿਸ਼ਵ ਹੈ, ਉਹ ਪਵਿੱਤਰ ਨਿਯਮ; 2. ਸ਼ੁਭ ਕਰਮ, ਸਾਧੂ ਕੇ ਸੰਗ ਤੋਂ ਜੋ ਦ੍ਰਿੜ ਕਰਦਾ ਹੈ, ਉਹ ਸਭ ਧਰਮ ਹੈ; 3. ਮਜ਼ਹਬ, ਦੀਨ; 4. ਪੁਨਯ ਰੂਪ; 5. ਰਿਵਾਜ, ਰਸਮ ਕੁਲ ਅਥਵਾ ਦੇਸ਼ ਦੀ ਰੀਤਿ; 6. ਫਰਜ਼; 7. ਨਿਆਂ, ਇਨਸਾਫ਼; 8. ਪ੍ਰਕ੍ਰਿਤਿ ਸੁਭਾਵ; 9. ਧਰਮ ਰਾਜ; 10. ਧਨੁਸ਼, ਕਮਾਣ, ਚਾਪ; 11. ਤੱਤਾਂ ਦੇ ਸਪਰਸ਼ ਆਦਿ ਗੁਣ; 12. ਧਰਮ ਅੰਗ; 13. ਉਪਮਾ ਆਦਿ।[180]

ਧਰਮ ਭਾਵੇਂ ਹੋਰ ਕੁਝ ਵੀ ਹੋਵੇ ਜਾਂ ਨਾ ਹੋਵੇ, ਇਹ ਨਿਸਚੇ ਹੀ ਕਿਸੇ ਆਦਰਸ਼ ਵੱਲ ਅੱਗੇ ਵਧਣਾ ਹੈ ਅਤੇ ਅਜਿਹਾ ਕਰਨ ਲਈ ਇਹ ਸਿਰਫ਼ ਉਸ ਆਦਰਸ਼ ਵਿਚ ਵਿਸ਼ਵਾਸ ਅਤੇ ਬਾਹਰੀ ਕਰਮ-ਕਾਂਡ ਤੱਕ ਹੀ ਸੀਮਿਤ ਨਹੀਂ ਹੈ।[181] ਇਸ ਕਰਕੇ ਹੀ ਧਰਮ ਮਨੁੱਖੀ ਜੀਵਨ ਦੇ ਹਰ ਇਕ ਪੱਖ ਨਾਲ ਇੰਨੇ ਡੂੰਘੇ ਤੇ ਵਿਆਪਕ ਰੂਪ ਵਿਚ ਜੁੜਿਆ ਹੋਇਆ ਹੈ।

ਵੱਖ-ਵੱਖ ਚਿੰਤਕਾਂ ਵੱਲੋਂ ਧਰਮ ਦੇ ਸਰੂਪ ਨੂੰ ਸਮਾਜ-ਵਿਗਿਆਨੀ, ਮਾਨਵ-ਵਿਗਿਆਨੀ ਤੇ ਪਰਪੰਚ ਵਿਗਿਆਨੀ ਵਿਧੀਆਂ ਰਾਹੀਂ ਆਪਣੇ-ਆਪਣੇ ਢੰਗ ਨਾਲ ਦੱਸਿਆ ਹੈ। ਇਹਨਾਂ ਵਿਦਵਾਨਾਂ ਨੇ ਧਰਮ ਦੇ ਕਿਸੇ ਇਕ ਪੱਖ ਨੂੰ ਕੇਂਦਰੀ ਮੰਨ ਕੇ ਧਰਮ ਦਾ ਅਧਿਐਨ ਕਰਨ ਦਾ ਉਪਰਾਲਾ ਕੀਤਾ ਹੈ ਜਿਸ ਕਰ ਕੇ ਧਰਮ ਬਾਰੇ ਕੋਈ ਵੀ ਪਰਿਭਾਸ਼ਾ ਸਰਵ-ਪ੍ਰਮਾਣਿਤ ਨਹੀਂ ਬਣ ਸਕੀ ਤੇ ਧਰਮ ਦੀਆਂ ਅਜਿਹੀਆਂ ਪਰਿਭਾਸ਼ਾਵਾਂ ਤੇ ਹੀ ਘਟਾਉਵਾਦ ਦਾ ਦੋਸ਼ ਲੱਗਦਾ ਹੈ। ਧਰਮ ਸੰਬੰਧੀ ਵੱਖ-ਵੱਖ ਪਰਿਭਾਸ਼ਾਵਾਂ ਦਾ ਜ਼ਿਕਰ ਕਰਦੇ ਹਾਂ:

- ਮੈਕਸਮੂਲਰ ਅਨੁਸਾਰ, ''ਧਰਮ ਉਹ ਦਿਮਾਗੀ ਸ਼ਕਤੀ ਹੈ ਜਿਹੜੀ ਅਨੁਭਵ ਅਤੇ ਬੁੱਧੀ ਤੋਂ ਸੁਤੰਤਰ ਰਹਿ ਕੇ ਸਗੋਂ ਇਨ੍ਹਾਂ ਦੇ ਬਾਵਜੂਦ, ਮਨੁੱਖ ਨੂੰ ਅਸੀਮ ਦੀ ਸੋਝੀ, ਭਿੰਨ ਨਾਮਾਂ ਤੇ ਰੂਪਾਂ ਵਿਚ ਪ੍ਰਾਪਤ ਕਰਨ ਦੇ ਸਮਰੱਥ ਕਰਦੀ ਹੈ। ਇਸ ਸ਼ਕਤੀ ਤੋਂ ਬਿਨਾਂ ਕੋਈ ਧਰਮ ਭਾਵੇਂ ਉਹ ਅਤਿ ਨੀਵੇਂ ਦਰਜੇ ਦੀ ਬੁੱਤ-ਪੂਜਾ ਜਾਂ ਜੜ-ਪੂਜਾ ਦਾ ਧਰਮ ਹੀ ਹੋਵੇ, ਸੰਭਵ ਨਹੀਂ ਸੀ ਹੋਣਾ। ਜੇ ਅਸੀਂ ਕੇਵਲ ਧਿਆਨ ਨਾਲ ਸੁਣੀਏ ਤਾਂ ਸਾਨੂੰ ਹਰ ਧਰਮ ਵਿਚ ਆਤਮਾ

[180] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 662

[181] ਐਮ. ਹਿਰਿਅਨਾ, ਪ੍ਰਭਕੀਰਤਨ ਸਿੰਘ (ਅਨੁ.), ਭਾਰਤੀ ਦਰਸ਼ਨ ਦੀ ਰੂਪ-ਰੇਖਾ, ਪੰਨਾ 6

ਦੀ ਇੱਕ ਲਾਲਸਾ ਦਿਸੇਗੀ ਜਿਹੜੀ ਉਸ ਨੂੰ ਸਮਝਣ ਦਾ ਯਤਨ ਕਰ ਰਹੀ ਹੈ ਜੋ ਸਮਝ ਤੋਂ ਪਰੇ ਹੈ, ਜਿਹੜੀ ਉਸ ਨੂੰ ਕਥਨ ਕਰਨ ਦਾ ਯਤਨ ਕਰ ਰਹੀ ਹੈ ਜੋ ਅਕੱਥ ਹੈ, ਜਿਹੜੀ ਅਨੰਤ ਲਈ ਲਗਨ ਹੈ, ਜਿਹੜੀ ਪ੍ਰਭੂ-ਪ੍ਰੇਮ ਹੈ।''[182]

- ਈ. ਬੀ ਟਾਈਲਰ ਅਨੁਸਾਰ, ਧਰਮ ''ਅਧਿਆਤਮਿਕ ਹਸਤੀਆਂ ਵਿਚ ਵਿਸ਼ਵਾਸ ਹੈ।''[183]
- ਕਾਂਤ ਅਨੁਸਾਰ, ''ਧਰਮ ਨੈਤਿਕਤਾ ਹੈ। ਉਸ ਦਾ ਵਿਚਾਰ ਹੈ ਕਿ ਆਪਣੇ ਸਾਰੇ ਨੈਤਿਕ ਫ਼ਰਜ਼ਾਂ ਨੂੰ ਰੱਬੀ ਹੁਕਮ ਮੰਨਣਾ ਧਰਮ ਅਖਵਾਉਂਦਾ ਹੈ।''[184]
- ਮੈਥੀਊ ਅਰਨਾਲਡ ਅਨੁਸਾਰ, ''ਧਰਮ ਭਾਵਨਾਵਾਂ ਦੁਆਰਾ ਉਤੇਜਿਤ, ਪ੍ਰਚੰਡਿਤ ਅਤੇ ਜਗਾਇਆ ਸਦਾਚਾਰ ਹੈ।''[185]
- ਸੀ. ਪੀ. ਟਾਇਲੇ ਅਨੁਸਾਰ ''ਧਰਮ ਅਸਲ ਵਿਚ ਉਹ ਪਵਿੱਤਰ ਅਤੇ ਸਤਿਕਾਰ ਪੂਰਣ ਮਨ ਦਾ ਰੁਝਾਨ ਹੈ ਜਿਸ ਨੂੰ ਅਸੀਂ ਭਗਤੀ ਆਖਦੇ ਹਾਂ।''[186]
- ਜੇਮਜ਼ ਫਰੇਜ਼ਰ ਅਨੁਸਾਰ, ''ਧਰਮ ਮਨੁੱਖ ਤੋਂ ਬਲਸ਼ਾਲੀ ਸ਼ਕਤੀਆਂ ਦੀ ਮੰਨਤ ਜਾਂ ਮਨੌਤ ਹੈ ਜੋ ਕੁਦਰਤੀ ਚਾਲ ਅਤੇ ਮਨੁੱਖੀ ਜੀਵਨ ਨੂੰ ਨਿਰਦੇਸ਼ਿਤ ਅਤੇ ਸੰਚਾਲਿਤ ਕਰਦੀਆਂ ਮੰਨੀਆਂ ਜਾਂਦੀਆਂ ਹਨ।''[187]
- ਹਰਵਰਟ ਸਪੈਂਸਰ ਅਨੁਸਾਰ, "ਧਰਮ ਇਹ ਮਾਨਤਾ ਹੈ ਕਿ ਸਭ ਵਸਤਾਂ ਇੱਕ ਸ਼ਕਤੀ ਦਾ ਪ੍ਰਕਾਸ਼ ਹਨ ਜੋ (ਸ਼ਕਤੀ) ਸਾਡੀ ਸਮਝ ਤੋਂ ਪਰੇ ਹੈ।"[188]

---

[182] ਤਾਰਨ ਸਿੰਘ (ਅਨੁ.), ਧਰਮ ਦੀ ਉਤਪਤੀ ਅਤੇ ਵਿਕਾਸ, ਪੰਨਾ 15

[183] ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ 5

[184] ਤਾਰਨ ਸਿੰਘ (ਅਨੁ.), ਧਰਮ ਦੀ ਉਤਪਤੀ ਅਤੇ ਵਿਕਾਸ, ਪੰਨੇ 9-10

[185] ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ 6

[186] ਉਹੀ, ਪੰਨਾ 6

[187] ਉਹੀ, ਪੰਨਾ 5

[188] ਉਹੀ, ਪੰਨਾ 5

- ਚਾਰਲਸ ਲੈਂਡਸਮੈਨ ਅਨੁਸਾਰ ''ਧਰਮ ਇਕ ਸਮਾਜਿਕ ਸੰਸਥਾ ਹੈ ਅਤੇ ਇਸ ਦਾ ਸਭ ਤੋਂ ਮਹੱਤਵਪੂਰਨ ਕੰਮ ਵਿਵਹਾਰ ਦੇ ਉਹਨਾਂ ਵਿਸ਼ਵਾਸਾਂ ਨੂੰ ਦ੍ਰਿੜ੍ਹ ਬਣਾਉਣਾ ਹੈ ਜੋ ਇਕ ਵਿਅਕਤੀ ਜਾਂ ਗਰੁੱਪ ਦੇ ਸਫਲ ਜੀਵਨ ਲਈ ਜ਼ਰੂਰੀ ਸਮਝੇ ਜਾਂਦੇ ਹਨ।''[189]
- ਵਿਲੀਅਮ ਜੇਮਜ਼ ਅਨੁਸਾਰ ''ਧਰਮ ਮਨੁੱਖ ਦੇ ਇਕੱਲੇਪਣ ਵਿਚ ਪੈਦਾ ਹੋਏ ਅਹਿਸਾਸਾਂ, ਕਰਮਾਂ ਅਤੇ ਅਨੁਭਵਾਂ ਨੂੰ ਕਹਿੰਦੇ ਹਨ ਜਿਹਨਾਂ ਦੁਆਰਾ ਮਨੁੱਖ ਆਪਣੇ ਆਪ ਨੂੰ ਕਿਸੇ ਅਧਿਆਤਮਿਕ ਸੱਤਾ ਨਾਲ ਜੁੜਿਆ ਸਮਝਦਾ ਹੈ।''[190]

ਵੱਖ-ਵੱਖ ਖੇਤਰਾਂ ਦੇ ਵਿਚਾਰਕਾਂ ਦੁਆਰਾ ਧਰਮ ਨੂੰ ਪਰਿਭਾਸ਼ਿਤ ਕਰਨ ਲਈ ਦਿੱਤੀਆਂ ਇਹਨਾਂ ਪਰਿਭਾਸ਼ਾਵਾਂ ਨੂੰ ਗਹੁ ਨਾਲ ਵਿਚਾਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਧਰਮ ਦੇ ਸਰੂਪ ਨੂੰ ਨਿਸ਼ਚਿਤ ਕਰਨਾ ਸੰਭਵ ਨਹੀਂ ਹੈ। ਸਾਰੀਆਂ ਪਰਿਭਾਸ਼ਾਵਾਂ ਧਰਮ ਦੇ ਅਲੱਗ-ਅਲੱਗ ਸਰੂਪ ਦਾ ਨਿਰਮਾਣ ਕਰਦੀਆਂ ਹਨ। ਕੋਈ ਧਰਮ ਨੂੰ ਅਕੱਥ ਤੇ ਅਨੰਤ ਦਸਦਾ ਹੈ ਤੇ ਕੋਈ ਮਹਿਜ ਸਦਾਚਾਰ ਤੇ ਨੈਤਿਕ ਨਿਯਮਾਂ ਤੱਕ ਸੀਮਿਤ ਕਰ ਦਿੰਦਾ ਹੈ। ਕੋਈ ਇਸ ਨੂੰ ਪ੍ਰਕਾਸ਼ ਸ਼ਕਤੀ ਤੇ ਚੇਤਨਾ ਦਾ ਪਸਾਰਾ ਮੰਨਦਾ ਹੈ। ਆਰੰਭਿਕ ਪਰਿਭਾਸ਼ਾਵਾਂ ਧਰਮ ਨੂੰ ਡਰ ਅਤੇ ਸੁਰੱਖਿਆ ਦੇ ਲਿਹਾਜ ਤੋਂ ਪੈਦਾ ਹੋਇਆ ਮੰਨਦੀਆਂ ਹਨ। ਸਪਸ਼ਟ ਹੈ ਕਿ ਉਪਰੋਕਤ ਧਾਰਨਾ ਤੋਂ ਧਰਮ ਦੀ ਇਕ ਵਿਸਤ੍ਰਿਤ ਤੇ ਉਚਿਤ ਪਰਿਭਾਸ਼ਾ ਨਹੀਂ ਘੜੀ ਜਾ ਸਕਦੀ ਪਰ ਇਹ ਧਾਰਨਾਵਾਂ ਧਰਮ ਦੇ ਮਹੱਤਵਪੂਰਨ ਸਰੂਪ ਨੂੰ ਉਜਾਗਰ ਕਰਦੀਆਂ ਹਨ।

#### 2.5.1.2. ਧਰਮ ਸਰੂਪ ਤੇ ਖੇਤਰ

ਧਰਮ ਦੇ ਸਰੂਪ ਤੇ ਖੇਤਰ ਦਾ ਅਧਿਐਨ ਇਕ ਵਿਸ਼ੇਸ਼ ਕਿਸਮ ਦੀ ਚਿੰਤਨ ਧਾਰਾ ਹੈ। ਚਿੰਤਨ ਅਤੇ ਚੇਤਨਾ ਦੇ ਪ੍ਰਸੰਗ ਵਿਚ ਇਹ ਪ੍ਰਵਾਨ ਕੀਤਾ ਜਾਂਦਾ ਹੈ ਕਿ ਦੇਸ਼-ਕਾਲ ਦੇ ਸੀਮਤ ਪਸਾਰੇ ਅੰਦਰ ਸੂਰਜ, ਧਰਤੀ, ਚੰਦ, ਅਕਾਸ਼ ਦੀ ਹੋਂਦ ਤੋਂ ਬਿਨਾਂ ਇਕ ਹੋਰ ਹੋਂਦ ਵੀ ਹੈ। ਇਹ ਹੋਂਦ ਜਾਂ ਪਰਮ ਹਕੀਕਤ ਸੁਤੰਤਰ ਅਤੇ ਸਦੀਵੀ ਹੈ ਜਿਸ ਨੂੰ ਧਰਮ ਰਾਹੀਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਧਰਮ ਚਿੰਤਨ ਅਤੇ ਅਨੁਭਵ ਦਾ

[189] ਮਨਜੀਤ ਸਿੰਘ, ਧਰਮ ਦਰਸ਼ਨ, ਪੰਨਾ 4

[190] ਉਹੀ, ਪੰਨਾ 3

ਅਕਾਦਮਿਕਤਾ ਵਿਚ ਵੀ ਆਪਣ ਵਿਸ਼ੇਸ਼ ਥਾਂ ਹੈ। ਆਦਿ ਕਾਲ ਤੋਂ ਧਰਮ ਨੂੰ ਮਨੁੱਖੀ ਜੀਵਨ ਦਾ ਆਧਾਰ ਮੰਨਣ ਵਾਲੇ ਮਨੁੱਖਾਂ ਦਾ ਅੰਕੜਾ ਬਹੁਗਿਣਤੀ ਰਿਹਾ ਹੈ ਜਿਨ੍ਹਾਂ ਨੇ ਆਪਣੀ ਆਸਥਾ, ਵਿਸ਼ਵਾਸ ਤੇ ਬੁੱਧੀ ਅਨੁਸਾਰ ਧਰਮ ਦੇ ਅਨੇਕ ਰੂਪ ਘੜੇ ਹਨ। ਭਾਵੇਂ ਧਰਮ ਆਪਣੇ ਆਰੰਭ ਤੋਂ ਹੀ ਮਨੁੱਖੀ ਚਿੰਤਨ ਦਾ ਵਿਸ਼ਾ ਰਿਹਾ ਹੈ ਪਰ ਫਿਰ ਵੀ ਧਰਮ ਦੇ ਸਰੂਪ, ਇਤਿਹਾਸ, ਪਰਿਭਾਸ਼ਾ ਨੂੰ ਨਿਸ਼ਚਿਤ ਕਰਨਾ ਬਹੁਤ ਔਖਾ ਕਾਰਜ ਹੈ ਕਿਉਂਕਿ ਧਰਮ ਦਾ ਕੇਂਦਰੀ ਤੱਤ ਅਸੀਮ, ਅਗੰਮ ਤੇ ਅਪਹੁੰਚ ਹੋਣ ਕਰਕੇ ਮਨੁੱਖੀ ਬੁੱਧੀ ਦੁਆਰਾ ਇਸਦੀ ਵਿਆਖਿਆ ਨਿਸ਼ਚਿਤ ਕਰਨ ਦਾ ਹਰੇਕ ਯਤਨ ਇਕ ਸੀਮਿਤ ਯਤਨ ਹੈ। ਧਰਮ ਦੀ ਕੋਈ ਵੀ ਸ਼ਾਬਦਿਕ ਵਿਆਖਿਆ ਵਰਨਣ ਬੁੱਧੀ ਦੇ ਘੇਰੇ ਦਾ ਕਾਰਜ ਹੈ ਜਦਕਿ ਧਰਮ ਦਾ ਘੇਰਾ ਅਨੰਤ ਤੇ ਵਿਆਪਕ ਪੱਧਰ ’ਤੇ ਸਜੀਵ ਨਿਰਜੀਵ ਰੂਪ ਵਿਚ ਫੈਲਿਆ ਹੋਇਆ ਹੈ। ਧਰਮ ਅਗੰਮ, ਬੇਅੰਤ, ਅਪਹੁੰਚ ਤੇ ਅਸੀਮ ਦਾ ਪ੍ਰਗਟਾਅ ਹੈ। ਧਰਮ ਦੇ ਵਿਆਪਕ ਗਿਆਨ ਤੇ ਖੇਤਰ ਸੰਬੰਧੀ ਇਹ ਧਾਰਨਾ ਮੰਨੀ ਗਈ ਹੈ ਕਿ ਅਕਲ ਜਾਂ ਬੁੱਧੀ ਰਾਹੀਂ ਧਰਮ ਬਾਰੇ ਸਮਝਣਾ ਮੁਮਕਿਨ ਨਹੀਂ ਕਿਉਂਕਿ ਅਕਲ ਬੀਤੇ ਜਾਂ ਚੱਲ ਰਹੇ ਕਾਲ ਦਾ ਬਿਆਨ ਕਰ ਸਕਦੀ ਹੈ ਜਦੋਂ ਕਿ ਧਰਮ ਦਾ ਸੰਬੰਧ ਕਾਲ ਰਹਿਤ ਪ੍ਰਗਟਾਵੇ ਨਾਲ ਹੈ।

‘ਮਨੁੱਖ ਸੁਭਾਵਿਕ ਤੌਰ ’ਤੇ ਇਕ ਸਮਾਜਿਕ ਜੀਵ ਹੈ ਤੇ ਧਾਰਮਿਕ ਰੁਚੀਆਂ ਦਾ ਮਾਲਕ ਹੈ।’[191] ਇਸ ਕਰਕੇ ਮਨੁੱਖ ਦਾ ਅੰਤਿਮ ਨਿਸ਼ਾਨਾ ਧਰਮ ਸਾਧਨਾ ਰਾਹੀਂ ਪਰਮਾਤਮਾ ਦਾ ਮਿਲਾਪ ਹੈ। ਧਰਮ ਮਨੁੱਖੀ ਸ਼ਖ਼ਸੀਅਤ ਦੇ ਚੇਤਨ ਤੇ ਅਵਚੇਤਨ ਸਭ ਖੇਤਰਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ‘ਧਰਮਾਂ ਦਾ ਤੱਤ ਸਾਰ ਆਪਣੇ ਸੁਭਾਅ ਮੁਤਾਬਕ ਬਹੁ-ਪਾਸਾਰੀ ਹੁੰਦਾ ਹੈ।’[192] ਧਰਮ ਅਨੇਕਾਂ ਅੰਤਰ ਵਿਰੋਧਾਂ ਨੂੰ ਨਾਲ ਲੈ ਕੇ ਚੱਲਣ ਵਾਲਾ ਅਜਿਹਾ ਵਿਆਪਕ ਵਰਤਾਰਾ ਹੈ ਜਿਸਦੀ ਅੰਤਰੀਵੀ ਭਾਵਨਾ ਹਮੇਸ਼ਾਂ ਦਵੈਸ਼ ਨੂੰ ਮਿਟਾਉਣ ਲਈ ਪ੍ਰਬਲ ਹੁੰਦੀ ਹੈ। ‘‘ਮਨੁੱਖ ਦੀ ਧਰਮ ਪ੍ਰਤੀ ਸੋਚ ਹੀ ਸਮੁੱਚੇ ਜੀਵਨ ਦਾ ਬ੍ਰਹਿਮੰਡ ਬਾਰੇ ਉਸਦੀ ਸੋਚ ਦਾ ਧੁਰਾ ਹੈ। ਧਰਮ ਨੂੰ ਜੋ ਅਰਥ ਵਿਅਕਤੀ ਪ੍ਰਦਾਨ ਕਰਦਾ ਹੈ ਦਰਅਸਲ ਉਹੀ ਅਰਥ ਉਸਨੇ ਸਮੁੱਚੀ ਹੋਂਦ ਵਿੱਚ ਅਨੁਭਵ ਕੀਤਾ ਹੁੰਦਾ ਹੈ। ਕਿਹਾ ਜਾ ਸਕਦਾ ਹੈ ਕਿ ਵਿਅਕਤੀ ਦੀ ਸੀਮਿਤ ਹਉਮੈ ਨੂੰ ਅਨੰਤ ਸੱਚ, ਅਨੰਤ

[191] ਐਲ. ਐਮ. ਜੋਸ਼ੀ, ਜੋਧ ਸਿੰਘ (ਸੰਪਾ.), ਵਿਸ਼੍ਵ ਧਰਮ ਸੰਗ੍ਰਹਿ, ਭੂਮਿਕਾ, ਪੰਨਾ (VI)

[192] ਗੁਰਮੀਤ ਸਿੰਘ ਸਿੱਧੂ, ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ, ਪੰਨਾ 10

ਸ਼ੁੱਧਤਾ ਅਤੇ ਅਨੰਤ ਪੂਰਨਤਾ ਵਿਚ ਲੀਨ ਕਰ ਲੈਣ ਦੀ ਬਿਹਬਲਤਾ ਹੀ ਧਰਮ ਹੈ। ਅਨੰਤ ਪੂਰਨਤਾ ਵਿੱਚ ਲੀਨ ਹੋਣ ਲਈ ਕੇਵਲ ਬੌਧਿਕਤਾ ਦੀ ਆਧਾਰਭੂਮੀ ਉੱਤੇ ਟੇਕ ਰੱਖਣਾ ਅਵੱਸ਼ਕ ਨਹੀਂ ਹੈ ਕਿਉਂਕਿ ਧਾਰਮਿਕ ਸੂਝ ਇੱਕ ਅਜਿਹੀ ਸੂਝ ਹੈ ਜਿਹੜੀ ਪਰਾਮਨੁੱਖੀ ਮੰਡਲਾਂ ਅਤੇ ਜੀਵਨ ਉਦੇਸ਼ਾਂ ਦੀ ਉੱਚਤਾ ਅਤੇ ਮਹੱਤਵ ਬਾਰੇ ਸੰਦੇਹ ਨਹੀਂ ਰਹਿਣ ਦਿੰਦੀ''[193] ਧਰਮ ਦੀ ਮੂਲ ਭਾਵਨਾ ਜੀਵਨ ਨੂੰ ਸਹਿਜਤਾ ਤੇ ਸੰਪੂਰਨਤਾ ਪ੍ਰਦਾਨ ਕਰਨਾ ਹੈ। ਧਰਮ ਸਮਾਜ ਦੀਆਂ ਸਮੂਹ ਸੰਸਥਾਵਾਂ ਤੇ ਕਾਰਜਸ਼ੀਲ ਵਰਤਾਰਿਆਂ ਨੂੰ ਪ੍ਰਭਾਵਿਤ ਕਰਦਾ ਹੈ। ਧਰਮ ਦੇ ਇਸ ਵਿਆਪਕ ਖੇਤਰ ਦੇ ਪ੍ਰਸੰਗ ਬਾਰੇ ਡਾ. ਦਰਸ਼ਨ ਸਿੰਘ ਦਸਦੇ ਹਨ, ''ਧਰਮ ਮਨੁੱਖੀ ਸਭਿਆਚਾਰ ਦੇ ਸਭ ਤੋਂ ਮਹੱਤਵਪੂਰਣ ਪੱਖਾਂ ਵਿੱਚੋਂ ਹੈ।....ਨਾ ਸਿਰਫ ਇਹ ਸਭ ਗਿਆਤ ਮਨੁੱਖੀ ਸਮਾਜਾਂ ਵਿਚ ਹੀ ਪਾਇਆ ਜਾਂਦਾ ਹੈ ਬਲਕਿ ਦੂਜੀਆਂ ਸਭਿਆਚਾਰਕ ਸੰਸਥਾਵਾਂ ਤੇ ਵੀ ਮਹੱਤਵਪੂਰਣ ਰੂਪ ਵਿਚ ਪ੍ਰਭਾਵਕਾਰੀ ਹੁੰਦਾ ਹੈ। ਇਹ ਪਦਾਰਥਕ ਸਭਿਆਚਾਰ, ਮਨੁੱਖੀ ਵਰਤਾਵ ਅਤੇ ਮੁੱਲ-ਵਿਧਾਨ, ਸਦਾਚਾਰ ਅਤੇ ਨੀਤੀ ਸ਼ਾਸਤਰ ਰਾਹੀਂ ਪ੍ਰਗਟ ਹੁੰਦਾ ਹੈ। ਇਹ ਪਰਿਵਾਰ ਸੰਸਥਾ, ਵਿਆਹ, ਅਰਥ-ਸ਼ਾਸਤਰ, ਕਾਨੂੰਨ, ਰਾਜਨੀਤੀ ਤੇ ਪ੍ਰਭਾਵ ਪਾਉਂਦਾ ਹੈ ਅਤੇ ਚਿਕਿਤਸਾ-ਵਿਗਿਆਨ ਅਤੇ ਸ਼ਿਲਪ-ਵਿਗਿਆਨ ਦੇ ਖੇਤਰਾਂ ਵਿਚ ਵੀ ਪ੍ਰਵੇਸ਼ ਕਰਦਾ ਹੈ। ਇਸ ਨੇ ਵਿਦਰੋਹਾਂ ਅਤੇ ਯੁੱਧਾਂ ਨੂੰ ਵੀ ਪ੍ਰੇਰਿਤ ਕੀਤਾ ਹੈ ਤੇ ਨਾਲ ਹੀ ਕਲਾ ਦੇ ਉੱਦਾਤ ਨਮੂਨਿਆਂ ਨੂੰ ਵੀ। ਕਿਸੇ ਵੀ ਹੋਰ ਸਭਿਆਚਾਰਕ ਸੰਸਥਾ ਦੇ ਪ੍ਰਗਟਾਵੇ ਅਤੇ ਪ੍ਰਭਾਵਾਂ ਦਾ ਘੇਰਾ ਇਤਨਾ ਵਿਆਪਕ ਨਹੀਂ।''[194]

ਧਰਮ ਇਕ ਅਜਿਹਾ ਆਦਰਸ਼ ਹੈ ਜਿਸ ਦੀ ਬੁਨਿਆਦ ਮਨੁੱਖੀ ਜੀਵਨ ਦੇ ਉਚੇਰੇ ਤੇ ਸੂਖਮ ਭਾਵਾਂ ਉੱਪਰ ਟਿਕੀ ਹੁੰਦੀ ਹੈ। ਧਰਮ ਦੇ ਵਿਸ਼ਾ-ਖੇਤਰ ਸੰਬੰਧੀ ਚਰਚਾ ਕਰਦਿਆਂ ਸਿਰਦਾਰ ਕਪੂਰ ਸਿੰਘ ਲਿਖਦੇ ਹਨ ਕਿ ਧਰਮ ਵਿਸ਼ੇਸ਼ ਤੌਰ 'ਤੇ ਤਿੰਨ ਵਿਸ਼ਿਆਂ ਨਾਲ ਸਬੰਧਤ ਹੈ। ਪਰਮ ਹਕੀਕਤ ਦਾ ਸਰੂਪ, ਮਨੁੱਖ ਦਾ ਸਰੂਪ ਅਤੇ ਵਾਸਤਵਿਕਤਾ(ਸੱਤਾ) ਦਾ ਪਰਮ ਹਕੀਕਤ ਨਾਲ ਰਿਸ਼ਤਾ ਹੈ ਉਸ ਤੱਕ ਪਹੁੰਚਣ ਦਾ ਮਾਰਗ।

---

[193] ਧਰਮ ਅਧਿਐਨ: ਅਕਾਦਮਿਕ-ਪਰਿਪੇਖ (ਸੰਪਾ.), ਪੰਨਾ 1

[194] ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨੇ 3-4

ਪਹਿਲੇ ਦੋਹਾਂ ਦਾ ਸਬੰਧ ਦਰਸ਼ਨ ਨਾਲ ਹੈ ਅਤੇ ਤੀਸਰਾ ਵਿਸ਼ਾ ਪਹਿਲਿਆਂ ਨੂੰ ਵੀ ਧਰਮ ਦੇ ਖੇਤਰ ਵਿਚ ਲੈ ਆਉਂਦਾ ਹੈ।[195]

ਧਰਮ ਦੇ ਵਿਆਪਕ ਤੇ ਅਸੀਮ ਖੇਤਰ ਕਾਰਨ ਹੀ ਵੱਖ-ਵੱਖ ਵਿਸ਼ਿਆਂ ਜਾਂ ਅਨੁਸ਼ਾਸਨਾਂ ਨਾਲ ਜੁੜੇ ਵਿਦਵਾਨਾਂ ਨੇ ਧਰਮ ਦੇ ਸਰੂਪ ਤੇ ਕਾਰਜ ਖੇਤਰ ਨੂੰ ਆਪੋ-ਆਪਣੇ ਢੰਗ ਨਾਲ ਬਿਆਨ ਕੀਤਾ ਹੈ। ਜੇਮਜ਼ ਮਾਰਟੀਨਿਉ ਧਰਮ ਨੂੰ ਸਜੀਵ ਰੱਬ ਵਿਚ ਵਿਸ਼ਵਾਸ ਦਾ ਨਾਂ ਦੇ ਕੇ ਦਸਦਾ ਹੈ ਕਿ ਦੈਵੀ ਮਨ ਅਤੇ ਇੱਛਾ ਸੰਸਾਰ ਦਾ ਨੈਤਿਕ ਰਿਸ਼ਤਾ ਹੀ ਸੰਸਾਰ ਨੂੰ ਚਲਾ ਰਿਹਾ ਹੈ।[196] ਧਰਮ ਅਸਲ ਵਿਚ ਸਾਡੀ ਹਸਤੀ ਦੇ ਹਰੇਕ ਪੱਖ ਨੂੰ ਚੰਗਿਆਈ ਰਾਹੀਂ ਬਿਆਨ ਕਰਦਾ ਹੈ ਜਿਸ ਬਾਰੇ ਪ੍ਰਸਿੱਧ ਵਿਦਵਾਨ ਐਮਰਸਨ ਦਸਦਾ ਹੈ ਕਿ ਧਰਮ ਦਾ ਪਹਿਲਾ ਅਤੇ ਅੰਤਿਮ ਅਧਿਆਇ ਇਹ ਹੈ ਕਿ ਜੋ ਵਸਤਾਂ ਦਿਸਦੀਆਂ ਹਨ ਉਹ ਅਸਥਾਈ ਹਨ ਅਤੇ ਜੋ ਵਸਤਾਂ ਦਿਸਦੀਆਂ ਨਹੀਂ ਹਨ ਉਹ ਸਦਾਚਾਰ ਹਨ।''[197] ਧਰਮ ਦਾ ਉਦੇਸ਼ ਮਨੁੱਖ ਦੀ ਪਰਮ-ਸੱਤਾ ਨਾਲ ਸਾਂਝ ਹੀ ਹੈ। ਮਨੁੱਖੀ ਘਾਲਣਾ ਦਾ ਅੰਤਿਮ ਉਦੇਸ਼ ਵੀ ਪਰਮ-ਸੱਤਾ ਦੀ ਪ੍ਰਾਪਤੀ ਹੀ ਹੈ। ਇਸ ਭੁੱਖ ਨੂੰ ਤ੍ਰਿਪਤ ਕੀਤੇ ਬਿਨਾਂ ਆਤਮਿਕ ਖੁਸ਼ੀ ਪ੍ਰਾਪਤ ਨਹੀਂ ਹੋ ਸਕਦੀ ਪਰ ਜੀਵਨ ਨੂੰ ਸਰਬ ਸੰਪੰਨ ਬਣਾਉਣ ਲਈ ਆਤਮਿਕ ਖੁਸ਼ੀ ਦੀ ਪ੍ਰਾਪਤੀ ਜ਼ਰੂਰੀ ਹੈ। ਧਰਮ ਦਾ ਇਹ ਆਤਮਿਕ ਖੇੜਾ ਮਨੁੱਖ ਨੂੰ ਸਮਾਜ ਵਿਚ ਵਿਚਰਨ ਦੀ ਸੋਝੀ ਦਿੰਦਾ ਹੈ।

### 2.5.2. ਧਰਮ-ਸ਼ਾਸ਼ਤਰ

ਧਰਮ-ਸ਼ਾਸਤਰ ਦਾ ਖੇਤਰ ਬਹੁਤ ਵਿਸ਼ਾਲ ਹੈ ਇਸ ਕਰਕੇ ਧਰਮ-ਸ਼ਾਸਤਰ ਰਾਜਨੀਤਿਕ, ਆਰਥਿਕ, ਦਾਰਸ਼ਨਿਕ, ਵਿਗਿਆਨਕ, ਸਾਹਿਤ ਅਤੇ ਕਲਾ, ਧਾਰਮਿਕ ਰਹੁ-ਰੀਤਾਂ ਤੋਂ ਬਿਨਾਂ ਰੋਜ਼-ਮੱਰਾ ਦੇ ਸਮਾਜੀ ਅਤੇ ਵਿਅਕਤੀਗਤ ਅਨੁਭਵਾਂ ਦੀ ਵਿਆਖਿਆ ਹੈ। ਮਨੁੱਖੀ ਜੀਵਨ ਦਾ ਕੋਈ ਵੀ ਮਹੱਤਵਪੂਰਨ ਪੱਖ ਅਜਿਹਾ ਨਹੀਂ ਜਿਹੜਾ ਧਰਮ-ਸ਼ਾਸਤਰ ਦੇ ਖੇਤਰ ਨਾਲ ਸਬੰਧ ਨਾ ਰੱਖਦਾ ਹੋਵੇ। ਧਰਮ ਦੇ ਬਹੁਤ

---

[195] Sirdar Kaur Singh, Sikhism For Modern Man, p 81

[196] ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ 5

[197] ਮਨਜੀਤ ਸਿੰਘ, ਧਰਮ ਦਰਸ਼ਨ, ਪੰਨਾ 4

ਸਾਰੇ ਤੱਤ ਹੁੰਦੇ ਹਨ ਪਰ ਇਹਨਾਂ ਤੱਤਾਂ ਦਾ ਸਿੱਧਾ ਜ਼ਿਕਰ ਧਰਮ ਵਿਚ ਨਹੀਂ ਮਿਲਦਾ। ਇਹ ਸਾਰੇ ਤੱਤ ਮਨੁੱਖੀ ਜ਼ਿੰਦਗੀ ਵਿਚ ਉਜਾਗਰ ਹੁੰਦੇ ਹਨ ਤੇ ਜ਼ਿੰਦਗੀ ਦੇ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਨਿਰਧਾਰਤ ਕਰਦੇ ਹਨ। ਧਰਮ-ਸ਼ਾਸਤਰ ਬਾਰੇ ਇਹ ਕਿੰਤੂ ਮੁਕਤ ਸੱਚਾਈ ਹੈ ਕਿ ਇਸ ਦਾ ਸੁਤੰਤਰ ਕਾਰਜ ਖੇਤਰ ਹੈ ਅਤੇ ਇਸ ਸੁਤੰਤਰ ਕਾਰਜ ਖੇਤਰ ਵਿਚ ਭੂਗੋਲਿਕ ਅਤੇ ਸਿਧਾਂਤਕ ਮੁੱਦੇ ਸ਼ਾਮਲ ਹੁੰਦੇ ਹਨ। ਇਸ ਦ੍ਰਿਸ਼ਟੀ ਤੋਂ ਧਰਮ-ਸ਼ਾਸਤਰੀਆਂ ਨੇ ਇਹ ਵੀ ਸਿੱਟਾ ਕੱਢਿਆ ਹੋਇਆ ਹੈ ਕਿ ਧਰਮ-ਸ਼ਾਸਤਰੀ ਕਾਰਜ ਕਦੇ ਵੀ ਵਿਸ਼ੇਸ਼ ਇਤਿਹਾਸਕ ਘਟਨਾਵਾਂ ਦੇ ਪੁਨਰਗਠਨ ’ਤੇ ਆਧਾਰਿਤ ਹੋਣੋ, ਕਿਸੇ ਗਵਾਹੀ ਦੀ ਖ਼ਾਸ ਵਿਆਖਿਆ ਨੂੰ ਪਰਮਾਤਮਾ ਦੇ ਕਾਰਜ ਵਜੋਂ ਸਮਝਣ ਦੀ ਕੋਸ਼ਿਸ਼ ਤੋਂ ਨਹੀਂ ਬਚ ਸਕਦਾ।

### 2.5.2.1. ਧਰਮ-ਸ਼ਾਸਤਰ: ਆਰੰਭ ਤੇ ਪਰਿਭਾਸ਼ਾ

ਧਰਮ-ਸ਼ਾਸਤਰ ਲਈ ਅੰਗਰੇਜ਼ੀ ਵਿਚ ‘Theology’ ਸ਼ਬਦ ਵਰਤਿਆ ਗਿਆ ਤੇ ਇਹ ਲਗਭਗ ਚੌਦ੍ਹਵੀਂ ਸਦੀ ਵਿਚ ਪ੍ਰਚੱਲਿਤ ਹੋਇਆ। ਪ੍ਰਸਿੱਧ ਈਸਾਈ ਥਿਆਲੋਜੀਅਨ Paul Tillich ਅਨੁਸਾਰ, ‘Theology, the logos or the reasoning about ***theos*** (God and divine things), is as old as religion.’[198] ਪਿੱਛੋਂ ਇਹ ਅਧਿਐਨ ਸਿਰਫ਼ ਰੱਬ ਦਾ ਅਧਿਐਨ ਨਾ ਰਹਿ ਕੇ ਰੱਬ ਦਾ ਮਨੁੱਖਾਂ ਨਾਲ ਸੰਬੰਧਾਂ ਦਾ ਵਿਆਪਕ ਅਧਿਐਨ ਹੋ ਗਿਆ। ਇਸ ਤਰ੍ਹਾਂ ਇਹ ਸਮੁੱਚੇ ਧਾਰਮਿਕ ਵਿਸ਼ਿਆਂ ਦਾ ਅਧਿਐਨ ਬਣ ਗਿਆ।

ਇਸ ਦਾ ਆਰੰਭ ਅਤੇ ਵਿਕਾਸ ਵਧੇਰੇ ਕਰਕੇ ਈਸਾਈ ਚਿੰਤਕਾਂ ਦੇ ਹੱਥਾਂ ਵਿਚ ਯੂਨਾਨੀ ਫ਼ਲਸਫੇ ਦੇ ਪ੍ਰਭਾਵ ਹੇਠ ਹੋਇਆ। ਇਸ ਸ਼ਬਦ ਦੇ ਮੂਲ ਬਾਰੇ ਤਿਰਲੋਚਨ ਸਿੰਘ ਦਸਦੇ ਹਨ, ‘The word theology, derived from Greek *theos(God)* and *logos(word of utterance),* means,‘‘Theory about God or rational utterance and discource about God or gods’’[199] ਇਸ ਦੇ ਆਰੰਭ ਤੋਂ ਹੀ ਪਤਾ ਲੱਗਦਾ ਹੈ ਕਿ ਯੂਨਾਨ ਤੋਂ ਆਰੰਭ ਹੋਈ ਪੱਛਮੀ ਵਿਚਾਰਧਾਰਾ ਦਾ ਕੇਂਦਰੀ ਬਿੰਦੂ

[198] Paul Tillich, Systemetic Theology, Vol-1, p 15

[199] Tirlochan Singh, Thelogical Concept of Sikhism, Sikhism, L.M. Joshi (Ed.), p 49

ਤਾਰਕਿਕ ਬਿਰਤੀ ਅਤੇ ਵਿਗਿਆਨਕ ਪਹੁੰਚ ਹੈ। ਪਲੈਟੋ ਨੇ ਇਸ ਨੂੰ ਫ਼ਲਸਫੇ ਦੀ ਇਕ ਸ਼ਾਖਾ ਵਜੋਂ ਵਰਤਿਆ। ਇਸ ਸ਼ਬਦ ਦੀ ਵਰਤੋਂ ਪਲੈਟੋ ਨੇ ਆਪਣੀ ਕਿਤਾਬ ਰੀਪਬਲਿਕ (Republic) ਵਿਚ ਕੀਤੀ। ਪਲੈਟੋ ਨੇ ਯੂਨਾਨੀ ਕਵੀਆਂ ਦੀਆਂ ਰਚਨਾਵਾਂ ਦੇ ਵਿਆਖਿਆ-ਵਿਸ਼ਲੇਸ਼ਣ ਲਈ ਇਸ ਸ਼ਬਦ ਦੀ ਵਰਤੋਂ ਪਰਮਾਤਮਾ ਤੇ ਤਰਕ-ਪ੍ਰਬੰਧ ਦੇ ਅਰਥਾਂ ਵਿਚ ਕੀਤੀ। ਤਰਲੋਚਨ ਸਿੰਘ ਅਨੁਸਾਰ ਅਰਸਤੂ ਆਪਣੀ ਪੁਸਤਕ *Metaphysics* ਵਿਚ ਤਿੰਨ ਤਰ੍ਹਾਂ ਦੇ ਵਿਗਿਆਨਾਂ ਦਾ ਜ਼ਿਕਰ ਕਰਦਾ ਹੈ, ''Aristotle mentions three sciences: mathematical, physical and theological.''[200] ਇੱਥੇ ਥਿਆਲੋਜੀ ਨੂੰ ਉਹਨਾਂ ਅਰਥਾਂ ਵਿਚ ਪ੍ਰਵਾਨ ਕੀਤਾ ਗਿਆ ਹੈ ਜਿਨ੍ਹਾਂ ਅਰਥਾਂ ਵਿਚ ਅਸੀਂ ਅੱਜ-ਕੱਲ੍ਹ ਪ੍ਰਾਭੌਤਿਕ ਵਿਗਿਆਨ ਨੂੰ ਮੰਨਦੇ ਹਾਂ।

ਪੱਛਮ ਵਿਚ ਐਬੇਲਾਰਡ (A.D. 1079-1142) ਤੋਂ ਪਹਿਲਾਂ ਇਸ ਸ਼ਬਦ ਦੀ ਵਰਤੋਂ ਯੂਨਾਨੀ ਦਰਸ਼ਨ ਲਈ ਕੀਤੀ ਜਾਂਦੀ ਸੀ। ਐਬੇਲਾਰਡ ਵੱਲੋਂ ਪਹਿਲੀ ਵਾਰ ਥਿਆਲੋਜੀ ਸ਼ਬਦ ਦੀ ਵਰਤੋਂ ਈਸਾਈ ਮੱਤ ਦੀਆਂ ਸਿੱਖਿਆਵਾਂ ਲਈ ਕੀਤੀ ਜਿਸ ਨਾਲ ਇਸ ਦੇ ਅਰਥਾਂ ਤੇ ਭਾਵਾਂ ਵਿਚ ਤਬਦੀਲੀ ਆਉਣ ਨਾਲ ਇਸ ਵਿਚ ਇਸਾਈ ਮੱਤ ਦਾ ਅਧਿਐਨ, ਪਰਮਾਤਮਾ ਵਿਚ ਵਿਸ਼ਵਾਸ, ਪਵਿੱਤਰ ਗ੍ਰੰਥਾਂ, ਗਿਆਨ ਤੇ ਚਰਚ ਵਰਤਿਆ ਜਾਣ ਲੱਗਾ। ਇਸ ਲਈ ਧਰਮ-ਸ਼ਾਸ਼ਤਰ ਉਹ ਵਿਗਿਆਨ ਹੈ ਜਿਹੜਾ ਪਰਮਾਤਮਾ ਦੇ ਸਰੂਪ, ਗੁਣਾਂ ਦੇ ਵਿਹਾਰ ਦੀ ਵਿਆਖਿਆ ਤੇ ਮਨੁੱਖਤਾ ਦੇ ਪਰਮਸੱਤਾ ਨਾਲ ਸੰਬੰਧਾਂ ਦਾ ਅਧਿਐਨ ਕਰਦਾ ਹੈ।[201] ਉਦੋਂ ਤੋਂ ਹੀ ਇਹ ਸ਼ਬਦ ਈਸਾਈਆਂ ਦੁਆਰਾ ਆਪਣੇ ਸਿਧਾਂਤਾਂ ਵਾਸਤੇ ਵਰਤਿਆ ਗਿਆ, ਜਿਸ ਦਾ ਅਰਥ ਵਿਸ਼ਵਾਸ ਰਾਹੀਂ ਬੌਧਿਕ ਤਰਕ ਦੁਆਰਾ ਦੈਵੀ ਗਿਆਨ ਦੀਆਂ ਸਚਾਈਆਂ ਦੀ ਵਿਧੀਮੂਲਕ ਵਿਆਖਿਆ ਹੈ।

ਚੌਦ੍ਹਵੀਂ ਸਦੀ ਵਿਚ ਜਦੋਂ ਇਹ ਸ਼ਬਦ ਅੰਗਰੇਜ਼ੀ ਵਿਚ 'Theology' ਵਜੋਂ ਪ੍ਰਚੱਲਿਤ ਹੋਇਆ ਤਦ ਇਸ ਦੇ ਅਰਥ ਲਗਭਗ ਅਜੋਕੇ ਈਸਾਈ ਥਿਆਲੋਜੀ ਵਰਗੇ ਬਣ ਚੁੱਕੇ ਸਨ। ਸਤਾਰ੍ਹਵੀਂ ਸਦੀ ਤੋਂ ਬਾਅਦ ਈਸਾਈ ਧਰਮ ਤੋਂ ਬਿਨਾਂ ਹੋਰ ਧਰਮਾਂ ਦੇ ਵਿਧੀਪੂਰਨ ਅਧਿਐਨ ਲਈ ਵੀ ਇਹ ਸ਼ਬਦ ਵਰਤਿਆ ਜਾਣ ਲੱਗ

[200] Ibid, p 49

[201] Ibid, p 49

ਪਿਆ ਸੀ। ਥਿਆਲੋਜੀ ਦਾ ਵਿਕਾਸ ਇੱਥੇ ਆ ਕੇ ਹੀ ਖ਼ਤਮ ਨਹੀਂ ਹੋ ਜਾਂਦਾ ਸਗੋਂ ਇਸ ਦਾ ਵਿਕਾਸ ਪੂਰਨ ਰੂਪ ਵਿਚ ਹੋਰ ਧਰਮਾਂ ਦੇ ਅਧਿਐਨ ਵਿਚ ਵੀ ਹੋਇਆ ਹੈ। ਪਰੰਤੂ ਥੀਆਲੋਜੀ ਦਾ ਜਨਮ ਤੇ ਵਿਕਾਸ ਮੁਢਲੇ ਤੌਰ ’ਤੇ ਈਸਾਈ ਥੀਆਲੋਜੀ ਵਿੱਚੋਂ ਹੀ ਹੋਇਆ ਹੈ।

ਧਰਮ-ਸ਼ਾਸਤਰ ਇਕ ਅਜਿਹਾ ਵਿਸ਼ਾ ਹੈ ਜੋ ਧਰਮ ਦਾ ਵਿਗਿਆਨਕ ਢੰਗਾਂ ਨਾਲ ਅਧਿਐਨ ਕਰਦਾ ਹੈ। ਥੀਆਲੋਜੀ ਦੇ ਸਮਾਨ-ਅਰਥਕ ਪੰਜਾਬੀ ਸ਼ਬਦ ਧਰਮ-ਸ਼ਾਸਤਰ, ਧਰਮ-ਵਿਗਿਆਨ, ਧਰਮ-ਮੀਮਾਂਸਾ, ਬ੍ਰਹਮ-ਗਿਆਨ, ਬ੍ਰਹਮ-ਵਿਦਿਆ ਆਦਿ ਵਰਤੇ ਜਾਂਦੇ ਹਨ। ਥੀਆਲੋਜੀ ਆਪਣੇ ਨਿਰੁਕਤੀਮੂਲਕ ਅਰਥਾਂ ਅਨੁਸਾਰ ਰੱਬੀ ਜਾਂ ਇਲਾਹੀ-ਵਿਗਿਆਨ ਹੈ ਪਰੰਤੂ ਹੁਣ ਥੀਆਲੋਜੀ ਦਾ ਅਰਥ ਕੇਵਲ ਪਰਮਾਤਮਾ ਬਾਰੇ ਗਿਆਨ ਪ੍ਰਾਪਤ ਕਰਨਾ ਹੀ ਨਹੀਂ ਰਿਹਾ ਸਗੋਂ ਇਸ ਵਿਚ ਧਰਮ ਨਾਲ ਸੰਬੰਧਿਤ ਸਮੁੱਚੇ ਸੰਕਲਪਾਂ ਤੇ ਵਿਸ਼ਵਾਸਾਂ ਦਾ ਅਧਿਐਨ ਵੀ ਸ਼ਾਮਲ ਹੋ ਗਿਆ ਹੈ। ਧਰਮ-ਸ਼ਾਸਤਰੀਆਂ ਅਨੁਸਾਰ ਧਰਮ ਉਹ ਹੀ ਹੈ ਜੋ ਸਮੇਂ ਦਾ ਹਾਣੀ ਹੈ ਅਤੇ ਨਿਰੰਤਰ ਗਤੀਸ਼ੀਲ ਹੈ। ਥੀਆਲੋਜੀ ਦੇ ਅਰਥ ਸਮਝਣ ਤੋਂ ਬਾਅਦ ਵੱਖਰੇ-ਵੱਖਰੇ ਵਿਦਵਾਨਾਂ ਦੁਆਰਾ ਕੀਤੀ ਗਈ ਇਸ ਦੀ ਪਰਿਭਾਸ਼ਾ ਨੂੰ ਵੀ ਜਾਣ ਲੈਣਾ ਲਾਹੇਵੰਦ ਹੋਵੇਗਾ।

- Paul Tillich ਅਨੁਸਾਰ, A rational interpretation of the religious substance of rites, symbols, and myths.[202]
- ਸੰਤ ਥਾਮਸ ਐਕਿਉਨਾਸ ਅਨੁਸਾਰ ਧਰਮ-ਸ਼ਾਸਤਰ ਇਕ ਬੌਧਿਕ ਅਨੁਸ਼ਾਸਨ ਹੈ ਜੋ ਕਿ ਵਿਸ਼ਵਾਸ ਅਤੇ ਤਰਕ ਦੇ ਸੁਮੇਲ ਤੋਂ ਪੈਦਾ ਹੋਇਆ ਹੈ।[203]
- Theology may be briefly defined as the science which deals, according to scientific method, with the facts and phenomena of religion and culminates in a comprehensive synthesis or philosophy of religion,

[202] Paul Tillich, Systemetic Theology, Vol-1, p 16

[203] Gustavo Gutverrez, A Theology of Liberation, p 5

which seeks to set forth in a systematic way all that can be known regarding the objective grounds of religious beliefs.[204]

- ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ਼ਾਸਤਰ ਦੇ ਅਰਥ ਹਨ "ਉਹ ਪੁਸਤਕ ਜੋ ਅਨੁਸ਼ਾਸਨ (ਹੁਕਮ) ਦੇਵੇ. ਆਗਯਾ ਕਰਨ ਵਾਲਾ ਗ੍ਰੰਥ।"[205]
- ਸੰਸਕ੍ਰਿਤ-ਹਿੰਦੀ ਕੋਸ਼ ਅਨੁਸਾਰ शासत्र् ਦਾ ਅਰਥ, 'आदेश, आज्ञा, पावन शिक्षण, वेद का आदेश, ज्ञान का कोई विभाग, किसे विशय का सिद्घातक पहिलू। (वि.) शासत्रीय नियमों के अनुकूल। वकतु (पुं.) शास्त्रीय पुस्तकों का व्याखयाता। वाद: शास्त्र के आधार पर किया गया तर्क।[206]
- पकिसी विषय विशेषतः जड़ पदार्थों व लौकिक विषयों की जानी हुई बातों और तत्वों का वह विवेचन जो एक स्वतंत्र **शास्त्र** के रूप में हो;।[207]

ਭਾਰਤੀ ਪਰੰਪਰਾ ਵਿਚ ਧਰਮ-ਸ਼ਾਸਤਰ ਅਤੇ ਮੀਮਾਂਸਾ ਨੂੰ ਸਮਾਨਾਰਥੀ ਸਮਝਿਆ ਜਾਂਦਾ ਹੈ। ਦਰਸ਼ਨ ਸਿੰਘ 'ਮੀਮਾਂਸਾ' ਅਤੇ 'ਥਿਆਲੋਜੀ' ਦੀ ਤੁਲਨਾ ਕਰਦਿਆਂ ਦਸਦੇ ਹਨ "ਮੀਮਾਂਸਾ ਵੈਦਿਕ ਧਰਮ ਵਿਚ ਤਰਕ ਦੀ ਵਰਤੋਂ ਰਾਹੀਂ ਵੈਦਿਕ ਗ੍ਰੰਥਾਂ ਤੇ ਚਿੰਤਨ ਆਧਾਰਿਤ ਵਿਆਖਿਆ ਦੀ ਵਿਧੀ ਹੈ। ਇਸ ਨੂੰ ਬ੍ਰਹਮ ਵਿੱਦਿਆ ਵੀ ਕਿਹਾ ਜਾ ਸਕਦਾ ਹੈ ਜੋ ਕਿ ਕਾਫ਼ੀ ਹੱਦ ਤੱਕ theos + logos = ਦੇ ਅਰਥਾਂ, ਮਨੋਰਥਾਂ ਦੇ ਨੇੜੇ ਢੁਕਦਾ ਹੈ।"[208]

ਸ਼ਾਸਤਰ ਕਿਸੇ ਵਿਸ਼ੇ ਦੇ ਸੁਤੰਤਰ ਤੇ ਵਿਧੀਗਤ ਅਤੇ ਵਿਆਖਿਆਕਾਰੀ ਦੇ ਅਧਿਐਨ ਨੂੰ ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ ਧਰਮ-ਸ਼ਾਸਤਰ 'ਧਰਮ' ਦੇ ਸਿਧਾਂਤਾਂ ਅਨੁਸਾਰ ਜੀਵਨ ਬਸਰ ਕਰਨ ਅਤੇ

---

204 James Hasting, Encyclopedia of Religion and Ethics Vol. XII, p 293

205 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 175

206 वामन शिवराम आऐ, संस्कृत-हिन्दी कोश, पृष्ठ 1344

207 www.cfilt.iitb.ac.in/hindishabdamitra/advanced/शास्त्र, 19, February, 2019

208 ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ 98

ਧਰਮ ਦੇ ਮੂਲ 'ਤੱਤ' ਦੀ ਅਨੁਸ਼ਾਸਨੀ ਅਤੇ ਵਿਧੀਗਤ ਅਧਿਐਨ ਪ੍ਰਬੰਧ ਹੈ। 'ਧਰਮ-ਸ਼ਾਸਤਰ' ਧਰਮ ਦੇ ਸਿਧਾਂਤਾਂ ਨੂੰ ਸਮੇਂ ਅਤੇ ਸਥਾਨ ਦੇ ਅਨੁਕੂਲ, ਤਾਰਕਿਕ ਵਿਧੀ ਰਾਹੀਂ ਪੇਸ਼ ਕਰਕੇ ਉਸ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਹਿੱਸਾ ਪਾਉਂਦਾ ਹੈ। ਇਸ ਤਰ੍ਹਾਂ ਧਰਮ-ਸ਼ਾਸਤਰ ਧਰਮ ਦੇ ਮੂਲ ਸਿਧਾਂਤਾਂ ਦੀ ਵਿਆਖਿਆ ਅਤੇ ਅਮਲ ਨਾਲ ਸੰਬੰਧਿਤ ਹੈ। ਧਰਮ ਦੀ ਪ੍ਰੋੜ੍ਹਤਾ, ਵਿਆਖਿਆ ਤੇ ਪ੍ਰਚਾਰ ਦਾ ਇਹ ਕਾਰਜ ਧਰਮ ਦੀ ਮੂਲ ਭਾਵਨਾ ਅਤੇ ਤਰਕ ਦੇ ਦੁਆਲੇ ਉਸਾਰਿਆ ਜਾਂਦਾ ਹੈ। ਉਪਰੋਕਤ ਕੋਸ਼ਗਤ ਅਰਥਾਂ ਤੋਂ ਪਤਾ ਲਗਦਾ ਹੈ ਕਿ ਧਰਮ-ਸ਼ਾਸਤਰ ਉਹ ਵਿਗਿਆਨ ਹੈ ਜਿਹੜਾ ਕਿ ਵਿਗਿਆਨਕ ਲੀਹਾਂ 'ਤੇ ਤਰਕ ਦੀ ਸਹਾਇਤਾ ਨਾਲ ਵਿਸ਼ਵਾਸ ਦਾ ਸਰੂਪ ਸਮਝਣ ਦਾ ਯਤਨ ਕਰਦਾ ਹੈ।

#### 2.5.2.2. ਧਰਮ-ਸ਼ਾਸਤਰ: ਸਰੂਪ ਤੇ ਖੇਤਰ

ਅਜੋਕੇ ਸਮੇਂ ਵਿਚ ਥਿਆਲੋਜੀ ਸ਼ਬਦ ਨੂੰ ਧਰਮ ਤੋਂ ਇਲਾਵਾ ਸਮਾਜ-ਵਿਗਿਆਨ ਦੇ ਵੱਖ-ਵੱਖ ਵਿਸ਼ਿਆਂ ਨਾਲ ਜੋੜ ਕੇ ਉਹਨਾਂ ਦੇ ਅਧਿਐਨ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਹੀ ਹਰ ਧਰਮ ਚਿੰਤਕ ਆਪਣੇ ਧਰਮ ਨੂੰ ਸਹੀ ਤੇ ਉੱਤਮ ਸਿੱਧ ਕਰਨ ਦਾ ਯਤਨ ਕਰਦਾ ਹੈ। ਆਪਣੇ ਧਰਮ ਦੇ ਚਿੰਨ੍ਹਾਂ, ਪ੍ਰਤੀਕਾਂ ਤੇ ਸਿਧਾਂਤਾਂ ਦੇ ਹੱਕ ਵਿਚ ਦਲੀਲਾਂ ਦੇ ਕੇ ਇਸ ਦੀ ਸਾਰਥਿਕਤਾ ਸਿੱਧ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇਹ ਸਾਰਾ ਕਾਰਜ ਧਰਮ-ਸਾਸ਼ਤਰੀ ਦੇ ਹਿੱਸੇ ਆਉਂਦਾ ਹੈ। ''ਧਰਮ ਦੇ ਸਿਧਾਂਤਕਾਰ ਦਲੀਲ ਦੀ ਸਹਾਇਤਾ ਨਾਲ ਆਪਣੇ ਧਰਮ ਦੀਆਂ ਊਣਤਾਈਆਂ ਨੂੰ ਛੁਪਾਣ ਅਤੇ ਇਹਨਾਂ ਨੂੰ ਨਵੇਂ ਅਰਥ ਦੇਣ ਦਾ ਯਤਨ ਕਰਦੇ ਹਨ। ਇਸ ਤਰ੍ਹਾਂ ਪੁਰਾਣੇ ਧਰਮਾਂ ਦੇ ਸਿਧਾਂਤਕ ਪੱਖ ਵਿਚ ਵਿਕਾਸ ਅਤੇ ਨਵੀਆਂ ਸੋਧਾਂ ਆਉਂਦੀਆਂ ਰਹਿੰਦੀਆਂ ਹਨ।''[209] ਹਰੇਕ ਧਰਮ-ਸਾਸ਼ਤਰੀ ਆਪਣੇ ਬੁਨਿਆਦੀ ਕਥਨ ਦੀ ਨਵੀਂ ਵਿਆਖਿਆ ਤੇ ਸੱਚਾਈ ਉਜਾਗਰ ਕਰਦਾ ਹੈ। ਧਰਮ-ਸ਼ਾਸਤਰ ਆਪਣੇ ਅਕੀਦੇ ਤੇ ਸ਼ਰਧਾ ਦੇ ਸਹਾਰੇ ਹੀ ਧਰਮ ਸਿਧਾਂਤਾਂ ਦੀ ਬੌਧਿਕ ਤੇ ਤਰਕਸੰਗਤ ਵਿਆਖਿਆ ਕਰਦਾ ਹੈ।

ਧਰਮ-ਸ਼ਾਸਤਰ ਉਹ ਵਿਗਿਆਨ ਹੈ ਜਿਹੜਾ ਧਰਮ ਦੇ ਤੱਥਾਂ, ਸਿਧਾਂਤਾਂ ਤੇ ਰਹੁ-ਰੀਤਾਂ ਦੀ ਵਿਗਿਆਨਕ-ਵਿਧੀਆਂ ਨਾਲ ਵਿਆਖਿਆ ਕਰਦਾ ਹੈ ਤੇ ਧਰਮ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਉਪਯੋਗੀ

---

[209] ਡਾ. ਵਜ਼ੀਰ ਸਿੰਘ, ਫ਼ਲਸਫ਼ਾ ਤੇ ਸਿੱਖ ਫ਼ਲਸਫ਼ਾ, ਪੰਨਾ 11

ਸਿੱਧ ਕਰਦਾ ਹੈ। ਧਰਮ-ਸ਼ਾਸਤਰ ਧਰਮ ਦੇ ਗੁਣਾਂ ਤੇ ਪਰਮਾਤਮਾ ਦੇ ਪ੍ਰਗਟਾਅ ਨਾਲ ਸੰਬੰਧਿਤ ਸਿਧਾਂਤਾਂ ਦਾ ਸੂਚਕ ਹੈ। ਧਰਮ-ਸ਼ਾਸਤਰ ਦਾ ਵਿਸ਼ਾ ਗਿਆਨ ਦੀ ਇਕ ਸ਼ਾਖਾ ਬਣ ਕੇ ਸਿੱਧੇ ਤੌਰ 'ਤੇ ਈਸਾਈ ਧਰਮ ਨਾਲ ਜੁੜਿਆ ਵਿਸ਼ਾ ਰਿਹਾ ਹੈ ਜਿਸਦਾ ਕੰਮ ਪਰਮਾਤਮਾ ਦੇ ਸਿਫ਼ਤੀ ਗੁਣਾਂ ਦਾ ਅਧਿਐਨ ਕਰਨਾ ਸੀ। ਪਰ ਪਿੱਛੋਂ ਇਹ ਅਧਿਐਨ ਕੇਵਲ ਰੱਬ ਦਾ ਅਧਿਐਨ ਨਾ ਰਹਿ ਕੇ ਰੱਬ ਦਾ ਆਪਣੀ ਦੁਨੀਆ ਅਤੇ ਮਨੁੱਖ ਨਾਲ ਸਬੰਧਾਂ ਦਾ ਵਿਆਪਕ ਅਧਿਐਨ ਵੀ ਹੋ ਨਿਬੜਿਆ। ਇਸ ਤਰ੍ਹਾਂ ਇਹ ਸਮੁੱਚੇ ਧਾਰਮਿਕ ਵਿਸ਼ਿਆਂ ਦਾ ਅਧਿਐਨ ਬਣ ਗਿਆ। ਇਸ ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਇਸ ਸ਼ਬਦ ਦਾ ਭਾਵ ਈਸਾਈ ਵਿਸ਼ਵਾਸ ਦਾ ਵਿਗਿਆਨ ਹੈ।

'ਧਰਮ-ਸ਼ਾਸਤਰ' ਦੋ ਸ਼ਬਦਾਂ ਧਰਮ ਅਤੇ ਸ਼ਾਸਤਰ ਦੇ ਸੰਜੋਗ ਤੋਂ ਬਣਿਆ ਹੈ। ਧਰਮ-ਸ਼ਾਸਤਰ ਤੇ ਧਰਮ ਦਾ ਬੜਾ ਨੇੜੇ ਦਾ ਸੰਬੰਧ ਹੈ ਅਤੇ ਇਹ ਦੋਨੋਂ ਇਕ ਦੂਜੇ ਤੇ ਨਿਰਭਰ ਹਨ। ਆਮ ਸ਼ਬਦਾਂ ਵਿਚ ਜੇ ਧਰਮ ਆਪਣੇ ਆਪ ਵਿਚ ਇਕ ਵਿਸ਼ਾ ਹੈ ਤਾਂ ਧਰਮ-ਸ਼ਾਸਤਰ ਉਸ ਵਿਸੇ਼ ਦਾ ਅਧਿਐਨ ਜਾਂ ਵਿਗਿਆਨ ਹੈ। ਧਰਮ-ਸ਼ਾਸਤਰ ਧਰਮ ਦਾ ਵਿਗਿਆਨ ਹੋਣ ਕਰਕੇ ਧਰਮ ਦਾ ਇਕ ਹਿੱਸਾ ਹੈ। ਧਰਮ ਰਾਹ ਵਿਖਾਉਂਦਾ ਹੈ ਅਤੇ ਇਸ ਦਾ ਘੇਰਾ ਵਿਸ਼ਾਲ ਹੈ। ਆਦਮੀ ਧਰਮ-ਸ਼ਾਸਤਰ ਦੀ ਉਚਿੱਤ ਵਰਤੋਂ ਕਰਕੇ ਸੱਚੀ-ਸੁੱਚੀ ਧਾਰਮਿਕ ਜਿੰਦਗੀ ਬਤੀਤ ਕਰ ਸਕਦਾ ਹੈ। ਇਸ ਦੇ ਨਾਲ ਹੀ ਸਿਹਤਮੰਦ ਅਤੇ ਉਸਾਰੂ ਧਾਰਮਿਕ ਤਜਰਬਾ ਵੀ ਹਾਸਿਲ ਕਰ ਸਕਦਾ ਹੈ। ਨਤੀਜਾ ਇਹ ਹੋਇਆ ਕਿ ਧਰਮ ਅਤੇ ਧਰਮ-ਸ਼ਾਸਤਰੀ ਬਿਲਕੁਲ ਅਨਿੱਖੜ ਪ੍ਰਤੀਤ ਹੁੰਦੇ ਹਨ। ਧਰਮ-ਸ਼ਾਸਤਰੀ ਕੇਵਲ ਬੌਧਿਕ ਪੱਧਰ ਤੇ ਗ੍ਰਹਿਣ ਕੀਤੇ ਸਿਧਾਂਤਾਂ ਦੀ ਪਾਲਣਾ ਹੀ ਨਹੀਂ ਕਰਦਾ ਸਗੋਂ ਧਰਮ-ਸ਼ਾਸਤਰੀ ਲਈ ਧਾਰਮਿਕ ਅਨੁਭਵ ਬਹੁਤ ਜ਼ਰੂਰੀ ਹੈ।

ਧਰਮ ਦੀ ਉਸਾਰੀ ਦੇ ਦੋ ਮੁੱਖ ਕੇਂਦਰ ਹੁੰਦੇ ਹਨ ਧਰਮ-ਗੁਰੂ ਜਾਂ ਪੈਗੰਬਰ ਅਤੇ ਉਹਨਾਂ ਦੀ ਸਿੱਖਿਆ ਤੇ ਜੀਵਨ-ਅਮਲ। ਇਹਨਾਂ ਦਾ ਜੀਵਨ ਅਮਲ ਤੇ ਦੈਵੀ ਅਨੁਭਵ ਆਪਣ-ਆਪ ਵਿਚ ਧਰਮ ਦੀ ਵਿਆਖਿਆ ਹੁੰਦੀ ਹੈ। ਇਸ ਕਰਕੇ ਧਰਮ ਦੀ ਵਿਆਖਿਆ ਜਾਂ ਉਸ ਨੂੰ ਸਮਝਣ ਦੀ ਪਰੰਪਰਾ ਵੀ ਧਰਮ ਜਿੰਨੀ ਪੁਰਾਣੀ ਹੈ। ਹਰ ਨਵੇਂ ਯੁੱਗ ਵਿਚ ਨਵੀਆਂ ਚੁਣੌਤੀਆਂ ਦੇ ਸਨਮੁਖ ਹਰ ਧਰਮ ਨੂੰ ਸਮਕਾਲ ਦੇ ਪ੍ਰਸੰਗ ਦੇ ਲਿਹਾਜ਼ ਨਾਲ ਨਵੀਂ ਵਿਆਖਿਆ ਦੀ ਲੋੜ ਪੈਂਦੀ ਹੈ। ਇਸ ਲੋੜ ਦੀ ਪੂਰਤੀ ਲਈ ਤੇ ਲੋਕਾਂ ਦੇ ਬਦਲੇ ਗਿਆਨ-ਪ੍ਰਬੰਧ ਅਨੁਸਾਰ ਡੂੰਘੇ ਅਧਿਐਨ ਅਤੇ ਸਮਰਪਣ ਰਾਹੀਂ ਹਰੇਕ ਧਰਮ ਦੀ ਨਵੀਂ ਪ੍ਰਸੰਗਕਿਤਾ ਲਈ ਨਵੀਆਂ ਰਚਨਾਵਾਂ

ਸਾਹਮਣੇ ਆਉਂਦੀਆਂ ਹਨ। ਇਹ ਰਚਨਾਵਾਂ ਧਰਮ-ਸ਼ਾਸਤਰ ਨੂੰ ਪਰਿਭਾਸ਼ਿਤ ਕਰਦੀਆਂ ਹਨ।

ਧਰਮ-ਸ਼ਾਸਤਰ ਧਰਮ ਨਾਲ ਜੁੜੇ ਮਨੁੱਖੀ ਸਮਾਜਿਕ ਅਤੇ ਆਤਮਿਕ ਪ੍ਰਸ਼ਨਾਂ ਦਾ ਅਧਿਐਨ ਹੈ। ਕਿਸੇ ਵੀ ਧਰਮ ਪਰੰਪਰਾ ਵਿਚ ਕਿਸੇ ਧਾਰਮਿਕ ਆਗੂ ਦੇ ਆਪਣੇ ਇਸ਼ਟ ਸੰਬੰਧੀ ਅਨੁਭਵੀ ਗਿਆਨ ਦੇ ਪ੍ਰਗਟਾਵੇ ਤੇ ਪ੍ਰਚਾਰ ਦੇ ਪਹਿਲੇ ਯਤਨ ਨਾਲ ਹੀ ਉਸ ਧਰਮ ਪਰੰਪਰਾ ਵਿਚ ਵਿਆਖਿਆ ਦਾ ਇਤਿਹਾਸ ਵੀ ਆਰੰਭ ਹੋ ਜਾਂਦਾ ਹੈ। ਇਹਨਾਂ ਅਰਥਾਂ ਵਿਚ ਕਿਸੇ ਧਾਰਮਿਕ ਸਾਹਿਤ ਦੀ ਪਰੰਪਰਾ, ਉਸ ਧਰਮ ਦੇ ਮੂਲ ਆਧਾਰ, ਰੱਬੀ ਗਿਆਨ ਦੀ ਵਿਆਖਿਆ ਦਾ ਇਤਿਹਾਸ ਧਰਮ-ਸ਼ਾਸਤਰ ਹੁੰਦਾ ਹੈ। ਵਿਆਖਿਆ ਕਿਸੇ ਧਰਮ ਗ੍ਰੰਥ ਦੇ ਵਿਸਥਾਰ ਵਿਚ ਅਰਥ ਸਮਝਾਉਣ ਵਾਲੀ ਰਚਨਾ ਨੂੰ ਕਿਹਾ ਜਾਂਦਾ ਹੈ।

ਭਾਰਤ ਵਿਚ ਧਰਮ ਅਤੇ ਧਾਰਮਿਕ ਸਾਹਿਤ ਦਾ ਇਤਿਹਾਸ ਸੰਸਾਰ ਵਿਚ ਸਭ ਤੋਂ ਵੱਧ ਪੁਰਾਣਾ ਹੈ। ਪੁਰਾਤਨ ਯੁੱਗ ਵਿਚ ਭਾਰਤ ਅੰਦਰ ਵੈਦਿਕ ਪਰੰਪਰਾ ਨੇ 'ਧਰਮ-ਸ਼ਾਸਤਰ' ਦੇ ਵਿਕਾਸ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ ਪਰ 'ਧਰਮ-ਸ਼ਾਸਤਰ' ਸ਼ਬਦ ਨੇ ਵੈਦਿਕ ਧਰਮ ਦੀਆਂ ਹੱਦਾਂ ਪਾਰ ਕਰਕੇ ਦੂਜੇ ਧਰਮਾਂ ਦੀ ਸ਼ਬਦਾਵਲੀ ਵਿਚ ਵੀ ਆਪਣੀ ਥਾਂ ਬਣਾਈ ਹੈ। ਸਮੇਂ ਨਾਲ ਵਿਆਕਰਣ, ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਵਿਸ਼ਿਆਂ ਦਾ ਪ੍ਰਮਾਣਿਕ ਅਤੇ ਵਿਧੀਪੂਰਨ ਅਧਿਐਨ ਵੀ ਸ਼ਾਸਤਰ ਅਖਵਾਉਣ ਲੱਗ ਪਿਆ। ਪਾਣਿਨੀ ਦਾ ਵਿਆਕਰਣ-ਸ਼ਾਸਤਰ, ਕੋਟਿਲਯ ਦਾ ਅਰਥ-ਸ਼ਾਸਤਰ, ਵਾਤਸਾਯਨ ਦਾ ਕਾਮ-ਸ਼ਾਸਤਰ ਆਦਿ ਇਸਦੀਆਂ ਉੱਘੀਆਂ ਮਿਸਾਲਾਂ ਹਨ।

ਡਾ. ਦਰਸ਼ਨ ਸਿੰਘ ਦਸਦੇ ਹਨ ਕਿ ਧਰਮ ਦੇ ਵੱਖ-ਵੱਖ ਪਾਸਾਰਾਂ ਦਾ ਪ੍ਰਬੰਧ ਰੂਪ ਵਿਚ ਅਧਿਐਨ ਵੱਖਰੇ-ਵੱਖਰੇ ਨਾਂ ਰੱਖ ਕੇ ਥਿਆਲੋਜੀ ਦੀ ਉਪ-ਸ਼ਾਖਾ ਵਜੋਂ ਪ੍ਰਵਾਨ ਕਰ ਲਿਆ ਗਿਆ। ਜਿਵੇਂ Exegetical Theology (ਜਿਸ ਵਿਚ ਪਵਿੱਤਰ ਗ੍ਰੰਥ ਤੇ ਉਸ ਨਾਲ ਸੰਬੰਧਿਤ ਵਿਸ਼ਿਆਂ ਦਾ ਅਧਿਐਨ ਹੁੰਦਾ ਹੈ), Historical Theology (ਧਰਮ ਦੇ ਆਰੰਭ, ਵਿਕਾਸ ਤੇ ਸਿਧਾਂਤਾਂ ਤੇ ਸੰਸਥਾਵਾਂ ਦਾ ਅਧਿਐਨ), Systematic Theology (ਪਵਿੱਤਰ ਗ੍ਰੰਥਾਂ ਵਿਚਲੇ ਸਿਧਾਂਤਾਂ ਤੇ ਇਤਿਹਾਸਕ ਸਮੱਗਰੀ ਦਾ ਵਿਧੀਗਤ ਤੇ ਪ੍ਰਬੰਧ ਰੂਪ ਅਧਿਐਨ) ਅਤੇ Practical Theology (ਉੱਪਰਲੀਆਂ ਤਿੰਨਾਂ ਵਿਧੀਆਂ ਦੁਆਰਾ ਪ੍ਰਾਪਤ ਧਰਮ ਦੇ ਅਰਥਾਂ ਦਾ ਜੀਵਨ ਅਮਲ ਨਾਲ ਸੰਬੰਧਿਤ ਅਧਿਐਨ) ਧਰਮ ਸਿਧਾਂਤਾਂ ਦੇ ਅਧਿਐਨ ਲਈ ਥਿਆਲੋਜੀ ਨਾਮ ਐਨਾ ਪ੍ਰਸਿੱਧ ਹੋ ਗਿਆ ਕਿ ਵੱਖ-ਵੱਖ ਧਰਮ ਸਿਧਾਂਤਾਂ ਦੇ ਅਧਿਐਨ ਲਈ ਧਰਮ ਦੇ ਨਾਲ ਥਿਆਲੋਜੀ

ਸਬਦ ਜੋੜ ਕੇ ਧਰਮ ਦੇ ਸਿਧਾਂਤਾਂ ਦਾ ਅਧਿਐਨ ਸ਼ੁਰੂ ਹੋ ਗਿਆ ਜਿਵੇਂ Budhist Theology, Hindu Theology, Sikh Theology ਆਦਿ। ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਥਿਆਲੋਜੀ ਮੂਲ ਰੂਪ ਵਿਚ ਇਕ ਧਾਰਮਿਕ ਵਿਸ਼ਾ ਹੈ ਜੋ ਕਿ ਕਿਸੇ ਵੀ ਧਰਮ ਦੇ ਹੱਦਾਂ ਬੰਨਿਆਂ ਵਿਚ ਰਹਿ ਕੇ ਉਸ ਧਰਮ ਦੀ ਵਿਆਖਿਆ ਕਰਦਾ ਹੈ। ਦੂਜੇ ਨਾਲ ਹੀ ਇਹ ਵਿਗਿਆਨਕ ਯਤਨ ਵੀ ਹੈ ਜੋ ਸੰਬੰਧਿਤ ਧਰਮ ਦੀਆਂ ਸੱਚਾਈਆਂ ਦਾ ਵਿਗਿਆਨਕ ਵਿਧੀ ਅਨੁਸਾਰ ਵਿਸ਼ਲੇਸ਼ਣ ਪ੍ਰਸਤੁਤ ਕਰਦਾ ਹੈ। ਆਪਣੇ ਸਰੂਪ ਕਰਕੇ ਇਹ ਵਿਸ਼ਾ 'ਧਰਮ' ਤੇ 'ਦਰਸ਼ਨ' ਜਾਂ 'ਵਿਸ਼ਵਾਸ' ਤੇ 'ਤਰਕ' ਵਿਚਕਾਰ ਮੇਲ ਸਥਾਪਿਤ ਕਰਨ ਦਾ ਕੰਮ ਕਰਦਾ ਹੈ।[210]

ਪੱਛਮੀ ਮੁਲਕਾਂ ਵਿਚ ਥਿਆਲੋਜੀ ਅਤੇ ਭਾਰਤ ਵਿਚ ਸ਼ਾਸਤਰੀ ਅਧਿਐਨ ਸਿਰਫ਼ ਧਰਮ ਨਾਲ ਹੀ ਸੰਬੰਧਿਤ ਨਾ ਰਹਿ ਕੇ ਵੱਖ-ਵੱਖ ਵਿਸ਼ਿਆਂ ਦੇ ਸੁਤੰਤਰ ਅਧਿਐਨ ਦੇ ਰੂਪ ਵਿਚ ਪ੍ਰਚਲਿਤ ਹੋ ਗਿਆ ਹੈ। ਭਾਰਤ ਅੰਦਰ ਪੱਛਮੀ ਤਰਜ਼ 'ਤੇ ਯੂਨੀਵਰਸਿਟੀਆਂ ਵਿਚ ਹੋਰ ਵਿਸ਼ਿਆਂ ਦੇ ਨਾਲ-ਨਾਲ ਧਰਮ-ਅਧਿਐਨ ਵਿਸ਼ੇ ਉੱਪਰ ਵੀ ਖੋਜ-ਕਾਰਜ ਹੋ ਰਿਹਾ ਹੈ। ਅਕਾਦਮਿਕ ਖੇਤਰ ਵਿਚ ਧਰਮ ਦੇ ਤੱਤਸਾਰ ਸੰਬੰਧੀ ਤਾਰਕਿਕ, ਵਿਧੀਪੂਰਨ ਅਤੇ ਧਰਮ ਦੇ ਅਨੁਸਾਰੀ ਖੋਜ-ਅਧਿਐਨ ਨੂੰ ਧਰਮ-ਸ਼ਾਸਤਰੀ ਅਧਿਐਨ ਕਿਹਾ ਜਾਂਦਾ ਹੈ।

### 2.6. ਸਿੱਖ ਧਰਮ ਤੇ ਧਰਮ-ਸ਼ਾਸਤਰ

ਗੁਰੂ ਨਾਨਕ ਪਾਤਸ਼ਾਹ ਜੀ ਦੇ ਧਰਤੀ 'ਤੇ ਆਉਣ ਨੂੰ ਭਾਈ ਗੁਰਦਾਸ ਜੀ ਨੇ ਸੂਰਜ ਦੇ ਚੜ੍ਹਨ ਨਾਲ ਤੁਲਨਾ ਕੀਤੀ ਹੈ। ਜਿਸ ਤਰ੍ਹਾਂ ਸੂਰਜ ਦੇ ਚੜ੍ਹਨ ਨਾਲ ਤਾਰੇ ਛੁਪ ਜਾਂਦੇ ਹਨ ਤੇ ਹਨੇਰਾ ਦੂਰ ਹੋ ਜਾਂਦਾ ਹੈ ਉਸ ਤਰ੍ਹਾਂ ਹੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਪ੍ਰਗਟ ਹੋਣ ਨਾਲ ਇਸ ਖਿੱਤੇ ਵਿਚ ਹੀ ਨਹੀਂ ਬਲਕਿ ਪੂਰੀ ਦੁਨੀਆ ਵਿਚ ਗਿਆਨ ਦਾ ਚਾਨਣ ਫੈਲ ਗਿਆ ਜਿਸ ਨੇ ਅਗਿਆਨਤਾ, ਪਾਪ, ਜ਼ੁਲਮ, ਅਨਿਆ ਤੇ ਕਰਮ-ਕਾਂਡ ਨੂੰ ਦੂਰ ਕਰਕੇ ਇਕ ਨਵੇਂ ਰੌਸ਼ਨ ਯੁੱਗ ਤੇ ਗਿਆਨ-ਪ੍ਰਬੰਧ ਦੀ ਸ਼ੁਰੂਆਤ ਕੀਤੀ। ਗੁਰੂ ਸਾਹਿਬ ਨੇ ਇਸ ਨਵ ਸਿਰਜਿਤ ਸਮਾਜੀ ਤੇ ਰੂਹਾਨੀ ਪ੍ਰਬੰਧ ਦਾ ਕੇਂਦਰ ਬਿੰਦੂ 'ਅਕਾਲ ਪੁਰਖ' ਨੂੰ ਰੱਖਿਆ।

ਸਿੱਖ ਧਰਮ ਚਿੰਤਨ ਦਾ ਇਹ ਪ੍ਰਕਾਸ਼ ਗੁਰੂ ਨਾਨਕ ਪਾਤਸ਼ਾਹ ਜੀ ਦੇ ਵੇਈਂ ਪ੍ਰਵੇਸ਼ ਨੂੰ ਮੰਨਿਆ ਜਾ ਸਕਦਾ ਹੈ। ਵੇਈਂ ਨਦੀ ਪ੍ਰਵੇਸ਼ ਦੀ ਇਸ ਬਖ਼ਸ਼ਿਸ਼ ਉਪਰੰਤ ਹੀ ਉਹਨਾਂ ਨੇ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ

---

[210] ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ 96

ਸੰਦੇਸ਼ ਦੇ ਕੇ ਨਵੇਂ ਪੰਥ ਦਾ ਸੁਨੇਹਾ ਦੇ ਕੇ ਦੱਸਿਆ ਕਿ ਮਨੁੱਖ ਨੂੰ ਬਾਹਰੀ ਧਰਮਾਂ ਦੇ ਆਧਾਰ 'ਤੇ ਵੰਡਿਆ ਨਹੀਂ ਜਾ ਸਕਦਾ। ਉਹਨਾਂ ਨੇ ਸਾਰੇ ਧਰਮ ਗ੍ਰੰਥਾਂ, ਗੁਰੂਆਂ, ਪੀਰਾਂ ਅਤੇ ਧਰਮ ਦਰਸ਼ਨਾਂ ਨੂੰ ਅਕਾਲ ਪੁਰਖ ਦਾ ਹੀ ਸੋਮਾ ਪ੍ਰਵਾਨ ਕੀਤਾ। ਗੁਰੂ ਨਾਨਕ ਪਾਤਸ਼ਾਹ ਜੀ ਦੇ ਉਪਰੋਕਤ ਸੰਦੇਸ਼ ਦਾ ਅਰਥ ਪਹਿਲਾਂ ਚੱਲੇ ਆ ਰਹੇ ਵੱਖ-ਵੱਖ ਧਰਮਾਂ ਤੇ ਨਿਰਮੂਲ ਝਗੜਿਆਂ ਨੂੰ ਸਮੇਟ ਕੇ ਸੱਚੇ ਗਿਆਨ ਦਾ ਪ੍ਰਕਾਸ਼ ਕਰਨਾ ਸੀ। ਅਕਾਲ ਪੁਰਖ ਤੋਂ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਸੱਚ ਦਾ ਜੋ ਸੁਨੇਹਾ ਮਿਲਿਆ ਉਸ ਨੂੰ ਉਜਾਗਰ ਕਰਨ ਦਾ ਅਮਲ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਲਗਾਤਾਰ ਜਾਰੀ ਰਿਹਾ। ਦੈਵੀ ਇਲਹਾਮ ਦਾ ਇਹ ਸਤਿ ਸਰੂਪ ਅਮਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਪ੍ਰਗਟ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਮਿਲਣ ਤੋਂ ਬਾਅਦ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਅਗਵਾਈ ਲੈਣ ਦਾ ਹੁਕਮ ਦਿੱਤਾ। ਗੁਰੂ ਸਾਹਿਬਾਨ ਨੇ ਬਾਣੀ ਅਤੇ ਸ਼ਬਦ ਦੇ ਅਨੁਸਾਰ ਜੀਵਨ ਜਿਉਣ ਦੀ ਇਕ ਨਵੀਂ 'ਗੁਰੂ ਜੁਗਤ' ਦੱਸੀ। ਸਿੱਖ ਧਰਮ ਦੇ ਰੂਪ ਵਿਚ ਦਰਸਾਈ ਇਹ ਗੁਰੂ-ਜੁਗਤ ਸੰਸਾਰ ਦਾ ਤਿਆਗ ਕਰਕੇ ਜੰਗਲਾਂ, ਪਹਾੜਾਂ ਜਾਂ ਤੀਰਥ ਅਸਥਾਨਾਂ ਦੀ ਥਾਂ ਸ਼ਬਦ ਦੀ ਅਗਵਾਈ ਵਿਚ ਸੰਜਮੀ ਤੇ ਸੰਤੁਲਿਤ ਜੀਵਨ ਜਿਉਣ ਦੀ ਵਿਧੀ ਹੈ। ਇਹ ਮਾਇਆ ਵਿਚ ਉਦਾਸੀ ਅਤੇ ਰਾਜ ਵਿਚ ਜੋਗ ਕਮਾਉਣ ਦਾ ਸਹਿਜ ਮਾਰਗ ਹੈ।

ਹਰੇਕ ਧਰਮ ਵਿਚ ਧਰਮ-ਸ਼ਾਸਤਰ ਦਾ ਆਪਣਾ ਇਕ ਨਿਵੇਕਲਾ ਥਾਂ ਹੁੰਦਾ ਹੈ, ਕਿਉਂਕਿ ਹਰੇਕ ਧਰਮ ਦੀ ਵਿਆਖਿਆ ਉਸ ਧਰਮ ਦੇ ਵਿਲੱਖਣ ਸਰੂਪ ਨਾਲ ਜੁੜੀ ਹੁੰਦੀ ਹੈ ਇਸ ਲਈ ਇਹ ਵਿਆਖਿਆ ਦਾ ਉੱਦਮ ਧਰਮ ਸਿਧਾਂਤਾਂ ਦੀ ਵਿਆਖਿਆ ਦੇ ਨਾਲ ਨਾਲ ਉਸ ਦੇ ਵਿਲੱਖਣ ਸਰੂਪ ਦੀ ਪਛਾਣ ਤੇ ਪੁਸ਼ਟੀ ਵੀ ਹੁੰਦਾ ਹੈ।[211] ਧਰਮ-ਸ਼ਾਸਤਰ ਦਾ ਅਰਥ ਕੇਵਲ ਪਰਮਾਤਮਾ ਬਾਰੇ ਗਿਆਨ ਪ੍ਰਾਪਤ ਕਰਨ ਤੱਕ ਹੀ ਸੀਮਿਤ ਨਹੀਂ ਰਿਹਾ ਸਗੋਂ ਇਸ ਵਿਚ ਧਰਮ ਨਾਲ ਸੰਬੰਧਿਤ ਸਮੁੱਚੇ ਸੰਕਲਪਾਂ ਦੇ ਵਿਸ਼ਵਾਸ਼ ਦਾ ਅਧਿਐਨ ਵੀ ਸ਼ਾਮਿਲ ਹੋ ਗਿਆ ਹੈ।

ਭਾਵੇਂ ਉਪਰੋਕਤ ਵਿਆਖਿਆਵਾਂ ਸਿੱਧੇ ਰੂਪ ਵਿਚ ਸਾਨੂੰ ਗੁਰਮਤਿ ਸਾਹਿਤ ਵਿਚ ਨਹੀਂ ਮਿਲਦੀਆਂ ਪਰ ਜਿਹੜੀ ਗੱਲ ਇਹਨਾਂ ਵਿਆਖਿਆਵਾਂ ਵਿਚ ਸਿਧਾਂਤਕ ਰੂਪ ਵਿਚ ਮੌਜੂਦ ਹੈ ਉਹ ਸਿੱਖ ਅਮਲ ਵਿਚ

[211] ਉਹੀ, ਪੰਨਾ 98

ਇਤਿਹਾਸ ਰਾਹੀਂ ਪ੍ਰਗਟ ਹੋਈ ਮਿਲਦੀ ਹੈ। ਅਕਸਰ ਹੀ ਵਿਦਵਾਨ ਜਿਨ੍ਹਾਂ ਸਿਧਾਂਤਾਂ ਦੀ ਨਿਸ਼ਾਨਦੇਹੀ ਕਰ ਲੈਂਦੇ ਹਨ ਅਜਿਹਾ ਕੁਝ ਵੀ ਅਧਿਆਤਮਿਕ ਅਮਲ ਵਿਚ ਪ੍ਰਾਪਤ ਨਹੀਂ ਹੁੰਦਾ ਪਰ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਵਿਚ ਜੀਵਨ ਦੇ ਸੰਪੂਰਨ ਤੱਤ ਮੌਜੂਦ ਹਨ ਕਿਉਂਕਿ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਰਾਹੀਂ ਅਤੇ ਸਮਕਾਲੀ ਗੁਰਸਿੱਖਾਂ ਨੇ ਆਪਣੇ ਸਿਦਕ ਰਾਹੀਂ ਅਜਿਹਾ ਅਮਲ ਹੰਢਾਇਆ ਹੈ। ਜਿਸ ਦੀ ਥਾਹ ਧਰਮ-ਸ਼ਾਸਤਰ ਦੇ ਸਿਧਾਂਤਾਂ ਦੀ ਪਕੜ ਤੋਂ ਵੀ ਬਾਹਰ ਰਹਿ ਜਾਂਦੀ ਹੈ। ਇਸ ਕਰਕੇ ਗੁਰਬਾਣੀ ਤੇ ਗੁਰ ਇਤਿਹਾਸ ਨਾਲ ਸੰਬੰਧਿਤ ਸਾਹਿਤ ਵਿੱਚੋਂ ਪ੍ਰਗਟ ਹੁੰਦੇ ਧਾਰਮਿਕ ਸਿਧਾਂਤਾਂ ਦੇ ਪ੍ਰਗਟਾਅ ਲਈ ਅਕਾਦਮਿਕ ਜਗਤ ਦੇ ਅਧਿਐਨ ਤੇ ਉਪਰਾਲਿਆਂ ਦੇ ਯਤਨ ਹਮੇਸ਼ਾਂ ਸੀਮਿਤ ਰਹਿਣਗੇ ਕਿਉਂਕਿ ਸਮੁੱਚਾ ਗੁਰੂ-ਅਨੁਭਵ ਤੇ ਇਤਿਹਾਸ ਦੈਵੀ ਬਖ਼ਸ਼ਿਸ਼ਾਂ ਨਾਲ ਭਰਪੂਰ ਹੈ।

ਸਿੱਖ ਧਰਮ ਦੇ ਨਿਯਮਾਂ ਤੇ ਸਿਧਾਂਤਾਂ ਦਾ ਸਰਬੋਤਮ ਸ਼ਾਸਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਭਾਵੇਂ ਗੁਰਬਾਣੀ ਦੀ ਜੁਗਤ ਧਰਮ-ਸ਼ਾਸਤਰ ਦੇ ਵਿਧੀਗਤ ਸਰੂਪ ਦੀ ਲਖਾਇਕ ਹੋਣ ਦੀ ਥਾਂ ਰਾਗ-ਬੱਧ ਤੇ ਰਸ ਭਰਪੂਰ ਹੈ ਫਿਰ ਵੀ ਇਸ ਅਗੰਮੀ ਰਚਨਾ ਵਿੱਚੋਂ ਪਰਮਾਤਮਾ, ਕੁਦਰਤ ਤੇ ਮਨੁੱਖੀ ਜੀਵਨ ਦੇ ਮਨੋਰਥ ਸੰਬੰਧੀ ਸਿਧਾਂਤ ਬਾਖੂਬੀ ਪ੍ਰਗਟ ਹੁੰਦੇ ਹਨ ਜਿਸ ਦਾ ਹਵਾਲਾ ਗੁਰਬਾਣੀ ਵਿਚ ਵੀ ਦਰਜ ਹੈ:

ਲੋਗ ਜਾਨੈ ਇਹੁ ਗੀਤ ਹੈ ਇਹ ਤਉ ਬ੍ਰਹਮ ਬੀਚਾਰ॥

ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥[212]

ਡਾ. ਦਰਸ਼ਨ ਸਿੰਘ ਗੁਰਬਾਣੀ ਦੇ ਹਵਾਲੇ ਨਾਲ 'ਸਿੱਖੀ ਸਿਧਾਂਤ' ਦੀ ਵਿਆਖਿਆ ਲਈ ਪਰੰਪਰਾ ਵਿਚ ਪ੍ਰਾਪਤ ਸ਼ਬਦ 'ਸਿੱਖੀ', 'ਗੁਰਮਤਿ', 'ਗੁਰ ਸਿੱਖੀ', 'ਗੁਰ ਦਰਸ਼ਨ' ਆਦਿ ਦਸਦੇ ਹਨ ਜੋ ਸਿੱਖ ਵਿਸ਼ਵ ਦ੍ਰਿਸ਼ਟੀ ਦੇ ਵਾਚਕ ਅਤੇ ਵਿਆਖਿਆਕਾਰ ਵਜੋਂ ਵਰਤੇ ਗਏ ਹਨ।'[213] ਡਾ. ਵਜ਼ੀਰ ਸਿੰਘ 'ਗੁਰਮਤਿ' ਦੇ ਅਰਥ ਦੱਸਦਿਆਂ ਲਿਖਦੇ ਹਨ, "ਇਹ ਸਿੱਖ ਚਿੰਤਨ ਅਤੇ ਵਿਹਾਰ ਦੇ ਸਿਧਾਂਤਕ, ਮਰਯਾਦਕ ਤੇ ਆਦੇਸ਼ਾਤਮਕ ਪਹਿਲੂਆਂ ਨੂੰ ਕਲਾਵੇ ਵਿਚ ਲੈਂਦਾ ਹੈ। ਜਿਨ੍ਹਾਂ ਸੰਕਲਪਾਂ ਉੱਤੇ ਇਹ ਸ਼ਬਦ ਲਾਗੂ ਹੁੰਦਾ ਹੈ, ਮੁੱਖ

[212] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 335

[213] ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ 99

ਰੂਪ ਵਿਚ ਉਹਨਾਂ ਦਾ ਸੰਬੰਧ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ, ਨਿਯਮਾਂ ਅਤੇ ਮੀਮਾਂਸਿਕ ਢਾਂਚੇ ਨਾਲ ਹੈ, ਜੋ ਕਿ ਗੁਰੂ ਨਾਨਕ ਅਤੇ ਉਹਨਾਂ ਦੇ ਨੌਂ ਉੱਤਰ-ਅਧਿਕਾਰੀਆਂ ਦੀ ਸਿੱਖਿਆ ਉੱਤੇ ਆਧਾਰਿਤ ਹਨ। ਨਾਲ ਹੀ ਇਹ ਸ਼ਬਦ ਸਿੱਖ ਜੀਵਨ-ਜਾਚ ਦੇ ਵਿਅਕਤੀਗਤ ਤੇ ਸਮੂਹਿਕ ਪੱਖਾਂ ਉੱਤੇ ਵੀ ਲਾਗੂ ਹੁੰਦਾ ਹੈ, ਜੋ ਕਿ ਸਮੁੱਚੇ ਤੌਰ ਤੇ ਸਿੱਖ ਇਤਿਹਾਸ ਦੀਆਂ ਪੰਜ ਸਦੀਆਂ ਵਿਚ ਵਿਕਸਿਤ ਹੋਈ ਪਰੰਪਰਾ ਦੇ ਅਨੁਸਾਰੀ ਹਨ। ਇਨ੍ਹਾਂ ਤੋਂ ਬਿਨਾਂ ਗੁਰਮਤਿ ਉਹਨਾਂ ਸੰਸਥਾਵਾਂ ਵੱਲ ਸੰਕੇਤ ਕਰਦੀ ਹੈ, ਜੋ ਗੁਰੂ ਸਾਹਿਬਾਨ ਅਤੇ ਸਿੱਖ ਭਾਈਚਾਰੇ ਨੇ ਸ਼ਰਧਾਵਾਨ ਵਿਅਕਤੀਆਂ ਦੀ ਨਿਤਾ-ਪ੍ਰਤੀ ਸੇਧ ਹਿਤ ਕਾਇਮ ਕੀਤੀਆਂ ਹਨ।"[214]

ਮਹਾਨ ਕੋਸ਼ ਅਨੁਸਾਰ 'ਗੁਰ ਦਰਸ਼ਨ' ਸ਼ਬਦ ਦਾ ਅਰਥ ਹੈ "ਗੁਰੁਸ਼ਾਸਤ੍ਰ. ਸਿੱਖ ਧਰਮ ਦੇ ਨਿਯਮਾਂ ਦਾ ਪ੍ਰਕਾਸ਼ਕ ਸ਼ਾਸਤ੍ਰ. ਸਤਿਗੁਰੂ ਦਾ ਦੀਦਾਰ."[215] ਡਾ. ਵਜ਼ੀਰ ਸਿੰਘ 'ਗੁਰ ਦਰਸ਼ਨ' ਬਾਰੇ ਦਸਦੇ ਹਨ "ਗੁਰਮਤਿ ਦਾ ਜੋ ਭਾਗ ਪ੍ਰਥਮ ਤੌਰ 'ਤੇ ਸਿੱਖ ਧਰਮ ਦੇ ਸਿਧਾਂਤਕ ਮਸਲਿਆਂ ਨਾਲ ਸੰਬੰਧਿਤ ਹੈ, ਉਸ ਨੂੰ ਗੁਰ-ਦਰਸ਼ਨ (ਭਾਵ ਗੁਰੂ ਦਾ ਫਲਸਫ਼ਾ) ਕਿਹਾ ਜਾਂਦਾ ਹੈ। ਤਕਨੀਕੀ ਸ਼ਬਦਾਂ ਵਿਚ ਗੁਰਦਰਸ਼ਨ ਹੀ ਸਿੱਖ ਮਤ ਦਾ ਧਰਮ-ਮੀਮਾਂਸਾ (ਥੀਆਲੋਜੀ) ਹੈ ਕਿਉਂਕਿ ਗੁਰਦਰਸ਼ਨ ਨੇ ਗੁਰੂ ਸਾਹਿਬਾਨ ਦੀ ਸਿੱਖਿਆ ਨਾਲ ਜੁੜੀਆਂ ਹੋਈਆਂ ਸਿਧਾਂਤਕ ਸਮੱਸਿਆਵਾਂ ਦੀ, ਵਿਧੀਵਤ ਢੰਗ ਨਾਲ, ਵਿਆਖਿਆ ਅਤੇ ਵਕਾਲਤ ਦਾ ਕਾਰਜ ਆਪਣੇ ਜ਼ਿੰਮੇਂ ਓਟ ਲਿਆ ਹੈ। ਇਹ ਸਿੱਖ ਚਿੰਤਨ ਦੇ ਹੱਕ ਵਿਚ ਦਲੀਲਾਂ ਪੇਸ਼ ਕਰਦਾ ਹੈ, ਜਿਸ ਦਾ ਉਦੇਸ਼ ਸਿੱਖੀ ਨੂੰ ਧਾਰਮਿਕ ਫ਼ਲਸਫ਼ੇ ਦੇ ਰੂਪ ਵਿਚ ਦਰਸਾਂਦਿਆਂ, ਇਸ ਦੀ ਉੱਤਮਤਾ ਸਥਾਪਿਤ ਕਰਨੀ ਹੈ, ਬਿਨਾਂ ਕਿਸੇ ਹੋਰ ਧਰਮ-ਪ੍ਰਣਾਲੀ ਦੀ ਨਿਖੇਧੀ ਕਰਨ ਦੇ। ਇਸ ਦੀ ਸਮੀਖਿਅਕ ਪਹੁੰਚ ਹੋਰਨਾਂ ਧਰਮਾਂ ਦੇ ਨਿਰੋਲ ਮਿਥਕ, ਵਹਿਮ-ਭਰਮੀ ਤੇ ਕਰਮ-ਕਾਂਡੀ ਪੱਖਾਂ ਨੂੰ ਰੱਦ ਕਰਨ ਤੱਕ ਸੀਮਤ ਹੈ, ਜੋ ਕਿ ਗੁਰਮਤਿ ਅਨੁਸਾਰ ਅਪਨਾਉਣ ਯੋਗ ਨਹੀਂ ਹਨ। ਗੁਰਦਰਸ਼ਨ ਦੀ ਰਚਨਾਤਮਕ ਪਹੁੰਚ ਵਿਚ ਸਾਰੀਆਂ ਧਾਰਮਿਕ ਪ੍ਰੰਪਰਾਵਾਂ

---

214 ਡਾ. ਵਜ਼ੀਰ ਸਿੰਘ, ਸਿੱਖ ਦਰਸ਼ਨਧਾਰਾ, ਪੰਨੇ 81-82

215 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 416

ਵਿਚ ਪ੍ਰਾਪਤ ਨੈਤਿਕ-ਅਧਿਆਤਮਿਕ ਅਗਵਾਈ ਦਾ ਸਤਿਕਾਰ ਸ਼ਾਮਿਲ ਹੈ, ਜਿਸ ਦਾ ਉਦੇਸ਼ ਮਨੁੱਖੀ ਭਲਾਈ ਤੇ ਕਲਿਆਣ ਹਿਤ ਕਾਰਜਸ਼ੀਲ ਹੋਣਾ ਹੈ।"[216]

ਉਪਰੋਕਤ ਪਰਿਭਾਸ਼ਾਵਾਂ ਵਿਚ ਦਰਸ਼ਨ ਸਿੰਘ ਜਿੱਥੇ 'ਗੁਰਮਤਿ' ਅਤੇ 'ਗੁਰ ਦਰਸ਼ਨ' ਨੂੰ 'ਸਿੱਖ ਧਰਮ-ਸ਼ਾਸਤਰ' ਦੇ ਸਮਾਨਾਰਥੀ ਸ਼ਬਦ ਦਸਦੇ ਹਨ ਉੱਥੇ ਡਾ. ਵਜ਼ੀਰ ਸਿੰਘ ਬੜੇ ਸਪਸ਼ਟ ਸ਼ਬਦਾਂ ਵਿਚ 'ਗੁਰ ਦਰਸ਼ਨ' ਨੂੰ 'ਸਿੱਖ ਧਰਮ-ਸ਼ਾਸਤਰ' ਮੰਨਦਿਆਂ ਇਸ ਨੂੰ 'ਗੁਰਮਤਿ' ਦਾ ਸਿਧਾਂਤਕ ਮਸਲਿਆਂ ਨਾਲ ਸੰਬੰਧਿਤ ਇਕ ਭਾਗ ਦਸਦੇ ਹਨ। ਇਸ ਪਰਿਭਾਸ਼ਿਕ ਔਖਿਆਈ ਨੂੰ ਸਮਝਣ ਲਈ ਸੰਖੇਪ ਵਿਚ ਸਿੱਖ ਧਰਮ ਦੇ ਵੱਖਰੇ ਸਰੂਪ ਨੂੰ ਜਾਣਨਾ ਅਤਿ ਜ਼ਰੂਰੀ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੇ ਸਮਕਾਲੀ ਸੰਸਾਰ ਦੇ ਧਰਮ ਤੇ ਰਾਜ ਦੇ ਅਸਲ ਸਰੂਪ ਨੂੰ ਉਜਾਗਰ ਕਰਨ ਲਈ ਫੋਕੇ ਕਰਮ-ਕਾਂਡਾਂ ਤੇ ਲੋਟੂ ਹਾਕਮ ਜਮਾਤ ਅਤੇ ਅਫਸਰਸ਼ਾਹੀ ਦੀ ਸਖ਼ਤ ਅਲੋਚਨਾ ਕੀਤੀ। ਉਹਨਾਂ ਨੇ ਸਿੱਧੇ ਰੂਪ ਵਿਚ ਬਾਬਰ ਵਰਗੇ ਜ਼ਾਲਮ ਹਮਲਾਵਰ ਦੇ ਮਜ਼ਲੂਮ ਲੋਕਾਈ ਉੱਪਰ ਅੱਤਿਆਚਾਰ ਨੂੰ ਵੰਗਾਰਿਆ। ਗੁਰੂ ਸਾਹਿਬ ਨੇ ਸਿਰਫ਼ ਸਮਕਾਲੀ ਪਰਿਸਥਿਤੀਆਂ ਦੀ ਅਲੋਚਨਾ ਹੀ ਨਹੀਂ ਕੀਤੀ ਸਗੋਂ ਲੁੱਟ ਅਤੇ ਦਾਬੇ ਤੋਂ ਮੁਕਤ ਇਕ ਨਵੇਂ ਰਾਜ ਦਾ ਆਦਰਸ਼ ਵੀ ਪੇਸ਼ ਕੀਤਾ ਹੈ ਤੇ ਹਰ ਮਨੁੱਖ ਨੂੰ ਸਚਿਆਰ ਅਮਲ ਲਈ ਕਿਰਤ ਕਰਨ ਤੇ ਪਰਉਪਕਾਰੀ ਜੀਵਨ ਜਿਉਣ ਦੀ ਸੇਧ ਦਿੱਤੀ। ਇਹ ਅਮਲ ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿਚ ਦਸ ਗੁਰੂ ਸਾਹਿਬਾਨ ਵੇਲੇ ਲਗਾਤਾਰ ਜਾਰੀ ਰਿਹਾ। ਇਸ ਵਡੇਰੇ ਕਾਰਜ ਦੀ ਸਫਲਤਾ ਤੇ ਪ੍ਰੇਰਨਾ ਲਈ ਗੁਰੂ ਸਾਹਿਬ, ਗੁਰੂ ਪਰਿਵਾਰ ਅਤੇ ਗੁਰਸਿੱਖਾਂ ਦੀਆਂ ਅਨੇਕਾਂ ਸ਼ਹਾਦਤਾਂ ਵੀ ਹੋਈਆਂ। ਗੁਰੂ ਸਾਹਿਬ ਨੇ ਅੰਦਰੂਨੀ ਤੇ ਬਾਹਰੀ ਕਾਇਆ ਕਲਪ ਲਈ ਧਰਮ ਦੇ ਦੈਵੀ ਸਰੂਪ ਨੂੰ ਪ੍ਰਗਟ ਕੀਤਾ। ਮਨੁੱਖ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਜੀਵਨ ਨੂੰ ਧਰਮ ਦਾ ਮੁੱਖ ਵਿਸ਼ਾ ਬਣਾਇਆ। ਪਰਮਾਤਮਾ ਦੇ ਮੂਲ ਸਰੂਪ ਤੇ ਗੁਣਾਂ ਦਾ ਜ਼ਿਕਰ ਮੂਲ-ਮੰਤਰ, ਜਪੁ ਜੀ ਸਾਹਿਬ ਵਿਚ ਤੇ ਹੋਰ ਵਿਸਥਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਵਿਚ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬ ਨੇ ਮਨੁੱਖ, ਜੀਵ ਤੇ ਪਰਮਾਤਮਾ ਦੇ ਇਸ ਰੂਹਾਨੀ ਤੇ ਦੁਨਿਆਵੀ ਸੁਮੇਲ

[216] ਡਾ. ਵਜ਼ੀਰ ਸਿੰਘ, ਸਿੱਖ ਦਰਸ਼ਨਧਾਰਾ, ਪੰਨਾ 82

ਦੀ ਪ੍ਰਕਿਰਿਆ ਨੂੰ ਜਿਸ ਅਨੁਭਵ ਰਾਹੀਂ ਵਰਣਿਤ ਕੀਤਾ ਹੈ, ਉਹ ਧਰਮ-ਸਾਸ਼ਤਰੀ ਨੁਕਤੇ ਤੇ ਬੁਨਿਆਦੀ ਸਿਧਾਂਤ ਹਨ। ਗੁਰੂ ਸਾਹਿਬ ਦਾ ਅਨੁਭਵ ਹੀ ਧਰਮ ਹੈ ਤੇ ਇਸ ਅਨੁਭਵ ਦਾ ਅਮਲ ਹੀ ਸੀ ਜਿਸ ਨੂੰ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਦੇ ਦਸ ਜਾਮਿਆਂ ਰਾਹੀਂ ਧਰਤ ਤੇ ਨਾਜ਼ਲ ਕੀਤਾ। ਇਹ ਸੁੱਚਾ ਤੇ ਸਰਬੱਤ ਦੇ ਭਲੇ ਦਾ ਅਮਲ ਹੀ ਗੁਰ ਇਤਿਹਾਸ ਅਖਵਾਉਂਦਾ ਹੈ। ਡਾ. ਦਰਸ਼ਨ ਸਿੰਘ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਲਿਖਦੇ ਹਨ "ਗੁਰਮਤਿ ਵਿਚ ਸਿੱਧਾਂਤ ਅਤੇ ਅਮਲ ਦਾ ਨਿਖੇੜਾ ਕਰਨਾ ਬਹੁਤ ਹੀ ਔਖਾ ਕੰਮ ਹੈ। ਇਸ ਕਰਕੇ ਗੁਰਮਤਿ ਇਨ੍ਹਾਂ ਦੋਵਾਂ ਪੱਖਾਂ ਨੂੰ ਨਾਲ ਲੈ ਕੇ ਚਲਦੀ ਹੈ। ਇਸਾਈ ਧਰਮ ਵਿਚ ਜੋ ਬਲ ਬੌਧਿਕ ਸਿੱਧਾਂਤਕਾਰੀ 'Dogma' ਤੇ ਹੈ ਸਿੱਖ ਧਰਮ ਵਿਚ ਉਹੀ ਬਲ ਧਾਰਮਿਕ ਅਮਲ ਤੇ ਹੈ।"[217]

ਅਠ੍ਹਾਰਵੀਂ ਅਤੇ ਉਨ੍ਹੀਵੀਂ ਸਦੀ ਵਿਚ ਗੁਰੂ ਸਾਹਿਬਾਨ ਅਤੇ ਖ਼ਾਲਸਾ ਪੰਥ ਬਾਰੇ ਰਚੇ ਗਏ ਪਰੰਪਰਾਗਤ ਇਤਿਹਾਸਕ ਗ੍ਰੰਥ 'ਸਿੱਖ ਧਰਮ-ਸ਼ਸਤਰ' ਦੇ ਸਿਧਾਂਤਾਂ ਦੀ ਪ੍ਰੋੜਤਾ ਕਰਦੇ ਵੱਡਮੁਲੇ ਸ੍ਰੋਤ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਗੁਰ ਇਤਿਹਾਸ ਵਿਚ ਤੇ ਅਠ੍ਹਾਰਵੀਂ ਸਦੀ ਦਾ ਸਿੱਖ ਇਤਿਹਾਸ ਵਿਚ ਖ਼ਾਸ ਮਹੱਤਤਾ ਰੱਖਦਾ ਹੈ। ਇਸ ਕਰਕੇ ਹੀ ਅਠਾਰਵੀਂ ਸਦੀ ਦੀਆਂ ਸਿੱਖ ਪਰੰਪਰਾਗਤ ਅਤੇ ਇਤਿਹਾਸਕ ਰਚਨਾਵਾਂ ਵਿੱਚੋਂ ਗੁਰੂ ਸਾਹਿਬ, ਉਹਨਾਂ ਦੇ ਪਰਿਵਾਰ ਅਤੇ ਸਿੰਘਾਂ ਦੇ ਸਿਧਾਂਤ ਅਤੇ ਅਮਲ ਦਾ ਵੇਰਵਾ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ ਨਵੀਂ ਰਹਿਤ ਅਤੇ ਨਵੇਂ ਸੱਭਿਆਚਾਰ ਦੀ ਨੀਂਹ ਰੱਖੀ ਜਿਸ ਦਾ ਵਰਨਣ ਰਹਿਤ-ਨਾਮਿਆਂ ਦੇ ਨਾਲ-ਨਾਲ ਸ੍ਰੀ ਗੁਰਸੋਭਾ, ਗੁਰਬਿਲਾਸ, ਬੰਸਾਵਲੀ ਨਾਮਾ, ਪੰਥ ਪ੍ਰਕਾਸ਼ ਆਦਿ ਰਚਨਾਵਾਂ ਵਿਚ ਉਘੜ ਕੇ ਸਾਹਮਣੇ ਆਉਂਦਾ ਹੈ। ਸਪਸ਼ਟ ਹੈ ਕਿ ਸਿੱਖ ਧਰਮ ਦੇ ਧਾਰਮਿਕ ਗ੍ਰੰਥਾਂ ਤੇ ਸ੍ਰੋਤਾਂ ਵਿਚ ਸਿਧਾਂਤ ਅਤੇ ਅਮਲ ਦਾ ਸਾਂਝੇ ਰੂਪ ਵਿਚ ਅਧਿਐਨ ਕੀਤਾ ਜਾਂਦਾ ਹੈ।

ਉਪਰੋਕਤ ਵਿਚਾਰ ਦੇ ਆਧਾਰ 'ਤੇ ਜੇਕਰ ਸਿੱਖ ਧਰਮ-ਸ਼ਾਸਤਰ ਦੀ ਗੱਲ ਕੀਤੀ ਜਾਵੇ ਤਾਂ ਸਿੱਖ ਪੰਥ ਦੀ ਆਪਣੀ ਸ਼ਬਦਾਵਲੀ ਵਿਚ ਸਿੱਖੀ ਗੁਰਮਤਿ, ਗੁਰਸਿੱਖੀ, ਗੁਰਦਰਸ਼ਨ, ਆਦਿ ਸ਼ਬਦ ਪ੍ਰਚਲਿਤ ਹਨ। ਇਹਨਾਂ ਸ਼ਬਦਾਂ ਨੂੰ ਆਧਾਰ ਬਣਾ ਕੇ ਸਿੱਖ ਥਿਆਲੋਜੀ ਦੀ ਵਿਸ਼ੇਸ਼ਤਾ ਅਤੇ ਮੌਲਿਕਤਾ ਨੂੰ ਸਾਹਮਣੇ ਲਿਆਉਣ ਦਾ ਯਤਨ ਸਿੱਖ ਵਿਦਵਾਨਾਂ ਵੱਲੋਂ ਸਿੱਖ ਪੰਥ ਦੇ ਜਨਮ ਤੋਂ ਲੈ ਕੇ ਹੁਣ ਤੱਕ ਹੁੰਦਾ ਰਿਹਾ ਹੈ।

---

[217] ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ 102

ਗੁਰਬਾਣੀ ਤੋਂ ਹੀ ਸਿੱਖ ਥਿਆਲੋਜੀ ਜਾਂ ਧਰਮ-ਸ਼ਾਸਤਰ ਜਾਂ ਗੁਰਮਤਿ ਦਾ ਆਰੰਭ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਤੇ ਗੁਰੂ ਸਖਸ਼ੀਅਤ ਨੂੰ ਚਿਤਰਨ ਵਾਲੇ ਇਤਿਹਾਸਕ ਸੋਮੇ ਸਿੱਖ ਚਿੰਤਨ ਦਾ ਆਧਾਰ ਹਨ। ਅੰਤ ਵਿਚ ਅਸੀਂ ਇਸ ਨਤੀਜੇ ’ਤੇ ਪੁੱਜਦੇ ਹਾਂ ਕਿ ਸਿੱਖ ਧਰਮ-ਸ਼ਾਸਤਰ ਮੁਤਾਬਿਕ ਮਨੁੱਖੀ ਜੀਵਨ ਵਿਚ ਗੁਰੂ, ਗੁਰਸਿੱਖੀ, ਸੰਗਤ, ਬ੍ਰਹਮ, ਜੀਵ, ਮੁਕਤੀ, ਸ੍ਰਿਸ਼ਟੀ, ਪਰਮਾਤਮਾ, ਮਾਇਆ, ਕਰਾਮਾਤ, ਨਾਮ, ਸਾਧਨਾ, ਸਤਿਸੰਗਤ, ਆਤਮਸਮਰਪਣ, ਰਜਾ, ਭਾਣਾ, ਹੁਕਮ, ਗ੍ਰਿਹਿਸਥ ਆਦਿ ਜ਼ਰੂਰੀ ਤੱਤ ਹਨ। ਹਥਲੇ ਖੋਜ-ਪ੍ਰਬੰਧ ਦੇ ਤੀਸਰੇ ਪਾਠ ਵਿਚ ਗੁਰਬਿਲਾਸ ਤੇ ਪ੍ਰਾਚੀਨ ਪੰਥ ਪ੍ਰਕਾਸ਼ ਗ੍ਰੰਥਾਂ ਵਿਚ ਸਿੱਖ ਅਧਿਆਤਮ, ਸਿੱਖ ਪਰੰਪਰਾ, ਸਿੱਖ ਰਹਿਤ, ਸਿੱਖ ਇਤਿਹਾਸ ਤੇ ਸਿੱਖ ਸਿਧਾਂਤਾਂ ਦਾ ਸਿੱਖ ਨੁਕਤਾ-ਨਿਗਾਹ ਤੋਂ ਵਿਧੀਗਤ ਰੂਪ ਨਾਲ ਧਾਰਮਿਕ ਵਿਸ਼ਲੇਸ਼ਣ ਕੀਤਾ ਜਾਵੇਗਾ।

### 2.7. ਰਾਜ ਦਾ ਸਿਧਾਂਤ ਤੇ ਸਰੂਪ

ਸਿੱਖ ਚਿੰਤਨ ਵਿਚ ਧਰਮ ਕੇਂਦਰੀ ਵਿਸ਼ਾ ਹੈ ਤੇ ਇਸ ਦਾ ਖੇਤਰ ਅਗਾਧ ਤੇ ਅਸੀਮ ਹੈ। ਧਰਮ ਲੌਕਿਕ ਤੇ ਪਰਾਲੌਕਿਕ ਦੋਵੇਂ ਖੇਤਰਾਂ ਨੂੰ ਪ੍ਰਭਾਵਿਤ ਕਰਦਾ ਹੈ। ਵਿਸ਼ੇਸ਼ ਗੱਲ ਹੈ ਕਿ ਸਿੱਖ ਧਰਮ ਚਿੰਤਨ ਵਿਚ ਧਰਮ ਦੇ ਇਹਨਾਂ ਦੋਵੇਂ ਖੇਤਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਗੁਰੂ ਨਾਨਕ ਪਾਤਸ਼ਾਹ ਜੀ ਅਜਿਹੇ ਧਾਰਮਿਕ ਆਗੂ ਸਨ ਜਿਨ੍ਹਾਂ ਨੇ ਧਰਮ ਦੀ ਬਣਤਰ ਵਿਚ ਰਾਜ ਦਾ ਵਿਸ਼ੇਸ਼ ਥਾਂ ਨਿਸ਼ਚਿਤ ਕੀਤਾ ਤੇ ਸੰਪੂਰਨ ਸਮਾਜ ਦੀ ਬਣਤਰ ਦਾ ਅਜਿਹਾ ਨਕਸ਼ਾ ਖਿੱਚਿਆ ਕਿ ਜਿਸ ਦੀ ਭੂਤ ਤੇ ਭਵਿੱਖ ਵਿਚ ਸਦੀਵੀ ਥਾਂ ਨਿਸ਼ਚਿਤ ਕਰ ਦਿੱਤੀ। ਉਹਨਾਂ ਦਾ ਇਹ ਵਿਲੱਖਣ ਤੇ ਨਿਆਰਾ ਕਾਰਜ ਗੁਰੂ ਪਰੰਪਰਾ ਵਿਚ ਬਾਣੀ ਤੇ ਜੀਵਨ ਅਮਲ ਰਾਹੀਂ ਪ੍ਰਗਟ ਹੁੰਦਾ ਰਿਹਾ। ਆਪਣੇ ਜੀਵਨ ਵਿਚ ਹੀ ਗੁਰੂ ਸਾਹਿਬ ਨੇ ਇਸ ਠੋਸ ਕਾਰਜ ਦੀ ਸਥਾਪਤੀ ਲਈ ਹਥਿਆਰਬੰਦ ਘੋਲ ਰਾਹੀਂ ਜੰਗਾਂ ਵੀ ਕੀਤੀਆਂ। ਗੁਰੂ ਸਾਹਿਬ ਨੇ ਧਰਮ ਦੇ ਲੌਕਿਕ ਸਰੂਪ ਵਿਚ ਰਾਜ ਨੂੰ ਅਜਿਹੇ ਸੁਚੱਜੇ ਤੇ ਸਹਿਜ ਰੂਪ ਨਾਲ ਥਾਂ ਦਿੱਤੀ ਕਿ ਜਦੋਂ ਰਾਜ ਅਤੇ ਧਰਮ ਦਾ ਇਹ ਮਾਡਲ ਪ੍ਰਤੱਖ ਰੂਪ ਵਿਚ ਵਰਤਿਆ ਤਾਂ ਦੁਨਿਆਵੀ ਜਗਤ ਸੱਚਮੁੱਚ ਬੇਗ਼ਮਪੁਰਾ ਜਾਪਣ ਲੱਗਿਆ, ਇਤਿਹਾਸ ਵਿਚ ਪਏ ਅੰਸ਼ਕ ਇਸ਼ਾਰੇ ਇਸ ਗੱਲ ਦੀ ਤਾਈਦ ਕਰਦੇ ਹਨ। ਗੁਰੂ ਸਾਹਿਬ ਦੇ ਇਸ ਰਾਜ ਦੇ ਸੰਕਲਪ ਦੀ ਬਣਤਰ ਸਮਝਣ ਤੋਂ ਪਹਿਲਾਂ ਅਸੀਂ ਰਾਜ ਦੇ ਸਰੂਪ ਬਾਰੇ ਜਾਣਨਾ ਜ਼ਰੂਰੀ ਸਮਝਦੇ ਹਾਂ।

### 2.7.1. ਰਾਜ ਦਾ ਸਿਧਾਂਤ

ਧਰਮ ਤੋਂ ਬਾਅਦ ਰਾਜ ਇਸ ਧਰਤੀ ਤੇ ਮਨੁੱਖੀ ਸਮਾਜ ਦੀ ਸਭ ਤੋਂ ਮਹੱਤਵਪੂਰਣ ਸੰਸਥਾ ਹੈ। ਰਾਜ ਦੇ ਹੋਂਦ ਵਿਚ ਆਉਣ ਨਾਲ ਹੀ ਇਸ ਦੇ ਸੰਕਲਪ ਦੀ ਵਿਆਖਿਆ ਇਕ ਅਹਿਮ ਸਮੱਸਿਆ ਦੇ ਰੂਪ ਵਿਚ ਉੱਘੜ ਕੇ ਸਾਹਮਣੇ ਆਈ। ਵੱਖ-ਵੱਖ ਰਾਜਨੀਤਿਕ ਤੇ ਦਾਰਸ਼ਨਿਕ ਚਿੰਤਕਾਂ, ਧਾਰਮਿਕ ਤੇ ਸਮਾਜਿਕ ਅਦਾਰਿਆਂ ਦਾ ਧਿਆਨ ਸ਼ੁਰੂ ਤੋਂ ਹੀ ਇਸ ਵਿਸ਼ੇ ਵੱਲ ਰਿਹਾ ਹੈ। ਸਿੱਟੇ ਵਜੋਂ ਰਾਜ ਦੇ ਸੰਕਲਪ ਦੀਆਂ ਅਣਗਿਣਤ ਵਿਆਖਿਆਵਾਂ ਅਤੇ ਰਾਜ ਦੀਆਂ ਪਰਿਭਾਸ਼ਾਵਾਂ ਹੋਂਦ ਵਿਚ ਆਈਆਂ। ਜਿਨ੍ਹਾਂ ਵਿਚ ਕੁਝ ਬੁਨਿਆਦੀ ਸਮਾਨਤਾਵਾਂ ਤੇ ਵਿਰੋਧ ਵੀ ਹਨ। ਰਾਜਨੀਤੀ ਸ਼ਾਸਤਰ ਵਿਸ਼ੇ ਦੇ ਅਧਿਐਨ ਦਾ ਮੂਲ ਸਰੋਕਾਰ ਹੀ ਇਹ ਹੈ ਕਿ ਇਕ ਆਦਰਸ਼ ਤੇ ਨਿਆਂਪੂਰਕ ਰਾਜ ਕਿਹੋ ਜਿਹਾ ਹੋਵੇ? ਇਸ ਨੂੰ ਲੈ ਕੇ ਵੱਖ-ਵੱਖ ਦ੍ਰਿਸ਼ਟੀਆਂ ਤੋਂ ਹੋਈ ਬਹਿਸ ਤੇ ਵਿਆਖਿਆ ਕਿਸੇ ਇਕ ਅੰਤਿਮ ਨਿਰਣੇ ਤੇ ਨਹੀਂ ਪੁੱਜ ਸਕੀ। ਇਸ ਵਿਆਖਿਆ ਨੇ ਰਾਜ ਸੰਬੰਧੀ ਬਹੁਤ ਸਾਰੀਆਂ ਧਾਰਨਾਵਾਂ ਨੂੰ ਜਨਮ ਦਿੱਤਾ।

### 2.7.2. ਪੱਛਮੀ ਰਾਜ ਚਿੰਤਨ ਪ੍ਰਣਾਲੀ

ਪੱਛਮੀ ਰਾਜਨੀਤਿਕ ਚਿੰਤਨ ਦੀ ਸ਼ੁਰੂਆਤ ਦਾ ਮੁੱਢ ਯੂਨਾਨੀ ਦਰਸ਼ਨ ਨਾਲ ਬੱਝਦਾ ਹੈ। ਪਲੈਟੋ ਤੇ ਅਰਸਤੂ ਯੂਨਾਨੀ ਦਰਸ਼ਨ ਦੇ ਮੁਢਲੇ ਚਿੰਤਕ ਹਨ। ਇਹਨਾਂ ਦਾ ਸਮੁੱਚਾ ਚਿੰਤਨ ਰਾਜਨੀਤੀ ਦਰਸ਼ਨ ਵਿਚ ਪ੍ਰਤੀਕ ਬਣ ਗਿਆ। ਇਸ ਕਰਕੇ ਹੀ ਉਹਨਾਂ ਦੁਆਰਾ ਦਰਸਾਈ ਰਾਜ ਦੇ ਸੰਕਲਪ ਦੀ ਛਾਪ ਅੱਜ ਤੱਕ ਦੇ ਰਾਜਨੀਤਿਕ ਚਿੰਤਨ ਉੱਤੇ ਸਪਸ਼ਟ ਨਜ਼ਰ ਆਉਂਦੀ ਹੈ। ਸਮੁੱਚੇ ਰੂਪ ਵਿਚ ਯੂਨਾਨੀ ਵਿਚਾਰਧਾਰਾ ਰਾਜ ਨੂੰ ਇਕ ਸੁਭਾਵਿਕ, ਅਤਿ-ਜ਼ਰੂਰੀ ਅਤੇ ਨੈਤਿਕ ਸੰਸਥਾ ਮੰਨਦੀ ਹੈ। ਜਿਸ ਤਰ੍ਹਾਂ ਮਨੁੱਖ ਲਈ ਪਰਿਵਾਰ ਸੁਭਾਵਿਕ ਹੈ, ਉਸੇ ਪ੍ਰਕਾਰ ਉਸ ਲਈ ਰਾਜ ਵੀ ਸੁਭਾਵਕ ਹੈ। ਪਲੈਟੋ ਦਾ ਆਦਰਸ਼ਕ ਰਾਜ, ਨਿਆਂ ਦੇ ਸੰਕਲਪ ਨਾਲ ਜੁੜਿਆ ਹੋਇਆ ਹੈ। ਨਿਆਂ ਦਾ ਬੰਧਨ ਅਸਲ ਵਿਚ ਸਮਾਜ ਨੂੰ ਇਕੱਠਿਆਂ ਰਖਦਾ ਹੈ।[218] ਪਲੈਟੋ ਲਈ

[218] George H. Sabine, A History of Political Theory, p 77

ਨਿਆਂ ਦਾ ਸੰਕਲਪ ਇਕ ਆਤਮਾ ਦਾ ਗੁਣ ਹੈ ਜਿਹੜਾ ਮਨੁੱਖ ਨੂੰ ਸਵਾਰਥ ਸਿੱਧੀ ਤੋਂ ਮੋੜ ਕੇ ਆਮ ਭਲਾਈ ਨਾਲ ਜੋੜਦਾ ਹੈ।[219] ਰਾਜ ਦੇ ਇਸ ਸੰਕਲਪ ਨੇ ਮਗਰੋਂ ਹੋਏ ਰਾਜਨੀਤਿਕ ਚਿੰਤਨ ਨੂੰ ਕਾਫ਼ੀ ਪ੍ਰਭਾਵਿਤ ਕੀਤਾ।

ਅਰਸਤੂ ਇਹ ਸਿੱਟਾ ਕੱਢਦਾ ਹੈ ਕਿ ਰਾਜ ਪ੍ਰਾਕ੍ਰਿਤਕ ਸੰਸਥਾ ਹੈ ਅਤੇ ਮਨੁੱਖ ਸੁਭਾਉ ਵਜੋਂ ਰਾਜਨੀਤਿਕ ਜੀਵ ਹੈ।[220] ਇਸ ਕਰਕੇ ਹੀ ਅਰਸਤੂ ਰਾਜ ਨੂੰ ਵਿਅਕਤੀ ਅਤੇ ਪਰਿਵਾਰ ਤੋਂ ਵੀ ਪਹਿਲਾਂ ਦੀ ਸੁਭਾਵਿਕ ਸੰਸਥਾ ਮੰਨਦਾ ਹੈ। ਅਰਸਤੂ ਨਿਆਂ ਨੂੰ ਰਾਜ ਦਾ ਧੁਰਾ ਮੰਨਦਾ ਹੈ ਤੇ ਅਰਸਤੂ ਦਾ ਆਦਰਸ਼ਕ ਰਾਜ ਕਾਨੂੰਨ ਦੁਆਰਾ ਸ਼ਾਸਤ ਰਾਜ ਹੈ। ਇਸ ਕਰਕੇ ਅਰਸਤੂ ਕਾਨੂੰਨ ਨੂੰ ਰਾਜਨੀਤਿਕ ਤੇ ਨੈਤਿਕ ਜੀਵਨ ਲਈ ਇਕ ਜ਼ਰੂਰੀ ਸ਼ਰਤ ਸਮਝਦਾ ਹੈ।[221]

ਰੋਮਨ ਵਿਚਾਰਕ ਸਿਸੇਰੋ ਰਾਜ ਨਾਲ ਸੰਬੰਧਿਤ ਤਿੰਨ ਵਿਸ਼ੇਸ਼ ਤੱਥਾਂ ਦਾ ਜ਼ਿਕਰ ਕਰਦਾ ਹੈ-ਪ੍ਰਕ੍ਰਿਤਕ ਕਾਨੂੰਨ ਤੇ ਪ੍ਰਾਕ੍ਰਿਤਕ ਸਮਤਾ ਵਿਚ ਵਿਸ਼ਵਾਸ ਅਤੇ ਇਹ ਮਾਨਤਾ ਕਿ ਰਾਜ ਇਕ ਸੁਭਾਵਕ ਸੰਸਥਾ ਹੈ। ਸਿਸੇਰੋ ਅਨੁਸਾਰ ਮਨੁੱਖ ਦੁਆਰਾ ਬਣਾਏ ਗਏ ਸਾਰੇ ਕਾਨੂੰਨਾਂ ਦੇ ਪਿਛੋਕੜ ਵਿਚ ਇਕ ਸਰਵਉੱਚ ਪ੍ਰਕ੍ਰਿਤਕ ਕਾਨੂੰਨ ਵਿਦਮਾਨ ਹੈ। ਪ੍ਰਕ੍ਰਿਤਕ ਸਮਤਾ ਬਾਰੇ ਉਸ ਦਾ ਵਿਚਾਰ ਹੈ ਕਿ ਮਨੁੱਖਾਂ ਵਿਚਕਾਰ ਪਰਸਪਰ ਭੇਦ ਘਟ ਹੈ ਅਤੇ ਸਮਾਨਤਾ ਜ਼ਿਆਦਾ, ਅਤੇ ਸਾਰੇ ਮਨੁੱਖਾਂ ਨੂੰ ਪ੍ਰਕ੍ਰਿਤੀ ਨੇ ਵਿਵੇਕ ਸੰਪੰਨ ਬਣਾਇਆ ਹੈ। ਇਸ ਲਈ ਉਹਨਾਂ ਦੇ ਪ੍ਰਕਾਰ ਵਿਚ ਭੇਦ ਨਹੀਂ ਹੁੰਦਾ ਭਾਵੇਂ ਵਿਵੇਕ ਦੀ ਮਾਤਰਾ ਘਟ-ਵਧ ਹੋ ਸਕਦੀ ਹੈ। ਰਾਜ ਨੂੰ ਸਿਸੇਰੋ ਸੁਭਾਵਿਕ ਸੰਸਥਾ ਮੰਨਦਾ ਹੈ ਅਤੇ ਉਸ ਦਾ ਵਿਸ਼ਵਾਸ ਹੈ ਪ੍ਰਾਕ੍ਰਿਤਕ ਕਾਨੂੰਨਾਂ ਅਤੇ ਪ੍ਰਾਕ੍ਰਿਤਕ ਸਮਤਾ ਵਾਲਾ ਰਾਜ, ਮਨੁੱਖ ਦੀ ਮੂਲ ਸਮਾਜਿਕ ਪ੍ਰਵਿਰਤੀ ਦੀ ਸੁਭਾਵਿਕ ਉਪਜ ਹੈ।[222]

ਈਸਾਈਅਤ ਨੇ ਇਕ ਲੋਕ ਵਿਸ਼ਵਾਸ ਨੂੰ ਜਨਮ ਦਿੱਤਾ ਕਿ ਰੋਮ ਦਾ ਸਾਮਰਾਜ ਈਸ਼ਵਰ ਨੇ ਸਥਾਪਿਤ ਕੀਤਾ ਹੈ। ਰਾਜ ਦੇ ਸੰਕਲਪ ਦੇ ਇਤਿਹਾਸ ਵਿਚ ਈਸਾਈਅਤ ਦੀ ਧਾਰਣਾ ਪੇਸ਼ ਕਰਨ ਵਾਲੇ ਪਹਿਲੇ ਵਿਚਾਰਕਾਂ ਵਿੱਚੋਂ ਸੰਤ ਅਗਸਤਾਈਨ ਪ੍ਰਮੁੱਖ ਹਨ। ਉਹਨਾਂ ਨੇ ਆਪਣੀ ਪੁਸਤਕ 'ਰੱਬ ਦੇ ਨਗਰ' (City of

---

[219] Ernest Barker, Greek Political Theory, pp 209-210

[220] ਪ੍ਰਦੀਪ ਸਚਦੇਵਾ, ਪੱਛਮੀ ਰਾਜਨੀਤਿਕ ਚਿੰਤਨ, ਪੰਨਾ 109

[221] ਉਹੀ, ਪੰਨਾ 126

[222] Raymond G. Gettell, History of Political Thought, pp 74-75

God) ਵਿਚ ਸੰਸਾਰ ਉੱਪਰ ਰੱਬੀ ਨਗਰ ਉਸਾਰਨ ਦੀ ਕਲਪਨਾ ਕੀਤੀ ਹੈ। ਚਰਚ ਅਧੀਨ ਸੱਚੇ ਈਸਾਈਆਂ ਦਾ ਸੰਗਠਨ ਸੰਸਾਰ ਵਿਚ ਇਸ ਰੱਬੀ ਨਗਰ ਦਾ ਨਿਰਮਾਣ ਕਰਦਾ ਹੈ।[223] ਸੰਤ ਅਗਸਤਾਈਨ ਦੇ ਇਸ ਰੱਬੀ ਨਗਰ ਦੇ ਸੰਕਲਪ ਨੇ ਆਉਣ ਵਾਲੀਆਂ ਕਈ ਸਦੀਆਂ ਤੱਕ ਰਾਜਨੀਤਿਕ ਵਿਚਾਰ-ਪ੍ਰਵਾਹ ਨੂੰ ਪ੍ਰਭਾਵਿਤ ਕੀਤਾ।

ਪੰਜਵੀਂ ਸ਼ਤਾਬਦੀ ਦੇ ਅੰਤ ਵਿਚ ਪੋਪ ਜਿਲੇਸ਼ਿਅਸ ਪ੍ਰਥਮ ਨੇ ਸੰਸਾਰਕ ਅਤੇ ਅਧਿਆਤਮਕ ਸੱਤਾ ਦੋ ਕਿਰਪਾਨਾਂ ਦੇ ਸਿਧਾਂਤ ਨੂੰ ਆਪਣੀ ਸਵੀਕ੍ਰਿਤੀ ਪ੍ਰਦਾਨ ਕੀਤੀ।[224] ਉਸ ਅਨੁਸਾਰ ਅਧਿਆਤਮਕ ਖੇਤਰ ਵਿਚ ਸਮਰਾਟ ਨੂੰ ਆਪਣੀ ਇੱਛਾ ਦਾ ਚਰਚ ਦੇ ਸਨਮੁਖ ਸਮਰਪਣ ਕਰਨਾ ਚਾਹੀਦਾ ਹੈ।[225] ਅਧਿਆਤਮਕ ਖੇਤਰ ਦੀ ਪ੍ਰਭੂਤਾ ਨਾਲ ਬਹੁਤ ਸਾਰੀਆਂ ਸ਼ਕਤੀਆਂ ਤੇ ਅਧਿਕਾਰ ਚਰਚ ਦੇ ਹੱਥਾਂ ਵਿਚ ਆ ਗਏ।[226] ਤੇਰਵ੍ਹੀਂ ਸ਼ਤਾਬਦੀ ਵਿਚ ਚਰਚ ਰਾਜਸੀ ਸ਼ਕਤੀਆਂ ਦੀ ਸਿਖਰ ’ਤੇ ਪਹੁੰਚ ਗਿਆ।[227] ਬਾਰਵ੍ਹੀਂ ਸ਼ਤਾਬਦੀ ਵਿਚ 'ਸਾਲਸਬਰੀ ਦੇ ਜਾਨ’ ਨੇ ਇਕ ਐਸੇ ਆਦਰਸ਼-ਰਾਜ ਦਾ ਸੰਕਲਪ ਦਿੱਤਾ ਜਿਸ ਵਿਚ ਲੌਕਿਕ ਸੱਤਾ, ਅਧਿਆਤਮਕ ਸੱਤਾ ਅਧੀਨ ਹੋਵੇ। ਉਸ ਅਨੁਸਾਰ ਜਿਸ ਰਾਜਾ ਦਾ ਆਚਰਣ ਧਰਮ ਦੇ ਵਿਰੁਧ ਹੋਵੇ, ਉਹ ਅਤਿਆਚਾਰੀ ਹੋ ਜਾਂਦਾ ਹੈ ਅਤੇ ਐਸੇ ਰਾਜਾ ਪਾਸੋਂ ਮੁਕਤੀ ਪ੍ਰਾਪਤ ਕਰਨਾ ਆਵਸ਼ਕ ਹੈ।[228] ਸੰਤ ਟਾਮਸ ਏਕਵਿਨਾਸ ਨੇ ਚਰਚ ਦੇ ਸਿਧਾਂਤਾਂ ਅਤੇ ਵਿਵੇਕਪੂਰਣ ਦਰਸ਼ਨ ਵਿਚਕਾਰ ਇਕ ਹੋਰ ਧਾਰਾ ਸਥਾਪਿਤ ਕਰਨ ਦਾ ਪ੍ਰਯਤਨ ਕੀਤਾ। ਉਸ ਦਾ ਵਿਸ਼ਵਾਸ ਸੀ ਕਿ ਲੌਕਿਕ ਸੱਤਾ ਦੇ ਧਾਰਣੀ ਰਾਜਿਆਂ ਨੂੰ ਰਾਜ-ਪ੍ਰਬੰਧ ਇਸ ਤਰ੍ਹਾਂ ਚਲਾਉਣਾ ਚਾਹੀਦਾ ਹੈ ਕਿ ਉਸ ਨਾਲ ਰੱਬੀ-ਇੱਛਾ ਪੂਰੀ ਹੋਵੇ।[229] ਇਟੇਲੀਅਨ ਵਿਚਾਰਕ ਦਾਂਤੇ ਨੇ

---

[223] George H. Sabine, A History of Political Theory, p 169

[224] Ibid, p 173

[225] Ibid, p 174

[226] Raymond G. Gettell, History of Political Thought, p 100

[227] Ibid, p 101

[228] Ibid, pp 111-112

[229] Ibid, p 114

ਪੋਪ ਦੀ ਸਰਵਉੱਚਤਾ ਦੇ ਸਿੱਧਾਂਤ ਦਾ ਵਿਰੋਧ ਕੀਤਾ ਅਤੇ ਸਪਸ਼ਟ ਕੀਤਾ ਕਿ ਸਮਰਾਟ ਨੂੰ ਦੁਨਿਆਵੀ ਸੱਤਾ ਸਿੱਧੇ ਰੂਪ ਵਿਚ ਰੱਬ ਪਾਸੋਂ ਪ੍ਰਾਪਤ ਹੋਈ ਹੈ।[230]

ਮੈਕਿਆਵਿਲੀ ਦੇ ਮਤ ਅਨੁਸਾਰ ਰਾਜ ਇਕ ਮਾਨਵੀ ਸੰਸਥਾ ਹੈ ਜਿਸ ਦੀਆਂ ਲੋੜਾਂ ਪੂਰੀਆਂ ਕਰਨ ਲਈ ਧਰਮ ਅਤੇ ਨੈਤਿਕਤਾ ਦਾ ਤਿਆਗ ਕੀਤਾ ਜਾ ਸਕਦਾ ਹੈ। ਉਸ ਦਾ ਵਿਸ਼ਵਾਸ ਹੈ ਕਿ ਰਾਜ ਨੂੰ ਆਪਣੇ ਖੇਤਰ ਦਾ ਵਿਸਥਾਰ ਕਰਨਾ ਚਾਹੀਦਾ ਹੈ, ਨਹੀਂ ਤਾਂ ਉਸ ਦਾ ਨਾਸ ਨਿਸ਼ਚਿਤ ਹੈ।[231] ਸੁਧਾਰਵਾਦੀ ਮਾਰਟਿਨ ਲੂਥਰ ਰਾਜਨੀਤਿਕ ਵਿਚਾਰ ਨੂੰ ਧਾਰਮਿਕ ਸੱਤਾ ਨਾਲੋਂ ਜਿਆਦਾ ਉੱਤਮ ਮੰਨ ਕੇ ਰਾਜ ਨੂੰ ਪਵਿੱਤਰ ਤੇ ਰਾਜੇ ਨੂੰ ਰੱਬ ਪ੍ਰਤੀ ਜਵਾਬਦੇਹ ਮੰਨਦਾ ਹੈ।[232] ਫਰਾਸ ਦੇ ਜਾਂ ਬੋਦਾਂ ਨੇ ਪਹਿਲੀ ਵਾਰ ਰਾਜ ਦੀ ਪ੍ਰਭੁਸੱਤਾ ਦੀ ਕਾਨੂੰਨੀ ਵਿਆਖਿਆ ਕਰਕੇ ਇਕ ਸੰਪੂਰਣ ਪ੍ਰਭੁਤਾ-ਸੰਪੰਨ ਰਾਜ ਦਾ ਸੰਕਲਪ ਪੇਸ਼ ਕੀਤਾ। ਰਾਜ ਸਮਾਜਿਕ ਸੰਗਠਨ ਦਾ ਅੰਤਿਮ ਰੂਪ ਹੈ ਅਤੇ ਸਰਵਉੱਚ ਸੱਤਾ ਦਾ ਧਾਰਣੀ ਹੈ।[233]

ਟਾਮਸ ਹਾੱਬਸ ਦਾ ਮੱਤ ਹੈ ਕਿ ਰਾਜ ਦੀ ਕਾਇਮੀ ਲਈ ਲੋਕ ਆਪਸ ਵਿਚ ਇਕ ਦੂਜੇ ਨਾਲ ਸਮਝੌਤਾ ਕਰਦੇ ਹਨ ਅਤੇ ਇਕ ਐਸੀ ਪ੍ਰਭੁਤਾ-ਸੰਪੰਨ ਸ਼ਕਤੀ ਦੀ ਸਥਾਪਨਾ ਹੁੰਦੀ ਹੈ ਜਿਸ ਨੂੰ ਸੰਪੂਰਣ ਸੱਤਾ ਸੌਂਪੀ ਜਾ ਸਕਦੀ ਹੈ। ਇਸ ਤਰ੍ਹਾਂ ਲੋਕ ਆਪਸ ਵਿਚ ਸਮਝੌਤਾ ਕਰਕੇ ਰਾਜ ਸੱਤਾ ਇਕ ਵਿਅਕਤੀ ਜਾਂ ਇਕ ਵਿਅਕਤੀ-ਸਮੂਹ ਨੂੰ ਸੌਂਪਦੇ ਹਨ।[234] ਜਾਨ ਲਾੱਕ ਦੇ ਸਮਾਜਿਕ ਸਮਝੌਤੇ ਵਿਚ ਸੱਤਾ ਇਕ ਵਿਅਕਤੀ ਜਾਂ ਸਮੂਹ ਨੂੰ ਨਹੀਂ ਬਲਕਿ ਸੰਪੂਰਣ ਸਮਾਜ ਨੂੰ ਸੌਂਪੀ ਗਈ ਅਤੇ ਇਸ ਪ੍ਰਕਾਰ ਇਕ ਪ੍ਰਜਾਤਾਂਤ੍ਰਿਕ ਸੰਪ੍ਰਭੁਤਾ ਦਾ ਸੰਕਲਪ ਉਜਾਗਰ ਹੋਇਆ।[235]

---

[230] George H. Sabine, A History of Political Theory, p 225

[231] History of Political Thought, Raymond G. Gettell, pp 140-141

[232] Ibid, p 151

[233] Raymond G. Gettell, History of Political Thought, p 181

[234] Andrew Heywood, Politics, Palgrave MacMillan, New York, 2007, pp 93-94

[235] Ibid, pp 93-94

ਫਰਾਂਸ ਦੇ ਵਿਚਾਰਕ ਰੂਸੋ ਦੇ ਸਮਾਜਿਕ ਸਮਝੌਤੇ ਅਨੁਸਾਰ ਰਾਜ ਸੱਤਾ ਸਾਰੇ ਸਮਾਜ ਨੂੰ ਪ੍ਰਾਪਤ ਹੁੰਦੀ ਹੈ ਅਤੇ ਹਰ ਮਨੁੱਖ ਇਸ ਸੱਤਾ ਦਾ ਹਿੱਸੇਦਾਰ ਹੁੰਦਾ ਹੈ। ਇਸ ਤਰ੍ਹਾਂ ਰੂਸੋ ਇਕ ਐਸੇ ਰਾਜ ਦਾ ਸੰਕਲਪ ਦਿੰਦਾ ਹੈ ਜਿਸ ਵਿਚ ਰਾਜ ਸੱਤਾ ਲੋਕਾਂ ਵਿਚ ਸਮਾਈ ਹੋਈ ਹੈ।[236] ਜਰਮਨ ਦੇ 'ਵਿਚਾਰਵਾਦੀ ਵਿਚਾਰਕ' ਹੀਗਲ ਦਾ ਮੱਤ ਸੀ ਕਿ ਰਾਜ ਸਭ ਤੋਂ ਉੱਚੀ ਸੰਸਥਾ ਹੈ ਵਿਅਕਤੀ ਦਾ ਜੀਵਨ ਵੀ ਅਸਲ ਵਿਚ ਰਾਜ ਵਿਚ ਹੀ ਸੰਭਵ ਹੈ, ਰਾਜ ਤੋਂ ਬਾਹਰ ਉਸ ਦਾ ਕੋਈ ਵਾਸਤਵਿਕ ਅਸਤਿੱਤਵ ਨਹੀਂ। ਰਾਜ, ਧਰਤੀ ਉਤੇ ਦੈਵੀ ਸੰਕਲਪ ਦਾ ਅਸਤਿੱਤਵ ਹੈ।[237]

ਵਿਅਕਤੀਵਾਦੀ, ਉਦਾਰਵਾਦੀ ਅਤੇ ਉਪਯੋਗਤਾਵਾਦੀ ਵਿਚਾਰਧਾਰਾ ਦੀ ਰਾਜਨੀਤਿਕ ਚਿੰਤਨ ਵਿਚ ਕਾਫ਼ੀ ਲੰਮੀ ਪਰੰਪਰਾ ਰਹੀ ਹੈ। ਇਹ ਤਿੰਨੇ ਵਿਚਾਰਧਾਰਾਵਾਂ ਇਕ ਦੂਜੀ ਨਾਲ ਜੁੜੀਆਂ ਹੋਈਆਂ ਹਨ ਅਤੇ ਇਹਨਾਂ ਵਿਚਾਰਧਾਰਾਵਾਂ ਨਾਲ ਸਬੰਧਤ ਵਿਚਾਰਕ ਵੀ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਇਸ ਪਰੰਪਰਾ ਦੇ ਪ੍ਰਥਮ ਵਿਚਾਰਕ ਐਡਮ ਸਮਿਥ ਨੇ ਆਰਥਿਕ ਵਿਅਕਤੀਵਾਦ ਦਾ ਸਿਧਾਂਤ ਦੇ ਕੇ ਰਾਜ ਦੇ ਕਾਰਜ-ਖੇਤਰ ਨੂੰ ਨਿਯੰਤ੍ਰਿਤ ਕਰਨ ਦਾ ਵਿਚਾਰ ਦਿੱਤਾ।[238] ਉਪਯੋਗਤਾਵਾਦੀ ਵਿਚਾਰਧਾਰਾ ਕਾਫ਼ੀ ਹੱਦ ਤੱਕ ਵਿਹਾਰਕ ਹੈ ਅਤੇ ਇਸ ਅਨੁਸਾਰ ਕਿਸੇ ਵੀ ਸੰਸਥਾ ਨੂੰ ਉਪਯੋਗਤਾ ਦੇ ਆਧਾਰ ’ਤੇ ਆਂਕਣਾ ਚਾਹੀਦਾ ਹੈ। ਰਾਜ ਦਾ ਅਸਤਿੱਤਵ ਵੀ ਇਸ ਲਈ ਹੈ ਕਿ ਉਸ ਦੀ ਮਨੁੱਖੀ ਸਮਾਜੀ-ਜੀਵਨ ਵਿਚ ਆਪਣੀ ਉਪਯੋਗਤਾ ਹੈ। ਇਸ ਵਿਚਾਰਧਾਰਾ ਦੇ ਮੁੱਖ ਵਿਚਾਰਕ ਜੇਰੋਮੀ ਬੈਂਥਮ, ਜੇਮਸ ਮਿਲ ਅਤੇ ਜਾਨ ਸਟੂਅਰਟ ਹਨ। ਇਹਨਾਂ ਵਿਚਾਰਕਾਂ ਨੂੰ ਉਦਾਰਵਾਦੀ ਵੀ ਕਿਹਾ ਜਾਂਦਾ ਹੈ।[239]

ਹਰਬਰਟ ਸਪੈਂਸਰ ਨੇ ਜਾੱਨ ਸਟੂਅਰਟ ਮਿਲ ਦੇ ਸਕਾਰਾਤਮਕ ਉਦਾਰਵਾਦੀ ਵਿਚਾਰਾਂ ਦਾ ਰੁਖ਼ ਫਿਰ ਮੋੜ ਦਿੱਤਾ ਅਤੇ ਪੂਰਣ ਵਿਅਕਤੀਵਾਦ ਦਾ ਸਿਧਾਂਤ ਪੇਸ਼ ਕੀਤਾ। ਉਸ ਨੇ ਜੀਵ-ਵਿਗਿਆਨ ਵਿਚ ਡਾਰਵਿਨ ਦੇ ‘ਵਿਕਾਸ ਦੇ ਸਿਧਾਂਤ’ ਨੂੰ ਸਮਾਜ ਉਤੇ ਲਾਗੂ ਕੀਤਾ ਅਤੇ ਇਸ ਸਿਧਾਂਤ ਅਨੁਸਾਰ ਗਰੀਬ ਅਤੇ

---

[236] MauriceCranston, Introduction to J. J. Rousseau, The Social Contract, p 30

[237] William Ebenstein, Modern Political Thought, p 323

[238] Robert Jackson and George Sorenson, Introduction to International Relations, pp 57-58

[239] Carole Pateman, Participation and Democratic Theory, p 17

ਪਿਛੜੇ ਲੋਕਾਂ ਨੂੰ ਹਰ ਕਿਸਮ ਦੀ ਸਹਾਇਤਾ ਦੇਣ ਤੋਂ ਰਾਜ ਨੂੰ ਵਰਜਿਤ ਕੀਤਾ।[240] ਅੰਗਰੇਜ਼ ਵਿਦਵਾਨ ਟੀ.ਐਚ. ਗ੍ਰੀਨ ਦਾ ਮਤ ਸੀ ਕਿ ਰਾਜ ਵਿਚ ਹੀ ਮਨੁੱਖ ਦਾ ਵਿਅਕਤਿੱਤਵ ਵਿਕਸਿਤ ਹੋ ਸਕਦਾ ਹੈ ਅਤੇ ਰਾਜ ਵਿਚ ਸਕਾਰਾਤਮਕ ਤੇ ਸਾਰਥਿਕ ਸੁਤੰਤਰਤਾ ਨਾਲ ਹੀ ਮਨੁੱਖ ਸਮਾਜ-ਕਲਿਆਣ ਵਿਚ ਹਿੱਸਾ ਪਾ ਸਕਦਾ ਹੈ।[241]

ਇਸ ਤਰ੍ਹਾਂ ਇਹ ਸਪਸ਼ਟ ਹੈ ਕਿ ਸ਼ੁਰੂਆਤ ਵਿਚ ਉਦਾਰਵਾਦੀ ਵਿਦਵਾਨ ਰਾਜ ਨੂੰ ਆਵਸ਼ਕ ਬੁਰਾਈ (Necessary Evil) ਮੰਨਦੇ ਸਨ ਅਤੇ ਰਾਜ ਦੇ ਸਿਰਫ਼ ਨਕਾਰਾਤਮਕ ਕਾਰਜਾਂ (Negative Functions) ਦੇ ਹਾਮੀ ਸਨ। ਇਹਨਾਂ ਵਿਚਾਰਕਾਂ ਨੇ ਰਾਜ ਨੂੰ 'ਪੁਲਿਸ ਰਾਜ' (Police State) ਬਣਾ ਦਿੱਤਾ ਸੀ ਪਰ ਸਮਾਂ ਪਾ ਕੇ ਉਦਾਰਵਾਦੀਆਂ ਨੇ ਸਕਾਰਾਤਮਕ ਰਵੱਈਆ ਅਪਣਾ ਲਿਆ ਅਤੇ ਰਾਜ ਨੂੰ ਮਨੁੱਖ ਲਈ ਲਾਭਕਾਰੀ ਅਤੇ ਉਪਯੋਗੀ ਸੰਸਥਾ ਮੰਨਣਾ ਆਰੰਭ ਕਰ ਦਿੱਤਾ। ਰਾਜ ਦੇ ਕਾਰਜਾਂ ਬਾਰੇ ਵੀ ਇਹਨਾਂ ਉਦਾਰਵਾਦੀਆਂ ਨੇ ਆਪਣਾ ਦ੍ਰਿਸ਼ਟੀਕੋਣ ਬਦਲ ਲਿਆ ਅਤੇ ਕਿਸੇ ਹੱਦ ਤੱਕ ਕਲਿਆਣਕਾਰੀ ਰਾਜ ਦੇ ਸੰਕਲਪ ਦੇ ਨੇੜੇ ਤੇੜੇ ਪੁੱਜ ਗਏ।[242]

ਵਿਅਕਤੀਵਾਦੀ, ਉਦਾਰਵਾਦੀ ਅਤੇ ਉਪਯੋਗਤਾਵਾਦੀ ਵਿਚਾਰਧਾਰਾ ਦੇ ਵਿਰੋਧ ਵਿਚ ਉਭਰਨ ਵਾਲੇ ਰਾਜ ਬਾਰੇ ਮਾਰਕਸਵਾਦੀ ਵਿਚਾਰਧਾਰਾ ਦਾ ਰਾਜਨੀਤਿਕ ਚਿੰਤਨ ਦੇ ਇਤਿਹਾਸ ਵਿਚ ਆਪਣਾ ਸਥਾਨ ਹੈ। ਇਸ ਵਿਚਾਰਧਾਰਾ ਨੇ ਪੂਰੇ ਵਿਸ਼ਵ ਨੂੰ ਕਿਸੇ ਨਾ ਕਿਸੇ ਰੂਪ ਵਿਚ ਅਸਰ-ਅੰਦਾਜ਼ ਕੀਤਾ ਹੈ। ਮਾਰਕਸਵਾਦੀ ਵਿਚਾਰਧਾਰਾ ਦਾ ਮੋਢੀ ਕਾਰਲ ਮਾਰਕਸ ਪੂਰੇ ਮਾਨਵੀ ਵਿਕਾਸ ਨੂੰ ਭੌਤਿਕਵਾਦੀ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ ਅਤੇ ਇਸੇ ਆਧਾਰ ਉਤੇ ਰਾਜ ਤੇ ਸਮਾਜ ਦੇ ਭੂਤ, ਵਰਤਮਾਨ ਤੇ ਭਵਿੱਖ ਦਾ ਵਿਸ਼ਲੇਸ਼ਣ ਕਰਦਾ ਹੈ। ਉਸ ਅਨੁਸਾਰ ਮੌਜੂਦਾ ਸਮਾਜ ਦਾ ਹੁਣ ਤੱਕ ਦਾ ਇਤਿਹਾਸ ਵਰਗ-ਸੰਘਰਸ਼ਾਂ ਦਾ ਇਤਿਹਾਸ ਹੈ।[243] ਕਾਰਲ

---

[240] C.E.M. Joad, Introduction to Modern Political Theory, p 30

[241] Avital Simhony, Beyond Negative and Positive Freedom: T.H. Green's View of Freedom, Political Theory, Vol. 21, No. 1, Feb 1993, pp 28-29

[242] David Held, Political Theory and the Modern State, pp 24-25

[243] Antony Giddens and David Held (Ed.), Class, Power and Conflict, pp 28-35

ਮਾਰਕਸ ਪੂੰਜੀਵਾਦੀ ਰਾਜ ਦਾ ਭਰਪੂਰ ਵਿਰੋਧ ਕਰਦਿਆਂ. ਉਸ ਦੇ ਵਿਰੁੱਧ ਕ੍ਰਾਂਤੀ ਦਾ ਸੰਕਲਪ ਦਿੰਦਾ ਹੈ ਅਤੇ ਇਕ ਵਰਗਹੀਨ ਅਤੇ ਰਾਜਹੀਨ ਸਮਾਜ ਦੀ ਸਥਾਪਨਾ ਦਾ ਵਿਚਾਰ ਪੇਸ਼ ਕਰਦਾ ਹੈ।[244]

ਵਿਅਕਤੀਵਾਦ, ਉਦਾਰਵਾਦ ਅਤੇ ਕੁਝ ਹੱਦ ਤੱਕ ਮਾਰਕਸਵਾਦ ਵਿਰੁੱਧ ਪ੍ਰਤੀਕਿਰਿਆ ਦੇ ਰੂਪ ਵਿਚ ਫਾਸ਼ੀਵਾਦ (Fascism) ਦਾ ਜਨਮ ਹੋਇਆ। ਇਸ ਵਿਚਾਰਧਾਰਾ ਦਾ ਪ੍ਰਤੀਪਾਦਨ ਅਤੇ ਉਸ ਨੂੰ ਵਿਹਾਰਕ ਰੂਪ ਵਿਚ ਸਥਾਪਿਤ ਕਰਨ ਦਾ ਕੰਮ ਇਟਲੀ ਵਿਚ ਮੁਸੋਲਿਨੀ ਅਤੇ ਜਰਮਨ ਵਿਚ ਹਿਟਲਰ ਨੇ ਕੀਤਾ। ਫਾਸ਼ੀਵਾਦ ਦੋ ਬੁਨਿਆਦੀ ਸਿਧਾਂਤਾਂ ਉਤੇ ਆਧਾਰਿਤ ਹੈ-ਸਮਗ੍ਰਤਾ (Totality) ਅਤੇ ਸੱਤਾ (Authority)।[245] ਫਾਸ਼ੀਵਾਦੀ ਰਾਜਾਂ ਵਿਚਕਾਰ ਸ਼ਾਂਤੀ ਦੇ ਸਿਧਾਂਤ ਦਾ ਵਿਰੋਧ ਕਰਦਿਆਂ ਯੁੱਧ ਦੇ ਹਾਮੀ ਸਨ, ਰਾਜ ਦੇ ਪ੍ਰਸਾਰ ਲਈ ਯਤਨਸ਼ੀਲ ਅਤੇ ਨਸਲ ਦੇ ਆਧਾਰ ’ਤੇ ਰਾਸ਼ਟਰਵਾਦ ਦੀ ਭਾਵਨਾ ਉਜਾਗਰ ਕਰਕੇ ਸੰਪੂਰਣ ਵਿਸ਼ਵ ਉੱਤੇ ਜੇਤੂ ਬਣਨ ਦੀ ਲਾਲਸਾ ਰਖਦੇ ਸਨ।[246]

ਹੈਰੋਲਡ ਜੋਸੇਫ ਲਾਸਕੀ ਨੇ ਆਧੁਨਿਕ ਦੌਰ ਦੇ ਰਾਜ ਦਾ ਰੂਪ ਸਾਹਮਣੇ ਲਿਆਂਦਾ। ਲਾਸਕੀ ਦੇ ਮਤ ਅਨੁਸਾਰ ਰਾਜਨੀਤਿਕ ਦਰਸ਼ਨ ਦੇ ਢਾਂਚੇ ਲਈ ਇਹ ਗੱਲ ਮਹੱਤਵਪੂਰਣ ਹੈ ਕਿ ਮਨੁੱਖ ਕੇਵਲ ਪ੍ਰਵਿਰਤੀ ਦਾ ਗੁਲਾਮ ਹੀ ਨਾ ਹੋਵੇ ਸਗੋਂ ਵਿਵੇਕ ਦਾ ਮਾਲਿਕ ਵੀ ਹੋਵੇ। ਉਹ ਆਪਣੀ ਗਤੀਵਿਧੀ ਵਿਚ ਵਿਵਹਾਰ ਦੇ ਅਸੂਲ ਨੂੰ ਦਾਖ਼ਲ ਕਰਕੇ ਆਪਣੀਆਂ ਬੁਰਾਈਆਂ ਨੂੰ ਦੂਰ ਕਰ ਲਵੇ ਜਿਸ ਨਾਲ ਉਹਦੀ ਆਤਮ-ਪੂਰਤੀ ਦੇ ਅਵਸਰ ਵਧ ਜਾਣ।[247] ਉਸ ਨੇ ਇਕ ਐਸੇ ਰਾਜ ਦਾ ਸੰਕਲਪ ਪੇਸ਼ ਕੀਤਾ ਜਿਹੜਾ ਮਨੁੱਖ ਦੀ ਉੱਨਤੀ ਲਈ ਯਤਨਸ਼ੀਲ ਹੈ, ਜਿਸ ਵਿਚ ਪ੍ਰਭੁਸੱਤਾ ਲੋਕਤੰਤਰੀ ਪ੍ਰਣਾਲੀ ਦੁਆਰਾ ਨਿਯੰਤ੍ਰਿਤ ਹੈ ਅਤੇ ਸਥਾਨਿਕ ਪੱਧਰ ਤੱਕ ਵਿਕੇਂਦ੍ਰਿਤ ਹੈ, ਜਿਸ ਵਿਚ ਵਿਅਕਤੀ ਦੇ ਅਧਿਕਾਰ ਸੁਰੱਖਿਅਤ ਹਨ।[248]

---

[244] Andrew Heywood, Politics, pp 55-57

[245] Ibid, pp 67-68

[246] William Ebenstein, Modern Political Thought, p 369

[247] ਹੈਰੋਲਡ ਜੇ. ਲਾਸਕੀ, ਰਾਜਨੀਤਿਕ ਵਿਆਕਰਣ, ਪ੍ਰੋ. ਹਰਮੰਦਰ ਸਿੰਘ (ਅਨੁ.), ਪੰਨਾ 8

[248] William Ebenstein, Modern Political Thought, p 137

ਉਨ੍ਹੀਵੀਂ ਸਦੀ ਦੇ ਅੰਤਿਮ ਪੜਾਅ ਤੋਂ ਹੀ ਰਾਜ ਬਾਰੇ ਇਕ ਸਾਂਝੇ ਸੰਕਲਪ ਨੂੰ ਉਸਾਰਨ ਦਾ ਯਤਨ ਕੀਤਾ ਜਾਂਦਾ ਰਿਹਾ ਹੈ। 1884 ਈ:ਵਿਚ ਇੰਗਲੈਂਡ ਵਿਚ ਫੇਬੀਅਨ ਸੋਸਾਇਟੀ (Fabian Society) ਦੀ ਸਥਾਪਨਾ ਕੀਤੀ ਗਈ। ਇਸ ਸੰਸਥਾ ਨੇ ਉਦਾਰਵਾਦ ਅਤੇ ਸਮਾਜਵਾਦ ਦਾ ਸੁਮੇਲ ਕਰਕੇ ਨਵੀਂ ਵਿਚਾਰਧਾਰਾ ਸਮਾਜਵਾਦੀ ਉਦਾਰਵਾਦ (Socialized Liberalism) ਦਾ ਪ੍ਰਤੀਪਾਦਨ ਕੀਤਾ।[249] ਵੀਹਵੀਂ ਸਦੀ ਦੇ ਅਰੰਭ ਤੋਂ ਸਮਾਜਵਾਦੀ ਅਤੇ ਲੋਕਤੰਤਰੀ ਵਿਚਾਰ-ਧਾਰਾਵਾਂ ਦੇ ਯੋਗ ਨਾਲ ਨਵੀਆਂ ਸੰਤੁਲਿਤ ਵਿਚਾਰਧਾਰਾਵਾਂ ਸਾਹਮਣੇ ਆਉਣ ਲੱਗ ਪਈਆਂ। ਇਹਨਾਂ ਵਿਚ ਵਿਕਾਸਵਾਦੀ ਸਮਾਜਵਾਦ (Evolutionary Socialism) ਅਤੇ ਲੋਕਤਾਂਤ੍ਰਿਕ ਸਮਾਜਵਾਦ (Democratic Socialism) ਪ੍ਰਮੁੱਖ ਹਨ। ਅਸਲ ਵਿਚ ਸਮਾਜਵਾਦੀ ਵਿਚਾਰਧਾਰਾ ਨੇ ਬਹੁਤ ਸਾਰੇ ਦੇਸ਼ਾਂ ਨੂੰ ਪ੍ਰਭਾਵਿਤ ਕੀਤਾ ਅਤੇ ਹਰ ਦੇਸ਼ ਨੇ ਆਪਣੀ ਸਥਾਨਿਕ ਲੋੜ ਅਨੁਸਾਰ ਸਮਾਜਵਾਦ ਨੂੰ ਪਰਿਭਾਸ਼ਿਤ ਕਰਕੇ ਆਪਣੇ ਰਾਜ ਸੰਕਲਪ ਵਿਚ ਉਤਾਰ ਲਿਆ। ਇਸੇ ਹਕੀਕਤ ਨੂੰ ਬਿਆਨ ਕਰਦਿਆਂ ਸੀ. ਈ. ਐਮ. ਜੋਡ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ ਸਮਾਜਵਾਦ ਉਸ ਟੋਪ ਵਰਗਾ ਹੈ ਜਿਹੜਾ ਆਪਣਾ ਅਕਾਰ ਗਵਾ ਬੈਠਾ ਹੈ ਕਿਉਂਕਿ ਹਰ ਕੋਈ ਉਸ ਨੂੰ ਪਹਿਨਦਾ ਹੈ।[250]

ਉਪਰੋਕਤ ਵੱਖ-ਵੱਖ ਚਿੰਤਕਾਂ ਦੁਆਰਾ ਨੈਤਿਕਤਾ, ਮਨੁੱਖੀ ਹਿੱਤ ਅਤੇ ਸਮਾਜ ਦੇ ਸਮੂਹਿਕ ਹਿੱਤਾਂ ਨੂੰ ਕੇਂਦਰ ਵਿਚ ਰੱਖ ਕੇ ਸਥਾਪਿਤ ਕੀਤੀਆਂ ਵਿਚਾਰਧਾਰਾਵਾਂ ਤੇ ਰਾਜ ਦੇ ਸੁਮੇਲ ਨਾਲ ਹੀ ਅੱਜ ਦਾ ਕਲਿਆਣਕਾਰੀ ਰਾਜ (Welfare State) ਦਾ ਸੰਕਲਪ ਹੋਂਦ ਵਿਚ ਆਇਆ। ਇਸ ਰਾਜ ਦਾ ਮੁੱਖ ਉਦੇਸ਼ ਮਨੁੱਖੀ ਕਲਿਆਣ ਮੰਨਿਆ ਗਿਆ ਹੈ। ਇੰਗਲੈਂਡ ਵਿਚ ਲੇਬਰ ਪਾਰਟੀ ਦੀ ਸਰਕਾਰ ਨੇ 1945 ਈ: ਵਿਚ ਕਲਿਆਣਕਾਰੀ ਰਾਜ ਦੇ ਸੰਕਲਪ ਨੂੰ ਵਿਹਾਰਕ ਰੂਪ ਵਿਚ ਲਾਗੂ ਕੀਤਾ। ਕਲਿਆਣਕਾਰੀ ਰਾਜ ਦਾ ਮੁੱਖ ਉਦੇਸ਼ ਜਨ-ਕਲਿਆਣ ਹੈ ਅਤੇ ਇਹ ਰਾਜ ਆਪਣੇ ਨਾਗਰਿਕਾਂ ਲਈ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰਕੇ ਉਹਨਾਂ ਦੇ ਵਿਅਕਤਿਤਵ ਦੇ ਵਿਕਾਸ ਲਈ ਸੁਖਾਵੇਂ ਮਾਹੌਲ ਦੀ ਸਿਰਜਨਾ ਕਰਦਾ ਹੈ। ਕਲਿਆਣਕਾਰੀ ਰਾਜ

---

249 Raymond G. Gettell, History of Political Thought, p 474

250 C.E.M. Joad, Introduction to Modern Political Theory, p 40

ਮਨੁੱਖੀ ਜੀਵਨ 'ਚੋਂ ਅਨਿਆ ਦਾ ਖ਼ਾਤਮਾ ਵੀ ਕਰਦਾ ਹੈ। ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਕਲਿਆਣਕਾਰੀ ਰਾਜ ਦੇ ਸੰਕਲਪ ਨੇ ਵੱਡੀ ਪੱਧਰ 'ਤੇ ਵਿਸ਼ਵ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ ਹੈ।[251]

### 2.7.3. ਭਾਰਤੀ ਪਰੰਪਰਾ ਵਿਚ ਰਾਜ ਦਾ ਸੰਕਲਪ

ਰਾਜ ਦੇ ਸਰੂਪ ਬਾਰੇ ਸਾਨੂੰ ਪ੍ਰਾਚੀਨ ਭਾਰਤੀ ਗ੍ਰੰਥਾਂ ਰਿਗਵੇਦ, ਪੁਰਾਣ, ਮਨੂ ਸਿਮ੍ਰਿਤੀ, ਰਾਮਾਇਣ, ਮਹਾਂਭਾਰਤ, ਸ਼ੁਕਰਨੀਤੀ ਤੇ ਕੌਟਿਲਿਆ ਦਾ ਅਰਥ-ਸ਼ਾਸਤਰ ਆਦਿ ਗ੍ਰੰਥਾਂ ਵਿੱਚੋਂ ਬਹੁਤ ਸਾਰੇ ਹਵਾਲੇ ਤੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪ੍ਰਾਚੀਨ ਭਾਰਤੀ ਗ੍ਰੰਥਾਂ ਵਿੱਚੋਂ ਰਾਜ ਬਾਰੇ ਬੜੀ ਸੁਚੱਜੀ ਅਤੇ ਵਿਵਸਥਿਤ ਜਾਣਕਾਰੀ ਉਪਲਬਧ ਹੁੰਦੀ ਹੈ। ਇਹਨਾਂ ਗ੍ਰੰਥਾਂ ਦੇ ਆਧਾਰ ਤੇ ਰਾਜ ਬਾਰੇ ਕੁਝ ਸਾਂਝੀਆਂ ਅਤੇ ਸਮਾਨ ਵਿਸ਼ੇਸ਼ਤਾਵਾਂ ਉੱਭਰ ਕੇ ਸਾਹਮਣੇ ਆਉਦੀਆਂ ਹਨ ਜਿਹੜੀਆਂ ਧਰਮੀ ਰਾਜ ਦਾ ਸੰਕਲਪ ਪੇਸ਼ ਕਰਦੀਆਂ ਹਨ।

ਭਾਰਤੀ ਪਰੰਪਰਾ ਵਿਚ ਰਾਜ ਨੂੰ ਧਰਮ ਦਾ ਇਕ ਅੰਗ ਸਵੀਕਾਰ ਕੀਤਾ ਗਿਆ ਹੈ ਤੇ ਰਾਜ ਦਾ ਵਿਕਾਸ ਧਰਮ 'ਤੇ ਆਧਾਰਿਤ ਹੀ ਮੰਨਿਆ ਗਿਆ ਹੈ। ਭਾਰਤੀ ਪਰੰਪਰਾ ਦੀ ਇਹ ਵਿਲੱਖਣਤਾ ਹੈ ਕਿ ਉਸ ਵਿਚ ਰਾਜਨੀਤੀ ਅਤੇ ਧਰਮ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਗਿਆ। ਵੇਦਾਂ ਵਿਚ ਰਾਜੇ ਦੀ ਚੋਣ ਵਿਚ ਰਿਸ਼ੀ ਅਰਥਾਤ ਧਰਮ ਆਗੂ ਦੀ ਪਰਵਾਨਗੀ ਨੂੰ ਜ਼ਰੂਰੀ ਦੱਸਿਆ ਗਿਆ ਹੈ।[252] ਸਿਮ੍ਰਿਤੀ ਵਿਚ ਕਿਹਾ ਗਿਆ ਹੈ, ''ਰਾਜਾ ਹਰ ਰੋਜ਼ ਸਵੇਰੇ ਉਠਕੇ ਵੇਦਾਂ ਦੇ ਗਿਆਤਾ ਅਤੇ ਵਿਦਵਾਨ ਬ੍ਰਾਹਮਣਾਂ ਦੀ ਸੇਵਾ ਕਰੇ ਅਤੇ ਉਨ੍ਹਾਂ ਦੇ ਹੁਕਮ ਅਨੁਸਾਰ ਕੰਮ ਕਰੇ।''[253] ਬਾਲਮੀਕ ਦੀ ਰਾਮਾਇਣ ਦਾ ਰਾਮ-ਰਾਜ ਵੀ ਧਰਮ ਉਤੇ ਆਧਾਰਿਤ ਹੈ ਅਤੇ ਉਸ ਨੇ ਰਾਜਾ ਰਾਮ ਨੂੰ ਧਰਮ ਦਾ ਰਾਜ ਕਾਇਮ ਕਰਨ ਵਾਲਾ ਦੱਸਿਆ ਹੈ।[254] ਕੌਟਿਲਿਆ ਅਨੁਸਾਰ ਗੁਰੂ ਜਨ ਅਤੇ ਧਰਮ ਆਚਾਰੀਆਂ ਨੂੰ ਰਾਜਾ ਦੀ ਮਰਿਆਦਾ ਨਿਰਧਾਰਿਤ ਕਰਨੀ ਚਾਹੀਦੀ ਹੈ।

---

[251] Joel Blau, Theories of Welfare State, Social Science Review, Vol. 63, No. 1, March-1989, pp 26-30

[252] Avinas Chander Das, Rgvedic Culture, p 307

[253] ਮੋਹਨ ਲਾਲ ਸ਼ਰਮਾ (ਅਨੁ.), ਮਨੂ ਸਿਮ੍ਰਿਤੀ, ਪੰਨਾ 125

[254] डा. गंगा सहाय शर्मा, वालमीकि रामायण, पृष्ठ 922

ਇਕ ਪਹੀਏ ਦੀ ਗੱਡੀ ਦੀ ਤਰ੍ਹਾਂ ਰਾਜ ਦਾ ਕਾਰਜ ਬਿਨਾਂ ਸਹਾਇਤਾ ਅਤੇ ਸਹਿਯੋਗ ਦੇ ਨਹੀਂ ਚੱਲ ਸਕਦਾ, ਇਸ ਲਈ ਰਾਜਾ ਯੋਗ ਧਰਮ ਆਗੂਆਂ ਦੀ ਨਿਯੁਕਤੀ ਕਰਕੇ ਉਹਨਾਂ ਦੀ ਸਲਾਹ ਨੂੰ ਹਿਰਦੇ ਵਿਚ ਗ੍ਰਹਿਣ ਕਰੇ।[255] ਚਾਣਕਯ ਨੀਤੀ ਅਨੁਸਾਰ ਰਾਜਾ ਧਰਮਾਤਮਾ ਹੈ ਤਾਂ ਪਰਜਾ ਵੀ ਉਸੇ ਤਰ੍ਹਾਂ ਦੀ ਹੁੰਦੀ ਹੈ। ਰਾਜੇ ਦੇ ਪਾਪੀ ਹੋਣ ’ਤੇ ਪਰਜਾ ਵੀ ਪਾਪੀ ਹੁੰਦੀ ਹੈ। ਜੇ ਰਾਜੇ ਦੀ ਵਿਰਤੀ ਧਰਮ ਅਧਰਮ ਦੀ ਹੋਵੇ ਤਾਂ ਪਰਜਾ ’ਤੇ ਵੀ ਉਸੇ ਤਰ੍ਹਾਂ ਦਾ ਪ੍ਰਭਾਵ ਹੁੰਦਾ ਹੈ ਭਾਵ ਜਿਸ ਤਰ੍ਹਾਂ ਦਾ ਰਾਜਾ ਹੋਵੇਗਾ ਉਸਦੀ ਪਰਜਾ ਵੀ ਉਸੇ ਤਰ੍ਹਾਂ ਦੀ ਹੋਵੇਗੀ ਕਿਉਂਕਿ ਸਭ ਰਾਜਾ ਦਾ ਹੀ ਅਨੁਸਰਣ ਕਰਦੇ ਹਨ।[256] ਸ਼ੁਕਰਨੀਤੀ ਅਨੁਸਾਰ ਰਾਜਾ ਦਾ ਧਰਮ-ਗੁਰੂ ਹੋਣਾ ਜ਼ਰੂਰੀ ਹੈ। ਇਸ ਨਾਲ ਰਾਜਾ ਭਟਕਦਾ ਨਹੀਂ ਅਤੇ ਉਸ ਦੇ ਗਿਆਨ ਵਿਚ ਵਾਧਾ ਹੁੰਦਾ ਹੈ।[257]

ਭਾਰਤੀ ਪਰੰਪਰਾ ਅਨੁਸਾਰ ਰਾਜ, ਸਮਾਜਿਕ ਜੀਵਨ ਲਈ ਜ਼ਰੂਰੀ ਤੇ ਉਪਯੋਗੀ ਸੰਸਥਾ ਹੈ। ਰਾਜ ਤੋਂ ਬਿਨਾਂ ਮਨੁੱਖ ਦੇ ਸਮਾਜਿਕ ਜੀਵਨ ਦੀ ਹੋਂਦ ਖ਼ਤਰੇ ਵਿਚ ਪੈ ਜਾਂਦੀ ਹੈ । ਰਾਜ ਦੀ ਅਣਹੋਂਦ ਵਿਚ ਅਰਾਜਕਤਾ ਫੈਲਣ ਕਾਰਨ ਸਮਾਜਿਕ ਜੀਵਨ ਖਤਰੇ ਵਿਚ ਪੈ ਜਾਂਦਾ ਹੈ। ਪ੍ਰਾਚੀਨ ਭਾਰਤੀ ਗ੍ਰੰਥਾਂ ਵਿਚ ਰਾਜ ਦੀ ਅਣਹੋਂਦ ਨਾਲ ਪੈਦਾ ਹੋਣ ਵਾਲੀ ਸਥਿਤੀ ਦਾ ਜ਼ਿਕਰ ਮਿਲਦਾ ਹੈ। ਪੁਰਾਣ ਸਾਹਿਤ ਵਿਚ ਰਾਜ ਦੀ ਅਣਹੋਂਦ ਦੀ ਸਥਿਤੀ ਨੂੰ 'ਮਤੱਸਯਨਿਆਯਾ' ਵਜੋਂ ਦਰਸਾਇਆ ਗਿਆ ਹੈ। ਮਤੱਸਯਨਿਆਯਾ ਤੋਂ ਭਾਵ ਹੈ ਕਿ ਜਿਸ ਤਰ੍ਹਾਂ ਸਮੁੰਦਰ ਵਿਚ ਹਰ ਵੱਡੀ ਮਛਲੀ ਆਪਣੇ ਤੋਂ ਛੋਟੀ ਮਛਲੀ ਨੂੰ ਖਾ ਜਾਂਦੀ ਹੈ ਉਸੇ ਪ੍ਰਕਾਰ ਰਾਜ ਤੋਂ ਬਿਨਾਂ ਹਰ ਸ਼ਕਤੀਸ਼ਾਲੀ ਵਿਅਕਤੀ ਕਮਜ਼ੋਰ ਵਿਅਕਤੀ ਦਾ ਸ਼ੋਸ਼ਣ ਕਰਦਾ ਹੈ।[258] ਮਹਾਂਭਾਰਤ ਵਿਚ ਕਿਹਾ ਗਿਆ ਹੈ ਕਿ ਸ਼ਾਸਨਹੀਨ ਰਾਸ਼ਟਰ ਵਿਚ ਨਾ ਧਰਮ ਹੁੰਦਾ ਹੈ ਅਤੇ ਨਾ ਜੀਵਨ ਅਤੇ ਸੰਪਤੀ ਦੀ ਸੁਰੱਖਿਆ, ਇਸ ਲਈ ਰਾਜ ਅਤਿ ਜ਼ਰੂਰੀ ਹੈ।[259] ਕੌਟਿਲਿਆ ਦੇ ‘ਅਰਥ-ਸ਼ਾਸਤਰ’ ਅਨੁਸਾਰ ਰਾਜ ਅਤਿ

[255] Shri Vachaspati Gairola (Ed.), Kautilya, Arthaśatra and The Cānakya Sutra, p 19

[256] ਪਦਮ ਨਾਥ ਸ਼ਾਸਤਰੀ (ਅਨੁ.), ਚਾਣਕਯ ਨੀਤੀ, ਪੰਨਾ 56

[257] Prof., Benoy Kumar Sarkar (Transl.), Sukra-Niti-Sara, P 21

[258] Om Prakash, Political Ideas in The Puranas, p 42

[259] ਗਿਆਨੀ ਗੁਰਚਰਨ ਸਿੰਘ (ਅਨੁ.) ਸ੍ਰੀ ਮਹਾਂ ਭਾਰਤ, p 463

ਆਵਸ਼ਕ ਸੰਸਥਾ ਹੈ। ਰਾਜ ਦੀ ਉਤਪਤੀ ਤੋਂ ਪਹਿਲਾਂ ਬਲਸ਼ਾਲੀ ਬਲਹੀਨ ਨੂੰ ਸਤਾਉਂਦੇ ਸਨ।[260] ਬਾਲਮੀਕ ਦੀ ਰਾਮਾਇਣ ਵਿਚ ਰਾਜ ਸੱਤਾ ਨੂੰ ਬਹੁਤ ਜ਼ਰੂਰੀ ਦੱਸਿਆ ਗਿਆ ਹੈ। ਰਾਜਾ ਦਸਰਥ ਦੀ ਮੌਤ ਤੋਂ ਬਾਅਦ ਦਾ ਵਰਨਣ ਕਰਦਿਆਂ ਬਾਲਮੀਕ ਨੇ ਰਾਜਾ ਰਹਿਤ ਜਨਪਦ ਦੀ ਦੁਰਦਸ਼ਾ ਦੱਸੀ ਹੈ। ਉਸ ਅਨੁਸਾਰ ਰਾਜਾ ਰਹਿਤ ਰਾਸ਼ਟਰ ਵਿਨਾਸ਼ ਵਲ ਤੁਰ ਪੈਂਦਾ ਹੈ, ਉਥੇ ਮੇਘ ਜਲ ਬਰਸਾ ਕੇ ਧਰਤੀ ਨਹੀਂ ਸਿੰਜਦਾ, ਖੇਤੀਬਾੜੀ ਅੱਛੀ ਨਹੀਂ ਹੁੰਦੀ, ਪੁੱਤਰ, ਪਿਤਾ ਦੇ ਵਸ ਨਹੀਂ ਰਹਿੰਦਾ, ਪਤਨੀ, ਪਤੀ ਦੀ ਆਗਿਆ ਵਿਚ ਨਹੀਂ ਰਹਿੰਦੀ, ਆਤੰਕ ਦਾ ਬੋਲਬਾਲਾ ਹੁੰਦਾ ਹੈ, ਵਿਹਾਰ ਵਿਚ ਸੱਚ ਮੁੱਕ ਜਾਂਦਾ ਹੈ ਅਤੇ ਸ਼ੁਭ-ਅਸ਼ੁਭ ਕੰਮਾਂ ਦੇ ਨਿਰਣੇ ਲਈ ਲੋਕ ਸਭਾ ਨਹੀਂ ਕਰਦੇ। ਰਾਜਹੀਨ ਰਾਸ਼ਟਰ . ਵਿਚ ਅੱਛੇ ਯਗ ਨਹੀਂ ਹੁੰਦੇ, ਉਤਸਵ ਨਹੀਂ ਮਨਾਏ ਜਾਂਦੇ, ਕਥਾਵਾਰਤਾ, ਗਾਇਨ, ਵਾਦਨ, ਨ੍ਰਿਤ ਦੇ ਕਾਰਜਕ੍ਰਮ ਨਹੀਂ ਹੁੰਦੇ। ਐਸੀ ਸਥਿਤੀ ਵਿਚ ਲੋਕਾਂ ਵਿਚ ਭੈ ਅਤੇ ਅਸੁਰੱਖਿਆ ਫੈਲ ਜਾਂਦੀ ਹੈ।[261]

ਪ੍ਰਾਚੀਨ ਭਾਰਤੀ ਗ੍ਰੰਥ ਰਾਜ ਨੂੰ ਦੈਵੀ ਸੰਸਥਾ ਮੰਨਦੇ ਹਨ। ਪੁਰਾਣਾਂ ਦਾ ਮਤ ਹੈ ਕਿ ਵਿਆਕੁਲ ਅਤੇ ਦੁਰਬਲ ਲੋਕਾਂ ਨੂੰ ਸਹਾਰਾ ਦੇਣ ਲਈ ਬ੍ਰਹਮਾ ਜੀ ਨੇ ਰਾਜ ਸਥਾਪਿਤ ਕੀਤਾ ਸੀ। ਅਸਲ ਵਿਚ ਰਾਜ ਰੱਬੀ ਹੁਕਮ ਵਿਚ ਕਾਇਮ ਹੋਈ ਸੰਸਥਾ ਹੈ।[262] ਮਹਾਂਭਾਰਤ ਵਿਚ ਵੀ ਰਾਜ ਨੂੰ ਦੈਵੀ ਸੰਸਥਾ ਦੱਸਿਆ ਹੈ। ਉਸ ਅਨੁਸਾਰ ਅਰਾਜਕਤਾ ਦਾ ਅੰਤ ਕਰਕੇ ਸਮਾਜ ਵਿਵਸਥਾ ਸਥਾਪਿਤ ਕਰਨ ਲਈ ਬ੍ਰਹਮਾ ਜੀ ਨੇ ਇਕ ਸ਼ਾਸਤਰ ਦੀ ਰਚਨਾ ਕੀਤੀ ਅਤੇ ਪ੍ਰਿਥਵੀ ਉਤੇ ਰਾਜਾ ਨਿਯੁਕਤ ਕੀਤਾ।[263] ਮਨੂ ਸਿਮ੍ਰਿਤੀ ਦਸਦੀ ਹੈ ਕਿ ਇਸ ਸੰਸਾਰ ਵਿਚ ਰਾਜਾ ਰਹਿਤ ਪਰਜਾ ਸ਼ਕਤੀਸ਼ਾਲੀ ਲੋਕਾਂ ਦੇ ਡਰ ਨਾਲ ਸੁਰੱਖਿਆ ਲਈ ਏਧਰ ਓਧਰ ਭਟਕਦੀ ਰਹਿੰਦੀ ਹੈ ਇਸ ਲਈ ਪਰਜਾ ਦੀ ਰੱਖਿਆ ਲਈ ਭਗਵਾਨ ਨੇ ਰਾਜਾ ਦੀ ਰੱਖਿਆ ਕੀਤੀ।[264]

---

[260] R. Shamasastry (Transl,), Kautilya's Arthashastra, p 14

[261] डा. गंगा सहाय शर्मा, वालमीकि रामायण, पृष्ठ 218

[262] Om Prakash, Political Ideas in The Puranas, pp 48-49

[263] ਗਿਆਨੀ ਗੁਰਚਰਨ ਸਿੰਘ (ਅਨੁ.) ਸ੍ਰੀ ਮਹਾਂ ਭਾਰਤ, p 460

[264] ਮੋਹਨ ਲਾਲ ਸ਼ਰਮਾ (ਅਨੁ.), ਮਨੂ ਸਿਮ੍ਰਿਤੀ, ਪੰਨਾ 122

ਭਾਰਤੀ ਪਰੰਪਰਾ ਰਾਜ ਦੇ ਰਾਜਤੰਤਰੀ ਸਰੂਪ ਨੂੰ ਹੀ ਸਵੀਕਾਰਦੀ ਹੈ ਅਤੇ ਰਾਜਤੰਤਰ ਵਿਵਸਥਾ ਨੂੰ ਹੀ ਪ੍ਰਾਚੀਨ ਭਾਰਤੀ ਗ੍ਰੰਥਾਂ ਵਿਚ ਪ੍ਰਤੀਬਿੰਬਤ ਕੀਤਾ ਗਿਆ ਹੈ। ਅਸਲ ਵਿਚ ਰਾਜਤੰਤਰ ਭਾਰਤ ਵਿਚ ਵਿਵਸਥਿਤ ਸ਼ਾਸਨ ਦਾ ਪ੍ਰਾਚੀਨਤਮ ਰੂਪ ਹੈ। ਰਾਮਾਇਣ ਵਿਚ ਬਾਲਮੀਕ ਜੀ ਨੇ ਰਾਜਾ ਨੂੰ ਸਰਵਉੱਚ ਸ਼ਕਤੀਆਂ ਦਾ ਧਾਰਨੀ ਦੱਸਿਆ ਹੈ। ਰਾਜ ਹੀ ਸੱਤ ਹੈ, ਧਰਮ ਹੈ, ਰਾਜਾ ਹੀ ਕੁਲਵਾਨਾਂ ਦਾ ਕੁਲ ਹੈ ਅਤੇ ਰਾਜਾ ਹੀ ਰਾਸ਼ਟਰ ਦੇ ਲੋਕਾਂ ਦਾ ਮਾਤਾ-ਪਿਤਾ ਅਤੇ ਪੂਰਣ ਹਿਤਕਾਰੀ ਹੁੰਦਾ ਹੈ।[265] ਇਹ ਠੀਕ ਹੈ ਕਿ ਭਾਰਤੀ ਪਰੰਪਰਾ ਰਾਜਤੰਤਰ ਦੀ ਸਮਰਥਕ ਹੈ ਪਰ ਇਹ ਰਾਜਤੰਤਰ ਨਿਰੰਕੁਸ਼ ਨਹੀਂ । ਰਾਜਾ ਦੀਆਂ ਸ਼ਕਤੀਆਂ ਉਤੇ ਧਰਮ ਦਾ ਅਤੇ ਲੋਕ-ਰਾਇ ਦਾ ਅੰਕੁਸ਼ ਹੈ । ਵੈਦਿਕ ਸਾਹਿਤ ਇਸ ਤੱਥ ਦਾ ਗਵਾਹ ਹੈ ਕਿ ਰਾਜਾ ਦੀਆਂ ਸ਼ਕਤੀਆਂ ਅਸੀਮ ਨਹੀਂ ਹਨ ਅਤੇ ਰਾਜਾ ਦੀਆਂ ਸ਼ਕਤੀਆਂ ਉੱਪਰ ਲੋਕ-ਰਾਇ ਦਾ ਅੰਕੁਸ਼ ਹੁੰਦਾ ਹੈ।[266] ਸ਼ੁਕਰਨੀਤੀ ਦਾ ਮਤ ਹੈ ਕਿ ਜਿਹੜਾ ਰਾਜਾ ਆਪਣੀਆਂ ਜਿੰਮੇਵਾਰੀਆਂ ਨਹੀਂ ਨਿਭਾਉਂਦਾ ਉਹ ਨਰਕ ਦਾ ਭਾਗੀ ਹੁੰਦਾ ਹੈ।[267] ਇਸ ਤਰ੍ਹਾਂ ਇਹ ਤੱਥ ਸਪਸ਼ਟ ਹੈ ਕਿ ਭਾਰਤੀ ਪਰੰਪਰਾ ਜਿਸ ਰਾਜਤੰਤਰੀ ਵਿਵਸਥਾ ਨੂੰ ਸਵੀਕਾਰਦੀ ਹੈ ਉਹ ਸੀਮਤ ਹੈ ਅਤੇ ਪਰਜਾ ਦੀ ਪ੍ਰਵਾਨਗੀ ਉਸ ਲਈ ਆਵਸ਼ਕ ਹੈ ।

ਪ੍ਰਾਚੀਨ ਭਾਰਤੀ ਪਰੰਪਰਾ ਵਿਚ ਰਾਜਾ ਦੇ ਚਰਿੱਤਰ ਅਤੇ ਉਸ ਦੇ ਜਾਤੀ ਗੁਣਾਂ ਉੱਪਰ ਬਹੁਤ ਜ਼ੋਰ ਦਿੱਤਾ ਗਿਆ ਹੈ। ਰਾਜਾ ਦਾ ਚਰਿੱਤਰਵਾਨ ਅਤੇ ਗੁਣੀ ਹੋਣਾ ਰਾਜ ਦੀ ਸੁਖ ਸਮ੍ਰਿਧੀ ਲਈ ਅਤਿ ਆਵੱਸ਼ਕ ਦੱਸਿਆ ਗਿਆ ਹੈ। ਰਿਗਵੇਦ ਦਾ ਮਤ ਹੈ ਕਿ ਰਾਜਾ ਆਪਣੇ ਗੁਣਾਂ ਕਰਕੇ ਰਾਜ ਦੀ ਪ੍ਰਾਪਤੀ ਕਰਦਾ ਹੈ।[268] ਰਾਮਾਇਣ ਵਿਚ ਬਾਲਮੀਕ ਜੀ ਕਹਿੰਦੇ ਹਨ ਕਿ ਚਰਿੱਤਰਵਾਨ ਰਾਜੇ ਦੇ ਸਾਹਮਣੇ ਜਮ, ਕੁਬੇਰ, ਇੰਦਰ, ਵਰੁਣ ਵੀ ਛੋਟੇ ਹੁੰਦੇ ਹਨ।[269] ਮਹਾਂਭਾਰਤ ਅਨੁਸਾਰ ਰਾਜਾ ਨੂੰ ਮਧੁਰ ਬਾਣੀ ਬੋਲਣ ਵਾਲਾ, ਆਪਣੇ ਸੇਵਕਾਂ

---

[265] डा. गंगा सहाय शर्मा, वालमीकि रामायण, पृष्ठ 219

[266] Adolf Kaegi, Life in Ancient India, p 28

[267] Prof. Benoy Kumar Sarkar (Transl.), Sukra-Niti-Sara, Panini Office, p 183

[268] Avinas Chander Das, Rgvedic Culture, p 307

[269] डा. गंगा सहाय शर्मा, वालमीकि रामायण, पृष्ठ 219

ਦੇ ਉਪਕਾਰ ਜਾਣਨ ਵਾਲਾ, ਉਹਨਾਂ ਪ੍ਰਤੀ ਦ੍ਰਿੜ੍ਹਤਾ ਦੇ ਵਾਲਾ ਅਤੇ ਸੰਜਮੀ ਹੋਣਾ ਚਾਹੀਦਾ ਹੈ।[270] ਮਨੂ ਸਿਮ੍ਰਿਤੀ ਅਨੁਸਾਰ ਬ੍ਰਾਹਮਣਾਂ ਤੋਂ ਰਾਜਾ ਨਿਮਰਤਾ ਦਾ ਪਾਠ ਸਿੱਖੇ ਭਾਵ ਰਾਜਾ ਹਮੇਸ਼ਾਂ ਨਿਮਰ ਹੋ ਕੇ ਰਹੇ ਕਿਉਂਕਿ ਨਿਮਰਤਾ ਵਾਲਾ ਰਾਜਾ ਕਦੇ ਨਸ਼ਟ ਨਹੀਂ ਹੁੰਦਾ।[271]

ਪ੍ਰਾਚੀਨ ਭਾਰਤੀ ਪਰੰਪਰਾ ਦੇ ਗ੍ਰੰਥਾਂ ਵਿਚ ਰਾਜ ਦੇ ਕਾਰਜਾਂ ਬਾਰੇ ਮਿਲਦਾ ਵਿਵਰਣ, ਆਧੁਨਿਕ ਕਲਿਆਣਕਾਰੀ ਰਾਜ ਦੇ ਕਾਰਜਾਂ ਨਾਲ ਕਾਫ਼ੀ ਹੱਦ ਤੱਕ ਮਿਲਦਾ-ਜੁਲਦਾ ਹੈ। ਵੈਦਿਕ ਸਾਹਿਤ ਬੁਨਿਆਦੀ ਤੌਰ 'ਤੇ ਰਾਜ ਦੇ ਕਾਰਜਾਂ ਉਤੇ ਬਹੁਤ ਜ਼ੋਰ ਦੇਂਦਾ ਹੈ। ਸ਼ਾਂਤੀ ਵਿਚ ਰਾਜਾ, ਨਿਆਂ ਦੇਣ ਅਤੇ ਰੱਖਿਆ ਕਰਨ ਦਾ ਕਾਰਜ ਕਰਦਾ ਹੈ ਅਤੇ ਯੁੱਧ ਸਮੇਂ ਉਹ ਸੈਨਾ ਦੇ ਨਾਇਕ ਵਜੋਂ ਕਾਰਜਸ਼ੀਲ ਹੁੰਦਾ ਹੈ।[272] ਰਿਗਵੇਦ ਪਰਜਾ ਦੀ ਭਲਾਈ ਦੇ ਸਾਰੇ ਕਾਰਜਾਂ ਨੂੰ ਰਾਜਾ ਨਾਲ ਸੰਬੰਧਿਤ ਮੰਨਦਾ ਹੈ।[273] ਸ਼ੁਕਰਨੀਤੀ ਅਨੁਸਾਰ ਰਾਜੇ ਦੇ ਦੋ ਪ੍ਰਮੁੱਖ ਕਾਰਜ ਹਨ- ਇਕ ਆਪਣੀ ਪਰਜਾ ਦੀ ਰੱਖਿਆ ਕਰਨਾ ਅਤੇ ਦੂਜਾ ਅਪਰਾਧੀਆਂ ਨੂੰ ਸਜਾ ਦੇਣਾ।[274] ਜਿਹੜਾ ਰਾਜਾ ਮੋਹ ਦਾ ਤਿਆਗ ਕਰਕੇ, ਨਿਰਸਵਾਰਥ ਭਾਵ ਨਾਲ ਪਰਜਾ ਦੀ ਸੇਵਾ ਕਰਦਾ ਹੈ, ਉਸ ਦੀ ਰੱਖਿਆ ਕਰਦਾ ਹੈ ਅਤੇ ਉਦਾਰ, ਸਹਿਨਸ਼ੀਲ, ਤੇ ਸਾਹਸੀ ਹੈ, ਉਹ ਮੁਕਤੀ ਪ੍ਰਾਪਤ ਕਰਦਾ ਹੈ ਅਤੇ ਜਿਹੜਾ ਰਾਜਾ ਇਹਨਾਂ ਦੇ ਵਿਪਰੀਤ ਆਚਰਣ ਰੱਖਦਾ ਹੈ ਉਹ ਨਰਕ ਦਾ ਭਾਗੀ ਬਣਦਾ ਹੈ।[275] ਮਨੂ ਸਿਮ੍ਰਿਤੀ ਅਨੁਸਾਰ ਰਾਜਾ ਖਾਨਦਾਨ ਤੋਂ ਚਲੇ ਆ ਰਹੇ, ਸ਼ਾਸਤਰ ਗਿਆਤਾ, ਬਹਾਦਰ, ਨਿਸ਼ਾਨਾ ਲਗਾਉਣ ਵਿਚ ਮਾਹਿਰ, ਉਚੇ ਖ਼ਾਨਦਾਨ ਵਿਚ ਜੰਮੇ ਅਤੇ ਚੰਗੀ ਤਰ੍ਹਾਂ ਪ੍ਰੀਖਿਆ ਕਰਕੇ ਸੱਤ ਜਾਂ ਅੱਠ ਮੰਤਰੀਆਂ ਨੂੰ ਨਿਯੁਕਤ ਕਰੇ।[276] ਉਪਰੋਕਤ ਵਿਚਾਰ ਪ੍ਰਵਾਹ ਤੋਂ ਇਹ ਪਤਾ ਚੱਲਦਾ ਹੈ ਕਿ ਸਦੀਆਂ ਤੋਂ ਹੀ ਪੱਛਮੀ ਚਿੰਤਕਾਂ ਨੇ ਰਾਜ

[270] ਗਿਆਨੀ ਗੁਰਚਰਨ ਸਿੰਘ (ਅਨੁ.) ਸ੍ਰੀ ਮਹਾਂ ਭਾਰਤ, ਪੰਨੇ 457-458

[271] ਮੋਹਨ ਲਾਲ ਸ਼ਰਮਾ (ਅਨੁ.), ਮਨੂ ਸਿਮ੍ਰਿਤੀ, ਪੰਨਾ 126

[272] Adolf Kaegi, Life in ancient India, p 28

[273] Abinas Chander Das, Rgvedic Culture, p 309

[274] Prof. Benoy Kumar Sarkar (Transl.), Sukra-Niti-Sara, Panini Office, Allahabad-1913, P 4

[275] Ibid, P 3

[276] ਮੋਹਨ ਲਾਲ ਸ਼ਰਮਾ (ਅਨੁ.), ਮਨੂ ਸਿਮ੍ਰਿਤੀ, ਪੰਨਾ 127

ਦਾ ਸਰੂਪ ਨਿਸ਼ਚਿਤ ਕਰਨ ਲਈ ਆਪੋ-ਆਪਣੇ ਨੁਕਤੇ ਤੋਂ ਬਹੁਤ ਸਾਰੀਆਂ ਵਿਆਖਿਆਵਾਂ ਦਿੱਤੀਆਂ ਹਨ ਜਿਨ੍ਹਾਂ ਦਾ ਲੰਮਾ ਚਿੰਤਨ ਪ੍ਰਵਾਹ ਹੀ ਅਜੋਕੇ ਰਾਜ ਦਾ ਰੂਪ ਸਾਹਮਣੇ ਲਿਆਉਂਦਾ ਹੈ। ਇਹਨਾਂ ਵਿੱਚੋਂ ਕਈ ਚਿੰਤਕਾਂ ਨੇ ਧਰਮ ਤੇ ਨੈਤਿਕਤਾ ਦੇ ਪ੍ਰਭਾਵ ਨਾਲ ਰਾਜ ਦੇ ਦੈਵੀ ਤੇ ਨਿਆਂਇਕ-ਪ੍ਰਬੰਧ ਦੀ ਸਾਰਥਿਕਤਾ ਨੂੰ ਸਿੱਧ ਕੀਤਾ ਹੈ। ਕਈ ਵਿਚਾਰਕ ਰਾਜ ਨੂੰ ਧਰਮ ਅਤੇ ਨੈਤਿਕਤਾ ਦੇ ਬੰਧਨਾਂ ਤੋਂ ਮੁਕਤ ਕਰਨ ਦੇ ਹਾਮੀ ਹਨ। ਕਈ ਰਾਜ ਅਤੇ ਚਰਚ ਦੇ ਖੇਤਰਾਂ ਨੂੰ ਵੱਖ-ਵੱਖ ਰੱਖਣ ਦੇ ਹਾਮੀ ਹਨ ਤੇ ਕਈ ਵਿਚਾਰਕ ਧਰਮ ਦੇ ਸੰਸਥਾਤਮਕ ਰੂਪ ਚਰਚ ਅਤੇ ਉਸ ਦੇ ਪੋਪ ਨੂੰ ਹੀ ਰਾਜ ਸੱਤਾ ਦਾ ਕੇਂਦਰ ਮੰਨਦੇ ਹਨ। ਕੁਝ ਚਿੰਤਕ ਰਾਜ ਦੀਆਂ ਸ਼ਕਤੀਆਂ ਨੂੰ ਅਸੀਮਤ ਤੇ ਕੁਝ ਸ਼ਕਤੀਆਂ ਨੂੰ ਸੰਤੁਲਿਤ ਤੇ ਸੀਮਤ ਕਰਨ ਦੇ ਹਾਮੀ ਹਨ। ਕੁਝ ਵਿਚਾਰਕ ਵਿਅਕਤੀ ਤੇ ਪਰਿਵਾਰਿਕ ਰੂਪ ਨੂੰ ਹੀ ਰਾਜ ਦਾ ਵਿਸਥਾਰ ਮੰਨਦੇ ਹਨ ਤੇ ਕਈ ਰਾਜ ਦੀ ਸੱਤਾ ਵਿਅਕਤੀ ਜਾਂ ਸਮੂਹ ਦੀ ਸੰਪੂਰਣ ਸਮਾਜ ਨੂੰ ਸੌਂਪਣ ਦੇ ਹੱਕ ਵਿਚ ਹਨ। ਰਾਜਨੀਤਿਕ ਚਿੰਤਨ ਦੇ ਉਪਰੋਕਤ ਇਤਿਹਾਸ ਤੋਂ ਰਾਜ ਦੇ ਕਈ ਸਰੂਪ ਸਾਹਮਣੇ ਆਉਂਦੇ ਹਨ ਜਿਵੇਂ ਚਰਚ ਦਾ ਰਾਜ (Theocratic State), ਧਰਮ ਨਿਰਪੇਖ ਰਾਜ (Secular State), ਸਰਵਾਧਿਕਾਰ ਰਾਜ (Totalitarian State), ਕਲਿਆਣਕਾਰੀ ਰਾਜ (Welfare State)। ਇਸ ਤਰ੍ਹਾਂ ਹੀ ਭਾਰਤੀ' ਪਰੰਪਰਾ ਰਾਜ ਨੂੰ ਅਤਿ ਜ਼ਰੂਰੀ, ਉਪਯੋਗੀ ਅਤੇ ਦੈਵੀ ਸੰਸਥਾ ਮੰਨਦੀ ਹੈ। ਭਾਰਤੀ ਪਰੰਪਰਾ ਇਕ ਐਸੇ ਰਾਜ ਦਾ ਸੰਕਲਪ ਪੇਸ਼ ਕਰਦੀ ਹੈ ਜਿਸ ਵਿਚ ਰਾਜੇ ਦੀ ਪ੍ਰਧਾਨਤਾ ਹੁੰਦੇ ਹੋਏ ਵੀ ਉਸ ਦੀ ਭੂਮਿਕਾ ਲੋਕਤੰਤਰੀ ਤੇ ਲੋਕ-ਹਿੱਤ ਵਾਲੀ ਹੋਵੇ। ਜਿਸ ਵਿਚ ਰਾਜ ਦਾ ਮੁੱਖ ਉਦੇਸ਼ ਮਨੁੱਖੀ ਕਲਿਆਣ ਤੇ ਰਾਜਾ ਧਰਮੀ ਤੇ ਗੁਣੀ ਹੋਵੇ।

ਉਪਰੋਕਤ ਵਿਸਥਾਰਤ ਵਿਚਾਰ ਦਾ ਸਾਰ ਤੇ ਨਿਸ਼ਾਨਾ ਹੈ ਕਿ ਰਾਜ ਮਨੁੱਖੀ ਸਮਾਜ ਦੀ ਭਲਾਈ ਕਿਸ ਤਰ੍ਹਾਂ ਕਰ ਸਕਦਾ ਹੈ। ਇਸ ਵਡੇਰੇ ਮਨੋਰਥ ਤੇ ਵਿਸਥਾਰਤ ਕਾਰਜ ਲਈ ਰਾਜਨੀਤੀ ਦੇ ਪੱਛਮੀ ਚਿੰਤਨ ਦਾ ਸਰੋਕਾਰ ਰਾਜਨੀਤਿਕ ਦ੍ਰਿਸ਼ਟੀ ਤੋਂ ਰਾਜ ਦੇ ਸੰਕਲਪ ਦੀ ਵਿਆਖਿਆ ਕਰਨਾ ਹੈ ਤੇ ਭਾਰਤੀ ਪਰੰਪਰਾ ਦਾ ਚਿੰਤਨ ਰਾਜ ਨੂੰ ਚਲਾਉਣ ਲਈ ਸਤੋਗੁਣੀ ਰਾਜੇ ਦਾ ਧਰਮੀ ਤੇ ਚਰਿੱਤਰਵਾਨ ਹੋਣਾ ਜ਼ਰੂਰੀ ਮੰਨਿਆ ਗਿਆ ਹੈ ਪਰ ਇਹਨਾਂ ਦੋਵਾਂ ਪੱਛਮੀ ਤੇ ਭਾਰਤੀ ਪਰੰਪਰਾ ਦੇ ਰਾਜ ਦੇ ਸਿਧਾਂਤ ਵਿਚ ਵੱਡੇ ਦੋਸ਼ ਵੀ ਹਨ ਜਿਹੜੇ ਸਮੇਂ-ਸਮੇਂ ਪ੍ਰਗਟ ਹੋਏ ਹਨ। ਜਿੱਥੇ ਪੱਛਮੀ ਪ੍ਰਣਾਲੀ ਦੇ ਅਜੋਕੇ ਕਲਿਆਣਕਾਰੀ ਰਾਜ ਨੇ ਸਮਾਜ ਤੇ ਕੁਦਰਤੀ ਅਸਾਵੇਂਪਣ ਦੀਆਂ ਸਿਖਰਾਂ ਛੋਹੀਆਂ ਹਨ ਉੱਥੇ ਭਾਰਤੀ ਪਰੰਪਰਾ ਦੇ ਗ੍ਰੰਥ ਮਨੂ ਸਿਮ੍ਰਿਤੀ ਵਿਚ

ਵੀ ਰਾਜੇ ਦੇ ਅਨੇਕਾਂ ਚੰਗੇ ਕਾਰਜਾਂ ਦੀ ਵਿਆਖਿਆ ਦੇ ਨਾਲ-ਨਾਲ ਇਹ ਵੀ ਦਰਜ ਹੈ ਕਿ ਸ਼ੂਦਰ ਦਾ ਅੰਨ ਰਾਜੇ ਦੇ ਬ੍ਹਮ ਤੇਜ ਨੂੰ ਖ਼ਤਮ ਕਰ ਦਿੰਦਾ ਹੈ।[277] ਇਸ ਕਰਕੇ ਰਾਜੇ ਨੂੰ ਸ਼ੂਦਰ ਦਾ ਅੰਨ ਨਹੀਂ ਖਾਣਾ ਚਾਹੀਦਾ। ਮਨੁੱਖੀ ਸਮਾਜ ਦੇ ਇਸ ਵਡੇਰੇ ਤੇ ਜ਼ਰੂਰੀ ਕਾਰਜ ਲਈ ਸਰਵਗੁਣ ਸੰਪੰਨ ਕਿਸੇ ਆਦਰਸ਼ਕ ਵਿਚਾਰਧਾਰਾ 'ਤੇ ਆਧਾਰਿਤ ਰਾਜ ਦੀ ਤਾਂਘ ਮਨੁੱਖੀ ਸਮਾਜ ਵਿਚ ਹਮੇਸ਼ਾਂ ਰਹੀ ਹੈ। ਗੁਰੂ ਸਾਹਿਬ ਵੱਲੋਂ ਇਸ ਤਾਂਘ ਦੀਆਂ ਅਸੀਮ ਤੇ ਅਥਾਹ ਤੰਦਾਂ ਨੂੰ ਫੜਨ ਦੀ ਵਿਧ ਹੀ ਜਪੁਜੀ ਦੇ 'ਕਿਵ ਸਚਿਆਰਾ ਹੋਈਐ' ਦੇ ਵਾਕ ਵਿਚ ਪ੍ਰਾਪਤ ਹੈ ਜਿਸ ਵਿੱਚੋਂ ਸਰਬਤ ਦੇ ਭਲੇ ਵਾਲਾ ਉੱਜਲ ਰਾਜ ਦਾ ਸੁਪਨਾ ਪ੍ਰਗਟ ਹੁੰਦਾ ਹੈ।

### 2.8. ਰਾਜ ਦਾ ਸਿੱਖ ਸਿਧਾਂਤ (ਮੀਰੀ-ਪੀਰੀ)

ਧਰਮ ਤੇ ਰਾਜਨੀਤੀ ਨੂੰ ਲੈ ਕੇ ਪੱਛਮੀ ਰਾਜਨੀਤਿਕ ਚਿੰਤਕਾਂ ਨੇ ਭਿੰਨ-ਭਿੰਨ ਵਿਚਾਰਧਾਰਾਵਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਦੇ ਅੰਤਰਗਤ ਧਰਮ ਅਤੇ ਰਾਜਨੀਤੀ ਦੇ ਸੰਬੰਧਾਂ ਨੂੰ ਅਨੇਕਾਂ ਦ੍ਰਿਸ਼ਟੀਕੋਣਾਂ ਤੋਂ ਵਿਚਾਰਿਆ ਗਿਆ ਹੈ। ਕਈ ਚਿੰਤਕ ਇਹਨਾਂ ਨੂੰ ਇਕ ਦੂਜੇ ਤੋਂ ਸੁਤੰਤਰ ਰੱਖਣ ਦੇ ਹਾਮੀ ਹਨ, ਕਈ ਇਹਨਾਂ ਦੇ ਸੰਯੋਗ ਸਥਾਪਿਤ ਕਰਨ ਨੂੰ ਹੀ ਮਨੁੱਖੀ ਭਲਾਈ ਸਮਝਦੇ ਹਨ, ਕਈ ਚਿੰਤਕ ਰਾਜ ਦੇ ਮਾਮਲਿਆਂ ਵਿਚ ਧਰਮ ਦੇ ਦਾਖ਼ਲੇ ਨੂੰ ਹੀ ਵਰਜਿਤ ਮੰਨਦੇ ਹਨ, ਕਈ ਚਿੰਤਕ ਲੋਕ ਭਲਾਈ ਲਈ ਧਰਮ ਨੂੰ ਅੜਿੱਕਾ ਮੰਨ ਕੇ ਇਸ ਨੂੰ ਖਾਰਜ਼ ਕਰਦੇ ਹਨ ਤੇ ਰਾਜ ਨੂੰ ਹੀ ਲੋਕ ਕਲਿਆਣ ਦੀ ਸੰਸਥਾ ਮੰਨਦੇ ਹਨ। ਸਦੀਆਂ ਤੋਂ ਚੱਲੇ ਆ ਰਹੇ ਇਸ ਅਨਿੱਖੜ ਵਰਤਾਰੇ ਵਿਚ ਸੰਤੁਲਨ ਕਾਇਮ ਕਰਦਿਆਂ ਗੁਰੂ ਸਾਹਿਬਾਨ ਨੇ ਧਰਮ ਤੇ ਰਾਜ ਦੀ ਸਾਂਝੀ ਜੀਵਨ-ਜੁਗਤ ਦਾ ਐਸਾ ਛੱਟਾ ਇਸ ਧਰਤੀ 'ਤੇ ਮਾਰਿਆ ਕਿ ਮਨੁੱਖੀ ਸਮਾਜ ਦੇ ਸਗਲ ਪਾਸਾਰ ਆਪਣੀ ਰੌਂ ਵਿਚ ਰੁਮਕਣ ਲੱਗੇ। ਇਸ ਰੱਬੀ ਨਿਵਾਜਸ ਨੇ ਮਨੁੱਖ ਦੀ ਹਰ ਪਰਤ ਨੂੰ ਰੁਸ਼ਨਾਇਆ ਜਿਸ ਵਿਚ ਧਰਮ ਦੇ ਨਾਲ-ਨਾਲ ਦੁਨਿਆਵੀ ਤਾਕਤ ਦੀ ਸਭ ਤੋਂ ਵੱਡੀ ਸੰਸਥਾ ਰਾਜ ਨੂੰ ਵੀ ਆਪਣੇ ਕਲਾਵੇ ਵਿਚ ਲੈ ਲਿਆ।

ਧਰਮ ਲੋਕ-ਪ੍ਰਲੋਕ, ਹਲਤ-ਪਲਤ ਤੇ ਦੀਨ ਦੁਨੀ ਦਾ ਵਿਆਪਕ ਖੇਤਰ ਹੈ ਜਦੋਂ ਕਿ ਰਾਜ ਕੇਵਲ ਦੁਨਿਆਵੀ ਖੇਤਰ ਤੱਕ ਹੀ ਸੀਮਿਤ ਹੈ। ਸਿੱਖ ਚਿੰਤਨ ਵਿਚ ਧਰਮ ਤੇ ਰਾਜ ਦੇ ਸੰਜੋਗ ਦੇ ਇਸ ਵਿਲੱਖਣ

[277] ਉਹੀ, ਪੰਨਾ 89

ਤੇ ਦੈਵੀ ਸਿਧਾਂਤ ਨੂੰ ਮੀਰੀ-ਪੀਰੀ ਦੇ ਸਿਧਾਂਤ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮੀਰ' ਦੇ ਅਰਥ 'ਬਾਦਸ਼ਾਹਤ'[278] ਤੇ 'ਪੀਰੀ' ਦੇ ਅਰਥ 'ਗੁਰਤਾ'[279] ਕੀਤੇ ਹਨ। 'ਮੀਰ' ਅਰਬੀ ਦੇ ਅਮੀਰ ਸ਼ਬਦ ਦਾ ਸਮਾਨਅਰਥਕ ਸ਼ਬਦ ਹੈ ਜਿਸ ਦਾ ਮੂਲ ਅਰਥ 'ਹੁਕਮਰਾਨ' ਜਾਂ 'ਦੁਨਿਆਵੀ' ਤਾਕਤਾਂ ਦਾ ਮਾਲਕ ਹੈ। ਪੀਰ ਫ਼ਾਰਸੀ ਦਾ ਸ਼ਬਦ ਹੈ ਜੋ ਅਧਿਆਤਮਕ ਬਜੁਰਗੀ ਜਾਂ ਫਕੀਰੀ ਦਾ ਪ੍ਰਤੀਕ ਹੈ। ਇਸ ਦਾ ਅਰਥ ਨਿਰੋਲ ਅਧਿਆਤਮਕ ਜੀਵਨਧਾਰਾ ਹੈ।[280] ਸਪਸ਼ਟ ਹੈ ਕਿ ਮੀਰ ਸ਼ਬਦ ਦੀ ਵਰਤੋਂ ਦੁਨਿਆਵੀ ਬਾਦਸ਼ਾਹ ਲਈ ਤੇ ਪੀਰ ਸ਼ਬਦ ਦੀ ਵਰਤੋਂ ਅਧਿਆਤਮਿਕ ਸ਼ਖ਼ਸੀਅਤਾਂ ਲਈ ਕੀਤੀ ਜਾਂਦੀ ਹੈ ਜਿਸ ਦਾ ਹਵਾਲਾ ਗੁਰਬਾਣੀ ਵਿਚ ਮਿਲਦਾ ਹੈ:

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ।[281]

ਗੁਰੂ ਪਰੰਪਰਾ ਵਿਚ ਗੁਰ ਇਤਿਹਾਸ ਤੇ ਸਿਧਾਂਤਾਂ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਦਸਦੇ ਹਨ ਕਿ ਧਰਮ ਤੇ ਰਾਜ ਦਾ ਇਹ ਸੁਯੰਗਤ ਰੂਪ ਗੁਰਿਆਈ ਰੂਪ ਵਿਚ ਇਸ ਤਰ੍ਹਾਂ ਅੱਗੇ ਵਧਿਆ:

ਸੋ ਟਿਕਾ ਸੋ ਛਤ੍ਰ ਸਿਰਿ ਸੋਈ ਸਚਾ ਤਖਤ ਟਿਕਾਈ।

ਗੁਰੂ ਨਾਨਕ ਹੁੰਦੀ ਮੁਹਰ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।[282]

ਗੁਰੂ ਸਾਹਿਬ ਦੇ ਆਗਮਨ ਨਾਲ ਆਈ ਸਮਾਜਿਕ ਤੇ ਰਾਜਨੀਤਿਕ ਤਬਦੀਲੀ ਬਾਰੇ ਡਾ. ਦਰਸ਼ਨ ਸਿੰਘ ਦਸਦੇ ਹਨ ਕਿ ਲੋਕਾਈ ਦਾ ਧਾਰਮਿਕ ਸੁਤੰਤਰਤਾ ਦਾ ਖੁੱਸਿਆ ਹੱਕ ਉਹਨਾਂ ਨੂੰ ਫਿਰ ਪ੍ਰਾਪਤ ਹੋ ਜਾਂਦਾ ਹੈ। ਇਸ ਨਵੀਂ ਜੀਵਨ-ਵਿਧੀ ਦਾ ਆਧਾਰ 'ਸੱਚ ਆਚਾਰ' ਅਤੇ ਇਸ ਦੀ ਪ੍ਰਵਾਨਗੀ ਦਾ ਨਿਸ਼ਾਨ 'ਪੱਤ' ਅਤੇ 'ਇੱਜ਼ਤ' ਬਣ ਜਾਂਦਾ ਹੈ। ਇਹਨਾਂ ਉਸਾਰੂ ਤੇ ਕ੍ਰਾਂਤੀਕਾਰੀ ਪਰਿਵਰਤਨਾਂ ਵਿਚ ਧਰਮ ਤੇ ਰਾਜਨੀਤੀ ਵਿਚ ਆ ਚੁੱਕੀ ਗਿਰਾਵਟ ਨੂੰ ਦੂਰ ਕਰਕੇ ਉਸ ਦੀ ਮੁੜ ਉਸਾਰੀ ਦੇ ਬੀਜ ਛੁਪੇ ਹੋਏ ਹਨ। ਇਹ

---

[278] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 975

[279] ਉਹੀ, ਪੰਨਾ 773

[280] ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ, ਪੰਨਾ 92

[281] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 417

[282] ਸ. ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਪੰਨਾ 23

ਨਵਾਂ ਧਾਰਮਿਕ ਅਮਲ ਅਨੇਕਾਂ ਨਵੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨੂੰ ਜਨਮ ਦਿੰਦਾ ਹੈ। ਗੁਰੂ ਤੇ ਸਿੱਖ, ਸੇਵਾ ਤੇ ਸਿਮਰਨ, ਸੰਗਤ ਤੇ ਪੰਗਤ, ਸ਼ਾਸਤਰ ਤੇ ਸ਼ਸਤਰ, ਦੇਗ ਤੇ ਤੇਗ, ਗ੍ਰੰਥ ਤੇ ਪੰਥ, ਸੰਤ ਤੇ ਸਿਪਾਹੀ, ਮੀਰੀ ਤੇ ਪੀਰੀ, ਨਾਮ, ਦਾਨ, ਇਸ਼ਨਾਨ, ਪੰਜ ਪਿਆਰੇ ਤੇ ਖ਼ਾਲਸਾ ਨਵੀਂ ਜੀਵਨ-ਜੁਗਤ ਵਿੱਚੋਂ ਪੈਦਾ ਹੋਈਆਂ ਸੰਸਥਾਵਾਂ ਦੇ ਰੂਪ ਸਨ।[283] ਉਪਰੋਕਤ ਵਿੱਚੋਂ ਕਈ ਸੰਸਥਾਵਾਂ ਗੁਰੂ ਨਾਨਕ ਸਾਹਿਬ ਨੇ ਹੀ ਸ਼ੁਰੂ ਕਰ ਦਿੱਤੀਆਂ ਸਨ। ਮੀਰੀ-ਪੀਰੀ ਦਾ ਸਿਧਾਂਤ ਵੀ ਬੀਜ ਰੂਪ ਵਿਚ ਬਾਬਰ ਨੂੰ ਵੰਗਾਰਨ ਨਾਲ ਹੀ ਸ਼ੁਰੂ ਹੋ ਗਿਆ ਸੀ ਪਰ ਪੂਰਨ ਤੌਰ 'ਤੇ ਅਮਲ ਵਿਚ ਇਸ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੇ ਅਮਲ ਵਿਚ ਲਿਆਂਦਾ। ਸਿੱਖ ਚਿੰਤਨ ਤੇ ਪਰੰਪਰਾ ਇਸ ਧਾਰਨਾ ਦੀ ਹਾਮੀ ਹੈ ਕਿ ਗੁਰੂ ਸਾਹਿਬਾਨ ਦੇ ਇਸ ਧਰਮ ਤੇ ਰਾਜ-ਪ੍ਰਣਾਲੀ ਦੇ ਆਸੇ ਦਾ ਸਮਾਜ ਧਰਮ ਦੇ ਚੌਖਟੇ ਵਿਚ ਹੀ ਸੰਭਵ ਸੀ ਜਿਸ ਬਾਰੇ ਡਾ. ਵਜ਼ੀਰ ਸਿੰਘ ਦਸਦੇ ਹਨ, ''ਗੁਰੂ ਸਾਹਿਬਾਨ ਨੇ ਸਮਾਜ-ਵਿਗਿਆਨੀਆਂ ਵਾਂਗ ਜਾਂ ਕੋਈ ਰਾਜਨੀਤੀਤੱਗਾਂ ਵਾਂਗ ਕੋਈ ਵਿਧੀਬੱਧ ਰਾਜਸੀ ਵਿਚਾਰਧਾਰਾ ਪੇਸ਼ ਨਹੀਂ ਕੀਤੀ; ਉਨ੍ਹਾਂ ਨੇ ਲੋਕਾਂ ਨੂੰ ਨੈਤਿਕ ਤੇ ਆਤਮਿਕ ਪੱਧਰ ਉੱਤੇ ਵਿਚਰਨ ਦੀ, ਸੁੱਚੇ ਵਿਹਾਰ ਦੀ, ਸਰਬ-ਸਾਂਝੇ ਕਲਿਆਣ ਹਿਤ ਕਾਰਜਸ਼ੀਲ ਹੋਣ ਦੀ ਪ੍ਰੇਰਨਾ ਦਿੱਤੀ ਹੈ।''[284] ਮੀਰੀ-ਪੀਰੀ ਦਾ ਇਹ ਸਿਧਾਂਤ ਸਿੱਖ ਲਹਿਰ ਦੇ ਵਿਕਾਸ ਵਿਚ ਕਈ ਰੂਪਾਂ, ਸੰਸਥਾਵਾਂ ਤੇ ਸੰਕਲਪਾਂ ਰਾਹੀਂ ਪ੍ਰਗਟ ਹੋਇਆ ਹੈ: ਸ਼ਕਤੀ-ਭਗਤੀ, ਸ਼ਸਤਰ-ਸ਼ਾਸਤਰ, ਗ੍ਰੰਥ-ਪੰਥ, ਅੰਜਨ-ਨਿਰੰਜਨ, ਹਲਤ-ਪਲਤ (ਦੀਨ-ਦੁਨੀ), ਜੋਗ-ਭੋਗ, ਦੇਗ-ਤੇਗ, ਸੰਤ-ਸਿਪਾਹੀ ਆਦਿ।

ਮੀਰੀ-ਪੀਰੀ ਦਾ ਸਿਧਾਂਤ ਮਨੁੱਖੀ ਹੋਣੀ ਦੇ ਉਸ ਸਦੀਵੀ ਵਰਤਾਰੇ ਵੱਲ ਇਸ਼ਾਰਾ ਕਰਦਾ ਹੈ ਜਿਹੜਾ ਮਨੁੱਖੀ ਇਤਿਹਾਸ ਵਿਚ ਕਦੇ ਵੀ ਸੰਤੁਲਨ ਨਹੀਂ ਬਣਾ ਸਕਿਆ। ਸ਼ਕਤੀ ਤੇ ਭਗਤੀ ਵਿਚ ਸਦੀਵੀ ਵਿਰੋਧ ਤੇ ਸਦੀਵੀ ਏਕਤਾ ਸਹਿਜ ਰੂਪ ਵਿਚ ਹੀ ਵਿਦਮਾਨ ਹੈ ਜਿਸ ਬਾਰੇ ਡਾ. ਜਸਵੀਰ ਸਿੰਘ ਆਹਲੂਵਾਲੀਆ ਦਸਦੇ ਹਨ, ''ਇਹ ਵਿਰੋਧ ਇਸ ਕਿਸਮ ਦਾ ਹੈ ਕਿ ਇਕ ਧਿਰ ਦੇ ਖਾਤਮੇ ਨਾਲ ਦੂਸਰੀ ਧਿਰ ਵੀ ਸ੍ਵੈ-ਘਾਤਕ ਸਿੱਧ ਹੁੰਦੀ ਹੈ। ਭਗਤੀ ਨਾਲੋਂ ਟੁੱਟ ਕੇ ਸ਼ਕਤੀ ਦਿਸ਼ਾਹੀਣ ਹੋ ਜਾਂਦੀ ਹੈ; ਇਉਂ ਮਨੁੱਖ ਵਿਚ ਰਾਕਸ਼-ਬਿਰਤੀ,

---

[283] ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ 190

[284] ਡਾ. ਵਜ਼ੀਰ ਸਿੰਘ, ਸਿੱਖ ਦਰਸ਼ਨਧਾਰਾ, ਪੰਨਾ 116

ਤੇ ਸਮਾਜ ਵਿਚ ਤਾਨਾਸ਼ਾਹੀ ਜਨਮ ਲੈਂਦੀ ਹੈ। ਸ਼ਕਤੀ ਨਾਲੋਂ ਟੁੱਟਕੇ ਭਗਤੀ ਸ਼ੂਨਵਾਦੀ ਹੋ ਜਾਂਦੀ ਹੈ। ਸ਼ਕਤੀ ਨਾਲੋਂ ਵਿਯੋਗੀ ਭਗਤੀ ਅਪਣਾ ਬਚਾਓ ਆਪ ਕਰਨ ਦੇ ਸਮਰੱਥ ਵੀ ਨਹੀਂ ਰਹਿੰਦੀ''।[285] ਭਗਤੀ ਤੇ ਸ਼ਕਤੀ ਦੇ ਇਹਨਾਂ ਉਲਾਰ ਵਰਤਾਰਿਆਂ ਦੀਆਂ ਅਨੇਕਾਂ ਝਲਕਾਂ ਇਤਿਹਾਸ ਵਿੱਚੋਂ ਮਿਲਦੀਆਂ ਹਨ।

ਧਰਮ ਤੇ ਰਾਜਨੀਤੀ ਦੇ ਨਖੇੜਾ ਤੇ ਵਖਰੇਵਾਂ ਸਿੱਖ ਧਰਮ ਦੇ ਮੁੱਢ ਤੋਂ ਹੀ ਪ੍ਰਵਾਨ ਨਹੀਂ ਕੀਤਾ ਗਿਆ। ਹਾਂ ਇਹਨਾਂ ਦੋਵਾਂ ਵਿੱਚੋਂ ਧਰਮ ਦੀ ਬਣਦੀ ਪਹਿਲ-ਪ੍ਰਥਮਤਾ ਸ਼ੁਰੂ ਤੋਂ ਹੀ ਪ੍ਰਵਾਨ ਕੀਤੀ ਗਈ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਲੋਕਾਂ ਦੀ ਰਾਜਨੀਤਿਕ ਗਿਰਾਵਟ ਨੂੰ ਦੂਰ ਕਰਨ ਲਈ ਉਨ੍ਹਾਂ ਦੇ ਧਾਰਮਿਕ ਜੀਵਨ ਨੂੰ ਸੁੱਚਾ ਤੇ ਪਵਿੱਤਰ ਬਣਾਉਣ ਦੇ ਉੱਦਮ ਨੂੰ ਪਹਿਲ ਦਿੱਤੀ। ਸਿੱਖ ਧਰਮ ਵਿਚ ਰਾਜਨੀਤੀ ਕਦੇ ਵੀ ਅਧਾਰਮਿਕ ਤੇ ਅਪਵਿੱਤਰ ਅਮਲ ਨਹੀਂ ਮੰਨਿਆ ਗਿਆ।[286] ਭਾਈ ਗੁਰਦਾਸ ਜੀ ਨੇ ਆਪਣੀ ਇਕ ਵਾਰ ਵਿਚ ਗੁਰੂ ਸਾਹਿਬ ਨੂੰ ਸੱਚਾ ਪਾਤਸ਼ਾਹ, ਪਾਤਿਸ਼ਾਹਾਂ ਦਾ ਪਾਤਸ਼ਾਹ, ਦੋਹਾਂ ਜਹਾਨਾਂ ਦਾ ਵਾਲੀ, ਗਰੀਬ-ਨਿਵਾਜ, ਕਾਇਮ-ਦਾਇਮ ਸਾਹਿਬੀ ਤੇ ਜਾਹਰ-ਪੀਰ ਤੇ ਜਗਤੁ-ਗੁਰੂ ਜਿਹੇ ਸ਼ਬਦ ਵਰਤ ਕੇ ਮੀਰੀ-ਪੀਰੀ ਦੇ ਸਿਧਾਂਤ ਨੂੰ ਹੋਰ ਸਪਸ਼ਟ ਕੀਤਾ ਹੈ। ਗੁਰਬਾਣੀ ਵਿਚ ਵੀ ਗੁਰੂ ਪਰੰਪਰਾ ਲਈ ਵਰਤੇ ਸ਼ਬਦਾਂ ਵਿਚਲੇ ਚਿੰਨ੍ਹ, ਪ੍ਰਤੀਕ ਰੂਹਾਨੀ ਤੇ ਰਾਜਸੀ ਪ੍ਰਵਿਰਤੀ ਦਾ ਪ੍ਰਗਟਾਵਾ ਕਰਦੇ ਹਨ ਜਿਸ ਦਾ ਜ਼ਿਕਰ 'ਰਾਮਕਲੀ ਕੀ ਵਾਰ' ਵਿਚ ਮਿਲਦਾ ਹੈ:

ਨਾਨਕ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥
ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥
ਮਤਿ ਗੁਰ ਆਤਮਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥[287]

---

[285] ਡਾ. ਜਸਬੀਰ ਸਿੰਘ ਆਹਲੂਵਾਲੀਆ, ਸਿੱਖ ਚਿੰਤਨ ਦਾਰਸ਼ਨਿਕ ਅਤੇ ਸੰਸਥਾਤਮਕ ਵਿਕਾਸ, ਪੰਨੇ 76-77

[286] ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ 190

[287] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 966

ਮੀਰੀ-ਪੀਰੀ ਦਾ ਸਿਧਾਂਤਕ ਸੰਤੁਲਨ ਹੀ ਮਨੁੱਖੀ ਭਲਾਈ ਦਾ ਕੋਈ ਨਵਾਂ ਮਾਡਲ ਸਿਰਜ ਸਕਦਾ ਹੈ। ''ਮੀਰੀ ਤੇ ਪੀਰੀ ਦਰਿਆ ਦੇ ਦੋ ਕੰਢਿਆਂ ਵਾਂਗ ਹਨ, ਜਿਨ੍ਹਾਂ ਵਿਚਕਾਰ ਜੀਵਨ-ਰੌ ਵਹਿੰਦੀ ਹੈ। ਇਹ ਜੀਵਨ-ਰੌ ਆਪਣੇ ਜਲੌ ਵਿੱਚ ਤਾਂ ਹੀ ਧੜਕਦੀ ਰਹਿ ਸਕਦੀ ਹੈ ਜੇਕਰ ਦੋਹਾਂ ਕੰਢਿਆਂ ਵਿਚਕਾਰ ਏਕਤਾ ਵੀ ਹੋਵੇ ਤੇ ਭਿੰਨਤਾ ਅਥਵਾ ਦੂਰੀ ਵੀ। ਸਾਪੇਖਿਕ ਏਕਤਾ ਤੋਂ ਬਿਨਾਂ ਭਿੰਨਤਾ ਵਿਭਿੰਨਤਾ ਹੋ ਨਿਬੜਦੀ ਹੈ। ਸਿੱਟੇ ਵਜੋਂ ਦੋਹਾਂ ਕੰਢਿਆਂ ਵਿਚਕਾਰ ਏਨੀ ਦੂਰੀ ਵਧ ਜਾਂਦੀ ਹੈ ਜਿਸ ਨਾਲ ਜੀਵਨ-ਰੌ ਖਿੰਡਰ ਜਾਂਦੀ ਹੈ, ਕਿਸੇ ਸੂਤ ਵਿਚ ਪ੍ਰੋਈ ਨਹੀਂ ਰਹਿੰਦੀ। ਸਮਾਜੀ ਸੰਗਠਨ ਟੁੱਟ ਜਾਂਦਾ ਹੈ। ਦੂਸਰੇ ਪਾਸੇ ਜੇਕਰ ਦੋਹਾਂ ਕੰਢਿਆਂ ਦੀ ਭਿੰਨਤਾ ਅਥਵਾ ਦੂਰੀ ਹੀ ਨਾ ਰਹੇ, ਦੋਵੇਂ ਕੰਢੇ ਇਕ ਹੋ ਜਾਵਣ ਤਾਂ ਵੀ ਜੀਵਨ-ਰੌ ਸੁੰਗੜ ਕੇ ਦਮ ਤੋੜ ਦਿੰਦੀ ਹੈ। ਸੋ ਦਰਿਆ-ਰੂਪੀ ਜੀਵਨ-ਰੌ ਲਈ ਦੋਹਾਂ ਕੰਢਿਆਂ, ਯਾਨੀ ਮੀਰੀ ਤੇ ਪੀਰੀ, ਦੀ ਸਾਪੇਖਕ ਭਿੰਨਤਾ ਲਾਜ਼ਮੀ ਹੈ। ਇਸ ਏਕਤਾ-ਭਿੰਨਤਾ ਦੇ ਆਧਾਰ 'ਤੇ ਦੋਹਾਂ ਦਾ ਇਕ ਨਵਾਂ ਸੰਤੁਲਨ ਸਿੱਖਮਤਿ ਨੇ ਰੂਪਮਾਨ ਕੀਤਾ ਹੈ। ਮੀਰੀ-ਪੀਰੀ ਦਾ ਇਹ ਸੁਮੇਲ ਤੇ ਸੰਤੁਲਨ ਸ੍ਰੀ ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਦੇ ਰੂਪ ਵਿਚ ਦ੍ਰਿਸ਼ਟਮਾਨ ਹੈ''।[288] ਸਮਾਜ ਦੇ ਇਸ ਰਿਸਤੇ ਦੀ ਅਟੁੱਟਤਾ ਸਿਰਜਣ ਲਈ ਗੁਰੂ ਸਾਹਿਬ ਨੇ ਜੋ ਨਵੇਂ ਪ੍ਰਤੀਕ ਬਣਾਏ, ਉਨ੍ਹਾਂ ਨੇ ਸਿੱਖ ਚਿੰਤਨ ਨੂੰ ਨਵੀਂ ਸੇਧ ਪ੍ਰਦਾਨ ਕੀਤੀ। ਗੁਰੂ ਨਾਨਕ ਸਾਹਿਬ ਵੱਲੋਂ ਪਤਿ ਤੇ ਸਵੈਮਾਣ ਨਾਲ ਜਿਉਣ ਦੀ ਦਿੱਤੀ ਚਿਤਾਵਨੀ ਦੇ ਸਿੱਟੇ ਵਜੋਂ ਗੁਰੂ ਅਰਜਨ ਪਾਤਸ਼ਾਹ ਜੀ ਨੇ ਆਪਣੇ ਸਮਕਾਲੀ ਰਾਜ-ਪ੍ਰਬੰਧ ਦੇ ਜ਼ੁਲਮ ਦਾ ਟਾਕਰਾ ਕਰਦਿਆਂ ਸ਼ਹਾਦਤ ਦੇ ਦਿੱਤੀ। ਇਸ ਸ਼ਾਂਤਮਈ ਸ਼ਹਾਦਤ ਤੋਂ ਬਾਅਦ ਹੀ ਗੁਰੂ ਹਰਿਗੋਬਿੰਦ ਜੀ ਨੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਕੇ ਇਸ ਸਿਧਾਂਤ ਨੂੰ ਰਚਨਾਤਮਕ ਰੂਪ ਪ੍ਰਦਾਨ ਕਰ ਦਿੱਤਾ ਤੇ ਸਿੱਖਾਂ ਨੂੰ ਸ਼ਸਤਰ ਲਿਆਉਣ ਸਜਾਉਣ ਦਾ ਹੁਕਮ ਦਿੱਤਾ।

ਹਰਿਮੰਦਰ ਸਾਹਿਬ ਦੇ ਨਾਲ ਹੀ ਅਕਾਲ ਤਖ਼ਤ ਦੀ ਸਥਾਪਨਾ ਬਾਰੇ ਡਾ. ਜਸਬੀਰ ਸਿੰਘ ਆਹਲੂਵਾਲੀਆ ਦਸਦੇ ਹਨ, ਹਰਿਮੰਦਰ ਸਾਹਿਬ ਪੀਰੀ ਅਥਵਾ ਪਲਤਮੁਖੀ ਪ੍ਰਭੁਤਾ (spirtitual sovereignty) ਦਾ ਪ੍ਰਤੀਕ ਹੈ ਤੇ ਇਸ ਤੋਂ ਅਡਰਾ, ਪਰ ਨਾਲ ਹੀ (ਅੰਤਰ-ਸੰਬੰਧਤ) ਅਕਾਲ ਤਖ਼ਤ ਹੈ ਜੋ ਮੀਰੀ ਯਾਨੀ ਹਲਤਮੁਖੀ ਪ੍ਰਭੁਤਾ (temporal sovereignty)ਦਾ ਚਿੰਨ੍ਹ ਹੈ। ਮੀਰੀ-ਪੀਰੀ ਦਾ ਸੰਕਲਪ

[288] ਡਾ. ਜਸਬੀਰ ਸਿੰਘ ਆਹਲੂਵਾਲੀਆ, ਸਿੱਖ ਚਿੰਤਨ ਦਾਰਸ਼ਨਿਕ ਅਤੇ ਸੰਸਥਾਤਮਕ ਵਿਕਾਸ, ਪੰਨਾ 77

ਜੀਵ-ਪਰਮਾਤਮਾ ਅਤੇ ਵਿਅਕਤੀ-ਸਮਾਜ ਦੇ ਆਪਸੀ ਰਿਸਤਿਆਂ ਦੇ ਇਕ ਨਵੇਂ ਤਸੱਵਰ ਵੱਲ ਸੰਕੇਤ ਕਰਦਾ ਹੈ, ਇਕ ਅਜਿਹਾ ਤਸੱਵਰ ਜੋ ਕਿਸੇ ਵੀ ਹੋਰ ਮਜ੍ਹਬ ਦੇ ਪੇਸ਼ ਕੀਤੇ ਨਿਰਨੇ ਨਾਲੋਂ ਵੱਖਰਾ ਹੈ ਤੇ ਆਧੁਨਿਕ ਵੀ। ਸਿੱਖ ਮੱਤ ਅਨੁਸਾਰ ਮਨੁੱਖ, ਬਤੌਰ ਜੀਵ, ਪਰਮਾਤਮਾ ਦਾ ਅੰਸ਼ ਹੈ ਤੇ ਬਤੌਰ ਵਿਅਕਤੀ ਸਮਾਜ ਦਾ ਅਣੂ ਹੈ। ਮੀਰੀ ਤੇ ਪੀਰੀ ਮਨੁੱਖ ਦੇ ਇਹਨਾਂ ਦੋ ਪੱਖਾਂ ਦੇ ਪ੍ਰਤੀਕ ਹਨ।[289]

ਸਿੱਖ ਨੁਕਤਾ-ਨਿਗਾਹ ਤੋਂ ਮੀਰੀ-ਪੀਰੀ ਦੇ ਇਸ ਸਿਧਾਂਤ ਵਿਚਕਾਰ ਸਾਂਝ ਦਾ ਮੁੱਖ ਆਧਾਰ ਮਾਨਵੀ, ਸਮਾਜੀ ਤੇ ਨੈਤਿਕ ਕਦਰਾਂ ਕੀਮਤਾਂ ਹਨ। ਧਰਮ ਮਨੁੱਖ ਨੂੰ ਸਮੁੱਚੇ ਸਮਾਜ ਦੇ ਲੌਕਿਕ ਤੇ ਪਰਾਲੌਕਿਕ ਲਈ ਯਤਨਸ਼ੀਲ ਕਰਦਾ ਹੈ। ''ਵਿਅਕਤੀ-ਜੀਵਨ ਵਿੱਚ, ਨੈਤਿਕ ਪੱਧਰ ਉੱਤੇ, ਮੀਰੀ-ਪੀਰੀ ਦਾ ਅਰਥ ਉਹ ਅਵਸਥਾ ਹੈ ਜਿਸ ਵਿੱਚ ਮਨੁੱਖ ਅੰਜਨ ਮਾਹਿ ਨਿਰੰਜਨਿ ਯਾਨਿ 'ਘਰ ਹੀ ਮਾਹਿ ਉਦਾਸ' ਵਿਚਰਦਾ ਹੈ। ਵਿਅਕਤੀ-ਜੀਵਨ ਵਿਚ ਸਮਾਜੀ ਪੱਧਰ ਉੱਤੇ, ਮੀਰੀ-ਪੀਰੀ ਦਾ ਅਰਥ ਹੈ ਉਹ ਅਵਸਥਾ ਜਿਸ ਵਿੱਚ ਮਨੁੱਖ ਸੰਤ-ਸਿਪਾਹੀ ਦਾ ਰੂਪ ਧਾਰਨ ਕਰਦਾ ਹੈ। ਜੇਕਰ ਵਿਅਕਤੀ-ਜੀਵਨ ਦੇ ਉਪਰੋਕਤ ਦੋਹਾਂ ਪੱਧਰਾਂ(ਨੈਤਿਕ, ਸਮਾਜਿਕ) ਨੂੰ ਇਕ ਸੂਤ ਵਿਚ ਪਰੋ ਕੇ ਵੇਖਿਆ ਜਾਵੇ ਤਾਂ ਮੀਰੀ-ਪੀਰੀ ਦਾ ਗੁਰਮੁਖ ਸੰਬੰਧੀ ਆਦਰਸ਼ ਸਾਹਮਣੇ ਆਉਂਦਾ ਹੈ ਜਿਸਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ 'ਪੰਚ ਪਰਵਾਣੁ ਪੰਚ ਪਰਧਾਨੁ' ਦੇ ਮਹਾਂਵਾਕ ਰਾਹੀਂ ਦਰਸਾਇਆ ਹੈ। ਗੁਰਮੁਖ ਜਿੱਥੇ ਸੱਚ ਖੰਡ (ਪਲਤ) ਵਿੱਚ ਪਰਵਾਣ ਹੈ ਉੱਥੇ ਹਲਤ ਵਿੱਚ, ਸੰਸਾਰ ਵਿੱਚ, ਪਰਧਾਨ ਹੈ। ਪੰਚ ਪਰਧਾਨ ਦੇ ਸੰਕਲਪ ਅਨੁਸਾਰ ਗੁਰਮੁਖ(ਜਿਸਨੂੰ ਖ਼ਾਲਸਾਈ ਰੂਪ ਵਿੱਚ ਸਿੰਘ ਕਿਹਾ ਜਾਂਦਾ ਹੈ) ਹਲਤਮੁਖੀ ਪ੍ਰਭੁਤਾ ਦਾ ਦਾਅਵੇਦਾਰ ਹੈ।[290] ਗੁਰਮੁਖ ਦੀ ਇਸ ਦਾਅਵੇਦਾਰੀ ਬਾਰੇ ਹੀ ਰਤਨ ਸਿੰਘ ਭੰਗੂ ਕਹਿੰਦੇ ਹਨ:

ਹਮ ਰਾਖਤ ਪਤਿਸ਼ਾਹੀ ਦਾਵਾ। ਜਾਂ ਇਤ ਕੋ ਜਾਂ ਅਗਲੋ ਪਾਵਾ।
ਜੋ ਸਤਿਗੁਰ ਸਿੱਖਨ ਕਹੀ ਬਾਤ। ਹੋਗੁ ਸਾਈ ਨਹਿੰ ਖਾਲੀ ਜਾਤ॥
ਧ੍ਰੂ ਵਿਧਰਤ ਔ ਧਵਲ ਡੁਲਾਇ। ਸਤਿਗੁਰ ਬਚਨ ਨ ਖਾਲੀ ਜਾਇ।

[289] ਉਹੀ, ਪੰਨਾ 77

[290] ਉਹੀ, 79

ਪਤਿਸ਼ਾਹੀ ਛਡ ਕਿਮ ਲਹੈਂ ਨਿਬਾਬੀ। ਪਰਾਧੀਨ ਜਿਹ ਮਾਂਹਿ ਖਰਾਬੀ॥[291]

ਮੀਰੀ-ਪੀਰੀ ਦੇ ਇਸ ਸਿਧਾਂਤ ਦਾ ਸਮਾਜਿਕ ਤੇ ਰਾਜਨੀਤਿਕ ਪੱਧਰ 'ਤੇ ਜਿਹੜਾ ਹੱਲ ਸਿੱਖ ਲਹਿਰ ਨੇ ਪੇਸ਼ ਕੀਤਾ ਹੈ ਇਹ ਪੱਛਮੀ ਰਾਜਨੀਤਿਕ ਚਿੰਤਨ ਸਮੇਤ ਵੱਖ-ਵੱਖ ਮਜ਼੍ਹਬਾਂ ਵੱਲੋਂ ਦਿੱਤੇ ਰਾਜ ਦੇ ਸਿਧਾਂਤ ਤੋਂ ਵੱਖਰਾ ਤੇ ਵਚਿੱਤਰ ਹੀ ਨਹੀਂ ਬਲਕਿ ਅੱਜ ਦੇ ਯੁੱਗ ਵਿਚ ਸਾਰਥਿਕ ਵੀ ਹੈ ਜਿਸ ਬਾਰੇ ਡਾ. ਜਸਪਾਲ ਸਿੰਘ ਆਪਣੇ ਇਕ ਲੇਖ ਵਿਚ ਦਸਦੇ ਹਨ, ''ਸਿੱਖ ਚਿੰਤਨ, ਧਰਮ ਤੇ ਰਾਜਨੀਤੀ ਵਿਚਕਾਰ ਇਕ ਐਸੀ ਸਾਂਝ ਦਾ ਮੁੱਦਈ ਹੈ ਜਿਹੜੀ ਰਾਜ ਤੇ ਸਮਾਜ ਲਈ ਉਸਾਰੂ ਭੂਮਿਕਾ ਨਿਭਾ ਸਕੇ। ਸਪਸ਼ਟ ਹੈ ਕਿ ਇਹ ਸਾਂਝ ਸੰਪ੍ਰਦਾਇਕ ਧਰਮ ਤੇ ਸਵਾਰਥੀ ਰਾਜਨੀਤੀ ਵਿਚਕਾਰ ਨਹੀਂ ਸਗੋਂ ਸਰਬਤ ਦਾ ਭਲਾ ਮੰਗਣ ਵਾਲੇ ਧਰਮ ਤੇ ਨਿਸਵਾਰਥ ਰਾਜਨੀਤੀ ਵਿਚਕਾਰ ਹੀ ਸੰਭਵ ਹੈ।[292]

ਇਸ ਤਰ੍ਹਾਂ ਗੁਰੂ ਸਾਹਿਬ ਨੇ ਇਕ ਨਵੇਂ ਸਚਿਆਰ ਮਨੁੱਖ(ਗੁਰਮੁਖ), ਨਵੇਂ ਸਮਾਜ(ਪੰਥ) ਤੇ ਨਵੇਂ ਰਾਜ(ਬੇਗਮਪੁਰਾ ਜਾਂ ਖ਼ਾਲਸਾ ਰਾਜ) ਦਾ ਸਿਧਾਂਤ ਪੇਸ਼ ਕਰਨ ਲਈ ਦਸ ਜਾਮਿਆਂ ਰਾਹੀਂ ਜੀਵਨ ਤੇ ਅਮਲ ਦਾ ਇਕ ਰਾਹ ਦਿਖਾ ਕੇ ਖ਼ਾਲਸੇ ਦੀ ਸਿਰਜਣਾ ਦੇ ਰੂਪ ਵਿਚ ਮੁਕੰਮਲ ਕੀਤਾ ਜਿਸਦੀ ਭਗਤੀ ਤੇ ਸ਼ਕਤੀ ਦੀ ਨਿਰੰਤਰ ਤੇ ਗਤੀਸ਼ੀਲਤਾ ਇਤਿਹਾਸ ਵਿਚ ਝਲਕਾਂ ਮਾਰਦੀ ਹੈ ਤੇ ਅੱਜ ਵੀ ਜਾਰੀ ਹੈ। ਇਸ ਨੂੰ ਹੀ ਗੁਰੂ ਅਰਜਨ ਪਾਤਸ਼ਾਹ ਜੀ ਨੇ ਹਲੇਮੀ ਰਾਜ ਦਾ ਨਾਂ ਦਿੱਤਾ ਹੈ ਤੇ ਹਲੇਮੀ ਰਾਜ ਦੇ ਇਸ ਇਲਾਹੀ ਮੈਨੀਫੈਸਟੋ ਦਾ ਜ਼ਿਕਰ ਇਹਨਾਂ ਸ਼ਬਦਾਂ ਰਾਹੀਂ ਪੇਸ਼ ਕੀਤਾ ਹੈ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨਾ ਕਿਸੈ ਰਞਾਣਦਾ॥

ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥[293]

ਉਪਰੋਕਤ ਵਿਚਾਰ ਤੋਂ ਸਪਸ਼ਟ ਹੁੰਦਾ ਹੈ ਕਿ ਸਿੱਖ ਰਾਜ ਦਾ ਮੀਰੀ-ਪੀਰੀ ਦਾ ਸਿਧਾਂਤ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿਚ ਹੀ ਠੋਸ ਰੂਪ ਸਥਾਪਿਤ ਕਰ ਦਿੱਤਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ,

---

[291] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 168

[292] ਡਾ. ਜਸਪਾਲ ਸਿੰਘ, ਸਿੱਖ ਧਰਮ ਤੇ ਰਾਜਨੀਤੀ, ਪੰਨਾ 31

[293] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 74

ਗੁਰਮਤਾ, ਸਰਬੱਤ ਖ਼ਾਲਸਾ, ਸੱਚਾ ਪਾਤਸ਼ਾਹ, ਖ਼ਾਲਸਾ ਪੰਥ, ਪੰਜ ਪਿਆਰੇ, ਯੁੱਧ, ਸ਼ਾਸਤਰ ਆਦਿ ਪਰੰਪਰਾਵਾਂ ਤੇ ਸੰਸਥਾਵਾਂ ਰਾਜ ਦਾ ਹੀ ਰੂਪ ਪੇਸ਼ ਕਰਦੀਆਂ ਹਨ। ਅਗਲੇ ਪਾਠ ਵਿਚ ਅਸੀਂ ਗੁਰਬਿਲਾਸ ਪਾਤਸ਼ਾਹੀ ੧੦ ਤੇ ਪ੍ਰਾਚੀਨ ਪੰਥ ਪ੍ਰਕਾਸ਼ ਸ੍ਰੋਤਾਂ ਵਿਚ ਪਏ ਇਹਨਾਂ ਰਾਜਨੀਤਿਕ ਸੰਕਲਪਾਂ, ਚਿਨ੍ਹਾਂ ਅਤੇ ਇਸ਼ਾਰਿਆਂ ਦਾ ਰਾਜਨੀਤਿਕ ਵਿਸ਼ਲੇਸ਼ਣ ਕਰਾਂਗੇ।

ਇਸ ਪਾਠ ਵਿਚ ਧਾਰਮਿਕ ਅਤੇ ਰਾਜਨੀਤਿਕ ਵਿਸ਼ਲੇਸ਼ਣ ਦੇ ਸਰੂਪ ਤੇ ਵਿਧੀ ਦੀ ਰੂਪ-ਰੇਖਾ ਉਲੀਕੀ ਗਈ ਹੈ। ਪਹਿਲਾਂ ਹੋਏ ਕਾਰਜਾਂ ਦਾ ਸਰਵੇਖਣ ਪੇਸ਼ ਕਰਨ ਉਪਰੰਤ ਅਧਿਐਨ ਦੀ ਲੋੜ ਅਤੇ ਮਹੱਤਤਾ ਬਾਰੇ ਚਾਨਣ ਪਾਇਆ ਗਿਆ ਹੈ। ਵਿਸ਼ੇ ਦੀ ਸੀਮਾ ਬਾਰੇ ਦੱਸਣ ਉਪਰੰਤ ਅਧਿਐਨ ਲਈ ਪ੍ਰਾਪਤ ਪਹੁੰਚ ਵਿਧੀਆਂ ਬਾਰੇ ਦੱਸਿਆ ਗਿਆ ਹੈ। ਆਧਾਰ ਗ੍ਰੰਥ ਧਾਰਮਿਕ ਤੇ ਇਤਿਹਾਸਕ ਸ੍ਰੋਤ ਵਜੋਂ ਮਹੱਤਤਾ ਰਖਦੇ ਹੋਣ ਕਰਕੇ ਇਹਨਾਂ ਦੀ ਇਤਿਹਾਸਕ ਤੇ ਸਾਹਿਤਿਕ ਪ੍ਰਵਿਰਤੀ ਦਾ ਭਾਈ ਵੀਰ ਸਿੰਘ ਦੇ ਹਵਾਲੇ ਨਾਲ ਅਧਿਐਨ ਕਰਦੇ ਹੋਏ ਇਹਨਾਂ ਨੂੰ ਸਿੱਖ ਇਤਿਹਾਸ ਦੇ ਕੋਮਲ ਉਨਰੀ ਗ੍ਰੰਥ ਸਿੱਧ ਕੀਤਾ ਹੈ। ਧਰਮ ਦੀ ਪਰਿਭਾਸ਼ਾ ਤੇ ਸਰੂਪ ਦਾ ਜ਼ਿਕਰ ਕਰਨ ਉਪਰੰਤ ਧਰਮ-ਸ਼ਾਸਤਰ ਦੇ ਸਰੂਪ ਤੇ ਖੇਤਰ ਬਾਰੇ ਦਰਸਾਇਆ ਹੈ। ਧਾਰਮਿਕ ਵਿਸ਼ਲੇਸ਼ਣ ਲਈ ਧਰਮ-ਸ਼ਾਸਤਰ ਤੇ ਸਿੱਖ ਧਰਮ-ਸ਼ਾਸਤਰ ਦੇ ਸੰਬੰਧਾਂ ਤੇ ਤੱਤਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੈ। ਰਾਜਨੀਤਿਕ ਵਿਸ਼ਲੇਸ਼ਣ ਲਈ ਰਾਜ ਦੇ ਪੱਛਮੀ ਤੇ ਭਾਰਤੀ ਚਿੰਤਨ ਦੇ ਸਰੂਪ ਦਾ ਅਧਿਐਨ ਸ਼ਾਮਿਲ ਕਰਨ ਉਪਰੰਤ ਰਾਜ ਦੇ ਸਿੱਖ ਸਿਧਾਂਤ(ਮੀਰੀ-ਪੀਰੀ) ਬਾਰੇ ਸੰਖੇਪ ਚਾਨਣਾ ਪਾਇਆ ਗਿਆ ਹੈ।

# ਪਾਠ ਤੀਜਾ

# ਧਾਰਮਿਕ ਵਿਸ਼ਲੇਸ਼ਣ: ਗੁਰਬਿਲਾਸ ਪਾਤਸ਼ਾਹੀ ੧੦ ਤੇ ਪ੍ਰਾਚੀਨ ਪੰਥ ਪ੍ਰਕਾਸ਼

ਗੁਰਬਿਲਾਸ ਪਾਤਸ਼ਾਹੀ ੧੦ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਸਿੱਖ ਇਤਿਹਾਸ ਨਾਲ ਸੰਬੰਧਿਤ ਮਹੱਤਵਪੂਰਨ ਧਾਰਮਿਕ ਤੇ ਇਤਿਹਾਸਕ ਰਚਨਾਵਾਂ ਹਨ। ਕਾਵਿ ਰੂਪੀ ਇਤਿਹਾਸ ਦੀਆਂ ਇਹ ਕ੍ਰਿਤਾਂ ਉੱਚ ਧਾਰਮਿਕ ਸਾਹਿਤ ਦਾ ਦਰਜਾ ਰੱਖਦੀਆਂ ਹਨ, ਜਿਸ ਵਿੱਚੋਂ ਸਾਨੂੰ ਇਤਿਹਾਸ ਦੇ ਨਾਲ-ਨਾਲ ਵਡਮੁੱਲੀ ਧਾਰਮਿਕ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਇਤਿਹਾਸਕ ਅਤੇ ਧਾਰਮਿਕ ਪਰੰਪਰਾ ਦੇ ਸੁਮੇਲ ਇਹਨਾਂ ਸ੍ਰੋਤ ਮੂਲਕ ਗ੍ਰੰਥਾਂ ਵਿੱਚੋਂ ਸਾਨੂੰ ਸਿੱਖਾਂ ਦੇ ਇਤਿਹਾਸਕ, ਸਿਧਾਂਤਕ, ਦੈਵੀ ਅਤੇ ਧਾਰਮਿਕ ਅਨੁਭਵਾਂ ਦੇ ਅਨੇਕ ਝਲਕਾਰੇ ਮਿਲਦੇ ਹਨ। ਇਸ ਪਾਠ ਵਿਚ ਧਾਰਮਿਕ ਨੁਕਤਿਆਂ ਦੇ ਪੱਖ ਤੋਂ ਇਹਨਾਂ ਗ੍ਰੰਥਾਂ ਦੀ ਮਹੱਤਤਾ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

### 3.1. ਮੰਗਲਾਚਰਣ

ਮੰਗਲਾਚਰਣ ਦਾ ਧਾਰਮਿਕ ਰਹੁ-ਰੀਤਾਂ ਵਿਚ ਵਿਸ਼ੇਸ਼ ਸਥਾਨ ਹੈ। ਕੁਇਰ ਸਿੰਘ ਤੇ ਰਤਨ ਸਿੰਘ ਭੰਗੂ ਨੇ ਧਾਰਮਿਕ ਪਰੰਪਰਾ ਅਨੁਸਾਰ ਆਪਣੀਆਂ ਰਚਨਾਵਾਂ ਦੇ ਸ਼ੁਰੂ ਵਿਚ ਮੰਗਲਾਚਰਣ ਦਰਜ ਕੀਤੇ ਹਨ। ਹਰੇਕ ਚੰਗੇ ਕਾਰਜ ਤੋਂ ਪਹਿਲਾਂ ਅਰਾਧਨਾ ਤੇ ਅਰਦਾਸ ਦੇ ਰੂਪ ਵਿਚ ਮੰਗਲਾਚਰਣ ਦੇ ਬਹੁਤ ਸਾਰੇ ਰੂਪ ਸਾਨੂੰ ਆਮ ਜਨਜੀਵਨ ਵਿੱਚੋਂ ਮਿਲ ਜਾਂਦੇ ਹਨ। 'ਮੰਗਲਾਚਰਣ' ਦੋ ਸ਼ਬਦਾਂ 'ਮੰਗਲ' ਤੇ 'ਆਚਰਣ' ਦਾ ਸਮਾਸ ਹੈ। 'ਮੰਗਲ' ਸ਼ਬਦ ਸੰਸਕ੍ਰਿਤ ਦੇ ਮੰਗ੍ ਧਾਤੂ ਤੋਂ ਵਿਉਤਪੰਨ ਹੈ। ਮੰਗ ਦੇ ਅਰਥ ਹਨ ਆਨੰਦ ਵਿਚ ਹੋਣਾ, ਹਰਕਤ ਕਰਨਾ, ਧਾ ਕੇ ਜਾਣਾ, ਆਦਿ। ਇੰਜ ਮੰਗਲ ਦੇ ਅਰਥ ਵੀ ਖ਼ੁਸ਼ੀ ਜਾਂ ਆਨੰਦ ਹੀ ਹਨ। ਗੁਰੂ ਅਰਜਨ ਪਾਤਸ਼ਾਹ ਨੇ ਇਸ ਮੰਗਲ ਸ਼ਬਦ ਨੂੰ ਇਨ੍ਹਾਂ ਅਰਥਾਂ ਵਿਚ ਹੀ ਵਰਤਿਆ ਹੈ 'ਮੰਗਲ ਗਾਵਹੁ ਨਾਰੇ' (ਗੁਰੂ ਨਾਨਕ), ਮੰਗਲ ਖ਼ੁਸ਼ੀ ਦੇ ਗੀਤ ਹਨ: 'ਮੰਗਲ ਸੂਖ ਕਲਿਆਣ ਤਿਥਾਈ' (ਪ੍ਰਭਾਤੀ ਅਸਟਪਦੀਆਂ, ਮ. 5)। ਗੁਰੂ ਅਰਜਨ ਸਾਹਿਬ ਨੇ ਇਸ ਸ਼ਬਦ ਨੂੰ ਉਤਸਵ, ਤਿਉਹਾਰ ਆਦਿ ਦੇ ਅਰਥਾਂ ਵਿਚ ਵੀ ਵਰਤਿਆ ਹੈ," ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ।" ਮੰਗਲ ਤੋਂ ਬਣਿਆ ਇਕ ਹੋਰ ਸ਼ਬਦ 'ਮੰਗਲਚਰ' ਜਾਂ 'ਮੰਗਲਾਚਾਰ' ਵੀ ਹੈ। ਮੰਗਲਾਚਾਰ ਦੇ ਅਰਥ ਕਿਸੇ ਉਤਸਵ ਦੀ ਰਸਮ ਅਥਵਾ ਆਨੰਦਦਾਇਕ ਕਿਰਿਆ

ਹਨ। ਗੁਰੂ ਅਰਜਨ ਪਾਤਸ਼ਾਹ ਆਖਦੇ ਹਨ 'ਆਜੁ ਹਮਾਰੈ ਮੰਗਲਾਚਾਰ'(ਬਸੰਤ, ਮ.5)। ਸੰਸਕ੍ਰਿਤ ਨਾਟਕ ਵਿਚ ਨਾਟਕ ਆਰੰਭ ਹੋਣ ਤੋਂ ਪਹਿਲਾਂ ਇਕ ਤਰ੍ਹਾਂ ਦਾ ਮੰਗਲ-ਪਾਠ ਹੁੰਦਾ ਸੀ ਜਾਂ ਮੰਗਲਾਚਰਣ ਗਾਇਆ ਜਾਂਦਾ। ਇਸ ਵਿਚ ਕਿਸੇ ਦੇਵਤਾ, ਬ੍ਰਾਹਮਣ ਜਾਂ ਰਾਜੇ ਤੋਂ ਅਸ਼ੀਰਵਾਦ ਲੈਣ ਲਈ ਉਸ ਦੀ ਸ਼ੋਭਾ ਕੀਤੀ ਜਾਂਦੀ। ਇਸ ਨੂੰ 'ਨਾਂਦੀ' ਆਖਦੇ ਸਨ। ਇਹ ਅਸ਼ੀਰਵਾਦਾਤਮਕ ਮੰਗਲਾਚਰਣ ਆਖਿਆ ਜਾ ਸਕਦਾ ਹੈ। 'ਨਾਂਦੀ' ਦਾ ਸ਼ਾਬਦਿਕ ਅਰਥ ਵੀ ਆਨੰਦ ਦੇਣ ਵਾਲਾ ਹੀ ਹੈ ਇਹੀ ਮੰਗਲ-ਗੀਤ ਅਖਵਾਉਂਦਾ ਹੈ। ਨਾਂਦੀ-ਗੀਤ ਵਿਚ ਅੱਠ ਜਾਂ ਦਸ ਪਦ ਹੁੰਦੇ ਹਨ।[294]

ਮੰਗਲਾਚਰਣ ਧਾਰਮਿਕ ਤੇ ਸਾਹਿਤਿਕ ਰਚਨਾ ਦੇ ਮੁੱਢ ਵਿਚ ਦਰਜ ਹੁੰਦਾ ਹੈ। ਮੰਗਲਾਚਰਣ ਕਿਸੇ ਵੀ ਰਚਨਾ ਤੋਂ ਪਹਿਲਾਂ ਆਪਣੇ ਇਸ਼ਟ ਦੀ ਅਰਾਧਨਾ ਹੁੰਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮੰਗਲਾਚਰਣ' ਦੇ ਸ਼ਬਦੀ ਅਰਥ ਤੇ ਵਰਤੋਂ ਬਾਰੇ ਦੱਸਿਆ ਹੈ, ''ਸੰਗਯਾ-ਮੰਗਲਾਚਾਰ ਉਤਸਵ ਦੀ ਰਸਮ। ੨. ਗ੍ਰੰਥ ਦੇ ਮੁੱਢ ਇਸ਼ਟਦੇਵ ਦਾ ਆਰਾਧਨ, ਵਿਦ੍ਵਾਨਾਂ ਨੇ ਮੰਗਲਾਚਰਣ ਦੇ ਤਿੰਨ ਭੇਦ ਮੰਨੇ ਹਨ-ੳ) ਵਸਤ੍ਰ ਨ੍ਰਿਦੇਸ਼ਾਤਮਕ. ਗ੍ਰੰਥ ਵਿੱਚ ਜਿਸਦਾ ਜ਼ਿਕਰ ਕਰਨਾ ਹੈ, ਉਸ ਦੇ ਹੀ ਗੁਣ ਮਹਿਮਾ ਲੱਛਣ ਬੋਧ ਕਰਾਉਣ ਵਾਲਾ ਮੰਗਲ. ਜੈਸੇ -੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ'' ਆਦਿ. ਅ) ਆਸ਼੍ਰੀਵਾਦਾਤ੍ਮਕ. ਜਿਸ ਤੋਂ ਕਲਯਾਣ ਦੀ ਕਾਮਨਾ ਕੀਤੀ ਜਾਵੇ, ਜੈਸੇ -''ਵਾਹਗੁਰੂ ਜੀ ਕੀ ਫਤਹ'' ਅਤੇ ''ਜੈ ਤੇਗੰ ਸ੍ਰੀ ਜੈ ਤੇਗੰ'' ੲ) ਨਮਸ੍ਕਾਰਾਤ੍ਮਕ. ਜਿਸ ਵਿੱਚ ਪ੍ਰਣਾਮ ਕੀਤਾ ਜਾਵੇ, ਜੈਸੇ- ''ਪ੍ਰਣਮੋ ਆਦੀ ਏਕੰਕਾਰਾ'' ਅਤੇ ''ਨਮਸਕਾਰ ਗੁਰਦੇਵ ਕਉ''।[295]

ਕੁਇਰ ਸਿੰਘ ਨੇ ਆਪਣੀ ਰਚਨਾ ਦੇ ਮੰਗਲਾਚਰਣ ਵਿਚ ਅਕਾਲ ਪੁਰਖ ਦੀ ਅਰਾਧਨਾ ਕੀਤੀ ਹੈ। ਦੋਹਾਂ ਕਵੀਆਂ ਦੇ ਮੰਗਲਾਚਰਣ ਦਾ ਬਹੁਤਾ ਹਿੱਸਾ ਆਪਸ ਵਿਚ ਮਿਲਦਾ-ਜੁਲਦਾ ਹੈ। ਕੁਇਰ ਸਿੰਘ ਨੇ ਆਪਣੀ ਰਚਨਾ ਦਾ ਸਿਰਲੇਖ "੧ਓ ਸ੍ਰੀ ਵਾਹਗੁਰੂ ਜੀ ਕੀ ਫਤਹ। ਅਥ ਸ੍ਰੀ ਗੁਰ ਬਿਲਾਸ ਲਿਖਯਤੇ" ਬਣਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਰੂਆਤ ੧ਓ ਤੋਂ ਹੁੰਦੀ ਹੈ ਜਿਸ ਦਾ ਅਰਥ "ਅਕਾਲ ਪੁਰਖ ਇਕ ਹੈ" ਹਨ। ਕੁਇਰ ਸਿੰਘ ਨੇ ਰਚਨਾ ਦੀ ਸ਼ੁਰੂਆਤ ਇਹਨਾਂ ਸ਼ਬਦਾਂ ਨਾਲ ਹੀ ਕਰਕੇ ਸਿੱਖ ਸਿਧਾਂਤ ਅਤੇ

---

[294] ਡਾ. ਗੁਰਦੇਵ ਸਿੰਘ, ''http://punjabipedia.org/topic.aspx?txt=ਮੰਗਲਾਚਰਣ,'', 08-03-2010

[295] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1000

ਪਰੰਪਰਾ ਵਿਚ ਆਪਣਾ ਨਿਸ਼ਚਾ ਪ੍ਰਗਟ ਕੀਤਾ ਹੈ। ਕੁਇਰ ਸਿੰਘ ਨੇ ਆਪਣੀ ਰਚਨਾ ਦੇ ਮੰਗਲਾਚਰਣ ਦੇ ਪਹਿਲੇ ਤਿੰਨ ਬੰਦਾਂ ਵਿਚ 'ਆਦਿ ਪੁਰਖ' ਅੱਗੇ ਬੇਨਤੀ ਕੀਤੀ ਹੈ। ਉਹ 'ਆਦਿ ਪੁਰਖ'ਸਿਰਜਣਹਾਰ ਹੈ ਜਿਸ ਨੇ ਸਮੁੱਚਾ ਪਸਾਰਾ ਕੀਤਾ ਹੋਇਆ ਹੈ। ਪਰਮਾਤਮਾ ਇਕ ਹੁੰਦਾ ਹੋਇਆ ਵੀ ਸਭ ਥਾਂ ਹਾਜ਼ਰ ਹੈ। ਅਕਾਲ ਪੁਰਖ ਨੂੰ ਜਾਣਿਆ ਨਹੀਂ ਜਾ ਸਕਦਾ। ਪਰਮਾਤਮਾ ਆਕਾਸ਼, ਜਲ ਅਤੇ ਧਰਤੀ ਭਾਵ ਸਾਰੀ ਸ੍ਰਿਸ਼ਟੀ ਵਿਚ ਰਮਿਆ ਹੋਇਆ ਹੈ। ਸ੍ਰਿਸ਼ਟੀ ਦੀ ਸਿਰਜਣਾ ਕਰਕੇ ਜੀਵਾਂ ਨੂੰ ਕਾਰ-ਵਿਹਾਰ ਵਿਚ ਲਾ ਦਿੱਤਾ ਹੈ ਤੇ ਆਪ ਇਹ ਖੇਡ ਨੂੰ ਤੱਕ ਰਿਹਾ ਹੈ:

ਬਿਨਵੌ ਆਦਿ ਪੁਰਖੁ ਕਰਤਾਰਾ। ਜਿਨ ਯਹਿ ਕੀਨੋ ਸਕਲ ਪਸਾਰਾ।
ਅੱਚੁਤ ਏਕ ਅਨਿਕ ਘਟ ਬਾਸੀ। ਅਲਖ ਪੁਰਖੁ ਕੋ ਲਖੈ ਸੁ ਤਾਸੀ॥
ਗਗਨ ਭੂਮਿ ਜਲ ਤੱਤ ਪ੍ਰਕਾਸੈ। ਸਗਲ ਸ੍ਰਿਸਟਿ ਮਹਿ ਕੀਨ ਨਿਵਾਸੈ।
ਲੋਗਨ ਕੋ ਇਹ ਬਿਧਿ ਭਰਮੈ ਕੈ। ਨਿਰਖਤ ਆਪਿ ਨਿਆਰੋ ਹ੍ਵੈ ਕੈ॥[296]

ਰਤਨ ਸਿੰਘ ਭੰਗੂ ਨੇ ਆਪਣੀ ਰਚਨਾ ਪ੍ਰਾਚੀਨ ਪੰਥ ਪ੍ਰਕਾਸ਼ ਦੀ ਸ਼ੁਰੂਆਤ ੧ੳ ਸਤਿਗੁਰ ਪ੍ਰਸਾਦਿ॥'' ਨਾਲ ਕੀਤੀ ਹੈ। ਕਵੀ ਨੇ ''ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥'' ਲਿਖਣ ਉਪਰੰਤ ਆਪਣੀ ਰਚਨਾ ਦੀ ਸ਼ੁਰੂਆਤ ਕੀਤੀ ਹੈ। ਰਤਨ ਸਿੰਘ ਭੰਗੂ ਨੇ 'ਪ੍ਰਥਮੇਂ ਖਾਲਸੇ ਜੀ ਕੀ ਆਦਿ ਉਤਪਤੀ ਦੀ ਸਾਖੀ' ਬਾਰੇ ਲਿਖਕੇ ਉਸ ਤੋਂ ਬਾਅਦ ਸਭ ਤੋਂ ਪ੍ਰਥਮ ਗੁਰ ਚਰਨਾਂ ਦਾ ਆਸਰਾ ਲੈਂਦੇ ਹੋਏ ਰਤਨ ਸਿੰਘ ਗੁਰੂ ਨਾਨਕ ਸਾਹਿਬ ਨੂੰ ਧਿਆ ਕੇ ਚਰਨ ਬੰਦਨਾ ਕਰਦੇ ਹਨ ਤੇ ਦਸਵੇਂ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਧਿਆਨ ਧਰ ਕੇ ਗ੍ਰੰਥ ਲਿਖਣ ਦੀ ਆਰੰਭਤਾ ਦੀ ਅਰਦਾਸ ਕੀਤੀ ਹੈ। ਇਸ ਤਰ੍ਹਾਂ ਗੁਰੂ ਨੂੰ ਧਿਆ ਕਵੀ ਨੇ ਖ਼ਾਲਸੇ ਪੰਥ ਦੀ ਉਤਪਤੀ ਲਿਖਣ ਲਈ ਗੁਰੂ ਸਾਹਿਬ ਤੋਂ ਬੁੱਧ ਤੇ ਬਲ ਦੀ ਮੰਗ ਕਰਕੇ ਹਰ ਪਲ ਸਹਾਈ ਹੋਣ ਦੀ ਅਰਦਾਸ ਕੀਤੀ ਹੈ। ਮੰਗਲਾਚਰਨ ਦੋਹਰੇ ਦੇ ਰੂਪ ਵਿਚ ਪੇਸ਼ ਕੀਤਾ ਹੈ:

ਸ੍ਰੀ ਗੁਰੂ ਨਾਨਕ ਚਰਨ ਬੰਦ ਗੁਰ ਗੋਬਿੰਦ ਸਿੰਘ ਧਯਾਇ।

---

[296] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 17

ਲਿਖੋਂ ਉਤਪਤੀ ਖਾਲਸੇ, ਮੋ ਨਿਜ ਕਰਹੁ ਸਹਾਇ॥[297]

ਮੰਗਲਾਚਰਣ ਦੀ ਸਮਾਪਤੀ ਉਪਰੰਤ ਉਸ ਨੇ ਸੁਣੀਆਂ ਸਾਖੀਆਂ ਨੂੰ ਲਿਖਣ ਦੀ ਆਰੰਭਤਾ ਕੀਤੀ ਹੈ ਤੇ ਦਾਅਵਾ ਕੀਤਾ ਹੈ ਕਿ ਮੈਂ ਇਤਿਹਾਸ ਨੂੰ ਉਸ ਤਰ੍ਹਾਂ ਲਿਖਾਂਗਾ ਜਿਵੇਂ ਪੁਰਾਤਨ ਸਿੱਖਾਂ ਤੋਂ ਸੁਣਿਆ ਹੈ:

ਅਬ ਮੈਂ ਲਿਖੋਂ ਸਿੰਘਨ ਕੀ ਸਾਖੀ। ਜਿਹ ਬਿਧ ਬਡਨ ਅਸਾਡਨ ਆਖੀ।

ਔਰ ਪੁਰਾਤਨ ਤੇ ਭੀ ਸੁਨੀ। ਹੁਤੇ ਜੁ ਬਿਰਧ ਸਿੱਖ ਬਹੁਗੁਨੀ॥[298]

ਦੋਵਾਂ ਕਵੀਆਂ ਨੇ ਆਪਣੀਆਂ ਰਚਨਾਵਾਂ ਦੀ ਸ਼ੁਰੂਆਤ ਪਰੰਪਰਾ ਅਨੁਸਾਰ ਮੰਗਲਾਚਰਣ ਨਾਲ ਕੀਤੀ ਹੈ।

### 3.2. ਅਕਾਲ ਪੁਰਖ

ਇਕ ਅਕਾਲ ਪੁਰਖ ਦੀ ਸਾਧਨਾ ਸਿੱਖ ਧਰਮ ਦਾ ਬੁਨਿਆਦੀ ਸਿਧਾਂਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ੁਰੂਆਤ ੧ਓੰ ਤੋਂ ਹੁੰਦੀ ਹੈ। ਡਾ. ਵਜ਼ੀਰ ਸਿੰਘ ਅਨੁਸਾਰ "ਸਿੱਖ-ਮਤ ਦੀ ਅਧਿਆਤਮਿਕਤਾ ਬ੍ਰਹਮ ਦੇ ਇਸੇ ਸੰਕਲਪ ਉੱਤੇ ਉਸਰੀ ਹੋਈ ਹੈ, ਜਿਸ ਨੂੰ ਗੁਰਬਾਣੀ ਨੇ ਏਕੇ (੧) ਦਾ ਪ੍ਰਤੀਕ ਦਿੱਤਾ ਹੈ। ਇਸੇ ਨੂੰ ਪਰਮ-ਆਤਮਾ, ਪਾਰਬ੍ਰਹਮ, ਅਕਾਲ ਪੁਰਖ ਕਿਹਾ ਗਿਆ ਹੈ।[299] 'ਅਕਾਲ' ਸ਼ਬਦ ਗੁਰਬਾਣੀ ਵਿਚ ਵਿਸ਼ੇਸ਼ਣ ਅਤੇ ਸੰਗਯਾ ਦੋਹਾਂ ਰੂਪਾਂ ਵਿਚ ਵਰਤਿਆ ਗਿਆ ਹੈ। 'ਪੁਰਖ' ਸੰਬੰਧੀ ਸ਼ੇਰ ਸਿੰਘ ਦਾ ਮੱਤ ਹੈ "ਪੁਰਖੀ ਭਾਵ ਦਾ ਤੱਤ ਏਸ ਗੱਲ ਵਿਚ ਹੈ ਕਿ ਉਹ ਦੂਜਿਆਂ ਦੇ ਹਾਵਾਂ-ਭਾਵਾਂ ਲਈ ਜਵਾਬੀ ਮਿਲਵਰਤਣ ਰੱਖਦਾ ਹੋਵੇ। ਮਨੁੱਖ ਦੀ ਜੀਵਨ ਰੌਂ ਦੇ ਵੇਗ ਨੂੰ ਤਿੱਖਾ ਕਰ ਦੇਵੇ ਤੇ ਵਿਘਨ-ਰਹਿਤ ਬਣਾ ਦੇਵੇ। ਇਕ ਨਿਰਜੀਵ ਤੇ ਅਚੇਤ ਰੱਬ, ਜੋ ਪੁਰਖੀ ਭਾਵ ਤੋਂ ਕੋਰਾ ਹੈ; ਕਿਸ ਤਰ੍ਹਾਂ ਮਾਤਾ-ਪਿਤਾ ਭਾਵ ਰੱਖ ਕੇ ਆਪਣੇ ਭਗਤਾਂ ਲਈ ਪਿਆਰ ਤੇ ਹਮਦਰਦੀ ਰੱਖ ਸਕਦਾ ਹੈ? ਰੱਬ ਉਹ ਜਿਹੜਾ ਮੁਰੱਬੀ ਹੋਵੇ ਤੇ ਆਪਣੇ ਭਗਤਾਂ ਦੀ ਸਾਰ ਲਵੇ, ਪੈਜ

[297] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 1

[298] ਉਹੀ, ਪੰਨਾ 1

[299] ਡਾ. ਵਜ਼ੀਰ ਸਿੰਘ, ਸਿੱਖ ਦਰਸ਼ਨ ਧਾਰਾ, ਪੰਨਾ 3

ਰੱਖੇ।"[300] ਮਹਾਨ ਕੋਸ਼ ਅਨੁਸਾਰ ਅਕਾਲ ਪੁਰਖ ਦਾ ਅਰਥ "ਉਹ ਹਸਤੀ, ਜਿਸ ਦਾ ਕਦੇ ਕਾਲ ਨਹੀਂ, ਅਵਿਨਾਸ਼ੀ ਸੱਤਾ" ਹੈ।[301]

ਰਤਨ ਸਿੰਘ ਜੱਗੀ ਅਨੁਸਾਰ, ਉਸ ਦਾ ਸਰੂਪ ਕਾਲ ਦੇ ਪ੍ਰਭਾਵ ਤੋਂ ਮੁਕਤ ਹੈ ਅਤੇ ਉਹ ਕਰਤਾ ਪੁਰਖ ਹੈ।[302] 'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਪਰਮਾਤਮਾ ਲਈ ਅਕਾਲ ਪੁਰਖ ਦੇ ਨਾਲ-ਨਾਲ ਵਾਹਿਗੁਰੂ, ਪਰਮ ਸੱਤ, ਖੜਗ ਕੇਤ, ਸ੍ਰੀ ਅਸਿਕੇਤ, ਮਹਾਕਾਲ, ਅਸਿਧੁਜ, ਸਰਬਕਾਲ, ਸਰਬਲੋਹ, ਸਾਹਿਬ, ਸ੍ਰੀ ਹਰਿ, ਪ੍ਰਭ, ਅਕਾਲ ਮੂਰਤਿ, ਪਰਮ ਜੋਤਿ ਆਦਿ ਨਾਂ ਵਰਤੇ ਗਏ ਹਨ। ਗੁਰਬਾਣੀ ਵਿਚ ੧ਓ ਇਕ ਅਕਾਲ ਪੁਰਖ ਵਾਸਤੇ ਹੀ ਵਰਤਿਆ ਗਿਆ ਹੈ। ਭਾਈ ਕਾਨ੍ਹ ਸਿੰਘ ਅਨੁਸਾਰ "ਸੰ.ਓਸ ਓਅੰਕਾਰ ਸ਼ਬਦ ਦਾ ਮੂਲ ਅਵ ਧਾਤੁ ਹੈ, ਜਿਸ ਦਾ ਅਰਥ ਹੈ ਰਖਜਾ ਕਰਨਾ, ਬਚਾਉਣਾ, ਤ੍ਰਿਪਤ ਹੋਣਾ, ਫੈਲਨਾ ਆਦਿ। 'ਓਅੰ' ਸ਼ਬਦ ਸਭ ਦੀ ਰਖਜਾ ਕਰਨ ਵਾਲੇ ਕਰਤਾਰ ਦਾ ਬੋਧਕ ਹੈ. ''ਓਅੰ ਸਾਧ ਸਤਿਗੁਰ ਨਮਸਕਾਰੰ.''(ਬਾਵਨ) ''ਓਅੰ ਪ੍ਰਿਯ ਪ੍ਰੀਤਿ ਚੀਤਿ.''(ਸਾਰ ਮ: ੫) ਇਸ ਦੇ ਪ੍ਰਯਾਂਯ ਸ਼ਬਦ- ''ਪ੍ਰਣਵ'' ਅਤੇ ''ਉਦਗੀਥ'' ਵੀ ਹਨ. ਓਅੰਕਾਰ ਸ਼ਬਦ ਦਾ ਅਰਥ ਹੈ-ਓਅੰ ਧੁਨਿ (ਓਅੰ ਦਾ ਉਚਾਰਣ), ''ਪ੍ਰਿਥਮ ਕਾਲ ਜਬ ਕਰਾ ਪਸਾਰਾ। ਓਅੰਕਾਰ ਤੇ ਸ੍ਰਿਸਿਟ੍ ਉਪਾਰਾ.''(ਵਿਚਿਤ੍ਰ)। ਕਈ ਥਾਈਂ "ਓਅੰਕਾਰ" ਸ਼ਬਦ ਕਰਤਾਰ ਦਾ ਬੋਧਕ ਭੀ ਦੇਖੀਦਾ ਹੈ. ''ਓਅੰਕਾਰ ਰ ਏਕੋ ਰਵਿ ਰਹਿਆ.''(ਕਾਨ ਮ: ੪) ''ਓਅੰਕਾਰ ਅਕਾਰ ਕਰਿ ਪਵਣ ਪਾਣੀ ਬੈਸੰਤਰ ਸਾਜੇ,''(ਭਾਗੁ) ਸੰਸਕ੍ਰਿਤ ਦੇ ਵਿਦਵਾਨਾਂ ਨੇ ਓ ਅ ਮ ਤਿੰਨ ਅੱਖਰਾਂ ਨੂੰ ਬ੍ਰਹਮਾ ਵਿਸ਼ਨੂ ਸ਼ਿਵ ਮੰਨਕੇ ਓਅੰ ਨੂੰ ਤਿੰਨ ਦੇਵ ਰੂਪ ਕਲਪਿਆ ਹੈ, ਪਰ ਗੁਰੁਮਤ ਵਿੱਚ ਓਅੰ ਦੇ ਮੁੱਢ ਏਕਾ ਅੰਗ ਲਿਖਕੇ ਸਿੱਧ ਕੀਤਾ ਹੈ ਕਿ ਕਰਤਾਰ ਇੱਕ ਹੈ.''ਏਕਾ ਏਕੰਕਾਰ ਲਿਖਿ ਵੇਖਾਲਿਆ। ਊੜਾ ਓਅੰਕਾਰ ਪਾਸਿ ਬਹਾਲਿਆ.''(ਭਾਗੁ)''[303] ਮੂਲ ਮੰਤਰ ਦਾ ਇਹ ਪਹਿਲਾ ਸ਼ਬਦ ਸਿੱਖ ਧਰਮ ਦਾ ਸਰਬੋਤਮ ਚਿੰਨ੍ਹ ਹੈ।

---

[300] ਪ੍ਰੋਫੈਸਰ ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 276

[301] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 36

[302] ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 29

[303] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 21

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਲੈ ਕੇ ਸਿੱਖ ਧਰਮ ਨਾਲ ਸੰਬੰਧਿਤ ਸਮੂਹ ਰਚਨਾਵਾਂ ਦੀ ਸ਼ੁਰੂਆਤ ੧ਓ ਤੋਂ ਕਰਨ ਦੀ ਪਰੰਪਰਾ ਹੈ। ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਦੋਨੇ ਕਵੀਆਂ ਨੇ ਰਚਨਾਵਾਂ ਦੀ ਸ਼ੁਰੂਆਤ ੧ਓ ਤੋਂ ਕੀਤੀ ਹੈ ਜਿਸ ਤੋਂ ਸਪਸ਼ਟ ਹੈ ਕਿ ਦੋਨਾਂ ਕਵੀਆਂ ਦਾ ਇਕ ਅਕਾਲ ਪੁਰਖ ਵਿਚ ਦ੍ਰਿੜ੍ਹ ਨਿਸਚਾ ਹੈ। ਇਸ ਨਿਸਚੇ ਦਾ ਪ੍ਰਗਟਾਅ ਗ੍ਰੰਥਾਂ ਦੇ ਅਗਲੇਰੇ ਭਾਗਾਂ ਵਿਚ ਹੋਇਆ ਹੈ। ਕੁਇਰ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਅਕਾਲ ਪੁਰਖ ਤੋਂ ਵੱਖਰੀ ਪ੍ਰਕਿਰਤੀ ਜਾਂ ਕਿਸੇ ਹੋਰ ਤੱਤ ਦੀ ਹੋਂਦ ਨਹੀਂ ਹੈ। ਇਕ ਅਕਾਲ ਪੁਰਖ ਹੀ ਤੱਤ ਰੂਪ ਵਿਚ ਹੋਂਦ ਅਤੇ ਹਸਤੀ ਦਾ ਮਾਲਕ ਹੈ, ਦੂਜਾ ਕੋਈ ਨਹੀਂ। ਇਹ ਦਿਸਦਾ ਸਾਰਾ ਪਸਾਰਾ ਅਕਾਲ ਪੁਰਖ ਦੀ ਮਾਇਆ ਹੈ:

ਅਕਾਲੰ ਸੁ ਮਾਯਾ ਦੁਈ ਲੋਕ ਜਾਨੋ। ਤ੍ਰਿਤੀ ਵਸਤੁ ਕਾਈ ਨਹੀਂ ਸਾਚ ਮਾਨੋ।

ਪੁਰਖੰ ਪ੍ਰਕਿਰਤੰ ਸਭੈ ਬੇਦ ਭਾਨੈ। ਏਕੋ ਅਨੇਕੋ ਨਹੀਂ ਔਰ ਠਾਨੈ।[304]

ਕੁਇਰ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਕੇਸਗੜ੍ਹ ਦੀ ਧਰਤੀ 'ਤੇ ਖ਼ਾਲਸਾ ਪੰਥ ਨੂੰ ਇਕ ਅਕਾਲ ਪੁਰਖ ਦੀ ਸ਼ਰਨ ਵਿਚ ਰਹਿਣ ਦਾ ਹੁਕਮ ਦਿੱਤਾ:

ਮੋਰ ਬਚਨ ਸੋ ਕਰੋ ਪਿਆਰਾ। ਸਰਬ ਕਾਲ ਹੋਇ ਰੱਛ ਤੁਹਾਰਾ॥

ਛੂਠੇ ਸਰਬ ਉਪਾਵ ਤਿਆਗੋ। ਸ੍ਰੀ ਅਸਿਧੁਜ ਕੀ ਚਰਨੀ ਲਾਗੋ।

ਪੋਥੀ ਗ੍ਰੰਥ ਪੜ੍ਹੋ ਸਦ ਨੀਤਾ। ਜਪ ਰਹਰਾਸ ਕੀਰਤਨ ਚੀਤਾ॥[305]

ਕਵੀ ਕੁਇਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ 'ਅਕਾਲ ਉਸਤਤਿ' ਦਾ ਹਵਾਲਾ ਦਿੰਦਾ ਹੋਇਆ ਦਸਦਾ ਹੈ ਕਿ ਗੁਰੂ ਸਾਹਿਬ ਨੇ ਆਨੰਦਪੁਰ ਦੀ ਜੰਗ ਦੇ ਜਿੱਤ ਸਮੇਂ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ:

''ਅਕਾਲ ਪੁਰਖ ਕੀ ਸਦਾ ਰਛਾ ਹਮ ਨੈ। ਸਰਬ ਲੋਹ ਕੀ ਰਛਿਆ ਹਮ ਨੈ।

ਸਰਬ ਕਾਲ ਜੀ ਦੀ ਰਛਿਆ ਹਮ ਨੈ। ਸਰਬ ਲੋਹ ਜੀ ਦੀ ਸਦਾ ਰੱਛਿਆ ਹਮ ਨੈ।''[306]

---

[304] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 30

[305] ਉਹੀ, ਪੰਨਾ 130

[306] ਉਹੀ, ਪੰਨਾ 148

ਰਤਨ ਸਿੰਘ ਭੰਗੂ ਆਪਣੀ ਰਚਨਾ ਵਿਚ ਦਸਦੇ ਹਨ ਕਿ ਖ਼ਾਲਸਾ ਸਾਜਣਾ ਸਮੇਂ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਸ੍ਰੀ ਸਾਹਿਬ ਪਹਿਨਾਈ ਤੇ ਸਿਰਚੱਕਰ ਸਜਾਇਆ ਤੇ ਉਹਨਾਂ ਨੂੰ ਅਕਾਲ ਦਾ ਜਾਪ ਜਪਾਇਆ:

ਯੌ ਕਹਿਕੇ ਸ੍ਰੀ ਸਤਿਗੁਰੂ ਗਲ ਤੇਗੋ ਦੀਨੋ ਪਾਇ।

ਕਰਦ ਚਕਰ ਸਿਰ ਪਰ ਧਰੈਂ ਮੁਖੋਂ ਅਕਾਲ ਜਪਾਇ॥[307]

ਰਤਨ ਸਿੰਘ ਅਨੁਸਾਰ ਬੰਦਾ ਸਿੰਘ ਬਹਾਦਰ ਨੇ ਇਕ ਵਾਰੀ ਗੁਰੂ ਸਾਹਿਬ ਵੱਲੋਂ ਦਿੱਤੇ ਬਚਨਾਂ ਨੂੰ ਪਰਖਣਾ ਚਾਹਿਆ। ਬਚਨ ਪੂਰੇ ਹੋਣ ’ਤੇ ਉਸਦੀ ਅਕਾਲ ਪੁਰਖ ਪ੍ਰਤੀ ਸ਼ਰਧਾ ਹੋਰ ਗਹਿਰੀ ਹੋ ਗਈ ਤਾਂ ਬਾਬਾ ਬੰਦਾ ਸਿੰਘ ਸੰਗਤੀ ਰੂਪ ਵਿਚ ਅਕਾਲ ਦਾ ਜਾਪ ਕਰਨ ਲੱਗਾ:

ਬੰਦੈ ਖਾਲਸੇ ਦਿਵਾਨ ਲਗਾਵੈ। ਅਕਾਲ ਉਸਤਤਿ ਵਾਰ ਚੰਡੀ ਪੜ੍ਹਾਵੈ।

'ਅਕਾਲ ਅਕਾਲ' ਕਾ ਜਾਪ ਜਪਾਵੈ। 'ਵਾਹਿਗੁਰੂ ਵਾਹਿਗੁਰੂ' ਸਦਾ ਮੁਖ ਗਾਵੈ।[308]

### 3.3. ਕੁਦਰਤ ਤੇ ਕਰਾਮਾਤ

ਕੁਦਰਤ ਅਰਬੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿਚ ਸ਼ਾਮਲ ਹੋਇਆ ਸ਼ਬਦ ਹੈ। ਮਹਾਨ ਕੋਸ਼ ਅਨੁਸਾਰ ਕੁਦਰਤ ਦਾ ਅਰਥ “ਤਾਕਤ, ਸ਼ਕਤੀ, ਮਾਇਆ, ਕਰਤਾਰ ਦੀ ਰਚਨਾਸ਼ਕਤੀ”[309] ਹੈ। ਕੁਦਰਤ ਦੇ ਸਿਰਜਣਹਾਰ ਲਈ ਕਾਦਰ ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਰਤਨ ਸਿੰਘ ਜੱਗੀ ਅਨੁਸਾਰ, “ਕੁਦਰਤ ਅਤਿਅੰਤ ਵਿਆਪਕ ਹੈ। ਇਸ ਦੇ ਕਲਾਵੇ ਵਿਚ ‘ਕਾਦਿਰ’ ਨੂੰ ਛੱਡ ਕੇ ਹੋਰ ਸਭ ਕੁਝ ਸਮਾ ਜਾਂਦਾ ਹੈ। ਜੋ ਕੁਝ ਦਿਖਦਾ ਹੈ, ਸੁਣੀਂਦਾ ਹੈ, ਸਭ ਕਾਦਿਰ ਦੀ ਕੁਦਰਤ ਹੈ। ਪਾਤਾਲ ਤੋਂ ਲੈ ਕੇ ਆਕਾਸ਼ ਤੱਕ, ਸਾਰੇ ਦ੍ਰਿਸ਼ਟਮਾਨ ਆਕਾਰ ਕੁਦਰਤ ਹੈ।’’[310] ਗੁਰੂ ਨਾਨਕ ਪਾਤਸ਼ਾਹ ਜੀ ਕੁਦਰਤ ਨੂੰ ਪਰਮਾਤਮਾ ਦੀ ਰਚਨਾ ਮੰਨਦੇ ਹਨ। ਜੇਕਰ ਕੁਦਰਤ ਦਾ ਸਿਰਜਣਹਾਰ ਸੱਚਾ ਹੈ ਤਾਂ ਉਸ ਦੀ ਬਣਾਈ ਕੁਦਰਤ ਵੀ ਸੱਚੀ ਹੈ:

---

[307] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 26

[308] ਉਹੀ, ਪੰਨਾ 59

[309] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 339

[310] ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 514

ਸੱਚੀ ਤੇਰੀ ਕੁਦਰਤਿ ਸਚੇ ਪਾਤਿਸਾਹ[311]

ਭਾਈ ਗੁਰਦਾਸ ਜੀ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਪਰਮਾਤਮਾ ਦੇ ਰੂਪ ਵਿਚ ਵੇਖਦੇ ਹਨ। ਉਹਨਾਂ ਅਨੁਸਾਰ ਗੁਰੂ ਸਾਹਿਬ ਨੇ ਮਨੁੱਖ ਨੂੰ ਕੁਦਰਤੀ ਢੰਗ ਨਾਲ ਜਿੰਦਗੀ ਜਿਉਣ ਦਾ ਉਪਦੇਸ਼ ਦਿੱਤਾ। ਭਾਈ ਸਾਹਿਬ ਨੇ ਗੁਰੂ ਸਾਹਿਬ ਦੇ ਇਸ ਕਾਰਜ ਨੂੰ ਕੁਦਰਤ ਵਰਤਾਉਣ ਦੇ ਤੁਲ ਦੱਸਿਆ ਹੈ:

ਉਗਵਣਹੁ ਤੇ ਆਥਵਣਹੁ ਨਉ ਖੰਡ ਪ੍ਰਿਥਵੀ ਸਭ ਝੁਕਾਈ।

ਜਗ ਅੰਦਰਿ ਕੁਦਰਤਿ ਵਰਤਾਈ॥[312]

ਗੁਰੂ ਨਾਨਕ ਸਾਹਿਬ ਨੇ ਭਾਰਤੀ ਦਰਸ਼ਨ ਦੇ ਸ਼ਬਦ ਪ੍ਰਕ੍ਰਿਤੀ ਦੀ ਥਾਂ ਅਰਬੀ ਸ਼ਬਦ ਵਰਤਿਆ ਹੈ ਜਿਸ ਬਾਰੇ ਸਿਰਦਾਰ ਕਪੂਰ ਸਿੰਘ ਦਾ ਵਿਚਾਰ ਹੈ, ''ਗੁਰੂ ਨਾਨਕ ਸਾਹਿਬ ਨੇ ਪ੍ਰਕ੍ਰਿਤੀ ਸ਼ਬਦ ਇਸੇ ਲਈ ਤਿਆਗ ਦਿੱਤਾ ਕਿ ਇਸ ਵਿਚ ਇਹ ਭਾਵਨਾ ਪੈਦਾ ਹੋ ਚੁੱਕੀ ਹੈ ਕਿ ਪ੍ਰਕ੍ਰਿਤੀ ਆਪਣੇ ਆਪ ਵਿਚ ਸੁਤੰਤਰ ਤੇ ਅਵਿਨਾਸ਼ੀ ਹੈ ਪਰ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਵਿਚ ਕੁਦਰਤ ਕਾਦਰ ਦੀ ਰਚਨਾ ਹੈ ਅਤੇ ਹਰ ਤਰ੍ਹਾਂ ਕਰਤਾ ਪੁਰਖ 'ਤੇ ਇਹ ਰਚਨਾ ਆਧਾਰਿਤ ਹੈ। ਗੁਰੂ ਨਾਨਕ ਸਾਹਿਬ ਦੇ ਸਿਧਾਂਤ ਵਿਚ ਰਚਨਾ ਦਾ ਆਦਿ ਵੀ ਹੈ ਤੇ ਅੰਤ ਵੀ ਹੈ। ਕੇਵਲ ਪਰਮਾਤਮਾ ਹੀ ਐਸੀ ਹਸਤੀ ਹੈ ਜਿਸ ਦਾ ਨਾ ਆਦਿ ਹੈ ਤੇ ਨਾ ਅੰਤ ਹੈ।''[313] ਅਨੁਸਾਰ ਉਪਰੋਕਤ ਵਿਚਾਰ ਤੋਂ ਇਹ ਸਿੱਧ ਹੁੰਦਾ ਹੈ ਕਿ ਕੁਦਰਤ ਪਰਮਾਤਮਾ ਦੀ ਹੀ ਖੇਡ ਹੈ। ਜੋ ਕੁਝ ਉਹ ਚਾਹੁੰਦਾ ਹੈ ਉਹ ਕੁਝ ਕੁਦਰਤੀ ਵਰਤਾਰੇ ਦੇ ਰੂਪ ਵਿਚ ਸਾਨੂੰ ਦਿਸਦਾ ਹੈ। ਸੰਸਾਰ ਦੀ ਰਚਨਾ ਕਿਵੇਂ, ਕਦੋਂ ਅਤੇ ਕਿਸ ਨੇ ਕੀਤੀ? ਜਿੱਥੇ ਇਹ ਸਵਾਲ ਦਾਰਸ਼ਨਿਕ ਵਿਸ਼ੇ ਵਿਚ ਬਹੁਤ ਮਹੱਤਵਪੂਰਨ ਮੰਨੇ ਗਏ ਹਨ ਉੱਥੇ ਇਹ ਕੁਦਰਤ ਦੇ ਪਸਾਰੇ ਤੇ ਸ੍ਰਿਸ਼ਟੀ ਰਚਨਾ ਨੂੰ ਵੀ ਸੰਬੋਧਿਤ ਹਨ। ਧਰਮ, ਸੰਸਾਰ ਅਤੇ ਜੀਵ ਦਾ ਮਨੋਰਥ ਮਿਥਦਾ ਹੈ। ਇਸ ਕਰਕੇ ਕੁਦਰਤ ਦੀ ਰਚਨਾ ਬਾਰੇ ਉਪਰੋਕਤ ਸਵਾਲਾਂ ਦਾ ਜਵਾਬ ਦੇਣਾ ਵੀ ਧਰਮ ਦਾ ਫਰਜ਼ ਚਿਤਵਿਆ ਜਾਂਦਾ ਹੈ। ਸੰਸਾਰ ਬਾਰੇ ਵਿਚਾਰਵਾਨਾਂ ਨੇ ਅਨੇਕਾਂ ਕਲਪਨਾ ਉਡਾਰੀਆਂ ਲਾਉਣ

[311] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 516

[312] ਸ. ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਪੰਨਾ 17

[313] ਸਿਰਦਾਰ ਕਪੂਰ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ, ਪੰਨਾ 54

ਦੀ ਕੋਸ਼ਿਸ਼ ਕੀਤੀ ਹੈ। ਵੈਦਿਕ ਧਰਮ ਵਿਚ ਸ੍ਰਿਸ਼ਟੀ ਉਤਪਤੀ ਬਾਰੇ ਅਨੇਕਾਂ ਵਿਚਾਰ ਪ੍ਰਾਪਤ ਹੁੰਦੇ ਹਨ। ਦੂਜੇ ਪਾਸੇ ਸਾਮੀ ਧਰਮਾਂ ਨੇ ਵੀ ਸੰਸਾਰ ਦੀ ਰਚਨਾ ਅਤੇ ਰਚਨਾ ਕਾਲ ਬਾਰੇ ਸਿਧਾਂਤ ਪੇਸ਼ ਕੀਤਾ ਹੈ। ਬਾਈਬਲ ਅਨੁਸਾਰ ਪਰਮਾਤਮਾ ਨੇ ਛੇ ਦਿਨਾਂ ਵਿਚ ਸੰਸਾਰ ਦੀ ਰਚਨਾ ਕੀਤੀ ਅਤੇ ਸਤਵੇਂ ਦਿਨ ਰਚਨਾ ਪੂਰੀ ਹੋਣ 'ਤੇ ਆਰਾਮ ਕੀਤਾ।

ਸੰਸਾਰ ਦੀ ਰਚਨਾ ਨਾਲ ਜੁੜੇ ਹੋਏ ਸਵਾਲਾਂ ਵਿੱਚੋਂ ਸਭ ਤੋਂ ਵੱਧ ਮਹੱਤਵਪੂਰਨ ਸਵਾਲ ਹੈ ਸੰਸਾਰ ਦੀ ਰਚਨਾ ਕਿਸ ਨੇ ਕੀਤੀ? ਸਿੱਖ ਧਰਮ ਮੰਨਦਾ ਹੈ ਕਿ ਸੰਸਾਰ ਦੀ ਰਚਨਾ ਅਕਾਲ ਪੁਰਖ ਨੇ ਕੀਤੀ ਹੈ। ਬਾਕੀ ਸਵਾਲਾਂ ਨੂੰ ਗੁਰੂ ਸਾਹਿਬ ਨੇ ਰਚਨਾਕਾਰ (ਅਕਾਲ ਪੁਰਖ) ਉੱਪਰ ਹੀ ਛੱਡ ਦਿੱਤਾ ਹੈ ਕਿਉਂਕਿ ਜਿਸ ਨੇ ਰਚਨਾ ਕੀਤੀ ਹੈ ਉਹੀ ਜਾਣਦਾ ਹੈ ਕਿ ਰਚਨਾ ਕਿਵੇਂ ਅਤੇ ਕਦੋਂ ਹੋਈ ਹੈ। 'ਜਪੁ' ਬਾਣੀ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਨੇ ਸ੍ਰਿਸ਼ਟੀ ਰਚਨਾ ਦੇ ਸਮੇਂ ਬਾਰੇ ਵੱਖ-ਵੱਖ ਧਰਮਾਂ ਦੇ ਆਗੂਆਂ ਵੱਲੋਂ ਕੀਤੇ ਜਾਂਦੇ ਦਾਅਵੇ ਨਾਲ ਅਸਹਿਮਤੀ ਜਤਾਉਂਦਿਆਂ ਆਪਣਾ ਵਿਚਾਰ ਇਸ ਤਰ੍ਹਾਂ ਪੇਸ਼ ਕੀਤਾ ਹੈ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥[314]

ਕਵੀ ਕੁਇਰ ਸਿੰਘ ਨੇ ਆਪਣੀ ਰਚਨਾ ਵਿਚ ਕੁਦਰਤ, ਸੰਸਾਰ, ਰਚਨਾ, ਪਸਾਰਾ ਅਤੇ ਸ੍ਰਿਸ਼ਟੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਕਵੀ ਨੇ ਮੰਗਲਾਚਰਣ ਦੀ ਪਹਿਲੀ ਪੰਕਤੀ ਵਿਚ ਹੀ ਕੁਦਰਤ ਦੇ ਪਸਾਰੇ ਬਾਰੇ ਆਪਣਾ ਵਿਚਾਰ ਸਪਸ਼ਟ ਕਰ ਦਿੱਤਾ ਹੈ:

[314] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 4

ਬਿਨਵੌ ਆਦਿ ਪੁਰਖੁ ਕਰਤਾਰਾ। ਜਿਨ ਯਹਿ ਕੀਨੋ ਸਕਲ ਪਸਾਰਾ।[315]

ਕਵੀ ਨੇ ਕਰਾਮਾਤ ਸੰਬੰਧੀ ਔਰੰਗਜ਼ੇਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਵਿਚਕਾਰ ਹੋਏ ਵਾਰਤਾਲਾਪ ਨੂੰ ਪੇਸ਼ ਕਰਦਿਆਂ ਦੱਸਿਆ ਹੈ ਕਿ ਅਸੀਂ ਉਸ ਕੁਦਰਤ ਦੇ ਸਿਰਜਣਹਾਰ ਦੇ ਦਾਸ ਹਾਂ ਤੇ ਕੁਦਰਤ ਪਰਮਾਤਮਾ ਦੀ ਜ਼ਾਹਰਾ ਕਰਾਮਾਤ ਹੈ:

ਹੈ ਕਰਾਮਾਤ ਸੁ ਦੇਹ ਦਿਖਾਵ, "ਤਬੈ ਗੁਰ ਯੌਂ ਕਹਿ ਬੈਨ ਉਚਾਰੀ।

''ਕਰਮਾਤ ਸਹੀ ਪ੍ਰਭ ਕੇ ਢਿਗ ਹੈ, ਹਮ ਤੋ ਇਨ ਦਾਸਨ ਦਾਸ ਪ੍ਰਕਾਰੀ।

ਕੁਦਰਤ ਜਾਹਰ ਹੈ ਤਿਨ ਕੀ, ਨਹਿ ਜਾਨਤ ਜੇ ਸੋਈ ਮੰਦ ਲਿਖਾਰੀ॥[316]

ਕੁਦਰਤ ਪਦਾਰਥਕ ਸ਼ਕਤੀ ਨਹੀਂ ਹੈ ਬਲਕਿ ਕਰਾਮਾਤ ਭਾਵ ਸ਼ਕਤੀ ਦਾ ਹੀ ਪ੍ਰਤੀਕ ਹੈ। ਆਕਾਸ਼, ਸੂਰਜ ਅਤੇ ਚੰਦ ਸਮੇਤ ਸਾਰੀ ਸ੍ਰਿਸਟੀ ਦਾ ਕਾਰਜ ਅਕਾਲ ਪੁਰਖ ਨੇ ਆਪ ਹੀ ਕੁਦਰਤ ਰੂਪ ਵਿਚ ਬੰਨਿਆ ਹੋਇਆ ਹੈ। ਹਵਾ, ਅਗਨ ਅਤੇ ਧਰਤੀ ਆਦਿ ਤੱਤ ਪਰਮਾਤਮਾ ਨੇ ਹੀ ਥਾਪੇ ਹਨ ਜਿਨ੍ਹਾਂ ਸਦਕਾ ਕੁਦਰਤ ਦੀ ਸਿਰਜਣਾ ਹੋਈ ਹੈ:

ਬਿਨ ਯੂਪ ਅਕਾਸ ਬਿਰਾਜਤ ਹੈ ਸਸਿ, ਸੂਰ ਫਿਰੈ ਨਿਧ ਨਾਹਿ ਕਿਨਾਰੀ।

ਵਾਤ ਰੁ ਅਗਨਿ ਰੁ ਭੂਮ ਬਿਰਾਜਤ ਅਰੁ ਤਾ ਕਰ ਸ੍ਰਿਸਟਿ ਰਚੀ ਸਭ ਸਾਰੀ।[317]

ਹਰਪਾਲ ਸਿੰਘ ਪੰਨੂ ਕੁਦਰਤ ਅਤੇ ਮਾਇਆ ਦੇ ਸੰਬੰਧ ਬਾਰੇ ਲਿਖਦੇ ਹਨ "ਕੁਦਰਤ ਅਤੇ ਮਾਇਆ ਦੋਵੇਂ ਰੱਬ ਦੀਆਂ ਸ਼ਕਤੀਆਂ ਹਨ। ਕੁਦਰਤ ਦੀ ਪਛਾਣ ਕਰਦਿਆਂ ਮਾਇਆ ਪਰਦਾ ਤਾਣ ਕੇ ਵਿਘਨਕਾਰੀ ਬਣ ਜਾਂਦੀ ਹੈ। ਦਿੱਸਦਾ ਜਗਤ ਜੇ ਵਿਕਾਰ ਪੈਦਾ ਨਹੀਂ ਕਰਦਾ ਤਾਂ ਇਹ 'ਕੁਦਰਤ' ਹੈ, ਪਰ ਜੇ ਪੰਜ ਚੋਰ ਆਪਣਾ ਕਾਰਜ ਕਰੀ ਤੁਰੇ ਜਾਂਦੇ ਹਨ ਤਾਂ ਫਿਰ ਇਹ 'ਮਾਇਆ' ਹੈ।"[318] ਕੁਦਰਤ ਨਿਰੀ ਖੇਡ ਨਹੀਂ ਹੈ ਸਗੋਂ

---

[315] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 17

[316] ਉਹੀ, ਪੰਨਾ 52

[317] ਉਹੀ, ਪੰਨਾ 52

[318] ਹਰਪਾਲ ਸਿੰਘ ਪੰਨੂ, ਗੁਰੂ ਨਾਨਕ ਦਾ ਕੁਦਰਤ ਸਿਧਾਂਤ, ਪੰਨਾ 16

ਜੀਵ ਵਾਸਤੇ ਇਕ ਪਰੀਖਿਆ ਹੈ ਜੋ ਇਸ ਨੂੰ ਬੁੱਝ ਲੈਂਦੇ ਹਨ ਉਹਨਾਂ ਨੂੰ ਕੁਦਰਤ ਵਿੱਚੋਂ ਹੀ ਸ੍ਰਿਸ਼ਟੀ ਤੇ ਕਰਤੇ ਦੀ ਕਰਾਮਾਤ ਨਜ਼ਰ ਆਉਣ ਲੱਗ ਜਾਂਦੀ ਹੈ।

ਰਤਨ ਸਿੰਘ ਭੰਗੂ ਅਨੁਸਾਰ ਗੁਰੂ ਸਾਹਿਬ ਨੇ ਕਰਾਮਾਤ ਨੂੰ ਕਹਿਰ ਦਾ ਨਾਮ ਦਿੰਦੇ ਹੋਏ ਔਰੰਗਜ਼ੇਬ ਨੂੰ ਕਿਹਾ ਕਿ ਜੇ ਤੂੰ ਵੀ ਕਰਾਮਾਤ ਦਿਖਾਵੇ ਤਾਂ ਤੂੰ ਵੀ ਖ਼ੁਦਾ ਸਾਹਮਣੇ ਜਵਾਬਦੇਹ ਹੋਵੇਂਗਾ ਕਿਉਂਕਿ ਕੁਦਰਤ ਦੇ ਵਰਤਾਰੇ ਦੇ ਉਲਟ ਜਾਣਾ ਪਰਮਾਤਮਾ ਦੇ ਭਾਣੇ ਵਿਚ ਵਿਘਨ ਪਾਉਣਾ ਹੈ। ਨੌਵੇਂ ਪਾਤਸ਼ਾਹ ਦੇ ਸਾਕੇ ਵਾਲੀ ਸਾਖੀ ਵਿਚ ਗੁਰੂ ਤੇਗ ਬਹਾਦਰ ਜੀ ਔਰੰਗਜ਼ੇਬ ਵੱਲੋਂ ਕਰਾਮਾਤ ਦਿਖਾਉਣ ਬਾਰੇ ਕਹਿਣ 'ਤੇ ਬਚਨ ਕਰਦੇ ਹਨ:

ਕਰਾਮਾਤ ਨਾਮ ਕਹਿਰ ਹੈ ਸੋ ਹਮ ਕਰਤੇ ਨਾਹਿ।
ਹਮਰੈ ਉੱਪਰ ਤੁਮ ਕਰੋ ਤੌਂ ਤੁਹੁ ਪਛੈ ਖੁਦਾਇ॥[319]

ਰਤਨ ਸਿੰਘ ਅਨੁਸਾਰ ਕਰਾਮਾਤ ਦੀ ਸ਼ਕਤੀ ਦੋ ਤਰ੍ਹਾਂ ਨਾਲ ਮਿਲਦੀ ਹੈ ਪਹਿਲੀ ਸੇਵਾ ਭਾਵ ਨਾਲ ਮਿਹਰ ਦੇ ਰੂਪ ਵਿਚ ਤੇ ਦੂਸਰੀ ਜਿੱਦ ਤੇ ਹਠ ਨਾਲ ਕਹਿਰ ਦੇ ਰੂਪ ਵਿਚ ਮਿਲਦੀ ਹੈ। ਕਰਾਮਾਤ ਦੇ ਇਹ ਦੋਵੇਂ ਰੂਪ ਹੀ ਗੁਰਮਤਿ ਸਿਧਾਂਤ ਦੇ ਉਲਟ ਹਨ ਕਿਉਂਕਿ ਗੁਰਮਤਿ ਦਾ ਸਿਧਾਂਤ ਕੁਦਰਤ ਦੇ ਭਾਣੇ ਵਿਚ ਰਹਿਣ ਦਾ ਹਾਮੀ ਹੈ ਜਿਸ ਬਾਰੇ ਰਚਨਾਕਾਰ ਦਸਦਾ ਹੈ:

ਕਰਾਮਾਤ ਹੋਵੈ ਦੋਊ ਭਾਂਤ। ਕੈ ਮਿਹਰੋਂ ਕੈ ਕਹਿਰੋਂ ਹੋ ਜਾਤ॥
ਸੇਵਾ ਕਰੈ ਤੁ ਮਿਹਰ ਸੁ ਆਵੈ। ਜਿਦ ਤੇ ਚਾਹੈ ਕਹਿਰ ਸੁ ਪਾਵੈ।
ਮਿਹਰ ਕਹਿਰ ਦੋਊ ਕਰਾਮਾਤ। ਦੂਰ ਖ਼ੁਦਾ ਤੇ ਸੋ ਲੇ ਜਾਤ॥[320]

ਉਪਰੋਕਤ ਵਿਚਾਰਾਂ ਅਨੁਸਾਰ ਸਿੱਖ ਸਿਧਾਂਤ ਵਿਚ ਕਰਾਮਾਤ ਨੂੰ ਕਹਿਰ ਦਾ ਰੂਪ ਮੰਨਿਆ ਗਿਆ ਹੈ। ਕਰਾਮਾਤ ਮਨੁੱਖ ਨੂੰ ਕੁਦਰਤੀ ਭਾਣੇ ਨਾਲੋਂ ਤੋੜ ਕੇ ਪਰਮਾਤਮਾ ਤੋਂ ਦੂਰ ਲੈ ਜਾਂਦੀ ਹੈ।

### 3.4. ਜੀਵਾਤਮਾ

---

[319] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 20

[320] ਉਹੀ, ਪੰਨਾ 222

ਪਰਮਸੱਤਾ ਵੱਲੋਂ ਸਾਜੀ ਗਈ ਕੁਦਰਤ ਦੇ ਮਹੱਤਵ ਨੂੰ ਸਹੀ ਅਰਥ ਵਿਚ ਜਾਣਨ ਲਈ ਜੀਵਾਤਮਾ ਦੇ ਮਹੱਤਵ ਨੂੰ ਸਮਝਣਾ ਲਾਜ਼ਮੀ ਹੈ। ਮਹਾਨ ਕੋਸ਼ ਅਨੁਸਾਰ ਜੀਵਾਤਮਾ "ਦੇਹ ਨੂੰ ਚੇਤਨਸੱਤਾ ਦੇਣ ਵਾਲਾ ਆਤਮਾ, ਰੂਹ, ਪ੍ਰਤਜਗਾਤਮਾ"[321] ਹੈ। ਗੁਰੂ ਗ੍ਰੰਥ ਵਿਸ਼ਵਕੋਸ਼ ਅਨੁਸਾਰ "ਜੀਵਾਤਮਾ ਤੋਂ ਭਾਵ ਹੈ ਸਰੀਰ ਵਿਚ ਸਥਿਤ ਆਤਮਾ (ਚੈਤਨਯ ਸਰੂਪ)। ਜੀਵ ਪਰਮਾਤਮਾ ਦਾ ਅੰਸ਼ ਹੈ ਅਤੇ ਚੈਤਨਯ ਸਰੂਪ ਹੈ। ਜੜ੍ਹ ਦੇਹ ਤੋਂ ਭਿੰਨ ਹੈ ਅਤੇ ਅਜੜ੍ਹ ਹੈ।"[322] ਉਪਰੋਕਤ ਵਿਚਾਰ ਤੋਂ ਪਤਾ ਲੱਗਦਾ ਹੈ ਕਿ ਜੀਵਾਤਮਾ ਉਹ ਤੱਤ ਹੈ ਜਿਸ ਦਾ ਕੁਦਰਤ ਦੇ ਪੰਜ ਭੌਤਿਕ ਤੱਤਾਂ ਨਾਲ ਮੇਲ ਹੋਣ ਤੇ ਹੀ ਮਨੁੱਖੀ ਜੀਵਨ ਦੀ ਧਰਤੀ ਤੇ ਸ਼ੁਰੂਆਤ ਹੁੰਦੀ ਹੈ। ਇਹ ਜੀਵਾਤਮਾ ਭੌਤਿਕ, ਸਥੂਲ ਜਾਂ ਜੜ੍ਹ ਨਹੀਂ ਹੈ ਸਗੋਂ ਚੇਤਨ ਵਰਤਾਰੇ ਦਾ ਹੀ ਹਿੱਸਾ ਹੈ। ਬ੍ਰਹਿਮੰਡ ਵਿਚਲਾ ਜੀਵਨ ਆਤਮਾ ਅਤੇ ਭੌਤਿਕ ਤੱਤਾਂ ਦੇ ਮੇਲ ਸਦਕਾ ਹੀ ਸੰਭਵ ਹੈ। 'ਜੀਵਆਤਮਾ' ਮਨੁੱਖੀ ਸਰੀਰ ਵਿਚ ਅਕਾਲ ਦੀ ਜੋਤ ਦੇ ਰੂਪ ਵਿਚ ਸਮਾਈ ਹੋਈ ਹੈ ਜਿਸ ਬਾਰੇ ਗੁਰੂ ਅਮਰ ਦਾਸ ਜੀ ਬਾਣੀ ਵਿਚ ਫੁਰਮਾਨ ਕਰਦੇ ਹਨ:

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ॥[323]

ਗੁਰਬਿਲਾਸ ਪਾਤਸ਼ਾਹੀ ੧੦ ਵਿਚ ਪੇਸ਼ ਕੀਤੇ ਗਏ ਮੁਕਤੀ ਦੇ ਸੰਕਲਪ ਨੂੰ ਸਮਝਣ ਲਈ ਪਹਿਲਾਂ ਇਹ ਜਾਣਨ ਦੀ ਲੋੜ ਹੈ ਕਿ ਕੁਇਰ ਸਿੰਘ ਦੀ 'ਜੀਵਾਤਮਾ' ਦੀ ਹੋਂਦ ਅਤੇ ਹਸਤੀ ਬਾਰੇ ਕੀ ਧਾਰਨਾ ਹੈ। ਕੁਇਰ ਸਿੰਘ ਜੀਵ ਨੂੰ ਅਕਾਲ ਪੁਰਖ ਦੀ ਹੀ ਅੰਸ਼ ਮੰਨਦਾ ਹੈ। ਉਸ ਅਨੁਸਾਰ ਅਕਾਲ ਅਤੇ ਜੀਵਾਤਮਾ ਦਾ ਸੰਬੰਧ ਪਾਣੀ ਅਤੇ ਬੁਲਬੁਲੇ ਸਮਾਨ ਹੈ:

ਨੀਰ ਬੁਦਬੁਦਾ ਏਕੈ ਮਾਨੋ। ਤਾ ਕੋ ਭੇਦ ਸੁ ਵਾਚ ਪਛਾਨੋ।
ਤਜੋਂ ਈਸਰ ਮੈ ਕਲਪਿਤ ਜੀਵਾ। ਸ੍ਰਿਜ ਪਾਲਨ ਸੰਘਾਰਨ ਥੀਵਾ॥[324]

---

[321] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 527

[322] ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 33

[323] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 974

[324] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 285

ਕੁਇਰ ਸਿੰਘ ਦਸਦਾ ਹੈ ਕਿ ਗੁਰੂ ਸਾਹਿਬ ਨੇ ਬਚਨ ਕੀਤੇ ਕਿ ਬ੍ਰਹਮ ਦੀ ਜੋਤ ਸਾਰੇ ਜੀਵਾਂ ਵਿਚ ਇਕ ਸਮਾਨ ਹੈ। ਸਾਰੀਆਂ ਦੁਨਿਆਵੀ ਪਛਾਣਾਂ ਭੁੱਲ ਕੇ ਸਾਰੇ ਜੀਵਾਂ ਵਿਚ ਇਕ ਜੋਤ ਹੀ ਦੇਖੋ। ਜਿਸ ਤਰ੍ਹਾਂ ਅੰਨ ਦਾਨ ਨਾਲ ਦੇਹੀ ਨੂੰ ਸੁਖ ਮਿਲਦਾ ਹੈ ਉਸ ਤਰ੍ਹਾਂ ਨਾਲ ਹੀ ਸਾਰੇ ਜੀਵਾਂ ਵਿਚ ਇਕ ਬ੍ਰਹਮ ਦੀ ਜੋਤ ਦੇਖਣਾ ਵੱਡੇ ਪੁੰਨ ਦੇ ਬਰਾਬਰ ਹੈ:

ਤਬ ਗੁਰ ਐਸੇ ਬੈਨ ਬਖਾਨਾ। ''ਬ੍ਰਹਮ ਜੋਤਿ ਸਭ ਮੈ ਇਕ ਸਾਨਾ।

ਨਾਮ ਜਾਤ ਤਜ ਬ੍ਰਹਮ ਸੋ ਜਾਨੋ। ਅੰਨ ਦਾਨ ਦੇਹ ਅਤਿ ਸੁਖ ਮਾਨੋ॥

ਯਾ ਸਮ ਪੁੰਨ ਕੋਯ ਜਗ ਨਾਹੀ। ਸਰਬ ਜੀਵ ਮੈ ਕੋ ਲਖ ਪਾਹੀ।[325]

ਗੁਰਮਤਿ ਅਨੁਸਾਰ ਅਕਾਲ ਪੁਰਖ ਦੇ ਹੁਕਮ ਨਾਲ ਹੀ ਜੀਵ ਦਾ ਜਨਮ ਮੰਨਿਆ ਗਿਆ ਹੈ। ਜਿਸ ਦਾ ਜ਼ਿਕਰ ਗੁਰਬਾਣੀ ਵਿਚ ਇਸ ਤਰ੍ਹਾਂ ਹੈ:

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥[326]

ਜਿਹੜਾ ਜੀਵ ਮਨੁੱਖਾ ਜਨਮ ਪ੍ਰਾਪਤ ਕਰਕੇ ਦੁਨਿਆਵੀ ਰਸ-ਭੋਗਾਂ ਵਿਚ ਉਲਝ ਜਾਂਦਾ ਹੈ ਉਹ ਸੁਨਹਿਰੀ ਮੌਕਾ ਗੁਆ ਕੇ ਪਛਤਾਉਂਦਾ ਹੈ। ਦੁਨਿਆਵੀ ਭੋਗ ਅਤੇ ਰਸ-ਕਸ ਜੀਵ ਨੂੰ ਫੇਰ ਚੁਰਾਸੀ ਦੇ ਗੇੜਿਆਂ ਵਿਚ ਫਸਾ ਦਿੰਦੇ ਹਨ:

ਪੁੰਨਿ ਕਰਮ ਕਰ ਦੇਹਿ ਸੁ ਪਾਈ। ਦੇਹਿ ਪਾਇ ਪੁੰਨ ਭੋਗ ਸੁ ਖਾਹੀ॥

ਭੋਗਨ ਕੋ ਫਲ ਜਨਮ ਸੁ ਦੇਹਾ। ਬੀਚ ਚੌਰਾਸੀ ਭਯੋ ਸੰਦੇਹਾ।

ਚੌਰਾਸੀ ਮੈ ਗਲਤ ਸਦਾਏ। ਹਾਇ ਹਾਇ ਕਰ ਪੁਨਿ ਪਛੁਤਾਏ॥[327]

ਕੁਇਰ ਸਿੰਘ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਦੁਆਰਾ ਗੁਰੂ ਦੇ ਮਾਰਗ ਉੱਪਰ ਚੱਲਣ ਦੇ ਰਸਤੇ ਦਾ ਬਿਰਤਾਂਤ ਬਹੁਤ ਸੋਹਣੇ ਢੰਗ ਨਾਲ ਪੇਸ਼ ਕੀਤਾ ਹੈ। ਮਨੁੱਖਾ ਜਨਮ ਅਤੇ ਗੁਰੂ ਦੀ ਸੰਗਤ ਚੰਗੇ ਭਾਗਾਂ

[325] ਉਹੀ, ਪੰਨਾ 208

[326] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1

[327] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 291

ਨਾਲ ਪ੍ਰਾਪਤ ਹੁੰਦੇ ਹਨ। ਇਸ ਲਈ ਮਨ ਵਿਚ ਦੁਨਿਆਵੀ ਸੁਖਾਂ ਦੀ ਥਾਂ ਗੁਰੂ ਪਿਆਰ ਵਿਚ ਲੀਨ ਹੋਣ ਨਾਲ ਮਨੁੱਖ ਨੂੰ ਦੇਹ ਅਤੇ ਆਤਮਾ ਦਾ ਭੇਦ ਪ੍ਰਾਪਤ ਹੋ ਜਾਂਦਾ ਹੈ ਤੇ ਗਿਆਨ ਦੇ ਪ੍ਰਗਟਾਵੇ ਨਾਲ ਭਰਮ ਦਾ ਨਾਸ ਹੋ ਜਾਂਦਾ ਹੈ:

ਭੋਗਨ ਕੋ ਫਲ ਅਬ ਇਹ ਹੋਈ। ਸੁਨੋ ਸਿੰਘ ਅਬ ਧਰਮ ਸੰਗੋਈ।
ਪੂਰਬ ਪੁੰਨ ਕਰਮ ਅਤਿ ਪਾਏ। ਨਿਹਚਾ ਗੁਰ ਮੈ ਲਖਤ ਸਬਾਏ॥
ਦੇਹ ਨ ਆਵਤ ਬਾਰੰ ਬਾਰਾ। ਕਜਾ ਸੁਖ ਵਿਸਯਨ ਅਲਪ ਸੁ ਧਾਰਾ।
ਭਯੋ ਵੈਰਾਗ ਦੇਹਿ ਕੇ ਮਾਹੀ। ਤਨ ਸੁਖ ਮਿਥਿਆ ਜਗਤ ਸੁਨਾਈ॥
ਜਗਤ ਨਾਹਿ ਜਬ ਹੀ ਮੈ ਭਾਸਾ। ਤਬ ਹੀ ਭਯੋ ਅਧਜਸ ਕੋ ਨਾਸਾ।[328]

ਜੀਵ ਅਕਾਲ ਪੁਰਖ ਦੇ ਹੁਕਮ ਨੂੰ ਸਮਝਕੇ ਸਰੀਰਕ ਅਤੇ ਆਤਮਿਕ ਪੱਧਰ ਤੇ ਖੇੜੇ ਵਿਚ ਆ ਜਾਂਦਾ ਹੈ। ਅਕਾਲ ਪੁਰਖ ਸਦਾ ਸਤਿ ਹੈ ਅਤੇ ਦੁਨਿਆਦਾਰੀ ਅਸਤਿ ਹੈ। ਜਦੋਂ ਅਸਤਿ ਪਿੱਛੇ ਅਕਾਲ ਪੁਰਖ ਦਾ ਹੁਕਮ ਵਰਤਦਾ ਦਿਸ ਪਵੇ ਤਾਂ ਜੀਵ ਨੂੰ ਸੰਸਾਰਕ ਅਤੇ ਪਰਮਾਰਥਕ ਦੋਹਾਂ ਦੀ ਪਵਿੱਤਰਤਾ ਦੀ ਸੋਝੀ ਹੋ ਜਾਂਦੀ ਹੈ। ਕੁਇਰ ਸਿੰਘ ਇਸ ਸਤਿ ਅਸਤਿ ਬਾਰੇ ਇੰਙ ਦਸਦਾ ਹੈ:

ਤਬ ਦੋਨੋ ਮੈ ਭਯੋ ਪ੍ਰਸੰਨਾ। ਆਸਤਿ ਨਾਸਤਿ ਦੋਨੋ ਧਰਮਾ।
ਨਾਸਤਿ ਏਕ ਨਹੀ ਜਗ ਕੋਈ। ਭਯੋ ਏਕ ਅਦੁਤੀ ਸੋ ਸੋਈ।[329]

'ਕੁਦਰਤ' ਨੂੰ 'ਅਕਾਲ ਪੁਰਖ' ਦਾ ਪ੍ਰਗਟ ਵਰਤਾਰਾ ਜਾਣ ਲੈਣ ਨਾਲ ਜੀਵ ਨੂੰ ਕਣ-ਕਣ ਵਿਚ ਵਿਆਪਕ ਪਰਮਾਤਮਾ ਦੀ ਜੋਤ ਦਿਸ ਪੈਂਦੀ ਹੈ।

ਰਤਨ ਸਿੰਘ ਸਿੰਘ ਭੰਗੂ ਜੀਵ ਦੇ ਮਨੋਰਥ ਨੂੰ ਸ਼ਹਾਦਤ ਦੇ ਪ੍ਰਸੰਗ ਨਾਲ ਜੋੜਦਾ ਹੈ ਤੇ ਧਰਮ-ਯੁੱਧ ਵਿਚ ਸੀਸ ਲਾਉਣ ਨੂੰ ਖਰਾ ਕਾਰਜ ਮੰਨਦਾ ਹੈ। ਇਸ ਨੇਕ ਕਾਰਜ ਨੂੰ ਜੀਵ ਦੀ ਦੋਹਾਂ ਜਹਾਨਾਂ ਦੀ ਮੁਕਤੀ ਨਾਲ ਜੋੜਦਾ ਹੈ:

---

[328] ਉਹੀ, ਪੰਨਾ 292

[329] ਉਹੀ, ਪੰਨਾ 292

ਨਬਾਬ ਕਹੀ 'ਜਕ ਤਕ ਕਜਾ ਕਰੋ। ਉਹਾਂ ਮਾਰਨ ਮਰਨੇ ਖਰੋ॥

ਉਹਾਂ ਸੀਸ ਸਿੰਘ ਜੋ ਕੋਊ ਲਾਵਗੁ। ਮਨ ਇੱਛਤ ਫਲ ਸੋਊ ਪਾਵਗੁ।

ਉਹਾਂ ਸਰੈਂਗੇ ਦੋਊ ਕਾਜ। ਮੂਏ ਮੁਕਤ ਜੀਏ ਜੀਵ ਸਾਜ॥[330]

ਭਾਵੇਂ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਵਿਚ ਧਰਮ-ਸ਼ਾਸਤਰ ਦੇ ਸਿਧਾਂਤ, ਨੁਕਤੇ ਸੰਖੇਪ ਤੇ ਨਾਮਾਤਰ ਇਤਿਹਾਸਕ ਨਿਭਾਅ ਦੇ ਰੂਪ ਵਿਚ ਹੀ ਆਏ ਹਨ ਪਰ ਦੋਵੇਂ ਕਵੀ ਜੀਵ ਦੇ ਮਨੋਰਥ ਨੂੰ ਆਦਿ ਗੁਰੂ ਤੇ ਅਕਾਲ ਪੁਰਖ ਨਾਲ ਜੋੜਦੇ ਹਨ। ਜੀਵ ਗੁਰੂ ਵੱਲੋਂ ਦੱਸੇ ਮਾਰਗ ਦਾ ਪਾਂਧੀ ਬਣੇ ਤੇ ਆਪਣਾ ਹਲਤ-ਪਲਤ ਸੰਵਾਰਨ ਲਈ ਅਸੁਰ ਸ਼ਕਤੀਆਂ ਨਾਲ ਧਰਮ-ਯੁੱਧ ਰਚਾਵੇ।

### 3.5. ਮੁਕਤੀ

ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਸਬਦ ਨੂੰ 'ਮੁਕਤਿ' ਲਿਖ ਕੇ ਇਸ ਦੇ ਅਰਥ, "ਛੁਟਕਾਰਾ, ਰਿਹਾਈ. ਇਸ ਦਾ ਮੂਲ ਮੁਚ੍ ਧਾਤੂ ਹੈ, ਅਵਿਦਜਾ ਦੇ ਬੰਧਨਾਂ ਤੋਂ ਛੁਟਕਾਰਾ. ਕਲੇਸ਼ਾਂ ਤੋਂ ਰਿਹਾਈ".''ਮੁਕਤਿ ਪਾਈਐ ਸਾਧ ਸੰਗਤਿ.''(ਧਨਾਸਰੀ ਮ ੫)[331] ਦੱਸੇ ਹਨ। ਮੁਕਤੀ ਦੇ ਸਰੂਪ ਦੀ ਲੰਮੀ ਵਿਆਖਿਆ ਤੋਂ ਬਾਅਦ ਸਿੱਖ ਮੱਤ ਅਨੁਸਾਰ ''ਸਿੱਖ ਮਤ ਦੀ ਮੁਕਤੀ-ਗੁਰਮੁਖਾਂ ਦੀ ਸੰਗਤਿ ਦ੍ਵਾਰਾ ਨਾਮ ਦੇ ਤਤ੍ਵ ਅਤੇ ਅਭਜਾਸ ਦੇ ਪ੍ਰਕਾਰ ਨੂੰ ਜਾਣਕੇ ਸਿਰਜਣਹਾਰ ਨਾਲ ਲਿਵ ਜੋੜਨਾ, ਹੌਮੈ ਤਜਾਗਕੇ ਪਰੋਪਕਾਰ ਕਰਨਾ, ਅੰਤਹਕਰਣ ਨੂੰ ਅਵਿਦਜਾ ਅਤੇ ਭ੍ਰਮਜਾਲ ਤੋਂ, ਸ਼ਰੀਰ ਨੂੰ ਅਪਵਿਤ੍ਰਤਾ ਤੋਂ ਪਾਕ ਰੱਖਣਾ, ਅਰਥਾਤ- ਨਾਮ ਦਾਨ ਇਸਨਾਨ ਦਾ ਸੇਵਨ ਕਰਨਾ।"[332] ਹਨ। ਭਾਰਤੀ ਧਰਮਾਂ ਵਿਚ ਮੁਕਤੀ ਦੇ ਵੱਖ-ਵੱਖ ਅਰਥ ਮੰਨੇ ਗਏ ਹਨ। ਜੈਨ ਧਰਮ ਅਨੁਸਾਰ ਆਤਮਾ ਦੇ ਪਦਾਰਥ ਨਾਲ ਸੰਬੰਧ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਨੂੰ ਮੁਕਤੀ ਮੰਨਿਆਂ ਗਿਆ ਹੈ'[333]

---

330 ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 174

331 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 981

332 ਉਹੀ, ਪੰਨਾ 981

333 Satshchandra Chatterjee and Dhirendramohan Datta, An intoduction to indian Philosophy, p 97

ਬੁੱਧ ਧਰਮ ਅਨੁਸਾਰ, 'ਦੁਖ ਦੇ ਕਾਰਨ ਅਤੇ ਦੁਖ ਦਾ ਅੰਤ ਹੀ ਮੁਕਤੀ ਹੈ।''[334] ਸਾਂਖ ਸ਼ਾਸਤਰ ਅਨੁਸਾਰ ਦੁੱਖਾਂ ਦਾ ਸਦਾ ਲਈ ਅਤੇ ਪੂਰਨ ਖਾਤਮਾ ਹੀ ਮੁਕਤੀ ਹੈ ਜੋ ਜੀਵਨ ਦਾ ਮੁਖ ਮਨੋਰਥ (ਪੁਰਸ਼ਾਰਥ) ਹੈ।''[335] ਵੇਦਾਂਤ ਅਨੁਸਾਰ ਮੁਕਤੀ ਸਦਾ-ਥਿਰ ਆਨੰਦ ਹੈ ਕਿਉਂਕਿ ਬ੍ਰਹਮ ਆਨੰਦ ਸਰੂਪ ਹੈ ਅਤੇ ਮੁਕਤੀ ਬ੍ਰਹਮ ਨਾਲ ਸਾਖਿਆਤਕਾਰ।''[336]

ਸਿੱਖ ਧਰਮ ਅਨੁਸਾਰ ਮੁਕਤੀ ਦਾ ਭਾਵ ਅਕਾਲ ਪੁਰਖ ਨਾਲ ਇਕ-ਮਿਕਤਾ ਮੰਨਿਆ ਗਿਆ ਹੈ ਪਰ ਇਸ ਦਾ ਅਰਥ ਸਰੀਰ ਦੇ ਖਾਤਮੇ ਪਿੱਛੋਂ ਨਿਰੰਕਾਰ ਨਾਲ ਮੇਲ ਨਹੀਂ ਹੈ ਸਗੋਂ ਜੀਵਨ ਦੌਰਾਨ ਆਪਣੇ-ਆਪ ਨੂੰ ਅਕਾਲ ਪੁਰਖ ਦੇ ਹੁਕਮ ਵਿਚ ਢਾਲਣਾ ਹੈ। ਗੁਰਬਾਣੀ ਅਨੁਸਾਰ ਮੁਕਤੀ ਪ੍ਰਾਪਤੀ ਦੇ ਸਾਧਨਾਂ ਬਾਰੇ ਰਤਨ ਸਿੰਘ ਜੱਗੀ ਦਾ ਮਤ ਹੈ "ਗੁਰੂ ਗ੍ਰੰਥ ਸਾਹਿਬ ਵਿਚ ਮੁਕਤੀ ਪ੍ਰਾਪਤੀ ਦੇ ਮੁੱਖ ਸਾਧਨ ਪ੍ਰੇਮ, ਭਗਤੀ ਅਤੇ ਨਿਮਰਤਾ ਦੱਸ ਕੇ ਗੁਰੂ ਦੇ ਸ਼ਬਦ ਦੀ ਆਰਾਧਨਾ ਦੁਆਰਾ ਆਪਣੇਪਨ ਦੀ ਭਾਵਨਾ ਜਾਂ ਹਉਮੈ ਨੂੰ ਨਸ਼ਟ ਕਰਨ ਉੱਤੇ ਬਲ ਦਿੱਤਾ ਗਿਆ ਹੈ।"[337]

ਕੁਇਰ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ ਨਾਂਦੇੜ ਵਿਖੇ ਸਿੰਘਾਂ ਨੂੰ ਮੁਕਤੀ ਪ੍ਰਾਪਤੀ ਲਈ ਰਹਿਤ ਵਿਚ ਜੀਵਨ ਬਸਰ ਕਰਨ ਦਾ ਉਪਦੇਸ਼ ਦਿੱਤਾ:

ਜੇ ਕਰ ਰਹਤ ਰਹੈਂ ਨਿਸ ਬਾਸਰ, ਜਾਇ ਅਕਾਲ ਕੇ ਮਾਹਿ ਰਹਾਈ।[338]

ਕਵੀ ਅਨੁਸਾਰ ਸਿੱਖ ਆਪਣੇ ਇਸ਼ਟ ਭਾਵ ਅਕਾਲ ਪੁਰਖ ਵਿਚ ਲੀਨ ਹੋ ਕੇ ਸੁਰਤ ਜੋੜ ਕੇ ਰੱਖਦਾ ਹੈ ਤਾਂ ਉਹ ਰਜੋ, ਤਮੋ ਤੇ ਸਤੋ ਨਾਂ ਦੇ ਤਿੰਨ ਗੁਣ ਤੇ ਬਾਲ, ਯੁਵਾ ਤੇ ਬ੍ਰਿਧ ਤਿੰਨੇ ਅਵਸਥਾ ਤਿਆਗ ਕੇ ਗਿਆਨ ਦੀ ਚੌਥੀ ਅਵਸਥਾ ਵਿਚ ਟਿਕ ਜਾਂਦਾ ਹੈ। ਜੀਵ ਆਪਣੇ ਮਨ ਦੇ ਫੁਰਨੇ ਤਿਆਗ ਕੇ ਪ੍ਰਤੱਖ ਰੂਪ ਵਿਚ ਪਰਮਾਤਮਾ ਨੂੰ ਪਛਾਣ ਲੈਂਦਾ ਹੈ:

---

[334] Ibid, p 118

[335] Ibid, p 263

[336] Ibid, p 379

[337] ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਦੂਜਾ, ਪੰਨੇ 388-389

[338] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 282

ਸਤ ਰਜ ਤਮ ਤੁਰੀਆ ਗਤਿ ਪਾਵੈ। ਤੀਨ ਅਵਸਥਾ ਤਜ ਥਿਰਤਾਵੈ।

ਜੀਵ ਈਸ ਕੋ ਵਾਚ ਤਿਯਾਗੇ। ਸਾਖੀ ਲਖ ਸਰੂਪ ਮੈ ਪਾਗੈ॥[339]

ਗੁਰੂ ਦਾ ਸਿੱਖ ਜੀਵਨ ਦੇ ਵਿਵਹਾਰ ਨੂੰ ਛੱਡਣ ਦੀ ਥਾਂ ਵਿਕਾਰਾਂ ਤੋਂ ਦੂਰ ਰਹਿ ਕੇ ਕਿਰਤ ਕਰਦਾ ਹੋਇਆ ਨਿਰਲੇਪ ਰਹਿੰਦਾ ਹੈ ਤੇ ਦ੍ਵੈਤ ਭਾਵ ਨੂੰ ਛੱਡ ਦਿੰਦਾ ਹੈ। ਜੀਵਨ ਦੀਆਂ ਸਾਰੀਆਂ ਤ੍ਰਿਸ਼ਨਾਵਾਂ ਤੇ ਸੁੱਖ ਭੋਗ ਤਿਆਗ ਕੇ ਵੈਰਾਗ ਧਾਰਨ ਕਰਦਾ ਹੋਇਆ ਗੁਰੂ ਦੀ ਸ਼ਰਨ ਵਿਚ ਟਿਕ ਜਾਂਦਾ ਹੈ ਇਹ ਹੀ ਜੀਵਨ-ਮੁਕਤ ਅਵਸਥਾ ਹੈ:

ਇਸ੍ਰਾਨਿਸ੍ਰ ਮਾਹਿ ਨਹੀ ਲੇਪਾ। ਦ੍ਵੈਤ ਕਾਰਜੰ ਨਾਹਿ ਨ ਛੇਪਲਾ।

ਨਾਲੀ ਏਕ ਸਮ ਨਜਾਰੇ ਹੋਈ। ਗਜਾਨੀ ਆਨ ਤਜੈ ਸੁਖ ਲੋਈ॥

ਤਜਾਗ ਗ੍ਰਹਨ ਨਹਿ ਤਾ ਮੈ ਕੋਯ। ਨਹਿ ਵੈਰਾਗ ਰਾਗ ਪੁਨਿ ਜੋਯ।

ਭੂਖਨ ਤਜੈ ਭਾਵ ਕਨਕੰ ਧਰ। ਰਹੈ ਨਿਰਾਮੈ ਬ੍ਰਹਮ ਸਮੰ ਬਰ॥

ਇਉਂ ਵਿਚਾਰ ਗੁਰ ਸਮ ਸਦ ਰਹੈ। ਨਹਿ ਰਾਗੰ ਨਹਿ ਦੋਖੰ ਲਹੈ।

ਸਰਬ ਬਿਵਹਾਰਨ ਮਾਹਿ ਅਤੀਤਾ। ਪਰਾਲਬਧ ਕਰ ਯਹਿ ਮਨ ਰੀਤਾ॥[340]

ਕੁਇਰ ਸਿੰਘ ਦੇ ਉਪਰੋਕਤ ਵਿਚਾਰ ਦਾ ਭਾਵ ਸੱਚਖੰਡ ਦੀ ਅਵਸਥਾ ਨਾਲ ਮੇਲ ਖਾਂਦਾ ਹੈ। ਗੁਰਮਤਿ ਅਨੁਸਾਰ ਸੱਚਖੰਡ ਦਾ ਬਿਆਨ ਕਰਦਿਆਂ ਸ਼ੇਰ ਸਿੰਘ ਦਸਦੇ ਹਨ "ਇਹ ਸੱਚਖੰਡ ਪ੍ਰਾਪਤੀ ਬ੍ਰਹਮ ਵਿਚ ਅਭੇਦਤਾ, ਆਦਿ ਅਨਾਦਿ ਵਾਲੀ ਅਫੁਰ ਅਵਸਥਾ ਹੈ। ਇਸ ਅਵਸਥਾ ਵਿਚ ਸਾਧਾਰਨ ਗਿਆਨ ਵਾਲੇ ਫੁਰਨੇ ਨਹੀਂ ਹੁੰਦੇ। ਕੋਈ ਹਰਖ ਸੋਗ ਨਹੀਂ, ਦੁਖ ਸੁਖ ਨਹੀਂ, ਆਸਾ ਨਿਰਾਸਾ ਨਹੀਂ। ਆਪਣਾ ਬੇਗਾਨਾ ਨਹੀਂ। ਖੁਦੀ, ਬਖੀਲੀ, ਤਕੱਬਰੀ ਨਹੀਂ। ਕੋਈ ਚੇਤਾ ਨਹੀਂ, ਯਾਦ ਨਹੀਂ। ਰੀਤ ਨਹੀਂ ਨਾਦ ਨਹੀਂ। ਇਹ ਪਰਮ ਧਿਆਨੀ ਅਵਸਥਾ ਹੈ। ਇਹ ਆਪਾ ਚੀਨਣ ਤੋਂ ਪ੍ਰਾਪਤ ਹੁੰਦੀ ਹੈ। ਉਹ ਹਉਮੈ ਦਾ ਅਭਾਵ ਕਰਕੇ ਪਾਰਬ੍ਰਹਮ ਵਿਚ ਲੀਨ

[339] ਉਹੀ, ਪੰਨਾ 207

[340] ਉਹੀ, 207

ਹੋਣ ਦਾ ਨਾਉਂ ਹੈ। ਇਹ ਸੁੰਨ ਜਾਂ ਅਣਹੋਂਦ ਨਹੀਂ, ਇਹ 'ਸਤਿ' ਹੈ। ਰੱਬ ਵਿਚ ਜੀਵਨ ਹੈ। ਰੱਬ ਦੇ ਨਾਲ ਮੇਲ ਤੇ ਰੱਬ ਨਾਲ ਇਕ-ਮਿਕ ਹੋਣਾ ਹੈ।"[341]

ਕਵੀ ਕੁਇਰ ਸਿੰਘ ਨੇ ਪੁੱਤਰ ਤੇ ਪਤਨੀ ਮੋਹ ਦੀ ਮਮਤਾ ਅਤੇ ਇੰਦ੍ਰਿਆਵੀ ਤੇ ਦੁਨੀਆਵੀ ਕਾਮਨਾਵਾਂ ਨੂੰ ਅਸੱਤ ਤੇ ਆਤਮ ਤੱਤ ਨੂੰ ਸੱਤ ਵਸਤੂ ਕਿਹਾ ਹੈ। ਇਹਨਾਂ ਦੁਨਿਆਵੀ ਤ੍ਰਿਸ਼ਨਾਵਾਂ ਵਿਚ ਮਨੁੱਖ ਸੱਤ ਨੂੰ ਭੁੱਲ ਜਾਂਦਾ ਹੈ। ਸੱਤ ਅਤੇ ਅਸੱਤ ਦਾ ਭੇਦ ਕਰਨਾ ਹੀ ਔਖਾ ਕਾਰਜ ਹੈ:

ਅਸੱਤ ਵਸਤੁ ਕੋ ਸੱਤ ਉਰ ਜਾਨ। ਯਹੀ ਵਸਤ ਹੈ ਭਵਹਿ ਮਹਾਨ।
ਸੁਤਹਿ ਨਾਰ ਕੀ ਸੰਗਤਿ ਮਾਨ। ਯਹੀ ਮਮਤਾ ਬਡੀ ਮਹਾਨ॥
ਮਨ ਇੰਦ੍ਰੀ ਕੀ ਸੰਗਤ ਪਾਈ। ਭੂਲ ਗਯੋ ਆਤਮ ਵਹੁ ਜਾਈ।
ਅਸਤ ਵਸਤ ਕੋ ਸਤ ਉਰ ਜਾਨਾ। ਯਹੀ ਵਸਤ ਹੈ ਭਵਹਿ ਮਹਾਨਾ॥[342]

ਸੱਤ ਤੇ ਅਸੱਤ ਦੀ ਪਛਾਣ ਗੁਰੂ ਦੀ ਕਿਰਪਾ ਨਾਲ ਹੋ ਸਕਦੀ ਹੈ। ਪਦਾਰਥਾਂ ਦੀ ਲਾਲਸਾ ਲਈ ਕੀਤੇ ਧਾਰਮਿਕ ਕਾਰਜ ਮਨੁੱਖ ਨੂੰ ਮੁਕਤੀ ਨਹੀਂ ਦੇ ਸਕਦੇ ਜਿਸ ਕਾਰਨ ਉਹ ਦੁਨੀਆਦਾਰੀ ਦੇ ਗੇੜ ਵਿਚ ਫਸਿਆ ਰਹਿੰਦਾ ਹੈ। ਵੱਡੇ ਭਾਗਾਂ ਨਾਲ ਗੁਰੂ ਦੀ ਪ੍ਰਾਪਤੀ ਦੀ ਸੰਗਤ ਮਿਲਦੀ ਹੈ। ਕਵੀ ਅਨੁਸਾਰ ਗੁਰੂ ਦਾ ਦਰਸ਼ਨ ਹੀ ਜੀਵ ਨੂੰ ਚੁਰਾਸੀ ਲੱਖ ਜੂਨ ਦੇ ਗੇੜ ਵਿੱਚੋਂ ਕੱਢ ਸਕਦਾ ਹੈ:

ਆਪਨ ਕੋ ਯਹਿ ਦੇਹ ਸੁ ਮਾਨ। ਸੁਖ ਦੁਖ ਕੀ ਮਨੌਤ ਤਹਿ ਠਾਨ।
ਸਹਿਤ ਮਨੌਤ ਕਰਮ ਜੋ ਕਰੈ। ਬੀਚ ਚੌਰਾਸੀ ਕੇ ਅਨੁਸਰੈ॥
ਤਾ ਕੇ ਰੱਖਕ ਹੋ ਤੁਮ ਸ੍ਵਾਮੀ। ਸਭ ਜੀਵਨ ਕੇ ਅੰਤਰਜਾਮੀ।
ਤਾ ਤੇ ਬਡੇ ਭਾਗ ਹਮ ਪਾਏ। ਤੁਮ ਸੇ ਸ੍ਵਾਮੀ ਗ੍ਰਿਹ ਮੈ ਆਏ॥
ਨਾਹਿ ਜਨਮ ਹੋਵਗ ਭਵ ਮਾਹੀ। ਚਰਨ ਕਮਲ ਤੁਮਰੇ ਨਿਰਖਾਹੀ।[343]

---

[341] ਪ੍ਰੋਫੈਸਰ ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 357

[342] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 208

[343] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨੇ 208-209

ਕਵੀ ਕੁਇਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਕਾਜ਼ੀ ਦੇ ਸੰਵਾਦ ਰਾਹੀਂ ਸਿੱਖ ਮੁਕਤੀ ਪ੍ਰਾਪਤੀ ਦਾ ਇਕ ਸੰਵਾਦ ਦਰਜ ਕੀਤਾ ਹੈ। ਗੁਰੂ ਜੀ ਕਾਜੀ ਨੂੰ ਦਸਦੇ ਹਨ ਕਿ ਮਨੁੱਖ ਆਪਣੇ-ਆਪ ਨੂੰ ਵਿਕਾਰਾਂ ਤੋਂ ਬਚਾ ਕੇ ਸਿਰਫ਼ ਸਰੀਰਕ ਮੁਕਤੀ ਪ੍ਰਾਪਤ ਕਰ ਸਕਦਾ ਹੈ। ਆਤਮਿਕ ਮੁਕਤੀ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇਕਰ ਨਿਮਰਤਾ ਤੇ ਜਗਿਆਸਾ ਸਹਿਤ ਅਕਾਲ ਪੁਰਖ ਦਾ ਨਾਮ ਮਨ ਵਿਚ ਵਸਾਏ ਅਤੇ ਉੱਤਮ ਕਾਰਜ ਕਰੇ। ਜਗਿਆਸੂ ਤਾਂ ਯਤਨ ਹੀ ਕਰ ਸਕਦਾ ਹੈ ਅੱਗੇ ਅਕਾਲ ਪੁਰਖ ਦੀ ਰਜ਼ਾ ਤੇ ਮਿਹਰ ਹੀ ਸਹਾਈ ਹੁੰਦੀ ਹੈ:

ਕਰੈ ਜਤਨ ਜਗਜਾਸੀ ਸਾਰੈ। ਪਾਪ ਕਰਮ ਤੇ ਤਨ ਕੋ ਮਾਰੈ।
ਮਨ ਕੀ ਪਾਕੀ ਯਹੀ ਨਿਹਾਰੋ। ਖੁਦੀ ਸਾਥ ਮਨ ਕਰੇ ਨ ਪਜਾਰੋ॥
ਸੋ ਖਾਲਸ ਨਿਜ ਤਨ ਤੇ ਹੋਈ। ਕੋਟ ਜਤਨ ਜੇ ਕਰੈ ਸੁ ਕੋਈ।[344]

ਕਵੀ ਨੇ ਸਿੱਖ-ਮੁਕਤੀ ਦੇ ਸਿਧਾਂਤ ਲਈ ਅਕਾਲ ਪੁਰਖ ਦੇ ਹੁਕਮ ਦਾ ਵਿਸ਼ੇਸ਼ ਮਹੱਤਵ ਦੱਸਿਆ ਹੈ। ਅਕਾਲ ਪੁਰਖ ਨਾਲ ਮਿਲਾਪ ਉਸ ਦੇ ਹੁਕਮ ਵਿਚ ਚੱਲਣ ਨਾਲ ਹੀ ਹੋ ਸਕਦਾ ਹੈ ਜਿਸ ਬਾਰੇ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ:

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[345]

---

[344] ਉਹੀ, ਪੰਨਾ 264

[345] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1

ਕਵੀ ਗੁਰਮਤਿ ਸਿਧਾਂਤ ਦੀ ਰੌਸ਼ਨੀ ਵਿਚ ਹੀ ਦਸਦਾ ਹੈ ਕਿ ਜੀਵ ਦਾ ਮੁਕਤੀ ਵੱਲ ਪਹਿਲਾ ਕਦਮ ਗੁਰੂ ਦੀ ਪ੍ਰਾਪਤੀ ਹੈ ਅਤੇ ਗੁਰੂ ਦੀ ਪ੍ਰਾਪਤੀ ਅਕਾਲ ਪੁਰਖ ਦੀ ਕਿਰਪਾ ਨਾਲ ਹੁੰਦੀ ਹੈ। ਗੁਰੂ ਦੀ ਸੰਗਤ ਤੇ ਸੇਵਾ ਵਿਚ ਲੱਗ ਕੇ ਜੀਵ ਤਨ ਅਤੇ ਮਨ ਦੀ ਪਵਿੱਤਰਤਾ ਸਿੱਖਦਾ ਹੈ ਸਿਰਫ਼ ਤਨ-ਮਨ ਦੀ ਪਵਿੱਤਰਤਾ ਨਾਲ ਅਕਾਲ ਪੁਰਖ ਦਾ ਮਿਲਾਪ ਨਹੀਂ ਹੁੰਦਾ। ਇਹ ਪਵਿੱਤਰਤਾ ਤਾਂ ਜਗਿਆਸੂ ਦੇ ਯਤਨ ਹਨ ਤੇ ਮੁਕਤੀ ਅਕਾਲ ਪੁਰਖ ਦੇ ਵਸ ਵਿਚ ਹੈ:

ਜੇ ਪਰਮੇਸਰ ਕਰੁਨਾ ਧਾਰੈ। ਕਾਮਲ ਮੁਰਸਦ ਮਿਲੈ ਪਿਆਰੈ॥
ਤਾ ਕੀ ਸੁਹਬਤ ਜਾ ਕੋ ਹੋਵੈ। ਤਨ ਕੇ ਕਸਮਲ ਸਗਲੇ ਖੋਵੈ।
ਨਾਮ ਦਾਨ ਪੂਜਾ ਸਿਵ ਕਰੈ। ਨਿਸ ਦਿਨ ਗੁਰ ਮੂਰਤਿ ਰਿਦ ਧਰੈ॥
ਯਾ ਬਿਧਿ ਜਤਨ ਜਬੈ ਸਿਖ ਕੈ ਹੈ। ਤਨ ਕੀ ਪਾਕੀ ਲਗ ਤਬ ਜੈਹੈ।
ਤਨ ਕੀ ਪਾਕੀ ਜੇ ਇਨ ਪਾਈ। ਮਨ ਕੀ ਤਾ ਕੈ ਹਾਥ ਨ ਆਈ॥
ਤਬ ਇਹ ਗੁਨਹਿਗਾਰ ਕੋ ਨਾਹੀ। ਯੌਂ ਸਮਝੋ ਕਾਜੀ! ਮਨ ਮਾਹੀ।
ਜਗਜਾਸੀ ਪਰ ਹੈ ਯਹਿ ਬਾਤਾ। ਔਰ ਕਹਾ ਜਾਨੇ ਵਸ ਭ੍ਰਾਤਾ॥[346]

ਗੁਰੂ ਦੇ ਰਾਹੀਂ ਸਿੱਖ ਅਕਾਲ ਪੁਰਖ ਦੇ ਨਾਮ ਨਾਲ ਪ੍ਰੀਤ ਜੋੜੇ ਤਾਂ ਇਸ ਪ੍ਰੇਮ ਦੇ ਸਦਕਾ ਪ੍ਰਾਪਤ ਹੋਈ ਮਿਹਰ ਹੀ ਮੁਕਤੀ ਦਾ ਰਾਹ ਹੈ। ਸ਼ੇਰ ਸਿੰਘ ਇਸ ਵਿਚਾਰ ਦੀ ਪ੍ਰੋੜਤਾ ਕਰਦਿਆਂ ਲਿਖਦੇ ਹਨ "ਇਸ ਮੁਕਤੀ ਦਾ ਸਾਧਨ ਹੈ ਪ੍ਰੇਮ। ਪ੍ਰੇਮ ਦਾ ਸਾਧਨ ਹੈ ਵਾਹਿਗੁਰੂ ਦੇ ਗੁਣਾਂ ਦਾ ਸਿਮਰਨ, ਵਾਹਿਗੁਰੂ ਦੇ ਸਰੂਪ ਦਾ ਚਿੰਤਨ। ਇਸ ਤੋਂ ਲਿਵ ਤੇ ਫਿਰ ਇੱਕ-ਰਸ ਮੇਲ। ਇਸ ਦੇਹ ਵਿਚ ਹੁੰਦਿਆਂ ਵੀ ਜੋ ਇਸ ਅਵਸਥਾ ਵਿਚ ਹੈ, ਉਹ ਭੀ ਮੁਕਤ ਹੈ। ਉਸ ਨੂੰ ਜੀਵਨ ਮੁਕਤ ਕਿਹਾ ਹੈ।"[347]

ਕਵੀ ਕੁਇਰ ਸਿੰਘ ਅਨੁਸਾਰ ਗੁਰੂ ਦਾ ਹਰ ਰੂਪ ਸੰਸਾਰ ਦੇ ਜੀਵਾਂ ਦੀ ਮੁਕਤੀ ਕਰਨ ਦੇ ਸਮਰੱਥ ਹੈ ਤੇ ਗੁਰੂ ਦੀ ਛੋਹ ਵੀ ਮੁਕਤੀ ਬਖ਼ਸ਼ ਸਕਦੀ ਹੈ। ਇਸ ਦੀ ਪ੍ਰਮਾਣਿਕਤਾ ਲਈ ਗੁਰੂ ਜੀ ਦੇ ਸ਼ਿਕਾਰ ਖੇਡਣ

---

[346] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨੇ 264-265

[347] ਪ੍ਰੋਫੈਸਰ ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 360

ਦੀ ਸਾਖੀ ਵਿਚ ਕਵੀ ਦਸਦਾ ਹੈ ਕਿ ਜਦੋਂ ਗੁਰੂ ਜੀ ਵੱਲੋਂ ਸ਼ਿਕਾਰ ਖੇਡਣ ਨੂੰ ਬ੍ਰਾਹਮਣ ਨੇ ਪਾਪ ਆਖਿਆ ਤਾਂ ਗੁਰੂ ਜੀ ਨੇ ਸਭ ਮਾਰੇ ਹੋਏ ਜਾਨਵਰ ਜਿੰਦਾ ਕਰ ਦਿੱਤੇ। ਮੋਏ ਹੋਏ ਜਾਨਵਰਾਂ ਨੇ ਉਠ ਕੇ ਗੁਰੂ ਜੀ ਦੇ ਹੱਥੀਂ ਮਾਰੇ ਜਾਣ ਕਰਕੇ ਪ੍ਰਾਪਤ ਹੋਈ 'ਮੁਕਤੀ' ਬਾਰੇ ਇਸ ਤਰ੍ਹਾਂ ਦੱਸਿਆ:

ਯੌਂ ਸੁਨ ਪਸੁ ਲਹਿ ਜਿੰਦ ਨਸਾਨੇ। ਐਸ ਭਾਂਤਿ ਮੁਖ ਬੈਨ ਬਖਾਨੇ॥

"ਅਬ ਗੁਰ ਆਯਸ ਮਿਟਤੀ ਨਾਹੀ। ਹਮਰੋ ਸ੍ਰਾਪ ਬਿਪ੍ਰ ਕੋ ਆਹੀ।

ਹਮ ਛੂਟੇ ਤੇ ਜੋਨ ਨਿਜਾਰੀ। ਪਾਵੈਂ ਬਾਸ ਮੋਖ ਸੁਰਗਾਰੀ॥"[348]

ਕਵੀ ਕੁਇਰ ਸਿੰਘ ਨੇ ਗੁਰਮਤਿ ਵਿਚ ਮੁਕਤੀ ਨੂੰ ਧਰਮ-ਯੁੱਧ ਅਤੇ ਸ਼ਹਾਦਤ ਦੇ ਸੰਕਲਪ ਨਾਲ ਜੋੜ ਕੇ ਪੇਸ਼ ਕੀਤਾ ਹੈ। ਚਮਕੌਰ ਦੀ ਗੜ੍ਹੀ ਦੇ ਜੰਗ ਸਮੇਂ ਗੁਰੂ ਜੀ ਨੇ ਘਿਰੇ ਹੋਏ ਸਿੰਘਾਂ ਨੂੰ ਮੁਕਤੀ ਅਤੇ ਰਾਜ-ਭਾਗ ਪ੍ਰਾਪਤੀ ਦਾ ਢੰਗ ਦੱਸਿਆ ਹੈ:

ਸ੍ਰੀ ਗੁਰ ਕਹਯੋ, "ਜੈਸ ਤੁਮ ਕਰੋ। ਤੈਸੇ ਬਾਤ ਕਰੋ ਜੇ ਚਹੋ॥

ਜੇ ਕਰ ਧਰਮ ਧਰੋ ਕਰ ਜੰਗਾ। ਪੁਨਿ ਪਾਵੋਗੇ ਰਾਜ ਨਿਸੰਗਾ।

ਰਾਜ ਪਾਇ ਪੁਨ ਮੋਖ ਕਰਾਹੀ। ਯਾ ਬਿਧਿ ਪੇਖ ਲਹੋ ਮਨ ਮਾਹੀ॥"[349]

ਜਦੋਂ ਗੁਰੂ ਜੀ ਵਿਦਾ ਹੋ ਰਹੇ ਸਨ ਤਾਂ ਗੁਰੂ ਦੇ ਪਿਆਰੇ ਸਿੰਘਾਂ ਨੇ ਅੱਗੋਂ ਕਿਹਾ ਕਿ ਸਾਨੂੰ ਰਾਜ ਜਾਂ ਮੁਕਤੀ ਦੀ ਥਾਂ ਅਗਲੇ ਜਨਮ ਵਿਚ ਤੁਹਾਡਾ ਮਿਲਾਪ ਚਾਹੀਦਾ ਹੈ।

ਹੋਇ ਬਿਦਾ ਇਮ ਭਾਖਤ ਹੈਂ ਪ੍ਰਭੁ, ਮੇਲ ਤੁਮੈ ਕਬ ਹੋਇ ਲਖਾਹੀ।

ਦੂਸਰ ਜਨਮ ਮਿਲੈ ਤੁਮ ਕੋ ਪ੍ਰਭੁ, ਦਾਨ ਦਿਜੈ ਨਹਿ ਆਨ ਸੁ ਜਾਹੀ।

ਯੌ ਕਹਿ ਕੇ ਲਹਿ ਕੇ ਚਹਿ ਕੇ ਤਬ, ਆਵਤ ਸਿੰਘਨ ਜਯੋਂ ਭਭਕਾਂਹੀ।

ਸੀਸ ਅਰਦਾਸ ਕਰਾਵਤ ਹੈਂ, ਗੁਰ ਪਾਹਿ ਖੁਸੀ ਲਹਿ ਯਾਰਨ ਮਾਹੀ॥[350]

---

[348] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 112

[349] ਉਹੀ, ਪੰਨਾ 197

[350] ਉਹੀ, ਪੰਨਾ 198

ਗੁਰੂ ਜੀ ਨੇ ਮੁਕਤਸਰ ਵਿਖੇ ਫੱਟੜ ਹੋਏ ਮੁਕਤੇ ਸਿੰਘਾਂ ਨੂੰ ਵਰ ਮੰਗਣ ਲਈ ਬਚਨ ਕੀਤਾ ਤਾਂ ਅੱਗੋਂ ਸਿੰਘਾਂ ਨੇ ਬੇਨਤੀ ਕੀਤੀ ਕਿ ਸਾਨੂੰ ਆਪਣੇ ਸਵਾਰਥ ਲਈ ਕੋਈ ਰਿੱਧੀ ਸਿੱਧੀ ਜਾ ਮੁਕਤੀ ਨਹੀਂ ਚਾਹੀਦੀ।ਸਾਨੂੰ ਗੁਰੂ ਦਰ ਤੋਂ ਇਹ ਸੋਝੀ ਮਿਲੀ ਹੈ ਕਿ ਇਹ ਦੇਹ ਦੂਜਿਆਂ ਦੇ ਭਲੇ ਤੇ ਪਰਉਪਕਾਰ ਲਈ ਮਿਲੀ ਹੈ:

"ਰਿੱਧਿ ਸਿੱਧਿ ਜੋ ਚਾਰ ਪਦਾਰਥ। ਹਮ ਲੇਵੇਂ ਨਹੀ ਅਪਨੇ ਸ੍ਵਾਰਥ।

ਤੁਮ ਪਰ ਸ੍ਵਾਰਥ ਦੇਹ ਜੋ ਧਰੀ। ਖੁਲੇ ਕਿਵਾੜ ਸਮਝ ਇਹ ਪਰੀ"॥[351]

ਇਸ ਤਰ੍ਹਾਂ ਕਵੀ ਗੁਰੂ ਸਾਹਿਬ ਅਤੇ ਸਿੰਘਾਂ ਦੇ ਵਾਰਤਾਲਾਪ ਰਾਹੀਂ ਵਾਹਿਗੁਰੂ ਦੀ ਸੱਚੀ ਪ੍ਰੀਤ ਦਾ ਮੁਕਤੀ ਤੋਂ ਵੀ ਉੱਚੇ ਹੋਣ ਦਾ ਸਿਧਾਂਤ ਪੇਸ਼ ਕਰਦਾ ਹੈ। ਗੁਰੂ ਅਰਜਨ ਪਾਤਸ਼ਾਹ ਜੀ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ:

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥[352]

ਰਤਨ ਸਿੰਘ ਭੰਗੂ ਮੁਕਤੀ ਦੇ ਸੰਕਲਪ ਬਾਰੇ ਦਸਦਾ ਹੋਇਆ ਇਕ ਸਾਖੀ ਦਾ ਜ਼ਿਕਰ ਕਰਦਾ ਹੈ ਜਦੋਂ ਗੁਰੂ ਦੇ ਦਰਸ਼ਨਾਂ ਵਾਸਤੇ ਜਾ ਰਹੀ ਸੰਗਤ ਦੀ ਭੇਂਟ ਗੰਗੂ ਖੱਤਰੀ ਨਾਲ ਹੁੰਦੀ ਹੈ ਤਾਂ ਉਹ ਸੰਗਤ ਨੂੰ ਪੁੱਛਦਾ ਹੈ ਕੀ ਗੁਰੂ ਸਾਹਿਬ ਕੋਲ ਕੋਈ ਬਰਕਤਾਂ ਜਾਂ ਕਰਾਮਾਤਾਂ ਹਨ ਤਾਂ ਸੰਗਤ ਨੇ ਦੱਸਿਆ ਕਿ ਗੁਰੂ ਜੀ ਮੁਕਤੀ ਅਤੇ ਦੁਨਿਆਵੀ ਪਦਾਰਥ ਦੇਣ ਵਾਲੇ ਦਾਤੇ ਹਨ। ਗੰਗੂ ਖੱਤਰੀ ਨੇ ਕਿਹਾ ਕਿ ਮੈਨੂੰ ਮੁਕਤੀ ਦੀ ਲੋੜ ਨਹੀਂ ਭੁਕਤ (ਦੁਨਿਆਵੀ ਪਦਾਰਥ) ਚਾਹੀਦੀ ਹੈ। ਸੰਗਤ ਨੇ ਕਿਹਾ ਕਿ ਗੁਰੂ ਕੋਲ ਮੁਕਤ ਤੇ ਭੁਗਤ ਦੇ ਦੋਵੇਂ ਖਜ਼ਾਨੇ ਹਨ। ਸਤਿਗੁਰ ਦੇ ਦਰਸ਼ਨ ਕੀਤਿਆਂ ਹੀ ਮਨੁੱਖ ਗਰੀਬ ਤੋਂ ਅਮੀਰ ਹੋ ਜਾਂਦਾ ਹੈ। ਜਦੋਂ ਉਸਨੇ ਆਪਣੇ ਕੋਲ ਗੁਰੂ ਦੀ ਭੇਟਾ ਲਈ ਕੋਈ ਵੀ ਪੈਸਾ ਨਾ ਹੋਣ ਦਾ ਵਾਸਤਾ ਪਾਇਆ ਤਾਂ ਸੰਗਤ ਨੇ ਕਿਹਾ ਕਿ ਗੁਰੂ ਤੋਂ ਇਹ ਸਾਰੇ ਪਦਾਰਥ ਲੈਣ ਲਈ ਗੁਰੂ ਤੇ ਨਿਸਚਾ ਜ਼ਰੂਰੀ ਹੈ:

ਤਿਨਹਿ ਪੁਛਯੋ 'ਤੁਮ ਕਹਾਂ ਸਿਧਾਰੋ'।'ਸ੍ਰੀ ਸਤਿਗੁਰ ਢਿਗ' ਉਨੈ ਉਚਾਰੋ।

'ਸ੍ਰੀ ਸਤਿਗੁਰ' ਪੁਛਯੋ ਉਨ 'ਕੈਸੋ'? 'ਮੁਕਤ ਭੁਗਤ ਦੇਨ ਜੋਗਹਿ' ਕਹਿਸੋ॥

---

[351] ਉਹੀ, ਪੰਨਾ 227

[352] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 534

'ਮੁਕਤ ਲੋੜ ਹਮ ਕੋ ਕੁਛ ਨਾਹੀਂ। ਭੁਗਤ ਦਿਵਾਵੋ ਤੌ ਸੰਗ ਜਾਂਹੀ'।

ਉਨੈਂ ਕਹਯੋ 'ਊਹਾਂ ਦੋਊ ਘਨੀ। ਦਰਸ਼ਨ ਪਾਵਤ ਹੋਤ ਸੁ ਧਨੀ॥

ਦੇਨਹਾਰ ਔਰਨ ਕੋ ਹੋਵੈ। ਨਿਸਚੋ ਧਰ ਗੁਰ ਚਰਨਨ ਜੋਵੇ'।

ਉਨੈਂ ਕਹਯੋ 'ਮੋ ਪੈ ਭੇਟ ਨਾਹੀਂ। ਕਿਮ ਕਰ ਮਸਤਕ ਚਰਨ ਛੁਹਾਹੀ'॥[353]

ਰਤਨ ਸਿੰਘ ਭੰਗੂ ਇਕ ਸਾਖੀ ਵਿਚ ਦਸਦੇ ਹਨ ਕਿ ਨਵਾਬ ਕਪੂਰ ਸਿੰਘ, ਸਿੰਘਾਂ ਨੂੰ ਜੰਗ ਵਿਚ ਜਾ ਕੇ ਸ਼ਹਾਦਤ ਲਈ ਪ੍ਰੇਰਦਾ ਹੋਇਆ ਕਹਿੰਦਾ ਹੈ ਕਿ ਜਿਹੜਾ ਸਿੰਘ ਜੰਗ ਲਈ ਜਾਵੇਗਾ, ਉਸਦੇ ਦੋਵੇਂ ਕਾਰਜ ਸੰਪੂਰਨ ਹੋਣਗੇ। ਜੇਕਰ ਸਹਾਦਤ ਹੋਈ ਤਾਂ ਮੁਕਤੀ ਮਿਲੇਗੀ ਅਤੇ ਜੇ ਜੰਗ ਜਿੱਤ ਲਈ ਤਾਂ ਰਾਜ ਮਿਲੇਗਾ:

ਨਬਾਬ ਕਹੀ 'ਜਕ ਤਕ ਕਜਾ ਕਰੋ। ਊਹਾਂ ਮਾਰਨ ਮਰਨੋ ਖਰੋ॥

ਊਹਾਂ ਸੀਸ ਸਿੰਘ ਜੋ ਕੋਊ ਲਾਵਗੁ। ਮਨ ਇੱਛਤ ਫਲ ਸੋਊ ਪਾਵਗੁ।

ਉਹਾਂ ਸਰੈਂਗੇ ਦੋਊ ਕਾਜ। ਮੂਏ ਮੁਕਤ ਜੀਏ ਜੀਵ ਸਾਜ॥[354]

ਉਪਰੋਕਤ ਸਾਰੀ ਵਿਚਾਰ ਵਿੱਚੋਂ ਸਪਸ਼ਟ ਹੁੰਦਾ ਹੈ ਕਿ ਮੁਕਤੀ ਇਕ ਵਿਸ਼ੇਸ਼ ਕਿਸਮ ਦੀ ਜੀਵਨ ਪਦਵੀ ਹੈ ਜਿਸ ਨੂੰ ਬਾਣੀ ਤੇ ਗੁਰੂ ਲਿਵ ਵਿਚ ਰਹਿੰਦਿਆਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਮੁਕਤੀ ਜਨਮ-ਮਰਨ ਜਾਂ ਆਵਾਗਵਣ ਤੋਂ ਨਹੀਂ ਬਲਕਿ ਗੁਰਬਾਣੀ ਦੇ ਸ਼ਬਦ 'ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥'[355] ਅਨੁਸਾਰ ਹੈ। ਗੁਰਮਤਿ ਵਿਚ ਇਕੱਲੀ ਆਤਮਿਕ ਮੁਕਤੀ ਨੂੰ ਪੂਰਨ ਨਹੀਂ ਮੰਨਿਆ, ਬਲਕਿ ਮਨੁੱਖ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਜੀਵਨ ਦੀ ਅਜ਼ਾਦੀ ਨੂੰ ਵੀ ਮੁਕਤੀ ਨਾਲ ਜੋੜਿਆ ਗਿਆ ਹੈ।

### 3.6. ਗੁਰੂ

---

[353] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 142

[354] ਉਹੀ, ਪੰਨਾ 174

[355] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 749

'ਗੁਰੂ' ਜੀਵ ਦਾ 'ਅਕਾਲ ਪੁਰਖ' ਨਾਲ ਮਿਲਾਪ ਕਰਵਾਉਂਦਾ ਹੈ। ਸਿੱਖ ਧਰਮ ਵਿਚ ਗੁਰੂ ਨਾਨਕ ਪਾਤਸ਼ਾਹ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਨੂੰ ਇਕ ਜੋਤਿ ਮੰਨਿਆ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਗੁਰੂ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ, ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ, ਜੋ ਅਗਜਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ੍ਵਗਜਾਨ ਸਮਝਾਉਂਦਾ ਹੈ, ਉਹ ਗੁਰੂ ਹੈ।"[356] ਗੁਰੂ ਆਪਣੇ ਸਿੱਖ ਨੂੰ ਨਾ ਸਿਰਫ਼ ਚੰਗੇ ਰਾਹ ਦਾ ਉਪਦੇਸ਼ ਕਰਨ ਵਾਲਾ ਹੈ ਸਗੋਂ ਉਸ ਦਾ ਜੀਵਨ ਆਦਰਸ਼ ਵੀ ਹੈ। ਰਤਨ ਸਿੰਘ ਜੱਗੀ ਦੇ ਸ਼ਬਦਾਂ ਵਿਚ "ਸੱਚ ਤਾਂ ਇਹ ਹੈ ਕਿ ਗੁਰਮਤਿ ਵਿਚ ਗੁਰੂ ਦਾ ਓਹੀ ਸਥਾਨ ਹੈ ਜੋ ਸਰੀਰ ਵਿਚ ਰੀੜ ਦੀ ਹੱਡੀ ਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹਾ ਕੋਈ ਪੰਨਾ ਨਹੀਂ ਜਿਸ ਵਿਚ ਗੁਰੂ ਦੇ ਮਹੱਤਵ, ਸਰੂਪ ਅਤੇ ਲੋੜ ਉੱਤੇ ਪ੍ਰਤੱਖ ਜਾਂ ਪਰੋਖ ਰੂਪ ਵਿਚ ਪ੍ਰਕਾਸ਼ ਨਾ ਪਾਇਆ ਗਿਆ ਹੋਵੇ। 'ਮੂਲ' ਮੰਤ੍ਰ ਵਿਚ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਗੁਰੂ ਦੀ ਕ੍ਰਿਪਾ ਦੱਸਿਆ ਗਿਆ ਹੈ।"[357] ਗੁਰੂ ਦੀ ਸ਼ਬਦ-ਜੋਤਿ ਲਿਵ-ਮਾਰਗ ਉਤੇ ਚੱਲ ਰਹੇ ਸਿੱਖ ਦੀ ਸੁਰਤ ਵਿਚ ਜਗਮਗਾ ਉਠਦੀ ਹੈ। ਉਸ ਦਾ ਰੋਮ-ਰੋਮ ਸੱਚੇ ਇਸ਼ਕ ਦੀ ਚੰਦਨ ਖ਼ੁਸ਼ਬੋ ਨਾਲ ਮਹਿਕ ਉੱਠਦਾ ਹੈ। ਗੁਰੂ ਦੀ ਅਮਰ ਅਟੱਲ ਸ਼ਖ਼ਸੀਅਤ ਵਿਚ ਤੇ ਗੁਰੂ ਦੀ ਬਾਣੀ ਵਿਚ ਨਿਰੰਕਾਰ ਨੇ ਆਪ ਆਪਣੀ ਪੂਰਨ ਜੋਤਿ ਧਰੀ ਹੈ। ਆਪ ਉਸ ਵਿਚ ਆਪਣੀ ਪਾਰਸ ਕਲਾ ਪ੍ਰਵੇਸ਼ ਕੀਤੀ ਹੈ।

'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਗੁਰੂ ਨਾਨਕ ਪਾਤਸ਼ਾਹ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬ ਨੂੰ ਇਕ ਜੋਤ ਅਤੇ ਉਹਨਾਂ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਿਆ ਗਿਆ ਹੈ। ਗੁਰੂ ਸਾਹਿਬ ਵਲੋਂ ਨਾਂਦੇੜ ਵਿਖੇ ਸੰਗਤ ਨੂੰ ਦਿੱਤੇ ਬਚਨਾਂ ਨੂੰ ਕੁਇਰ ਸਿੰਘ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

ਪੂਰਬ ਸ੍ਰੀ ਗੁਰ ਨਾਨਕ ਦੇਵਾ। ਬਾਂਛਾ ਬੰਦ ਸਰੂਪ ਨ ਭੇਵਾ ...

...ਦਸ ਅਵਤਾਰ ਹਮਾਰੇ ਜਾਨ। ਤੁਮਰੀ ਕੁਲ ਹੋਇ ਹੈ ਪਰਧਾਨ ...

...ਸਰਬ ਸੁ ਸੰਗਤਿ ਖਾਲਸ ਮਾਨ। ਸ੍ਰੀ ਅਸਿਕੇਤ ਗੋਦ ਮੈ ਜਾਨ।

---

[356] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 415

[357] ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 419

ਲੜ ਪਕੜਾਇ ਸਬਦ ਕਾ ਰੂਪ। ਜੋ ਮਾਨੇ ਸੋ ਸਿੰਘ ਅਨੂਪ॥

ਦਰਸਨ ਗੁਰ ਕਾ ਹੈ ਸਵਧਾਨ। ਸ੍ਰੀ ਗ੍ਰੰਥ ਜੀ ਸਾਹਿਬ ਮਾਨ।[358]

ਕੁਇਰ ਸਿੰਘ ਦਾ ਗੁਰਬਿਲਾਸ ਸਮੁੱਚੇ ਤੌਰ 'ਤੇ ਗੁਰੂ ਸ਼ਖ਼ਸੀਅਤ, ਗੁਰੂ ਸੋਭਾ ਅਤੇ ਭਗਤੀ ਨੂੰ ਸਮਰਪਿਤ ਹੈ। ਕਵੀ ਨੇ ਆਪਣੀ ਰਚਨਾ ਵਿਚ ਗੁਰੂ ਦੀ ਸ਼ਖ਼ਸੀਅਤ, ਮਹਾਨਤਾ ਅਤੇ ਲੋੜ ਨੂੰ ਬਹੁਤ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਕੁਇਰ ਸਿੰਘ ਆਪਣੀ ਰਚਨਾ ਦੇ ਮੰਗਲਾਚਰਣ ਵਿਚ ਅਕਾਲ ਪੁਰਖ ਦੇ ਗੁਣ ਗਾਉਣ ਪਿੱਛੋਂ ਸੰਸਾਰ ਦੇ ਭਵਜਲ ਵਿੱਚੋਂ ਪਾਰ ਲੰਘਣ ਦਾ ਇਕੋ-ਇਕ ਵਸੀਲਾ ਗੁਰੂ ਨੂੰ ਹੀ ਦਸਦਾ ਹੈ:

ਗੁਰਮੁਖਿ ਹ੍ਵੈ ਧਜਾਏ ਜੇ ਕੋਈ। ਸ੍ਰੀ ਹਰਿ ਜੂ ਕੋ ਪਾਵੈ ਸੋਈ।

ਧੰਨ ਧੰਨ ਸਤਿਗੁਰੁ ਕਰਤਾਰਾ। ਕੀਨ ਜਵਨ ਯਹਿ ਪੰਥ ਸੁਧਾਰਾ॥[359]

ਭਾਈ ਗੁਰਦਾਸ ਜੀ ਦਸਦੇ ਹਨ ਕਿ ਗੁਰੂ ਉਹ ਸੱਚਾ ਪਾਤਸ਼ਾਹ ਹੈ ਜਿਸ ਨੇ ਇਸ ਦੁਨਿਆਵੀ ਸੰਸਾਰ ਦਾ ਭਵਜਲ ਸਾਗਰ ਪਾਰ ਕਰਨ ਲਈ 'ਗੁਰਮੁਖਿ ਗਾਡੀ ਰਾਹੁ' ਦਾ ਨਿਆਰਾ ਮਾਰਗ ਦੱਸਿਆ ਹੈ:

ਸਤਿਗੁਰ ਸਚਾ ਪਾਤਿਸਾਹੁ ਗੁਰਮੁਖਿ ਗਾਡੀ ਰਾਹੁ ਚਲਾਇਆ।

ਪੰਜਿ ਦੂਤਿ ਕਰਿ ਭੂਤ ਵਸਿ ਦੁਰਮਤਿ ਦੂਜਾ ਭਾਉ ਮਿਟਾਇਆ।

ਸਬਦ ਸੁਰਤਿ ਲਿਵਿ ਚਲਣਾ ਜਮੁ ਜਾਗਾਤੀ ਨੇੜਿ ਨ ਆਇਆ।

ਬੇਮੁਖਿ ਬਾਰਹ ਵਾਟ ਕਰਿ ਸਾਧਸੰਗਤਿ ਸਚੁ ਖੰਡੁ ਵਸਾਇਆ।

ਭਾਉ ਭਗਤਿ ਭਉ ਮੰਤ੍ਰ ਦੇ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।

ਜਿਉ ਜਲ ਅੰਦਰਿ ਕਮਲ ਹੈ ਮਾਇਆ ਵਿਚਿ ਉਦਾਸੁ ਰਹਾਇਆ।

ਆਪੁ ਗਵਾਇ ਨ ਆਪੁ ਗਣਾਇਆ॥[360]

---

[358] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨੇ 283-284

[359] ਉਹੀ, ਪੰਨਾ 17

[360] ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਪੰਨਾ 58

ਕੁਇਰ ਸਿੰਘ ਆਪਣੇ-ਆਪ ਨੂੰ ਸਵਾਲ ਕਰਦੇ ਹਨ ਕਿ ਅਜਿਹੇ ਮਹਾਨ ਗੁਰੂ ਦੀ ਸ਼ਰਨ ਜਾਣ ਸਮੇਂ ਕਿਹੜਾ ਪਦਾਰਥ ਉਨ੍ਹਾਂ ਲਈ ਭੇਟਾ ਰੱਖੀਏ? ਜਵਾਬ ਵਿਚ ਦਸਦਾ ਹੈ ਕਿ ਸਰੀਰ, ਮਨ ਅਤੇ ਧਨ ਦੀਆਂ ਸਭ ਵਸਤਾਂ ਉਸਨੇ ਗੁਰੂ ਪ੍ਰੇਮ ਤੋਂ ਕੁਰਬਾਨ ਕਰ ਦਿੱਤੀਆਂ ਹਨ। ਗੁਰੂ ਸੰਸਾਰ ਦੀਆਂ ਸਭ ਦੁਨਿਆਵੀ ਦੌਲਤਾਂ ਤੋਂ ਉੱਪਰ ਹੈ। ਸਿੱਖ ਆਪਣੇ ਹਿਰਦੇ ਵਿਚ ਉਸ ਆਦਿ ਤੇ ਅਭੇਦ ਗੁਰੂ ਦੇ ਕਮਲ ਵਰਗੇ ਕੋਮਲ ਚਰਨਾਂ ਦੀ ਯਾਦ ਨੂੰ ਟਿਕਾ ਲਵੇ:

ਤਨ ਮਨ ਧਨ ਨਿਧਿ ਇਨ ਸਬ ਵਾਰੀ। ਮਨ ਮਨਸਾ ਦੈ ਪਗ ਪਰ ਵਾਰੀ।

ਨਿਜ ਉਰ ਮੈ ਅੰਬੁਜ ਧਰ ਪਾਦਾ। ਆਦਿ ਅਨੀਲ ਅਭੇਦ ਅਨਾਦਾ॥[361]

ਭਾਵੇਂ ਕਵੀ ਕੁਇਰ ਸਿੰਘ ਨੇ ਆਪਣੀ ਰਚਨਾ ਗੁਰੂ ਦੀ ਉਪਮਾ ਕਰਨ ਅਤੇ ਗੁਣ ਗਾਉਣ ਲਈ ਹੀ ਕੀਤੀ ਹੈ ਪਰ ਕਵੀ ਸਪਸ਼ਟ ਰੂਪ ਵਿਚ ਦਸਦਾ ਹੈ ਕਿ 'ਗੁਰੂ' ਦੀ ਸ਼ਖ਼ਸੀਅਤ ਅਤੇ ਵਡਿਆਈ ਨੂੰ ਸ਼ਬਦਾਂ ਵਿਚ ਬਿਆਨ ਹੀ ਨਹੀਂ ਕੀਤਾ ਜਾ ਸਕਦਾ:

ਕਹਨ ਕਥਨ ਲਿਖਨੈ ਨਹੀ ਆਵੈ। ਅਗਮ ਅਗੋਚਰ ਪਰੈ ਸਮਾਵੈ।[362]

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਗੁਰੂ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ ਤਾਂ ਗੁਰੂ ਬਾਰੇ ਕਿਵੇਂ ਜਾਣਿਆ ਜਾਵੇ? ਕਵੀ ਕੁਇਰ ਸਿੰਘ ਇਸ ਗੱਲ ਨੂੰ ਸਪਸ਼ਟ ਕਰਦਾ ਹੈ ਕਿ ਗੁਰੂ ਦੇ ਪ੍ਰੇਮੀ ਗੁਰਸਿੱਖਾਂ ਦੇ ਹਿਰਦੇ ਵਿਚ ਗੁਰੂ ਦਾ ਸਦ ਨਿਵਾਸ ਹੈ ਜਿੱਥੋਂ ਗੁਰੂ ਦੀ ਆਭਾ ਦਾ ਪ੍ਰਕਾਸ਼ ਪ੍ਰਾਪਤ ਕੀਤਾ ਜਾ ਸਕਦਾ ਹੈ:

ਸੰਤਨ ਕੇ ਉਰ ਮੈ ਤਿਹ ਥਾਨਾ। ਨਿਸਦਿਨ ਕਰ ਹੀ ਤਾ ਅਸਥਾਨਾ।[363]

ਕਵੀ ਅਨੁਸਾਰ ਗੁਰੂ ਸ਼ਖ਼ਸੀਅਤ ਨੂੰ ਸਾਧਾਰਣ ਮਨੁੱਖ ਦੀ ਸ਼ਖ਼ਸੀਅਤ ਵਾਂਗ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਗੁਰੂ ਦੀ ਸ਼ਖ਼ਸੀਅਤ ਦੈਵੀ, ਅਗੰਮ, ਰਹੱਸ ਭਰਪੂਰ ਅਤੇ ਅਨੁਭਵ ਦਾ ਵਿਸ਼ਾ ਹੈ ਇਸ

---

[361] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 17

[362] ਉਹੀ, ਪੰਨਾ 18

[363] ਉਹੀ, ਪੰਨਾ 18

ਬਾਰੇ ਪ੍ਰੋ. ਪੂਰਨ ਸਿੰਘ ਦਸਦੇ ਹਨ, "ਜਿਨ੍ਹਾਂ ਸੰਤਾਂ ਦੇ ਹਿਰਦੇ ਵਿਚ ਮੇਰੇ ਕਲਗੀਆਂ ਵਾਲੇ ਦੀ ਤਸਵੀਰ ਹੈ, ਉਹ ਲਿਖ ਨਹੀਂ ਸਕਦੇ, ਦੱਸ ਨਹੀਂ ਸਕਦੇ, ਕੱਢ ਨਹੀਂ ਸਕਦੇ, ਪਰ ਇਹ ਜ਼ਰੂਰ ਕਹਿਣਗੇ ਕਿ ਸਤਿਗੁਰ ਆਪ ਪਰਦਾ ਚੁਕੇ ਤੇ ਦੱਸੇ ਹਾਂ ਜੀ ਦੱਸੇ, ਨਹੀਂ ਤਾਂ ਕੌਣ ਦੱਸੇ ਤੇ ਕੌਣ ਦਸਾਏ, ਓਹੀ ਖਿੱਚੇ ਤਾਂ ਖਿੱਚੇ ਨਹੀਂ ਤਾਂ ਕੌਣ ਖਿੱਚੇ।"[364] ਕੁਇਰ ਸਿੰਘ ਨੇ ਵੀ ਆਪਣੇ ਗ੍ਰੰਥ ਦੀ ਰਚਨਾ ਗੁਰੂ ਜੀ ਦੇ ਪ੍ਰੇਮੀ ਸਿੱਖ ਭਾਈ ਮਨੀ ਸਿੰਘ ਜੀ ਪਾਸੋਂ ਸੁਣ ਕੇ ਕੀਤੀ ਹੈ। ਇਸ ਰਚਨਾ ਵਿਚ ਕੁਇਰ ਸਿੰਘ ਨੇ ਭਾਈ ਮਨੀ ਸਿੰਘ ਦੇ ਗੁਰੂ ਬਾਰੇ ਸਾਖਸ਼ਾਤ ਅਨੁਭਵ ਨੂੰ ਹੀ ਬਿਆਨ ਕੀਤਾ ਹੈ। ਕਵੀ ਜੀ ਗੁਰੂ ਦੀ ਤੁਲਨਾ ਸਭ ਸਿੱਖਾਂ ਦੇ ਕਾਰਜ ਰਾਸ ਕਰਨ ਵਾਲੇ ਕਲਪ-ਬ੍ਰਿਛ ਨਾਲ ਕਰਦਾ ਦਸਦਾ ਹੈ:

ਕਲਪ ਤਰੋਵਰ ਸ੍ਰੀ ਗੁਰੁ ਚਰਨਾ। ਤਿਨ ਕਾ ਆਹਿ ਮੋਰ ਉਰ ਪਰਨਾ।
ਜੋ ਮਨਸਾ ਧਰਹੋ ਉਰ ਮਾਹੀ। ਕਰ ਹੈ ਪੂਰਨ ਜਹਾਂ ਤਹਾਂ ਹੀ॥[365]

ਕਵੀ ਅਨੁਸਾਰ ਗੁਰੂ ਸਾਰੀਆਂ ਸਿੱਧੀਆਂ ਦਾ ਖਜ਼ਾਨਾ ਹੈ ਜੋ ਮਨੁੱਖ ਇਕ ਵਾਰ ਗੁਰੂ ਦੀ ਛੂਹ ਪ੍ਰਾਪਤ ਕਰ ਲੈਂਦਾ ਹੈ ਉਹ ਪਾਰਸ ਦੀ ਛੂਹ ਵਾਂਗ ਸੋਨਾ ਬਣ ਜਾਂਦਾ ਹੈ:

ਸਗਲ ਸਿਧਿ ਗੁਰੁ ਮੈ ਸੁਨ ਭਾਈ। ਜਾਨਤ ਜਾ ਕਉ ਆਪ ਦਿਖਾਈ।
ਪਾਰਸ ਇਵ ਜਬ ਉਰ ਛੁਇ ਜਾਏ। ਕੰਚਨ ਕਰਤ ਮਨੂਰਹਿ ਭਾਏ॥[366]

ਗੁਰੂ ਦੀ ਇਸ ਛੂਹ ਦੇ ਸਾਰੇ ਭੇਦ ਉਹ ਗੁਰਸਿੱਖ ਹੀ ਜਾਣ ਸਕਦਾ ਹੈ ਜੋ ਗੁਰੂ ਤੇ ਗੁਰੂ ਦੀ ਸੰਗਤ ਰਾਹੀਂ ਗੁਰੂ ਪਿਆਰਿਆਂ ਨੂੰ ਮਿਲਦਾ ਹੈ। ਗੁਰੂ ਦੇ ਇਹ ਖਜ਼ਾਨੇ ਗਿਣਤੀਆਂ ਮਿਣਤੀਆਂ ਤੋਂ ਰਹਿਤ ਹਨ। ਜੋ ਮਨੁੱਖ ਗੁਰੂ ਦੀ ਸੱਚਖੰਡ ਰੂਪੀ ਸੰਗਤ ਦੇ ਖਜ਼ਾਨੇ ਵਿੱਚੋਂ ਨਾਮ-ਦਾਨ ਪ੍ਰਾਪਤ ਕਰ ਲੈਂਦਾ ਹੈ, ਉਹ ਇਸ ਅਨੰਦ ਖਜ਼ਾਨੇ ਨੂੰ ਦੱਸਣ ਤੋਂ ਅਸਮਰੱਥ ਹੋ ਜਾਂਦਾ ਹੈ:

ਗੁਰਮੁਖਿ ਸੰਧਿ ਮਿਲੈ ਜੋ ਪਜਾਰੇ। ਤਬ ਜਾਨੈ ਯਹ ਭੇਦ ਸੁ ਸਾਰੇ।

---

[364] ਮਹਿੰਦਰ ਸਿੰਘ ਰੰਧਾਵਾ, ਪੂਰਨ ਸਿੰਘ ਦੀ ਵਾਰਤਕ, ਪੰਨਾ 135

[365] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 18

[366] ਉਹੀ, ਪੰਨਾ 18

ਨਿਰਖੈ ਗੁਰ ਕੇ ਅਮਿਤ ਖਜਾਨੈ। ਸਭ ਨਿਧਿ ਪੂਰਨ ਅਮਿਤ ਅਨਾਮੈ॥

ਸੱਚਖੰਡ ਸੰਗਤ ਮੈ ਜਾਵੈ। ਤੌ ਲਖ ਨੇਤੈ ਨੇਤ ਬਤਾਵੈ।[367]

ਕਵੀ ਕੁਇਰ ਸਿੰਘ ਸੰਸਾਰ ਅੰਦਰ ਧਰਮ ਨੂੰ ਸਥਾਈ ਰਹਿਣ ਵਾਲਾ ਦਸਦਾ ਹੈ ਤੇ ਅਕਾਲ ਪੁਰਖ ਨਾਲ ਅਭੇਦ ਗੁਰੂ ਨਾਨਕ ਪਾਤਸ਼ਾਹ ਜੀ ਧਰਮ ਦੀ ਸਥਾਪਤੀ ਲਈ ਸੰਸਾਰ ਵਿਚ ਆਏ ਹਨ। ਕਵੀ ਨੇ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਤੱਕ ਗੁਰੂ ਸਾਹਿਬਾਨ ਦੇ ਧਰਮ ਸਥਾਪਤੀ ਦੇ ਜੀਵਨ ਮਨੋਰਥ ਨੂੰ ਸੰਖੇਪ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ:

ਤਨ ਨਾਸੀ ਹੈ ਬਿਧ ਸੁਰ ਤਾਂਈ। ਕੇਵਲ ਧਰਮ ਰਹੈ ਜਗ ਮਾਂਹੀ।

ਧਰਮ ਹੇਤ ਗੁਰੁ ਨਾਨਕ ਰੂਪਾ। ਭਯੋ ਨਿਰਾਮੈ ਬ੍ਰਹਮ ਅਨੂਪਾ।

ਤਾਂਤੇ ਸ੍ਰੀ ਗੁਰੁ ਅੰਗਦ ਜਾਨਾ। ਤ੍ਰਿਤੀ ਚੌਥ ਜੋ ਗੁਰੁ ਸੁਖ ਠਾਨਾ।

ਬੇਦ ਰੂਪ ਸਮ ਵਿਸਨੁ ਅਨੂਪਾ। ਧਰਜੋ ਗ੍ਰੰਥ ਬਪੁ ਪੋਤ ਸਰੂਪਾ॥

ਗੁਰ ਅਰਜਨ ਜਗ ਧਰਮ ਧਰਾਯੋ। ਪੁਨਿ ਹਰਿ ਗੋਬਿੰਦ ਤੁਰਕਨ ਕੋ ਘਾਯੋ।

ਗੁਰ ਹਰਿ ਰਾਏ ਕਰੈ ਕਲਜਾਨਾ। ਧਰਾ ਧਰਮ ਜਗ ਨਾਮ ਵਿਤਾਨਾ॥

ਗੁਰ ਹਰਿ ਕ੍ਰਿਸਨ ਕੀਏ ਪੁਨਿ ਕਾਮਾ। ਪਰ ਹਿਤ ਭਏ ਗੁਰੂ ਏ ਜਾਨਾ।

ਜੈਸ ਮੇਘ ਪਰ ਹਿਤੀ ਸੁਧਾਰੈ। ਤੈਸੇ ਬ੍ਰਹਮ ਗੁਰੂ ਬਪੁ ਕਾਰੋ॥

ਸ੍ਰੀ ਗੁਰ ਦੇਵ ਭਏ ਬਡਿਭਾਗੀ। ਤੇਗ ਬਹਾਦਰ ਪਰ ਹਿਤ ਪਾਗੀ ।

ਤਾ ਕੀ ਗਾਥ ਅਲੌਕਿਕ ਜਾਨੀ। ਆਏ ਜਬ ਧਰ ਮੈ ਸੁਖਦਾਨੀ॥[368]

ਕੁਇਰ ਸਿੰਘ ਅਨੁਸਾਰ ਗੁਰੂ ਜੀ ਆਦਿ ਅਤੇ ਅਨੰਤ ਰੂਪ ਹਨ ਜਿਨ੍ਹਾਂ ਦੀਆਂ ਬਰਕਤਾਂ ਕਾਮਧੇਨ ਗਾਂ, ਕਲਪ ਬ੍ਰਿਛ ਅਤੇ ਪਾਰਸ ਆਦਿ ਤੋਂ ਕਈ ਗੁਣਾਂ ਜ਼ਿਆਦਾ ਹਨ। ਗੁਰੂ ਜੀ ਧਰਮ, ਅਰਥ, ਕਾਮ ਅਤੇ ਮੁਕਤੀ ਭਾਵ ਚਾਰੇ ਪਦਾਰਥ ਦੇਣ ਵਾਲੇ ਹਨ:

---

[367] ਉਹੀ, ਪੰਨਾ 18

[368] ਉਹੀ, ਪੰਨਾ 19

ਅਚੁਤ ਆਦਿ ਅਨੰਤ ਅਸੰ ਧਰ, ਦਰਸ ਦਿਖਾਵਤ ਸੰਗਤ ਸਾਰੀ।

ਧੇਨਸੁ ਪਾਰਸ ਕਲਪਤਰੂ ਇਨ ਤੇ ਅਧਿਕੰ ਜਸ ਆਹਿ ਅਪਾਰੀ।

ਚਾਰ ਪਦਾਰਥ ਮੋਖ ਤੇ ਆਦਿ ਹੀ, ਦੇਤ ਹੈ ਭੀਖ ਜੁ ਜਾਚਕ ਚਾਰੀ।

ਮਾਗਧ ਚਾਰਨ ਸੂਤਨ ਕੋ ਪੁਨਿ ਦੇਵਤ ਦਾਨ ਜੁ ਮੋਖ ਪ੍ਰਕਾਰੀ॥[369]

ਕਵੀ ਦਸਦਾ ਹੈ ਕਿ ਜਿਹੜਾ ਵੀ ਸ਼ਰਧਾਲੂ ਕੋਈ ਮਨਸਾ ਧਾਰ ਕੇ ਆਉਂਦਾ ਹੈ, ਗੁਰੂ ਜੀ ਬਿਨਾਂ ਮੰਗੇ ਹੀ ਉਸ ਦੀ ਝੋਲੀ ਭਰ ਦਿੰਦੇ ਹਨ, 'ਜੋ ਮਨਸਾ ਕਰ ਆਵਈ, ਬਿਨ ਮਾਂਗੇ ਸਭ ਦੇਤ।'[370] ਗੁਰੂ ਜੀ ਗਰੀਬਾਂ ਦੇ ਮਿੱਤਰ, ਸੰਤਾਂ ਦੇ ਸਹਾਈ ਅਤੇ ਦੁਸ਼ਟਾਂ ਦਾ ਨਾਸ ਕਰਨ ਵਾਲੇ ਅਤੇ ਪਰਮਾਤਮਾ ਦਾ ਰੂਪ ਹਨ:

ਦੀਨ ਸੁ ਬੰਧ ਸੁ ਸਾਹਿਬ ਜੀ ਪ੍ਰਭ ਗਾਫਲ ਗੰਜਨ ਸੰਤ ਹਿਤਾਈ।

ਕੀਰਤਿ ਕੇਤੁ ਸੁ ਬੰਸੁ ਵਤੰਸਤਿ ਰੂਪ ਅਨੂਪ ਧਰਯੋ ਹਰਿ ਆਈ॥[371]

ਕੁਇਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਉਪਮਾ ਕਰਦਿਆਂ ਸਿੱਖ ਧਰਮ ਦੇ ਨਿਵੇਕਲੇਪਣ ਨੂੰ ਉਜਾਗਰ ਕਰਦਾ ਹੈ। ਕਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਦੀ ਦਸਵੀਂ ਜੋਤਿ ਅਤੇ ਗੁਰੂ ਨਾਨਕ ਪਾਤਸ਼ਾਹ ਨੂੰ ਆਦਿ ਗੁਰੂ ਅਤੇ ਬ੍ਰਹਮਮਈ ਆਖ ਕੇ ਸਿੱਖੀ ਦੇ ਵਿਲੱਖਣ ਸਰੂਪ ਨੂੰ ਉਜਾਗਰ ਕਰਦਾ ਹੈ:

ਧਰ ਸੰਤ ਅਵਤਾਰੀ, ਨਾਮ ਸਮਾਰੀ, ਕਾਮ ਗਤਾਰੀ, ਬ੍ਰਹਮ ਮਏ।

ਸ੍ਰੀ ਗੁਰ ਆਦੀ, ਤਾਕੀ ਗਾਦੀ, ਦਸਮ ਪ੍ਰਸਾਦੀ, ਰੂਪ ਜਏ॥[372]

ਕੁਇਰ ਸਿੰਘ ਗੁਰੂ ਨਾਨਕ ਪਾਤਸ਼ਾਹ ਜੀ ਦੇ ਪ੍ਰਕਾਸ਼ ਆਗਮਨ ਨੂੰ ਸੰਸਾਰ ਲਈ ਹਨੇਰੇ ਦੇ ਖਾਤਮੇ ਅਤੇ ਚਾਨਣੀ ਸਵੇਰੇ ਵਜੋਂ ਬਿਆਨ ਕਰਦਾ ਹੈ, 'ਰੁਗ'ਸ੍ਰੀ ਪ੍ਰਭ ਆਯੋ, ਜਗ ਜਸ ਪਾਯੋ, ਜਨ ਰਵਿ ਛਾਯੋ ਰੈਨ

---

[369] ਉਹੀ, ਪੰਨਾ 67

[370] ਉਹੀ, ਪੰਨਾ 106

[371] ਉਹੀ, ਪੰਨਾ 67

[372] ਉਹੀ, ਪੰਨਾ 68

ਹਤੀ।[373] ਕਵੀ ਵੱਲੋਂ ਗੁਰੂ ਦੇ ਇਸ ਸਰੂਪ ਦਾ ਜ਼ਿਕਰ ਭਾਈ ਗੁਰਦਾਸ ਜੀ ਵਲੋਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਸੰਸਾਰ ਆਗਮਨ ਲਈ ਵਰਤੇ ਗਏ ਪ੍ਰਤੀਕਾਂ ਨਾਲ ਮਿਲਦਾ ਹੈ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।

ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥[374]

ਕੁਇਰ ਸਿੰਘ ਦਸਦਾ ਹੈ ਕਿ ਗੁਰੂ ਜੀ ਸਮਾਨ ਕੋਈ ਯੋਧਾ, ਬਾਦਸ਼ਾਹ ਨਹੀਂ ਹੈ ਉਹਨਾਂ ਨੂੰ ਉਹ ਅਵਤਾਰਾਂ ਦਾ ਅਵਤਾਰ, ਕਰਤਾ ਅਤੇ ਅਕਾਲ ਪੁਰਖ ਮੰਨਦਾ ਹੈ:

ਧੀਰ ਨ ਮੀਰ ਨ ਬੀਰ ਨ ਤੋ ਸਮ, ਤੋਹ ਲਖਾ ਹਮ ਸ੍ਰੀ ਕਰਤਾਰ।

ਸਾਹਨ ਸਾਹ ਗੁਬਿੰਦ ਗੁਰ, ਪ੍ਰਭੁ ਜੋ ਅਵਤਾਰਨ ਕੋ ਅਵਤਾਰ।[375]

ਕੁਇਰ ਸਿੰਘ ਇਕ ਸਾਖੀ ਦੇ ਹਵਾਲੇ ਨਾਲ ਦਸਦਾ ਹੈ ਕਿ 'ਗੁਰੂ' ਨੂੰ ਮਨੁੱਖ ਨਾ ਸਮਝੋ। ਕਵੀ ਅਨੁਸਾਰ ਜਿਸ ਜੀਵ ਨੂੰ ਗੁਰੂ ਨੇ ਮਾਇਆ ਦੇ ਬੰਧਨ ਵਿਚ ਫਸਾਉਣਾ ਹੋਵੇ ਗੁਰੂ ਉਸ ਦੀ ਮਤ ਫੇਰ ਦਿੰਦਾ ਹੈ ਤੇ ਉਹ ਜੀਵ ਗੁਰੂ ਨੂੰ ਮਨੁੱਖ ਸਮਝਣ ਲਗ ਪੈਂਦਾ ਹੈ। ਰਾਜਾ ਭੀਮ ਚੰਦ ਦੀ ਉਦਾਹਰਨ ਦੇ ਕੇ ਕਵੀ ਇਸ ਤੱਥ ਨੂੰ ਸਪਸ਼ਟ ਕਰਦਾ ਹੈ:

ਭੀਮ ਸੁ ਚੰਦ ਬਡੋ ਬਰ ਰਾਜਨ, ਤਾ ਕਰ ਫੇਰ ਦਯੋ ਮਨ ਸਾਈ।

ਮਾਨਸ ਰੂਪ ਲਖੇ ਗੁਰ ਕੋ ਤਿਨ ਦੂਰ ਭਯੋ ਗੁਰ ਗਜਾਨ ਗਵਾਈ।

ਤਾਵਤ ਕਾਲ ਸੁ ਕਾਲ ਕ੍ਰਿਪਾ ਕਰ, ਔਰ ਤੇ ਔਰ ਭਯੋ ਮਨ ਰਾਈ॥[376]

ਕੁਇਰ ਸਿੰਘ ਅਨੁਸਾਰ ਗੁਰੂ ਦੇ ਦਰਸ਼ਨ ਕਰਨ ਨਾਲ ਜਨਮ-ਮਰਨ ਦੇ ਬੰਧਨ ਤੋਂ ਮੁਕਤੀ ਮਿਲਦੀ ਹੈ ਤੇ ਦੋਵੇਂ ਜਹਾਨਾਂ ਦੀ ਸੋਝੀ ਅਤੇ ਸੁਖ ਪ੍ਰਾਪਤ ਹੁੰਦਾ ਹੈ:

---

[373] ਉਹੀ, ਪੰਨਾ 68

[374] ਸ. ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਪੰਨਾ 14

[375] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 68

[376] ਉਹੀ, ਪੰਨਾ 71

ਅਧਮ ਅਨਿਕ ਜੋ ਦਰਸ ਕਰਾਹੀ। ਜਨਮ ਮਰਨ ਗਤਿ ਮੋਖ ਧਰਾਹੀ॥

ਜਿਨ ਮੇਰੋ ਸਤਿਗੁਰੁ ਕਰਤਾਰਾ। ਏਕ ਬਾਰ ਭਰ ਨੈਨ ਨਿਹਾਰਾ।

ਤਾਕੀ ਵਾਂਛਾ ਪੂਰਨ ਭਈ। ਈਤ ਊਤ ਕੀ ਚਿੰਤਾ ਗਈ।[377]

ਭਾਈ ਗੁਰਦਾਸ ਜੀ ਗੁਰੂ ਦੀ ਸ਼ਰਨ ਪ੍ਰਾਪਤ ਹੋਣ ਦਾ ਫ਼ਲ ਦਸਦੇ ਹਨ:

ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ

ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ।

ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ

ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈ।

ਭਾਵਨੀ ਭਗਤਿ ਭਾਇ ਕਉਡੀ ਅਗ੍ਰਭਾਗ ਰਾਖੈ

ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ।

ਸਤਿਗੁਰੁ ਦਇਆ ਨਿਧਿ ਮਹਿਮਾ ਅਗਾਧਿ ਬੋਧਿ

ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥[378]

ਕੁਇਰ ਸਿੰਘ ਅਨੁਸਾਰ ਜਿਨ੍ਹਾਂ ਦਾ ਕੋਈ ਨਹੀਂ ਗੁਰੂ ਉਹਨਾਂ ਦੇ ਸੰਗ ਹੈ। ਗੁਰੂ ਨਿਮਾਣਿਆਂ ਦਾ ਮਾਣ ਅਤੇ ਨਿਆਸਰਿਆਂ ਦਾ ਆਸਰਾ ਹੈ:

ਜਿਨ ਕਾ ਕੋਊ ਨ ਨਾਮ, ਤਿਨਾ ਸੰਗ ਆਪ ਹੈ।

ਹੋ, ਸਦਾ ਕਥਾ ਮਸਹੂਰ, ਸੰਗਤੀ ਜਾਪ ਹੈ॥[379]

ਭਾਈ ਗੁਰਦਾਸ ਜੀ ਗੁਰੂ ਅਤੇ ਸਿੱਖ ਦੇ ਸੰਬੰਧ ਨੂੰ 'ਗੁਰ ਚੇਲਾ, ਚੇਲਾ ਗੁਰੂ' ਕਹਿ ਕੇ ਸਪਸ਼ਟ ਕਰਦੇ ਹਨ। ਕੁਇਰ ਸਿੰਘ ਵੀ ਗੁਰੂ ਅਤੇ ਸਿੱਖ ਦੀ ਇਕ-ਮਿਕਤਾ ਨੂੰ ਇਸ ਤਰ੍ਹਾਂ ਹੀ ਪੇਸ਼ ਕਰਦਾ ਹੈ:

---

[377] ਉਹੀ, ਪੰਨਾ 82

[378] ਓਅੰਕਾਰ ਸਿੰਘ, ਕਬਿੱਤ ਸਵੈਯੇ ਭਾਈ ਗੁਰਦਾਸ (ਅਨੁਕ੍ਰਮਣਿਕਾ ਤੇ ਕੋਸ਼), ਪੰਨਾ 30

[379] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 254

ਓਤ ਪੋਤ ਗੁਰ ਸਿਖ ਜਗ ਜਾਨੋ। ਜੈਸ ਨੈਮ ਗੁਰ ਸੰਗ ਸੋ ਮਾਨੋ॥

ਸਿਖ ਗੁਰ ਕੋ ਤਨ ਸੀਸ ਮਿਲਾਯੋ। ਓਤ ਪੋਤ ਗੁਰ ਸਿਖ ਯਾ ਭਾਯੋ।[380]

ਕਵੀ ਅਨੁਸਾਰ ਗੁਰੂ ਗੋਬਿੰਦ ਸਿੰਘ ਦਸਦੇ ਹਨ ਕਿ ਦਸ ਗੁਰੂ ਸਾਹਿਬਾਨ ਤੋਂ ਬਾਅਦ ਅੱਗੇ ਕਿਸੇ ਮਨੁੱਖ ਨੂੰ ਗੁਰੂ ਨਹੀਂ ਥਾਪਿਆ ਜਾਵੇਗਾ। ਮੈਂ ਪੰਥ ਨੂੰ ਅਕਾਲ ਪੁਰਖ ਦੀ ਗੋਦ ਵਿਚ ਸੌਂਪ ਰਿਹਾ ਹਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲਾ ਰਿਹਾ ਹਾਂ ਤੇ ਅੱਜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਗੁਰੂ ਹੋਵੇਗਾ:

ਦਸ ਅਵਤਾਰ ਗੁਪਤ ਹ੍ਵੈ ਜਾਂਹਿ। ਕੁਲ ਨਹਿ ਪ੍ਰਗਟੈਗੀ ਪੁਨਿ ਤਾਹਿ।

ਗੁਰਿਆਈ ਕਾ ਨਹਿ ਅਬ ਕਾਲ। ਤਿਲਕ ਨ ਦੇਵਹਿਗੇ ਕਿਸ ਭਾਲ॥

ਸਰਬ ਸੁ ਸੰਗਤਿ ਖਾਲਸ ਮਾਨ। ਸ੍ਰੀ ਅਸਿਕੇਤੁ ਗੋਦ ਮੈ ਜਾਨ।

ਲੜ ਪਕੜਾਇ ਸਬਦ ਕਾ ਰੂਪ। ਜੋ ਮਾਨੇ ਸੋ ਸਿੰਘ ਅਨੂਪ॥

ਦਰਸਨ ਗੁਰ ਕਾ ਹੈ ਸਵਧਾਨ। ਸ੍ਰੀ ਗ੍ਰੰਥ ਜੀ ਸਾਹਿਬ ਮਾਨ।[381]

ਕੁਇਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪਣ ਦੀ ਕਥਾ ਬਿਆਨ ਕਰਦੇ ਹੋਏ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਆਦਿ ਗੁਰੂ' ਕਿਹਾ ਅਤੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਨਮਸਕਾਰ ਕੀਤੀ:

ਲੈ ਆਵੋ ਤਾ ਕੋ ਯਾ ਥਾਨਾ। ਲੈ ਆਏ ਗੁਰ ਦਸਮ ਸੁਜਾਨਾ॥

ਸੁਨ ਕੈ ਕਹਾ ਏਹੁ ਇਤਿਹਾਸ। "ਚਲੋ ਆਦਿ ਸਤਿਗੁਰ ਕੇ ਪਾਸ।"

ਤਬ ਪੁਨਿ ਆਪ ਉਠੇ ਸਭ ਸੰਗਾ। ਪੈਸੇ ਪਾਂਚ ਨਲੀਏਰ ਸੁ ਅੰਗਾ॥

ਲੈ ਕੇ ਤਾਹਿ ਅਰਪ ਕੀ ਬੰਦਨ। ਪ੍ਰਦੱਖਨ ਕਰਤੇ ਮਨ ਰੰਗਨ।

ਕਹਾ, "ਜੋਇ ਬਚ ਕੀਨਾ ਚਾਹੇ। ਪਾਠ ਕਰੈ ਗੁਰ ਕੋ ਸੁਖ ਪਾਏ॥

ਯਾ ਸਮ ਔਰ ਕੋਈ ਗੁਰ ਨਾਹੀ। ਬਿਨਾ ਕਾਨ ਸਚੁ ਬਾਕ ਭਨਾਹੀ।[382]

---

[380] ਉਹੀ, ਪੰਨਾ 131

[381] ਉਹੀ, ਪੰਨੇ 283-284

[382] ਉਹੀ, ਪੰਨਾ 284

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਥਾਪਿਆ ਤੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮਾਨ ਕੋਈ ਹੋਰ ਗੁਰੂ ਨਹੀਂ ਹੋਵੇਗਾ ਤੇ ਜੇ ਕੋਈ ਸਿੱਖ ਗੁਰੂ ਨਾਲ ਬਚਨ ਬਿਲਾਸ ਦੀ ਇੱਛਾ ਰੱਖੇ ਤਾਂ ਜਦੋਂ ਉਹ ਗੁਰਬਾਣੀ ਦਾ ਪਾਠ ਕਰੇਗਾ ਤਾਂ ਸੁਖ ਤੇ ਆਨੰਦ ਦੀ ਪ੍ਰਾਪਤੀ ਹੋਵੇਗੀ। ਕੁਇਰ ਸਿੰਘ ਦਾ ਉਪਰੋਕਤ ਵਿਚਾਰ ਗੁਰਮਤਿ ਦੇ ਸਿਧਾਂਤ ਅਨੁਸਾਰ ਠੀਕ ਹੈ। ਗੁਰੂ ਨਾਨਕ ਪਾਤਸ਼ਾਹ ਜੀ 'ਸ਼ਬਦ' ਨੂੰ ਹੀ ਆਪਣਾ ਗੁਰੂ ਦਸਦੇ ਹਨ:

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥[383]

ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਨੂੰ ਗੁਰੂ ਥਾਪ ਕੇ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਨਿਸ਼ਚਾ ਰੱਖਣ ਦਾ ਹੁਕਮ ਦਿੱਤਾ। ਆਪ ਨੇ ਅਰਦਾਸ ਕਰਕੇ ਸੀਸ ਝੁਕਾਇਆ ਅਤੇ ਰਬਾਬੀਆਂ ਨੂੰ ਬੇਅੰਤ ਮਾਇਆ ਭੇਟਾ ਕੀਤੀ। ਕੁਇਰ ਸਿੰਘ ਦਸਦਾ ਹੈ ਕਿ ਇਸ ਦ੍ਰਿਸ਼ ਨੂੰ ਵੇਖ ਕੇ ਲਗਦਾ ਹੈ ਕਿ ਮਾਨੋ ਗੁਰੂ ਗੋਬਿੰਦ ਸਿੰਘ ਜੀ ਦਾ ਜਲਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਆ ਗਿਆ ਹੈ:

ਗ੍ਰੰਥ ਗੁਰੂ ਮੈ ਨਿਹਚਾ ਧਾਰੇ। ਤਾ ਬਿਨ ਚਾਹ ਨ ਧਰੋ ਪਿਯਾਰੇ।
ਤਾਕੀ ਵਾਂਛਾ ਸਭ ਗੁਰ ਪੂਰੈ। ਯਾ ਪਰ ਨਿਸਚਾ ਭ੍ਰਮ ਸਭ ਦੂਰੈ॥
ਯਾ ਬਿਧਿ ਸ੍ਰੀ ਗਿਰੰਥ ਸਿਰ ਨਜਾਈ। ਕਰ ਅਰਦਾਸ ਪ੍ਰੇਮ ਜੁਤ ਭਾਈ।
ਦਾਮ ਅਨੰਤ ਦਏ ਜੋ ਰਬਾਬੀ। ਮਾਨੋ ਚੜੀ ਗ੍ਰੰਥ ਬਚ ਆਬੀ॥[384]

ਰਤਨ ਸਿੰਘ ਭੰਗੂ ਗੁਰੂ ਨੂੰ ਸੱਚਾ ਗਿਆਨ ਦ੍ਰਿੜ ਕਰਵਾਉਣ ਵਾਲੀ ਹਸਤੀ ਦਸਦੇ ਹਨ। ਗਿਆਨ ਦੇ ਇਸ ਚਾਨਣ ਨਾਲ ਗੁਰੂ ਜੀ ਨੇ ਅਨੇਕਾਂ ਮਨੁੱਖਾਂ ਨੂੰ ਆਪਣਾ ਸਿੱਖ ਬਣਾਇਆ ਉਹਨਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਗੁਰੂ ਨੇ ਆਪਣੇ ਗਿਆਨ ਨਾਲ ਕੁਰਾਹੇ ਪਏ ਠੱਗਾਂ ਨੂੰ ਮੁੜ ਸਿੱਧੇ ਰਾਹ ਪਾ ਦਿੱਤਾ:

ਸੋ ਸਤਿਗੁਰ ਜਾਇ ਸਿਖ ਕੀਯੋ ਸਾਚੋ ਗਯਾਨ ਦ੍ਰਿੜਾਇ।
ਐਸੇ ਕੀਏ ਅਨੇਕ ਸਿਖ ਕੋ ਸਭ ਸਕੈ ਗਿਨਾਇ॥

---

[383] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 943

[384] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 287

ਠਗੀ ਤੇ ਦਏ ਠਗ ਹਟਵਾਇ। ਕੁਰਾਹੋਂ ਮੁੜ ਸੁਭ ਰਾਹ ਦੀਏ ਪਾਇ।[385]

ਗੁਰੂ ਜੀ ਨੇ ਗਿਆਨ ਦੇ ਇਸ ਮਾਰਗ ਨੂੰ ਸ਼ਬਦ ਤੇ ਸਾਖੀ ਰਾਹੀਂ ਦ੍ਰਿੜ ਕਰਵਾਉਣ ਲਈ ਸੰਗਤਾਂ ਦੇ ਇਕੱਠੇ ਹੋਣ ਲਈ ਧਰਮਸਾਲਾਵਾਂ ਬਣਵਾਈਆਂ, ਜਿੱਥੇ ਸਿੱਖ ਸੰਗਤ ਇਕੱਠੀ ਹੋ ਕੇ ਸਤਿਨਾਮ ਦਾ ਜਾਪ ਜਪਦੀ ਸੀ ਤੇ ਲੋੜਵੰਦਾਂ ਲਈ ਲੰਗਰ ਦਾ ਪ੍ਰਬੰਧ ਸੀ। ਗੁਰੂ ਵੱਲੋਂ ਸੰਗਤਾਂ ਨੂੰ ਅਗਿਆਨ ਦੇ ਹਨੇਰੇ ਵਿੱਚੋਂ ਕੱਢ ਕੇ ਸ਼ਬਦ ਨਾਲ ਜੋੜਣ ਦੇ ਪਰਉਪਕਾਰੀ ਕਾਰਜ ਲਈ ਸੰਗਤਾਂ ਗੁਰੂ ਦਾ ਜਸ ਕਰ ਰਹੀਆਂ ਸਨ। ਇਸ ਮਹਾਨ ਕਾਰਜ ਲਈ ਗੁਰੂ ਨਾਨਕ ਪਾਤਸ਼ਾਹ ਜੀ ਨੇ ਹਰ ਥਾਂ ਸੰਗਤਾਂ ਬਣਾਈਆਂ:

ਸਬਦ ਸਾਖੀ ਸਚ ਦੀਨੇ ਲਾਇ। ਧਰਮਸਾਲ ਦਈ ਬਹੁ ਥਾਂ ਪਾਇ॥

ਸਿੱਖ ਸੰਗਤ ਕੋ ਜੋੜ ਕਰਾਵੈਂ। ਸੱਤਿਨਾਮੁ ਕੋ ਜਾਪ ਜਪਾਵੈਂ।

ਔਰ ਖੁਲਾਇਕੈ ਪਿੱਛੇ ਖਾਇਂ। ਦਯਾ ਧਰਮ ਇਤ ਲਾਏ ਰਾਹਿ॥

ਧੰਨਿ ਧੰਨਿ ਕਹੈ ਬਾਬੇ ਕੋ ਓਈ। ਵਾਹਿ ਵਾਹਿ ਗੁਰ ਆਖੈ ਤੇਈ।

'ਹਮ ਕੋ ਕੂੜੋ ਦੀਓ ਹਟਵਾਇ। ਸਤਿ ਸਬਦ ਹਮ ਦੀਨੇ ਲਾਇ'॥[386]

ਰਤਨ ਸਿੰਘ ਗੁਰਸੰਗਤ ਨੂੰ ਗੁਰੂ ਦਾ ਹੀ ਰੂਪ ਜਾਣਦਾ ਹੋਇਆ ਗੁਰੂ ਤੇ ਸੰਗਤ ਦੀ ਅਭੇਦਤਾ ਤੇ ਬਖ਼ਸ਼ਿਸ਼ ਦਾ ਰੂਪ ਪੇਸ਼ ਕਰਦਾ ਹੈ:

ਗੁਰ ਸੰਗਤਿ ਸੰਗਤ ਗੁਰ ਆਹੀ। ਗੁਰ ਸੰਗਤ ਮੇਂ ਭੇਦ ਕਛੁ ਨਾਂਹੀ॥

ਸੰਗਤ ਬਚਨ ਹਮਹਿ ਸਿਰ ਧਰਯੋ, ਸੋ ਮੈਂ ਚਹੀਯੇ ਅਬ ਬਰ ਕਰਯੋ।[387]

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਗੁਰੂ ਰੱਬੀ-ਗਿਆਨ, ਰੱਬੀ-ਮਿਹਰ, ਰੱਬੀ-ਪਿਆਰ ਦਾ ਪ੍ਰਕਾਸ਼ ਹੈ। ਅਗਿਆਨਤਾ ਪਾਪ ਦੇ ਹਨੇਰੇ ਵਿਚ ਭਟਕੀ ਮਨੁੱਖਤਾ ਲਈ ਮੁਕਤੀ ਦਾ ਰਾਹ ਹੈ ਤੇ ਚਾਨਣ ਮੁਨਾਰਾ ਹੈ।

[385] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨੇ 12-13

[386] ਉਹੀ, ਪੰਨੇ 12-13

[387] ਉਹੀ, ਪੰਨਾ 176

### 3.7. ਸੰਗਤ

ਸਿੱਖ ਸਿਧਾਂਤ ਅਤੇ ਪਰੰਪਰਾ ਵਿਚ ਸਭ ਤੋਂ ਮੁੱਢਲੀ ਇਕਾਈ 'ਸਿੱਖ', ਉਸ ਤੋਂ ਉੱਪਰ 'ਸੰਗਤ' ਤੇ 'ਗੁਰੂ ਸਾਹਿਬ' ਨੂੰ ਮੰਨਿਆ ਗਿਆ ਹੈ। ਭਾਈ ਗੁਰਦਾਸ ਜੀ ਸਿੱਖ, ਸੰਗਤ ਅਤੇ ਗੁਰੂ ਦੇ ਆਪਸੀ ਰਿਸ਼ਤੇ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ:

ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ।
ਨਉ ਅੰਗ ਨੀਲ ਅਨੀਲ ਸੁੰਨ ਅਵਤਾਰ ਮਹੇਸਰੁ।
ਵੀਹ ਇਕੀਹ ਅਸੰਖ ਸੰਖ ਮੁਕਤੈ ਮੁਕਤੇਸਰੁ।
ਨਗਰਿ ਨਗਰਿ ਮੈ ਸਹੰਸ ਸਿਖ ਦੇਸ ਦੇਸ ਲਖੇਸਰੁ।
ਇਕ ਦੂੰ ਬਿਰਖਹੁ ਲਖ ਫਲ ਫਲ ਬੀਅ ਲੋਮੇਸਰੁ।
ਭੋਗ ਭੁਗਤਿ ਰਾਜੇਸੁਰਾ ਜੋਗ ਜੁਗਤਿ ਜੋਗੇਸਰੁ॥[388]

ਜਿਹੋ ਜਿਹਾ ਰਿਸ਼ਤਾ ਕਿਸੇ ਵਿਅਕਤੀ ਵਿਸ਼ੇਸ਼ ਦਾ ਆਪਣੇ ਸਮਾਜ ਨਾਲ ਹੁੰਦਾ ਹੈ, ਅਜਿਹਾ ਹੀ ਸੰਬੰਧ ਗੁਰਸਿੱਖ ਦਾ ਸੰਗਤ ਨਾਲ ਹੁੰਦਾ ਹੈ। ਗੁਰਸਿੱਖ ਵਾਸਤੇ ਸੰਗਤ ਦੀ ਓਟ ਮਿਲ ਜਾਣਾ ਲੋਕ-ਪਰਲੋਕ ਵਿਚ ਸਹਾਈ ਹੁੰਦਾ ਹੈ:

ਗੁਰਸਿਖ ਸੰਗਤ ਮਿਲਾਪ ਕੋ ਪ੍ਰਤਾਪ ਸਾਚੋ,
ਲੋਕ ਪ੍ਰਲੋਕ ਸੁਖਦਾਈ ਓਤਪੋਤ ਹੈ॥[389]

ਭਾਈ ਗੁਰਦਾਸ ਜੀ ਸੰਗਤ ਨੂੰ ਇਸ ਦੇ ਵੱਖੋ-ਵੱਖਰੇ ਰੂਪਾਂ ਜਿਵੇਂ ਸਾਧ ਸੰਗਤ, ਗੁਰ ਸੰਗਤ, ਸਤਿ ਸੰਗਤ, ਗੁਰਮਤਿ ਪੰਥ, ਗੁਰ ਸਭਾ ਆਦਿ ਨਾਵਾਂ ਨਾਲ ਬਿਆਨ ਕਰਦੇ ਹੋਏ ਦਸਦੇ ਹਨ ਕਿ ਸੰਗਤ ਓਹੀ ਹੈ ਜੋ ਗੁਰੂ ਦੀ ਆਗਿਆ ਅਨੁਸਾਰ ਹੋਵੇ, ਗੁਰੂ ਸਿੱਖਿਆ ਤੇ ਅਮਲ ਕਰਨ ਵਾਲੀ ਹੋਵੇ ਅਤੇ ਅਜਿਹੀ ਸਭਾ ਜੋ ਗੁਰੂ ਦੁਆਲੇ ਹੀ ਕੇਂਦਰਿਤ ਹੋਵੇ। ਸਿੱਖ ਧਰਮ ਵਿਚ ਸੰਗਤ ਨੂੰ ਵਿਸ਼ੇਸ਼ ਰੁਤਬਾ ਪ੍ਰਾਪਤ ਹੈ। ਮਹਾਨ ਕੋਸ਼

---

[388] ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਪੰਨਾ 146

[389] ਓਅੰਕਾਰ ਸਿੰਘ, ਕਬਿੱਤ ਸਵੈਯੇ ਭਾਈ ਗੁਰਦਾਸ (ਅਨੁਕ੍ਰਮਣਿਕਾ ਤੇ ਕੋਸ਼), ਪੰਨਾ 40

ਅਨੁਸਾਰ 'ਸੰਗਤ' ਸ਼ਬਦ ਦੇ ਅਰਥ "ਸਭਾ. ਮਜਲਿਸ। ਸੰਬੰਧ. ਰਿਸ਼ਤਾ. ਨਾਤਾ। ਗੁਰੁਸਿੱਖਾਂ ਦੇ ਜਮਾ ਹੋਣ ਦੀ ਥਾਂ ਹਨ।"[390]

ਕਵੀ ਕੁਇਰ ਸਿੰਘ ਨੇ ਨਾ ਸਿਰਫ਼ ਸਤਿਸੰਗ ਦੀ ਵਡਿਆਈ ਹੀ ਕੀਤੀ ਹੈ, ਸਗੋਂ ਸਿੱਖ ਲਈ ਸਤਿਸੰਗ ਕਰਨਾ ਲਾਜ਼ਮੀ ਦੱਸਿਆ ਹੈ:

ਦਿਜੈ ਦਾਨ ਭੂਖੈ ਲਹੋ ਜਾਇ ਪਜਾਰੇ। ਦਿਵਾਨੰ ਲਗਾਵੈ, ਸੁਨੇ ਸਬਦ ਸਾਰੇ।
ਗੁਰੂ ਗ੍ਰੰਥ ਜਾਨੋ ਸਦਾ ਅੰਗ ਸੰਗੰ। ਸੁਨੋ ਗਾਥ ਪੁਰਾਨ ਕੀ ਚੀਤ ਰੰਗੰ॥
ਜਹਾਂ ਧਰਮਸਾਲਾ ਤਹਾਂ ਨੀਤ ਜੈਯੈ। ਗੁਰੂ ਦਰਸ ਕੀਜੈ ਮਹਾਂ ਸੁਖ ਪੈਯੈ।[391]

ਗੁਰੂ ਸਾਹਿਬ ਵੱਲੋਂ ਚਲਾਇਆ ਸੰਗਤ ਪ੍ਰਬੰਧ ਰੂਹਾਨੀ ਅਤੇ ਸੰਸਾਰਕ ਦੋਹਾਂ ਪੱਖਾਂ ਦੀ ਮੁਕਤੀ ਲਈ ਮੱਦਦਗਾਰ ਹੈ। ਜਦੋਂ ਮਨੁੱਖ ਸੱਚਖੰਡ ਰੂਪੀ ਗੁਰੂ ਦੀ ਸੰਗਤ ਵਿਚ ਚਲਾ ਜਾਂਦਾ ਹੈ ਤਾਂ ਪ੍ਰਭੂ ਦੇ ਨਾਮ ਵਿਚ ਭਿੱਜੀ ਗੁਰਸਿੱਖਾਂ ਦੀ ਸੰਗਤ ਨਾਲ ਪ੍ਰੀਤ ਪਾਉਣ ਨਾਲ ਉਸਦਾ ਆਤਮਿਕ ਸੁੱਖ ਰੋਜ ਵਧਦਾ ਜਾਂਦਾ ਹੈ:

ਸੱਚਖੰਡ ਸੰਗਤ ਮੈ ਜਾਵੈ। ਤੌਂ ਲਖ ਨੇਤੈ ਨੇਤ ਬਤਾਵੈ।
ਨਾਮ ਦਾਨ ਸੰਗ ਕਰੈ ਜੁ ਪ੍ਰੀਤਾ। ਪਾਵੈ ਪ੍ਰਬਲ ਅਧਿਕ ਸੁਖ ਨੀਤਾ॥[392]

ਕੁਇਰ ਸਿੰਘ ਨੇ ਗੁਰੂ ਸਾਹਿਬ ਦੇ ਪਰਉਪਕਾਰੀ ਕਾਰਜ ਵਿਚ ਸੰਗਤ ਦੀ ਸਰਗਰਮ ਸ਼ਮੂਲੀਅਤ ਦਾ ਬਹੁਤ ਥਾਂ ਜ਼ਿਕਰ ਕੀਤਾ ਹੈ। ਵੱਖ-ਵੱਖ ਨਗਰਾਂ ਦੀ ਸੰਗਤ ਨਾ ਸਿਰਫ਼ ਯੁੱਧ ਸਮੇਂ ਹੀ ਗੁਰੂ ਜੀ ਦਾ ਸਹਿਯੋਗ ਕਰਦੀ ਹੈ ਸਗੋਂ ਹਰ ਵੇਲੇ ਗੁਰੂ ਦੇ ਹੁਕਮ ਅਤੇ ਸੇਵਾ ਦਾ ਮੌਕਾ ਪ੍ਰਾਪਤ ਕਰਨ ਲਈ ਤਤਪਰ ਰਹਿੰਦੀ ਸੀ। ਕੁਇਰ ਸਿੰਘ ਅਨੁਸਾਰ ਛੋਟੇ ਸਾਹਿਬਜਾਦੇ ਅਤੇ ਮਾਤਾ ਗੁਜਰੀ ਜੀ ਦੀ ਗ੍ਰਿਫਤਾਰੀ ਹੋਣ 'ਤੇ ਸਰਹੰਦ ਨਗਰ ਦੀ ਸੰਗਤ ਨੇ ਗੁਰੂ ਪਰਿਵਾਰ ਦੀ ਸਹਾਇਤਾ ਲਈ ਵਿਉਂਤ ਬਣਾਈ ਪਰ ਸੁੱਚਾ ਨੰਦ ਪੁਰੀ ਨੇ ਇਹ ਸਫਲ ਨਾ ਹੋਣ ਦਿੱਤੀ:

---

[390] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 240

[391] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 130

[392] ਉਹੀ, ਪੰਨਾ 18

ਸੀਰੰਦ ਕੀ ਸੰਗਤਿ ਸਬੈ, ਮਨ ਮੈ ਕਰਤ ਬੀਚਾਰ।

"ਤੋਲ ਸੁ ਇਨ ਕਰ ਦੀਜੀਐ ਕਨਕ ਯਾਹਿ ਨਿਰਧਾਰ॥

ਏਕ ਸਿੱਖ ਤਬ ਯੌਂ ਕਹੀ, ''ਸ੍ਵਰਨ ਲੇਹਿਗੇ ਲੂਟ।

ਹੋਵਗ ਸੋ ਗੁਰ ਨੇ ਠਟੀ, ਹਮਰੀ ਕਹਾ ਪਹਚ''॥

ਸੰਗਤਿ ਜਬੈ ਦਰਸ ਕੋ ਜਾਵੈ। ਪੁਰੀ ਸੁ ਚੁਗਲੀ ਜਾਇ ਸੁਨਾਵੈ।

ਸਰਬ ਮਹਾਜਨ ਭਏ ਇਕਤ੍ਰ। ਲਿਖੈ ਸ ਦਿੱਲੀ ਸ਼ਾਹ ਪੈ ਉਤ੍ਰ॥[393]

ਗੁਰੂ ਗੋਬਿੰਦ ਸਿੰਘ ਵੱਲੋਂ ਦਇਆ ਸਿੰਘ ਹੱਥੀਂ ਔਰੰਗਜ਼ੇਬ ਨੂੰ ਜ਼ਫਰਨਾਮਾ ਭੇਜਣ ਦੀ ਸਾਖੀ ਵਿਚ ਵੱਖ-ਵੱਖ ਪਿੰਡਾਂ ਅਤੇ ਨਗਰਾਂ ਦੀ ਸੰਗਤ ਵੱਲੋਂ ਪਾਏ ਯੋਗਦਾਨ ਦਾ ਹਵਾਲਾ ਪ੍ਰਾਪਤ ਹੁੰਦਾ ਹੈ। ਕਵੀ ਦਸਦਾ ਹੈ ਕਿ ਦਯਾ ਸਿੰਘ ਦੇ ਆਉਣ ਦੀ ਖ਼ਬਰ ਸੁਣ ਕੇ ਦਿੱਲੀ ਦੀ ਸੰਗਤ ਇਕੱਠੀ ਹੋ ਕੇ ਸੇਵਾ ਵਿਚ ਹਾਜ਼ਰ ਹੋਈ:

ਅਹਿਦੀ ਭੇਸ ਕਰ ਸਿੰਘ ਸਿਧਾਯੋ। ਲੇਤ ਬਿਗਾਰ ਗਾਂਵ ਸਰ ਆਯੋ।

ਦਿੱਲੀ ਸਹਰ ਪਹੂਚਯੋ ਆਈ। ਕਿਤਕ ਕਾਲ ਇਹ ਭਾਂਤਿ ਬਿਤਾਈ॥

ਦਿੱਲੀ ਦਯਾ ਸਿੰਘ ਜੋ ਆਯਸ। ਸੁਨ ਸਬ ਖਬਰ ਖਾਲਸੇ ਪਾਇਸ।

ਕਰਯੋ ਜੋੜ ਸੰਗਤ ਮੈ ਜਾਈ। ਸਰਬ ਖਬਰ ਸਤਿਗੁਰ ਕੀ ਪਾਈ॥[394]

ਜ਼ਫਰਨਾਮੇ ਵਾਲੀ ਸਾਖੀ ਦੇ ਪ੍ਰਸੰਗ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਉੱਤਰ ਭਾਰਤ ਦੇ ਬਹੁਤੇ ਪਿੰਡ ਅਤੇ ਸ਼ਹਿਰ ਸੰਗਤ ਪ੍ਰਬੰਧ ਨਾਲ ਜੁੜੇ ਹੋਏ ਸਨ। ਸਰਕਾਰੀ ਅਹਿਦੀਆਂ ਤੇ ਫੁਰਮਾਨਾਂ ਤੋਂ ਉਲਟ ਗੁਰੂ ਸਾਹਿਬ ਦੇ ਸੁਨੇਹਿਆਂ ਤੇ ਹੁਕਮਾਂ ਨੂੰ ਲੋਕ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਪ੍ਰਵਾਨ ਕਰਦੇ ਸਨ:

---

[393] ਉਹੀ, ਪੰਨਾ 213

[394] ਉਹੀ, ਪੰਨਾ 221

ਮਿਲੀ ਸਾਧ ਸੰਗਤ ਬਡੋ ਸੂਖ ਪਾਯੋ। ਹੁਕਮ ਕਾਢ ਕੈ ਤਾਹਿ ਸੰਗਤ ਬਚਾਯੋ।

ਲਏ ਦਾਮ ਜੇਤੇ ਲਿਖੈ ਤਾਹਿ ਨਾਮੰ। ਚਲ੍ਯੋ ਕੂਚ ਕੈ ਕੈ ਕੀਯੋ ਨਾਹਿ ਕਾਮੰ॥[395]

ਕੁਇਰ ਸਿੰਘ ਅਨੁਸਾਰ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਨੂੰ ਆਪਣਾ ਰੂਪ ਦੱਸਿਆ ਹੈ:

ਸਰਬ ਸੰਗਤਿ ਰੂਪ ਮੇਰੋ, ਜੋ ਆਬੈ ਨ ਕਮਾਵਹੀ॥[396]

ਰਤਨ ਸਿੰਘ ਭੰਗੂ ਗੁਰੂ ਨਾਨਕ ਸਾਹਿਬ ਦੀ ਪੂਰਬ ਦੀ ਉਦਾਸੀ ਬਾਰੇ ਦਸਦਾ ਹੈ ਕਿ ਗੁਰੂ ਸਾਹਿਬ ਨੇ ਕੁਰਾਹੇ ਪਏ ਤੇ ਭੁੱਲੜ ਲੋਕਾਂ ਨੂੰ ਸਿੱਧਾ ਰਾਹ ਪਾਉਣ ਲਈ ਉਹਨਾਂ ਨੂੰ ਸੰਗਤ ਦੇ ਰੂਪ ਵਿਚ ਨਾਮ ਤੇ ਸ਼ਬਦ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਜਿੱਥੇ ਸਿੱਖ ਇਕੱਠੇ ਹੋ ਕੇ ਨਾਮ ਜਪਦੇ ਹਨ ਉਹ ਸੰਗਤ ਬਣ ਜਾਂਦੀ ਹੈ ਜਿਸਨੂੰ ਭਗਵਾਨ ਦਾ ਰੂਪ ਜਾਣਨਾ ਹੈ:

ਸਬਦ ਸਾਖੀ ਸਚ ਦੀਨੇ ਲਾਇ। ਧਰਮਸਾਲ ਦਈ ਬਹੁ ਥਾਂ ਪਾਇ॥

ਸਿੱਖ ਸੰਗਤ ਕੋ ਜੋੜ ਕਰਾਵੈਂ। ਸੱਤਿਨਾਮੁ ਕੋ ਜਾਪ ਜਪਾਵੈਂ।

ਔਰ ਖੁਲਾਇਕੈ ਪਿੱਛੇ ਖਾਇਂ। ਦਯਾ ਧਰਮ ਇਤ ਲਾਏ ਰਾਹਿ॥

ਧੰਨਿ ਧੰਨਿ ਕਹੈ ਬਾਬੇ ਕੋ ਓਈ। ਵਾਹਿ ਵਾਹਿ ਗੁਰ ਆਖੈ ਤੇਈ।

'ਹਮ ਕੋ ਕੂੜੋ ਦੀਓ ਹਟਵਾਇ। ਸਤਿ ਸਬਦ ਹਮ ਦੀਨੇ ਲਾਇ'॥

ਦੇਸ ਬੰਗਾਲੈ ਔ ਕਾਵਰੂ ਦੇਸ। ਲੰਘ ਗਏ ਰਾਜ ਤ੍ਰਿਯਾ ਦੇਸ।

ਸ਼ਿਵਨਾਭ ਦੇਸ ਕੋਊ ਰਾਜਾ ਕਹੇ। ਤਿਹ ਜਾ ਸਤਿਗੁਰ ਸਿਖ ਬਨਵਏ॥

ਉਸੀ ਦੇਸ ਬਾਬਾ ਗਯੋ ਜਿਹ ਬਹੁਤੇ ਬੇਈਮਾਨ।

ਤੇ ਸਿਖ ਭਏ ਸੰਗਤ ਬਣੀ ਜਾਨ ਲਯੋ ਭਗਵਾਨ॥[397]

---

395 ਉਹੀ, ਪੰਨਾ 207

396 ਉਹੀ, ਪੰਨਾ 286

397 ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨੇ 12-13

ਰਤਨ ਸਿੰਘ ਦਸਦਾ ਹੈ ਕਿ ਸੰਗਤ ਗੁਰਸਿੱਖ ਨੂੰ ਗੁਰੂਡੰਮ ਤੋਂ ਬਚਾ ਕੇ ਇਕ ਅਕਾਲ ਪੁਰਖ ਨਾਲ ਜੋੜਦੀ ਹੈ। ਰਚਨਾਕਾਰ ਇਸ ਦੀ ਉਦਾਹਰਨ ਮਿਹਰ ਸਿੰਘ ਭੁਝੰਗੀ ਦੀ ਸਾਖੀ ਦੇ ਹਵਾਲੇ ਨਾਲ ਦਸਦਾ ਹੈ:

ਕਰੈ ਅਰਦਾਸ ਬਾਣੀ ਨਿਤ ਪੜੇ। ਰਹੈ ਸੁਚੇਤ ਨ ਕਿਸ ਤੇ ਡਰੇ॥

ਜਹਿੰ ਸੰਗਤ ਸੁਨੈ ਗੁਰ ਦਸਮ ਕੀ ਤਹਿੰ ਡੇਰਾ ਲਾਇ ਸੁ ਜਾਇ।

ਰਮਰਈਅਨ, ਗੰਗਾਈ, ਕੁੜੀ ਘੁਟ, ਮੀਣੈ ਮਸੰਦ ਖਝਾਇ॥[398]

ਇਸ ਤਰ੍ਹਾਂ ਦੀ ਇਕ ਹੋਰ ਉਦਾਹਰਨ ਦੇ ਕੇ ਰਤਨ ਸਿੰਘ ਦਸਦਾ ਹੈ ਕਿ ਜੱਸਾ ਸਿੰਘ ਦੀ ਮਾਤਾ ਸੰਗਤ ਕਰਨ ਵਾਲੀ ਭਜਨੀਕ ਰੂਹ ਸੀ:

ਜਹਿ ਸਿਖ ਸੰਗਤ ਹੋਵੈ ਜੋੜ। ਜੋ ਸੱਦੈ ਤਿਸ ਕਰੈ ਨ ਮੋੜ।

ਰਾਤ ਦਿਨਸ ਕਰ ਜਾਵੈ ਤਾਂਹਿ। ਕਰ ਚੌਂਕੀ ਦੇ ਸ਼ਬਦ ਸੁਣਾਇ॥

ਹਰ ਮੇਲੇ ਜਾਵੈ ਗੁਰਦ੍ਵਾਰ। ਖੁੰਝੈ ਨਹੀਂ ਵਹਿ ਗੁਰ ਕੀ ਕਾਰ।

ਜਹਾਂ ਖਾਲਸੋ ਲਾਇ ਦੀਵਾਨ। ਜਾਇ ਕਰੈ ਸ਼ਬਦ ਚੌਂਕੀ ਗਾਨ॥[399]

ਸੰਗਤ ਤੇ ਨਾਮ ਬਾਣੀ ਦਾ ਪ੍ਰਤਾਪ ਹੀ ਸੀ ਕਿ ਉਸ ਦਾ ਪੁੱਤਰ ਜੱਸਾ ਸਿੰਘ ਗੁਰੂ ਦੀ ਸਿੱਖਿਆ ਤੇ ਚੱਲਣ ਵਾਲਾ ਮਹਾਨ ਗਰੁਸਿੱਖ ਤੇ ਸੂਰਬੀਰ ਯੋਧਾ ਬਣਿਆ:

ਰਤਨ ਸਿੰਘ ਸੰਗਤ ਨੂੰ ਗੁਰੂ ਰੂਪ ਮੰਨਦਾ ਹੋਇਆ ਗੁਰੂ ਤੇ ਸੰਗਤ ਨੂੰ ਅਭੇਦ ਦਸਦਾ ਹੈ:

ਗੁਰ ਸੰਗਤਿ ਸੰਗਤ ਗੁਰ ਆਹੀ। ਗੁਰ ਸੰਗਤ ਮੇਂ ਭੇਦ ਕਛੂ ਨਾਂਹੀ॥[400]

ਇਸ ਤਰ੍ਹਾਂ ਕੁਇਰ ਸਿੰਘ ਤੇ ਰਤਨ ਸਿੰਘ ਨੇ ਸੰਗਤ ਦਾ ਜੋ ਰੂਪ ਪੇਸ਼ ਕੀਤਾ ਹੈ ਉਹ ਸਿਰਫ਼ ਪੂਜਾ-ਪਾਠ ਤੱਕ ਸੀਮਤ ਨਹੀਂ ਹੈ। ਛੇਵੇਂ ਪਾਤਸ਼ਾਹ ਵੱਲੋਂ ਦੱਸੇ ਗਏ ਮੀਰੀ-ਪੀਰੀ ਦੇ ਅਮਲ ਦਾ ਧਾਰਨੀ ਵੀ ਹੈ।

ਗੁਰੂ ਅਮਰਦਾਸ ਜੀ ਵੱਲੋਂ ਚਲਾਈ ਗਈ 'ਮੰਜੀ ਪ੍ਰਥਾ' ਸੰਸਥਾਗਤ ਰੂਪ ਦੀ ਧਾਰਨੀ ਹੋ ਕੇ ਗੁਰੂ

---

398 ਉਹੀ, ਪੰਨਾ 139

399 ਉਹੀ, ਪੰਨਾ 172

400 ਉਹੀ, ਪੰਨਾ 176

ਗੋਬਿੰਦ ਸਿੰਘ ਦੇ ਸਮੇਂ ਤੱਕ ਇਕ ਕੌਮੀ ਤੇ ਪੰਥ ਦਾ ਰੂਪ ਧਾਰਨ ਕਰ ਚੁੱਕਿਆ ਸੀ ਜਿਸ ਨੇ ਗੁਰੂ ਸਾਹਿਬ ਤੋਂ ਬਾਅਦ ਚੱਲੇ ਸੰਘਰਸ਼ਾਂ ਵਿਚ ਵੱਖ-ਵੱਖ ਰੂਪਾਂ ਨਾਲ ਆਪਣਾ ਯੋਗਦਾਨ ਪਾਇਆ।

### 3.8. ਨਾਮ

ਮਹਾਨਕੋਸ਼ ਅਨੁਸਾਰ 'ਨਾਮ' ਤੋਂ ਭਾਵ ਹੈ "ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ। ਜਿਸ ਕਰਕੇ ਅਰਥ ਜਾਣਿਆ ਜਾਵੇ, ਸੋ ਨਾਮ ਹੈ। ਨਾਮ ਦੇ ਮੁਖ ਭੇਦ ਦੋ ਹਨ-ਇਕ ਵਸਤੂ ਵਾਚਕ ਅਤੇ ਦੂਜਾ ਭਾਵ ਵਾਚਕ। ਗੁਰਬਾਣੀ ਵਿਚ 'ਨਾਮ' ਕਰਤਾਰ ਅਤੇ ਉਸ ਦਾ ਹੁਕਮ ਬੋਧਕ ਸ਼ਬਦ ਭੀ ਹੈ। ਸੰ. ਨਾਮ ਵਜ-ਅੰਗੀਕਾਰ, ਸਮਰਣ, ਚੇਤਾ, ਪ੍ਰਸਿਧੀ ਅਤੇ ਮਸ਼ਹੂਰੀ ਹੈ।"[401] ਉਪਰੋਕਤ ਹਵਾਲੇ ਦੀ ਸਹਾਇਤਾ ਨਾਲ ਗੁਰਮਤਿ ਵਿਚ 'ਨਾਮ' ਦੇ ਅਰਥ ਨੂੰ ਸਮਝਿਆ ਜਾ ਸਕਦਾ ਹੈ। ਗੁਰਮਤਿ ਵਿਚ 'ਨਾਮ' 'ਅਕਾਲ ਪੁਰਖ' ਦਾ ਵਾਚਕ ਹੈ ਕਿਉਂਕਿ ਉਸੇ ਦੀ ਹਸਤੀ ਅਤੇ ਗੁਣ ਸੱਚੇ ਹਨ।

ਭਾਵੇਂ 'ਅਕਾਲ ਪੁਰਖ' ਦਾ ਕੋਈ ਵਿਸ਼ੇਸ਼ ਨਾਂ ਨਹੀਂ ਹੈ ਪਰ ਉਸ ਦੀ ਸੱਤਾ ਹੀ ਉਸ ਨੂੰ ਪ੍ਰਗਟ ਕਰਦੀ ਹੈ। ਇਸ ਕਰਕੇ ਉਸ ਦਾ ਹੁਕਮ ਵੀ 'ਨਾਮ' ਹੈ। ਗੁਰਮਤਿ ਵਿਚ 'ਅਕਾਲ ਪੁਰਖ' ਨੂੰ ਯਾਦ ਕਰਨ ਅਤੇ ਉਸ ਦੇ ਗੁਣ ਗਾਉਣ ਨੂੰ ਨਾਮ-ਅਭਿਆਸ ਮੰਨਿਆ ਗਿਆ ਹੈ। ਮਹਾਨ ਕੋਸ਼ ਅਨੁਸਾਰ "ਨਾਮੀ ਵਿਚ ਪ੍ਰੇਮ ਕਰਕੇ ਉਸ ਦੇ ਨਾਮ ਦੇ ਤਾਤਪਰਯ ਨੂੰ ਚਿੰਤਨ ਕਰਦੇ ਹੋਏ ਚਿੱਤ-ਬਿਰਤੀ ਨੂੰ ਬਾਰ-ਬਾਰ ਜੋੜਨ ਦਾ ਅਭਯਾਸ ਕਰਨਾ ਨਾਮ-ਅਭਯਾਸ ਹੈ।"[402] ਦੁਨਿਆਵੀ ਨਾਂ ਦਾ ਸਤਿਕਾਰ ਅਤੇ ਸੱਤਾ ਉਸ ਸ਼ਖਸ ਦੀ ਸੱਤਾ ਅਤੇ ਸਤਿਕਾਰ ਦਾ ਸੂਚਕ ਹੁੰਦਾ ਹੈ। ਇਸੇ ਤਰ੍ਹਾਂ ਧਾਰਮਿਕ ਜਗਤ ਵਿਚ 'ਨਾਮ' ਦੀ ਸੱਤਾ ਅਤੇ ਵਡਿਆਈ ਅਕਾਲ ਪੁਰਖ ਵਾਂਗ ਅਤੁਲ ਮੰਨੀ ਗਈ ਹੈ। ਰਤਨ ਸਿੰਘ ਜੱਗੀ ਅਨੁਸਾਰ "ਪੰਜਾਬ ਦੇ ਧਰਮ-ਸਾਧਕ ਗੁਰੂਆਂ ਨੇ ਮੱਧ-ਯੁਗ ਦੇ ਹੋਰਨਾਂ ਸੰਤਾਂ ਨਾਲੋਂ ਨਾਮ ਸਾਧਨਾ ਉੱਤੇ ਅਧਿਕ ਬਲ ਦਿੱਤਾ ਹੈ। ਪਰ ਇਹਨਾਂ ਦੇ ਅਨੇਕ ਕਥਨਾਂ ਦੇ ਆਧਾਰ 'ਤੇ ਕੇਵਲ ਇਤਨਾ ਕਿਹਾ ਜਾ ਸਕਦਾ ਹੈ ਕਿ ਨਾਮ ਸਰਬ-ਵਿਆਪਕ ਸ਼ਕਤੀ ਦਾ ਸੂਚਕ ਹੈ ਅਤੇ

---

[401] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 697

[402] ਉਹੀ, ਪੰਨਾ 697

ਪਰਮ-ਤਤ੍ਵ ਦੀਆਂ ਸੰਪੂਰਨ ਸਮਰਥਤਾਵਾਂ ਦਾ ਘਣੀਭੂਤ ਰੂਪ ਹੈ। ਇਹ ਨਾਮੀ ਦਾ ਪ੍ਰਤੀਕ ਹੈ। ਇਹ ਦੋਵੇਂ ਅਭਿੰਨ ਹਨ।"[403]

ਕਵੀ ਕੁਇਰ ਸਿੰਘ ਨੇ ਆਪਣੀ ਰਚਨਾ ਵਿਚ ਗੁਰੂ ਦੇ ਪਗਟ ਬਿਲਾਸ (ਚਰਿਤ) ਨੂੰ ਹੀ ਮੁੱਖ ਰੂਪ ਵਿਚ ਪੇਸ਼ ਕੀਤਾ ਹੈ। ਸੰਖੇਪ ਹੋਣ ਦੇ ਬਾਵਜੂਦ ਗੁਰਬਿਲਾਸ ਰਚਨਾ ਵਿਚ 'ਨਾਮ' ਸੰਬੰਧੀ ਜਿੰਨੀ ਚਰਚਾ ਹੋਈ ਹੈ ਉਹ ਪੂਰਨ ਤੌਰ 'ਤੇ ਗੁਰਮਤਿ ਦੀ ਅਨੁਸਾਰੀ ਸਾਬਤ ਹੁੰਦੀ ਹੈ।

ਕਵੀ ਕੁਇਰ ਸਿੰਘ ਨੇ 'ਨਾਮ' ਨੂੰ ਸਿੱਖੀ ਦੇ ਜ਼ਰੂਰੀ ਅੰਗ ਵਜੋਂ ਪ੍ਰਵਾਨ ਕੀਤਾ ਹੈ। ਕਵੀ ਨੇ ਨਾਮ ਨੂੰ ਹੰਕਾਰ ਦੇ ਵਿਰੋਧੀ ਤੱਤ ਵਜੋਂ ਪੇਸ਼ ਕੀਤਾ ਹੈ। ਕਵੀ ਅਨੁਸਾਰ ਸੰਸਾਰਕ ਮਾਇਆ ਵਿਚ ਫਸਿਆ ਮਨੁੱਖ ਹੰਕਾਰ ਦਾ ਧਾਰਨੀ ਹੁੰਦਾ ਹੈ। ਦੂਜੇ ਪਾਸੇ ਮਾਇਆ ਨੂੰ ਅਸਥਿਰ ਅਤੇ 'ਅਕਾਲ ਪੁਰਖ' ਨੂੰ ਸੱਚ ਮੰਨਣ ਵਾਲਾ ਮਨੁੱਖ 'ਨਾਮ' ਦਾ ਧਾਰਨੀ ਹੁੰਦਾ ਹੈ। ਕੁਇਰ ਸਿੰਘ ਔਰੰਗਜ਼ੇਬ ਦੇ ਹੰਕਾਰ ਅਤੇ ਗੁਰੂ ਦੇ ਹਰਿ-ਨਾਮ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ:

ਬਿਧ ਸੰਭੁ ਨ ਜਾਨ ਸਕੇ ਗਤਿ ਜਾਹ ਕੀ, ਔਰ ਪਿਕੰਬਰ ਕੇ ਗਨ ਯਾਰੀ।
ਤਾਹਿ ਕੁਟੰਬ ਜਰਾ ਅਤਿ ਹੰਕ੍ਰਿਤ ਸੰਤ ਸਦਾ ਹਰਿ ਨਾਮ ਉਚਾਰੀ।[404]

ਅਸਲ ਵਿਚ ਵਾਹਿਗੁਰੂ ਅਤੇ ਸਤਿਨਾਮ ਦੋਵੇਂ ਸ਼ਬਦ ਅਕਾਲ ਪੁਰਖ ਦੀ ਅਸਚਰਜ ਅਤੇ ਸੱਚੀ ਹੋਂਦ-ਹਸਤੀ ਨੂੰ ਯਾਦ ਕਰਵਾਉਂਦੇ ਹਨ। ਭਾਈ ਗੁਰਦਾਸ ਜੀ ਨੇ ਇਹਨਾਂ ਦੋਹਾਂ ਸ਼ਬਦਾਂ ਨੂੰ ਗੁਰਮੰਤ੍ਰ ਦੱਸਿਆ ਹੈ:

ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ॥[405]

ਅਤੇ

[403] ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 170

[404] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 52

[405] ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਪੰਨਾ 139

ਕਲਿਜੁਗੁ ਬਾਬੇ ਤਾਰਿਆ ਸਤਿ ਨਾਮੁ ਪੜ੍ਹਿ ਮੰਤ੍ਰ ਸੁਣਾਇਆ॥[406]

ਗੁਰੂ ਗੋਬਿੰਦ ਸਿੰਘ ਜੀ ਅਤੇ ਸੰਗਤ ਵੱਲੋਂ ਨਾਂਦੇੜ ਵਿਖੇ ਅੰਮ੍ਰਿਤ ਵੇਲੇ ਕੀਤੇ ਜਾਂਦੇ 'ਨਾਮ ਸਿਮਰਨ' ਬਾਰੇ ਕਵੀ ਦਾ ਕਥਨ ਹੈ:

ਸਵਾ ਜਾਮ ਸੁ ਰਾਤ ਗਈ ਬਿਧਿ ਯਾਹਿ ਸੁ, ਵਾਹਿਗੁਰੂ ਮੁਖ ਜਾਪੁਚਰੇਹੀ॥[407]

ਰੂਹਾਨੀ ਸੰਸਾਰ ਦੀ ਸਭ ਤੋਂ ਮਹੱਤਵਪੂਰਨ ਦਾਤ 'ਨਾਮ' ਹੈ। ਇਸ ਦੀ ਪ੍ਰਾਪਤੀ ਹੀ ਮਨੁੱਖ ਦਾ ਮਨੋਰਥ ਹੈ। 'ਨਾਮ' ਦੀ ਪ੍ਰਾਪਤੀ ਕਿੱਥੋਂ ਹੋਵੇ? ਕੁਇਰ ਸਿੰਘ ਅਨੁਸਾਰ 'ਨਾਮ' ਦਾ ਵਸੀਲਾ ਗੁਰੂ ਹੈ ਜਿਸ ਦਾ ਮੇਲ ਵੱਡੇ ਭਾਗਾਂ ਨਾਲ ਹੁੰਦਾ ਹੈ:

ਜੇ ਪਰਮੇਸਰ ਕਰੁਨਾ ਧਾਰੈ। ਕਾਮਲ ਮੁਰਸਦ ਮਿਲੈ ਪਿਆਰੈ॥

ਤਾ ਕੀ ਸੁਹਬਤ ਜਾ ਕੋ ਹੋਵੈ। ਤਨ ਕੇ ਕਸਮਲ ਸਗਲੇ ਖੋਵੈ।[408]

ਗੁਰੂ ਜੀ ਨੇ ਦਰਸ਼ਨ ਲਈ ਆਏ ਪੀਰ, ਦਿਵਾਨ ਅਤੇ ਕਾਜ਼ੀ ਦੇ ਜਗਿਆਸਾ ਤੇ ਬੰਦਗੀ (ਨਾਮ) ਸੰਬੰਧੀ ਸ਼ੰਕੇ ਦੂਰ ਕੀਤੇ। ਪੀਰ ਨੇ ਗੁਰੂ ਜੀ ਨੂੰ ਸਵਾਲ ਕੀਤਾ ਕਿਹੜੀ ਬੰਦਗੀ ਮਨੁੱਖ ਦੇ ਹਿਰਦੇ ਨੂੰ ਨਿਰਮਲ ਕਰ ਸਕਦੀ ਹੈ:

ਪੁਨਿ ਕਾਜੀ ਜੂ ਬੋਲਤ ਭਯੋ। ਇਹ ਬਿਧਿ ਸੋ ਪ੍ਰਸਨ ਤਿਨ ਕਿਯੋ।

''ਸਾਹਿਬ ਹੈ ਫੁਰਮਾਯਾ ਯਹੀ। ਬੰਦਾ ਕਰੈ ਬੰਦਗੀ ਸਹੀ॥

ਸੋ ਵਹਿ ਕੌਨ ਬੰਦਗੀ ਹੋਈ। ਜਾ ਕੋ ਕਰੈ ਜੀਵ ਵਹਿ ਸੋਈ।''

ਹੁਕਮ ਹੋਆ, ''ਕਾਜੀ, ਸੁਨ ਤੈਸੇ। ਬੰਦਾ ਕਰੈ ਬੰਦਗੀ ਜੈਸੇ॥

ਪ੍ਰਥਮੈ ਪਾਕ ਗੁਨਾਹ ਤੇ ਇਹ ਨਿਜ ਹੋਵਈ।

ਕਾਮ ਕ੍ਰੋਧ ਇਤਜਾਦਿ ਮੈਲ ਇਹੁ ਧੋਵਈ।

[406] ਉਹੀ, ਪੰਨਾ 12

[407] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 288

[408] ਉਹੀ, ਪੰਨਾ 264

ਬਹੁਰ ਆਪ ਕੋ ਗੁਨਹਿਗਾਰ ਠਹਿਰਾਯ ਹੈ।

ਸੋ ਯਾਹਿ ਬੰਦਗੀ ਸਾਹਿਬ ਆਪ ਫੁਰਮਾਯ ਹੈ''॥[409]

ਕਾਜ਼ੀ ਦੀ ਗੱਲ ਸੁਣ ਕੇ ਗੁਰੂ ਜੀ ਬੋਲੇ ਕਿ ਬੰਦਾ ਉਹ ਹੀ ਸਹੀ ਹੈ ਜਿਹੜਾ ਪਰਮਾਤਮਾ ਦੀ ਬੰਦਗੀ ਕਰਦਾ ਹੈ ਜਿਸ ਨੂੰ ਕਰਨ ਨਾਲ ਜੀਵ ਦਾ ਉਧਾਰ ਹੁੰਦਾ ਹੈ।

ਕਵੀ ਰਤਨ ਸਿੰਘ ਭੰਗੂ ਅਨੁਸਾਰ ਗੁਰੂ ਸਾਹਿਬ ਨੇ ਬਚਪਨ ਤੋਂ ਹੀ ਬੰਦਗੀ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਜੀ ਆਪ 'ਸਤਿਨਾਮ-ਵਾਹਿਗੁਰੂ' ਦਾ ਜਾਪ ਕਰਦੇ ਅਤੇ ਕੋਈ ਵੀ ਬਚਨ ਕਰਨ ਤੋਂ ਪਹਿਲਾਂ ਕਰਤਾ ਪੁਰਖ ਕਹਿੰਦੇ। ਉਹ ਆਪਣੇ ਨਾਲ ਦੇ ਬੱਚਿਆਂ ਨੂੰ ਵੀ ਇਸੇ ਤਰ੍ਹਾਂ ਸਤਿਨਾਮ ਕਰਤਾ ਪੁਰਖ ਦਾ ਜਾਪ ਕਰਾਉਂਦੇ। ਕਵੀ ਬਿਆਨ ਕਰਦਾ ਹੈ:

ਸਤਿਨਾਮ ਜਪ ਮੁਖ ਤੇ ਕਰੈਂ। ਕਰਤਾ ਪੁਰਖ ਕਹਿ ਬਚਨ ਉਚਰੈਂ।

ਯਹੀ ਉਪਦੇਸ਼ ਸਭ ਬਾਲਨ ਦੇਵੈਂ। ਸਤਿ ਕਰਤਾਰ ਉਨ ਮੁਖੋਂ ਕਹੇਵੈਂ॥[410]

ਇਸ ਤਰ੍ਹਾਂ ਕਵੀ ਨੇ ਪੂਰਬ ਦੀ ਉਦਾਸੀ ਬਾਰੇ ਲਿਖਦਿਆਂ ਦੱਸਿਆ ਕਿ ਗੁਰੂ ਸਾਹਿਬ (ਗੁਰੂ ਨਾਨਕ ਪਾਤਸ਼ਾਹ ਜੀ) ਨੇ ਅਨੇਕਾਂ ਠੱਗਾਂ, ਕੁਰਾਹੀਆਂ ਨੂੰ ਸਿੱਧੇ ਰਾਹ ਪਾਇਆ ਅਤੇ ਸੰਗਤੀ ਰੂਪ ਵਿਚ ਸਤਿਨਾਮ ਵਾਹਿਗੁਰੂ ਦਾ ਜਾਪ ਕਰਨ ਲਈ ਕਿਹਾ:

ਠਗੀ ਤੇ ਦਏ ਠਗ ਹਟਵਾਇ। ਕੁਰਾਹੋਂ ਮੁੜ ਸੁਭ ਰਾਹ ਦੀਏ ਪਾਇ।

ਸਬਦ ਸਾਖੀ ਸਚ ਦੀਨੇ ਲਾਇ। ਧਰਮਸਾਲ ਦਈ ਬਹੁ ਥਾਂ ਪਾਇ॥

ਸਿੱਖ ਸੰਗਤ ਕੋ ਜੋੜ ਕਰਾਵੈਂ। ਸੱਤਿਨਾਮੁ ਕੋ ਜਾਪ ਜਪਾਵੈਂ।[411]

ਰਤਨ ਸਿੰਘ ਭੰਗੂ ਖ਼ਾਲਸਾ ਸਾਜਣਾ ਵਾਲੀ ਸਾਖੀ ਵਿਚ ਦਸਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਸਮੇਂ ਅਕਾਲ ਦਾ ਨਾਮ ਜਪਾਇਆ ਅਤੇ ਗੁਰ ਫ਼ਤਿਹ ਬੁਲਾਈ:

---

[409] ਉਹੀ, ਪੰਨਾ 264

[410] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 8

[411] ਉਹੀ, ਪੰਨਾ 12

ਅਕਾਲ ਅਕਾਲ ਕਰ ਜਾਪ ਜਪਾਈ। ਸ੍ਰੀ ਵਾਹਿਗੁਰੂ ਗੁਰ ਫਤੇਂ ਬੁਲਾਈ।[412]

ਇਸ ਉਪਰੰਤ ਗੁਰੂ ਸਾਹਿਬ ਨੂੰ ਉਹਨਾਂ ਨੂੰ ਰਹਿਤ ਦ੍ਰਿੜ ਕਰਾਉਂਦੇ ਹੋਏ ਸ੍ਰੀ ਸਾਹਿਬ ਪਹਿਨਾਈ ਅਤੇ ਗੁਰਬਾਣੀ ਪੜ੍ਹਨ ਅਤੇ ਨਾਮ ਜਪਣ ਦਾ ਉਪਦੇਸ਼ ਦਿੱਤਾ:

ਯੌ ਕਹਿਕੇ ਸ੍ਰੀ ਸਤਿਗੁਰੂ ਗਲ ਤੇਗੋ ਦੀਨੇ ਪਾਇ।

ਕਰਦ ਚਕਰ ਸਿਰ ਪਰ ਧਰੈਂ ਮੁਖੋਂ ਅਕਾਲ ਜਪਾਇ॥

ਔਰ ਕਹੀ; 'ਗੁਰਬਾਣੀ ਪੜ੍ਹਾਯੋ। ਜਪੁ ਜਾਪ ਦੋਇ ਵੇਲੇ ਜਪਾਯੋ।

ਔ ਅਨੰਦ ਰਹਿਰਾਸ ਜਪੱਯੋ। ਚੰਡੀ ਬਾਨੀ ਖੜੇ ਪੜ੍ਹੱਯੋ॥[413]

ਕਵੀ 'ਬੰਦੇ ਦਾ ਨਿਸ਼ਚਾ' ਵਾਲੀ ਸਾਖੀ ਵਿਚ ਬੰਦਾ ਸਿੰਘ ਬਹਾਦਰ ਵੱਲੋਂ ਗੁਰੂ ਸਾਹਿਬ ਦੁਆਰਾ ਕੀਤੇ ਪੰਜ ਸਿੰਘਾਂ ਵਾਲੇ ਬਚਨ ਦੀ ਪਰਖ ਕਰਨ ਦੇ ਬਿਰਤਾਂਤ ਵਿਚ ਦਸਦਾ ਹੈ:

ਸਤਿਗੁਰ ਬਚਨ ਲੱਯੈ ਪਰਤਾਈ। ਸਿੱਖ ਪੰਜ ਤਿਨ ਲਏ ਬੁਲਾਈ।

ਹਾਥ ਜੋੜ ਵਿਚ ਆਪ ਖਲੋਯੋ। ਸ੍ਰਬਤ੍ਰ ਖਾਲਸੋ ਇਕ ਮਨ ਹੋਯੋ॥[414]

ਜਦੋਂ ਬੰਦੇ ਨੂੰ ਗੁਰੂ ਬਚਨ ਦੀ ਅਟੱਲਤਾ ਦਾ ਅਹਿਸਾਸ ਹੋਇਆ ਤਾਂ ਉਸਦਾ ਨਿਸ਼ਚਾ ਹੋਰ ਦ੍ਰਿੜ ਹੋ ਗਿਆ। ਫਿਰ ਉਹ ਦਿਵਾਨ ਲਗਾ ਕੇ 'ਅਕਾਲ-ਅਕਾਲ' ਜਪਾਉਣ ਲੱਗਿਆ ਅਤੇ ਆਪ ਵੀ 'ਵਾਹਿਗੁਰੂ-ਵਾਹਿਗੁਰੂ' ਦਾ ਜਾਪ ਕਰਨ ਲੱਗਿਆ। ਉਪਰੋਕਤ ਪ੍ਰਸੰਗ ਕਵੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

ਬੰਦੇ ਬਧੀ ਖਾਲਸੇ ਪ੍ਰੀਤ। ਨਿਸ਼ਚੈ ਭਯੋ ਬੰਦੈ ਮਧ ਚੀਤ॥

ਬੰਦੈ ਖਾਲਸੇ ਦਿਵਾਨ ਲਗਾਵੈ। ਅਕਾਲ ਉਸਤਤਿ ਵਾਰ ਚੰਡੀ ਪੜ੍ਹਾਵੈ।

'ਅਕਾਲ ਅਕਾਲ' ਕਾ ਜਾਪ ਜਪਾਵੈ। 'ਵਾਹਿਗੁਰੂ ਵਾਹਿਗੁਰੂ' ਸਦਾ ਮੁਖ ਗਾਵੈ।[415]

---

[412] ਉਹੀ, ਪੰਨਾ 26

[413] ਉਹੀ, ਪੰਨਾ 26

[414] ਉਹੀ, ਪੰਨਾ 59

[415] ਉਹੀ, ਪੰਨਾ 59

ਇਸ ਤਰ੍ਹਾਂ ਨਾਮ ਦੀ ਬਰਕਤ ਨਾਲ ਲੋਕਾਂ ਵਿਚ ਬੰਦੇ ਦੀ ਮਹਿਮਾ ਹੋ ਗਈ। ਲੋਕ ਆਪਣੀਆਂ ਇੱਛਾਵਾਂ ਲੈ ਕੇ ਬੰਦੇ ਕੋਲ ਆਉਣ ਲੱਗੇ। ਬੰਦੇ ਨੇ ਉਹਨਾਂ ਨੂੰ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਨ ਦਾ ਉਪਦੇਸ਼ ਦਿੱਤਾ ਅਤੇ ਲੋਕਾਂ ਦੀਆਂ ਇੱਛਾਵਾਂ ਪੂਰੀਆਂ ਹੋਣ ਲੱਗੀਆਂ। ਬੰਦਗੀ ਦੇ ਇਸ ਪ੍ਰਤਾਪ ਬਾਰੇ ਕਵੀ ਕਹਿੰਦਾ ਹੈ:

ਵਾਹਿਗੁਰੂ ਕਾ ਜਾਪ ਜਪਾਵੈ। ਜੌ ਮਾਂਗੈ ਤਿਸ ਸੋਊ ਦਿਵਾਵੈ॥

ਐਸੀ ਜਗ ਮੈਂ ਪਰ ਗਈ ਧਾਂਕ। ਆਇ ਮਿਲੈਂ ਰਾਣਾ ਔ ਰਾਂਕ।[416]

ਜੱਸਾ ਸਿੰਘ ਵਾਲੀ ਸਾਖੀ ਵਿਚ ਕਵੀ ਜੱਸਾ ਸਿੰਘ ਦੀ ਮਾਤਾ ਦੇ ਨਾਮ ਬੰਦਗੀ ਵਾਲੇ ਜੀਵਨ ਬਾਰੇ ਬਿਆਨ ਕਰਦਾ ਦਸਦਾ ਹੈ:

ਦਜਾਲ ਸਿੰਘ ਥੋ ਉਸ ਕੋ ਨਾਮ। ਕਰਤ ਹੁਤੋ ਸੋ ਸਰਬਹਿ ਕਾਮ।

ਸੋ ਮਰ ਗਯੋ ਰਹਯੋ ਸੁਤ ਔ ਨਾਰਿ। ਹੁਤੋ ਦੋਊਅਨ ਕੋ ਅਤਿ ਸੈ ਪਜਾਰ॥

ਹੁਤੀ ਸਿੰਘਨ ਕੀ ਬੇਟੀ ਸੋਇ। ਪਿਤਾ ਪੜ੍ਹਾਈ ਅੱਛਰ ਤੋਇ।

ਗੁਰਬਾਣੀ ਤਿਸ ਕੰਠ ਘਨੇਰੀ। ਹੁਤੀ ਸਿੱਖਣੀ ਦੁਇ ਪਖ ਕੇਰੀ॥

ਪੋਥੀ ਰਾਖਤ ਗਾਤ੍ਰੈ ਪਾਇ। ਸਿਖ ਸੰਗਤ ਮੈਂ ਪਹੁੰਚੈ ਜਾਇ।

ਬਡੀ ਪ੍ਰਾਤ ਉਠ ਚੌਂਕੀ ਕਰੈ। ਸਮੈਂ ਸੰਝੈ ਭੀ ਸੋਦਰ ਪੜ੍ਹੈ॥

ਆਪ ਦੁਤਾਰੇ ਵਹਿ ਫੜੈ ਬਾਲ ਸੁ ਦਾਸੀ ਪ੍ਰੇਮ।

ਦੋਊ ਵਖਤ ਚੌਂਕੀ ਕਰੈ ਯਿਹ ਥੋ ਉਸ ਕੋ ਨੇਮ॥[417]

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਨਾਮ ਬੰਦਗੀ ਦਾ ਹੀ ਪ੍ਰਤਾਪ ਸੀ ਕਿ ਜੱਸਾ ਸਿੰਘ ਦੀ ਮਾਤਾ ਵਿਧਵਾ ਹੋਣ ਦੇ ਬਾਵਜੂਦ ਅਡੋਲ ਰਹੀ ਅਤੇ ਗੁਰੂ ਦੇ ਭਾਣੇ ਵਿਚ ਰਹਿ ਕੇ ਆਪਣੇ ਪੁੱਤਰ ਦਾ ਪਾਲਣ-ਪੋਸ਼ਣ ਕੀਤਾ ਅਤੇ ਹਮੇਸ਼ਾ ਸੇਵਾ ਤੇ ਸਿਮਰਨ ਵਿਚ ਲੱਗੀ ਰਹੀ।

---

[416] ਉਹੀ, ਪੰਨਾ 59

[417] ਉਹੀ, ਪੰਨਾ 172

ਸਮੇਂ ਦੀਆਂ ਸਰਕਾਰਾਂ ਨੂੰ ਇਹ ਵਿਸ਼ਵਾਸ ਹੋ ਗਿਆ ਸੀ ਕਿ ਗੁਰੂ ਦੇ ਨਾਮ ਦੀ ਸ਼ਕਤੀ ਤੇ ਸਾਧਨਾ ਹੀ ਸਿੱਖਾਂ ਨੂੰ ਬਿਪਰ ਤੇ ਜਾਬਰ ਸ਼ਕਤੀਆਂ ਨਾਲ ਲੜਨ ਦਾ ਬਲ ਬਖ਼ਸ਼ਦੀ ਹੈ। ਰਤਨ ਸਿੰਘ ਦਸਦਾ ਹੈ ਕਿ ਲਖਪਤ ਰਾਇ ਨੇ ਨਾਮ ਦੀ ਸ਼ਕਤੀ ਨੂੰ ਰੋਕਣ ਲਈ ਵਾਹਿਗੁਰੂ ਕਹਿਣ, ਨਾਮ ਜਪਣ ਤੇ ਗੁਰੂ ਨਾਨਕ ਦੀ ਬਾਣੀ ਪੜ੍ਹਨ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਗਈ:

ਜੋ ਗੁਰ ਨਾਮ ਸੁਨਜੋ ਹਮ ਕਾਨ। ਛਾਡੋਂ ਨਾਂਹੀਂ ਕਢੋਂ ਪਰਾਨ।

ਨਾਨਕ ਕੀ ਕੋਊ ਪੜ੍ਹੈ ਨ ਬਾਨੀ। ਗ੍ਰੰਥ ਲੁਕੋਇ ਪੋਥੀਆਂ ਛਿਪਾਨੀ॥

ਜੋ ਗੁਰ ਕੋ ਕੋਊ ਲੇਵੇ ਨਾਮ। ਮੁਸਲਮਾਨ ਉਸ ਕਰੋਂ ਪਛਾਨ।

ਵਾਹਿਗੁਰੂ ਕੋ ਨਾਮ ਹਟਾਵੋ। ਔਰ ਸਭਨ ਕੋ ਨਾਮ ਜਪਾਵੋ॥[418]

ਮਹਿਤਾਬ ਸਿੰਘ ਤੇ ਸੁੱਖਾ ਸਿੰਘ ਦੁਆਰਾ ਮੱਸੇ ਦਾ ਸਿਰ ਵੱਢਣ ਵਾਲੀ ਸਾਖੀ ਵਿਚ ਕਵੀ ਦਸਦਾ ਹੈ ਕਿ ਸਿੱਖੀ ਅਤੇ ਨਾਮ ਬੰਦਗੀ ਦਾ ਆਪਸ ਵਿਚ ਗਹਿਰਾ ਨਾਤਾ ਹੈ:

ਜੇ ਸਿੰਘ ਨਿਤ ਉਠ ਜੰਗ ਮਚਾਹੀਂ। ਨਾਮ ਖਾਲਸਾ ਸਿੰਘ ਜਪਾਹੀਂ॥

ਜੇ ਸਿੰਘ ਨਿਤ ਉਠ ਸ਼ਬਦ ਉਚਾਰੈ। ਲੂਟ ਕੂਟ ਨਿਤ ਤੁਰਕਨ ਮਾਰੈਂ।

ਜਪ ਤਪ ਸੰਜਮ ਨੇਮ ਕਰਾਵੈਂ। ਅਕਾਲ ਅਕਾਲ ਕਹਿ ਸੀਸ ਚੜਾਵੈਂ।

ਅਬ ਹੈਂ ਤੁਮ ਹੀ ਸੇ ਊਹਾਂ ਸਿੰਘ। ਗਏ ਨੱਠ ਕਰ ਲੰਬੀ ਡਿੰਘ'॥[419]

ਉਪਰੋਕਤ ਹਵਾਲਿਆਂ ਤੋਂ ਸਿੱਧ ਹੁੰਦਾ ਕਿ ਸਿੱਖ ਧਰਮ ਵਿਚ ਨਾਮ ਬੰਦਗੀ ਦਾ ਵਿਸ਼ੇਸ਼ ਸਥਾਨ ਹੈ। ਨਾਮ ਇਕ ਅਜਿਹੀ ਰੂਹਾਨੀ ਸ਼ਕਤੀ ਹੈ ਜਿਸ ਨੇ ਬਿਖੜੇ ਤੇ ਮੁਸ਼ਕਲਾਂ ਭਰੇ ਸਮਿਆਂ ਵਿਚ ਵੀ ਸਿੱਖਾਂ ਨੂੰ ਸੰਘਰਸ਼ ਕਰਨ ਲਈ ਅਥਾਹ ਬਲ ਬਖਸ਼ਿਆ।

### 3.9. ਗੁਰਮੁਖ

---

[418] ਉਹੀ, ਪੰਨਾ 246

[419] ਉਹੀ, ਪੰਨਾ 187

ਗੁਰਮਤਿ ਸਿਧਾਂਤ ਵਿਚ 'ਗੁਰੂ' ਅਤੇ 'ਸੰਗਤ' ਤੋਂ ਬਾਅਦ ਸਭ ਤੋਂ ਵੱਧ ਮਹੱਤਤਾ 'ਗੁਰਮੁਖ' ਦੇ ਸੰਕਲਪ ਨੂੰ ਦਿੱਤੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਓਹ ਪੁਰਖ, ਜੋ ਗੁਰੂ ਦੇ ਸੰਮੁਖ ਹੈ, ਕਦੇ ਵਿਮੁਖ ਨਹੀਂ ਹੁੰਦਾ.।[420] ਗੁਰਬਾਣੀ ਦੇ ਆਸੇ ਅਨੁਸਾਰ ਜਿਉਣ ਵਾਲੇ ਮਨੁੱਖ ਨੂੰ ਗੁਰਮੁਖ ਕਿਹਾ ਜਾਂਦਾ ਹੈ ਪਰ ਇਸ ਦੇ ਉਲਟ ਆਪਣੇ ਮਨ ਅਧੀਨ ਜਿਉਣ ਵਾਲੇ ਮਨੁੱਖ ਨੂੰ ਮਨਮੁਖ ਕਿਹਾ ਜਾਂਦਾ ਹੈ। ਗੁਰੂ ਸਾਹਿਬ ਦਾ ਸਭ ਤੋਂ ਵੱਡਾ ਨਿਸ਼ਾਨਾ 'ਕੂੜ ਦੀ ਪਾਲਿ' ਤੇ ਮਾਇਆ ਦੇ ਪਰਦੇ ਨੂੰ ਹਟਾ ਕੇ ਮਨੁੱਖ ਨੂੰ ਸਚਿਆਰ ਬਣਾਉਣਾ ਸੀ। ਇਸ ਸਚਿਆਰ ਪਦਵੀ ਲਈ ਇਕੋ-ਇਕ ਵਸੀਲਾ 'ਅਕਾਲ ਪੁਰਖ' ਦੇ ਹੁਕਮ ਵਿਚ ਆਪਾ ਢਾਲਣਾ ਹੈ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[421]

ਇਸ ਸਚਿਆਰ ਮਨੁੱਖ ਤੇ ਆਦਰਸ਼ ਸ਼ਖ਼ਸੀਅਤ ਨੂੰ 'ਗੁਰਮੁਖ' ਕਿਹਾ ਜਾਂਦਾ ਹੈ। ਕਵੀ ਕੁਇਰ ਸਿੰਘ ਨੇ ਗੁਰਮੁਖ ਲਈ ਆਪਾ ਖੋਣਾ ਭਾਵ ਦ੍ਵੈਤ-ਭਾਵਨਾ ਖ਼ਤਮ ਹੋਣਾ ਲਾਜ਼ਮੀ ਦੱਸਿਆ ਹੈ। ਇਕ ਸਿੱਖ ਦੀ ਸਾਖੀ ਪੇਸ਼ ਕਰਦਾ ਕਵੀ ਦਸਦਾ ਹੈ ਕਿ ਉਸਨੇ ਗੁਰੂ ਜੀ ਪਾਸੋਂ ਦ੍ਵੈਤ-ਭਾਵ ਖ਼ਤਮ ਕਰਨ ਦਾ ਵਰ ਮੰਗਿਆ। ਗੁਰੂ ਜੀ ਦੇ ਵਾਰ-ਵਾਰ ਕਹਿਣ 'ਤੇ ਜਦ ਸਿੱਖ ਨੇ ਆਪਣੀ ਮੰਗ ਨਾ ਬਦਲੀ ਤਾਂ ਗੁਰੂ ਜੀ ਨੇ ਉਸ ਦੀ ਭਾਵਨਾ ਵੇਖ ਕੇ ਉਸ ਨੂੰ ਸੀਨੇ ਨਾਲ ਲਾ ਲਿਆ ਤੇ ਉਸ ਦੇ ਸਾਰੇ ਦ੍ਵੈਤ-ਭਾਵਾਂ, ਹੰਕਾਰ ਤੇ ਮੋਹ ਮਮਤਾ ਦਾ ਨਾਸ ਕਰ ਦਿੱਤਾ:

ਮਾਂਗ ਕਛੂ ਸਿੱਖ ਕੋ ਗੁਰ ਕਹਿਯੋ। ਤਬ ਐਸੇ ਸਿਖ ਬੈਨ ਅਲਯੋ।
"ਮੋਰ ਨਾਸ ਕਰੋ ਸੁਖਦਾਈ।" ਪੁਨਿ ਗੁਰ ਕਹਯੋ, "ਮਾਗ ਹੇ ਭਾਈ"॥
ਤਾਹਿ ਕਹਯੋ, ''ਜੜ ਮੋਰੀ ਨਾਸੈ।'' ਪੁਨਿ ਗੁਰ ਕਹਯੋ ਤਾਹਿ ਬਚ ਆਸੈ।
ਪੁਨਿ ਸਿਖ ਕਹੈਂ, ''ਮੂਲ ਮਹੁ ਮਾਰੋ।'' ਬਿਸਮਤ ਭਏ ਸਿੰਘ ਤਬ ਸਾਰੋ॥
ਤਾ ਮਨ ਲਖ ਕਹਿ, "ਧੰਨ ਸੁ ਜਾਨਾ।" ਤਾਹਿ ਲਗਾਯੋ ਕੰਠ ਪ੍ਰਮਾਨਾ।
ਸੁਨ ਕੈ ਸਿਖ ਕਹੈਂ ਮਨ ਮਾਹੀ। "ਏਤੋ ਸਿਖ ਬਾਵਰ ਬਚ ਆਹੀ॥"

---

[420] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 418

[421] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1

ਯਾ ਕੋ ਗੁਰ ਨੇ ਕੰਠ ਲਗਾਯੋ। ਤਬ ਤਾ ਕੋ ਗੁਰ ਬੈਨ ਅਲਾਯੋ।

"ਹੰਤਾ ਮਮਤਾ ਮੂਲ ਸੁ ਮਾਰਾ। ਮੈ ਮੇਰੋ ਸਭ ਦ੍ਵੈਤ ਸੰਘਾਰਾ॥

ਪਾਛੈ ਨਿਜ ਬਪੁ ਬ੍ਰਹਮ ਸੁ ਰਹਯੋ। ਤਾ ਕਰ ਕੰਠ ਲਗਾਯੋ ਚਹਯੋ।"[422]

ਕਵੀ ਕੁਇਰ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਗੁਰਮੁਖਾਂ ਦੇ ਜੀਵਨ ਨੂੰ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਕੁਇਰ ਸਿੰਘ ਦੇ ਗੁਰਬਿਲਾਸ ਵਿਚ ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ ਅਤੇ ਫਤਿਹ ਸਿੰਘ, ਸਨਮੁਖ ਸਿੰਘ, ਪਿਆਰਾ ਸਾਹਿਬ ਸਿੰਘ, ਮਾਤਾ ਸਾਹਿਬ ਦੇਵਾਂ, ਭਾਈ ਸਾਲੋ, ਉਦੈ ਸਿੰਘ, ਸ਼ਹੀਦ ਅਮਰ ਸਿੰਘ, ਸ਼ਹੀਦ ਸੰਗਤ ਸਿੰਘ, ਬਾਬਾ ਹਠੀ ਸਿੰਘ, ਮਾਤਾ ਗੁਜਰੀ, ਸ਼ਹੀਦ ਗੁਰਬਖ਼ਸ਼ ਸਿੰਘ, ਸ਼ਹੀਦ ਗੁਰਮੁਖ ਸਿੰਘ, ਪਿਆਰਾ ਹਿੰਮਤ ਸਿੰਘ, ਕ੍ਰਿਪਾ ਸਿੰਘ, ਉਦਾਸੀ ਕ੍ਰਿਪਾਲ ਦਾਸ, ਮਾਤਾ ਜੀਤੋ ਜੀ, ਭਾਈ ਥਾਨ ਸਿੰਘ, ਦਰਬਾਰਾ ਸਿੰਘ, ਪਿਆਰਾ ਹਿੰਮਤ ਸਿੰਘ, ਭਾਈ ਦਯਾ ਸਿੰਘ, ਪਿਆਰਾ ਮੁਹਕਮ ਸਿੰਘ, ਭਾਈ ਬਚਿੱਤਰ ਸਿੰਘ, ਭਗਤ ਸਿੰਘ, ਸ਼ਹੀਦ ਰਣ ਸਿੰਘ, ਭਾਈ ਰੂਪਾ, ਭਾਈ ਮਨੀ ਸਿੰਘ ਆਦਿ ਗੁਰਸਿੱਖਾਂ ਦੇ ਨਾਂ ਅਤੇ ਉਹਨਾਂ ਦੀ ਘਾਲਣਾ ਦੇ ਵੇਰਵੇ ਆਉਂਦੇ ਹਨ।

ਰਤਨ ਸਿੰਘ ਭੰਗੂ ਦੀ ਰਚਨਾ ਸਿੱਖ ਸੰਘਰਸ਼ ਨਾਲ ਸੰਬੰਧਿਤ ਹੋਣ ਕਰਕੇ ਅਨੇਕਾਂ ਗੁਰਮੁਖਾਂ ਦੀਆਂ ਉਦਾਹਰਨਾਂ ਮਿਲਦੀਆਂ ਹਨ। ਸ਼ਹੀਦ ਭਾਈ ਗੁਰਬਖਸ਼ ਸਿੰਘ ਦੀ ਸਾਖੀ ਵਿਚ ਰਤਨ ਸਿੰਘ ਨੇ ਨਿਹੰਗ ਗੁਰਬਖਸ਼ ਸਿੰਘ ਦੀ ਸ਼ਖ਼ਸੀਅਤ ਰਾਹੀਂ ਗੁਰਮਤਿ ਦੇ 'ਗੁਰਮੁਖ' ਰੂਪ ਨੂੰ ਬਾਖ਼ੂਬੀ ਚਿਤਰਿਆ ਹੈ। ਭਾਈ ਗੁਰਬਖਸ਼ ਸਿੰਘ ਜੰਗ ਵਿਚ ਆਪਾ ਵਾਰਨ ਲਈ ਗੁਰਮੁਖਾਂ ਨੂੰ ਆਵਾਜ ਦਿੰਦੇ ਹਨ:

ਨਿਹੰਗ ਸਿੰਘ ਤਬ ਬਚਨ ਉਚਾਰਾ। 'ਹੈ ਗੁਰਮੁਖ ਜੋ ਸਿੰਘ ਪਿਆਰਾ।[423]

ਭਾਈ ਗੁਰਬਖਸ਼ ਸਿੰਘ ਨੇ ਰਹਿਤਵਾਨ, ਸਚਿਆਰ ਤੇ ਪਰਉਪਕਾਰ ਅਤੇ ਧਰਮਯੁੱਧ ਲਈ ਸ਼ਹਾਦਤ ਪਾਉਣ ਲਈ ਵੰਗਾਰਿਆ:

ਤਬ ਨਿਹੰਗ ਸਿੰਘ ਬਾਤ ਉਚਾਰੀ। 'ਹੈ ਕੋਉ ਸਿੰਘ ਇਸ ਪੰਥ ਮਝਾਰੀ।

---

[422] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨੇ 193-194

[423] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 335

ਲਾਇ ਸੀਸ ਕਰੈ ਦਰਗਹਿ ਪੁਕਾਰ। ਸੋ ਪੁਕਾਰ ਉਸ ਮੰਨੈ ਕਰਤਾਰ॥

ਹਠੀਆ ਤਪੀਆ ਜਪੀਆ ਜੋਇ। ਰਹਤਵਾਨ ਸਚਿਆਰ ਭੀ ਹੋਇ।

ਪਰਸ੍ਵਾਰਥ ਹਿਤ ਦੇਹਿ ਸੁ ਲਾਵੈ। ਵਾਂਗ ਤਾਰੂ ਸਿੰਘ ਤੁਰਕਨ ਗਲਾਵੈ'॥[424]

ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਵਿਚ ਬਹੁਤ ਸਾਰੀਆਂ ਗੁਰਮੁਖ ਸ਼ਖ਼ਸੀਅਤਾਂ ਅਟਲ ਰਾਇ, ਅਭਰਾਜ ਸਿੰਘ, ਆਲੀ ਸਿੰਘ (ਮਾਲੀ ਸਿੰਘ ਦਾ ਭਰਾ), ਸੰਗਤ ਸਿੰਘ (ਨਿਸ਼ਾਨਵਾਲੀਆ), ਸੰਤ ਸਿੰਘ, ਸਮੁੰਦ ਸਿੰਘ, ਸਰੂਪ ਸਿੰਘ, ਬਾਬਾ ਸਾਹਿਬ ਸਿੰਘ ਬੇਦੀ, ਪਿਆਰਾ ਸਾਹਿਬ ਸਿੰਘ, ਸੁੰਦਰ ਸਿੰਘ, ਸੁਬੇਗ ਸਿੰਘ, ਸੂਰਤ ਸਿੰਘ, ਸੂਰਾ ਸਿੰਘ, ਹਾਠੂ ਸਿੰਘ, ਹਿੰਮਤ ਸਿੰਘ, ਨਵਾਬ ਕਪੂਰ ਸਿੰਘ, ਕਰਮ ਸਿੰਘ (ਸ਼ਾਮ ਸਿੰਘ ਦਾ ਭਤੀਜਾ), ਕਰਮ ਸਿੰਘ (ਦਲ ਖ਼ਾਲਸਾ), ਕਰਮ ਸਿੰਘ (ਨਕਈ), ਕਰਮ ਸਿੰਘ (ਪੈਜਗੜ੍ਹੀਆ), ਕਰਮ ਸਿੰਘ (ਭਾਈ ਰੂਪਾ), ਕਰੋੜਾ ਸਿੰਘ, ਕਾਹਨ ਸਿੰਘ (ਬਾਬਾ ਤ੍ਰੇਹਣ), ਕੇਹਰ ਸਿੰਘ, ਖੜਕ ਸਿੰਘ, ਖੁਸ਼ਾਲ ਸਿੰਘ, ਭਾਈ ਗੁਰਦਾਸ, ਬਾਬਾ ਗੁਰਦਿੱਤਾ, ਸ਼ਹੀਦ ਗੁਰਬਖਸ਼ ਸਿੰਘ, ਗੁਰਬਖਸ਼ ਸਿੰਘ (ਭਾਈ ਭਗਤੂ ਵੰਸ਼ੀ), ਗੁਰਮੁਖ ਸਿੰਘ, ਗੁਲਜ਼ਾਰ ਸਿੰਘ, ਚੜ੍ਹਤ ਸਿੰਘ (ਸ਼ੁੱਕਰਚੱਕੀਆ ਮਿਸਲ ਦਾ ਬਾਨੀ), ਚੈਨ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਜਗਰੂਪ ਸਿੰਘ, ਜੀਵਨ ਸਿੰਘ ਰੰਘਰੇਟਾ, ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸ਼ਹੀਦ ਤਾਰਾ ਸਿੰਘ ਵਾਂ, ਤਾਰਾ ਸਿੰਘ (ਗੈਬਾ, ਡੱਲੇਵਾਲੀਆ), ਭਾਈ ਤਾਰੂ ਸਿੰਘ, ਤ੍ਰਿਲੋਕਾ ਸਿੰਘ, ਦਇਆ ਪਿਆਰ ਦਯਾ ਸਿੰਘ, ਧਰਮ ਸਿੰਘ (ਦਲ ਖ਼ਾਲਸਾ), ਪਿਆਰਾ ਧਰਮ ਸਿੰਘ, ਧਰਮ ਸਿੰਘ (ਭਾਈ ਰੂਪਾ), ਭਾਈ ਨੰਦ ਲਾਲ, ਨਾਨੂੰ ਸਿੰਘ, ਨਿਬਾਹੂ ਸਿੰਘ, ਫਤੇ ਸਿੰਘ (ਭਾਈ ਕਾ), ਬਖਸ਼ੀਸ਼ ਸਿੰਘ, ਬਘੇਰਾ ਸਿੰਘ, ਬਘੇਲ ਸਿੰਘ, ਬਚਨ ਸਿੰਘ, ਬਚਿੱਤ੍ਰ ਸਿੰਘ, ਬਿਨੋਦ ਸਿੰਘ, ਬਾਘੜ ਸਿੰਘ, ਬਾਜ ਸਿੰਘ, ਬੁੱਢਾ ਸਿੰਘ (ਭਾਈ ਕਾ), ਬਾਬਾ ਬੁੱਢਾ ਜੀ , ਸ਼ਹੀਦ ਬੋਤਾ ਸਿੰਘ, ਭਾਈ ਭਗਤੂ, ਭਾਗ ਸਿੰਘ, ਬੀਬੀ ਭਾਨੀ, ਮਹਾਂ ਸਿੰਘ, ਮਹਿਤਾਬ ਸਿੰਘ, ਭਾਈ ਮਨੀ ਸਿੰਘ, ਮਾਨ ਸਿੰਘ, ਮਾਲੀ ਸਿੰਘ (ਆਲੀ ਸਿੰਘ ਦਾ ਭਰਾ), ਮਾਲੀ ਸਿੰਘ (ਰਾਮਗੜ੍ਹੀਆ), ਮੀਰੀ ਸਿੰਘ, ਮੇਹਰ ਸਿੰਘ, ਰਾਇ ਸਿੰਘ, ਰਾਏ ਬੁਲਾਰ, ਰਾਮ ਸਿੰਘ (ਬਾਜ ਸਿੰਘ ਦਾ ਭਰਾ), ਭਾਈ ਰੂਪ ਚੰਦ ਆਦਿ ਨਾਵਾਂ ਦੇ ਵੇਰਵੇ ਤੇ ਵਿਸਥਾਰ ਮਿਲਦਾ ਹੈ।

---

[424] ਉਹੀ, ਪੰਨਾ 334

### 3.10. ਸੇਵਾ

ਭਾਈ ਕਾਨ੍ਹ ਸਿੰਘ ਨਾਭਾ ਨੇ ਸੇਵਾ ਦਾ ਅਰਥ, ''ਸੰਗਯਾ-ਸੇਵਾ, ਖਿਦਮਤ, ਉਪਾਸਨਾ. ੨ ਆਦਤ, ਸੁਭਾਉ.[425] ਪ੍ਰੇਮ, ਪਰਉਪਕਾਰ ਦੀ ਭਾਵਨਾ, ਸਹਾਇਤਾ ਤੇ ਮੱਦਦ ਦੀ ਸੰਗਿਆ ਸੇਵਾ ਹੈ। ਸੇਵਾ ਤੋਂ ਭਾਵ ਖਿਦਮਤ ਅਥਵਾ ਟਹਿਲ ਹੈ। ਅਧਿਆਤਮਕ ਮਾਰਗ ਤੇ ਚੱਲਣ ਲਈ ਗੁਰਮਤਿ ਵਿਚ ਨਿਰਇੱਛਤ ਤੇ ਸ਼ਰਧਾ ਭਾਵਨਾ ਨਾਲ ਕੀਤੀ ਗਈ ਸੇਵਾ ਦੀ ਬਹੁਤ ਮਹਾਨਤਾ ਹੈ। ਸਿੱਖ ਰਵਾਇਤ ਵਿਚ ਸੇਵਾ ਨੂੰ ਬਹੁਤ ਸਤਿਕਾਰਯੋਗ ਰੁਤਬਾ ਪ੍ਰਾਪਤ ਹੈ। ਡਾ. ਰਤਨ ਸਿੰਘ ਜੱਗੀ ਦਸਦੇ ਹਨ ਕਿ 'ਜਦ ਆਪਣੇ ਗੁਰੂ ਪ੍ਰਤੀ ਸੇਵਕ ਦੇ ਮਨ ਵਿਚ ਭਗਤੀ ਭਾਵਨਾ ਦਾ ਵਿਕਾਸ ਹੋ ਜਾਂਦਾ ਹੈ ਤਾਂ ਮਨ ਆਪਣੇ-ਆਪ ਸੇਵਾ ਲਈ ਪ੍ਰੇਰਿਤ ਹੋ ਜਾਂਦਾ ਹੈ ਗੁਰੂ ਦੀ ਸੇਵਾ ਦੋ ਪ੍ਰਕਾਰ ਦੀ ਹੁੰਦੀ ਹੈ- ਬਾਹਰਲੀ ਅਤੇ ਅੰਦਰਲੀ। ਬਾਹਰਲੀ ਸੇਵਾ ਉਹ ਹੈ ਜਿਸ ਨੂੰ ਕਰਨ ਨਾਲ ਗੁਰੂ ਨੂੰ ਸਰੀਰਕ ਸੁਖ ਦੀ ਪ੍ਰਾਪਤੀ ਹੋਵੇ, ਜਿਵੇਂ ਪੈਰ ਦਬਾਣਾ, ਪੱਖਾ ਝੱਲਣਾ, ਪਾਣੀ ਭਰਨਾ, ਆਟਾ ਪੀਹਣਾ ਆਦਿ। ਅੰਦਰਲੀ ਸੇਵਾ ਰਾਹੀਂ ਗੁਰੂ ਦੀ ਪੂਰਣ ਸ਼ਰਧਾ ਸਹਿਤ ਆਰਾਧਨਾ ਕੀਤੀ ਜਾਂਦੀ ਹੈ। ਗੁਰੂ ਦਾ ਦਰਸ਼ਨ ਕਰਨਾ, ਉਸ ਦੇ ਬਚਨ ਜਾਂ ਬਾਣੀ ਸੁਣਨਾ, ਉਨ੍ਹਾਂ ਬਚਨਾਂ ਅਨੁਸਾਰ ਅਮਲ (ਕਰਮ) ਕਰਨੇ ਇਹ ਇਕ ਪ੍ਰਕਾਰ ਦੀ ਮਾਨਸਿਕ ਸੇਵਾ ਹੈ। ਬਾਹਰਲੀ ਸੇਵਾ ਅੰਦਰਲੀ ਸੇਵਾ ਦਾ ਮੂਲ ਆਧਾਰ ਹੈ।'[426] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੇਵਾ ਬਾਰੇ ਫ਼ੁਰਮਾਨ ਹੈ ਕਿ ਨਿਰਇੱਛਤ ਸੇਵਾ ਕਰਨ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ:

ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਿਤ ਸੁਆਮੀ॥[427]

ਭਾਈ ਗੁਰਦਾਸ ਜੀ ਦਸਦੇ ਹਨ ਕਿ ਗੁਰੂ ਨੇ ਆਪਣੇ ਉਪਦੇਸ਼ ਨਾਲ ਸਿੱਖਾਂ ਨੂੰ ਸੇਵਾ ਵਿਚ ਲਾਇਆ:

ਪਹਿਲੇ ਗੁਰ ਉਪਦੇਸ ਦੇ ਸਿਖ ਪੈਰੀ ਪਾਏ॥

ਸਾਧ ਸੰਗਤ ਕਰਿ ਧਰਮਸਾਲ ਸਿਖ ਪੈਰੀ ਪਾਏ॥[428]

---

[425] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 228

[426] ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 332

[427] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 286

[428] ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਪੰਨਾ 99

ਕਵੀ ਦਸਦਾ ਹੈ ਕਿ ਭੀਮ ਚੰਦ ਦਾ ਵਜ਼ੀਰ ਉਸ ਨੂੰ ਗੁਰੂ ਜੀ ਮਹਿਮਾ ਬਾਰੇ ਦਸਦਾ ਹੋਇਆ ਕਹਿੰਦਾ ਹੈ ਕਿ ਗੁਰੂ ਦੀ ਸੇਵਾ ਤੋਂ ਬਿਨਾਂ ਸੁਖਾਂ ਲਈ ਕੀਤੇ ਕਰੋੜਾਂ ਯਤਨ ਵੀ ਵਿਅਰਥ ਹਨ। ਭੀਮ ਚੰਦ ਨੂੰ ਸਮਝਾਉਂਦਾ ਹੈ ਕਿ ਤੇਰੇ ਚੰਗੇ ਭਾਗ ਹਨ ਕਿ ਗੁਰੂ ਜੀ ਤੇਰੇ ਰਾਜ ਦੇ ਨੇੜੇ ਬਿਰਾਜਦੇ ਹਨ:

ਬਿਨ ਸੇਵਾ ਸ੍ਰੀ ਗੁਰੂ ਕੀ, ਕੋਟਿ ਜਤਨ ਦੁਖ ਹੋਤ।

ਮਹਾਂ ਭਾਗ ਤੇਰੇ ਭਏ, ਨਿਕਟ ਤੋਰ ਗੁਰ ਪੋਤ॥[429]

ਰਤਨ ਸਿੰਘ ਭੰਗੂ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣ ਸਮੇਂ ਗੁਰੂ ਜੀ ਨੇ ਕਿਹਾ ਕਿ ਸਿੱਖੀ ਨਿਭਾਉਣ ਲਈ ਵੱਧ ਤੋਂ ਵੱਧ ਸੇਵਾ ਕਰਨੀ ਚਾਹੀਦੀ ਹੈ ਤੇ ਗੁਰੂ ਦੇ ਭੈਅ ਵਿਚ ਰਹਿਣਾ ਚਾਹੀਦਾ ਹੈ:

ਵਾਲੋਂ ਨਿਕੀ ਖੰਨਜੋਂ ਤਿੱਖੀ ਹੈ ਸਿੱਖੀ ਕੀ ਰੀਤਿ।

ਸਿਰ ਤੇ ਪਰੇ ਸੇਵਾ ਕਰੇ ਤਊ ਡਰੇ ਮਧ ਚੀਤ'॥[430]

ਭਾਈ ਤਾਰੂ ਸਿੰਘ ਵੱਲੋਂ ਸਿੰਘਾਂ ਦੀ ਕੀਤੀ ਜਾਂਦੀ ਸੇਵਾ ਦਾ ਜ਼ਿਕਰ ਕਰਦਿਆਂ ਰਤਨ ਸਿੰਘ ਦਸਦਾ ਹੈ ਕਿ ਭਾਈ ਸਾਹਿਬ ਦਾ ਪਰਿਵਾਰ ਰੁੱਖਾ-ਮਿੱਸਾ ਭੋਜਨ ਛਕਦਾ ਅਤੇ ਬੱਚਤ ਕਰਕੇ ਪਰਸ਼ਾਦਾ ਤੇ ਰਸਦ ਸਿੰਘਾਂ ਦੀ ਸੇਵਾ ਵਿਚ ਹਾਜ਼ਰ ਕਰ ਦਿੰਦਾ:

ਆਪ ਖਾਇ ਵਹਿ ਰੂਖੀ ਮਿੱਸੀ। ਮੋਟਾ ਪਹਿਰ ਆਪ ਰਹਿ ਲਿੱਸੀ।

ਜੋਊ ਬਚੇ ਸੋ ਸਿੰਘਨ ਦੇਵੈ। ਉਇ ਬਨ ਸਿੰਘਨ ਔਰ ਨ ਸੇਵੈ॥[431]

ਨਵਾਬੀ ਮਿਲਣ ਵਾਲੇ ਪ੍ਰਸੰਗ ਦਾ ਜ਼ਿਕਰ ਕਰਦਾ ਰਤਨ ਸਿੰਘ ਦਸਦਾ ਹੈ ਕਿ ਨਵਾਬ ਕਪੂਰ ਸਿੰਘ, ਸਿੰਘਾਂ ਦੀ ਟਹਿਲ ਸੇਵਾ ਬਹੁਤ ਕਰਦੇ ਸਨ। ਜੰਗ ਵਿਚ ਤਲਵਾਰਾਂ ਦੇ ਫੱਟ ਲੱਗੇ ਹੋਣ ਦੇ ਬਾਵਜੂਦ ਵੀ ਦੌੜ-ਦੌੜ ਕੇ ਪੱਖੇ ਝੱਲ ਰਹੇ ਸਨ ਉੱਥੇ ਹੀ ਬਾਣੀ ਪੜ੍ਹ ਰਹੇ ਇਕ ਸਿੰਘ ਨੇ ਬਾਣੀ ਦੀ ਤੁਕ ਸੁਣਾ ਕੇ ਕਿਹਾ ਕਿ

[429] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 74

[430] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 56

[431] ਉਹੀ, ਪੰਨਾ 214

ਜੇਕਰ ਗੁਰੂ ਕ੍ਰਿਪਾਲੂ ਹੋ ਜਾਵੇ ਤਾਂ ਸੇਵਾ ਟਹਿਲ ਤੋਂ ਰੁਤਬਾ ਪ੍ਰਾਪਤ ਹੁੰਦਾ ਹੈ:

ਕਪੂਰ ਸਿੰਘ ਥੋ ਟਹਲ ਕਮਾਵਤ। ਦੌੜ ਦੌੜ ਥੋ ਪਖੋ ਝੁਲਾਵਤ।
ਉਨ ਝੱਲੀ ਤੇਗ਼ ਥੀ ਸਨਮੁਖ ਕੱਲੈ। ਐਸ ਸਜੀ ਜਨ ਸਸਿ ਮ੍ਰਿਗਛੱਲੈ॥
ਜ਼ਖਮ ਕਚੋ ਥੋ ਲਗਯੋ ਤੱਤਕਾਲ। ਕਹੈਂ ਦੇਖ ਉਸ ਸਿੰਘ 'ਨਿਹਾਲ'।
ਉਹੀ ਬਚਨ ਖਾਲਸੈ ਕੋ ਫੁਰਯੋ। ਆਇ ਸਮਾਂ ਸਭ ਸਿੰਘ ਕੋ ਜੁਰਯੋ॥
ਤਹਾਂ ਸਿੰਘ ਇਕ ਆਪਨੋ ਪੜ੍ਹਤ ਬਾਣੀ ਗੁਰ ਲਾਲ।
'ਟਹਲ ਮਹਲ ਤਾਕਉ ਮਿਲੈ ਜਾਕਉ ਸਾਧ ਕ੍ਰਿਪਾਲ'॥[432]

ਇੰਨੇ ਨੂੰ ਹੀ ਜਿਹੜੀ ਨਵਾਬੀ ਸੁਬੇਗ ਸਿੰਘ ਹਕੂਮਤ ਪਾਸੋਂ ਲੈ ਕੇ ਆਇਆ ਸੀ ਉਹ ਕਿਸੇ ਵਿਸ਼ੇਸ਼ ਸਿੱਖ ਨੂੰ ਦੇਣ ਬਾਰੇ ਵਿਚਾਰ ਹੋ ਰਹੀ ਸੀ ਤਾਂ ਪੰਥ ਦੀ ਨਜ਼ਰ ਪੱਖਾ ਝੱਲਣ ਦੀ ਸੇਵਾ ਕਰ ਰਹੇ ਨਵਾਬ ਕਪੂਰ ਸਿੰਘ ’ਤੇ ਪਈ ਤੇ ਉਸ ਦੀ ਸੇਵਾ-ਟਹਿਲ ਦੇਖ ਕੇ ਹੀ ਪੰਥ ਨੇ ਨਵਾਬੀ ਦਾ ਸਿਰੋਪਾਉ ਕਪੂਰ ਸਿੰਘ ਨੂੰ ਬਖ਼ਸ਼ ਦਿੱਤਾ। ਸੇਵਾ ਨੂੰ ਮਾਣ ਪ੍ਰਾਪਤ ਹੋਣ ਦੀ ਇਹ ਵੱਡੀ ਇਤਿਹਾਸਕ ਗਵਾਹੀ ਹੈ:

ਸਿੰਘ ਕਪੂਰ ਝਲੈ ਪੱਖੋ ਥੋਈ। ਕ੍ਰਿਪਾ ਨਜ਼ਰ ਪੰਥ ਉਸ ਵਲ ਹੋਈ।
ਅਵਾਜ਼ ਅਕਾਲੋਂ ਪੰਥਹਿ ਸੁਨ ਪਾਈ। 'ਗੁਰੂ ਗ੍ਰੰਥ ਬਚ ਮੰਨ ਲਿਹੁ ਭਾਈ!।
ਟਹਲ ਕਰਤ ਇਸ ਮਹਲ ਪੁਚਾਵੋ। ਕਪੂਰ ਸਿੰਘ ਕੋ ਸਿਰੋਪਾਉ ਪਹਿਰਾਵੋ'।
ਕਹਯੋ ਪੰਥ 'ਚਕੋ ਸਿੰਘ ਭੁਜੰਗੀ'। ਕਰ ਕਰ ਕੁਨਸ ਉਨ ਆਖੀ ਚੰਗੀ॥[433]

ਨਵਾਬ ਕਪੂਰ ਸਿੰਘ ਦੀ ਤਰ੍ਹਾਂ ਹੀ ਭਾਈ ਸੁੱਖਾ ਸਿੰਘ ਵੀ ਜੰਗਾਂ ਫਤਹਿ ਕਰਨ ਵਾਲਾ ਸੂਰਮਾ ਹੋਣ ਦੇ ਨਾਲ-ਨਾਲ ਸਿੰਘਾਂ ਦਾ ਪ੍ਰਸ਼ਾਦਾ-ਪਾਣੀ, ਜੰਗ ਵਿਚ ਥੱਕੇ ਸਿੰਘਾਂ ਦੀ ਮਾਲਸ਼, ਇਸ਼ਨਾਨ ਤੇ ਕੱਪੜੇ ਧੋਣ ਤੱਕ ਦੀ ਸੇਵਾ ਟਹਿਲ ਕਰਦਾ ਸੀ ਜਿਸ ਬਾਰੇ ਭੰਗੂ ਲਿਖਦਾ ਹੈ:

ਸੁਖਾ ਸਿੰਘਾ ਕੀ ਇਮ ਚਰਚਾ ਭਈ। ਸੂਰਨ ਕੋ ਸਿਰਮੌਰ ਗਿਨਈ।

---

[432] ਉਹੀ, ਪੰਨਾ 168

[433] ਉਹੀ, ਪੰਨਾ 169

ਜੰਗ ਜੁੜੇ ਜਹਿੰ ਫਤੇ ਲਿਆਵੈ। ਦੀਵਾਨ ਖਾਲਸੇ ਮੈਂ ਆਦਰ ਪਾਵੈ॥

ਲਗੇ ਦੀਵਾਨ ਤਿਹਿੰ ਪੱਖਾ ਫਰੈ। ਅੰਗੀਠਨ ਕੋ ਸਮਧਾ ਲਜਾ ਗੇਰੈ।

ਪਜਾਸਨ ਖਾਤਰ ਮਸ਼ਕ ਉਠਾਵੈ। ਭੁੱਖਿਆਂ ਖਾਤਰ ਰਿਜਕ ਲਿਆਵੈ॥

ਥੱਕੇ ਸਿੰਘ ਕੀ ਚਾਪੀ ਕਰੇ। ਅਸ਼ਨਾਨ ਕਰਾਵੇ ਬਹੁ ਜਲ ਭਰੈ।

ਕੱਛ ਨਿਚੋੜੈ ਚਰਨ ਧੁਵਾਇ। ਫੜ ਗਡਵੇ ਸਿੰਘ ਦਾਤਨ ਕਰਾਇ॥

ਸਬਦ ਪੜ੍ਹੈ ਫੜ ਸਾਜ ਕੋ ਬਾਣੀ ਮੁਖੋਂ ਉਚਾਰ।[434]

ਉਪਰੋਕਤ ਵਿਚਾਰ ਤੋਂ ਸਿੱਧ ਹੁੰਦਾ ਹੈ ਕਿ ਇਹਨਾਂ ਗ੍ਰੰਥਾਂ ਵਿਚ ਸੇਵਾ ਦੀ ਮਹਾਨਤਾ ਬਾਰੇ ਇਤਿਹਾਸਕ ਹਵਾਲੇ ਦੇ ਕੇ ਸੇਵਾ ਦੇ ਰੁਤਬੇ ਨੂੰ ਵਡਿਆਇਆ ਗਿਆ ਹੈ।

### 3.11. ਅਰਦਾਸ

ਅਰਦਾਸ ਸਿੱਖ ਧਰਮ ਦੀ ਇਕ ਮਹੱਤਵਪੂਰਨ ਅਤੇ ਵਿਲੱਖਣ ਪਰੰਪਰਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਅਰਦਾਸ ਦੇ ਅਰਥ ਇਸ ਤਰ੍ਹਾਂ ਕੀਤੇ ਹਨ- ''ਸੰ. ਅਰਦ੍ (ਮੰਗਣਾ) ਆਸ (ਆਸ਼ਾ) ਮੁਰਾਦ ਮੰਗਣ ਦੀ ਕ੍ਰਿਯਾ ਅਰਜਦਾਸ਼੍ਤ, ਸਗਜਾ-ਪ੍ਰਾਰਥਨਾ, ਬੇਨਤੀ. ਵਿਨਜ. ''ਅਰਦਾਸ ਬਿਨਾ ਜੋ ਕਾਜ ਸਿਧਾਵੈ.''(ਤਨਾਮਾ)''ਅਰਦਾਸਿ ਸੁਨੀ ਭਗਤ ਅਪੁਨੇ ਕੀ.''(ਸੋਰ ਮ: ੫) "ਸਿੱਖ ਧਰਮ ਵਿੱਚ ਨਿੱਤ ਨੇਮ ਦੀ ਬਾਣੀ ਦਾ ਪਾਠ ਕਰਕੇ ਅਤੇ ਹੋਰ ਅਨੇਕਾਂ ਕਾਰਜਾਂ ਦੀ ਨਿਰਵਿਘਨ ਪੂਰਤੀ ਲਈ, ਕੇਵਲ ਕਰਤਾਰ ਅੱਗੇ ਅਰਦਾਸ ਕਰਨੀ ਵਿਧਾਨ ਹੈ, ਅਤੇ ਅਰਦਾਸ ਕਰਨ ਵੇਲੇ ਦੋਵੇਂ ਹੱਥ ਜੋੜ ਕੇ ਖੜੇ ਹੋਣ ਦੀ ਆਗਜਾ ਹੈ,"[435] ਰਤਨ ਸਿੰਘ ਜੱਗੀ ਅਨੁਸਾਰ, 'ਅਰਦਾਸ ਕਰਨ ਨਾਲ ਜਿਗਿਆਸੂ ਦੇ ਮਨ ਵਿਚ ਦ੍ਰਿੜ੍ਹਤਾ-ਪੂਰਵਕ ਆਤਮ ਬਲ ਦਾ ਸੰਚਾਰ ਹੁੰਦਾ ਹੈ। ਉਹ ਆਤਮ ਨਿਰਭਰ ਹੁੰਦਾ ਹੈ। ਪਰਮ-ਸੱਤਾ ਦੀ ਸਰਵ-ਉੱਚਤਾ ਦੀ ਧਾਰਣਾ

[434] ਉਹੀ, ਪੰਨਾ 197

[435] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 81

ਉਸ ਦੇ ਮਨ ਵਿਚ ਬਣੀ ਰਹਿੰਦੀ ਹੈ। ਹਉਮੈ, ਦੁਬਿਧਾ ਅਤੇ ਸੁਆਰਥ ਜਿਹੇ ਅਨੇਕ ਵਿਕਾਰ ਖ਼ਤਮ ਹੁੰਦੇ ਹਨ। ਆਤਮ ਵਿਸ਼ਵਾਸ ਦੇ ਵਿਕਸਿਤ ਹੋਣ ਨਾਲ ਅਸੰਭਵ ਸਥਿਤੀ ਸੰਭਵ ਵਿਚ ਬਦਲ ਜਾਂਦੀ ਹੈ।[436]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਰਦਾਸ ਦਾ ਜ਼ਿਕਰ ਵਾਰ-ਵਾਰ ਆਇਆ ਹੈ ਸਿੱਖ ਧਰਮ ਵਿਚ ਕਿਸੇ ਵੀ ਕਾਰਜ ਨੂੰ ਸ਼ੁਰੂ ਕਰਨ ਅਤੇ ਉਸ ਦੀ ਨਿਰਵਿਘਨ ਸੰਪੂਰਨਤਾ ਲਈ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਜਾਂਦੀ ਹੈ। ਕਾਰਜ ਪੂਰਾ ਹੋਣ ਉਪਰੰਤ ਵੀ ਸੁਕਰਾਨੇ ਵਜੋਂ ਅਰਦਾਸ ਕੀਤੀ ਜਾਂਦੀ ਹੈ:

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥

ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥[437]

ਕਵੀ ਕੁਇਰ ਸਿੰਘ ਅਰਦਾਸ ਦੀ ਮਹੱਤਤਾ ਬਿਆਨ ਕਰਦਾ ਦਸਦਾ ਹੈ ਕਿ ਗੁਰੂ ਜੀ ਨੇ ਅੰਮ੍ਰਿਤ ਛਕਾਉਣ ਸਮੇਂ ਅੰਮ੍ਰਿਤ ਤਿਆਰ ਕਰਕੇ ਅਰਦਾਸ ਕੀਤੀ:

ਅੰਮ੍ਰਿਤ ਗੁਰੂ ਤਯਾਰ ਕਰ, ਕੈ ਅਰਦਾਸ ਕੀ ਰੀਤ।

ਠਾਢੇ ਕਮਰ ਛਕਾਇ ਕੈ, ਸਨਮੁਖ ਪੰਚ ਸੁ ਨੀਤ॥[438]

ਕਵੀ ਕੁਇਰ ਸਿੰਘ ਚਮਕੌਰ ਦੀ ਜੰਗ ਸਮੇਂ ਅਜੀਤ ਸਿੰਘ ਨੇ ਜੰਗ ਵਿਚ ਜਾਣ ਤੋਂ ਪਹਿਲਾਂ ਗੁਰੂ ਅੱਗੇ ਅਰਦਾਸ ਕਰਕੇ ਜੰਗ ਦੇ ਮੈਦਾਨ ਵਿਚ ਜੌਹਰ ਦਿਖਾਉਣ ਦਾ ਪ੍ਰਣ ਲਿਆ:

ਅਜੀਤ ਸਿੰਘ ਤਬ ਕਰ ਅਰਦਾਸਾ। ਕਹਯੋ, ''ਦੇਖੀਐ ਆਜ ਤਮਾਸਾ''॥[439]

ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਹੁਣ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਨਿਸਚਾ ਰੱਖਣਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸੀਸ ਨਿਵਾ ਕੇ ਪ੍ਰੇਮ ਨਾਲ ਕੀਤੀ ਅਰਦਾਸ ਨਾਲ ਸਾਰੀਆਂ ਇੱਛਾਵਾਂ ਪੂਰੀਆਂ ਹੋਣਗੀਆਂ ਤੇ ਭਰਮ ਦੂਰ ਹੋ ਜਾਣਗੇ:

ਗ੍ਰੰਥ ਗੁਰੂ ਮੈ ਨਿਹਚਾ ਧਾਰੈ। ਤਾ ਬਿਨ ਚਾਹ ਨ ਧਰੋ ਪਿਯਾਰੇ।

---

[436] ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 78

[437] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1093

[438] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 129

[439] ਉਹੀ, ਪੰਨਾ 202

ਤਾਕੀ ਵਾਂਛਾ ਸਭ ਗੁਰ ਪੂਰੈ। ਯਾ ਪਰ ਨਿਸਚਾ ਭ੍ਰਮ ਸਭ ਦੂਰੈ॥

ਯਾ ਬਿਧਿ ਸ੍ਰੀ ਗਿਰੰਥ ਸਿਰ ਨਜਾਈ। ਕਰ ਅਰਦਾਸ ਪ੍ਰੇਮ ਜੁਤ ਭਾਈ।

ਦਾਮ ਅਨੰਤ ਦਏ ਜੋ ਰਬਾਬੀ। ਮਾਨੋ ਚੜ੍ਹੀ ਗ੍ਰੰਥ ਬਚ ਆਬੀ॥[440]

ਖ਼ਾਲਸੇ ਦੀ ਅਰਦਾਸ ਵਾਲੀ ਸਾਖੀ ਵਿਚ ਬੰਦਾ ਸਿੰਘ ਬਹਾਦਰ ਗੁਰੂ ਜੀ ਤੋਂ ਰਿੱਧੀਆਂ-ਸਿੱਧੀਆਂ ਦੀ ਮੰਗ ਕਰਦਾ ਹੈ। ਗੁਰੂ ਸਾਹਿਬ ਨੇ ਕਿਹਾ, 'ਸਭ ਰਿੱਧੀਆਂ ਮੈਂ ਖ਼ਾਲਸਾ ਪੰਥ ਨੂੰ ਸੌਂਪ ਦਿੱਤੀਆਂ ਹਨ। ਹੁਣ ਤੂੰ ਵੀ ਖ਼ਾਲਸਾ ਪੰਥ ਦਾ ਹਿੱਸਾ ਬਣ ਗਿਆ ਹੈ। ਪੰਜ ਸਿੰਘਾਂ ਨੂੰ ਨਾਲ ਲੈ ਕੇ ਅਰਦਾਸ ਕਰਨ ਤੇ ਤੇਰਾ ਹਰੇਕ ਬਚਨ ਪੂਰਾ ਹੋਵੇਗਾ।' ਕਵੀ ਇਸ ਪ੍ਰਸੰਗ ਨੂੰ ਬਿਆਨ ਕਰਦਾ ਹੈ:

ਰਿੱਧਿ ਸਿੱਧਿ ਕਿਛ ਹਮ ਭੀ ਦੱਯੈ। ਜਿਮ ਪਤਿਆਰੋ ਜਗ ਮੈਂ ਪੱਯੈ।

ਜੌ ਮੈਂ ਕਰੋਂ ਸਿੰਘਨ ਸੋਂ ਧੋਹੁ। ਤੌਂ ਮੈਂ ਤੇ ਲਜੋ ਅਗਲੀ ਖੋਹ'॥

ਤਿਸ ਕੌ ਸਤਿਗੁਰ ਯੌ ਪੁਨ ਕਹੀ। 'ਸੌਂਪ ਸਭੀ ਹਮ ਖਾਲਸੈ ਦਈ।

ਹਮਨੈ ਖਾਲਸੇ ਤੂੰ ਭੀ ਰਲਾਯਾ। ਤੈਂ ਭੀ ਖਾਲਸਜੋਂ ਵੰਡਾ ਪਾਯਾ॥

ਪੰਜ ਸਿੰਘ ਲੈ ਕੇ ਤੂੰ ਸਾਥ। ਕਰ ਅਰਦਾਸ ਪੂਰੀ ਹੋਇ ਬਾਤ'।

ਯੌ ਸੁਨ ਬੰਦੇ ਕਰੀ ਚੜ੍ਹਾਈ। ਡੇਰਾ ਤੋਰਜੋ ਸਿਰਹੰਦੈ ਦਾਈ॥[441]

ਬੰਦਾ ਸਿੰਘ ਬਹਾਦਰ ਨੇ ਗੁਰੂ ਜੀ ਦੇ ਉਪਰੋਕਤ ਬਚਨਾਂ ਦੀ ਪਰਖ ਕਰਨ ਲਈ ਪੰਜ ਸਿੰਘ ਨੂੰ ਬੁਲਾ ਕੇ ਧਨ ਦੀ ਪ੍ਰਾਪਤੀ ਲਈ ਕਰਵਾਈ ਅਰਦਾਸ ਪੂਰੀ ਹੋਣ ਦਾ ਬਿਆਨ ਰਤਨ ਸਿੰਘ ਨੇ ਇਸ ਤਰ੍ਹਾਂ ਕੀਤਾ ਹੈ:

'ਨਹੀਂ ਖਰਚ ਅਬ ਹਮਰੇ ਪਾਸ। ਆਵੈ ਖਰਚ' ਯੌ ਕਰੀ ਅਰਦਾਸ।

ਅਏ ਲੁਬਾਣੇ ਲਗ ਗਈ ਲਾਰ। ਦਯੋ ਦਸਵੰਧ ਉਨ ਕਈ ਹਜ਼ਾਰ॥[442]

---

[440] ਉਹੀ, ਪੰਨਾ 287

[441] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 58

[442] ਉਹੀ, ਪੰਨਾ 59

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੁਬਿਧਾ 'ਸ਼ਬਦ' ਦਾ ਜ਼ਿਕਰ ਕਈ ਵਾਰ ਆਇਆ ਹੈ ਅਤੇ ਇਸਨੂੰ ਗੁਰਮਤਿ ਮਾਰਗ ਵਿਚ ਅੜਿੱਕਾ ਮੰਨਦਿਆਂ ਇਸ ਨੂੰ ਦੂਰ ਕਰਨ ਦੀ ਜੁਗਤੀ ਵੀ ਦੱਸੀ ਗਈ ਹੈ:

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰ ਕਰਹੁ ਲਿਵ ਲਾਇ।[443]

ਇਸ ਦੀ ਇਕ ਉਦਾਹਰਨ ਪੰਥ ਪ੍ਰਕਾਸ਼ ਵਿਚ ਮਿਲਦੀ ਕਿ ਜਦੋਂ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਵਿਚ ਤਕਰਾਰ ਵਧ ਗਿਆ ਤਾਂ ਦੋਵਾਂ ਧਿਰਾਂ ਦੇ ਸਿਆਣਿਆਂ ਬੰਦਿਆਂ ਨੇ ਸਰੋਵਰ ਵਿਚ ਪਰਚੀਆਂ ਪਾਉਣ ਦਾ ਮਤਾ ਕਰਕੇ ਨਿਰਣਾ ਗੁਰੂ ਤੇ ਛੱਡ ਦਿੱਤਾ ਕਿ ਕੌਣ ਠੀਕ ਹੈ:

'ਹੇ ਸਤਿਗੁਰ ਸਭ ਜਾਨੀ ਜਾਨ। ਭੂਤ ਭਵਿੱਖਤ ਔ ਬ੍ਰਤਮਾਨ।

ਜੌ ਤੂੰ ਪੰਥ ਵਧਾਯਾ ਲੋੜੈਂ। ਲਾ ਕਰ ਪ੍ਰਿਥਮੀ ਜੋ ਨਿਭੈ ਓੜੈ॥

ਤਾਂਕੀ ਚਿੱਠੀ ਅਬ ਤਰ ਆਵੈ। ਜਿਸ ਪੰਥ ਘਟਨੋਂ ਉਸ ਬੂਡ ਜਾਵੈ।

ਤੁਮ ਤੈ ਛਾਨੀ ਕੋਊ ਨ ਬਾਤੈ। ਤੁਮ ਨਿਜ ਕਰਤੈ ਨਿਜੈ ਬਿਧਾਤੈਂ'।[444]

ਸਰੋਵਰ ਵਿਚ ਪਰਚੀਆਂ ਪਾ ਕੇ ਦੁਬਿਧਾ ਦੂਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਪੰਥ ਨੂੰ ਇਸ ਦੁਬਿਧਾ ਵਿੱਚੋਂ ਕੱਢਣ ਦੀ ਅਰਦਾਸ ਕੀਤੀ:

ਠਾਂਢ ਭਏ ਕਰ ਜੋਰ ਸਭ ਉਚੋ ਕਰ ਅਰਦਾਸ।

'ਚਿੱਠੀ ਤਿਸੈ ਤਰਾਈਓ ਕਰਨੋ ਜਿਸੇ ਪ੍ਰਗਾਸ ॥[445]

ਕਵੀ ਰਤਨ ਸਿੰਘ ਦਸਦਾ ਹੈ ਕਿ ਭਾਈ ਸੁੱਖਾ ਸਿੰਘ ਵੱਲੋਂ ਅਬਦਾਲੀ ਦੇ ਇਕ ਸਿਪਾਹੀ ਨਾਲ ਦੁਵੱਲੇ ਮੁਕਾਬਲੇ ਸਮੇਂ ਭਾਈ ਸੁੱਖਾ ਸਿੰਘ ਨੂੰ ਤੋਰਨ ਵੇਲੇ ਗੁਰੂ ਅੱਗੇ ਆਪ ਸਹਾਈ ਹੋਣ ਦੀ ਪੰਜ ਸਿੰਘਾਂ ਵਲੋਂ ਅਰਦਾਸ ਕੀਤੀ ਗਈ:

ਲਈ ਸਿਰੋਹੀ ਦੁਇ ਕਰ ਨਮਸਕਾਰ। ਗਾਤ੍ਰੇ ਪਾਈ ਢਾਲ ਸੰਭਾਲ।

---

443 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1185

444 ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 130

445 ਉਹੀ, ਪੰਨਾ 130

ਪੰਜ ਸਿੰਘਨ ਦੇ ਅਰਦਾਸ ਕਰਾਈ। 'ਹੋਇ ਭਗੌਤੀ ਸਿੰਘਨ ਸਹਾਈ'॥[446]

ਭਾਈ ਸੁੱਖਾ ਸਿੰਘ ਵੱਲੋਂ ਉਪਰੋਕਤ ਦੁੱਵੇਲੇ ਮੁਕਾਬਲੇ ਜਿੱਤਣ ਉਪਰੰਤ ਅਬਦਾਲੀ ਦੇ ਸਿਪਾਹੀਆਂ ਵੱਲੋਂ ਸੁੱਖਾ ਸਿੰਘ ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸਿੰਘ ਸਰਦਾਰਾਂ ਨੇ ਉਲਟਾ ਹੱਲਾ ਕਰਕੇ ਭਾਈ ਸੁੱਖਾ ਸਿੰਘ ਨੂੰ ਬਚਾ ਲਿਆਂਦਾ। ਇਸ ਸਮੇ ਸਰਦਾਰਾਂ ਨੇ ਸੁੱਖਾ ਸਿੰਘ ਨੂੰ ਦੇਣ ਲਈ ਘੋੜੇ ਲਿਆਂਦੇ ਤੇ ਇਹ ਵਿਚਾਰ ਕੀਤੀ ਕਿ ਸੁੱਖਾ ਸਿੰਘ ਨੂੰ ਕੰਨਿਆ ਹੱਤਿਆਂ ਦੇ ਦੋਸ਼ ਤੋਂ ਬਖ਼ਸ਼ ਦਿੱਤਾ ਜਾਵੇ। ਇਹ ਸਲਾਹ ਨੂੰ ਮੰਨ ਲੈਣ 'ਤੇ ਉਸ ਨੂੰ ਪੰਥ ਵਿਚ ਸ਼ਾਮਿਲ ਕਰ ਲੈਣ ਉਪਰੰਤ ਖੁਸ਼ੀ ਦੀ ਅਰਦਾਸ ਕੀਤੀ ਗਈ:

ਸਰਦਾਰ ਸਭੀ ਚਲ ਡੇਰੇ ਆਏ। ਇਕ ਇਕ ਘੋੜਾ ਸਭੀ ਲਿਆਏ।

ਦੈ ਦੈ ਘੋੜੇ ਧੰਨ ਧੰਨ ਕਹਜੋ। ਸਿੰਘ ਚਰੈ ਦੋਖ ਕੰਨਜਾਂ ਬਖਸ਼ਯੋ॥

ਠਾਂਢ ਭਯੋ ਕਰ ਜੋਰ ਕਰ ਸਰਬ ਪੰਥ ਕੇ ਪਾਸ।

ਲਯੋ ਖਾਲਸੋ ਮੇਲ ਗਲ ਕਰ ਕਈ ਖੁਸ਼ੀ ਅਰਦਾਸ॥[447]

ਭਾਈ ਤਾਰੂ ਸਿੰਘ ਦੇ ਫੜੇ ਜਾਣ ਸਮੇਂ ਸਰਬਤ ਸੰਗਤ ਨੇ ਸਿੱਖੀ ਕੇਸਾਂ ਸੁਆਸਾਂ ਤੱਕ ਨਿਭਾਉਣ ਲਈ ਅਰਦਾਸ ਕੀਤੀ:

ਫਿਰ ਸਤਿਸੰਗਤ ਸਭ ਹਥ ਜੋੜੇ। 'ਨਿਭੈ ਲਾਜ ਸਿੱਖੀ ਕੀ ਓੜੈ'।

ਸਿਖ ਸੰਗਤ ਯੌ ਕਰੈ ਅਰਦਾਸ। 'ਸਿੱਖੀ ਸਾਥ ਨਿਬਾਹੀਂ ਸਾਸ'॥[448]

ਇਸ ਤਰ੍ਹਾਂ ਭਾਈ ਗੁਰਬਖਸ਼ ਸਿੰਘ ਨਿਹੰਗ ਦੀ ਸਾਖੀ ਵਿਚ ਵੀ ਸਾਨੂੰ ਜੰਗ ਲਈ ਜਾਣ ਤੋਂ ਪਹਿਲਾਂ ਗੁਰੂ ਅੱਗੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਲਈ ਅਰਦਾਸ ਦਾ ਪ੍ਰਸੰਗ ਮਿਲਦਾ ਹੈ:

ਹਰਿਮੰਦਰ ਕੇ ਹਜੂਰ ਇਮ ਖੜ ਕਰ ਕਰੀ ਅਰਦਾਸ।

'ਸਤਿਗੁਰ ਸਿੱਖੀ ਸੰਗ ਨਿਭੈ ਸੀਸ ਕੇਸਨ ਕੇ ਸਾਸ'॥[449]

---

[446] ਉਹੀ, ਪੰਨਾ 200

[447] ਉਹੀ, ਪੰਨੇ 201-202

[448] ਉਹੀ, ਪੰਨਾ 228

[449] ਉਹੀ, ਪੰਨਾ 336

ਜਦੋਂ ਮਹਿਰਾਜ ਵਾਲਿਆਂ ਨੂੰ ਰਾਜਾ ਚਤਰਸਾਲ ਦੁਆਰਾ ਉਜਾੜੇ ਜਾਣ ਦੀ ਖ਼ਬਰ ਕੰਨੀ ਪਈ ਤਾਂ ਉਹ ਬਹੁਤ ਘਬਰਾ ਗਏ। ਉਹ ਭਾਈ ਭਗਤੂ ਕੋਲ ਆਏ ਤਾਂ ਭਾਈ ਭਗਤੂ ਨੇ ਉਹਨਾਂ ਨੂੰ ਗੁਰੂ ਅੱਗੇ ਅਰਦਾਸ ਕਰਨ ਲਈ ਕਿਹਾ:

ਮਹਿਰਾਜੀ ਸੁਨ ਭਗਤੂ ਢਿਗ ਅਏ। ਹਕੀਕਤ ਸਭੀ ਬਤਾਵਤ ਭਏ।
ਭਗਤੂ ਕਹੀ 'ਓਟ ਨਹੀਂ ਔਰੈ। ਸ੍ਰੀ ਗੁਰ ਵਲ ਚਹੀਏ ਹਥ ਜੋੜੇ'॥
ਕਰੀ ਅਰਦਾਸ ਸ੍ਰੀ ਸਤਿਗੁਰ ਧਜਾਇ। 'ਇਸ ਆਫਤੋਂ ਗੁਰ ਲਈਂ ਰਖਾਇ'।
ਐਸੀ ਭਈ ਸਤਿਗੁਰ ਕੀ ਕਲਾ। ਆਇ ਉਤਰਜੋ ਢਿਗ ਚੱਕ੍ਰ ਔਰ ਭਲਾ॥[450]

ਭਾਈ ਆਲਾ ਸਿੰਘ ਦੀ ਰੱਖਿਆ ਵਾਲੇ ਪ੍ਰਸੰਗ ਵਿਚ ਜਦੋਂ ਆਲਾ ਸਿੰਘ ਨੇ ਮਲੇਰਕੋਟਲੇ ਵਾਲਿਆਂ ਤੋਂ ਆਪਣੀ ਰੱਖਿਆ ਕਰਨ ਲਈ ਕਿਹਾ ਤਾਂ ਪੰਥ ਨੇ ਉਸ ਦੀ ਬੇਨਤੀ ਮੰਨ ਲਈ ਅਤੇ ਅਕਾਲ ਤਖ਼ਤ ਵਿਖੇ ਅਰਦਾਸ ਕੀਤੀ। ਉਸ ਦੀ ਸਹਾਇਤਾ ਕਰਨ ਦਾ ਵਚਨ ਦਿੱਤਾ:

ਹਮ ਕੋ ਆਇ ਮਲੇਰੀ ਸਤਾਵੈਂ। ਮੁਲਕ ਹਮਾਰੋ ਲੁੱਟ ਲਿਜਾਵੈਂ।
ਸੁਨ ਕਰ ਉੱਤ੍ਰ ਪੰਥ ਉਚਾਰਜੋ। ਅਸੀਂ ਕਰੈਂਗੇ ਉਨ ਚੜ ਮਾਰਜੋ।
ਕਿਮ ਕਰ ਉਨ ਕੋ ਕਾਬੂ ਕਰਵਾਯੋ। ਗੜ੍ਹ ਕੋਟਨ ਕਿਤੈ ਦੂਰ ਲਿਆਯੋ।
ਉਸ ਕਰ ਸਿੰਘ ਉਨ ਮਾਰ ਗਵਾਹਿਂ। ਜਿਮ ਕਰ ਪੰਥੈ ਦਾਸ ਸੁ ਮਾਹਿਂ।
ਆਲੈ ਸਿੰਘ ਤਿਮ ਲੀਨੀ ਮਾਨ। 'ਮੈਂ ਯਹੀ ਕਰੂੰਗੁ ਜਾ ਉਹਾਂ ਠਾਨ'।
ਕਹੀ ਪੰਥ 'ਆਵੈਂ ਤੁਮ ਪਾਸ'। ਅਕਾਲ ਬੁੰਗੈ ਖੜ ਕਰੀ ਅਰਦਾਸ॥[451]

ਇਸ ਤੋਂ ਬਾਅਦ ਹਮਲਾ ਕਰਨ ਸਮੇਂ ਪੰਥ ਨੇ ਗੁਰੂ ਅੱਗੇ ਅਰਦਾਸ ਕੀਤੀ:

ਚੜਜੋ ਖਾਲਸੋ ਕਰ ਅਰਦਾਸ। 'ਮਾਰ ਦੁਸ਼ਟ ਕੰਮ ਪੰਥ ਹੁਹਿ ਰਾਸ'॥[452]

---

[450] ਉਹੀ, ਪੰਨਾ 371

[451] ਉਹੀ, ਪੰਨਾ 375

[452] ਉਹੀ, ਪੰਨਾ 376

ਇਸ ਲੜਾਈ ਤੋਂ ਬਾਅਦ ਆਲਾ ਸਿੰਘ ਬਹੁਤ ਖੁਸ਼ ਹੋਇਆ। ਉਹ ਭੇਟਾਵਾਂ ਤੇ ਨਜ਼ਰਾਨੇ ਲੈ ਕੇ ਆਇਆ। ਉਹ ਨਿਹੰਗ ਸਿੰਘਾਂ ਦੇ ਪੈਰੀਂ ਪੈ ਗਿਆ ਤੇ ਪੰਥ ਤੋਂ ਅਰਦਾਸ ਕਰਵਾ ਕੇ ਅਤਿਅੰਤ ਖੁਸ਼ੀਆਂ ਲਈਆਂ:

ਔਰ ਸੁਨੋਂ ਆਲੈ ਸਿੰਘ ਗੱਲ। ਮਿਲਯੋ ਪੰਥ ਕੋ ਜਿਮ ਝਬ ਚੱਲ।
ਲਗੋ ਪੰਥ ਕੇ ਦਿਸਨ ਨਿਸ਼ਾਨ। ਸੁਨਯੋ ਪੰਥ ਕੋ ਲਗਯੋ ਦਿਵਾਨ॥
ਹਾਥ ਜੋੜ ਕੇ ਸੀਸ ਝੁਕਾਯੋ। ਛੱਡ ਘੋੜੈ ਕੋ ਚਰਨੀ ਧਾਯੋ।
ਨਿਵ ਨਿਵ ਕੁੰਨਸੋ ਲਗੋ ਕਰਨ। ਮਿਲੈ ਨਿਹੰਗ ਤਿਸ ਛੋਹੈ ਗੋਡੇ ਚਰਨ॥
ਭਰ ਮੁਠੀ ਉਸ ਰੁਪੱਯਨ ਦੇਹਿਂ। ਕਰਵਾਇ ਅਰਦਾਸ ਔਰ ਖੁਸ਼ੀਆਂ ਲੇਹਿ।[453]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਦੋਵੇਂ ਗ੍ਰੰਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪੰਥ ਨੇ ਹਮੇਸ਼ਾ ਹੀ ਆਪਣੇ ਕਾਰਜ, ਖੁਸ਼ੀ, ਗ਼ਮੀ, ਮੁਸੀਬਤਾਂ ਸਮੇਂ ਅਰਦਾਸ ਕਰਕੇ ਗੁਰੂ ਦਾ ਓਟ-ਆਸਰਾ ਲਿਆ।

### 3.12. ਲੰਗਰ

ਫ਼ਾਰਸੀ ਮੂਲ ਦੇ 'ਲੰਗਰ' ਦਾ ਸ਼ਾਬਦਿਕ ਅਰਥ ਹੈ ਉਹ ਥਾਂ ਜਿੱਥੇ ਗਰੀਬਾਂ/ਅਨਾਥਾਂ ਨੂੰ ਅੰਨ ਦਾ ਦਾਨ ਮਿਲੇ।[454] ਸਿੱਖ ਧਰਮ ਵਿਚ ਅਰਦਾਸ ਦੀ ਪਰੰਪਰਾ ਵਾਂਗ ਲੰਗਰ ਪ੍ਰਥਾ ਵੀ ਇਕ ਵਿੱਲਖਣ ਪਰੰਪਰਾ ਹੈ। ਦੁਨੀਆ ਦੇ ਕਿਸੇ ਵੀ ਹੋਰ ਧਰਮ ਵਿਚ ਇਹ ਪਰੰਪਰਾ ਨਹੀਂ ਮਿਲਦੀ। ਭਾਈ ਕਾਨ੍ਹ ਸਿੰਘ ਨਾਭਾ ਨੇ ਲੰਗਰ ਦੇ ਅਰਥ ਇਸ ਤਰ੍ਹਾਂ ਕੀਤੇ ਹਨ- ਅਨਲਗ੍ਰਿਹ, ਪਾਕਸ਼ਾਲਾ, ਰਸੋਈ ਦਾ ਘਰ,[455] ਸਿੱਖ ਸੰਗਤ ਵੱਲੋਂ ਆਪਣੀ ਕਿਰਤ ਕਮਾਈ ਵਿੱਚੋਂ ਬਣਦਾ ਯੋਗਦਾਨ ਪਾ ਕੇ ਲੋੜਵੰਦਾਂ, ਯਾਤਰੀਆਂ ਅਤੇ ਸੰਗਤਾਂ ਦੀ ਸੇਵਾ ਲਈ ਭੋਜਨ-ਪਾਣੀ ਤਿਆਰ ਕੀਤਾ ਜਾਂਦਾ ਹੈ ਅਤੇ ਬਿਨਾਂ ਕਿਸੇ ਭੇਦ-ਭਾਵ ਦੇ ਸਭਨਾਂ ਨੂੰ ਇਕ ਪੰਗਤ ਵਿਚ ਬੈਠਾਕੇ ਛਕਾਇਆ ਜਾਂਦਾ ਹੈ। ਜੇਕਰ ਅਸੀਂ ਲੰਗਰ ਪ੍ਰਥਾ ਦੇ ਪਿਛੋਕੜ ਵੱਲ ਜਾਈਏ ਤਾਂ ਇਸ ਦੇ ਦੋ ਮਨੋਰਥ ਸਾਹਮਣੇ ਆਉਂਦੇ ਹਨ:

---

[453] ਉਹੀ, ਪੰਨਾ 377

[454] ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 1567

[455] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1076

1. ਲੋੜਵੰਦਾਂ ਲਈ ਭੋਜਨ।

2. ਜਾਤ-ਪਾਤ ਦਾ ਖਾਤਮਾ।

ਜਦੋਂ ਗੁਰੂ ਸਾਹਿਬ ਨੇ ਲੰਗਰ ਇੱਕੋ ਪੰਗਤ ਵਿਚ ਬੈਠ ਕੇ ਛਕਣ ਦਾ ਉਪਦੇਸ਼ ਦਿੱਤਾ ਤਾਂ ਉੱਚ ਜਾਤੀ ਵਾਲਿਆਂ (ਬ੍ਰਾਹਮਣ, ਖੱਤਰੀਆਂ) ਨੇ ਇਸ ਦਾ ਵਿਰੋਧ ਕੀਤਾ। ਗੁਰੂ ਸਾਹਿਬ ਨੇ ਆਪਣੇ ਇਸ ਉਦੇਸ਼ ਨੂੰ ਪੂਰਾ ਕਰਨ ਲਈ ਇਹ ਹੁਕਮ ਵੀ ਕੀਤਾ ਕਿ ਜੇਕਰ ਕੋਈ ਉਹਨਾਂ ਦੇ ਦਰਸ਼ਨਾਂ ਲਈ ਆਉਂਦਾ ਹੈ ਤਾਂ ਉਸਨੂੰ ਪਹਿਲਾਂ ਪੰਗਤ ਵਿਚ ਬਹਿ ਕੇ ਲੰਗਰ ਛਕਣਾ ਜ਼ਰੂਰੀ ਹੈ। ਗੁਰੂ ਸਾਹਿਬ ਨੇ ਕਿਹਾ: ਪਹਿਲੈ ਪੰਗਤ ਪਾਛੈ ਸੰਗਤ। ਇਤਿਹਾਸ ਗਵਾਹ ਹੈ ਕਿ ਜਦੋਂ ਅਕਬਰ ਗੁਰੂ ਸਾਹਿਬ ਨੂੰ ਮਿਲਣ ਆਇਆ ਤਾਂ ਉਸਨੇ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਿਆ। ਇੱਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਜਦੋਂ ਅਕਬਰ ਨੇ ਗੁਰੂ ਸਾਹਿਬ ਨੂੰ ਲੰਗਰ ਲਈ ਇਕ ਜਾਗੀਰ ਦੇਣ ਲਈ ਕਿਹਾ ਤਾਂ ਗੁਰੂ ਸਾਹਿਬ ਨੇ ਸਾਫ਼ ਮਨ੍ਹਾਂ ਕਰ ਦਿੱਤਾ ਕਿ ਕਿਹਾ ਕਿ ਇਹ ਸੰਗਤਾਂ ਦੇ ਯੋਗਦਾਨ ਨਾਲ ਹੀ ਚਲਾਇਆ ਜਾਵੇਗਾ।

ਰਤਨ ਸਿੰਘ ਭੰਗੂ ਦੀ ਰਚਨਾ ਵਿਚ ਸਾਨੂੰ ਲੰਗਰ ਬਾਰੇ ਕਈ ਹਵਾਲੇ ਮਿਲਦੇ ਹਨ। ਭੰਗੂ ਹਿੰਦਾਲੀਆਂ ਵਾਲੀ ਸਾਖੀ ਵਿਚ ਗੁਰੂ ਸਾਹਿਬ ਦੁਆਰਾ ਲੰਗਰ ਚਲਾਏ ਜਾਣ ਦਾ ਵਰਨਣ ਕਰਦਾ ਹੈ:

ਉਨਿ ਸੁਨਿਓਂ 'ਗੁਰ ਲੰਗਰ ਚਲਾਵੈਂ। ਉਹਾਂ ਜਾਇ ਲੋਕ ਪੇਟ ਭਰ ਖਾਵੈਂ।
ਕਰੇ ਟਹਿਲ ਭਾਵੈਂ ਨਾਂਹਿ ਕਰਾਹਿ। ਤਹਾਂ ਰਿਜਕ ਕੀ ਕਮੀ ਸੁ ਨਾਂਹਿ'।
ਇਮ ਸੁਨਿ ਕੈ ਵਹਿ ਤਹਾਂ ਪਧਰਯੋ। ਜਾਇ ਲਾਂਗਰੀਅਨ ਮੱਧ ਸੰਚਰਯੋ।
ਭਰੈ ਪੇਟ ਔਰ ਜਬਹੂੰ ਖਾਇ। ਆਟਾ ਗੁੰਨ੍ਹੈ ਬਹੁ ਚੁਲ੍ਹੇ ਤਪਾਇ॥[456]

ਲੰਗਰ ਪ੍ਰਥਾ ਦੀ ਇਕ ਵਿਲੱਖਣਤਾ ਇਹ ਵੀ ਹੈ ਕਿ ਲੰਗਰ ਰਲ਼ਮਿਲ ਕੇ ਛਕਿਆ ਜਾਂਦਾ ਹੈ। ਭੋਜਨ-ਪਾਣੀ ਦੀ ਕਮੀ ਹੋਣ 'ਤੇ ਵੀ ਸੰਗਤੀ ਰੂਪ ਵਿਚ ਸਾਰਿਆਂ ਨੂੰ ਥੋੜ੍ਹਾ-ਥੋੜ੍ਹਾ ਛਕਾਉਣ ਦੀ ਪਰੰਪਰਾ ਹੈ ਜਿਸ ਦੀ ਮਿਸਾਲ ਰਤਨ ਸਿੰਘ ਭੰਗੂ ਨੇ ਖ਼ਾਲਸੇ ਦੇ ਵਿਵਹਾਰ ਵਾਲੀ ਸਾਖੀ ਵਿਚ ਦਿੱਤੀ ਹੈ:

ਰਾਤਿ ਪੜਤ ਸਿੰਘ ਘਰ ਕੋ ਜਾਨ। ਘਰ ਤੇ ਮਿਲੈ ਸੁ ਰਲਮਿਲ ਖਾਨ।

---

[456] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 144

ਉਨ ਸਿੰਘ ਪਾਸ ਕੋਊ ਔਰ ਆਵੈ। ਉਸੈ ਖੁਲਾਇਕੈ ਤੌ ਆਪ ਖਾਵੈਂ॥

ਜਿਸੇ ਸਿੱਖ ਪੈ ਕਮ ਹੋਇ ਚੂਨ। ਉਸੈ ਖੁਲਾਵੈਂ ਆਪ ਰਹਿਂ ਊਨ।

ਜੋਊ ਜੋਊ ਸਿੰਘ ਉਦਮੀ ਹੋਇ। ਦਸ ਪੰਜ ਰਲ ਕੇ ਦੌੜੈਂ ਸੋਇ॥

ਸਾਗ ਅੰਨ ਪਟ ਲਜਾਵੈਂ ਸੋਇ। ਚੋਰੀ ਛਿਪੀ ਪੈ ਉਨ ਗੁਜਰ ਹੋਇ।

ਕੈ ਬਖਤਾਵਰ ਜਿਸ ਹੁਇ ਪਿਤ ਮਾਤ। ਸੋਈ ਜਾਇ ਘਰ ਖਾਵੈ ਰਾਤ॥[457]

ਇਸ ਤਰ੍ਹਾਂ ਹੀ ਭਾਈ ਤਾਰੂ ਸਿੰਘ ਦੀ ਗ੍ਰਿਫ਼ਤਾਰੀ ਵਾਲੀ ਸਾਖੀ ਵਿਚ ਨਵਾਬ ਪੁੱਛਦਾ ਹੈ ਕਿ ਮੇਰੀ ਸਖ਼ਤੀ ਦੇ ਬਾਵਜੂਦ ਸਿੰਘਾਂ ਨੂੰ ਭੋਜਨ ਪਾਣੀ ਕਿੱਥੋਂ ਮਿਲ ਰਿਹਾ ਹੈ ਤਾਂ ਨਿਰੰਜਣੀਆ ਭਗਤ ਦਸਦਾ ਹੈ:

ਐਸੇ ਐਸੇ ਸਿੰਘ ਜਗ ਮਾਂਹੀ। ਸਿੰਘ ਛਕਾਇ ਪੀਐਂ ਨਿਜ ਖਾਹੀਂ॥

ਆਪ ਸਹੈਂ ਵੈ ਨੰਗ ਅਰ ਭੁੱਖ। ਦੇਖ ਸਕੈਂ ਨਹਿਂ ਸਿੰਘਨ ਦੁੱਖ।

ਆਪ ਗੁਜ਼ਾਰੈਂ ਅਗਨੀ ਨਾਲ। ਸਿੰਘਨ ਘਲੈਂ ਪੁਸ਼ਾਕ ਸਿਵਾਲ॥

ਕਈ ਪੀਸਨਾ ਪੀਸ ਕਮਾਵੈਂ। ਵੈ ਭੀ ਸਿੰਘਨ ਪਾਸ ਪੁਚਾਵੈਂ।

ਬਾਣ ਬੱਟ ਕਈ ਕਰੈਂ ਮਜੂਰੀ। ਭੇਜੈਂ ਸਿੰਘਨ ਪਾਸ ਜ਼ਰੂਰੀ॥

ਦੂਰ ਜਾਇ ਜੋ ਚਾਕਰੀ ਕਰਿਹੀਂ। ਆਇ ਸਿੰਘਨ ਕੇ ਆਗੈ ਧਰਿਹੀਂ।

ਸਿੰਘ ਜੋਊ ਪਰਦੇਸ਼ ਸਿਧਾਰੇ। ਭੇਜੈਂ ਸਿੰਘਨ ਓਇ ਗੁਰ ਪਜਾਰੇ'॥

ਸੁਨ ਨਵਾਬ ਸਿਰ ਫੇਰਿ ਕਹਿ 'ਕਠਨ ਪੰਥ ਭਯੋ ਯਾਹਿ।

ਹਮ ਤੇ ਮਾਰੇ ਮਰਤ ਕਬ ਮਾਰੈ ਇਨ੍ਹੈਂ ਖ਼ੁਦਾਇ'॥[458]

ਤਦ ਨਵਾਬ ਨੇ ਕਿਹਾ ਕਿ ਤੁਸੀਂ ਉਹਨਾਂ ਸਿੱਖਾਂ ਬਾਰੇ ਦੱਸੋ ਜਿਹੜੇ ਲੰਗਰ ਲਈ ਰਸਦ ਭੇਜਦੇ ਹਨ। ਇਸ ਦੇ ਜਵਾਬ ਵਿਚ ਨਿਰੰਜਣੀਆ ਭਗਤ ਭਾਈ ਤਾਰੂ ਸਿੰਘ ਬਾਰੇ ਦਸਦਾ ਹੈ:

ਤਾਰੂ ਸਿੰਘ ਤਹਿਂ ਖੇਤੀ ਕਰੈ। ਸਾਥ ਪਿੰਡ ਵਹਿ ਹਾਲਾ ਭਰੈ॥

---

[457] ਉਹੀ, ਪੰਨਾ 207

[458] ਉਹੀ, ਪੰਨੇ 213-214

ਦੇਹ ਹਾਕਮ ਕਛੁ ਥੋੜਾ ਖਾਵੈ। ਬਚੈ ਸਿੰਘਨ ਕੇ ਪਾਸ ਪੁਚਾਵੈ।

ਹੈ ਉਸ ਕੇ ਇਕ ਭੈਣ ਅਰ ਮਾਈ। ਪੀਸ ਕੂਟ ਵੈਂ ਕਰੈਂ ਕਮਾਈ॥

ਆਪ ਖਾਇ ਵਹਿ ਰੂਖੀ ਮਿੱਸੀ। ਮੋਟਾ ਪਹਿਰ ਆਪ ਰਹਿ ਲਿੱਸੀ।

ਜੋਊ ਬਚੇ ਸੋ ਸਿੰਘਨ ਦੇਵੈ। ਉਇ ਬਨ ਸਿੰਘਨ ਔਰ ਨ ਸੇਵੈ॥[459]

ਉਪਰੋਕਤ ਪ੍ਰਸੰਗ ਤੋਂ ਸਿੱਧ ਹੁੰਦਾ ਹੈ ਕਿ ਸਿੱਖਾਂ ਨੇ ਇਤਿਹਾਸ ਦੇ ਔਖੇ ਤੇ ਬਿਖੜੇ ਸਮਿਆਂ ਵਿਚ ਵੀ ਲੰਗਰ ਪ੍ਰਥਾ ਦੀ ਪਾਲਣਾ ਕੀਤੀ ਤੇ ਇਸ ਲਈ ਆਪਣੀ ਜਾਨ ਤੱਕ ਦੀ ਪਰਵਾਹ ਨਹੀਂ ਕੀਤੀ। ਭਾਈ ਤਾਰੂ ਸਿੰਘ ਦੀ ਸ਼ਹੀਦੀ ਇਸ ਗੱਲ ਦੀ ਸ਼ਾਅਦੀ ਭਰਦੀ ਹੈ। ਗੁਰਬਿਲਾਸ ਵਿਚ ਲੰਗਰ ਸੰਬੰਧੀ ਕੋਈ ਖ਼ਾਸ ਵੇਰਵਾ ਨਹੀਂ ਮਿਲਦਾ।

### 3.13. ਰਹਿਤ

ਰਹਿਤ ਸਿੱਖ ਧਰਮ ਦਾ ਇਕ ਅਨਿੱਖੜਵਾਂ ਅੰਗ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਰਹਿਤ ਦੇ ਅਰਥ ਇਸ ਤਰ੍ਹਾਂ ਕੀਤੇ ਹਨ, ਸੰਗਜਾ-ਰਹਤ, ਰਹਣੀ. ਧਾਰਨਾ। ੨ ਸਿੱਖ ਨਿਯਮਾਂ ਦੀ ਪਾਬੰਦੀ, ਸਿੱਖ ਧਰਮ ਦੇ ਨਿਯਮ ਅਨੁਸਾਰ ਰਹਿਣ ਦੀ ਕ੍ਰਿਯਾ।[460] ਗੁਰੂ ਸਾਹਿਬਾਨ ਨੇ ਹਮੇਸ਼ਾਂ ਹੀ ਸਿੱਖਾਂ ਦੇ ਰਹਿਤਵਾਨ ਹੋਣ 'ਤੇ ਜੋਰ ਦਿੱਤਾ। ਅਸੀਂ ਜਾਣਦੇ ਹਾਂ ਕਿ ਅਨੁਸ਼ਾਸਨ ਕਿਸੇ ਸੰਸਥਾ ਜਾਂ ਕੌਮ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ ਜਦੋਂ ਕੋਈ ਸੰਸਥਾਂ ਜਾਂ ਕੌਮ ਅਨੁਸ਼ਾਸਨਹੀਣ ਹੋ ਜਾਂਦੀ ਹੈ ਤਾਂ ਉਸ ਦਾ ਪਤਨ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸੇ ਕਰਕੇ ਗੁਰੂ ਸਾਹਿਬਾਨ ਨੇ ਨਾਮ ਸਿਮਰਨ, ਸੇਵਾ ਅਤੇ ਸ਼ਾਸਤਰ ਵਿੱਦਿਆ ਦੇ ਨਾਲ-ਨਾਲ ਰਹਿਤ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਰਹਿਤ ਦੋ ਤਰ੍ਹਾਂ ਦੀ ਹੁੰਦੀ ਹੈ: ਅੰਦਰੂਨੀ ਰਹਿਤ ਤੇ ਬਾਹਰੀ ਰਹਿਤ। ਅੰਦਰੂਨੀ ਰਹਿਤ ਦਾ ਭਾਵ ਮਾਨਸਿਕ ਰਹਿਣੀ ਹੈ ਤੇ ਬਾਹਰਲੀ ਰਹਿਤ ਦਾ ਸੰਬੰਧ ਸਰੀਰਕ ਰਹਿਣੀ ਬਹਿਣੀ ਨਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਨੂੰ ਅਨੇਕਾਂ ਉਪਦੇਸ਼ ਹਵਾਲੇ ਮਿਲਦੇ ਹਨ:

---

[459] ਉਹੀ, ਪੰਨਾ 214

[460] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1015

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ

ਜਪਾਵੈ॥੨॥[461]

ਗੁਰੂ ਗੋਬਿੰਦ ਸਿੰਘ ਜੀ ਨੇ ਰਹਿਤ 'ਤੇ ਬਲ ਦਿੰਦਿਆ ਇੱਥੋਂ ਤੱਕ ਕਹਿ ਦਿੱਤਾ:

ਰਹਣੀ ਰਹੇ ਸੋਈ ਸਿੱਖ ਮੇਰਾ। ਵਹ ਠਾਕੁਰੁ ਮੈਂ ਉਸ ਕਾ ਚੇਰਾ॥[462]

ਗੁਰੂ ਸਾਹਿਬ ਨੇ ਰਹਿਤਵਾਨ ਖ਼ਾਲਸੇ ਨੂੰ ਆਪਣਾ ਰੂਪ ਮੰਨਿਆ ਤੇ ਕਿਹਾ ਕਿ ਮੈਂ ਖ਼ਾਲਸੇ ਵਿਚ ਹੀ ਨਿਵਾਸ ਕਰਦਾ ਹਾਂ:

ਖ਼ਾਲਸਾ ਮੇਰੋ ਰੂਪ ਹੈ ਖਾਸ॥ ਖਾਲਸਹ ਮਹਿ ਹਉਂ ਕਰਹੁੰ ਨਿਵਾਸ॥

ਖ਼ਾਲਸਾ ਮੇਰੋ ਮੁਖ਼ ਹੈ ਅੰਗ॥ ਖ਼ਾਲਸੇ ਕੇ ਹਉ ਬਸਤਿ ਸਦ ਸੰਗ॥[463]

ਦੋਵੇਂ ਕਵੀਆਂ ਨੇ ਦੱਸਿਆ ਕਿ ਖ਼ਾਲਸਾ ਸਾਜਣਾ ਸਮੇਂ ਗੁਰੂ ਸਾਹਿਬ ਨੇ ਅੰਮ੍ਰਿਤ ਛਕਾਉਣ ਦੇ ਨਾਲ-ਨਾਲ ਰਹਿਤ ਵੀ ਦ੍ਰਿੜ ਕਰਵਾਈ ਤੇ ਇਸ 'ਤੇ ਪਹਿਰਾ ਦੇਣ ਦਾ ਉਪਦੇਸ਼ ਦਿੱਤਾ:

ਜਹਾਂ ਧਰਮਸਾਲਾ ਤਹਾਂ ਨੀਤ ਜੈਯੈ। ਗੁਰੂ ਦਰਸ ਕੀਜੈ ਮਹਾਂ ਸੁਖ ਪੈਯੈ।

ਜਪੋ ਵਾਹਗੁਰੂ ਜਾਪ ਚੀਤੰ ਸਦਾ ਹੀ। ਸਦਾ ਨਾਮ ਲੀਜੈ ਗੁਰੂ ਗੀਤ ਗਾਹੀ॥

---

[461] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨੇ 305-306

[462] ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨਾ 152

[463] ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ (ਸੰਪੂਰਨ ਸਟੀਕ), ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਜਥੇਦਾਰ, ਪੰਨਾ 531

ਬਿਨਾ ਵਾਹਗੁਰੂ ਨਾਹ ਮੁਖ ਭੋਜ ਧਾਰੈ। ਧਰਾ ਚੰਡਿਕਾ ਗੋਦ ਮੈ ਤੋਹ ਪਜਾਰੇ।[464]

ਅਤੇ

ਔਰ ਕਹੀ; 'ਗੁਰਬਾਣੀ ਪੜ੍ਹਾਯੋ। ਜਪੁ ਜਾਪ ਦੋਇ ਵੇਲੇ ਜਪਾਯੋ।

ਔ ਅਨੰਦ ਰਹਿਰਾਸ ਜਪੱਯੋ। ਚੰਡੀ ਬਾਨੀ ਖੜੇ ਪੜ੍ਹੱਯੋ॥

ਦੋਇ ਵੇਲੇ ਉਠ ਬੰਧਯੋ ਦਸਤਾਰੇ। ਪਹਰ ਆਠ ਰੱਖਯੋ ਸ਼ਸਤ੍ਰ ਸੰਭਾਰ।

ਪੀਓ ਸੁਧਾ ਔ ਖਲੋ ਸ਼ਿਕਾਰ। ਸ਼ਸਤ੍ਰ ਵਿਦਜਾ ਜਿਮ ਹੋਇ ਸੰਭਾਰ॥

ਕਰ ਝਟਕੈ ਬਕਰਨ ਕੋ ਖੱਯੋ। ਮੁਰਦੈ ਕੁੱਠੈ ਨਿਕਟ ਨ ਜੱਯੋ।

ਕੇਸਨ ਕੀ ਕੀਜੋ ਪ੍ਰਤਿਪਾਲ। ਨਹਿ ਉਸਤ੍ਰਨ ਸੋ ਕਟਯੋ ਬਾਲ॥[465]

ਗੁਰੂ ਸਾਹਿਬ ਨੇ ਇਹ ਵੀ ਕਿਹਾ:

ਪੁਨ ਸਤਿਗੁਰ ਉਨ ਸਿੱਛਜਾ ਦਈ। 'ਮੀਣੇ ਮਸੰਦਨ ਬਰਤਯੋ ਨਹੀਂ।

ਕੁੜੀਮਾਰ ਰਮਰਈ ਨੜੀਮਾਰ। ਜੋ ਇਨ ਮਿਲੈ ਸੁ ਹੁਇ ਹੈ ਖ੍ਵਾਰ॥

ਜਥਾ ਸ਼ਕਤ ਗੁਰ ਗੋਲਕ ਪਾਯੋ। ਕੜਾਹ ਕਰਾਇ ਖਾਲਸੈ ਛਕਾਯੋ।

ਪਹਿਰ ਕਛਹਿਰੇ ਸਿਰ ਬੰਧਯੋ ਪਾਗ। ਗੁਰੂ ਗ੍ਰੰਥ ਬਚਨ ਪਰ ਰਹਯੋ ਲਾਗ'॥[466]

ਇਸ ਤੋਂ ਇਲਾਵਾ ਇਹਨਾਂ ਗ੍ਰੰਥਾਂ ਵਿਚ ਅਨੇਕਾਂ ਰਹਿਤਵਾਨ ਤੇ ਸਿਦਕਵਾਲੇ ਸਿੰਘਾਂ ਦੇ ਹਵਾਲੇ ਮਿਲਦੇ ਹਨ। ਜਿਨ੍ਹਾਂ ਨੇ ਆਪਣੇ ਜੀਵਨ ਵਿਚ ਅੰਤਿਮ ਸਵਾਸਾਂ ਤੱਕ ਸਿੱਖੀ ਰਹਿਤ ਦਾ ਪਾਲਣ ਕੀਤਾ। ਜਿਨ੍ਹਾਂ ਵਿੱਚੋਂ ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ, ਭਾਈ ਗੁਰਬਖਸ਼ ਸਿੰਘ ਅਜਿਹੇ ਰਹਿਤਵਾਨ ਸਿੱਖ ਸਨ ਜਿਨ੍ਹਾਂ ਨੇ ਰਹਿਤ ਨਹੀਂ ਤਿਆਗੀ ਤੇ ਸ਼ਹਾਦਤ ਪ੍ਰਵਾਨ ਕਰ ਲਈ।

### 3.14. ਕਥਾ-ਕੀਰਤਨ

---

[464] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 130

[465] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 26

[466] ਉਹੀ, ਪੰਨਾ 26

ਭਾਈ ਕਾਨ੍ਹ ਸਿੰਘ ਨਾਭਾ ਕੀਰਤਨ ਬਾਰੇ ਦਸਦੇ ਹਨ, 'ਨਾਮ ਸਿਮਰਨ, ਸ਼ਬਦ-ਸੁਰਤ ਸਾਧਨਾ ਦੇ ਨਾਲ ਨਾਲ ਗੁਰਸਿੱਖੀ ਵਿਚ ਕੀਰਤਨ ਨੂੰ ਵੀ ਮਨ ਦੀ ਇਕਾਗਰਤਾ ਅਤੇ ਮਨ ਨੂੰ ਗੁਰਸ਼ਬਦ ਵਿਚ ਜਗਾਣ ਦਾ ਸਰਵੋਤਮ ਅਤੇ ਕਾਰਗਰ ਸਾਧਨ ਪ੍ਰਵਾਨ ਕੀਤਾ ਗਿਆ ਹੈ। ਸਿੱਖ ਧਰਮ ਵਿਚ ਕੀਰਤਨ ਗੁਰਬਾਣੀ ਦਾ ਸ੍ਵਰ ਲੈਅ ਤਾਲ ਨਾਲ ਸਮੇਂ ਸਮੇਂ ਰਾਗਾਂ ਵਿਚ ਗਾਉਣਾ ਹੈ।[467] ਭਾਈ ਕਾਨ੍ਹ ਸਿੰਘ ਨੇ ਕਥਾ ਦੇ ਅਰਥ, 'ਬਾਦ, ਪ੍ਰਸੰਗ, ਬਿਆਨ, ਵਜਾਖਜਾ'[468] ਕੀਤੇ ਹਨ। ਡਾ. ਰਤਨ ਸਿੰਘ ਜੱਗੀ ਅਨੁਸਾਰ, ''ਸੰਸਕ੍ਰਿਤ ਭਾਸ਼ਾ ਦੇ ਕਥ੍ ਧਾਤੂ ਤੋਂ ਬਣਿਆ ਹੈ ਇਸ ਦਾ ਸ਼ਾਬਦਿਕ ਅਰਥ ਹੈ ਵਰਨਣ ਜਾਂ ਵਿਆਖਿਆ ਜਾਂ ਪ੍ਰਸੰਗ। ਧਾਰਮਿਕ ਰਮਜ਼ਾਂ ਜਾਂ ਵਿਸ਼ਿਆਂ ਨੂੰ, ਜੋ ਕਈ ਵਾਰ ਸੰਖਿਪਤ ਜਾਂ ਸੰਕੇਤਿਕ ਰੂਪ ਵਿਚ ਹੁੰਦੇ ਹਨ, ਸਪਸ਼ਟ ਕਰਨ ਲਈ ਜੋ ਬ੍ਰਿਤਾਂਤ ਦਿੱਤਾ ਜਾਂਦਾ ਹੈ, ਉਸ ਨੂੰ ਵੀ 'ਕਥਾ' ਕਿਹਾ ਜਾਂਦਾ ਹੈ। ਇਸ ਲਈ 'ਵਾਰਤਾ' ਸ਼ਬਦ ਵੀ ਵਰਤਿਆ ਜਾਂਦਾ ਹੈ।[469] ਕੀਰਤਨ ਤੋਂ ਭਾਵ ਹੈ ਪਰਮਾਤਮਾ ਦੇ ਗੁਣਾਂ ਦਾ ਯਸ਼ ਗਾਉਣਾ। ਭਾਈ ਕਾਨ੍ਹ ਸਿੰਘ ਨਾਭਾ ਨੇ ਕੀਰਤਨ ਦੇ ਅਰਥ, 'ਕਥਨ. ਵਜਾਖਜਾਨ। ੨ ਗੁਰਮਤ ਵਿਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ 'ਕੀਰਤਨ' ਹੈ।[470] ਰਤਨ ਸਿੰਘ ਜੱਗੀ ਅਨੁਸਾਰ, ''ਬਾਣੀਕਾਰਾਂ ਦਾ ਬਾਣੀ ਰਚਣ ਦਾ ਮਨੋਰਥ ਕਾਵਿ-ਸਿਰਜਨਾ ਤੱਕ ਸੀਮਿਤ ਨਹੀਂ ਸੀ, ਸਗੋਂ ਆਪਣੇ ਰਹਸਾਨੁਭਵ ਨੂੰ ਸਰੋਤਿਆਂ ਤੱਕ ਪਹੁੰਚਾ ਕੇ ਸਾਧਾਰਣੀਕਰਣ ਦੀ ਅਵਸਥਾ ਵਿਚ ਲਿਆਉਣਾ ਸੀ। ਕਾਵਿ ਸ਼ਬਦਾਂ ਦਾ ਲੈਆਤਮਿਕ ਸੰਯੋਜਨ ਹੈ। ਪਰ ਇਹ ਉਸੇ ਨੂੰ ਅਧਿਕ ਆਨੰਦਿਤ ਕਰਦਾ ਹੈ ਜੋ ਉਸ ਭਾਸ਼ਾ ਤੋਂ ਜਾਣੂ ਹੁੰਦਾ ਹੈ। ਉਂਜ ਸੰਗੀਤ ਦੀ ਭਾਸ਼ਾ ਬ੍ਰਹਿਮੰਡੀ ਨਾਦ ਵਾਲੀ ਹੈ। ਇਸ ਤੋਂ ਮਨੁੱਖ ਤਾਂ ਕੀ ਪਸ਼ੂ, ਪੰਛੀ ਵੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ।''[471]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਥਾ ਬਾਰੇ ਫੁਰਮਾਨ ਹੈ:

---

[467] ਕਾਨ੍ਹ ਸਿੰਘ ਨਾਭਾ, ਗੁਰਮਤ ਮਾਰਤੰਡ (ਭਾਗ ਪਹਿਲਾ), ਪੰਨਾ 299

[468] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 293

[469] ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 450

[470] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 332

[471] ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 509

ਗੁਣ ਗਾਵਤ ਮਨੁ ਹਰਿਆ ਹੋਵੈ। ਕਥਾ ਸੁਣਤ ਮਲੁ ਸਗਲੀ ਖੋਵੈ।[472]

ਕੀਰਤਨ ਨੂੰ ਗੁਰਬਾਣੀ ਨੇ ਨਿਰਮੋਲਕ ਹੀਰਾ ਕਿਹਾ ਹੈ:

ਕੀਰਤਨੁ ਨਿਰਮੋਲਕ ਹੀਰਾ। ਆਨੰਦ ਗੁਣੀ ਗਹੀਰਾ।[473]

ਗੁਰੂ-ਘਰ ਵਿਚ ਗੁਰੂ ਨਾਨਕ ਤੋਂ ਬਾਅਦ ਵੀ ਰਬਾਬੀਆਂ ਦੁਆਰਾ ਮਨੋਹਰ ਕੀਰਤਨ ਕੀਤਾ ਜਾਂਦਾ ਰਿਹਾ ਹੈ। ਗੁਰੂ ਅਰਜਨ ਪਾਤਸ਼ਾਹ ਜੀ ਨੇ ਨਿੱਤ ਕੀਰਤਨ ਦੀਆਂ ਚਾਰ ਚੌਂਕੀਆਂ (ਆਸਾ ਕੀ ਵਾਰ ਦੀ ਚੌਕੀ, ਚਰਨ ਕਵਲ ਦੀ ਚੌਕੀ, ਸੋਦਰ ਦੀ ਚੌਕੀ ਅਤੇ ਕਲਜਾਣ ਦੀ ਚੌਕੀ) ਦੀ ਮਰਯਾਦਾ ਕਾਇਮ ਕੀਤੀ ਅਤੇ ਸਿੱਖਾਂ ਨੂੰ ਖ਼ੁਦ ਕੀਰਤਨ ਕਰਨ ਲਈ ਉਤਸਾਹਿਤ ਕੀਤਾ।[474]

ਕਵੀ ਕੁਇਰ ਸਿੰਘ ਆਨੰਦਪੁਰ ਸਾਹਿਬ ਦੇ ਦਿਵਾਨ ਦੀ ਝਾਕੀ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ:

ਨਾਦ ਮ੍ਰਿਦੰਗ ਉਪੰਗ ਬਜਾਵਤ, ਕੀਰਤਿ ਗਾਥ ਨਿਸਾ ਅਹਿ ਗਾਵੈ।

ਆਨ ਕੈ ਸੰਗਤਿ ਦਰਸ ਕਰੈਂ ਗੁਨ, ਆਨੰਦ ਸਹਿਤ ਸਭੈ ਜਨ ਭਾਵੈ।[475]

ਕੁਇਰ ਸਿੰਘ ਨੇ ਨਾਂਦੇੜ ਵਿਖੇ ਗੁਰੂ ਜੀ ਦੇ ਹਜ਼ੂਰੀ ਸਿੰਘਾਂ ਵੱਲੋਂ 'ਆਸਾ ਕੀ ਵਾਰ' ਦਾ ਕੀਰਤਨ ਕਰਨ ਦਾ ਜ਼ਿਕਰ ਕੀਤਾ ਹੈ:

ਤਾ ਸਮੈ ਆਨ ਪੜ੍ਹੀ ਗੁਰ ਸਿਖਨ, ਆਸਾ ਕੀ ਵਾਰ ਬਜੰਤ੍ਰ ਅਪਾਰੀ।

ਵਾਰ ਸਮਾਪਤਿ ਪ੍ਰਾਤ ਭਯੋ, ਤਬ ਬੀਸ ਸਹੰਸ੍ਰ ਦਾਮ ਉਚਾਰੀ।[476]

ਰਤਨ ਸਿੰਘ ਭੰਗੂ ਦੀ ਰਚਨਾ ਵਿੱਚੋਂ ਸਾਨੂੰ ਕਥਾ ਕੀਰਤਨ ਸੰਬੰਧੀ ਮਿਲਦੇ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਪੁਰਾਤਨ ਸਿੱਖ ਅਨੇਕਾਂ ਮੁਸ਼ਕਲਾਂ ਤੇ ਬਿਪਤਾਵਾਂ ਦਾ ਸਾਹਮਣਾ ਕਰਦੇ ਹੋਏ ਵੀ ਕਥਾ, ਕੀਰਤਨ, ਗੁਰਬਾਣੀ, ਸੇਵਾ ਕਰਕੇ ਆਪਣਾ ਸਮਾਂ ਗੁਜ਼ਾਰਦੇ ਸਨ ਅਤੇ ਗੁਰੂ ਦੇ ਭਾਣੇ ਵਿਚ ਖੁਸ਼ ਰਹਿੰਦੇ ਸਨ।

---

[472] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 104

[473] ਉਹੀ, ਪੰਨਾ 893

[474] ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 510

[475] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 142

[476] ਉਹੀ, ਪੰਨਾ 285

ਜਦੋਂ ਗੁਰੂ ਸਾਹਿਬ ਨੇ ਦਾਦੂ ਦੁਆਰੇ ਪਹੁੰਚ ਕੇ ਡੇਰੇ ਲਾਏ ਤਾਂ ਉੱਥੋਂ ਦੇ ਨਜ਼ਾਰੇ ਦਾ ਚਿੱਤਰ ਕਵੀ ਨੇ ਇਸ ਤਰ੍ਹਾਂ ਪੇਸ਼ ਕੀਤਾ:

ਕਿਤੈ ਗ੍ਰੰਥ ਕਿਤ ਪੁਸਤਕਹਿਂ ਕਿਤੇ ਪੜੈਂ ਮੁਖ ਵਾਕ।
ਕਈ ਪੜ੍ਹੈਂ ਰਬਾਬੀ ਰਬਾਬ ਲੈ ਲਗ ਰਹਯੋ ਇੰਦ੍ਰਾਸਨ ਠਾਠ॥
ਕਿਤ ਝਾਂਝ ਮ੍ਰਿਦੰਗ ਉਪੰਗ ਬਜੈ, ਕਿਤ ਦੁਇ ਕਰ ਤਾਲ ਰਬਾਬ ਬਜੈਂ।
ਜਲ ਬੀਨ ਸੁ ਬੀਨ ਪ੍ਰਬੀਨ ਸਜੈ, ਕਿਤ ਤਾਰ ਸਤਾਰ ਤੰਬੂਰ ਸਜੈ।
ਜਛ ਕਿੰਨਰ ਨਾਰਦ ਹਾਹਿ ਹੂ ਹੂ, ਧੁਨ ਤੋਮਰ ਉਲੂਕ ਸੁਨ ਸਾਜ ਸਜੈ।
ਇਮ ਠਾਠ ਠਟਯੋ ਸੁ ਹਜ਼ੂਰ ਗੁਰੂ, ਲਖ ਹੋਤ ਇੰਦ੍ਰਾਸਨ ਲਾਜ ਲਜੈ॥[477]

ਰਤਨ ਸਿੰਘ ਦਸਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਗਿਰਫ਼ਤਾਰੀ ਸਮੇਂ ਵੀ ਗੁਰਸਿੱਖ ਗੁਰਬਾਣੀ ਪੜ੍ਹਦੇ ਰਹੇ ਤੇ ਕੀਰਤਨ ਕਰਦੇ ਰਹੇ:

ਸਬ ਹੀ ਪਕੜੇ ਸਾਥੇ ਜਾਇਂ। ਪੜ੍ਹੈਂ ਬਾਣੀਆਂ ਨਹਿਂ ਸੰਕਾਹਿਂ।
ਇਕਤ ਹਥ ਤੇ ਰਬਾਬ ਬਜਾਵੈਂ। ਸ਼ਸਤ੍ਰ ਗਿਰੇ ਉਨ ਚੁਕੇ ਨ ਜਾਵੈਂ॥
ਸਬਦ ਪੜ੍ਹੈਂ ਜੋ ਮਰਨੇ ਵਾਰੇ। ਜੀਵਣ ਛੂਠੇ ਸਬਦ ਉਚਾਰੇਂ।
'ਸਾਧੋ ਯਹ ਮੁਰਦਨ ਕੋ ਗਾਊਂ। ਯਾ ਜਗ ਮੈਂ ਕੋਊ ਰਹਨ ਨ ਪਾਊ॥
ਸਿਦਕ ਸਬੂਰੀ ਜਿਸ ਪੈ ਰਹੀ। ਸੱਚ ਮਜੂਰੀ ਤਿਸੈ ਕਮਈ'।
ਇਮ ਕਰ ਦੁਖਕੋ ਸੁਖ ਕਰ ਮਾਨਾ। ਜੀਵਨ ਤਜ ਬਹਿ ਮਰਨ ਮਨ ਠਾਨਾ॥
ਸ਼ਬਦਨ ਪੜ੍ਹੈਂ ਕਰੈਂ ਅਰਦਾਸ। ਦੁਸ਼ਟ ਤੁਰਕਨ ਕੋ ਆਖੈਂ ਨਾਸ਼।
'ਜਹਿਂ ਜਹਿਂ ਖਾਲਸੇ ਹੁਇ ਪਰਗਾਸ। ਖਾਲਸੈ ਨਿਬਾਹੁ ਹ੍ਵੈ ਕੇਸੀਂ ਸਾਸ'॥[478]

ਰਤਨ ਸਿੰਘ, ਮਿਹਰ ਸਿੰਘ ਭੁਜੰਗੀ ਬਾਰੇ ਦਸਦਾ ਹੈ ਕਿ ਉਹ ਮਨਮਤੀਆਂ ਨਾਲ ਲੜਨ ਵਾਲਾ,

---

[477] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 51

[478] ਉਹੀ, ਪੰਨਾ 120

ਗੁਰਬਾਣੀ ਪੜ੍ਹਨ ਵਾਲਾ, ਕੀਰਤਨ ਕਰਨ ਵਾਲਾ ਭਜਨੀਕ ਸਿੱਖ ਸੀ:

ਮੇਹਰ ਸਿੰਘ ਇਕ ਸਿੰਘ ਹੁਤੋ ਦਿੱਲੀ ਮਧ ਘੁਮਿਆਰ।

ਬਾਵਨੀ ਆਯੋ ਸਿਰਹੰਦ ਕੀ ਸਿੰਘ ਦਸ ਕੁ ਰਹੈਂ ਉਸ ਨਾਰ॥

ਵਹੀ ਭੁਜੰਗਨ ਤੌਰ ਸੁ ਰਹੈ। ਰਮਰਈਅਨ ਗੰਗੂ ਸ਼ਾਹੀਅਨ ਸੋਂ ਖਹੈ।

ਸਾਥ ਜੋੜੀ ਕੇ ਰਬਾਬ ਬਜਾਵੈ। ਚਾਰ ਵਕਤ ਸ਼ਬਦ ਗੁਰ ਕੇ ਗਾਵੈ॥

ਕਰੈ ਅਰਦਾਸ ਗੁਰੂ ਫਤੇ ਬੁਲਾਵੈ। ਵਾਹਿਗੁਰੂ ਬੋਲ ਸੁ ਜਾਪ ਜਪਾਵੈ।[479]

ਇਸ ਤਰ੍ਹਾਂ ਸਾਨੂੰ ਜੱਸਾ ਸਿੰਘ ਦੀ ਮਾਤਾ ਬਾਰੇ ਹਵਾਲਾ ਮਿਲਦਾ ਹੈ ਕਿ ਉਹ ਬਹੁਤ ਹੀ ਭਜਨੀਕ ਸਿੱਖ ਬੀਬੀ ਸੀ:

ਹਰ ਮੇਲੇ ਜਾਵੈ ਗੁਰਦ੍ਵਾਰ। ਖੁੰਝੈ ਨਹੀਂ ਵਹਿ ਗੁਰ ਕੀ ਕਾਰ।

ਜਹਾਂ ਖਾਲਸੋ ਲਾਇ ਦੀਵਾਨ। ਜਾਇ ਕਰੈ ਸ਼ਬਦ ਚੌਂਕੀ ਗਾਨ॥[480]

ਮੱਸੇ ਰੰਘੜ ਨੂੰ ਸੋਧਣ ਵਾਲਾ ਭਾਈ ਸੁੱਖਾ ਸਿੰਘ ਸੇਵਾ ਕਰਨ ਵਾਲਾ, ਜੰਗਾਂ ਲਈ ਤਿਆਰ-ਬਰ-ਤਿਆਰ ਰਹਿਣ ਵਾਲਾ, ਕੀਰਤਨ ਕਰਨ ਵਾਲਾ ਗੁਰਸਿੱਖ ਸੀ:

ਰਾਮ ਜੰਗ ਸਿੰਘ ਖੂਬ ਚਲਾਵੈ। ਤੀਰ ਮਾਰ ਮਾਰ ਘੋੜੇ ਗਿਰਾਵੈ।

ਨੇਜਾ ਸੇਲਾ ਬਰਛੀ ਤੇਗ਼। ਮਾਰ ਉਡਾਵੈ ਪ੍ਰਾਣਨ ਬੇਗ॥

ਸੁਖਾ ਸਿੰਘਾ ਕੀ ਇਮ ਚਰਚਾ ਭਈ। ਸੂਰਨ ਕੋ ਸਿਰਮੌਰ ਗਿਨਈ।

ਜੰਗ ਜੁੜੇ ਜਹਿਂ ਫਤੇ ਲਿਆਵੈ। ਦੀਵਾਨ ਖਾਲਸੇ ਮੈਂ ਆਦਰ ਪਾਵੈ॥

ਲਗੇ ਦੀਵਾਨ ਤਿਹਿਂ ਪੱਖਾ ਫਰੈ। ਅੰਗੀਠਨ ਕੋ ਸਮਧਾ ਲਜਾ ਗੇਰੈ।

ਪਜਾਸਨ ਖਾਤਰ ਮਸ਼ਕ ਉਠਾਵੈ। ਭੁੱਖਿਆਂ ਖਾਤਰ ਰਿਜਕ ਲਿਆਵੈ॥

ਥੱਕੇ ਸਿੰਘ ਕੀ ਚਾਪੀ ਕਰੇ। ਅਸ਼ਨਾਨ ਕਰਾਵੇ ਬਹੁ ਜਲ ਭਰੈ।

479 ਉਹੀ, ਪੰਨਾ 139

480 ਉਹੀ, ਪੰਨਾ 172

ਕੱਛ ਨਿਚੋੜੈ ਚਰਨ ਧੁਵਾਇ। ਫੜ ਗਡਵੇ ਸਿੰਘ ਦਾਤਨ ਕਰਾਇ॥

ਸਬਦ ਪੜ੍ਹੈ ਫੜ ਸਾਜ ਕੋ ਬਾਣੀ ਮੁਖੋਂ ਉਚਾਰ।

ਕਮਰ ਕੱਸਾ ਨਿਸ ਦਿਨ ਰਖੇ ਲੜਨ ਘੁਲਨ ਕੋ ਤਜਾਰ॥[481]

ਜਦੋਂ ਸੁਬੇਗ ਸਿੰਘ ਅਸਲਮ ਖ਼ਾਨ ਦਾ ਸੁਨੇਹਾ ਲੈ ਕੇ ਸਿੰਘਾਂ ਕੋਲ ਜਾਂਦਾ ਹੈ ਉਸ ਸਥਾਨ ਦੇ ਦ੍ਰਿਸ਼ ਬਾਰੇ ਰਚਨਾਕਾਰ ਸਾਨੂੰ ਦਸਦਾ ਹੈ ਕਿ ਉੱਥੇ ਨਿਸ਼ਾਨ ਝੂਲ ਰਹੇ ਸਨ ਤੇ ਮਨੋਹਰ ਕੀਰਤਨ ਹੋ ਰਿਹਾ ਸੀ:

ਜਾ ਪਹੁੰਚਜੋ ਵਹਿ ਸਿੰਘ ਸੁਜਾਨ।

ਆਗੈ ਲਗਜੋ ਹੁਤ ਖਾਲਸੈ ਦੀਵਾਨ।

ਪੜ੍ਹੈਂ ਸ਼ਬਦ ਔ ਬਜੈ ਰਬਾਬ।[482]

ਇਹਨਾਂ ਗ੍ਰੰਥਾਂ ਵਿਚਲੇ ਉਪਰੋਕਤ ਇਤਿਹਾਸਕ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਸਿੱਖ ਧਰਮ ਵਿਚ ਕਥਾ-ਕੀਰਤਨ ਦਾ ਹਮੇਸ਼ਾਂ ਹੀ ਵਿਸ਼ੇਸ਼ ਸਥਾਨ ਰਿਹਾ ਹੈ। ਕਥ-ਕੀਰਤਨ ਅਜਿਹੀ ਰੂਹਾਨੀ ਖ਼ੁਰਾਕ ਸੀ ਜਿਹੜੀ ਸਿੰਘਾਂ ਨੂੰ ਮਾਨਸਿਕ ਤੇ ਸਰੀਰਕ ਚੜ੍ਹਦੀਕਲਾ ਵਿਚ ਰਖਦੀ ਸੀ।

### 3.15. ਕੜਾਹ ਪ੍ਰਸ਼ਾਦਿ

ਸਿੱਖ ਧਰਮ ਵਿਚ ਕੜਾਹ ਪ੍ਰਸ਼ਾਦਿ ਦਾ ਵਿਸ਼ੇਸ਼ ਮਹੱਤਵ ਹੈ। ਇਹ ਪ੍ਰਸ਼ਾਦਿ ਵਜੋਂ ਵਰਤਾਇਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਅਨੁਸਾਰ, ''ਕੜਾਹ' ਕੜਾਹੇ ਵਿੱਚ ਤਿਆਰ ਕੀਤਾ ਅੰਨ, ਹਲੂਆ. ਹੈ ਅਤੇ 'ਕੜਾਹਪ੍ਰਸਾਦ'- ਸਿੱਖਮਤ ਦਾ ਮੁੱਖ ਪ੍ਰਸਾਦ, ਜੋ ਅਕਾਲ ਨੂੰ ਅਰਪਨ ਕਰਕੇ ਸੰਗਤਿ ਵਿੱਚ ਵਰਤਾਈਦਾ ਹੈ. ਇਸ ਦਾ ਨਾਉਂ ਪੰਚਾਮ੍ਰਿਤ ਅਤੇ ਵਿਸ਼ੇਸ਼ਣ ਮਹਾਪ੍ਰਸਾਦ ਭੀ ਹੈ. 'ਸਿੱਖ ਰਹਿਤ ਮਰਯਾਦਾ' ਅਨੁਸਾਰ ਪਵਿੱਤਰਤਾ ਨਾਲ ਤਿਆਰ ਕੀਤਾ ਹੋਇਆ 'ਕੜਾਹ ਪ੍ਰਸ਼ਾਦਿ' ਗੁਰੂ ਜੀ ਦੀ ਹਜ਼ੂਰੀ ਵਿਚ ਲਿਆ ਕੇ, ਆਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਕਰਕੇ, ਅਰਦਾਸਾ ਸੋਧਿਆ ਜਾਵੇ ਅਤੇ ਪ੍ਰਵਾਨਗੀ ਲਈ ਕਿਰਪਾਨ

[481] ਉਹੀ, ਪੰਨਾ 197

[482] ਉਹੀ, ਪੰਨਾ 167

ਭੇਟ ਕੀਤੀ ਜਾਵੇ।[483] ਕਵੀ ਕੁਇਰ ਸਿੰਘ ਦਸਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਉਪਰੋਕਤ ਵਿਧੀ ਅਨੁਸਾਰ 'ਕੜਾਹ ਪ੍ਰਸ਼ਾਦਿ' ਵਰਤਾਉਣ ਦੀ ਪਰੰਪਰਾ ਚਲਾਈ:

ਧਾਰ ਕੇ ਧਜਾਨ ਅਕਾਲ ਕੋ ਸ੍ਰੀ ਪ੍ਰਭੁ ਜਾਪ ਪੜਜੋ ਪੁਨਿ ਆਨੰਦ ਬਾਨੀ।

ਭੇਟ ਸੁ ਕਰਦ ਦਈ ਤਬ ਭੀਤਰ, ਆਪ ਪ੍ਰਸਾਦਿ ਬਟਜੋ ਸੁਖ ਮਾਨੀ।[484]

ਰਤਨ ਸਿੰਘ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਣਾ ਸਮੇਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਰਹਿਤ ਦ੍ਰਿੜ੍ਹ ਕਰਾਉਣ ਸਮੇਂ ਕਿਹਾ:

ਜਥਾ ਸ਼ਕਤ ਗੁਰ ਗੋਲਕ ਪਾਯੋ। ਕੜਾਹ ਕਰਾਇ ਖਾਲਸੈ ਛਕਾਯੋ।[485]

ਸਿੱਖ ਧਰਮ ਦੀ ਹਰ ਰਸਮ ਅਰਥਾਤ ਜਨਮ, ਮਰਨ, ਖੁਸ਼ੀ, ਗਮੀ ਆਦਿ ਸਮੇਂ ਅਰਦਾਸ ਉਪਰੰਤ ਕੜਾਹ ਪ੍ਰਸਾਦਿ ਵਰਤਾਉਣ ਦਾ ਵਿਧਾਨ ਹੈ। ਰਤਨ ਸਿੰਘ ਦਸਦਾ ਹੈ ਕਿ ਭਾਈ ਤਾਰੂ ਸਿੰਘ ਦੀ ਸ਼ਹੀਦੀ ਸਮੇਂ ਭਾਈ ਸਾਹਿਬ ਦੇ ਬਚਨ ਪੂਰੇ ਹੋਣ 'ਤੇ ਸ਼ੁਕਰਾਨੇ ਵਜੋਂ ਅਰਦਾਸ ਕੀਤੀ ਤੇ ਕੜਾਹ ਪ੍ਰਸਾਦਿ ਵਰਤਾਇਆ ਗਿਆ ਤੇ ਇਸ ਉਪਰੰਤ ਉਹਨਾਂ ਨੇ ਸਵਾਸ ਤਿਆਗ ਦਿੱਤੇ:

ਸਤਿਗੁਰ ਪੈਜ ਖਾਲਸੇ ਰਾਖੀ। ਰਹੈ ਜਗਤ ਮੈਂ ਜੁਗ ਜੁਗ ਸਾਖੀ॥

ਹੁਤੋ ਅੰਮ੍ਰਿਤਸਰ ਜਲ ਜੁ ਮੰਗਾਯੋ। ਆਪ ਸਿੰਘ ਅਸ਼ਨਾਨ ਕਰਾਯੋ।

ਕੜਾਹ ਪ੍ਰਸ਼ਾਦਿ ਕਰਾਯੋ ਤਬ ਹੀ। ਸ਼ਬਦ ਪੜ੍ਹਾਯੋ ਜਪੁਜੀ ਸਭ ਹੀ॥

ਅਨੰਦ ਪੜ੍ਹਾਇ ਕਰ ਅਰਦਾਸ। ਸਿੰਘ ਸਬਹੂੰ ਠਾਂਢੇ ਤਿਸ ਪਾਸ।

ਕਰ ਅਰਦਾਸ ਫਿਰ ਮਾਥ ਝੁਕਾਯੋ। ਗਏ ਗਰੜ ਜਜੋਂ ਸਾਸ ਉਡਾਯੋ॥[486]

ਕੌੜਾ ਮੱਲ ਇਕ ਸ਼ਰਧਾਵਾਨ ਸਿੱਖ ਸੀ। ਉਹ ਹਰ ਰੋਜ ਦਿਵਾਨ ਵਿਚ ਜਾਂਦਾ ਤੇ ਗੁਰਬਾਣੀ ਪਾਠ ਸੁਣਦਾ ਅਤੇ ਸਿੰਘਾਂ ਲਈ ਕੜਾਹ ਪ੍ਰਸਾਦਿ ਲੈ ਕੇ ਜਾਂਦਾ:

---

483 ਸਿੱਖ ਰਹਿਤ ਮਰਯਾਦਾ, ਪੰਨਾ 18

484 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 135

485 ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 26

486 ਉਹੀ, ਪੰਨਾ 240

ਜਹਾਂ ਖਾਲਸੋ ਦਿਵਾਨ ਸਜਾਵੈ। ਕੌੜਾ ਮਲ ਨਿਤਪ੍ਰਤਿ ਤਹਾਂ ਆਵੈ।

ਰਹਿਰਾਸ ਸੁਨੈ ਔਰ ਸੁਨੈਂ ਅਰਦਾਸ। ਨਿੱਤ ਰੋਜ਼ ਦਏ ਖਾਲਸੇ ਪਾਸ॥

ਲੈ ਆਗਜਾ ਪਾਸ ਸਿੰਘਨ ਬਹੈ। ਫਤੇ ਵਾਹਿਗੁਰੂ ਮੁਖ ਤੇ ਕਹੈ।

ਨਿਤਪ੍ਰਤਿ ਕੜਾਹ ਲੈ ਸਿੰਘਨ ਮਿਲੈ। ਨਿਹੰਗਨ ਰੁਪੱਯੇ ਪੰਜ ਦੈ ਭਿਲੇ॥

ਪੰਜ ਰੁਪੱਯੇ ਤਨਖਾਹਿ ਲਗਾਵੈ। ਤੌ ਹੁੱਕੋ ਪੀਣੋ ਮਾਫ ਕਰਾਵੈ।[487]

ਨਿਹੰਗ ਗੁਰਬਖਸ਼ ਸਿੰਘ ਜੀ ਨੇ ਜੰਗ ਲਈ ਜਾਣ ਤੋਂ ਪਹਿਲਾਂ 'ਆਨੰਦ ਸਾਹਿਬ' ਦੀਆਂ ਪੰਜ ਪਉੜੀਆਂ ਪੜ੍ਹ ਕੇ ਸਿੰਘਾਂ ਨੂੰ ਕੜਾਹ ਛਕਾਇਆ:

ਪੰਜ ਪੌੜੀ ਸਿੰਘ ਅਨੰਦ ਪੜ੍ਹਾਯੋ। ਗੁਰ ਗਣੇਸ਼ ਜਿਮ ਗ੍ਰੰਥ ਪੁਜਾਯੋ।

ਬਿਆਹਿ ਵਾਂਗ ਕੀਯੋ ਜੱਗੁ ਉਛਾਹਿ। ਸਿੰਘਨ ਬਹਾਇ ਖੁਲਾਯੋ ਕੜਾਹਿ॥[488]

ਗੁਰਬਖਸ਼ ਸਿੰਘ ਦੇ ਸ਼ਹੀਦ ਹੋਣ ਤੋਂ ਬਾਅਦ ਇਕ ਚਿਖਾ 'ਤੇ ਰੱਖ ਕੇ ਸਸਕਾਰ ਕਰ ਦਿੱਤਾ ਅਤੇ ਕੜਾਹ ਪ੍ਰਸਾਦਿ ਕਰਕੇ ਵਰਤਾਇਆ ਗਿਆ:

ਇੱਕ ਚਿਖਾ ਪੈ ਸਭ ਧਰੇ ਦੀਨ ਹੁਤਾਸਨ (ਅੱਗ) ਲਾਇ।

ਕਰਯੋ ਕੜਾਹ ਸੁ ਤਹਿਂ ਹੁਤੋ ਸਭ ਹੀ ਦਯੋ ਵਰਤਾਇ॥[489]

ਤੀਜੀ ਵਾਰ ਸਰਹੰਦ ਫਤਹਿ ਕਰਕੇ ਸਿੰਘ ਕਿਲ੍ਹੇ ਵਿਚ ਪਹੁੰਚੇ ਤਾਂ ਉਹਨਾਂ ਸਾਰਿਆਂ ਨੇ ਆਪੋ-ਅਪਣੇ ਡੇਰਿਆਂ 'ਤੇ ਕੜਾਹ ਪ੍ਰਸਾਦਿ ਬਣਾ ਕੇ ਵੱਖ-ਵੱਖ ਥਾਵਾਂ 'ਤੇ ਵਰਤਾ ਦਿੱਤਾ:

ਜਬ ਮੱਧ ਪੰਥ ਕਿਲ੍ਹੇ ਥੇ ਵੜਯੋ। ਨਿਜ ਨਿਜ ਡੇਰਨ ਬਹੁ ਕੜਾਹ ਕਰਯੋ॥

ਕਿਨੇ ਮਾਤਾ ਕੈ ਬੁਰਜ ਬਰਤਾਯੋ। ਕੋਈ ਸ਼ਹੀਦਣ ਜਾਗਾ ਆਯੋ।

ਕੋਈ ਗਏ ਸਰ ਜੋਤੀ ਤਾਲ। ਜਹਾਂ ਗਡੇ ਥੇ ਸਤਿਗੁਰ ਲਾਲ॥[490]

---

[487] ਉਹੀ, ਪੰਨਾ 264

[488] ਉਹੀ, ਪੰਨਾ 335

[489] ਉਹੀ, ਪੰਨਾ 340

[490] ਉਹੀ, ਪੰਨਾ 327

ਇਸ ਤਰ੍ਹਾਂ ਬਘੇਲ ਸਿੰਘ ਵੱਲੋਂ ਦਿੱਲੀ ਵਿਚ ਵੱਖ-ਵੱਖ ਇਤਿਹਾਸਕ ਸਥਾਨਾਂ ਦੀ ਸੇਵਾ-ਸੰਭਾਲ ਅਤੇ ਦੇਹੁਰੇ (ਗੁਰਦੁਆਰੇ) ਬਣਾਉਣ ਲਈ ਝੰਡੇ ਗੱਡ ਦਿੱਤੇ ਅਤੇ ਕੜਾਹ ਪ੍ਰਸਾਦਿ ਵਰਤਾਇਆ:

ਹੁਕਮ ਦਿੱਲੀ ਮੱਧ ਸਿੰਘ ਤੁਰੇ ਮਿਲੇ ਸੂਬੇ ਬਹੁ ਆਇ॥

ਤੌ ਸਿੰਘ ਜੀ ਕੰਮ ਡੇਹਰਨ ਤੋਰਾ। ਪ੍ਰਿਥਮ ਕੀਓ ਜੁ ਹੁਤੋ ਕੰਮ ਥੋੜਾ।

ਜਹਾਂ ਮਾਤ ਥੀ ਦੋਊ ਰਹੀ। ਜਗਾ ਪੀਹੜੇ ਕੀ ਤਹਿੰ ਬਨਵਈ॥

ਹੁਤੀ ਸਾਹਬ ਦਈ ਔ ਸੁੰਦ੍ਰੀ ਮਾਤ। ਗੁਰਪਤਨੀ ਸਭ ਜਗ ਬਿਖਜਾਤ।

ਸ੍ਰੀ ਹਰਿਕ੍ਰਿਸ਼ਨ ਸਮਾਧ ਆਦ ਜਹੀਂ। ਜਮਨਾਂ ਢਿਗ ਗੱਡੇ ਝੰਡੇ ਤ੍ਰੈ ਤਹੀਂ॥

ਪੰਜਵੋਂ ਝੰਡੋ ਹਰਿਕ੍ਰਿਸ਼ਨ ਜੀ ਜਹਿੰ ਬਹੇ। ਜੈ ਸਿੰਘ ਪੁਰੇ ਮਧ ਬੰਗਲੇ ਅਹੇ।

ਸੁਗਮ ਭਾਂਤ ਪੰਜ ਡੇਹਰੇ ਭਏ। ਗੱਡ ਝੰਡੇ ਪੰਜ ਕੜਾਹ ਕਰ ਦਏ॥[491]

ਇਸ ਤੋਂ ਬਾਅਦ ਬਘੇਲ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਥਾਨ 'ਤੇ ਬਣੀ ਮਸੀਤ ਹਟਾ ਕੇ ਨਿਸ਼ਾਨ ਲਗਾ ਦਿੱਤੇ ਅਤੇ ਕੜਾਹ ਪ੍ਰਸ਼ਾਦਿ ਵਰਤਾਇਆ:

ਸ੍ਰੀ ਤੇਗ ਬਹਾਦਰ ਦੇਹ ਜਹਿੰ ਹੁਤੀ ਥੀ ਦਾਧੀ ਠੌਰ।

ਡਿਹਰੋ ਛੇਵੋਂ ਤਹਿੰ ਰਚਜੋ ਝੰਡੋ ਗਡਜੋ ਕਰ ਧੋੜ॥

ਕਰ ਕੜਾਹ ਤਹਿ ਸਿੰਘਨ ਬਹੁ ਲਜਾਏ ਕਰ ਦੀਓ ਵਰਤਾਇ।[492]

### 3.16. ਤਨਖ਼ਾਹ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਤਨਖ਼ਾਹ ਦੇ ਅਰਥ- ''ਤਲਬ, ਮਾਹਵਾਰੀ ਜਾਂ ਵਰ੍ਹਾ ਬੱਧੀ ਵੇਤਨ। ੨ ਧਰਮਦੰਡ, ਧਰਮ ਅਨੁਸਾਰ ਲਾਈ ਹੋਈ ਚੱਟੀ.''[493] ਸਿੱਖ ਧਰਮ ਵਿਚ ਗੁਰੂ ਦੇ ਦੱਸੇ ਮਾਰਗ ਤੋਂ ਭਟਕ ਜਾਣ ਵਾਲੇ ਨੂੰ ਕੁਰਹਿਤੀਆ ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ ਹਮੇਸ਼ਾਂ ਹੀ ਭੁੱਲੇ ਭਟਕਿਆਂ ਨੂੰ ਯੋਗ

---

[491] ਉਹੀ, ਪੰਨਾ 361

[492] ਉਹੀ, ਪੰਨਾ 362

[493] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 574

ਤਰੀਕੇ ਰਾਹੀਂ ਸਿੱਧੇ ਰਾਹ ਪਾਉਣ ਦੀ ਪਰੰਪਰਾ ਹੈ। ਤਨਖ਼ਾਹ ਇਸੇ ਪਰੰਪਰਾ ਦਾ ਹਿੱਸਾ ਹੈ। ਕੁਰਹਿਤ ਕਰਨ ਵਾਲੇ ਨੂੰ ਤਨਖ਼ਾਹੀਆ ਕਿਹਾ ਜਾਂਦਾ ਹੈ। ਅਜਿਹੇ ਵਿਅਕਤੀ ਨੂੰ ਆਪਣੀ ਗਲਤੀ ਜਾਂ ਭੁੱਲ ਬਖ਼ਸਾਉਣ ਲਈ ਪੰਜ ਸਿੰਘਾਂ ਜਾਂ ਸੰਗਤ ਅੱਗੇ ਪੇਸ਼ ਹੋਣਾ ਪੈਂਦਾ ਹੈ। ਪੰਜ-ਸਿੰਘ ਜਾਂ ਸੰਗਤ, ਵਿਅਕਤੀ ਵੱਲੋਂ ਕੀਤੀ ਗਲਤੀ ਬਾਰੇ ਵਿਚਾਰਦੇ ਹੋਏ ਵਿਅਕਤੀ ਨੂੰ ਨਾਮ-ਸਿਮਰਨ, ਬਾਣੀ ਪੜ੍ਹਨ ਜਾਂ ਸੇਵਾ ਕਰਨ ਆਦਿ ਦਾ ਹੁਕਮ ਦਿੰਦੇ ਹਨ। ਇਸ ਹੁਕਮ ਨੂੰ ਤਨਖ਼ਾਹ ਕਿਹਾ ਜਾਂਦਾ ਹੈ।

ਕਵੀ ਕੁਇਰ ਸਿੰਘ ਦਸਦਾ ਹੈ ਕਿ ਕਿਸੇ ਸਿੱਖ ਤੋਂ ਕੁਰਹਿਤ ਹੋ ਜਾਣ ਤੇ ਉਹ ਸਿੱਖ ਗੁਰਮਤਿ ਸਿਧਾਂਤਾਂ ਅਨੁਸਾਰ ਤਨਖ਼ਾਹ ਨਹੀਂ ਲਵਾਉਂਦਾ ਤਾਂ ਉਸ ਨਾਲ ਸਮਾਜਿਕ ਵਿਵਹਾਰ ਤੇ ਮਿਲਵਰਤਣ ਨਹੀਂ ਰੱਖਣਾ। ਉਸ ਨਾਲ ਮੇਲ-ਜੋਲ ਰੱਖਣ ਵਾਲਾ ਸਿੱਖ ਵੀ ਤਨਖ਼ਾਹੀਆ ਹੋ ਜਾਂਦਾ ਹੈ:

ਜੇ ਕਰ ਬਖਸਾਵੈ ਨਹੀਂ, ਭਯੋ ਮਲੇਛੀ ਸੰਗ।
ਸੋ ਤਨਖਾਹੀਆ ਹੋ ਚਹੈ, ਜੋ ਕਰਤੋ ਤਿਹ ਅੰਗ।[494]

ਗੁਰਬਿਲਾਸ ਦਾ ਕਰਤਾ ਦਸਦਾ ਹੈ ਕਿ ਜੇ ਕੋਈ ਸਿੱਖ ਕੁਰਹਿਤ ਕਰਦਾ ਹੈ ਤਾਂ ਉਹ ਅਬਚਲ ਨਗਰ ਵਿਖੇ ਆ ਕੇ ਸਿਰਫ਼ ਮੁੱਖ ਤੋਂ ਨਹੀਂ ਬਲਕਿ ਕੈਦੀਆਂ ਤੇ ਗੁਨਾਹਗਾਰਾਂ ਦੀ ਤਰ੍ਹਾਂ ਪੇਸ਼ ਹੋ ਕੇ ਨਿਮਰਤਾ ਸਹਿਤ ਅਰਜ਼ ਕਰਕੇ ਆਪਣੀ ਭੁੱਲ ਬਖ਼ਸ਼ਾਵੇ ਜਾਂ ਫਿਰ ਜਿੱਥੇ ਸਿੱਖ-ਸੰਗਤ ਦਾ ਵੱਡਾ ਦਿਵਾਨ ਲੱਗਾ ਹੋਵੇ, ਉੱਥੇ ਜਾ ਕੇ ਬੰਦਨਾ ਕਰਕੇ ਤਨਖ਼ਾਹ ਲਵਾਏ:

ਜੋਇ ਮਲੇਛ ਕੀ ਨਾਰਿ ਭਜੈ, ਤਿਹ ਦੂਖਨ ਲਾਇ ਕੈ ਦੰਢ ਦਿਵਾਈ।
ਈਹਾਂ ਸੁ ਆਇ ਅਬਚਲ ਨਗਰ, ਬਖਸਾਵੈ ਨਿਜ ਥਾਪ।
ਨਾਹਿ ਜਨਾਵੈ ਬਦਨ ਤੇ, ਹੋਵੈ ਬੰਦੀ ਆਪ॥
ਜੇਕਰ ਆਵੈ ਨਾਹਿ ਇਹ, ਬਖਸਾਵੈ ਤਿਹ ਜਾਯ।
ਜਾ ਦਿਵਾਨ ਮੈ ਸਿੰਘ ਵਡ, ਸੰਧਯਾ ਬੰਦਨ ਗਾਯ।[495]

---

[494] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 282

[495] ਉਹੀ, ਪੰਨਾ 282

ਰਤਨ ਸਿੰਘ ਖ਼ਾਲਸਾ ਸਾਜਣਾ ਵਾਲੀ ਸਾਖੀ ਵਿਚ ਦਸਦਾ ਹੈ ਕਿ ਗੁਰੂ ਸਾਹਿਬ ਪੰਜ ਪਿਆਰਿਆਂ ਨੂੰ ਰਹਿਤ ਦ੍ਰਿੜ੍ਹ ਕਰਵਾਉਣ ਸਮੇਂ ਕੁਰਹਿਤੀਆਂ ਨੂੰ ਤਨਖ਼ਾਹ ਲਾਉਣ ਲਈ ਕਹਿੰਦੇ ਹਨ:

ਪੁਨ ਸਤਿਗੁਰ ਉਨ ਸਿੱਛਜਾ ਦਈ। 'ਮੀਣੇ ਮਸੰਦਨ ਬਰਤਯੋ ਨਹੀਂ।

ਕੁੜੀਮਾਰ ਰਮਰਈ ਨੜੀਮਾਰ। ਜੋ ਇਨ ਮਿਲੈ ਸੁ ਹੁਇ ਹੈ ਖ੍ਵਾਰ॥[496]

ਸੰਬੰਧਿਤ ਵਿਅਕਤੀ ਵੱਲੋਂ ਲਾਈ ਗਈ ਸਜਾ ਪੂਰੀ ਹੋਣ ਉਪਰੰਤ ਸੰਬੰਧਿਤ ਵਿਅਕਤੀ ਫਿਰ ਸੰਗਤ ਜਾ ਪੰਜ ਸਿੰਘਾਂ ਅੱਗੇ ਪੇਸ਼ ਹੁੰਦਾ ਹੈ ਤੇ ਸੰਗਤ ਵਿਚ ਭੁੱਲ ਬਖ਼ਸ਼ਾਉਣ ਲਈ ਅਰਦਾਸ ਕੀਤੀ ਜਾਂਦੀ ਹੈ। ਜੇ ਕਰ ਸਿੱਖ ਆਪਣੀ ਗਲਤੀ ਦਾ ਅਹਿਸਾਸ ਕਰ ਲਵੇ ਅਤੇ ਪੰਥ ਨੂੰ ਯਕੀਨ ਹੋ ਜਾਵੇ ਕਿ ਉਸਨੂੰ ਆਪਣੀ ਗਲਤੀ ਦਾ ਪਛਤਾਵਾ ਹੈ ਅਤੇ ਉਸਦਾ ਚਾਲ-ਚੱਲਣ ਹੁਣ ਠੀਕ ਹੈ ਤਾਂ ਤਨਖ਼ਾਹ ਤੋਂ ਬਿਨਾਂ ਵੀ ਉਸਦੀ ਭੁੱਲ ਬਖ਼ਸ਼ਾਉਣ ਲਈ ਅਰਦਾਸ ਕੀਤੀ ਜਾਂਦੀ ਹੈ। ਅਜਿਹਾ ਇਕ ਵਾਕਿਆਤ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਆਉਂਦਾ ਹੈ ਜਦੋਂ ਭਾਈ ਸੁੱਖਾ ਸਿੰਘ ਨੂੰ ਕੰਨਿਆ ਹੱਤਿਆ ਦੇ ਦੋਸ਼ ਤੋਂ ਮਾਫ਼ ਕਰਕੇ ਪੰਥ ਵਿਚ ਸ਼ਾਮਿਲ ਕਰਕੇ ਖ਼ੁਸ਼ੀ ਦੀ ਅਰਦਾਸ ਕੀਤੀ ਗਈ:

ਦੈ ਦੈ ਘੋੜੇ ਧੰਨ ਧੰਨ ਕਹਯੋ। ਸਿੰਘ ਚਰੈ ਦੋਖ ਕੰਨਜਾਂ ਬਖਸ਼ਯੋ॥

ਠਾਂਢ ਭਯੋ ਕਰ ਜੋਰ ਕਰ ਸਰਬ ਪੰਥ ਕੇ ਪਾਸ।

ਲਯੋ ਖਾਲਸੋ ਮੇਲ ਗਲ ਕਰ ਕਈ ਖ਼ੁਸ਼ੀ ਅਰਦਾਸ॥[497]

ਇਸ ਤਰ੍ਹਾਂ ਭਾਈ ਮਨੀ ਸਿੰਘ ਦੁਆਰਾ ਬੰਦਈ ਸਿੰਘਾਂ ਨੂੰ ਤਨਖ਼ਾਹ ਲਾ ਕੇ ਬਖ਼ਸ਼ਣ ਦਾ ਜ਼ਿਕਰ ਹੈ:

ਜਹਿਂ ਬੰਦੱਯਨ ਥੀ ਗੱਦੀ ਲਗਾਈ। ਤਿਹ ਥਾਂ ਬੈਠਯੋ ਮਨੀ ਸਿੰਘ ਭਾਈ।

ਆਇ ਸ਼ਰਨ ਜੋ ਉਨਕੀ ਪਰੈ। ਲਾਇ ਤਨਖਾਹਿ ਤਿਹ ਖਾਲਸੋ ਕਰੈ॥[498]

[496] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 26

[497] ਉਹੀ, ਪੰਨੇ 201-202

[498] ਉਹੀ, ਪੰਨਾ 132

ਸੁਬੇਗ ਸਿੰਘ ਵੱਲੋਂ ਪੰਥ ਅੱਗੇ ਪੇਸ਼ ਹੋ ਆਪਣੀ ਕੀਤੀ ਗਲਤੀ ਲਈ ਪੰਥ ਵੱਲੋਂ ਤਨਖ਼ਾਹ ਲਾਉਣ ਦੀ ਮੰਗ ਦਾ ਬਿਰਤਾਂਤ ਕਵੀ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ:

ਜਿਸ ਸੁਬੇਗ ਸਿੰਘ ਢਿਗ ਢੁਕ ਆਵੈ। ਕਰੈ ਕੁੰਨਸ ਔ ਸੀਸ ਝੁਕਾਵੈ।

ਦੇਖ ਖਾਲਸਾ ਹੋਇ ਪ੍ਰਸੰਨ। ਕਹੈ ਖਾਲਸਾ ਅੱਗਜੋਂ ਧੰਨ॥

ਢੁਕ ਢਿਗ ਸਿੰਘ ਸੁ ਰਹਜੋ ਖਲੋਇ। 'ਲਾਇ ਤਨਖਾਹ ਅਬ ਬਖਸ਼ੀਏ ਮੋਹਿ।

ਹੈ ਖਾਲਸੋ ਸਭ ਬਖਸ਼ਨ ਜੋਗੁ। ਹਮ ਤਨਖਾਹਿ ਘਰਬਾਰੀ ਲੋਗ'॥

ਹੁਇ ਪ੍ਰਸੰਨ ਬਚ ਖਾਲਸੈ ਕੀਯੋ। ਲਾਇ ਤਨਖਾਹਿ ਬਖਸ਼ਨ ਕਹਿ ਦੀਯੋ।

ਖਾਲਸੈ ਹੁਕਮ ਕੀਯ ਪੰਜ ਭੁਜੰਗਨ। ਤਨਖਾਹ ਮਨਾਇ ਬਖਸ਼ਜੋ ਭਲਰੰਗਨ॥[499]

ਸ਼ਹੀਦ ਭਾਈ ਮਨੀ ਸਿੰਘ ਵਾਲੀ ਸਾਖੀ ਵਿਚ ਰਤਨ ਸਿੰਘ ਦਸਦਾ ਹੈ ਕਿ ਭਾਈ ਸਾਹਿਬ ਸਿੱਖਾਂ ਨੂੰ ਸਿੱਖੀ ਦ੍ਰਿੜ੍ਹ ਕਰਵਾਉਂਦੇ ਅਤੇ ਕੁਰਹਿਤੀਆਂ ਨੂੰ ਤਨਖ਼ਾਹ ਲਾ ਕੇ ਬਖ਼ਸ਼ਦੇ:

ਸਿੱਖਨ ਕੋ ਸੋ ਸਿੱਖੀ ਦਿੜਾਵੈ। ਸਿਖੀਓਂ ਚੁਕੈ ਤਿਸ ਤਨਖਾਹ ਲਾਵੈ॥[500]

ਦੋਵੇਂ ਰਚਨਾਕਾਰਾਂ ਦੇ ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਖ਼ਾਲਸੇ ਨੇ ਹਮੇਸ਼ਾਂ ਹੀ ਸ਼ਰਨ ਆਏ ਨੂੰ ਗਲੇ ਲਾਇਆ ਹੈ ਤੇ ਕਿਸੇ ਵੀ ਸਿੱਖ ਵੱਲੋਂ ਵੱਡੇ ਗੁਨਾਹ ਦਾ ਸੱਚੇ ਦਿਲੋਂ ਪਛਤਾਵਾ ਕਰਨ ’ਤੇ ਤਨਖ਼ਾਹ ਲਾ ਕੇ ਪੰਥ ਵਿਚ ਸ਼ਾਮਿਲ ਕਰਨ ਦੀਆਂ ਅਨੇਕਾਂ ਮਿਸਾਲਾਂ ਕਾਇਮ ਕੀਤੀਆਂ ਹਨ।

ਉਪਰੋਕਤ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਸਿੱਖ ਧਰਮ ਦੇ ਇਹਨਾਂ ਗ੍ਰੰਥਾਂ ਵਿਚ ਵਡਮੁੱਲੀ ਧਾਰਮਿਕ, ਇਤਿਹਾਸਕ ਤੇ ਸਿਧਾਂਤਕ ਜਾਣਕਾਰੀ ਹੋਣ ਕਰਕੇ ਇਹਨਾਂ ਰਚਨਾਵਾਂ ਦਾ ਸਿੱਖ ਸ੍ਰੋਤਾਂ ਵਜੋਂ ਵਿਸ਼ੇਸ਼ ਸਥਾਨ ਹੈ ਪਰ ਕਈ ਵਿਸ਼ੇ ਤੇ ਪ੍ਰਸੰਗ ਅਜਿਹੇ ਹਨ ਜਿਹੜੇ ਇਹਨਾਂ ਗ੍ਰੰਥਾਂ ਦੀ ਪ੍ਰਮਾਣਿਕਤਾ ’ਤੇ ਸਵਾਲ ਖੜ੍ਹਾ ਕਰਦੇ ਹਨ। ਹਥਲੇ ਖੋਜ ਅਧਿਐਨ ਵਿਚ ਕੁਝ ਵਿਵਾਦਤ ਵਿਚਾਰਾਂ ਜਿਵੇਂ ਕਿ ਕਵੀਆਂ ਵੱਲੋਂ ਨਸ਼ੇ ਦਾ ਸੇਵਨ, ਦੇਵੀ ਦਾ ਪ੍ਰਗਟ ਹੋਣਾ (ਗੁਰਬਿਲਾਸ ਪਾਤਸ਼ਾਹੀ ੧੦), ਪ੍ਰਸੰਗ ਕਾਲੀ ਕਾ ਭੱਛ (ਪ੍ਰਾਚੀਨ ਪੰਥ ਪ੍ਰਕਾਸ਼), ਰਾਜਾ

[499] ਉਹੀ, ਪੰਨਾ 167

[500] ਉਹੀ, ਪੰਨਾ 175

ਜਨਕ ਤੇ ਹੋਰ ਮਿਥਿਹਾਸਕ ਪਾਤਰਾਂ ਦਾ ਚਿਤਰਨ ਤੇ ਵਰ ਪ੍ਰਾਪਤ ਕਰਨ ਦੀਆਂ ਸਾਖੀਆਂ ਦੇ ਪ੍ਰਸੰਗਾਂ ਨੂੰ ਖੋਜ ਦਾ ਵਿਸ਼ਾ ਨਹੀਂ ਬਣਾਇਆ ਗਿਆ ਕਿਉਂਕਿ ਮੱਧ-ਕਾਲ ਦੇ ਹੋਰ ਵੀ ਕਈ ਸਿੱਖ ਸ੍ਰੋਤਾਂ ਵਿਚ ਬਿਪਰ ਕਰਮ ਕਾਂਡਾਂ ਤੇ ਮਿਥਿਹਾਸਕ ਪਾਤਰਾਂ ਦਾ ਜ਼ਿਕਰ ਆਇਆ ਹੈ ਜਿਸ ਦੇ ਬਹੁਤ ਸਾਰੇ ਕਾਰਨ ਹਨ ਪਰ ਕਿਸੇ ਇਕ ਕਾਰਨ ਨੂੰ ਠੋਸ ਤੇ ਪੁਖ਼ਤਾ ਨਹੀਂ ਕਿਹਾ ਜਾ ਸਕਦਾ। ਇਸ ਕਰਕੇ ਹੀ ਵਿਦਵਾਨਾਂ ਵੱਲੋਂ ਇਹਨਾਂ ਵਿਵਾਦਿਤ ਵਿਸ਼ਿਆਂ ਨੂੰ ਆਧਾਰ ਬਣਾ ਕੇ ਕੀਤੀ ਖੋਜ ਅਜੇ ਤੱਕ ਕਿਸੇ ਨਿਰਣੇ ’ਤੇ ਨਹੀਂ ਪਹੁੰਚ ਸਕੀ। ਹਥਲੇ ਪਾਠ ਵਿਚ ਅਕਾਲ ਪੁਰਖ, ਕੁਦਰਤ, ਜੀਵਾਤਮਾ ਤੇ ਮੁਕਤੀ ਬਾਰੇ ਇਹਨਾਂ ਗ੍ਰੰਥਾਂ ਵਿਚਲੀ ਸਮੱਗਰੀ ਦਾ ਵੱਖ-ਵੱਖ ਸ੍ਰੋਤਾਂ ਦੇ ਹਵਾਲੇ ਨਾਲ ਅਧਿਐਨ ਕੀਤਾ ਗਿਆ ਹੈ। ਗੁਰੂ, ਸੰਗਤ, ਨਾਮ, ਸੇਵਾ ਤੇ ਅਰਦਾਸ ਵਿਸ਼ਿਆਂ ਸੰਬੰਧੀ ਦੋਵੇਂ ਗ੍ਰੰਥਾਂ ਵਿਚ ਮਿਲਦੀ ਜਾਣਕਾਰੀ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ। ਲੰਗਰ, ਰਹਿਤ, ਕਥਾ-ਕੀਰਤਨ, ਕੜਾਹ ਪ੍ਰਸ਼ਾਦਿ ਤੇ ਤਨਖ਼ਾਹ ਸੰਬੰਧੀ ਆਏ ਇਤਿਹਾਸਕ ਵੇਰਵਿਆਂ ਦਾ ਅਧਿਐਨ ਇਸ ਪਾਠ ਦਾ ਮੁੱਖ ਮਨੋਰਥ ਹੈ।

# ਪਾਠ ਚੌਥਾ

# ਰਾਜਨੀਤਿਕ ਵਿਸ਼ਲੇਸ਼ਣ: ਗੁਰਬਿਲਾਸ ਪਾਤਸ਼ਾਹੀ ੧੦ ਤੇ ਪ੍ਰਾਚੀਨ ਪੰਥ ਪ੍ਰਕਾਸ਼

ਧਰਮ ਤੋਂ ਬਾਅਦ ਰਾਜਨੀਤੀ ਸਮਾਜ ਤੇ ਮਨੁੱਖ ਦੀਆਂ ਰੁਚੀਆਂ ਤੇ ਕਿਰਿਆਵਾਂ ਨੂੰ ਪ੍ਰਭਾਵਿਤ ਵਾਲਾ ਅਜਿਹਾ ਖੇਤਰ ਹੈ ਜਿਸ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਸਮਾਜ, ਧਰਮ ਤੇ ਸਾਹਿਤ ਜਿਹੇ ਕੋਮਲ ਵਿਸ਼ਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਅਜੋਕੇ ਦੌਰ ਵਿਚ ਰਾਜਨੀਤੀ ਮਨੁੱਖੀ ਮਨ ਦੇ ਅਚੇਤ ਵਿਚ ਦਾਖ਼ਲ ਹੋ ਕੇ ਉਸ ਦੇ ਕਰਮ ਨੂੰ ਪ੍ਰਭਾਵਿਤ ਕਰ ਰਹੀ ਹੈ। ਸਾਹਿਤ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਰਾਜਨੀਤੀ ਦੇ ਸੂਖਮ ਤੇ ਸਥੂਲ ਰੂਪਾਂ ਦੇ ਸਾਹਿਤਕ ਤੇ ਧਾਰਮਿਕ ਕ੍ਰਿਤਾਂ ਵਿਚ ਅਨੇਕਾਂ ਇਸ਼ਾਰੇ ਮਿਲਦੇ ਹਨ। 'ਗੁਰਬਿਲਾਸ ਪਾਤਸ਼ਾਹੀ ੧੦' ਤੇ 'ਪ੍ਰਾਚੀਨ ਪੰਥ ਪ੍ਰਕਾਸ਼' ਮੱਧ-ਕਾਲ ਦੇ ਉਸ ਦੌਰ ਦੀਆਂ ਰਚਨਾਵਾਂ ਹਨ ਜਦੋਂ ਇਸ ਖਿੱਤੇ ਵਿਚ ਰਾਜਸੀ ਉਥਲ-ਪੁਥਲ ਸਿਖਰਾਂ 'ਤੇ ਸੀ। ਜਿਸਦੇ ਅੰਸ਼ ਇਹਨਾਂ ਰਚਨਾਵਾਂ ਵਿਚ ਵੀ ਮਿਲਦੇ ਹਨ। ਹਥਲੇ ਖੋਜ-ਕਾਰਜ ਵਿਚ ਇਹਨਾਂ ਗ੍ਰੰਥਾਂ ਵਿਚ ਸਿੱਖ ਨੁਕਤਾ-ਨਿਗਾਹ ਤੋਂ ਮਿਲਦੇ ਰਾਜਨੀਤਿਕ ਪ੍ਰਸੰਗਾਂ ਦਾ ਅਧਿਐਨ ਕੀਤਾ ਹੈ।

### 4.1. ਮੀਰੀ-ਪੀਰੀ ਦਾ ਸਿਧਾਂਤ

ਮੀਰੀ-ਪੀਰੀ ਦਾ ਅਰੰਭ ਗੁਰੂ ਨਾਨਕ ਪਾਤਸ਼ਾਹ ਜੀ ਵੱਲੋਂ ਬਾਬਰ ਨੂੰ ਵੰਗਾਰਨ ਨਾਲ ਹੋ ਗਿਆ ਸੀ ਪਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਦੋ ਕ੍ਰਿਪਾਨਾਂ ਪਹਿਨ ਕੇ ਮੀਰੀ-ਪੀਰੀ ਦੇ ਸਿਧਾਂਤ ਨੂੰ ਅਮਲੀ ਰੂਪ ਦੇ ਦਿੱਤਾ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮੀਰ' ਦੇ ਅਰਥ 'ਬਾਦਸ਼ਾਹਤ'[501] ਤੇ 'ਪੀਰੀ' ਦੇ ਅਰਥ 'ਗੁਰਤਾ'[502] ਕੀਤੇ ਹਨ। 'ਮੀਰ' ਅਰਬੀ ਦੇ ਅਮੀਰ ਸ਼ਬਦ ਦਾ ਸਮਾਨਅਰਥਕ ਸ਼ਬਦ ਹੈ ਜਿਸ ਦਾ ਮੂਲ ਅਰਥ 'ਹੁਕਮਰਾਨ' ਜਾਂ 'ਦੁਨਿਆਵੀ' ਤਾਕਤਾਂ ਦਾ ਮਾਲਕ ਹੈ। 'ਪੀਰ' ਫ਼ਾਰਸੀ ਦਾ ਸ਼ਬਦ ਹੈ ਜੋ ਅਧਿਆਤਮਕ ਬਜ਼ੁਰਗੀ ਜਾਂ ਫ਼ਕੀਰੀ ਦਾ ਪ੍ਰਤੀਕ ਹੈ। ਇਸ ਦਾ ਅਰਥ ਨਿਰੋਲ ਅਧਿਆਤਮਕ ਜੀਵਨਧਾਰਾ ਹੈ।[503] ਸਪਸ਼ਟ

---

[501] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 975

[502] ਉਹੀ, ਪੰਨਾ 773

[503] ਡਾ. ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ, ਪੰਨਾ 92

ਹੈ ਕਿ ਮੀਰ ਸ਼ਬਦ ਦੀ ਵਰਤੋਂ ਦੁਨਿਆਵੀ ਬਾਦਸ਼ਾਹ ਲਈ ਤੇ ਪੀਰ ਸ਼ਬਦ ਦੀ ਵਰਤੋਂ ਅਧਿਆਤਮਿਕ ਸ਼ਖ਼ਸੀਅਤਾਂ ਲਈ ਕੀਤੀ ਜਾਂਦੀ ਹੈ। ਗੁਰਬਾਣੀ ਵਿਚ ਇਸ ਦਾ ਹਵਾਲਾ ਇਸ ਤਰ੍ਹਾਂ ਮਿਲਦਾ ਹੈ:

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ।[504]

ਗੁਰ ਇਤਿਹਾਸ ਤੇ ਸਿਧਾਂਤਾਂ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਦਸਦੇ ਹਨ ਕਿ ਧਰਮ ਤੇ ਰਾਜ ਦਾ ਇਹ ਸੁਯੰਗਤ ਰੂਪ ਗੁਰਿਆਈ ਰੂਪ ਵਿਚ ਇਸ ਤਰ੍ਹਾਂ ਅੱਗੇ ਵਧਿਆ:

ਸੋ ਟਿਕਾ ਸੋ ਛਤ੍ਰ ਸਿਰਿ ਸੋਈ ਸਚਾ ਤਖਤ ਟਿਕਾਈ।

ਗੁਰੂ ਨਾਨਕ ਹੰਦੀ ਮੁਹਰ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।[505]

ਸਿੱਖ ਧਰਮ ਵਿਚ ਮੀਰੀ-ਪੀਰੀ ਦਾ ਸੰਕਲਪ ਬੀਜ਼ ਰੂਪ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਣੀ ਵਿਚ ਸਮਾਇਆ ਹੋਣ ਤੋਂ ਪਤਾ ਲਗਦਾ ਹੈ ਕਿ ਮੀਰੀ-ਪੀਰੀ ਦੇ ਸਿਧਾਂਤ ਦਾ ਮੁੱਢਲਾ ਰੂਪ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਹੀ ਨਿਰੂਪਣ ਕਰ ਦਿੱਤਾ ਸੀ। ਇਸ ਸਿਧਾਂਤ ਦੇ ਨਿਯਮਾਂ ਬਾਰੇ ਗੁਰਤੇਜ ਸਿੰਘ ਦਸਦੇ ਹਨ:

1. ਅਦਲੀ ਅਕਾਲ ਪੁਰਖ ਹੀ ਸੱਚਾ ਸ਼ਹਿਨਸ਼ਾਹ ਹੈ ਅਤੇ ਦੁਨਿਆਵੀ ਰਾਜੇ ਸੱਤਾ ਦੇ ਕੂੜੇ ਦਾਅਵੇਦਾਰ ਹਨ।
2. ਅਕਾਲ ਪੁਰਖ ਸਭ ਖੂਬੀਆਂ ਦਾ ਸਾਗਰ ਅਤੇ ਸਭ ਗੁਣਾਂ ਦਾ ਖ਼ਜ਼ਾਨਾਂ ਹੈ, ਉਸ ਦਾ ਇਕ ਖ਼ਾਸਾ ਸੰਤਾਂ ਨੂੰ ਉਬਾਰਨਾ ਅਤੇ ਦੁਸ਼ਟਾਂ ਨੂੰ ਸੰਘਾਰਨਾ ਹੈ।
3. ਮਨੁੱਖਾ ਜੀਵਨ ਦਾ ਮਨੋਰਥ ਹੈ ਗੁਰਬਾਣੀ ਦੁਆਰਾ ਪ੍ਰਗਟਾਏ ਅਕਾਲ ਪੁਰਖ ਦੇ ਗੁਣਾਂ ਨੂੰ ਗ੍ਰਹਿਣ ਕਰ ਕੇ ਓਸੇ ਦਾ ਰੂਪ ਹੋ ਨਿਬੜਨਾ।
4. ਬੁਰਾਈ ਆਪਣੇ ਆਪ ਖ਼ਤਮ ਨਹੀਂ ਹੁੰਦੀ, ਉਹ ਵਧਦੀ ਫੁੱਲਦੀ ਰਹਿੰਦੀ ਹੈ, ਜਦੋਂ ਤੱਕ ਕਿ ਇਸ ਦਾ ਟਾਕਰਾ ਕਰ ਕੇ ਇਸ ਨੂੰ ਖ਼ਤਮ ਕਰਨ ਲਈ ਸਿੱਧਾ ਹੰਭਲਾ ਨਾ ਮਾਰਿਆ ਜਾਵੇ।

[504] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 417

[505] ਸ. ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਪੰਨਾ 23

5. ਸੱਚ ਧਰਮ ਉੱਤੇ ਡਟ ਕੇ ਪਹਿਰਾ ਦੇਣਾ, ਕੂੜ ਨੂੰ ਵੰਗਾਰਨਾ ਮਨੁੱਖ ਮਾਤਰ ਦੀ ਸਰਵੋਤਮ ਸੇਵਾ ਅਤੇ ਅਧਿਆਤਮਵਾਦ ਦੀ ਚਰਮ ਸੀਮਾ ਹੈ। 1699 ਵਿਚ ਸੰਤ ਸਿਪਾਹੀ ਖ਼ਾਲਸਾ ਸਾਜਣ ਵਾਲੇ ਕਲਗ਼ੀਧਰ ਨੇ ਇਨ੍ਹਾਂ ਨਿਯਮਾਂ ਨੂੰ ਹੀ ਖ਼ਾਲਸਾ ਪੰਥ ਦੇ ਮਹੱਲ ਦੀ ਆਧਾਰਸ਼ਿਲਾ ਬਣਾਇਆ ਸੀ।[506]

ਉਪਰੋਕਤ ਵਿਚਾਰ ਤੋਂ ਪਤਾ ਲਗਦਾ ਹੈ ਕਿ ਦੀਨ-ਦੁਨੀ, ਲੋਕ-ਪਰਲੋਕ ਤੇ ਹਲਤ-ਪਲਤ ਦਾ ਠੀਕ ਸੰਤੁਲਨ ਹੀ ਮੀਰੀ-ਪੀਰੀ ਦਾ ਜ਼ਾਹਰਾ ਰੂਪ ਸੀ ਜਿਸਦੀ ਸਿਰਜਣਾ ਦਾ ਪ੍ਰਗਟਾਵਾ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਰਾਹੀਂ ਪ੍ਰਗਟ ਹੋਇਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਗੁਰਗੱਦੀ ਰਸਮ ਦੀ ਪਹਿਲਾਂ ਤੋਂ ਚੱਲੀ ਆ ਰਹੀ ਪਰੰਪਰਾ ਵਿਚ ਬਦਲਾਅ ਕਰਕੇ ਦੁਨਿਆਵੀ ਤੇ ਰੂਹਾਨੀ ਤਾਕਤ ਦਾ ਪ੍ਰਤੀਕ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨਣ ਲਈ ਕਿਹਾ।[507] ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਨ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਗਤਾਂ ਨੂੰ ਆਦੇਸ਼ ਕੀਤਾ ਕਿ ਗੁਰੂ-ਘਰ ਵਿਚ ਅੱਗੇ ਤੋਂ ਭੇਟਾ ਸ਼ਾਸਤਰਾਂ ਅਤੇ ਘੋੜਿਆਂ ਦੀ ਕੀਤੀ ਜਾਵੇ ਕਿਉਂਕਿ ਆਉਣ ਵਾਲੇ ਸਮੇਂ ਵਿਚ ਮੁਗ਼ਲ ਬਾਦਸ਼ਾਹ ਨਾਲ ਲੜਾਈ ਕਰਨ ਲਈ ਸ਼ਸਤਰਾਂ ਦੀ ਲੋੜ ਪਵੇਗੀ ਤਾਂ ਸਿੱਖ ਸ਼ਸਤਰ ਭੇਂਟ ਕਰਨ ਲੱਗੇ। ਪ੍ਰੋ. ਪੂਰਨ ਸਿੰਘ ਦਸਦੇ ਹਨ, ''ਉਨ੍ਹਾਂ ਨੇ ਤਲਵਾਰਾਂ, ਤੀਰਾਂ, ਢਾਲਾਂ ਤੇ ਕਮਾਨਾਂ ਗੁਰੂ ਜੀ ਨੂੰ ਭੇਟਾ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਦਿਨ ਤੋਂ ਲੈ ਕੇ ਸਿੱਖ ਸੰਗਤਾਂ ਨੇ ਸਤੀ ਹੋਣ ਵਾਲੀ ਇਸਤਰੀ ਦੀ ਨਿਆਈ ਸੁਹਾਗ ਦੇ ਜਜ਼ਬੇ ਰੱਤੇ ਵਸਤਰ ਪਹਿਨਣੇ ਸ਼ੁਰੂ ਕਰ ਦਿੱਤੇ ਅਤੇ ਸਾਰੀ ਸਿੱਖ ਜਨਤਾ ਮੌਤ ਨੂੰ ਇਉਂ ਵਰਨ ਲੱਗ ਪਈ ਜਿਵੇਂ ਜਪਾਨ ਦੇ ਯਮਾਟੋ (Yamato), ਜੋ ਬਿਨਾਂ ਇਹ ਜਾਣੇ ਤੇ ਸੋਚੇ ਸਮਝੇ ਜਾਨਾਂ ਕੁਰਬਾਨ ਕਰ ਦਿੰਦੇ ਸਨ ਅਤੇ ਇਹ ਆਪਣਾ ਧਰਮ ਸਮਝਦੇ ਸਨ ਕਿ ਪਿਆਰੇ ਤੋਂ ਬਿਨਾਂ ਮੁਰਦੇ ਹਾਰ ਤੇ ਗੁਲਾਮੀ ਦੇ ਜੀਊਣ ਨਾਲੋਂ ਮਰਨਾ ਭਲਾ ਹੈ।''[508] ਗੁਰੂ ਹਰਿਗੋਬਿੰਦ ਦੇ ਸਮੇਂ ਤੱਕ ਸਿੱਖੀ ਲਹਿਰ ਵਿਚ ਮੀਰੀ ਜਾਂ ਸੂਰਬੀਰਤਾ ਦਾ ਅੰਸ਼ ਸ਼ਾਮਲ ਹੋ ਚੁੱਕਿਆ ਸੀ। ਲੋਕ ਸ਼ਾਂਤੀ ਦੇ

---

[506] ਗੁਰਤੇਜ ਸਿੰਘ, ਸਿੰਘਨਾਦ (ਲੇਖ ਸੰਗ੍ਰਹਿ), ਪੰਨਾ 150

[507] G. S. Dhillon, Insights Into Sikh Religion And History, p 50

[508] ਪੂਰਨ ਸਿੰਘ, ਕਿਰਪਾਲ ਸਿੰਘ ਕਸੇਲ (ਅਨੁ.), ਦਸ ਗੁਰੂ ਦਰਸ਼ਨ, ਪੰਨਾ 77

ਰਾਹ ਨੂੰ ਛੱਡ ਕੇ ਮੌਕੇ ਦੀ ਸਰਕਾਰ ਨਾਲ ਧਰਮ, ਹੱਕ ਅਤੇ ਸੱਚ ਦੀ ਰਾਖੀ ਲਈ ਡੱਟ ਕੇ ਮੁਕਾਬਲਾ ਕਰਨ ਲਈ ਤਿਆਰ ਹੋ ਚੁੱਕੇ ਸਨ।

ਸਿੱਖ ਲਹਿਰ ਵਿਚ ਇਸ ਵੱਡੇ ਪਰਿਵਰਤਨ ਨੇ ਸਿਫ਼ਤੀ ਤਬਦੀਲੀ ਲਿਆਂਦੀ ਜਿਸ ਬਾਰੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦਸਦੇ ਹਨ, ''ਗਿਆਨ ਦੀਆਂ ਉਹ ਕੁੰਟਾਂ ਜਿਹਨਾਂ ਵੱਲ ਕਿ ਪਹਿਲੇ ਪੰਜ ਗੁਰੂ ਜੀ ਰਮਦੇ ਰਹੇ ਸਨ, ਉਹਨਾਂ ਦਾ ਅਗਮ-ਅਗੋਚਰ ਵਿਸਮਾਦ ਉਹਨਾਂ ਦੀ ਸ਼ਮਸ਼ੀਰ ਵਿਚ ਉਤਰ ਪਿਆ। ਅਚਿਹਨ ਖ਼ੂਬਸੂਰਤੀ, ਹਰਖ-ਸੋਗ ਤੋਂ ਅਗਲੀ ਅਵਸਥਾ ਅਤੇ ਤੀਸਰੇ ਰਾਹ ਦੇ ਅਸਚਰਜ ਰਹੱਸ ਉਹਨਾਂ ਦੀਆਂ ਮੀਰੀ-ਪੀਰੀ ਦੀਆਂ ਤਲਵਾਰਾਂ ਵਿਚ ਸਮਾ ਗਏ।[509] ਇਸ ਤਰ੍ਹਾਂ ਗੁਰੂ ਸਾਹਿਬ ਦੀਨਦਾਰ ਅਤੇ ਦੁਨੀਆਦਾਰ ਭਾਵ ਦੋ ਜਹਾਨਾਂ ਦੇ ਮਾਲਕ ਮੰਨੇ ਜਾਣ ਲੱਗੇ ਪਏ ਜਿਨ੍ਹਾਂ ਨੂੰ ਗੁਰਮਤਿ ਦੀ ਸ਼ਬਦਾਵਲੀ ਵਿਚ ਹਲਤ-ਪਲਤ ਕੇ ਰਾਖੇ ਕਿਹਾ ਜਾਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੇ ਪਾਸ ਅਕਾਲ ਤਖ਼ਤ ਤਿਆਰ ਕਰਵਾਇਆ ਜਿਸ ਨੂੰ ਦਿੱਲੀ ਦਰਬਾਰ ਤੋਂ ਉੱਚਾ ਮੰਨਿਆ ਗਿਆ ਅਤੇ ਇਹ ਪਰੰਪਰਾ ਅਜੇ ਵੀ ਕਾਇਮ ਹੈ।

ਰਤਨ ਸਿੰਘ ਭੰਗੂ ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ ਉਪਰੰਤ ਛੇਵੇਂ ਪਾਤਸ਼ਾਹ ਦੇ ਖੜਗ ਚੁੱਕਣ ਨੂੰ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਨਾਲ ਜੋੜਦਾ ਦਸਦਾ ਹੈ:

ਫਿਰ ਅਰਜਨ ਗੁਰ ਹਰਿਗੋਬਿੰਦ। ਖੜਗ ਚਕਯੋ ਜਿਨ ਮਾਰ ਪੈਇੰਦ॥
ਮੀਰੀ ਪੀਰੀ ਦੋਊ ਦਿਖਈ। ਸ਼ਾਹ ਜਹਾਂ ਕੋ ਹਾਰ ਸੁ ਦਈ।[510]

ਰਤਨ ਸਿੰਘ ਦਸਦਾ ਹੈ ਕਿ ਸਤਿਗੁਰੂ ਦੇ ਬਚਨ ਹਨ ਕਿ ਖ਼ਾਲਸਾ ਦੀ ਹੰਨੇ ਹੰਨੇ ਮੀਰੀ ਹੋਵੇਗੀ ਭਾਵ ਖ਼ਾਲਸਾ ਹਰ ਥਾਂ ਬਾਦਸ਼ਾਹ ਹੋਵੇਗਾ:

ਸਤਿਗੁਰ ਖਾਲਸੈ ਬਚ ਹੁਤੋ ਹੰਨੇ ਹੰਨੇ ਹੋਨ ਮੀਰ।[511]

---

[509] ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖ਼ਾਲਸਾ, ਪੰਨਾ 176

[510] ਭਾਈ ਵੀਰ ਸਿੰਘ (ਸੰਪਾ.),ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 17

[511] ਉਹੀ, ਪੰਨਾ 100

ਕੁਇਰ ਸਿੰਘ ਮੀਰੀ-ਪੀਰੀ ਦੇ ਸਿਧਾਂਤ ਦੇ ਸਰੂਪ ਬਾਰੇ ਦਸਦਾ ਹੈ ਕਿ ਜਦੋਂ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਗੱਦੀ ਜੀ ਰਸਮ ਹੋਈ ਤਾਂ ਬਹੁਤ ਸਾਰੀ ਸਮੱਗਰੀ ਮੰਗਵਾਈ ਗਈ। ਇਸ ਸਮੱਗਰੀ ਵਿਚ ਗੁਰੂ ਜੀ ਦੀ ਸੋਭਾ ਤੇ ਸ਼ਾਨ ਵਧਾਉਣ ਵਾਲੀਆਂ ਬਹੁਤ ਸਾਰੀਆਂ ਵਸਤਾਂ ਦੇ ਨਾਲ ਗੁਰੂ-ਘਰ ਦੀ ਪਰੰਪਰਾ ਸੇਲੀ ਟੋਪੀ ਵੀ ਸ਼ਾਮਿਲ ਸੀ। ਪਰ ਵਿਸ਼ੇਸ਼ ਗੱਲ ਇਹ ਸੀ ਕਿ ਇਸ ਸਾਰੀ ਸਮੱਗਰੀ ਵਿਚ ਸ਼ਸਤਰ ਵੀ ਸ਼ਾਮਿਲ ਸਨ ਜਿਨ੍ਹਾਂ ਵਿਚ ਤੀਰ, ਕਮਾਣਾਂ ਦਾ ਭੱਥਾ ਤੇ ਹਥਿਆਰਾਂ ਤੋਂ ਬਿਨਾਂ ਕਲਗ਼ੀ ਵੀ ਸ਼ਾਮਿਲ ਸੀ:

ਆਯੁਧ ਸਰਬ ਸੁ ਕੇ ਹਰਿ ਛਾਜਤ, ਭੂਖਨ ਔਰ ਗਨੇ ਨਹਿ ਜਾਹੀ॥

ਬਾਮ ਕ੍ਰਿਪਾਨ ਛਕਾਇ ਕਟਾਰ, ਜਿਗਾ ਕਲਗੀ ਮੁਕਟੰ ਮਨਿ ਧਾਰੀ।

ਚਾਪ ਨਿਖੰਗ ਧਰੈ ਪਟ ਭੂਖਨ, ਕੰਕਨ ਅੰਗਦ ਕੀ ਰੁਚਿ ਸਾਰੀ।

ਸੋਢੀ ਮਸੰਦਨ ਭੇਟ ਦਈ ਇਤਨੀ ਇਤਨੀ ਜਿਤਨੀ ਕਹਿ ਸਾਰੀ।

ਪੰਚ ਹੀ ਮੁਹਰ ਸੋ ਗੋਦੜੀ ਖਜੋ ਮਨ ਅਸਟ ਗਜੰ ਰਥ ਆਯੂ ਧਾਰੀ॥[512]

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੀ ਗੁਰਗੱਦੀ ਦੀ ਰਸਮ ਜਿਗਾ ਕਲਗ਼ੀ ਭਾਵ ਗੁਰੂ ਜੀ ਦੇ ਮਸਤਕ ’ਤੇ ਕਲਗ਼ੀ ਸਜਾਉਣ ਨਾਲ ਹੋਈ:

ਧਰਾ ਭਾਲ ਟੀਕੰ ਮਹਾਰਾਜ ਐਸੇ। ਜਿਗਾ ਕਲਗੀ ਆਨ ਦੀਨੀ ਤਬੈਸੇ॥[513]

ਕੁਇਰ ਸਿੰਘ ਦਸਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ’ਤੇ ਬੈਠਣ ਮਗਰੋਂ ਸਿੱਖਾਂ ਨੂੰ ਹੁਕਮ ਦਿੱਤਾ ਕਿ ਆਪਣੇ ਗਲ ਵਿਚ ਕਿਰਪਾਨ ਧਾਰਨ ਕਰੋ ਤੇ ਤੁਰਕਾਂ ਤੇ ਮਲੇਸ਼ਾਂ ਦਾ ਨਿਰੰਤਰ ਨਾਸ ਕਰੋ। ਇਹਨਾਂ ਜਾਬਰ ਤੇ ਜ਼ੁਲਮੀ ਸ਼ਕਤੀਆਂ ਦੇ ਨਾਸ ਲਈ ਨਾਮ ਦਾ ਰਸ ਜ਼ਰੂਰੀ ਹੈ। ਇਸ ਸੰਬੰਧ ਵਿਚ ਕਵੀ ਇਕੱਲੇ ਬਾਹਰੀ ਦੁਸ਼ਮਣ ਤੇ ਮਲੇਸ਼ ਸ਼ਕਤੀਆਂ ਦਾ ਨਾਸ ਹੀ ਨਹੀਂ ਬਲਕਿ ਨਾਮ ਦੀ ਤਾਕਤ ਨਾਲ ਅੰਦਰੂਨੀ ਵਿਕਾਰਾਂ ਦੀ ਜ਼ਹਿਰ ਦਾ ਵੀ ਨਾਸ ਕਰਨ ਬਾਰੇ ਦੱਸ ਰਿਹਾ ਹੈ। ਗੁਰੂ ਜੀ ਫਰਮਾਉਂਦੇ ਹਨ ਇਸ ਸਮੁੱਚੇ ਕਾਰਜ ਲਈ ਸਰੀਰ ’ਤੇ ਖੜਗ ਧਾਰਨ ਕਰੋ ਤੇ ਮੁੱਖ ਤੋਂ ਨਾਮ ਜਪੋ:

---

[512] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 64

[513] ਉਹੀ, ਪੰਨਾ 64

ਧਰੋ ਅੱਸਿ ਤੁਮ ਗ੍ਰੀਵਾ ਅੰਤਰ। ਮਾਰੋ ਤੁਰਕ ਮਲੇਛ ਨਿਰੰਤਰ॥

ਯਾਹਿ ਤਜੋ ਨਹਿ ਬਿਖੈ ਤਿਆਗੀ। ਕਰੋ ਨਾਮ ਸੋ ਰਸ ਅਨੁਰਾਗੀ।

ਤਨ ਸੋ ਮਿਥਿਜਾ ਜਾਨੋ ਸਾਰੇ। ਯਾਹਿ ਨੀਸਾਨੀ ਨਾਸ ਪ੍ਰਕਾਰੇ॥

ਖੜਗ ਧਰੋ ਤਨ ਉੱਜਲ ਹੋਈ। ਨਾਮ ਜਪੋ ਮੁਖ ਕੰਠ ਸੋ ਲੋਈ।[514]

ਕਵੀ ਜੀ ਗੁਰੂ ਨਾਨਕ ਸਾਹਿਬ ਨੂੰ ਦੇਵਤਿਆਂ ਦਾ ਸਵਾਮੀ ਦਸਦੇ ਹੋਏ ਗੁਰੂ ਦੇ ਰਾਜ ਸਿੰਘਾਸਣ ਦਾ ਕਾਰਜ ਬਿਆਨ ਕਰਦਾ ਹੈ ਕਿ ਗੁਰੂ ਜੀ ਸਾਰੇ ਜਗਤ ਦੇ ਮਾਲਕ ਹਨ ਤੇ ਜੀਵਾਂ ਦਾ ਉਧਾਰ ਕਰਨ ਲਈ ਤੇ ਜ਼ਾਲਮ ਸ਼ਕਤੀਆਂ ਦਾ ਨਾਸ ਕਰਨ ਲਈ ਸੰਸਾਰ ਵਿਚ ਆਏ ਹਨ:

ਸ੍ਰੀ ਗੁਰੂ ਨਾਨਕ ਬ੍ਰਹਮ ਮਯੰਬਰ, ਤਾ ਪਦ ਰਾਜ ਸਿੰਘਾਸਨ ਕਾਰੀ।

ਜੀਵ ਉਧਾਰ ਕਰੈ ਜਗ ਮਾਲਕ, ਨਾਸ ਕਰੈ ਚਵਗੱਤਨ ਭਾਰੀ॥[515]

ਕੁਇਰ ਸਿੰਘ ਅਨੁਸਾਰ ਗੁਰੂ ਜੀ ਜ਼ਾਲਮ ਸ਼ਕਤੀਆਂ ਦਾ ਨਾਸ ਕਰਕੇ ਜਗਤ ਦਾ ਭਾਰ ਨਿਵਾਰਨ, 'ਜਗ ਭਾਰ ਅਪਾਰ ਨਿਵਾਰਨ ਕੋ, ਤੁਮ ਨਾਸ ਮਲੇਛਨ ਕੀਨ ਖਰੇ।'[516] ਆਏ ਹਨ। ਗੁਰੂ ਜੀ ਨੇ ਤੁਰਕ ਤੇ ਮਲੇਛ ਸ਼ਕਤੀਆਂ ਦਾ ਨਾਸ ਕਰਕੇ ਜਗਤ ਦੇ ਸੁਖ ਲਈ ਮਾਤਲੋਕ ਵਿਚ ਰਾਜ ਜੋਗ ਵਾਸਤੇ ਅਵਤਾਰ ਧਾਰਿਆ:

ਚਵਗਤਨ ਕੇ ਨਾਸਨ ਹੇਤਾ। ਧਰ ਅਵਤਾਰ ਗੁਰੂ ਸੁਖ ਕੇਤਾ।[517]

ਅਤੇ

ਧਰ ਰਾਜ ਸੁ ਜੋਗਾ, ਕੀ ਸੁਖ ਲੋਗਾ, ਨਿਜ ਰਸ ਭੋਗਾ, ਨੀਤ ਅਮਾ।[518]

---

[514] ਉਹੀ, ਪੰਨਾ 66

[515] ਉਹੀ, ਪੰਨਾ 67

[516] ਉਹੀ, ਪੰਨਾ 68

[517] ਉਹੀ, ਪੰਨਾ 67

[518] ਉਹੀ, ਪੰਨਾ 68

ਗੁਰੂ ਸਾਹਿਬਾਨ ਬਾਦਸ਼ਾਹਾਂ ਦੀ ਤਰ੍ਹਾਂ ਸਿੰਘਸਣ ’ਤੇ ਬਿਰਾਜਦੇ ਸਨ ਜਿਸ ਬਾਰੇ ਕੁਇਰ ਸਿੰਘ ਦਸਦਾ ਹੈ ਕਿ ਜਦੋਂ ਭਾਈ ਮੱਖਣ ਸ਼ਾਹ ਲੁਬਾਣਾ ਨੇ ਗੁਰੂ ਜੀ ਨੂੰ ਲੱਭਿਆ ਤਾਂ ਬਹੁਤ ਸਾਰੀ ਸਿੱਖ ਸੰਗਤ ਨੇ ਇਕੱਠੀ ਹੋ ਕੇ ਗੁਰੂ ਜੀ ’ਤੇ ਫੁੱਲਾਂ ਦੀ ਵਰਖਾ ਕੀਤੀ ਤੇ ਗੁਰੂ ਜੀ ਨੂੰ ਸਿੰਘਾਸਣ ’ਤੇ ਬਿਠਾਇਆ:

ਪੂਜਤ ਬਰਖਤ ਸੁਮਨ ਸੁ ਧਾਰਤ, ਚਾਹਤ ਨਾਹਿ ਗੁਰੂ ਮਨ ਭਾਵੈ।
ਤਾਵਤ ਸਿਖ ਘਨੇ ਦਿਸ ਕੇ ਗਨ ਆਨ ਸਿੰਘਾਸਨ ਸ੍ਰੀ ਪਧਰਾਵੈ॥[519]

ਕਵੀ ਗੁਰੂ ਜੀ ਦੀ ਆਨੰਦਪੁਰ ਸਾਹਿਬ ਵਿਖੇ ਗੁਰਗੱਦੀ ਦੀ ਰਸਮ ਨੂੰ ਆਦਿ ਸਿੰਘਾਸਣ ਦਾ ਨਾਮ ਦਿੰਦਾ ਹੈ:

ਆਦਿ ਸਿੰਘਾਸਨ ਦਮ ਦਮਾ, ਰਾਜ ਧਰਾ ਗੁਰ ਜਾਨ॥[520]

ਕੁਇਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਕਰਦਾ ਦਸਦਾ ਹੈ ਕਿ ਗੁਰੂ ਜੀ ਦੇ ਸਮਾਨ ਕੋਈ ਪਾਤਸ਼ਾਹ (ਮੀਰ), ਬਲਵਾਨ, ਯੋਧਾ ਨਹੀਂ ਹੈ। ਉਹ ਸਾਹਿਨਸ਼ਾਹਾਂ ਦੇ ਸਾਹਿਨਸ਼ਾਹ ਤੇ ਅਵਤਾਰਾਂ ਦੇ ਅਵਤਾਰ ਹਨ। ਮੈਂ ਉਹਨਾਂ ਨੂੰ ਕਰਤਾਰ ਦਾ ਰੂਪ ਜਾਣਿਆ ਹੈ:

ਧੀਰ ਨ ਮੀਰ ਨ ਬੀਰ ਨ ਤੋ ਸਮ, ਤੋਹ ਲਖਾ ਹਮ ਸ੍ਰੀ ਕਰਤਾਰ।
ਸਾਹਨ ਸਾਹ ਗੁਬਿੰਦ ਗੁਰੂ, ਪ੍ਰਭ ਜੋ ਅਵਤਾਰਨ ਕੋ ਅਵਤਾਰ।
ਹਮ ਭੀਖਕ ਭੇਖਾਰੀ ਤੇਰੇ, ਦੀਜੈ ਦਾਨ ਸਦਾ ਧਨ ਧਾਮ।
ਸੁਤ ਨਾਤੀ ਕੋ ਸਦਾ ਸੰਜੋਗਾ, ਦੂਧ ਅੰਨ ਧਨ ਰਹੈ ਨ ਕਾਮ।
ਭੋਗ ਮੋਖ ਮਨ ਤ੍ਰਿਪਤ ਸਦਾਈ, ਧਰੋ ਧਰਮ ਕਰ ਤੁਰਕਨ ਨਾਸ।
ਜਹ ਕਹ ਨਾਮ ਤੁਮਾਰਾ ਗਾਵੈ, ਤੋਹ ਪੰਥ ਨਿਪ ਤੁਮੈ ਸੁਭਾਸ॥[521]

ਮੀਰੀ-ਪੀਰੀ ਦੇ ਸਿਧਾਂਤ ਅਨੁਸਾਰ ਹੀ ਖ਼ਾਲਸੇ ਨੇ ਰਾਜ ਲਈ ਗੁਰੂ ਸਾਹਿਬ ਤੋਂ ਲੈ ਕੇ ਅਨੇਕਾਂ

---

[519] ਉਹੀ, ਪੰਨਾ 23

[520] ਉਹੀ, ਪੰਨਾ 69

[521] ਉਹੀ, ਪੰਨਾ 68

ਮੁਸੀਬਤਾਂ ਦੇ ਬਾਵਜੂਦ ਸੰਘਰਸ਼ ਜਾਰੀ ਰੱਖਿਆ:

ਸਹਜੋ ਇਮੈ ਦੁਖ ਸਿੰਘਨ ਮਝੇਲਨ। ਮੁੜ ਜਾਨੈ ਰਾਜ ਪੰਥ ਪਾਯੋ ਹੋਗੁ ਸੈਲਨ।

ਉਨ ਸਿਰ ਤੇ ਪਰੈ ਪਤਿਸਾਹੀ ਤਕਾਈ। ਤੌ ਹੰਨੇ ਹੰਨੇ ਉਨ ਲਭੀ ਪਤਿਸ਼ਾਹੀ॥[522]

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਮੀਰੀ-ਪੀਰੀ ਦੇ ਵਿਲੱਖਣ ਸਿਧਾਂਤ ਨੇ ਸਿੱਖਾਂ ਅੰਦਰ ਧਾਰਮਿਕ ਵਿਸ਼ਵਾਸ ਦੇ ਨਾਲ-ਨਾਲ ਪਾਤਸ਼ਾਹੀ ਦੀ ਚਿਣਗ ਨੂੰ ਬਰਕਰਾਰ ਰੱਖਿਆ ਤੇ ਇਸ ਧਾਰਨਾ ਨੂੰ ਹੋਰ ਪੱਕਿਆਂ ਕਰ ਦਿੱਤਾ ਕਿ ਅੰਤਿਮ ਜਿੱਤ ਖ਼ਾਲਸੇ ਦੀ ਹੋਵੇਗੀ।

### 4.2. ਸੱਚਾ ਪਾਤਸ਼ਾਹ

ਪਾਤਸ਼ਾਹ ਸ਼ਬਦ ਦੇ ਅਰਥ ਸਮਰਾਟ ਜਾਂ ਬਾਦਸ਼ਾਹ ਕੀਤੇ ਜਾਂਦੇ ਹਨ। ਭਾਈ ਕਾਨ੍ਹ ਸਿੰਘ ਨੇ ਪਾਤਸ਼ਾਹ ਦੇ ਅਰਥ, 'ਪਾਤ(ਸਿੰਘਾਸਨ) ਦਾ ਸ੍ਵਾਮੀ, ਪਾਦਸ਼ਾਹ, ਬਾਦਸ਼ਾਹ'[523] ਕੀਤੇ ਹਨ। ਸਪਸ਼ਟ ਹੈ ਕਿ ਪਾਤਸ਼ਾਹ ਸ਼ਬਦ ਦੀ ਵਰਤੋਂ ਪਹਿਲਾਂ ਵੀ ਕੀਤੀ ਜਾਂਦੀ ਰਹੀ ਹੈ ਪਰ 'ਸੱਚਾ ਪਾਤਸ਼ਾਹ' ਸ਼ਬਦ ਵਿਸ਼ੇਸ਼ਣ ਦੇ ਰੂਪ ਵਿਚ ਗੁਰੂ ਸਾਹਿਬਾਨ ਲਈ ਪਹਿਲੀ ਵਾਰ ਵਰਤੋਂ ਵਿਚ ਆਇਆ। ਭਾਈ ਕਾਨ੍ਹ ਸਿੰਘ ਨੇ ਸੱਚਾ ਪਾਤਸ਼ਾਹ ਦੇ ਅਰਥ, 'ਕਰਤਾਰ. ਵਾਹਗੁਰੂ। ੨ ਸਤਿਗੁਰੂ' ਕੀਤੇ ਹਨ। ਕਿਸੇ ਵੀ ਸਮਕਾਲੀ ਬਾਦਸ਼ਾਹ ਦੇ ਹੁੰਦਿਆਂ ਗੁਰੂ ਸਾਹਿਬਾਨ ਨੂੰ ਸੰਗਤ ਵੱਲੋਂ ਸੱਚਾ ਪਾਤਸ਼ਾਹ ਕਹਿਣਾ ਗੁਰੂ ਸਾਹਿਬ ਵੱਲੋਂ ਦੁਨੀਆ ਦੇ ਬਾਦਸ਼ਾਹਾਂ ਨਾਲੋਂ ਬਿਹਤਰ ਸਮਾਜਿਕ ਤੇ ਰਾਜਸੀ ਪ੍ਰਬੰਧ ਦੀ ਵਿਉਂਤਬੰਦੀ ਦਾ ਹੀ ਨਤੀਜਾ ਸੀ। ਡਾ. ਜਸਪਾਲ ਸਿੰਘ ਸੱਚੇ ਪਾਤਸ਼ਾਹ ਦੇ ਸੰਕਲਪ ਦੀ ਵਿਆਖਿਆ ਕਰਦੇ ਦਸਦੇ ਹਨ, ''ਲੋਕ ਸਮਕਾਲੀ ਰਾਜ ਤੋਂ ਪੂਰੀ ਤਰ੍ਹਾਂ ਅਸੰਤੁਸ਼ਟ ਸਨ ਅਤੇ ਇਕ ਐਸੇ ਵਿਕਲਪਿਕ ਰਾਜ ਦੀ ਭਾਲ ਕਰ ਰਹੇ ਸਨ ਜਿਸ ਵਿਚ ਸੱਤਾ 'ਸੱਚੇ ਪਾਤਸ਼ਾਹ' ਦੇ ਹੱਥਾਂ ਵਿਚ ਹੋਵੇ। 'ਸੱਚੇ ਪਾਤਸ਼ਾਹ' ਦੇ ਸੰਕਲਪ ਵਿਚ ਗੁਰੂ ਸਾਰੀ ਸ਼ਕਤੀ ਪਰਮਾਤਮਾ ਪਾਸੋਂ ਗ੍ਰਹਿਣ ਕਰਦਾ ਹੈ, ਪਰ ਸ਼ਕਤੀ ਗ੍ਰਹਿਣ ਕਰਕੇ ਉਹ ਸਮਕਾਲੀ ਬਾਦਸ਼ਾਹਾਂ ਦੀ ਤਰ੍ਹਾਂ ਸੱਤਾ ਦਾ ਪ੍ਰਯੋਗ ਆਪਣੇ ਨਿੱਜੀ ਹਿਤ

---

[522] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 158

[523] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 762

ਲਈ ਅਤੇ ਲੋਕ-ਹਿਤ ਦੇ ਵਿਰੁੱਧ ਨਹੀਂ ਕਰਦਾ ਸਗੋਂ ਪਰਮਾਤਮਾ ਵੱਲੋਂ ਪ੍ਰਾਪਤ ਸਾਰੀ ਸ਼ਕਤੀ, 'ਜੋਤ ਤੇ ਜੁਗਤ', ਨਾਲ ਲੋਕਾਂ ਦਾ ਲੋਕ ਤੇ ਪਰਲੋਕ ਸਵਾਰਦਾ ਹੈ।''[524]

ਸੱਤੇ ਬਲਵੰਡ ਨੇ ਗੁਰਬਾਣੀ ਵਿਚ ਗੁਰੂ ਦੇ ਦਰਸ਼ਨਾਂ ਨੂੰ ਸੱਚੇ ਪਾਤਸ਼ਾਹ ਦੇ ਦਰਸ਼ਨ ਕਿਹਾ ਹੈ:

ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥[525]

ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਗੁਰੂ ਨਾਨਕ ਸਾਹਿਬ ਨੂੰ ਸੱਚਾ ਪਾਤਸ਼ਾਹ, ਬੇਪਰਵਾਹ, ਗਰੀਬ ਨਿਵਾਜ ਕਿਹਾ ਹੈ। ਉਸ ਦੀ ਸਾਹਿਬੀ ਸਦਾ ਕਾਇਮ ਰਹਿਣ ਵਾਲੀ ਤੇ ਹਾਜ਼ਰ ਨਾਜ਼ਰ ਹੈ। ਉਹ ਅਗੰਮ, ਅਡੋਲ ਤੇ ਨਾ ਤੋਲਿਆ ਜਾਣ ਵਾਲਾ ਹੈ। ਉਸ ਦੇ ਇਕ ਛਤਰ ਰਾਜ ਵਿਚ ਪਰਜਾ ਦਾ ਨਾ ਕੋਈ ਵੈਰੀ, ਨਾ ਜ਼ੁਲਮ, ਜਬਰਦਸਤੀ ਤੇ ਸ਼ੋਰ ਸ਼ਰਾਬਾ ਹੈ:

ਸਤਿਗੁਰ ਸਚਾ ਪਾਤਿਸਾਹੁ ਬੇਪਰਵਾਹੁ ਅਥਾਹੁ ਸਹਾਬਾ।

ਨਾਓ ਗਰੀਬ ਨਿਵਾਜੁ ਹੈ ਬੇਮੁਹਤਾਜ ਨ ਮੋਹ ਮੁਹਾਬਾ।

ਬੇਸੁਮਾਰ ਨਿਰੰਕਾਰ ਹੈ ਅਲਖ ਅਪਾਰੁ ਅਲਾਹ ਸਿਵਾਬਾ।

ਕਾਇਮ ਦਾਇਮ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ।

ਅਗਮੁ ਅਡੋਲੁ ਅਤੋਲੁ ਹੈ ਤੋਲਣਹਾਰੁ ਨ ਡੰਡੀ ਛਾਬਾ।

ਇਕੁ ਛਤਿ ਰਾਜੁ ਕਮਾਂਵਦਾ ਦੁਸਮਣ ਦੂਤ ਨ ਸ਼ੋਰ ਸ਼ਰਾਬਾ।

ਜਾਹਰ ਪੀਰ ਜਗਤੁ ਗੁਰੂ ਬਾਬਾ।[526]

ਭਾਈ ਗੁਰਦਾਸ ਜੀ ਅਨੁਸਾਰ ਸਤਿਗੁਰ ਸੱਚਾ ਪਾਤਸ਼ਾਹ ਹੈ ਤੇ ਉਸ ਨਾਲ ਜੁੜਿਆ ਹਰ ਵਰਤਾਰਾ ਸੱਚਾ ਹੈ। ਗੁਰੂ ਦਾ ਤਖ਼ਤ ਤੇ ਸ਼ਬਦ ਦੀ ਟਕਸਾਲ ਸੱਚੀ ਹੈ ਤੇ ਰਾਜ ਅਟੱਲ ਹੈ:

ਸਤਿਗੁਰ ਸਚਾ ਪਾਤਿਸਾਹੁ ਸਾਧ ਸੰਗਤਿ ਸਚੁ ਤਖਤੁ ਸੁਹੇਲਾ।

---

[524] ਡਾ. ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ, ਪੰਨਾ 151

[525] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 967

[526] ਸ. ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਪੰਨਾ 255

ਸਚ ਸਬਦੁ ਟਕਸਾਲ ਸਚੁ ਅਸਟਧਾਤੁ ਇਕ ਪਾਰਸੁ ਮੇਲਾ।

ਸਚਾ ਅਬਿਚਲੁ ਰਾਜ ਹੈ ਸਚੁ ਮਹਲੁ ਨਵਰਾਣਿ ਨਵੇਲਾ।[527]

ਸਤਿਗੁਰ ਦੀ ਉਸਤਤਿ ਕਰਦਿਆਂ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸਤਿਗੁਰ ਸੱਚਾ ਪਾਤਸ਼ਾਹ ਤੇ ਪਾਤਸ਼ਾਹਾਂ ਦਾ ਪਾਤਸ਼ਾਹ ਹੈ:

ਸਤਿਗੁਰ ਸਚਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹ ਜੁਹਾਰੀ।

ਸਾਧੁ ਸੰਗਤਿ ਸਚਿ ਖੰਡਿ ਹੈ ਆਇ ਝਰੋਖੇ ਖੋਲੈ ਬਾਰੀ।[528]

ਡਾ. ਜਸਬੀਰ ਸਿੰਘ ਆਹਲੂਵਾਲੀਆ ਅਨੁਸਾਰ ਗੁਰੂ ਸਾਹਿਬਾਨ ਅਕਾਲ ਪੁਰਖ ਦੇ ਜੋਤ ਸਰੂਪ ਹਨ। ਇਸ ਲਈ ਦੁਨਿਆਵੀ ਪਾਤਸ਼ਾਹਾਂ ਦੇ ਮੁਕਾਬਲੇ ਉਹ ਸੱਚੇ ਪਾਤਸ਼ਾਹ ਹਨ।[529] ਝੂਠੇ ਅਤੇ ਸੱਚੇ ਪਾਤਸ਼ਾਹ ਦੇ ਅੰਤਰ ਸੰਬੰਧੀ ''ਆਗਰੇ ਦੇ ਇੱਕ ਸਿੱਖ ਦੀ ਬੜੀ ਸੁੰਦਰ ਸਾਖੀ ਮਿਲਦੀ ਹੈ। ਇਹ ਗਰੀਬ ਸਿੱਖ ਘਾਹ ਖੋਤਣ ਵਾਲਾ ਸੀ। ਦੋਵਾਂ ਪਾਤਸ਼ਾਹਾਂ ਦੇ ਤੰਬੂ ਖੇਤਾਂ ਵਿਚ ਨੇੜੇ-ਨੇੜੇ ਹੀ ਲੱਗੇ ਹੋਏ ਸਨ। ਇਸ ਗਰੀਬ ਸਿੱਖ ਨੇ ਜਹਾਂਗੀਰ ਦੇ ਤੰਬੂ ਵਿਚ ਜਾ ਕੇ ਆਪਣੀ ਕਮਾਈ ਵਿੱਚੋਂ ਦੋ ਤਾਂਬੇ ਦੇ ਪੈਸੇ ਮੱਥਾ ਟੇਕਿਆ ਅਤੇ ਇਹ ਜਾਣਨ ਦੀ ਇਛਾ ਪ੍ਰਗਟ ਕੀਤੀ ਕਿ 'ਸੱਚੇ ਪਾਤਸ਼ਾਹ' ਕਿਥੇ ਹਨ। 'ਤੂੰ ਕਿਸ ਨੂੰ ਮਿਲਣਾ ਚਾਹੁੰਦਾ ਹੈ?' ਜਹਾਂਗੀਰ ਨੇ ਪੁੱਛਿਆ। ਘਸਿਆਰੇ ਨੇ ਉੱਤਰ ਦਿੱਤਾ, ਮੈਂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। 'ਮੈਂ ਪਾਤਸ਼ਾਹ ਹਾਂ' ਜਹਾਂਗੀਰ ਨੇ ਕਿਹਾ। ਘਾਹੀ ਨੇ ਆਪਣੀ ਭੇਟਾ ਉਸ ਦੇ ਸਾਹਮਣੇ ਰੱਖ ਦਿੱਤੀ ਅਤੇ ਉਸ ਅੱਗੇ ਮੱਥਾ ਟੇਕਿਆ ਅਤੇ ਫਿਰ ਉਠ ਕੇ ਅਰਜ਼ ਕਰਨ ਲੱਗਾ, 'ਸੱਚੇ ਪਾਤਸ਼ਾਹ! ਮੈਨੂੰ ਆਪਣੇ ਦਾਸ ਨੂੰ ਅੰਧਕਾਰ ਦੇ ਇਸ ਭਵਸਾਗਰ ਤੋਂ ਕੱਢੋ ਆਪਣੇ ਸਰਵੱਗ ਗਿਆਨ ਦੇ ਪ੍ਰਕਾਸ਼ ਵਿਚ ਸ਼ਰਨ ਬਖ਼ਸ਼ੋ। ਇਸ ਉੱਤੇ ਜਹਾਂਗੀਰ ਨੇ ਉੱਤਰ ਦਿੱਤਾ, ਕਿ ਉਹ ਅਸਲ ਵਿਚ ਉਹ ਪਾਤਸ਼ਾਹ ਨਹੀਂ ਹੈ ਜਿਸ ਦੀ ਕਿ ਉਸ ਨੂੰ ਭਾਲ ਸੀ। ਰਖਣਹਾਰ

---

527 ਸ. ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਪੰਨਾ 201

528 ਸ. ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਪੰਨਾ 114

529 ਡਾ. ਜਸਬੀਰ ਸਿੰਘ ਆਹਲੂਵਾਲੀਆ, ਸਿੱਖ ਫ਼ਲਸਫ਼ੇ ਦੀ ਭੂਮਿਕਾ, ਪੰਨੇ 70-71

ਪਾਤਸ਼ਾਹ ਦਾ ਤੰਬੂ ਦੂਜੇ ਬੰਨੇ ਹੈ। ਗਰੀਬ ਘਾਹੀ ਨੇ ਆਪਣੇ ਦੋ ਪੈਸੇ ਦੀ ਭੇਟਾ ਉੱਥੋਂ ਚੁੱਕ ਲਈ ਅਤੇ ਗੁਰੂ ਜੀ ਵੱਲ ਨੱਠ ਤੁਰਿਆ।''[530]

ਕਵੀ ਕੁਇਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਸੱਚੇ ਪਾਤਸ਼ਾਹਾਂ ਵਾਲੀ ਸ਼ਾਹੀ ਠਾਠ-ਬਾਠ ਦਾ ਚਿਤਰਨ ਕਰਦਾ ਦਸਦਾ ਹੈ ਕਿ ਗੁਰੂ ਜੀ ਉੱਚੇ ਪਰਬਤ 'ਤੇ ਲੱਗੇ ਸਿੰਘਾਸਣ ਉੱਪਰ ਬਿਰਾਜ ਰਹੇ ਹਨ ਤੇ ਸੌ ਧਾਰਾਵਾਂ ਵਾਲਾ ਸਤਲੁਜ ਵਹਿ ਰਿਹਾ ਹੈ। ਮਨੁੱਖ ਤੇ ਦੇਵਤੇ ਦਰਸ਼ਨਾਂ ਦੀ ਚਾਹਤ ਲਈ ਆ ਰਹੇ ਹਨ। ਸ੍ਰੀ ਆਨੰਦਪੁਰ ਦੇ ਸੱਤੇ ਗੁਰਦੁਆਰਿਆਂ ਉੱਪਰ ਅਦਭੁਤ ਤੇ ਭਾਰੇ ਨਿਸ਼ਾਨ ਝੂੱਲ ਰਹੇ ਹਨ ਤੇ ਇਹਨਾਂ ਸਭਨਾਂ ਦੇ ਸਿਰ ਕੇਸਗੜ੍ਹ ਸਾਹਿਬ ਦੇ ਕਿਲ੍ਹੇ ਦੇ ਸਥਾਨ 'ਤੇ ਮਹਾਰਾਜ ਖ਼ਾਲਸੇ ਦੇ ਆਦਿ ਰੂਪ ਵਿਚ ਬਿਰਾਜ ਰਹੇ ਹਨ ਤੇ ਕਰੋੜਾਂ ਰਿੱਧੀਆਂ ਸਿੱਧੀਆਂ ਮਹਾਰਾਜ ਦੀਆਂ ਦਾਸੀਆਂ ਬਣੀਆਂ ਹੋਈਆਂ ਹਨ। ਸ਼ਸਤਰਾਂ ਦੀਆਂ ਤਿੱਖੀਆਂ ਧਾਰਾਂ ਤੇ ਗੁਪਤ ਨਗਾਰਿਆਂ ਦੀਆਂ ਆਵਾਜ਼ਾਂ ਦੇ ਤਾਕਤਵਰ ਦ੍ਰਿਸ਼ਾਂ ਨੂੰ ਕਵੀ ਉਚਾਰ ਰਹੇ ਹਨ। ਅਜਿਹੇ ਮਨਮੋਹਕ ਸਥਾਨ 'ਤੇ ਮਹਾਰਾਜ ਆਪਣੇ ਸੀਸ 'ਤੇ ਅਟੱਲ ਤਾਜ ਧਰਕੇ ਬੈਠੇ ਹਨ:

ਊਚੋ ਪੱਬ ਸੁ ਅਧਿਕ ਬਿਰਾਜੈ। ਤਾ ਪਰ ਸਿੰਘਾਸਨ ਗੁਰ ਛਾਜੈ।
ਸਹਸ ਨਾਰ ਸਰਿਤਾ ਤਟ ਬਹੈ। ਸੁਰ ਨਰ ਜਾਸ ਦਰਸ ਕੋ ਚਹੈ॥
ਸਾਤ ਧੁਜਾ ਤਿਹ ਅਦਭੁਤ ਭਾਰੀ। ਸਭ ਸਿਰ ਕੇਸ ਕੋਟ ਅਵਤਾਰੀ।
ਆਦਿ ਰੂਪ ਖਾਲਸੇ ਵਾਸੀ। ਰਿੱਧਿ ਸਿੱਧਿ ਜਿਹ ਕੋਟਿਕ ਦਾਸੀ॥
ਅਜ ਗੈਬੀ ਜਹ ਘੁਰਤ ਨਗਾਰੇ। ਕੋਟਿ ਕਵੀ ਕਹਿ ਸਕਤ ਉਚਾਰੇ।
ਬੈਠੇ ਆਨ ਤਹੀ ਮਹਾਰਾਜਾ। ਅਚੁੱਤ ਅਲਖ ਧਰਨਿ ਸਿਰ ਤਾਜਾ॥[531]

ਸਿੱਖੀ ਸਿਧਾਂਤ ਅਨੁਸਾਰ ਅਕਾਲ ਹੀ ਆਦਿ ਸ਼ਕਤੀ ਹੈ। ਕਵੀ ਕੁਇਰ ਸਿੰਘ ਭਾਰਤੀ ਪਰੰਪਰਾ ਦੇ ਅਵਤਾਰ ਰਾਮ ਕ੍ਰਿਸ਼ਨ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੂੰ ਸੱਚਾ ਪਾਤਸ਼ਾਹ ਤੇ ਅਕਾਲ ਦਾ ਹੀ ਅਵਤਾਰ ਮੰਨਦਾ ਹੈ:

---

[530] ਪੂਰਨ ਸਿੰਘ, ਕਿਰਪਾਲ ਸਿੰਘ ਕਸੇਲ (ਅਨੁ.) ਦਸ ਗੁਰੂ ਦਰਸ਼ਨ, ਪੰਨਾ 78

[531] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 127

‘‘ਰਾਮ ਤੁਮੈ, ਪੁਨਿ ਕ੍ਰਿਸਨ ਤੁਮੈ, ਪੁਨਿ ਸ੍ਰੀ ਗੁਰੁ ਹੈ ਸਚ ਸਾਹਵਤਾਰੀ॥[532]

ਕਵੀ ਕੁਇਰ ਸਿੰਘ ਦਸਦਾ ਹੈ ਕਿ ਗੁਰੂ ਜੀ ਸੂਰਮਿਆਂ ਤੇ ਬਾਦਸ਼ਾਹਾਂ ਵਿੱਚੋਂ ਸ਼ਿਰੋਮਣੀ ਤੇ ਧੀਰਜ ਵਾਲੇ ਹਨ ਵੱਖ-ਵੱਖ ਦੇਵਤੇ ਵੀ ਉਹਨਾਂ ਦੇ ਸੀਸ ਦੇ ਛਤਰ ਦੀ ਸੋਭਾ ਕਰ ਰਹੇ ਹਨ ਤੇ ਗੁਰੂ ਨਾਨਕ ਦਾ ਇਹ ਬ੍ਰਹਮ ਰੂਪ ਸੱਚਾ ਰਾਜ ਸਿੰਘਾਸਣ ਦੁਸ਼ਟਾਂ ਦਾ ਨਾਸ ਤੇ ਜੀਵਾਂ ਦਾ ਉਧਾਰ ਕਰਨ ਵਾਲਾ ਹੈ:

ਬੀਰ ਸੁ ਮੀਰਨ ਧੀਰ ਸਿਰੋਮਨਿ, ਜਾਨਤ ਜਾਹਿ ਕਲਾ ਅਤਿ ਭਾਰੀ।
ਬਿਸਨ ਮਹੇਸ ਜਲੇਸ ਨਿਸੇਸ ਸੁਰੇਸ ਧਰਜੋ ਜਿਹ ਸੀਸ ਛਤ੍ਰਾਰੀ।
ਸ੍ਰੀ ਗੁਰੂ ਨਾਨਕ ਬ੍ਰਹਮ ਮਯੰਬਰ, ਤਾਂ ਪਦ ਰਾਜ ਸਿੰਘਾਸਨ ਕਾਰੀ।
ਜੀਵ ਉਧਾਰ ਕਰੈ ਜਗ ਮਾਲਕ, ਨਾਸ ਕਰੈ ਚਵਗੱਤਨ ਭਾਰੀ॥[533]

ਕੁਇਰ ਸਿੰਘ ਗੁਰੂ ਜੀ ਦੇ ਸੱਚੇ ਪਾਤਸ਼ਾਹ ਦੇ ਸਰੂਪ ਦੀ ਤਸਵੀਰ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਗੁਰੂ ਜੀ ਦੇ ਸੀਸ ’ਤੇ ਸੋਨੇ, ਲਾਲਾਂ, ਹੀਰਿਆਂ, ਰਤਨਾਂ ਤੇ ਜਰੀਆਂ ਨਾਲ ਜੜੀ ਕਲਗ਼ੀ ਸੋਭ ਰਹੀ ਹੈ। ਗੁਰੂ ਜੀ ਇਹ ਅਨੂਪ ਝਲਕ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਗੁਰੂ ਜੀ ਦਾ ਘੋੜਾ ਚੰਚਲ ਹੈ ਤੇ ਗੁਰੂ ਜੀ ਦੇ ਬਸਤਰ ਵੀ ਬੱਦਲਾਂ ਵਿਚ ਚਮਕਦੀ ਬਿਜਲੀ ਸਮਾਨ ਲਿਸ਼ਕ ਰਹੇ ਹਨ। ਸੋਢੀ ਵੰਸ਼ ਦੇ ਸਿਰੋਮਣੀ ਅਵਤਾਰ ਸੂਰਜ ਵਾਂਗ ਹਨ ਜਿਨ੍ਹਾਂ ਨੂੰ ਵੇਖ ਕੇ ਅਣਗਿਣਤ ਪਾਪ ਨੱਸ ਜਾਂਦੇ ਹਨ:

ਸੀਸ ਪੈ ਤਾ ਜਿਗੈ ਸੋਨ ਕਲਗੀ ਧਰੀ, ਲਾਲ ਹੀਰੇ ਜਰੀ ਜਗ ਮਗਾਵੈ।
ਸਬਜ ਪੰਨਾ ਖਚੈ ਗੁਲਕ ਸੋਭਤ ਸੂਚੈ, ਝਲਕ ਅਨੂਪ ਕਵਿ ਕੌਨ ਗਾਵੈ।
ਤਰਲ ਹੂ ਤੁਰਗ ਜਯੋਂ ਅਭ੍ਰ ਮੈ ਬਿਜੁਲੀ ਤਿਵੈ ਹੀ ਚੀਰ ਅਨੁਪ ਭਾਵੈ।
ਸੋਢਿ ਬਰ ਬੰਸ ਅਵਤੰਸ ਕੁਲ ਹੰਸ ਕੇ, ਜਾਹਿ ਕੋ ਦੇਖ ਅਘ ਗਨ ਨਸਾਵੈ॥[534]

---

[532] ਉਹੀ, ਪੰਨਾ 23

[533] ਉਹੀ, ਪੰਨਾ 67

[534] ਉਹੀ, ਪੰਨਾ 234

ਕੁਇਰ ਸਿੰਘ ਗੁਰੂ ਜੀ ਦੇ ਸ਼ਾਹੀ ਠਾਠ ਵਾਲੇ ਸੱਚੇ ਸਿੰਘਾਸਣ ਦਾ ਜ਼ਿਕਰ ਕਰਦਾ ਹੈ ਕਿ ਗੁਰੂ ਜੀ ਦਾ ਰੇਸ਼ਮੀ ਸਿੰਘਾਸਣ ਅਨੇਕਾਂ ਸਜਾਵਟਾਂ ਤੇ ਸਿੰਗਾਰਾਂ ਨਾਲ ਸਜਿਆ ਹੈ:

ਪਟ ਭੂਖਨ ਸਜ ਅਨਿਕ ਸੀਗਾਰਾ। ਸਾਚ ਸਿੰਘਾਸਨ ਗੁਰ ਅਵਤਾਰਾ।[535]

ਕੁਇਰ ਸਿੰਘ ਬਿਆਨ ਕਰਦਾ ਹੈ ਕਿ ਜਿੱਥੇ ਦਮਦਮਾ ਦੇ ਸਥਾਨ ਤੇ ਗੁਰੂ ਜੀ ਦੀ ਗੁਰਗੱਦੀ ਹੋਈ ਸੀ ਉੱਥੇ ਹੀ ਗੁਰੂ ਜੀ ਨੇ ਆਪਣਾ ਆਦਿ ਸਿੰਘਾਸਣ ਬਿਰਾਜਮਾਨ ਕੀਤਾ ਹੋਇਆ ਹੈ

ਆਦਿ ਸਿੰਘਾਸਨ ਦਮ ਦਮਾ, ਰਾਜ ਧਰਾ ਗੁਰ ਜਾਨ॥[536]

ਕੁਇਰ ਸਿੰਘ ਦਸਦਾ ਹੈ ਕਿ ਇਸੇ ਹੀ ਸਿੰਘਾਸਣ 'ਤੇ ਚੜ੍ਹ ਕੇ ਨੌਬਤੇਸ਼ (ਨਗਾਰੇ ਦੇ ਸਵਾਮੀ) ਗੁਰੂ ਜੀ ਨੇ ਰਣਜੀਤ ਨਗਾਰੇ ਨੂੰ ਤਿਆਰ ਕਰਕੇ ਇਸ 'ਤੇ ਡੰਕਾ ਲਾਉਣ ਦਾ ਹੁਕਮ ਦਿੱਤਾ ਸੀ:

ਸਿੰਘਾਸਨ ਚੜ੍ਹ ਲਾਇ ਦਿਵਾਨਾ। ਬੋਲੇ ਨੌਬਤੇਸ ਸੁਖਦਾਨਾ।

ਸ੍ਰੀ ਨਿਦੇਸ਼ ਮੁਖ ਤੇ ਦੀ ਐਸੇ। "ਕਰੋ ਤਯਾਰ ਨੌਬਤੇ ਤੈਸੇ॥

ਆਜ ਅਖੇਟ ਖੇਲ ਹੈਂ ਭਾਰੀ। ਸ੍ਰੀ ਰਣਜੀਤ ਚੌਬ ਕਰ ਧਾਰੀ।''[537]

ਕੁਇਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਉਸਤਤ ਕਰਦਾ ਲਿਖਦਾ ਹੈ ਕਿ ਗੁਰੂ ਜੀ ਰਾਜਿਆਂ ਦੇ ਰਾਜੇ, ਸੂਰਮਿਆਂ ਦੇ ਉੱਪਰ ਸੂਰਮੇ, ਸ਼ਾਹਾਂ ਦੇ ਸ਼ਾਹ, ਗਰੀਬਾਂ ਦੇ ਦੀਨ ਦਿਆਲ, ਸਭ ਦੇਸਾਂ ਵਿਦੇਸਾਂ ਵਿਚ ਸੂਰਜ ਦੀ ਤਰ੍ਹਾਂ ਚਮਕ ਰਹੇ ਹਨ ਤੇ ਰਾਜ ਤੇ ਜੋਗ ਦੀਆਂ ਸਾਰੀਆਂ ਸਿੱਧੀਆਂ ਦੇ ਮਾਲਕ ਸਿੰਘਾਸਣ 'ਤੇ ਬੈਠੇ ਸੋਹ ਰਹੇ ਹਨ:

ਯਾ ਬਿਧਿ ਕਾਲ ਲਖਯੋ ਮਹਾਂਕਾਲ ਸੁ, ਤੀਨ ਹੀ ਲੋਕਨ ਮੈ ਜਸੁ ਛਾਯੋ॥

ਰਾਜਨ ਰਾਜ ਸੁ ਬੀਰਨ ਬੀਰ ਸੁ, ਸਾਹਨ ਸਾਹ ਤ੍ਰੀਅੰ ਹਰਿ ਜਾਨਾ।

ਦੀਨਨ ਦੀਨ ਦਯਾਲ ਲਖਯੋ, ਸਭ ਦੇਸ ਬਿਦੇਸਨ ਸ੍ਰੀ ਰਵਿ ਜਾਨਾ।

---

[535] ਉਹੀ, ਪੰਨਾ 152

[536] ਉਹੀ, ਪੰਨਾ 69

[537] ਉਹੀ, ਪੰਨਾ 69

ਰਾਜ 'ਰੁ ਜੋਗ ਸਬੈ ਸਿਧ ਜਾ ਮਹਿ, ਸੋਹਤ ਆਪ ਸਿੰਘਾਸਨ ਥਾਨਾ।[538]

ਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਕਿ ਅਕਾਲ ਪੁਰਖ ਨੇ ਆਪ ਇਸ ਧਰਤੀ ਦੀਆਂ ਜਾਬਰ ਸ਼ਕਤੀਆਂ ਦੀ ਹਉਮੈ ਦੂਰ ਕਰਨ ਲਈ ਭੇਜਿਆ ਹੈ। ਗੁਰੂ ਨਾਨਕ ਦਾ ਇਹ ਸਿੰਘਾਸਣ ਅਕਾਲ ਦਾ ਰੂਪ ਹੈ। ਗੁਰੂ ਨੂੰ ਇਸ ਧਰਤੀ ਦੇ ਬ੍ਰਹਮ ਦਾ ਜਾਪ ਜਪਾਉਣ ਤੇ ਦੁਖੀਆਂ ਦਾ ਦੁੱਖ ਨਿਵਾਰਨ ਲਈ ਭੇਜਿਆ ਹੈ:

ਅਕਾਲ ਪਠਜੋ ਹਮ ਕੋ ਅਬ ਤਾਵਤ, ਕੇਤਕ ਕਾਲ ਲੁਕੈ ਹਮ ਭੀਜੈ॥

ਸਿੰਘਾਸਨ ਹੈ ਗੁਰ ਨਾਨਕ ਕੋ, ਜਿਹ ਰੂਪ ਅਕਾਲ ਕੋ ਹੈ ਸੁਖਕਾਰੀ।

ਬ੍ਰਹਮ ਮਹੇਸਰ ਸਕ੍ਰ ਜਪੈ, ਜਿਹ ਤਾਹ ਥਪਜੋ ਹਮ ਕੋ ਦੁਖਹਾਰੀ।

ਕੋਟ ਪ੍ਰਕਾਰ ਕਰੀ ਬਿਨਤੀ, ਹਮ ਲਾਯਕ ਨਾਹ ਸੁ ਯਾਹ ਪ੍ਰਕਾਰੀ।

ਧਜਾਨ ਧਰੈ ਹਮ ਰਾਜਤ ਤਾ ਪਦ, ਤਾਹ ਪਠਜੋ ਸਭ ਜਾਹਰ ਸਾਰੀ॥[539]

ਵੈਰੀਆਂ ਦਾ ਨਾਸ ਕਰਨ ਲਈ ਗੁਰੂ ਜੀ ਨੇ ਇਸ ਜਗਤ ਵਿਚ ਅਵਤਾਰ ਧਾਰਿਆ ਹੈ ਤੇ ਦੁਨੀਆ ਦੇ ਸੱਚੇ ਰਾਜੇ ਗੁਰੂ ਜੀ ਆਨੰਦਪੁਰ ਵਿਚ ਆ ਬਿਰਾਜੇ ਹਨ:

ਸਭ ਨਾਸ ਬੈਰਨ ਕਰਨ ਕੋ, ਜਿਹ ਜਗਤ ਮੈ ਅਵਤਾਰਨੰ।

ਯਾ ਭਾਂਤਿ ਸਾਰੇ ਰਾਜ ਰਾਜਨ, ਪੁਰਿ ਆਨੰਦ ਸੁ ਆਇ ਹੈ।[540]

ਆਦਿ ਖ਼ਾਲਸੇ ਦੇ ਵਾਸੀ ਗੁਰੂ ਦੇ ਵਾਕ ਵੀ ਅਟੱਲ ਹਨ ਤੇ ਜਦੋਂ ਗੁਰੂ ਜੀ ਉੱਚੇ ਪਰਬਤ ’ਤੇ ਬਿਰਾਜਦੇ ਹਨ ਤਾਂ ਉਹਨਾਂ ਦਾ ਸਿੰਘਾਸਣ ਬਹੁਤ ਸੋਭਾ ਦਿੰਦਾ ਹੈ:

ਆਦਿ ਖਾਲਸਾ ਵਾਸੀ ਜੋਈ। ਅੱਚੁਤ ਵਾਕ ਗੁਰੂ ਕਾ ਸੋਈ॥

ਊਚੋ ਪੱਬ ਸੁ ਅਧਿਕ ਬਿਰਾਜੈ। ਤਾ ਪਰ ਸਿੰਘਾਸਨ ਗੁਰ ਛਾਜੈ।[541]

---

538 ਉਹੀ, ਪੰਨਾ 178

539 ਉਹੀ, ਪੰਨਾ 70

540 ਉਹੀ, ਪੰਨਾ 99

541 ਉਹੀ, ਪੰਨਾ 127

ਜਦੋਂ ਗੁਰੂ ਜੀ ਬਹਾਦਰ ਸ਼ਾਹ ਨੂੰ ਮਿਲੇ ਤਾਂ ਗੁਰੂ ਜੀ ਸਾਰੇ ਸ਼ਸਤਰ ਤੇ ਕਲਗ਼ੀ ਜਿਗਾ ਸਜਾ ਕੇ ਗਏ। ਬਾਦਸ਼ਾਹ ਨੇ ਉੱਠ ਕੇ ਆਦਰ ਕੀਤਾ ਤੇ ਗੁਰੂ ਜੀ ਨੂੰ ਉੱਚੇ ਸਥਾਨ 'ਤੇ ਬੈਠਾਇਆ:

ਚੜ੍ਹੀ ਕਮਾਨ ਸਸਤ੍ਰ ਸਬ ਧਾਰੇ। ਕਲਗੀ ਜਿਗਾ ਸੁ ਪੇਚ ਸਵਾਰੇ।

ਲਟਕਤ ਚਲਤ ਠੌਰ ਤਹਿ ਆਏ। ਸਾਹ ਠਾਢ ਜਾ ਊਚ ਬਿਠਾਏ॥[542]

ਰਤਨ ਸਿੰਘ ਭੰਗੂ ਗੁਰੂ ਨਾਨਕ ਸਾਹਿਬ ਦੀ ਉਸਤਤ ਕਰਦਾ ਲਿਖਦਾ ਹੈ ਕਿ ਕੋਈ ਗੁਰੂ ਜੀ ਨੂੰ ਸਿੱਧ ਤੇ ਕੋਈ ਅਵਤਾਰ ਦਸਦਾ ਹੈ। ਜ਼ਿਕਰਯੋਗ ਹੈ ਕਿ ਗੁਰੂ ਪਰੰਪਰਾ ਪਾਤਸ਼ਾਹੀ ਦੇ ਰੂਪ ਵਿਚ ਗੁਰੂ ਨਾਨਕ ਸਮੇਂ ਹੀ ਸਥਾਪਿਤ ਹੋਣੀ ਸ਼ੁਰੂ ਹੋ ਗਈ ਸੀ ਜਿਸ ਕਰਕੇ ਕਈ ਲੋਕ ਗੁਰੂ ਜੀ ਨੂੰ ਸੱਚੇ ਛਤਰਧਾਰੀ ਪਾਤਸ਼ਾਹ ਦਾ ਨਾਂ ਨਾਲ ਹੀ ਪੁਕਾਰਦੇ ਸਨ:

ਕੋਊ ਕਹੈ ਯਹ ਭਯੋ ਸਿੱਧ ਕੋਊ ਕਹੈ ਅਵਤਾਰ।

ਕੋਊ ਕਹੈ ਪਾਤਸ਼ਾਹ ਯਹ ਹੋਉਗੁ ਸੁ ਛਤ੍ਰਧਾਰ॥[543]

ਰਤਨ ਸਿੰਘ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਸੰਖੇਪ ਵਿਚ ਦਸਦੇ ਹਨ ਕਿ ਜਿਵੇਂ ਦੀਵੇ ਤੋਂ ਦੀਵਾ ਬਲ ਪੈਂਦਾ ਹੈ ਇਸ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਨੇ ਚੱਲੀ ਆ ਰਹੀ ਪਾਤਸ਼ਾਹੀ ਪੰਥ ਨੂੰ ਬਖ਼ਸ਼ ਕੇ ਕਲਾਧਾਰੀ ਸਰੂਪ ਦੇ ਦਿੱਤਾ:

ਪੁਨ ਗੋਬਿੰਦ ਸਿੰਘ ਭਏ ਕਲ ਧਾਰੀ। ਦੇ ਪਤਿਸ਼ਾਹੀ ਕੀਯੋ ਪੰਥ ਭਾਰੀ।

ਜਿਮ ਦੀਪਕ ਤੇ ਦੀਪਕ ਜਾਗੈ। ਤਿਉਂ ਗੁਰ ਤੇ ਗੁਰ ਹੋਤ ਭਏ ਆਗੈ॥[544]

ਨੌਵੇਂ ਗੁਰੂ ਜੀ ਦੀ ਸ਼ਹੀਦੀ ਸਾਕੇ ਸਮੇਂ ਔਰੰਗਜ਼ੇਬ ਨੇ ਗੁਰੂ ਜੀ ਨੂੰ ਕਿਹਾ ਕਿ ਜੇਕਰ ਤੁਸੀਂ ਸੱਚੇ ਪਾਤਸ਼ਾਹ ਸਦਵਾਉਂਦੇ ਹੋ ਤੇ ਸਾਨੂੰ ਝੂਠਾ ਦਸਦੇ ਹੋ ਤਾਂ ਇਸ ਸਪਸ਼ਟੀਕਰਨ ਲਈ ਕਰਾਮਾਤ ਕਰਕੇ ਦਿਖਾਵੋ:

ਅਕੈ ਦਿਖਾਇਓ ਕਰਾ ਸੁਮਾਤ। ਜਿਮ ਗੁਰੂ ਅਖਾਵੈਂ ਦਿਖਾਓ ਸੋਊ ਬਾਤ।

---

542 ਉਹੀ, ਪੰਨਾ 258

543 ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 7

544 ਉਹੀ, ਪੰਨਾ 17

ਜਿਮ ਤੁਮ ਪਤਸਾਹੁ ਸੱਚੋ ਸਦਵਾਵੈਂ। ਜਿਮ ਕਰ ਹਮਕੋ ਝੂਠ ਠਹਿਰਾਵੈਂ॥[545]

ਰਤਨ ਸਿੰਘ ਦਸਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਤੇ ਲੰਬੇ ਸਮੇਂ ਤੋਂ ਗੁਲਾਮੀ ਹੰਢਾ ਰਹੇ ਗਰੀਬਾਂ ਨੂੰ ਉਠਾ ਕੇ ਪਾਤਸ਼ਾਹੀ ਦਿੱਤੀ। ਰਾਜਪੂਤ ਅਕ੍ਰਿਤਘਣ ਹਨ ਤੇ ਉਹ ਆਪਣੇ ਸਿਪਾਹੀਆਂ ਕਾਰਨ ਰਾਜੇ ਅਖਵਾਉਂਦੇ ਹਨ ਜਿਸ ਕਾਰਨ ਉਹ ਸਾਡੀ ਦਿੱਤੀ ਬਖ਼ਸ਼ਿਸ਼ ਨੂੰ ਪਾਤਸ਼ਾਹੀ ਨਹੀਂ ਮੰਨਣਗੇ ਜਿਸ ਕਾਰਨ ਗੁਰੂ ਨੇ ਗਰੀਬਾਂ ਨੂੰ ਪਾਤਸ਼ਾਹੀ ਬਖ਼ਸ਼ ਕੇ ਰਾਜੇ ਬਣਾ ਦਿੱਤਾ:

ਰਜਪੂਤ ਸਦਾਵੈਂ ਆਪ ਸਿਪਾਹੀ। ਓਇ ਕਹੈਂ ਕਦੋਂ ਗੁਰ ਦਈ ਪਤਿਸ਼ਾਹੀ।

ਅਬ ਦਯੈ ਪਤਸ਼ਾਹਂ ਗ਼ਰੀਬਨ ਉਠਾਇ। ਵੈ ਜਾਨੈ ਗੁਰ ਦਈ ਹੈ ਮਾਇ॥[546]

ਕਪਤਾਨ ਮਰੇ ਨੇ ਪੁਛਿਆ ਕਿ ਨਾਨਕ ਫ਼ਕੀਰ ਦੀ ਤਦਬੀਰ ਕੀ ਹੈ? ਭੰਗੂ ਜਵਾਬ ਦਿੰਦਾ ਹੈ ਕਿ ਗੁਰੂ ਨਾਨਕ ਸਾਹਿਬ ਸ਼ਾਹਾਂ ਦੇ ਸ਼ਾਹ ਹਨ ਤੇ ਉਹ ਦੀਨ ਤੇ ਦੁਨੀਆ ਦੇ ਸੱਚੇ ਪਾਤਸ਼ਾਹ ਹਨ। ਉਹਨਾਂ ਨੇ ਕਈ ਪਾਤਸ਼ਾਹਾਂ ਨੂੰ ਫ਼ਕੀਰ ਕਰ ਦਿੱਤਾ ਹੈ ਤੇ ਕਈ ਫ਼ਕੀਰਾਂ ਨੂੰ ਪੀਰ ਬਣਾ ਦਿੱਤਾ ਹੈ। ਗੁਰੂ ਜੀ ਬੇਪਰਵਾਹ ਤੇ ਸਾਹਿਨਸ਼ਾਹਾਂ ਦੇ ਸ਼ਾਹਿਨਸ਼ਾਹ ਹਨ। ਉਹਨਾਂ ਨੇ ਜਿੱਥੇ ਵੀ ਚਰਨ ਪਾਏ, ਕਲਾ ਤੇ ਸ਼ਕਤੀ ਵਰਤ ਗਈ ਜਿਸ ਨਾਲ ਚਿੜੀਆਂ ਬਾਜਾਂ ਨਾਲ ਤੇ ਲੇਲੇ ਸ਼ੇਰਾਂ ਨਾਲ ਲੜਨ ਲੱਗੇ:

ਮਰੀ ਕਹਯੋ 'ਭਯੋ ਨਾਨਕ ਫਕੀਰ। ਉਨ ਸ਼ਾਹੀ ਕੀ ਕਯਾ ਤਤਬੀਰ?'

ਹਮੈ ਕਹਯੋ 'ਵਹਿ ਸ਼ਾਹਿਨ ਸ਼ਾਹ। ਦੀਨ ਦੁਨੀ ਸੱਚੋ ਪਤਿਸ਼ਾਹਿ॥

ਕਈ ਸ਼ਾਹ ਤਿਨ ਕੀਯੇ ਫਕੀਰ। ਕਈ ਫਕੀਰ ਕਰ ਦੀਨੇ ਪੀਰ।

ਰਹਯੋ ਆਪ ਹੁਇ ਬੇਪਰਵਾਹ। ਯੌਂ ਨਾਨਕ ਭਯੋ ਸ਼ਾਹਿਨ ਸ਼ਾਹਿ॥

ਜਿਨ ਸ਼ਾਹ ਨਾਨਕ ਚਰਨ ਪ੍ਰਸਾਏ। ਤਿਨ ਮੈਂ ਸ਼ਕਤਿ ਇਤੀ ਭਈ ਆਏ।

---

[545] ਉਹੀ, ਪੰਨਾ 20

[546] ਉਹੀ, ਪੰਨਾ 23

ਚਿੜੀਅਨ ਤੇ ਉਨ ਬਾਜ ਕੁਹਾਏ। ਛੇਲਨ ਕੋਲੋਂ ਸ਼ੇਰ ਤੁੜਾਏ॥[547]

ਰਤਨ ਸਿੰਘ ਅਨੁਸਾਰ ਦੌਲਤ ਖਾਂ ਨੂੰ ਬਾਬਰ ਨੇ ਪੁੱਛਿਆ ਕਿ ਪੀਰ ਨੂੰ ਮਿਲਣ ਦੀ ਭੇਟਾ ਕੀ ਹੈ? ਕਿਉਂਕਿ ਕਿਸੇ ਗੁਰੂ ਪੀਰ ਨੂੰ ਮਿਲਣ ਜਾਣਾ ਹੋਵੇ ਤਾਂ ਭੇਟਾ ਜ਼ਰੂਰੀ ਹੁੰਦੀ ਹੈ। ਇਸ ਲਈ ਮੈਂ ਪੀਰ ਨਾਨਕ ਜੀ ਨੂੰ ਮਿਲਣ ਜਾਣ ਸਮੇਂ ਕੀ ਭੇਟਾ ਦੇਵਾਂ। ਦੌਲਤ ਰਾਇ ਨੇ ਕਿਹਾ ਕਿ ਸਾਰੇ ਲੋਕ ਉਹਨਾਂ ਤੋਂ ਮੰਗਣ ਲਈ ਜਾਂਦੇ ਹਨ ਪਰ ਪੀਰ ਜੀ ਕਿਸੇ ਤੋਂ ਕੁਝ ਨਹੀਂ ਲੈਂਦੇ। ਮੀਰੀ-ਪੀਰੀ ਦੇ ਸਭ ਖਜ਼ਾਨੇ ਉਹਨਾਂ ਕੋਲ ਹਨ ਜੋ ਮੰਗਣ ’ਤੇ ਇੱਛਾ ਅਨੁਸਾਰ ਮਿਲਦੇ ਹਨ:

ਦੌਲਤ ਕੋ ਬਾਬਰ ਪੁਛ ਲਯੋ। ਭੇਟ ਪੀਰ ਕੀ ਚਹੀਯਤ ਦਯੋ।

ਕਹੀ ਦੌਲਤ ‘ਵਹ ਲੈਣ ਨ ਜੋਗ। ਜਾਤ ਉਸੈ ਪੈ ਹੈਂ ਸਭ ਲੋਗ॥

ਮੀਰੀ ਪੀਰੀ ਸਭ ਉਸ ਪਾਹਿ। ਦੇਖੋਗੇ ਤੁਮ ਨੇੜੇ ਜਾਇ’।

ਤੌਂ ਫਿਰ ਆਪ ਬੋਲਯੋ ਸ਼ਾਹਿ। ‘ਖਾਲੀ ਦਸਤ ਰੂਹ ਹੈ ਸ਼ਾਹਿ॥[548]

ਰਤਨ ਸਿੰਘ ਭੰਗੂ ਦਸਦਾ ਹੈ ਕਿ ਜਦੋਂ ਪਹਾੜੀ ਰਾਜੇ ਮੱਦਦ ਲਈ ਗੁਰੂ ਜੀ ਦੀ ਸ਼ਿਕਾਇਤ ਲੈ ਕੇ ਔਰੰਗਜ਼ੇਬ ਕੋਲ ਦਿੱਲੀ ਦਰਬਾਰ ਪੁੱਜੇ ਅਤੇ ਕਿਹਾ ਕਿ ਗੁਰੂ ਜੀ ਕੋਲ ਸੈਨਿਕ ਸ਼ਕਤੀ ਤੇ ਧਨ ਦੀ ਕੋਈ ਥੁੜ ਨਹੀਂ ਤੇ ਉਹ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਕਹਾਉਂਦੇ ਹਨ ਤੇ ਤੁਹਾਨੂੰ ਝੂਠਾ ਪਾਤਸ਼ਾਹ ਦਸਦੇ ਹਨ:

ਉਨ ਨੈ ਫੌਜ ਬਹੁਤੈ ਕਰ ਲਈ। ਉਨ ਪਹਿ ਦ੍ਰਬ ਆਵਤ ਬਹੁਤਈ॥

ਵਹੁ ਗੁਰੂ ਕਹਾਵੈ ਸਾਰੀ ਹਿੰਦ। ਵਹੁ ਚਾਹੈ ਮਾਰੈ ਪਤਸ਼ਾਹਨ ਜਿੰਦ।

ਵਹੁ ਆਪ ਸਚਾ ਪਤਿਸ਼ਾਹ ਕਹਾਵੈ। ਵਹੁ ਤੁਮਕੋ ਝੂਠਾ ਸ਼ਾਹੁ ਬਨਾਵੈ॥

ਉਸ ਦਰਬ ਕਰੋੜਨ ਕੀ ਥੁੜ ਨਾਹਿ। ਕਈ ਰਸਾਇਣੀ ਰਹੈਂ ਸੰਗ ਵਾਇ’।[549]

[547] ਉਹੀ, ਪੰਨੇ 5-6

[548] ਉਹੀ, ਪੰਨਾ 222

[549] ਉਹੀ, ਪੰਨਾ 32

ਦੋਵੇ ਗ੍ਰੰਥਾਂ ਦੀ ਵਿਚਾਰ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ 'ਸੱਚਾ ਪਾਤਸ਼ਾਹ' ਵਾਲੀ ਵਿਲੱਖਣ ਪ੍ਰਤਿਭਾ ਵਾਲੀ ਸਖਸ਼ੀਅਤ ਨੇ ਸਮਾਜਿਕ ਤੇ ਰਾਜਸੀ ਲੁੱਟ ਦੇ ਹਰ ਰੂਪ ਨੂੰ ਵੰਗਾਰਨਾ ਸ਼ੁਰੂ ਕਰ ਦਿੱਤਾ ਸੀ। ਇਸ ਵੰਗਾਰ ਵਿੱਚੋਂ ਹੀ ਲੋਕ ਗੁਰੂ ਜੀ ਦਾ ਸੱਚਾ ਪਾਤਸ਼ਾਹ ਵਾਲਾ ਰੂਪ ਨਜ਼ਰ ਆਉਣ ਲੱਗਾ।

### 4.3. ਖ਼ਾਲਸਾ ਸਾਜਣਾ

ਖ਼ਾਲਸਾ ਪੰਥ ਸਿੱਖ ਪਰੰਪਰਾ ਦੀ ਇਕ ਬੁਨਿਆਦੀ ਰਾਜਨੀਤਿਕ ਸੰਸਥਾ ਹੈ। ਆਪਣੇ ਸਮਕਾਲੀ ਤੇ ਇਤਿਹਾਸਕ ਦੌਰ ਵਿਚ ਇਸਦਾ ਰੋਲ ਰਾਜਨੀਤਿਕ ਧਿਰ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। 'ਖ਼ਾਲਸਾ' ਅਰਬੀ ਭਾਸ਼ਾ ਦਾ ਸ਼ਬਦ ਹੈ। ਜਦੋਂ ਖ਼ਾਲਸਾ ਸਿਰਜਣਾ ਦੀ ਦੈਵੀ ਤੇ ਇਤਿਹਾਸਕ ਘਟਨਾ ਨੂੰ ਇਤਿਹਾਸ ਦੀਆਂ ਵੱਡੀਆਂ ਘਟਨਾਵਾਂ ਨਾਲ ਮੇਲਦੇ ਹਾਂ ਤਾਂ ਇਹ ਅਸਲੋਂ ਹੀ ਵੱਖਰੀ ਤੇ ਅਲੋਕਾਰੀ ਪ੍ਰਤੀਤ ਹੁੰਦੀ ਹੈ। ਖ਼ਾਲਸਾ ਸਾਜਣਾ ਪਿੱਛੇ ਇਕ ਲੰਬਾ ਇਤਿਹਾਸਕ ਤੇ ਅਧਿਆਤਮਕ ਵਰਤਾਰਾ ਹੈ ਜਿਸ ਨੂੰ ਗੁਰੂ ਸਾਹਿਬ ਨੇ ਦਸ ਵੱਖ-ਵੱਖ ਜਾਮਿਆਂ ਰਾਹੀਂ ਫ਼ਲੀਭੂਤ ਕੀਤਾ। ਖ਼ਾਲਸਾ ਸਿਰਜਣਾ ਲਫ਼ਜ ਹੀ ਇਸ ਵਰਤਾਰੇ ਦੀ ਗਤੀਸ਼ੀਲਤਾ ਤੇ ਨਿਰੰਤਰਤਾ ਦਾ ਸੂਚਕ ਹੈ। ਗੁਰੂ ਨਾਨਕ ਸਾਹਿਬ ਦੀ 'ਵੱਡੀ ਘਾਲ ਕਮਾਈ' ਤੋਂ ਪੰਜਵੇਂ ਪਾਤਸ਼ਾਹ ਦੀ 'ਸ਼ਹਾਦਤ' ਦੀ ਬਖਸ਼ਿਸ ਨਾਲ ਖ਼ਾਲਸਾ ਸਿਰਜਣਾ ਤੱਕ ਪਹੁੰਚਿਆ ਇਹ ਇਤਿਹਾਸਕ ਅਮਲ ਅੱਜ ਤੱਕ ਗਤੀਸ਼ੀਲ ਹੈ। ਇਤਿਹਾਸ ਦੇ ਅਨੇਕਾਂ ਵਰਤਾਰੇ ਆਪਣੇ ਰੰਗ ਵਿਚ ਖਿੜਨ ਤੋਂ ਬਾਅਦ ਅਲੋਪ ਹੋ ਜਾਂਦੇ ਹਨ ਪਰ ਖ਼ਾਲਸਾ ਸਿਰਜਣਾ ਦਾ ਇਹ ਅਨੋਖਾ ਵਰਤਾਰਾ ਮਨੁੱਖਤਾ ਦੀ ਬਿਹਤਰੀ ਲਈ ਪਰਮਾਤਮਾ ਦੀ ਮੌਜ ਵਿਚ ਪ੍ਰਗਟ ਹੋਇਆ ਤੇ ਇਸ ਦੇ ਸੁੱਚੇ ਕਦਮਾਂ ਨੇ ਇਤਿਹਾਸ ਦੇ ਰਾਹਾਂ ਵਿਚ ਨਿਰੰਤਰ ਆਪਣੀਆਂ ਪੈੜਾਂ ਛੱਡੀਆਂ।

ਗੁਰੂ ਨਾਨਕ ਸਾਹਿਬ ਦਾ ਤਲਵੰਡੀ ਤੋਂ ਚੱਲ ਕੇ ਸੰਸਾਰਕ ਉਦਾਸੀਆਂ ਰਾਹੀਆਂ 'ਜਗਤ ਜਲੰਦੇ' ਨੂੰ ਠਾਰਨ ਦਾ ਇਤਿਹਾਸਕ ਅਮਲ ਖ਼ਾਲਸਾ ਸਿਰਜਣਾ ਨਾਲ ਪੂਰਾ ਹੋਇਆ ਤੇ ਜਪੁਜੀ ਦੇ ਬੋਲ 'ਕਿਵ ਸਚਿਆਰਾ ਹੋਈਐ' ਦੇ ਬੋਲ ਨਾਲ ਸ਼ੁਰੂ ਹੋਇਆ ਸਚਿਆਰ ਮਨੁੱਖ ਦੀ ਸਿਰਜਣਾ ਦਾ ਅਮਲ ਆਨੰਦਪੁਰ ਸਾਹਿਬ ਵਿਚ ਪੰਜ ਪਿਆਰਿਆਂ ਨੂੰ ਮਾਰੀ ਆਵਾਜ਼ ਨਾਲ ਸਮਾਪਤ ਹੋਇਆ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਵੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਪੰਥ ਸਿਰਜਣਾ ਦੇ ਉਪਰਾਲਿਆਂ ਦਾ ਜ਼ਿਕਰ ਮਿਲਦਾ ਹੈ। ਭਾਈ ਸਾਹਿਬ ਨੇ ਇਸ ਪੰਥ ਨੂੰ 'ਨਿਰਮਲ ਪੰਥ' ਨਾਂ ਨਾਲ ਸੰਬੋਧਨ ਕੀਤਾ ਹੈ:

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।[550]

ਭਾਈ ਕਾਨ੍ਹ ਸਿੰਘ ਅਨੁਸਾਰ, 'ਖਾਲਸਾ' ਦਾ ਅਰਥ ਖ਼ਾਲਿਸਹ. ਵਿ-ਸੁੱਧ। ੨ ਬਿਨਾਂ ਮਿਲਾਵਟ, ਨਿਰੋਲ. ੩ ਅਕਾਲੀ ਧਰਮ. ਵਾਹਗੁਰੂ ਜੀ ਕਾ ਖਾਲਸਾ. ਸਿੰਘ ਪੰਥ। ੫ ਖਾਲਸਾਧਰਮਧਾਰੀ ਗੁਰ ਨਾਨਕ ਪੰਥੀ.।[551] ਰਤਨ ਸਿੰਘ ਜੱਗੀ ਸਿੱਖ ਸਿਧਾਂਤ ਅਤੇ ਅਮਲ ਦੇ ਹਵਾਲੇ ਨਾਲ 'ਖ਼ਾਲਸਾ' ਸ਼ਬਦ ਦਾ ਅਰਥ ਕਰਦਿਆਂ ਦਸਦੇ ਹਨ "ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਧਰਮ-ਸਾਧਕਾਂ ਲਈ, ਜੋ ਬ੍ਰਾਹਮਣਵਾਦ ਦੇ ਘੇਰੇ ਤੋਂ ਨਿਕਲ਼ ਕੇ ਸਿੱਧੇ ਪਰਮਾਤਮਾ ਦੀ ਪ੍ਰੇਮ-ਪੂਰਵਕ ਆਰਾਧਨਾ ਕਰਦੇ ਹਨ ਜਾਂ ਆਪਣੀ ਸਾਧਨਾ ਦਾ ਸਿੱਧਾ ਸੰਪਰਕ ਪਰਮਾਤਮਾ ਨਾਲ ਸਥਾਪਿਤ ਕਰਦੇ ਹਨ, ਲਈ ਇਹ ਸ਼ਬਦ ਵਰਤਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ-ਸੰਚਾਰ ਦੀ ਰੀਤਿ ਰਾਹੀਂ ਆਪਣੇ ਅਨੁਯਾਈਆਂ ਨੂੰ ਖ਼ਾਲਸਾ ਬਣਾਇਆ ਅਤੇ ਇਸ ਸ਼ਬਦ ਨੂੰ ਇੱਕ ਨਵਾਂ ਪਰਿਪੇਖ ਬਣਾ ਦਿੱਤਾ।"[552]

ਸੰਸਾਰ ਨੂੰ ਹੈਰਾਨ ਕਰ ਦੇਣ ਵਾਲੀ ਖ਼ਾਲਸਾ ਸਾਜਣ ਦੀ ਘਟਨਾ ਦੀ ਰਾਜਨੀਤਿਕ ਵਿਆਖਿਆ ਕਰਦਾ ਸਰੂਪ ਦਾਸ ਭੱਲਾ ਦਸਦਾ ਹੈ:

ਐਸਾ ਪੰਥੁ ਸਤਿਗੁਰ ਰਚਾ ਸਗਲ ਜਗਤ ਹੈਰਾਨ।

ਬਿਨ ਧਨ ਭੂਮ ਰਾਜਾ ਬਨੇ ਬਿਨ ਪਦ ਬਢੇ ਮਹਾਨ॥[553]

ਕਵੀ ਸੈਨਾਪਤਿ ਖ਼ਾਲਸੇ ਦੀ ਸਾਜਣਾ ਦਾ ਉਦੇਸ਼ ਬਿਆਨ ਕਰਦਾ ਦਸਦਾ ਹੈ:

ਅਸੁਰ ਸੰਘਾਰਬੇ ਕੋ ਦੁਸਟਨ ਕੇ ਗਾਰਬੇ ਕੋ,

ਸੰਕਟ ਨਿਬਾਰਬੇ ਕੋ, ਖਾਲਸਾ ਬਨਾਯੋ ਹੈ[554]

ਖ਼ਾਲਸਾ ਸਿਰਜਣਾ ਦੇ ਇਸ ਅਮਲ ਬਾਰੇ ਡਾ. ਜਸਪਾਲ ਸਿੰਘ ਦਸਦੇ ਹਨ, ਕਿ ਗੁਰੂ ਸਾਹਿਬਾਨ ਨੇ

---

[550] ਸ. ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਪੰਨਾ 23

[551] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 374

[552] ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 366

[553] ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਪੰਨਾ 801

[554] ਕਵਿ ਸੈਨਾਪਤਿ, ਸ੍ਰੀ ਗੁਰ ਸੋਭਾ, ਸਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਨਾ 39

ਆਪਣੇ ਸਿੱਖਾਂ ਲਈ ਇਕ ਠੋਸ ਰਾਜਨੀਤਿਕ ਉਦੇਸ਼ ਮਿਥ ਦਿੱਤਾ ਸੀ ਅਤੇ ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਇਸ ਵਿਸ਼ੇਸ਼ ਰਾਜਨੀਤਿਕ ਉਦੇਸ਼ ਦੀ ਪ੍ਰਾਪਤੀ ਦੇ ਸੰਘਰਸ਼ ਲਈ ਰਾਜਸੀ ਤੌਰ 'ਤੇ ਪੂਰੀ ਤਰ੍ਹਾਂ ਜਾਗਰੂਕ ਜਥੇਬੰਦਕ ਸ਼ਕਤੀ ਦੀ ਲੋੜ ਹੈ। ਇਸੇ ਲਈ ਗੁਰੂਆਂ ਨੇ ਆਪਣੇ ਪੈਰੋਕਾਰਾਂ ਨੂੰ ਜਿੱਥੇ ਵਿਚਾਰਧਾਰਕ ਵਿਲੱਖਣਤਾ ਪ੍ਰਦਾਨ ਕੀਤੀ ਉੱਥੇ ਉਹਨਾਂ ਦੀ ਅਡਰੀ ਜਥੰਬੰਦਕ ਹੋਂਦ ਕਾਇਮ ਕਰਨ ਦਾ ਉਪਰਾਲਾ ਵੀ ਕੀਤਾ। ਗੁਰ-ਇਤਿਹਾਸ ਨੂੰ ਜੇ ਰਾਜਸੀ ਨਿਗਾਹ ਨਾਲ ਘੋਖਿਆ ਜਾਵੇ ਤਾਂ ਇਹ ਤੱਥ ਨਿਖਰ ਕੇ ਸਾਹਮਣੇ ਆਉਂਦਾ ਹੈ ਕਿ ਗੁਰੂ ਸਾਹਿਬਾਨ ਨੇ ਮੁਢ ਤੋਂ ਹੀ ਸਿੱਖਾਂ ਨੂੰ ਇਕ ਜਥੇਬੰਦਕ ਇਕਾਈ ਦੇ ਰੂਪ ਵਿਚ ਸੰਗਠਿਤ ਕਰਨ ਦੀ ਨਿਸ਼ਚਿਤ ਯੋਜਨਾ ਬਣਾਈ ਹੋਈ ਸੀ। ਸਿੱਖਾਂ ਦੀ ਇਸ ਅਡਰੀ ਰਾਜਨੀਤਿਕ ਜਥੇਬੰਦਕ ਇਕਾਈ ਦੀ ਸਿਰਜਨਾ ਦਾ ਕਾਰਜ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਮੇਂ ਤੋਂ ਹੀ ਆਰੰਭ ਹੋ ਗਿਆ ਸੀ।[555] ਖ਼ਾਲਸਾ ਸਿਰਜਣਾ ਦੀ ਘਟਨਾ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਦੇ ਵਿਚ ਇਕ ਅਜਿਹੀ ਘਟਨਾ ਸੀ ਜਿਹੜੀ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਦਾ ਕੇਂਦਰ ਬਿੰਦੂ ਬਣਦੀ ਹੈ। ਜਗਜੀਤ ਸਿੰਘ ਦਸਦੇ ਹਨ ਕਿ ਸਿੱਖ ਲਹਿਰ ਦਾ ਨਿਸ਼ਾਨਾ ਗਰੀਬ-ਜਨਤਕ ਮਿਸ਼ਨ ਲਈ ਰਾਜਸੀ ਸੱਤਾ ਉੱਤੇ ਕਬਜ਼ਾ ਕਰਨਾ ਸੀ। ਇਹ ਨਿਸ਼ਾਨਾ ਹਾਸਲ ਕਰਨ ਲਈ ਅਤੇ ਮੁਗ਼ਲ ਹਕੂਮਤ ਨੂੰ ਉਲਟਾਉਣ ਲਈ 'ਖ਼ਾਲਸਾ' ਸਾਜਿਆ ਗਿਆ।[556] ਅੰਮ੍ਰਿਤਧਾਰੀ ਹੋਣਾ ਗੁਰੂ ਨਾਲ ਇਕ ਸੱਚਾ ਅਹਿਦ ਕਰਨਾ ਸਮਝਿਆ ਜਾਂਦਾ ਸੀ। ਜੋ ਖ਼ਾਲਸਾ ਸਜਦਾ ਸੀ, ਉਹ ਸ਼ੁੱਧ ਹਿਰਦੇ ਨਾਲ ਖ਼ਾਲਸੇ ਦੇ ਆਦਰਸ਼ਾਂ ਅਤੇ ਜੀਵਨ-ਜਾਚ ਨੂੰ ਅਪਣਾਉਂਦਾ ਸੀ। ਉਸਦਾ ਇਸ ਕਦਰ ਕਾਇਆ-ਕਲਪ ਹੋ ਜਾਂਦਾ ਸੀ ਕਿ ਅੰਮ੍ਰਿਤ-ਪਾਨ ਕਰਨ ਤੋਂ ਬਾਅਦ ਵਿਅਕਤੀ ਦਾ ਪੁਨਰ ਜਨਮ ਹੋਇਆ ਮੰਨਿਆ ਜਾਂਦਾ ਸੀ।[557] ਜਗਜੀਤ ਸਿੰਘ ਦਸਦੇ ਹਨ, 'ਅੰਮ੍ਰਿਤ ਛਕਣ ਵਾਲਾ ਵਿਅਕਤੀ ਪੰਜ ਬੰਧਨਾਂ ਤੋਂ (1) ਪੁਰਾਣੇ ਧਰਮਾਂ ਤੋਂ; (2) ਪਹਿਲੇ ਕਰਮਾਂ ਤੋਂ; (3) ਜਾਤ, ਕਬੀਲੇ ਤੇ ਨਸਲ ਤੋਂ; (4) ਪਹਿਲੇ ਬੰਧਨਾਂ ਤੇ ਰਸਮਾਂ ਤੋਂ; ਅਤੇ (5) ਵਹਿਮਾਂ, ਭਰਮਾਂ ਤੇ ਕਰਮ-ਕਾਂਡਾ ਤੋਂ ਮੁਕਤ ਹੋ ਜਾਂਦਾ ਸੀ।'[558]

---

[555] ਡਾ. ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ, ਪੰਨਾ 206

[556] ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 194

[557] ਅਜਮੇਰ ਸਿੰਘ, ਕਿਸ ਬਿਧ ਰੁਲੀ ਪਾਤਸ਼ਾਹੀ, ਪੰਨਾ 14

[558] ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 204

ਕੁਇਰ ਸਿੰਘ ਨੌਵੇਂ ਗੁਰੂ ਜੀ ਦੀ ਇਕ ਸਾਖੀ ਰਾਹੀਂ ਖ਼ਾਲਸਾ ਸਾਜਣਾ ਦੀ ਘਟਨਾ ਨੂੰ ਗੁਰੂ ਪਰੰਪਰਾ ਦੀ ਨਿਰੰਤਰਤਾ ਨਾਲ ਜੋੜਦਾ ਦਸਦਾ ਹੈ ਕਿ ਇਕ ਦਿਨ ਗੁਰੂ ਤੇਗ ਬਹਾਦਰ ਜੀ ਬਕਾਲੇ ਤੋਂ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ ਤਾਂ ਉਹਨਾਂ ਨੂੰ ਅਕਾਲ ਪੁਰਖ ਨੇ ਹੁਕਮ ਕੀਤਾ ਕਿ ਮੂਰਖ ਤੇ ਹੰਕਾਰੀ ਲੋਕਾਂ ਨੂੰ ਸਜ਼ਾ ਦੇਣ ਲਈ ਤੇ ਮਲੇਸ਼ ਸ਼ਕਤੀਆਂ ਦਾ ਨਾਸ ਕਰਨ ਲਈ ਐਸਾ ਪੰਥ ਸਾਜੋ ਜਿਹੜਾ ਮਸੰਦਾਂ ਨੂੰ ਸਜ਼ਾ ਦੇ ਕੇ ਸਾਰੀ ਪਰਜਾ ਨੂੰ ਸੁਖੀ ਕਰ ਦੇਵੇ:

ਇਕ ਦਿਵਸ ਹਮ ਇਸਨਾਨ ਹਿਤ ਗਏ ਵੇਂਈ ਕੇ ਮਧਜਾਨ।
ਟੁਬਕੀ ਲਗਾਵਤ ਥਿਰ ਮਨਾ ਤਬ ਭਯੋ ਦਰਸਨ ਦੇਵ।
ਸ੍ਰੀ ਕਾਲ ਪੁਰਖ ਜੋ ਵਿਸਨ ਬਡ ਤਿਨ ਕਹੀ ਬਾਨੀ ਏਵ॥
ਕਛੁ ਮਾਂਗ ਤੂੰ ਨਿਹਕਾਮ ਨਰ ਮੈ ਕਹਾਂ ਤੇਰੋ ਧਜਾਨ ।
ਤਿਨ ਕਹਜੋ, ''ਜਗ ਕੋ ਗੁਰ ਤੁਮੈ, ਤੁਮ ਦੀਅ ਸਿਖਨ ਦਾਨ।''
ਮੈਂ ਕਹਜੋ ਤੁਮ ਸੋ, ''ਸੁਤ ਹੁਵੈ, ਸੋ ਦੇਹ ਜਗ ਕੋ ਸੀਖ।
ਮੈਂ ਰਹੋ ਤੁਮਰੇ ਧਜਾਨ ਮੈ ਨਿਰਬਾਨ ਹੋ ਕਰ ਈਖ॥''
ਤਬ ਭਨੇ ਪ੍ਰਭ, ''ਮੋ ਅੰਸ ਕਰ ਗ੍ਰਿਹ ਤੋਰ ਹੋਵਗ ਆਨ।
ਸਠ ਦੰਡ ਦੇ ਕਰ ਪੰਥ ਕਰ, ਹਮ ਲੇਹੁ ਲੇਖੋ ਯਾਹਿ।
ਕਰ ਮਲੇਛਨ ਨਾਸ ਪੁਨਿ ਧਰ ਰੀਝ ਪੰਥ ਨਿਵਾਜ।
ਦੰਡੋ ਮਸੰਦਨ ਕੋ ਭਲੈ, ਸਬ ਹੋਇ ਸੁਖ ਧਰ ਸਾਜ।[559]

ਨੌਂਵੇ ਗੁਰੂ ਜੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਹੁਣ ਔਰੰਗਜ਼ੇਬ ਦਾ ਅੰਤ ਆ ਗਿਆ ਹੈ ਤੇ ਦੇਖਦੇ-ਦੇਖਦੇ ਥੋੜੇ ਸਮੇਂ ਵਿਚ ਤੁਰਕਾਂ ਦੇ ਰਾਜ ਦਾ ਨਾਸ ਹੋ ਜਾਵੇਗਾ ਤੇ ਹੁਣ ਗਰੀਬਾਂ ਦੇ ਰਾਜੇ ਗੁਰੂ ਨਾਨਕ ਦਾ ਰਾਜ ਹੋਵੇਗਾ। ਹੁਣ ਅਸੀਂ ਅਜਿਹਾ ਪੰਥ ਸਾਜਾਂਗੇ:

ਅਬ ਅਉਰੰਗ ਕੋ ਅੰਤ ਸੋ ਆਯੋ। ਤੁਰਕਨ ਨਾਸ ਹੋਵੈ ਲਖ ਪਾਯੋ।

---

[559] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 49

ਗੁਰ ਨਾਨਕ ਕੋ ਦੀਨਾ ਰਾਜਾ। ਅਬ ਲੇਤੇ ਹੈਂ ਯਾ ਬਿਧ ਸਾਜਾ॥[560]

ਗੁਰੂ-ਘਰ ਦੇ ਧਰਮ ਦੇ ਪਰਪੱਕਤਾ ਦੇ ਸਿਧਾਂਤ ਵਿੱਚੋਂ ਹੀ ਰਾਜ ਦਾ ਸੰਕਲਪ ਸਾਹਮਣੇ ਆਇਆ। ਕਵੀ ਦਸਦਾ ਹੈ ਕਿ ਨੌਵੇਂ ਪਾਤਸ਼ਾਹ ਜੀ ਨੇ ਸੀਸ ਦੇ ਦਿੱਤਾ ਦੀਨ ਨਹੀਂ ਕਬੂਲਿਆ ਤੇ ਇਸ ਦ੍ਰਿੜਤਾ ਵਿੱਚੋਂ ਤੁਰਕਾਂ ਤੋਂ ਰਾਜ ਲੈਣ ਦੀ ਧਾਰਨਾ ਨੂੰ ਪ੍ਰਗਟ ਕਰਦਾ ਦਸਦਾ ਹੈ ਕਿ ਨੌਂਵੇ ਗੁਰੂ ਜੀ ਤੋਂ ਬਾਅਦ ਦਸਵੇਂ ਗੁਰੂ ਗੋਬਿੰਦ ਸਿੰਘ ਨੇ ਰਾਜ ਕਰਨ ਲਈ ਔਰ ਰੀਤ ਭਾਵ ਖ਼ਾਲਸਾ ਸਾਜ ਦਿੱਤਾ ਜਿਸ ਨੇ ਬਾਅਦ ਵਿਚ ਰਾਜ ਲਈ ਲੰਮਾ ਸਮਾਂ ਸੰਘਰਸ਼ ਕੀਤਾ:

ਸੀਸ ਦੀਨ ਅਰ ਧਰਮ ਨ ਦੀਨਾ। ਤੁਰਕਨ ਕਾ ਅਤਿ ਰਾਜ ਸੁ ਲੀਨਾ।

ਪੁਨਿ ਭਏ ਦਸਮ ਗੁਰੂ ਅਵਤਾਰੀ। ਔਰੇ ਰੀਤ ਜਗਤ ਬਿਸਤਾਰੀ॥[561]

ਜਦੋਂ ਨੌਂਵੇ ਗੁਰੂ ਜੀ ਦੀ ਸ਼ਹੀਦੀ ਹੋਈ ਤਾਂ ਗੁਰੂ ਜੀ ਨੇ ਅੰਤਰ ਧਿਆਨ ਹੋ ਕੇ ਆਖਿਆ ਕਿ ਕੋਈ ਦਿਨ ਐਸਾ ਆਵੇਗਾ ਕਿ ਇਸ ਦੁਨੀਆ ਤੇ ਧਰਤੀ ਦੇ ਮੱਧ ਵਿਚ ਪੰਥ ਦਾ ਰਾਜ ਹੋਵੇਗਾ। ਜੇ ਗੁਰੂ ਨਾਨਕ ਸਾਹਿਬ ਨੇ ਚਾਹਿਆ ਤਾਂ ਅਸੀਂ ਛੇਤੀ ਹੀ ਤੁਹਾਨੂੰ ਆ ਕੇ ਮਿਲਦੇ ਹਾਂ:

ਅੰਤਰ ਧਯਾਨ ਭਏ ਅਸ ਭਾਖ, "ਕੋਈ ਦਿਨ ਭੂਮਧ ਰਾਜ ਕਰਾਈ।

ਸ਼ੀਘਰ ਆਨ ਮਿਲੈ ਤੁਮ ਕੋ, ਭਵ ਸ੍ਰੀ ਗੁਰੁ ਨਾਨਕ ਚਾਹ ਲਖਾਈ।[562]

ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਅੱਗੇ ਨਿਰਭਉ ਪੰਥ ਦੀ ਸਾਜਣਾ ਦਾ ਵਰ ਦਿਉ ਕਿ ਗੁਰੂ ਦਾ ਪੰਥ ਜ਼ੁਲਮੀ ਰਾਜ ਨੂੰ ਖ਼ਤਮ ਕਰ ਦੇਵੇ:

ਹੇ ਪ੍ਰਭ! ਦਾਨ ਦਿਜੈ ਨਿਰਭੈ, ਅਬ ਤੁਰਕਨ ਨਾਸ ਭਯੋ ਗੁਰਰਾਈ"॥[563]

ਕੁਇਰ ਸਿੰਘ ਨੇ ਖ਼ਾਲਸਾ ਸਾਜਣਾ ਦੀ ਰਹਿਤ ਤੇ ਗੁਰੂ ਜੀ ਦੇ ਹੁਕਮਾਂ ਨੂੰ ਕਲਮਬੱਧ ਕਰਦੇ ਹੋਏ ਦੱਸਿਆ ਹੈ ਕਿ ਸਾਰੇ ਝੂਠੇ ਉਪਾਅ ਤਿਆਗ ਕੇ ਅਕਾਲ ਦੇ ਚਰਨੀ ਲੱਗੋ। ਨਿੱਤ ਗੁਰਬਾਣੀ ਪੜ੍ਹਨ ਤੇ

---

560 ਉਹੀ, ਪੰਨਾ 57

561 ਉਹੀ, ਪੰਨਾ 20

562 ਉਹੀ, ਪੰਨਾ 59

563 ਉਹੀ, ਪੰਨਾ 60

ਕੀਰਤਨ ਸੁਣਨ ਦੀ ਹਦਾਇਤ ਕੀਤੀ ਤੇ ਨਾਲ ਹੀ ਕੇਸਾਂ ਦੀ ਸੰਭਾਲ ਤੇ ਸਦਾ ਕਛਹਿਰਾ ਧਾਰਨ ਕਰਨ ਦਾ ਉਪਦੇਸ਼ ਵੀ ਦਿੱਤਾ। ਕਿਰਪਾਨ ਨੂੰ ਸਦਾ ਅੰਗ-ਸੰਗ ਰੱਖਣ ਦੀ ਸਖ਼ਤ ਹਦਾਇਤ ਕਰਕੇ ਸ਼ਸਤਰਾਂ ਨੂੰ ਸ਼ਬਦ ਨਾਲ ਮੇਲ ਦਿੱਤਾ:

ਮੋਰ ਬਚਨ ਸੋ ਕਰੋ ਪਿਆਰਾ। ਸਰਬ ਕਾਲ ਹੋਇ ਰੱਛ ਤੁਹਾਰਾ॥
ਝੂਠੇ ਸਰਬ ਉਪਾਵ ਤਿਆਗੋ। ਸ੍ਰੀ ਅਸਿਧੁਜ ਕੀ ਚਰਨੀ ਲਾਗੋ।
ਪੋਥੀ ਗ੍ਰੰਥ ਪੜ੍ਹੋ ਸਦ ਨੀਤਾ। ਜਪ ਰਹਰਾਸ ਕੀਰਤਨ ਚੀਤਾ॥
ਸਸਤ੍ਰ ਮੇਲ ਗੁਰ ਸਬਦ ਸੋ, ਕਛ ਕੇਸਨ ਸਦ ਪ੍ਰੇਮ।
ਕਰਦ ਰਾਖਨੀ ਪੰਚ ਏ, ਤਜੈ ਨ ਕਬ ਹੀ ਨੇਮ॥[564]

ਰਤਨ ਸਿੰਘ ਭੰਗੂ ਖ਼ਾਲਸਾ ਸਾਜਣਾ ਸਮੇਂ ਅੰਮ੍ਰਿਤ ਤਿਆਰ ਕਰਨ ਬਾਰੇ ਦਸਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਕਰਤਾ ਪੁਰਖ' ਦੇ ਉਚਾਰਣ ਤੋਂ ਬਾਅਦ 'ਪ੍ਰਿਥਮ ਭਗੌਤੀ' ਦਾ ਪਾਠ ਕੀਤਾ, ੩੨ ਸਵੱਈਏ ਪੜ੍ਹਕੇ ਹੋਰ ਬੀਰ ਰਸੀ ਬਾਣੀਆਂ ਦੀ ਪਾਠ ਕੀਤਾ:

ਸ੍ਰੀ ਸਤਿਗੁਰ ਸਤਿਨਾਮ ਕਹਿਓ ਕਰਤਾ ਪੁਰਖ ਉਚਾਰ।
ਅਕਾਲ ਅਕਾਲਹ ਜਾਪ ਕਰ ਤੋਰੀ ਕ੍ਰਿਪਾ ਨਿਜ ਧਾਰ॥
ਪ੍ਰਿਥਮ ਭਗੌਤੀ ਵਾਰ ਜੁ ਪੌੜੀ। ਪੜ੍ਹ ਪ੍ਰਿਥਮੈਂ ਆਪ ਸਤਿਗੁਰ ਜੋੜੀ।
ਨੌਂ ਪਤਸ਼ਾਹੀਅਨ ਲਯੋ ਧਿਆਇ। ਅਬ ਦਸਮਨ ਪਰ ਹੋਈਂ ਸਹਾਇ।
ਬਹੁੜ ਸਵੱਯੇ ਬੱਤੀ ਉਚਾਰੇ। ਸ੍ਰੀ ਸਤਿਗੁਰ ਸ੍ਰੀਂ ਮੁਖੋਂ ਸਵਾਰੇ।
ਤੇਜ ਤੇਜ ਜੋ ਚੰਡੀ ਬਾਣੀ। ਸੋਊ ਪਾਹੁਲ ਕੇ ਮੱਧੈ ਠਾਣੀ।[565]

ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਬਚਿੱਤਰ ਨਾਟਕ ਦੇ ਆਰੰਭ ਵਿਚ ਖੜਗ ਦੀ ਮਹਿਮਾ ਵਿਚ ਬਚਿੱਤਰ ਨਾਟਕ ਵਿਚ ਦਰਜ ਇਸ ਸ਼ਬਦ ਨੂੰ ਪੜ੍ਹਨ ਦਾ ਵਰਨਣ ਵੀ ਮਿਲਦਾ ਹੈ:

---

[564] ਉਹੀ, ਪੰਨਾ 130

[565] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 25

''ਖਗਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ॥

ਭੁਜਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ॥

ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ॥

ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਿਤਪਾਰਣ ਜੈ ਤੇਗੰ''॥[566]

ਉਪਰੋਕਤ ਵਿਚਾਰ ਬਾਰੇ ਡਾ. ਗੁਰਭਗਤ ਸਿੰਘ ਦਸਦੇ ਹਨ ਕਿ 'ਸਸਤ੍ਰ ਮੇਲ ਗੁਰ ਸਬਦ ਸੋ' ਸ਼ਬਦ ਇੱਥੇ ਭਾਸ਼ਾਈ ਅੱਖਰ ਜੋੜ ਨਹੀਂ ਸਗੋਂ ਗੁਰੂ ਸਾਹਿਬ ਰਾਹੀਂ ਹੋਇਆ ਵਿਚਾਰ ਪ੍ਰਕਾਸ਼ ਹੈ ਜਿਸ ਦਾ ਖੇਤਰ ਵਿਅਕਤੀ ਤੋਂ ਲੈ ਕੇ ਅਕਾਲ ਪੁਰਖੁ ਤੱਕ ਹੈ। ਇਸ ਵਿੱਚ ਕੁੱਲ ਕਾਇਨਾਤ ਆ ਜਾਂਦੀ ਹੈ। ਸ੍ਰਿਸ਼ਟੀ ਵਿੱਚ "ਹੁਕਮ" ਅਨੁਸਾਰ ਰਹਿਣਾ ਸ਼ਾਮਿਲ ਹੈ। ਸਾਡੀ ਸਮਕਾਲੀ ਭਾਸ਼ਾ ਵਿਚ, ਗੁਰੂ ਸਾਹਿਬ ਨੇ ਅਜਿਹਾ ਵਿਅਕਤੀ ਬਣਨ ਦੀ ਪ੍ਰੇਰਣਾ ਦਿੱਤੀ, ਜਾਂ ਇਉਂ ਕਹਿ ਲਉ ਕਿ ਉਸੇ ਵਕਤ ਅਜਿਹਾ ਵਿਅਕਤੀ ਸਾਜਿਆ ਜਿਸ ਦੀ ਰੱਬੀ ਖੜਗ ਸਰਬੋਤਮ ਕੀਮਤਾਂ ਲਈ ਲੜੇ ਅਤੇ ਉਨ੍ਹਾਂ ਨੂੰ ਸਥਾਪਿਤ ਕਰੇ। ਸੰਤਾਂ ਦੇ ਸੁਖ ਲਈ ਸੰਗਰਾਮ ਵਿੰਨ੍ਹੇ। "ਦੁਰਮਤਿ" ਨੂੰ ਨਾਸ ਕਰੇ। ਗੁਰਬਾਣੀ ਵਿੱਚ ਸੰਤ, ਕੇਵਲ ਸਮਾਧੀ ਵਿਚ ਲੀਨ ਪੁਰਸ਼ ਨਹੀਂ ਸਗੋਂ ਸਮਾਜ ਨਾਲ ਜੁੜਿਆ ਹੋਇਆ, ਇਸ ਨੂੰ ਕੰਵਲ ਵਾਂਗ ਖੇੜੇ ਵਿਚ ਲਿਆਉਣ ਵਾਲਾ, ਆਪ ਖੇੜਾ ਬਣਿਆ, ਬ੍ਰਹਮ ਗਿਆਨੀ ਹੈ ਜੋ ਕਿਸੇ ਕਿਸਮ ਦੀ ਲੁੱਟ ਦੇ ਵਿਰੁੱਧ ਹੈ।[567] ਦਰਅਸਲ ਗੁਰਮਤਿ ਵਿਚ ਸਵੈਮਾਨ ਤੇ ਅਜ਼ਾਦੀ ਨੂੰ ਕਾਇਮ ਰੱਖਣਾ ਇਕ ਵੱਡਾ ਉਦੇਸ਼ ਹੈ। ਜੇ ਇਸ ਨੂੰ ਹੋਰ ਗਹੁ ਨਾਲ ਦੇਖਿਆ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰਮਤਿ ਦਾ ਜਨਮ ਅਸੁਰ ਤੇ ਵਿਕਾਰੀ ਸ਼ਕਤੀਆਂ ਦੇ ਖ਼ਿਲਾਫ਼ ਹੋਇਆ।

ਕੁਇਰ ਸਿੰਘ ਦਸਦਾ ਹੈ ਕਿ ਜੇਕਰ ਖ਼ਾਲਸੇ ਨੇ ਤੁਰਕਾਂ ਤੇ ਮਲੇਛ ਸ਼ਕਤੀਆਂ ਦਾ ਨਾਸ ਕਰਨਾ ਹੈ, ਜਿੱਤ ਪ੍ਰਾਪਤ ਕਰਕੇ ਸੰਸਾਰ ਵਿਚ ਦੇਗ ਤੇ ਤੇਗ ਦਾ ਸਦਾ ਪ੍ਰਵਾਹ ਚਲਾਉਣਾ ਹੈ, ਬਾਜ਼ ਉਡਾਉਣੇ ਹਨ ਤੇ ਸਦਾ ਰਾਜ ਕਰਨਾ ਹੈ ਤਾਂ ਮਨ ਦੀ ਚੰਚਲਤਾ ਤੇ ਝੂਠ ਤੋਂ ਬਚਦੇ ਹੋਏ ਗੁਰੂ ਦੇ ਬਚਨਾਂ ਦੇ ਪਹਿਰਾ ਦੇਣ ਅਤੇ ਰਹਿਤ ਧਾਰਨ ਕਰਨ ਨੂੰ ਪ੍ਰਮੁੱਖ ਸਾਧਨ ਵਜੋਂ ਅਪਣਾਉਣਾ ਪਵੇਗਾ ਤਾਂ ਸਦਾ ਸੁਖ ਮਿਲੇਗਾ:

---

[566] ਬਚਿੱਤ੍ਰ ਨਾਟਕ, ਪੰਨਾ 1

[567] ਡਾ. ਗੁਰਭਗਤ ਸਿੰਘ, ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿੱਤ, ਪੰਨਾ 105

ਸਦਾ ਦੇਗ ਤੇਗੰ ਤੁਮੈ ਜੀਤ ਹੋਈ। ਸਫਾ ਮਾਰ ਯਮਨੀ ਕਰੋ ਦੂਰ ਸੋਈ॥

ਬਾਜ ਉਡਾਇ ਸਦਾ ਕਰ ਰਾਜ, ਨਹੀ ਮਨ ਚੰਚਲ ਝੂਠ ਲਖਾਹੀ।

ਯਾ ਬਿਧਿ ਰਹਿਤ ਕਰੀ ਅਗਨੀ ਗੁਰ ਬੈਨ ਧਰੈ ਸਦ ਸੂਖ ਸੋ ਪਾਈ।[568]

ਕਵੀ ਕੁਇਰ ਸਿੰਘ ਅਨੁਸਾਰ ਖ਼ਾਲਸਾ ਸਾਜਣਾ ਤੋਂ ਬਾਅਦ ਜਿੱਥੇ-ਜਿੱਥੇ ਵੀ ਸਿੱਖ ਰਹਿੰਦੇ ਸਨ ਗੁਰੂ ਜੀ ਨੇ ਉਹਨਾਂ ਨੂੰ ਹੁਕਮਨਾਮੇ ਲਿਖ ਕੇ ਭੇਜੇ ਕਿ ਜਿਹੜਾ ਵੀ ਸਿੱਖ ਗੁਰੂ ਦੇ ਹੁਕਮਾਂ ’ਤੇ ਚਲਦਾ ਹੈ ਉਸ ਨੂੰ ਰਾਜ-ਭਾਗ ਪ੍ਰਾਪਤ ਹੋਵੇਗਾ। ਇਸ ਲਈ ਸਿੱਖਾਂ ਨੂੰ ਹੁਕਮ ਦਿੱਤਾ ਕਿ ਹੁਣ ਗੁਰੂ ਨੂੰ ਮੰਨਣ ਵਾਲੇ ਸਿੱਖ ਖ਼ਾਲਸੇ ਦੀ ਰਹਿਤ ਵਿਚ ਆ ਕੇ ਖ਼ਾਲਸੇ ਬਣੋ:

ਯਾ ਬਿਧਿ ਦੇਸ ਦੇਸ ਭਏ ਸਿੱਖਾ। ਸ੍ਰੀ ਗੁਰ ਹੁਕਮੁਚਹੂੰ ਦਿਸ ਲਿੱਖਾ।

ਜੋ ਜੋ ਮੰਨੇ ਕਾ ਸਿਖ ਭਯੋ। ਸੋ ਸੋ ਰਾਜ ਪਾਇ ਤਰ ਗਯੋ॥

ਤਬ ਸਤਿਗੁਰ ਇਕ ਭਾਣਾ ਕੀਨਾ। ਪਰਬਤ ਪਤਿ ਮਨ ਫੋੜ ਸੁ ਦੀਨਾ।

ਊਪਰ ਤੇ ਸਭ ਬੋਲ ਪਠਾਏ। ਹੁਕਮ ਨਾਮ ਦੇਖਤ ਤਹਿ ਆਏ॥

ਤਬ ਸਭ ਕੋ ਇਹ ਭਾਂਤਿ ਉਚਾਰੋ। “ਤੁਮ ਖਾਲਸ ਕੀ ਰਹਤ ਸੁਧਾਰੋ।[569]

ਕੁਇਰ ਸਿੰਘ ਖ਼ਾਲਸੇ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਤੋਂ ਵੱਖਰਾ ਪੰਥ ਦਸਦਾ ਹੈ ਕਿ ਪਹਾੜੀ ਰਾਜਿਆਂ ਨੇ ਔਰੰਗਜ਼ੇਬ ਪਾਸ ਸ਼ਿਕਾਇਤ ਕੀਤੀ ਕਿ ਗੁਰੂ ਨੇ ਖ਼ਾਲਸਾ ਸਾਜ ਕੇ ਇਕ ਐਸੀ ਕਰਾਮਾਤ ਕੀਤੀ ਹੈ ਕਿ ਹਿੰਦੂ ਤੇ ਤੁਰਕ ਮਜ਼ਬ ਨੂੰ ਛੱਡ ਕੇ ਇਕ ਹੋਰ ਰੀਤ ਸੰਸਾਰ ਵਿਚ ਚਲਾ ਦਿੱਤੀ ਹੈ:

ਕਰਾਮਾਤ ਸੁਨਿ ਨ੍ਰਿਪਤਿ ਪ੍ਰਧਾਨਾ। ਪੁਨਿ ਤਿਨ ਅਪਨਾ ਪੰਥ ਚਲਾਨਾ।

ਹਿੰਦੂ ਤੁਰਕਨ ਕੋ ਮਤਿ ਡਾਰੀ। ਔਰੈ ਰੀਤਿ ਜਗਤ ਬਿਸਥਾਰੀ॥[570]

---

[568] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 130

[569] ਉਹੀ, ਪੰਨੇ 136-137

[570] ਉਹੀ, ਪੰਨਾ 143

ਚਾਰ ਵਰਨਾਂ ਨੂੰ ਇਕ ਕਰਕੇ ਖ਼ਾਲਸਾ ਪੰਥ ਸਾਜ ਦਿੱਤਾ ਹੈ। ਗੁਰੂ ਨੇ ਇਸ ਪੰਥ ਵਿਚ ਸ਼ਾਮਲ ਕਰਨ ਲਈ ਸਾਨੂੰ ਬੁਲਾ ਕੇ ਕਿਹਾ ਕਿ ਤੁਸੀਂ ਸਾਡੀ ਰਹਿਤ ਧਾਰੋ ਅਤੇ ਖੜਗ ਨਾਲ ਤੁਰਕਾਂ ਦੀ ਸਭਾ ਖ਼ਤਮ ਕਰਨ ਲਈ ਬਾਦਸ਼ਾਹ ਨਾਲ ਲੜਾਈ ਕਰੋ:

ਚਾਰ ਬਰਨ ਇਕ ਬਰਨ ਪ੍ਰਕਾਰਾ। ਨਾਮ ਖਾਲਸਾ ਪੰਥ ਸੁਧਾਰਾ।

ਸੁਧਾ ਦੇਨ ਹਿਤ ਹਮੇ ਬੁਲਾਯੋ। ਹੋਹੁ ਖਾਲਸਾ ਯੋ ਫੁਰਮਾਯੋ॥

ਰਾਜ ਜੋਗ ਤੁਮ ਕੋ ਮੈ ਦੀਨਾ। ਅਤ੍ਰ ਪਤ੍ਰ ਤੁਮਰੇ ਸਿਰ ਕੀਨਾ।

ਰਹਤ ਧਰੋ ਹਮਰੀ ਮਨ ਧਾਰੀ। ਬਾਦਸਾਹ ਸੰਗ ਸਮਰ ਚਿਤਾਰੀ॥

ਖੜਗ ਕੇਤੁ ਮੋ ਹੋਤ ਸਹਾਈ। ਮੈ ਤੁਰਕਨ ਕੀ ਸਭਾ ਗਵਾਈ।[571]

ਪਹਾੜੀ ਰਾਜੇ ਔਰੰਗਜ਼ੇਬ ਕੋਲ ਜਾ ਕੇ ਕਹਿਣ ਲੱਗੇ ਕਿ ਅਸੀਂ ਰਾਜ ਲੁੱਟਣ ਬਾਰੇ ਤੁਹਾਨੂੰ ਦੱਸਣ ਆਏ ਹਾਂ। ਹੇ ਬਾਦਸ਼ਾਹ! ਤੁਸੀਂ ਸਾਡੇ ਤੋਂ ਰਾਜ-ਕਰ (ਹਾਲਾ, ਮਾਮਲਾ) ਲੈਂਦੇ ਹੋ ਇਸ ਕਰਕੇ ਸਾਡੀ ਮਦਦ ਕਰੋ:

ਤੁਮ ਸੋ ਬਿਗਰਤ ਹਮ ਪਹਿਚਾਨੀ। ਤਾਕੀ ਬਾਤ ਧਰੀ ਨਹਿ ਕਾਨੀ।

ਤਾ ਕਰ ਦੇਸ ਲੂਟ ਹਮ ਲੀਨੋ। ਹਮ ਆਏ ਤੁਮ ਪੈ ਲਖ ਚੀਨੋ॥

ਸਾਧਯੋ ਨ ਜਾਵੈ ਹਮਨ ਤੇ, ਬਾਦਸਾਹ! ਸਕਤਿ ਨਾ ਹੈ ਤਹੀ।

ਅਬ ਕਰੋ ਕਾਮ ਹਮਾਰ ਜੂ, ਤੁਮ ਲੇਤ ਦਾਮਨ ਕੋ ਸਹੀ।[572]

ਕਵੀ ਖ਼ਾਲਸਾ ਪੰਥ ਦੇ ਪ੍ਰਕਾਸ਼ ਬਾਰੇ ਦਸਦਾ ਹੈ ਕਿ ਲੱਖਾਂ ਦੁਸ਼ਮਣਾ ਨਾਲ ਇਕ ਹੀ ਖ਼ਾਲਸਾ ਟਕਰਾ ਸਕਦਾ ਹੈ। ਅਨੇਕਾ ਸੂਰਮਿਆਂ ਯੋਧਿਆਂ ਦਾ ਪਾਤਸ਼ਾਹਾਂ ਦਾ ਰਾਜ ਜਿੱਤ ਲੈਂਦਾ ਹੈ। ਸੰਤਾਂ ਦੇ ਦੁਸ਼ਮਣਾਂ ਨੂੰ ਹੱਥ ਵਿਚ ਕਿਰਪਾਨ ਲੈ ਕੇ ਸੋਧ ਦਿੰਦਾ ਹੈ:

ਸੰਤ ਅਨੰਤ ਬਸੇ ਸੁਖ ਸੋ ਪੁਨਿ, ਤੇ ਜਸ ਗਾਇ ਜੁ ਰਾਜ ਕਮਾਵੈ।

---

[571] ਉਹੀ, ਪੰਨਾ 143

[572] ਉਹੀ, ਪੰਨਾ 143

ਖਾਲਸਾ ਪੰਥ ਪ੍ਰਕਾਸ ਕਰੋ ਲਖ ਸਤ੍ਰਨ ਸੰਗਰ ਏਕ ਠਹਿਰਾਵੈ।

ਸੂਰਨ ਬੀਰਨ ਮੀਰਨ ਜੀਤ ਕੈ, ਭੂਮਿ ਸਵੈ ਨਿਜ ਕੀ ਕਰ ਚਾਵੈ।

ਗੋ ਵਿਪ ਸੰਤਨ ਕੇ ਰਿਪੁ ਕੋ ਗਹਿ ਪਾਨ ਕ੍ਰਿਪਾਨ ਸੋ ਮਾਰ ਗਵਾਵੈ॥[573]

ਖ਼ਾਲਸਾ ਸੰਸਾਰ ਉੱਤੇ ਧਰਮ ਦ੍ਰਿੜ ਕਰਨ ਲਈ ਅਕਾਲ ਪੁਰਖ ਨੇ ਸਾਜਿਆ ਜਿਸ ਦਾ ਜ਼ਿਕਰ ਕਵੀ ਕੁਇਰ ਸਿੰਘ ਕਰਦਾ ਹੈ:

ਨਾਸ ਤੁਰਕ ਜਗ ਧਰਮ ਦ੍ਰਿੜ, ਜਿਯੋ ਬ੍ਰਹਮ ਉਦ-ਮੋਦ॥[574]

ਨੌਵੇਂ ਅਧਿਆਇ ਵਿਚ ਖ਼ਾਲਸਾ ਪੰਥ ਦੇ ਸਾਜਣਾ ਦਾ ਮੰਤਵ ਦਸਦਾ ਕੁਇਰ ਸਿੰਘ ਕਹਿੰਦਾ ਹੈ ਕਿ ਦੋਖੀ ਸ਼ਕਤੀਆਂ ਦੇ ਨਾਸ ਲਈ ਤੇ ਸੰਤਾਂ ਦੇ ਸੁਖ ਲਈ ਖ਼ਾਲਸਾ ਪੰਥ ਦੀ ਸਾਜਣਾ ਹੋਈ:

ਯਾ ਬਿਧਿ ਪੰਥ ਬਨਾਇ ਹੈਂ, ਕਹੈਂ ਨੌਮ ਕੇ ਮਾਹਿ।

ਜਾ ਲਖ ਸਤ੍ਰਨ ਨਾਸ ਹੋਇ, ਸੰਤ ਮਨੇ ਸੁਖ ਪਾਹਿ॥[575]

ਖ਼ਾਲਸਾ ਪੰਥ ਦੀ ਰਚਨਾ ਵਾਲੀ ਸਾਖੀ ਅਨੁਸਾਰ ਗੁਰੂ ਜੀ ਨੇ ਫੁਰਮਾਨ ਸੁਣਾਇਆ ਕਿ ਖ਼ਾਲਸੇ ਦੇ ਖੰਡੇ ਦੀ ਸ਼ਰਨ ਵਿਚ ਆ ਕੇ ਤੁਰਕਾਂ ਦੇ ਰਾਜ ਦਾ ਹਾਲਾ (ਕਰ) ਭਰਨਾਂ ਬੰਦ ਕਰ ਦਿਉ। ਤੁਰਕਾਂ ਦੇ ਜਾਬਰ ਰਾਜ ਨੂੰ ਪਛਾਣ ਕੇ ਮੁਗ਼ਲ ਹਕੂਮਤ ਦਾ ਤਖ਼ਤਾ ਪਲਟ ਦਿਉ:

ਤੁਰਕਨ ਕੋ ਭਰੋ ਹਾਲਾ ਮਾਨੋ। ਲੇਵ ਤੁਰਕ ਕੋ ਅਬ ਪਹਿਛਾਨੋ॥

ਖੰਡੇ ਜੀ ਕੀ ਸਰਨੀ ਆਵੋ। ਯਮਨੀ ਸਭਾ ਸੁ ਮਾਰ ਗਵਾਵੋ।[576]

ਗੁਰੂ ਜੀ ਨੇ ਕਿਹਾ ਕਿ ਮੈਂ ਤੁਹਾਨੂੰ ਸਾਰਿਆਂ ਗਰੀਬ ਤੇ ਨੀਵੀਂ ਜਾਤੀ ਦੇ ਲੋਕਾਂ ਨੂੰ ਅਮੀਰ ਤੇ ਉੱਚੀ ਜਾਤੀ ਦੇ ਲੋਕਾਂ ਨਾਲ ਇਕੱਠਾ ਕਰ ਦਿੱਤਾ ਹੈ ਇਸ ਕਰਕੇ ਹੁਣ ਮੈਨੂੰ ਕੋਈ ਉਲਾਮ੍ਹਾ ਨਾ ਦਿਉ ਕਿਉਂਕਿ ਤੁਹਾਨੂੰ ਪਾਤਸ਼ਾਹੀ ਦੇਣ ਲਈ ਹੀ ਖ਼ਾਲਸੇ ਦੇ ਚਰਨੀਂ ਲਾਇਆ ਹੈ:

---

[573] ਉਹੀ, ਪੰਨਾ 114

[574] ਉਹੀ, ਪੰਨਾ 30

[575] ਉਹੀ, ਪੰਨਾ 127

[576] ਉਹੀ, ਪੰਨਾ 137

ਮੈ ਤੁਮ ਕੋ ਇਕ ਥਾਨ ਵਿਚਾਰਾ। ਮਤਿ ਤੁਮ ਦੇਉ ਉਲ੍ਹਾਮਾ ਭਾਰਾ॥

ਤਾ ਕਾਰਨ ਮੈ ਤੁਝੈ ਅਲਾਇਆ। ਤੁਝ ਕੋ ਖਾਲਸ ਚਰਨੀ ਲਾਇਆ।[577]

ਗੁਰੂ ਜੀ ਦੇ ਖ਼ਾਲਸੇ ਵੱਲੋਂ ਰਾਜਸੀ ਬਦਲ ਬਾਰੇ ਇਹ ਵਿਚਾਰ ਸੁਣ ਕੇ ਰਾਜਪੂਤ ਪਹਾੜੀ ਰਾਜੇ ਵੀ ਆਏ ਤੇ ਕਹਿਣ ਲੱਗੇ ਕਿ ਸਾਨੂੰ ਪਾਹੁਲ ਦਾ ਕੋਈ ਫ਼ਾਇਦਾ ਨਹੀਂ ਹੋਇਆ। ਇਹ ਪਾਹੁਲ ਸਾਡੀ ਕੁਲ ਜਾਤ ਤੇ ਕਰਮ ਖ਼ਤਮ ਕਰ ਦੇਵੇਗੀ। ਤੁਸੀਂ ਪਾਹੁਲ ਦੇ ਕੇ ਚਾਰ ਵਰਣ ਇਕ ਕਰ ਦਿੱਤੇ ਅਸੀਂ ਚਾਰੇ ਵਰਣਾਂ ਨਾਲ ਇਕੱਠੇ ਬੈਠ ਕੇ ਪਾਹੁਲ ਨਹੀਂ ਲੈ ਸਕਦੇ:

"ਇਹੁ ਸੁਨ ਕੈ ਰਜਪੂਤਨ ਜਾਨੀ। "ਹਮ ਪਾਹੁਲ ਕੀ ਸੂਖ ਨ ਸਾਨੀ॥

ਗਿਰਿ ਰਾਜੇ ਹਮ ਅਤਿ ਅਭਿਮਾਨੀ। ਕੁਲਾ ਕਰਮ ਕਿਮ ਤਜੈ ਜਹਾਨੀ।

ਚਾਰ ਬਰਨ ਤੁਮ ਇਕ ਜਾ ਕੀਨੇ। ਅੰਮ੍ਰਿਤ ਨਿਜ ਉਪਦੇਸ ਸੁ ਦੀਨੇ॥

ਹਮਰੀ ਜਾਤਿ ਅਧਿਕ ਜਗ ਮਾਹੀ। ਕਿਮ ਹਮ ਚਾਰ ਬਰਨ ਸੰਗ ਖਾਹੀ?[578]

ਪਹਾੜੀ ਰਾਜਿਆਂ ਨੇ ਗੁਰੂ ਜੀ ਨੇ ਕਿਹਾ ਕਿ ਤੁਸੀਂ ਇਹਨਾਂ ਚਿੜੀਆਂ ਨੂੰ ਬਾਜ ਬਣਾ ਕੇ ਪੰਥ ਬਣਾ ਦਿੱਤਾ। ਅਸੀਂ ਤੁਹਾਡੇ ਇਸ ਪੰਥ ਨੂੰ ਰਾਜ ਕਿਵੇਂ ਦੇ ਦੇਈਏ ਇਹਨਾਂ ਵਿੱਚੋਂ ਕੋਈ ਕਿਸਾਨੀ ਕਰਦਾ ਹੈ, ਕੋਈ ਵਪਾਰੀ ਹੈ, ਕੋਈ ਨੀਚ ਜਾਤੀ ਨਾਲ ਸੰਬੰਧ ਰਖਦਾ ਹੈ ਇਸ ਸਭ ਨੀਵੀਆਂ ਜਾਤਾਂ ਦੇ ਲੋਕ ਜਦੋਂ ਸਾਡਾ ਰਾਜ ਖੋਹਣਗੇ ਤਾਂ ਜਗਤ ਹਸਾਈ ਹੋਵੇਗੀ:

ਤੁਮਰੇ ਜੀਵਤ ਪੰਥ ਸੁ ਜਾਨੋ। ਨਾਹਤ ਚਿੜੀਅਨ ਬਾਜ ਪ੍ਰਮਾਨੋ॥

ਤੁਮਰੇ ਪੰਥ ਰਾਜ ਕਿਮ ਦੈ ਹੈਂ। ਅਜਾ ਗਨੰ ਕੋ ਮਾਰ ਸੋ ਲੈ ਹੈਂ।

ਕੋ ਕਿਰਸਾਨੀ ਕਰਤ ਮਹਾਨਾ। ਕੋ ਬਾਪਾਰੀ ਅਧਿਕ ਸੁਜਾਨਾ॥

ਨੀਚ ਜਾਤ ਕਹਿ ਨੀਹਲ ਵਾਸੀ। ਹਮਰੋ ਰਾਜ ਖੋਹ ਜਗ ਹਾਸੀ।[579]

---

[577] ਉਹੀ, ਪੰਨਾ 137

[578] ਉਹੀ, ਪੰਨਾ 137

[579] ਉਹੀ, ਪੰਨਾ 137

ਰਾਜਿਆਂ ਨੇ ਕਿਹਾ ਕਿ ਇਹ ਬੜੀ ਅਸਚਰਜ ਗੱਲ ਹੈ ਕਿ ਅਸੀਂ ਇਹਨਾਂ ਨੀਵੀਂਆਂ ਜਾਤਾਂ ਤੇ ਚਿੜੀਆਂ ਸਮਾਨ ਲੋਕਾਂ ਨੂੰ ਧਰਤੀ ਦਾ ਰਾਜ ਛੱਡ ਦੇਈਏ:

ਇਹ ਤੋ ਬਡ ਅਸਚਰਜ ਭੀ ਬਾਤਾ। ਦੁਆਦਸ ਜਾਤ ਸਨਾਤ ਕਾ ਨਾਤਾ॥
ਹਜਰਤ ਸੀਸ ਨਜਾਇ ਭੂਅ ਕਾਰਨ। ਔਰਨ ਕੋ ਢਿਗ ਅਹੈ ਅਵਾਰਨ।
ਚਿੜੀਆ ਸਮ ਜਾਨੇ ਮਹਾਰਾਜਾ। ਹਮ ਹੈਂ ਰਾਜਪੂਤ ਥਿਰ ਬਾਜਾ"॥[580]

ਪਹਾੜੀ ਰਾਜਿਆਂ ਦੀਆਂ ਇਹ ਗੱਲਾਂ ਸੁਣ ਕੇ ਗੁਰੂ ਜੀ ਬੋਲੇ ਕਿ ਹੁਣ ਇਹਨਾਂ ਨੀਚ ਲੋਕਾਂ 'ਤੇ ਸਾਡੀ ਖੁਸ਼ੀ ਹੈ ਤੇ ਇਹ ਚਿੜੀਆਂ ਬਾਜਾਂ ਨਾਲ ਲੜਨਗੀਆਂ। ਹੁਣ ਇਹ ਕਿਸਾਨ ਲੋਕ ਜਗਤ ਦੇ ਰਾਜੇ ਬਣਨਗੇ ਤੇ ਤੁਹਾਡਾ ਰਾਜ ਵੀ ਤਾਂ ਹੀ ਬਚੇਗਾ ਜੇਕਰ ਤੁਸੀਂ ਮਿਲਵਰਤਣ ਨਾਲ ਰਹੋਗੇ, ਨਹੀਂ ਤਾਂ ਸਭ ਤੋਂ ਪਹਿਲਾਂ ਤੁਹਾਨੂੰ ਸਜ਼ਾ ਮਿਲੂ ਤੇ ਜਦੋਂ ਇਹ ਕਿਸਾਨ ਬਾਦਸ਼ਾਹ ਅਖਵਾਉਣਗੇ ਤਾਂ ਇਹ ਮੁਸੀਬਤ ਨੇੜੇ ਹੋਣ ਕਰਕੇ ਸਭ ਤੋਂ ਪਹਿਲਾ ਤੁਹਾਡੇ 'ਤੇ ਆਵੇਗੀ ਤਾਂ ਖੁਆਰ ਹੋ ਕੇ ਸਾਰੇ ਲੋਕ ਖ਼ਾਲਸੇ ਦੇ ਦੁਆਰੇ ਉੱਪਰ ਆਉਣਗੇ। ਤੁਸੀਂ ਸਾਰੇ ਪਹਾੜੀ ਰਾਜੇ ਖੁਆਰ ਹੋ ਕੇ ਖ਼ਾਲਸੇ ਦੀ ਸ਼ਰਨ ਵਿਚ ਆਵੋਗੇ ਤੇ ਕੋਈ ਵੀ ਖ਼ਾਲਸੇ ਤੋਂ ਆਕੀ ਨਹੀਂ ਹੋਵੇਗਾ:

ਚਿੜੀਅਨ ਪਰ ਅਬ ਖੁਸੀ ਹਮਾਰੀ। ਮਾਰੇ ਬਾਜ ਸੁ ਅਪਰ ਮੰਝਾਰੀ॥
ਮੈ ਅਸਿਪਾਨਜ ਤਦ ਸੁ ਕਹਾਊਂ। ਚਿੜੀਅਨ ਪੈ ਜੌ ਬਾਜ ਤੜਾਊਂ।
ਪ੍ਰਿਤ ਉਪਕਾਰ ਹੋਤ ਜਗ ਮਾਹੀ। ਜੌ ਤੁਮ ਮੁਝ ਅਬ ਬਚਨ ਕਮਾਹੀ॥
ਕਿਰਸਾਨੀ ਜਗ ਮੈ ਭਏ ਰਾਜਾ। ਗਿਰ ਤਬ ਬਚੈਂ ਜੇ ਹੋਇ ਹੈਂ ਨਾਜਾ।
ਤੁਮ ਕੋ ਦੇਹ ਡੰਡ ਅਧਿਕਾਈ। ਨਿਜਦ ਸੁ ਪਹਿਲੇ ਤੁਮ ਪਰ ਆਈ॥
ਫੇਰ ਖੁਆਰ ਹੋਇ ਜਗ ਸਾਰੇ। ਆਵੇ ਫੇਰਿ ਖਾਲਸੇ ਦੁਆਰੇ।
ਹੋਇ ਨਿਰਮਾਨ ਖਾਲਸਾ ਸੇਈ। ਤਬ ਅਪਨਾ ਕਾਰਜ ਗਹਿ ਲੇਈ।
ਖੁਆਰ ਹੋਇ ਕੇ ਪੰਥ ਸੇਵਾਹੀ। ਯਾਕੀ ਰਹੈ ਨ ਜਗ ਕੇ ਮਾਹੀ"॥[581]

---

[580] ਉਹੀ, ਪੰਨਾ 137

[581] ਉਹੀ, ਪੰਨਾ 137

ਇਹ ਗੱਲ ਸੁਣ ਕੇ ਰਾਜੇ ਕਹਿਣ ਲੱਗੇ ਕਿ ਹੇ ਮਹਾਰਾਜ ਤੁਹਾਡੀ ਰਹਿਤ ਕਠਨ ਹੈ ਤੇ ਸਾਡੀ ਕੁਲ ਤੇ ਵਰਣ ਖ਼ਤਮ ਹੁੰਦਾ ਹੈ। ਜੇਕਰ ਇਹ ਜੱਟ ਤੇ ਨਾਈ ਸਾਡੇ ਨਾਲ ਮਿਲਕੇ ਭੋਜਨ ਛਕਦੇ ਹਨ ਤਾਂ ਸਾਡਾ ਲੋਕ-ਪਰਲੋਕ ਖ਼ਤਮ ਹੋ ਜਾਵੇਗਾ:

ਸ੍ਰੀ ਮੁਖ ਤੇ ਸੁਨਿ ਨਗਪਤੀ ਕਹੈਂ, "ਸੁਨੋ, ਪ੍ਰਭੁ ਦੇਵ!
ਕਠਿਨ ਰਹਿਤ ਏ ਜਾਨੀਏ, ਬੇਦ ਬਰਨ ਮਿਲ ਜੇਵ॥
ਹੋ ਰਜਪੂਤ ਕਰੈਂ ਜਟ ਸੋ ਮਿਲ ਭੋਜਨ, ਔਰ ਸੁ ਨਾਈ ਕੇ ਸੰਗ ਮਿਲਾਹੀ।
ਧ੍ਰਿੱਗ ਭਨੇ ਹਮ ਕੋ ਇਸ ਲੋਕ ਮੈ, ਓਕ ਮੈ ਥਾਂਉ ਕਬੀ ਨਹਿ ਪਾਹੀ।
ਹਜਰਤ ਸੋ ਪੁਨਿ ਬਾਤ ਰਹੈ ਨਹਿ", ਤੌ ਗੁਰ ਬੈਨ ਸੁ ਐਸੇ ਅਲਾਹੀ।[582]

ਜਦੋਂ ਪਹਾੜੀ ਰਾਜਿਆਂ ਦੀ ਉਪਰੋਕਤ ਗੱਲ ਸੁਣੀ ਤਾਂ ਮਹਾਰਾਜ ਨੇ ਕਿਹਾ ਕਿ ਤੁਸੀਂ ਜਾ ਕੇ ਤੁਰਕਾਂ ਨੂੰ ਸੀਸ ਨਿਵਾਉ। ਗੁਰੂ ਜੀ ਦੀ ਵਿਚਾਰ ਸੁਣ ਕੇ ਰਾਜੇ ਕਹਿਣ ਲੱਗੇ ਕਿ ਔਰੰਗਜ਼ੇਬ ਹੀ ਰਾਜਾ ਹੈ ਬਾਕੀ ਸਾਰੀ ਪਰਜਾ ਚਿੜੀਆ ਸਮਾਨ ਹੈ। ਇਸ ਕਰਕੇ ਤੁਸੀ ਪੰਥ ਨੂੰ ਰਾਜ ਕਿਸ ਵਿਧੀ ਨਾਲ ਦੇ ਸਕਦੇ ਹੋ। ਔਰੰਗਜ਼ੇਬ ਅਤੇ ਸਾਡੇ ਵਿਚ ਕੋਈ ਭੇਦ ਨਹੀਂ ਹੈ ਭਾਵ ਅਸੀਂ ਹੀ ਰਾਜ ਦੇ ਦਾਅਵੇਦਾਰ ਹਾਂ:

"ਜਾਉ ਰੇ ਸੀਸ ਨਿਵਾਉ ਰੇ ਤੁਰਕਨ, ਤੋ ਅਬ ਕਰਮ ਕਰੈ ਦੁਖ ਪਾਹੀ"॥
ਤੌਂ ਨ੍ਰਿਪ ਐਸੇ ਕਹੈਂ, "ਬਿਨ ਔਰੰਗ, ਹੈਂ ਚਿੜੀਆਂ ਸਭ ਹੀ ਜਗ ਜਾਨੈ।
ਪੰਥ ਕੋ ਰਾਜ ਦਿਹੈਂ ਕਿਸ ਹੀ ਬਿਧਿ, ਸਿੰਘ ਅਜਾ ਤੇ ਮਰੈ ਨਹਿ ਮਾਨੈ।
ਔਰੰਗ ਕੋ ਹਮਰੋ ਨਹੀਂ ਭੇਦ ਸੁ, ਬਾਜ ਹਮੈ ਮਨ ਹੰਕ੍ਰਿਤ ਠਾਨੈ।''
ਯੌਂ ਸੁਨ ਕੇ ਰਾਜਪੂਤਨ ਬੈਨ ਸਿਰੀ ਗੁਰੂ ਬੀਚ ਦੀਵਾਨੇ ਬਖਾਨੈ॥[583]

ਗੁਰੂ ਜੀ ਨੇ ਰਾਜਿਆਂ ਦੀ ਇਹ ਗੱਲ ਸੁਣ ਕੇ ਕਿਹਾ ਕਿ ਜੇ ਬਾਜ ਚਿੜੀਆਂ ਨੂੰ ਮਾਰੇ ਤਾਂ ਕੋਈ ਵੱਡੀ ਗੱਲ ਨਹੀਂ ਜੇਕਰ ਚਿੜੀਆਂ ਬਾਜ ਨਾਲ ਲੜਨ ਤਾਂ ਹੀ ਸ਼ਕਤੀ ਵਾਲਾ ਕਾਰਜ ਹੋਵੇਗਾ। ਮਹਾਰਾਜ ਨੇ ਕਿਹਾ

---

[582] ਉਹੀ, ਪੰਨੇ 137-138

[583] ਉਹੀ, ਪੰਨਾ 138

ਕਿ ਮੈਂ ਚਿੜੀਆਂ ਤੋਂ ਬਾਜ ਤੜਾਉਣ ਨਾਲ ਹੀ ਆਪਣੇ-ਆਪ ਨੂੰ ਪਾਤਸ਼ਾਹ ਅਖਵਾਵਾਂਗਾ। ਇਸ ਕਰਕੇ ਰਾਜਿਆਂ ਨੂੰ ਰਾਜ ਦੇਣਾ ਕੋਈ ਸੋਭਾ ਨਹੀਂ ਬਲਕਿ ਨੀਵੀਆਂ ਜਾਤਾਂ ਨੂੰ ਰਾਜ ਦੇ ਕੇ ਹੀ ਮੈਨੂੰ ਖੁਸ਼ੀ ਮਿਲੇਗੀ। ਇਸ ਪਿਰਤ ਨਾਲ ਸੰਸਾਰ ਵਿਚ ਉਪਕਾਰ ਫੈਲੇਗਾ ਅਤੇ ਇਹ ਕਿਸਾਨ ਜਗਤ 'ਤੇ ਰਾਜੇ ਬਣਨਗੇ:

"ਮੈਂ ਅਸਿਪਾਨਿਜ ਤਬ ਲਖੌਂ, ਕਰੋ ਐਸ ਯੌ ਕਾਮ।
ਚਿੜੀਅਨ ਬਾਜ ਤੁਰਾਯ ਹੌਂ, ਸਸੇ ਕਰੌਂ ਸਿੰਘ ਸਾਮ॥
ਬਾਜ ਚਿੜੀ ਕਹੁ ਮਾਰ ਹੈ, ਏ ਪ੍ਰਭੁਤਾ ਕਛੁ ਨਾਹ।
ਤਾਤੈ ਕਾਲ ਕੀਓ ਇਹੈ, ਬਾਜ ਹਨੈ ਚਿੜੀਆਹ॥
ਰਾਜਨ ਕੋ ਪ੍ਰਭੁ ਦੇਵਤ ਰਾਜ ਤੌਂ, ਸੋਭ ਨਹੀਂ ਜਗ ਮੈ ਇਹ ਸਾਰੀ।
ਯਾ ਕਰ ਰਾਜ ਦਯੋ ਪ੍ਰਭੁ ਜਾਟਨ, ਤਾਹ ਢੁਰਯੋ ਸ਼ਿਰ ਛਤ੍ਰ ਬਸਾਰੀ।[584]

ਖ਼ਾਲਸੇ ਦੀ ਇਹ ਮਹਿਮਾ ਸੁਣ ਕੇ ਰਾਜਿਆਂ ਦਾ ਮਨ ਈਰਖਾ ਤੇ ਹੰਕਾਰ ਨਾਲ ਭਰ ਗਿਆ ਕਿਉਂਕਿ ਗੁਰੂ ਨੇ ਕਿਹਾ ਕਿ ਅਕਾਲ ਦਾ ਇਹ ਪੰਥ ਤੁਹਾਡਾ ਰਾਜ ਖੋਹ ਲਵੇਗਾ ਅਤੇ ਇਸ ਦਾ ਕੋਈ ਮੁਕਾਬਲਾ ਨਹੀਂ। ਇਸ ਤਰ੍ਹਾਂ ਹੱਥ ਵਿਚ ਖੰਡੇ ਵਾਲਾ ਤੇਗ ਧਾਰੀ ਖ਼ਾਲਸਾ ਪੰਥ ਸਥਾਪਤ ਕੀਤਾ। ਖ਼ਾਲਸਾ ਰਹਿਤ ਤੇ ਅਕਾਲ ਦਾ ਨਾਮ ਜਪਣਾ ਇਸ ਪੰਥ ਦਾ ਆਦੇਸ਼ ਮਿਥ ਦਿੱਤਾ ਤੇ ਵਰ ਦਿੱਤਾ ਕਿ ਜਦੋਂ ਕਦੇ ਖ਼ਾਲਸੇ 'ਤੇ ਭੀੜ ਪਵੇਗੀ ਤਾਂ ਮੈਂ ਆਪ ਅੰਗ-ਸੰਗ ਹੋ ਕੇ ਸਹਾਈ ਹੋਵਾਂਗਾ:

ਬਾਹਜ ਬਿੱਪ੍ਰ ਸਭੈ ਤਿਨ ਸੇਵਕ, ਕੀਨ ਮਯਾ ਅਸ ਸ੍ਰੀ ਗੁਰ ਭਾਰੀ।
ਬਿਦਿਆ ਗਜਾਨ ਸੁ ਚਾਰ ਪਦਾਰਥ, ਆਪੇ ਹੀ ਆਇ ਹੈਂ ਪੰਥ ਮੰਝਾਰੀ॥
ਮੁਹ ਦਰਸਨ ਪੰਥ ਬਿਖੈ ਕਰ ਹੈ, ਗੁਰ ਖਾਲਸਾ ਜਾਨ ਲਿਜੈ ਮਨ ਮਾਹੀ।
ਜੀਤ ਅਕਾਲ ਜਪੈ ਹਤ ਸਸਤ੍ਰਨ, ਤੁਰਕਨ ਨਾਸ ਚਹੈ ਸੁਖ ਪਾਹੀ।
ਚਾਰ ਹੀ ਬਰਨ ਸੁ ਆਸ਼੍ਰਮ ਚਾਰ ਕੇ, ਸੰਤ ਅਨੰਤ ਸੁ ਮੱਧ ਰਹਾਹੀ।
ਜੋ ਸਭ ਹੀ ਜਗ ਸੇਵਕ ਯਾਹਿ ਕੋ, ਵਿਪ੍ਰ ਸਭੈ ਵਿਦਿਯਾ ਇਨ ਪਾਹੀ॥

---

[584] ਉਹੀ, ਪੰਨਾ 138

ਬਾਜਿ ਗਇੰਦ ਗਦਾ ਸਸਿ ਅੰਮ੍ਰਿਤ, ਧੇਨ ਧਨੰਤਰ ਸਾਰੰਗ ਯਾਹੀ।

ਸੰਗ ਤ੍ਰਿਸੂਲ ਸਰਾਸਨ ਤੀਰ ਕੀ, ਐਹੈ ਵਿਦਜਾ ਇਨ ਕੈ ਕਰ ਮਾਹੀ।

ਅਹੈ ਮਮ ਪਥ ਸਮੁੰਦ੍ਰ ਸਮਾਨ, ਜੋ ਜਾਪ ਅਕਾਲ ਕੇ ਸੰਗ ਰਹਾਹੀ।

ਸ੍ਰੀ ਗੁਰ ਆਪ ਸਮਾਨ ਕਰਜੋ, ਯਹ ਪੰਥ ਅਨੂਪ ਲਖੈ ਆਪ ਜਾਹੀ॥[585]

ਗੁਰੂ ਸਾਹਿਬ ਨੇ ਖ਼ਾਲਸਾ ਸਾਜ ਕੇ ਅਕਾਲ ਦਾ ਛਤਰ ਸਿਰ ਉੱਪਰ ਰੱਖ ਦਿੱਤਾ। ਗੁਰੂ ਦਾ ਇਹ ਤੇਜਧਾਰੀ ਪੰਥ ਹੱਥ ਵਿਚ ਚੰਡੀ ਫੜ੍ਹਕੇ ਬੀਰਤਾ ਵਿਚ ਆ ਗਿਆ। ਤਿੰਨੇ ਲੋਕਾਂ ਸਮੇਤ ਸਾਰੇ ਰਾਜੇ ਖ਼ਾਲਸੇ ਤੋਂ ਕੰਬਣ ਲੱਗੇ। ਗੁਰੂ ਨੇ ਕਿਹਾ ਕਿ ਜਿਹੜਾ ਰਹਿਤ ਧਾਰਨ ਕਰੇਗਾ ਉਸ ਸੰਗ ਮੈਂ ਆਪ ਸਹਾਈ ਹੋਵਾਂਗਾ। ਸਮੁੰਦਰਾਂ ਤੱਕ ਖ਼ਾਲਸੇ ਦਾ ਰਾਜ ਹੋਵੇਗਾ। ਜਦੋਂ ਰਾਜ ਉੱਤੇ ਜਦੋਂ ਭੀੜ ਬਣੇਗੀ ਤਾਂ ਮੈਂ ਆਪ ਸੰਗੀ ਹੋ ਕੇ ਸਹਾਇਤਾ ਕਰਾਂਗਾ:

ਤੀਨ ਲੋਕ ਸਭ ਕੰਪਤ ਭਏ। ਮਾਨੋ ਰਾਜ ਅਬੈ ਇਨ ਲਏ॥

ਯਾਂ ਭਾਤਿ ਹੀ ਪੰਥ ਪ੍ਰਗਟਾਇ ਕੀਨੋ, ਸਭੀ ਤੇਜ ਧਰਿਜੋ ਯਹੀ ਪੰਥ ਮਾਹੀ।

ਸਮ ਚੰਡਿਕਾ ਪਾਨ ਮੈ ਖੰਡ ਧਾਰੀ, ਅਤਿ ਰੂਪ ਮੈ ਬੀਰ ਜੇਈ ਰਹਤ ਮਾਹੀ।

ਜਿਨੈ ਰਹਤ ਧਾਰੀ ਤਿਨੈ ਸੰਗ ਆਪੰ, ਦੁਤੀ ਨਾਮ ਹੀ ਮਾਤ੍ਰ ਭਏ ਪੰਥ ਮਾਹੀ।

ਸਭ ਹੋਇਗੋ ਰਾਜ ਇਨ ਸਿੰਧ ਲੌ ਜੀ , ਸਭ ਕੰਪ ਭੇ ਬੀਰ ਨਰ ਦੇਵ ਚਾਹੀ।

ਯਾ ਭਾਂਤਿ ਕੀਨੋ ਪੰਥ ਭਾਰੋ, ਤਿਨ ਸੰਗ ਸਦ ਭੀਰ ਮੈ ਆਪ ਸੰਗੀ।[586]

ਪ੍ਰਾਚੀਨ ਪੰਥ ਪ੍ਰਕਾਸ਼ ਤੋਂ ਰਾਜ ਦੇ ਸੰਕਲਪ ਸੰਬੰਧੀ ਗੱਲ ਨਿੱਖਰ ਕੇ ਸਾਹਮਣੇ ਆਉਂਦੀ ਹੈ ਕਿ ਰਾਜ ਸਿੱਖ ਚਿੰਤਨ ਦਾ ਪ੍ਰਮੁੱਖ ਵਿਸ਼ਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਤੋਂ ਆਰੰਭ ਹੋਈ ਗੁਰੂ ਪ੍ਰੰਪਰਾ ਨੇ ਰਾਜ ਪ੍ਰਤੀ ਬਹੁਤ ਚੇਤੰਨ ਅਤੇ ਠੋਸ ਪ੍ਰਗਟਾਵਾ ਕੀਤਾ। ਰਤਨ ਸਿੰਘ ਅਨੁਸਾਰ ਜਦੋਂ ਕਪਤਾਨ ਮਰੇ ਮੁਢਲਾ ਗੁਰ ਇਤਿਹਾਸ ਸੁਣਨ ਤੋਂ ਬਾਅਦ ਖ਼ਾਲਸਾ ਸਿਰਜਣਾ ਬਾਰੇ ਸਵਾਲ ਕਰਦਾ ਹੈ:

585 ਉਹੀ, ਪੰਨਾ 138

586 ਉਹੀ, ਪੰਨੇ 139

ਪੰਥ ਰਚਿਓ ਜਿਮ ਸਤਿਗੁਰੂ ਔਰ ਭਯੋ ਕਿਤ ਦਾਇ।[587]

ਕਪਤਾਨ ਮਰੇ ਦੀ ਗੱਲ ਸੁਣ ਕੇ ਰਤਨ ਸਿੰਘ ਨੇ ਕਿਹਾ:

ਰਚਨਾ ਰਚੀ ਪੰਥ ਇਤ ਕਾਰਨ। ਸਿੱਖ ਉਬਾਰਨ ਦੁਸ਼ਟ ਸੰਘਾਰਨ।[588]

ਗੁਰੂ ਜੀ ਨੇ ਇਸ ਖ਼ਾਲਸਾ ਪੰਥ ਦੀ ਰਚਨਾ ਹੀ ਇਸ ਕਰਕੇ ਰਚੀ ਹੈ ਕਿ ਸਿਰਜਾਣਤਮਕ ਸ਼ਕਤੀਆਂ ਦੀ ਰੱਖਿਆ ਕੀਤੀ ਜਾਵੇ ਤੇ ਦੁਸ਼ਟ ਸ਼ਕਤੀਆਂ ਦਾ ਨਾਸ ਕੀਤਾ ਜਾ ਸਕੇ। ਇਹ ਸੁਣਕੇ ਕਪਤਾਨ ਮਰੇ ਨੇ ਕਿਹਾ ਕਿ ਵੱਖਰਾ-ਵੱਖਰਾ ਕਰਕੇ ਮੈਨੂੰ ਸਾਰਾ ਪ੍ਰਸੰਗ ਸਮਝਾਓ ਕਿ 'ਪੰਥ ਰਚਿਓ ਜਿਮ ਸਤਿਗੁਰੂ'[589] ਭਾਵ ਗੁਰੂ ਜੀ ਨੇ ਪੰਥ ਕਿਉਂ ਤੇ ਕਿਵੇਂ ਸਾਜਿਆ? ਕਪਤਾਨ ਮਰੇ ਦੇ ਖ਼ਾਲਸਾ ਸਿਰਜਣਾ ਬਾਰੇ ਬਹੁਤ ਸਾਰੇ ਸਵਾਲ ਹਨ। ਕਪਤਾਨ ਮਰੇ ਪੁੱਛਦਾ ਹੈ ਕਿ ਜਦੋਂ ਸਾਰਾ ਦੇਸ਼ ਮੁਗ਼ਲਾਂ ਦੀ ਰੱਯਤ ਸੀ ਤਾਂ ਸਿੱਖਾਂ ਦਾ ਪਸਾਰਾ ਕਿਵੇਂ ਵਧ ਗਿਆ? ਪਰਜਾ ਮੁਗ਼ਲ ਰਾਜ ਤੇ ਕਿਵੇਂ ਆਕੀ ਹੋ ਗਈ? ਮੁਗ਼ਲਾਂ ਦੀ ਫੌਜ ਕਿੱਥੇ ਸੀ?

ਰੱਯਤ ਹੁਤੋ ਦੇਸ਼ ਉਨ ਸਾਰੋ। ਕਿਮ ਕਰ ਵਧ ਗਯੋ ਸਿੰਘਨ ਪਸਾਰੋ?

ਰੱਯਤ ਉਨ ਕਿਮ ਆਕੀ ਭਈ? ਤਿਨ ਕੀ ਫੌਜ ਕਹਾਂ ਥੀ ਗਈ?[590]

ਕਪਤਾਨ ਮਰੇ ਸਵਾਲ ਕਰਦਾ ਹੈ ਕਿ ਮੁਗ਼ਲਾਂ ਨੂੰ ਪੰਥ ਰਚਣ ਦੀ ਖ਼ਬਰ ਪਤਾ ਹੀ ਨਹੀਂ ਲੱਗੀ ਜਾਂ ਉਸ ਸਮੇਂ ਤੁਰਕਾਂ ਤੇ ਗੁਰੂਆਂ ਦਾ ਕੋਈ ਵੈਰ ਨਹੀਂ ਸੀ? ਉਸ ਸਮੇਂ ਸਿੰਘਾਂ ਤੇ ਤੁਰਕਾਂ ਦਾ ਸਮਝੌਤਾ ਹੋ ਗਿਆ ਸੀ ਜਾਂ ਉਹਨਾਂ ਤੀਜੇ ਪੰਥ ਨੂੰ ਜਾਣਿਆ ਹੀ ਨਹੀਂ? ਜਾ ਤੁਰਕਾਂ ਵਿਚ ਕੋਈ ਸਿਆਣਾ ਹੀ ਨਹੀਂ ਸੀ ਜਿਸ ਨੂੰ ਇਹ ਪਤਾ ਲਗਦਾ ਕਿ ਤੀਸਰਾ ਪੰਥ ਪੈਦਾ ਹੋ ਰਿਹਾ ਹੈ ਤੇ ਉਹ ਪੈਦਾ ਹੋ ਰਹੇ ਸਿੰਘਾਂ ਨੂੰ ਪਛਾਣ ਸਕਦੇ।

ਕਪਤਾਨ ਮਰੇ ਇਹ ਵੀ ਸੋਚ ਰਿਹਾ ਹੈ ਕਿ ਹੋ ਸਕਦਾ ਸਿੰਘਾਂ ਨੇ ਪਾਤਸ਼ਾਹੀ ਦਾ ਦਾਅਵਾ ਹੀ ਨਾ ਕੀਤਾ ਹੋਵੇ ਜਾ ਗੁਰੂ ਜੀ ਨੇ ਤੁਰਕਾਂ ਤੋਂ ਲੁਕਾ ਕੇ ਹੀ ਪੰਥ ਬਣਾ ਦਿੱਤਾ ਹੋਵੇ ਭਾਵ ਕਿ ਤੁਰਕਾਂ ਨੂੰ ਪਤਾ ਹੀ ਨਾ ਲੱਗਣ ਦਿੱਤਾ ਹੋਵੇ:

---

[587] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 22

[588] ਉਹੀ, ਪੰਨਾ 22

[589] ਉਹੀ, ਪੰਨਾ 22

[590] ਉਹੀ, ਪੰਨਾ 22

ਕੈ ਉਨ ਸਿੰਘਨ ਖਬਰ ਨਾ ਪਾਈ? ਕੈ ਤੁਰਕਨ ਗੁਰੂ ਅਨ ਬੈਰ ਨ ਥਾਈ?

ਕੈ ਤੁਰਕਨ ਸਿੰਘਨ ਹੋਰਈ ਮੀਜਾ? ਕੈ ਉਨ ਜਾਨਯੋ ਪੰਥਨ ਤੀਜਾ?

ਕੈ ਉਨ ਮੈਂ ਨ ਥੋ ਕੋਊ ਸਯਾਨੋਂ? ਤੌ ਉਨ ਨਾਹਿ ਸਿੰਘਨ ਹੋਤ ਪਛਾਨੋ?

ਕੈ ਪੰਥ ਚਕਯੋ ਨ ਦਾਵੋ ਪਤਸਾਹੀ? ਕੈ ਉਨ ਤੈ ਪੰਥ ਭਯੋ ਲੁਕਾਹੀ?[591]

ਰਤਨ ਸਿੰਘ ਕਪਤਾਨ ਮਰੇ ਦੇ ਇਹ ਸਵਾਲ ਸੁਣ ਕੇ ਖ਼ਾਲਸਾ ਸਿਰਜਣਾ ਦੇ ਉਦੇਸ਼ ਬਾਰੇ ਤੇ ਪੰਥ ਦੇ ਪਾਤਸ਼ਾਹੀ ਦਾਅਵੇ ਬਾਰੇ ਸਿਧਾਂਤਕ ਜਾਣਕਾਰੀ ਦਿੰਦਿਆਂ ਦਸਦਾ ਹੈ ਕਿ ਇਸ ਪੂਰਨ ਪੰਥ ਦੀ ਉਤਪਤੀ ਪੂਰਨ ਗੁਰੂ ਦੁਆਰਾ ਬਹੁਤ ਘਾਲਣਾਵਾਂ ਘਾਲਣ ਤੋਂ ਬਾਅਦ ਪਰਮਾਤਮਾ ਦੀ ਮੌਜ ਵਿਚ ਖੰਡੇ ਦੀ ਪਾਹੁਲ ਨਾਲ ਕੀਤੀ ਹੈ। ਇਸ ਪੰਥ ਨੂੰ ਬਾਣੀ ਦੀ ਰੂਹਾਨੀ ਪਾਹੁਲ ਤੇ ਖੰਡੇ ਦੇ ਸ਼ਸਤਰ ਨਾਲ ਗੁੜ੍ਹਤੀ ਦਿੱਤੀ ਹੈ:

ਸਿੰਘਨ ਪੰਥ ਕਬ ਲੁਕ ਛਿਪ ਹੋਯੋ। ਸਿੰਘਨ ਪੰਥ ਕਬ ਲੁਕੈ ਲੁਕੋਯੋ।

ਸਿੰਘਨ ਪੰਥ ਜੁੱਧ ਕੋ ਭਇਓ। ਸਿੰਘਨ ਜਨਮ ਸੰਗ ਸ਼ਸਤ੍ਰਨ ਲਇਓ।

ਸਿੰਘਨ ਪਾਹੁਲ ਖੰਡੇ ਕੀ ਦਈ। ਸਿੰਘਨ ਗੁੜ੍ਹਤੀ ਖੰਡੇ ਕੀ ਲਈ।[592]

ਖੰਡੇ ਦੀ ਇਸ ਪਾਹੁਲ ਬਾਰੇ ਪ੍ਰੋ. ਪੂਰਨ ਸਿੰਘ ਦਸਦੇ ਹਨ ਕਿ ਮਨੁੱਖੀ ਸਰੀਰ ਵਿਚ ਸਥਾਪਤ ਕੀਤੇ ਗਏ ਖ਼ਾਲਸੇ ਦੇ ਆਦਰਸ਼ ਲਈ ਗੁਰੂ ਜੀ ਨੇ ਕਾਲ ਕਿਰਪਾਨ ਦੀ ਅਰਾਧਨਾ ਕੀਤੀ ਜੋ ਸਮੇਂ ਅਤੇ ਮ੍ਰਿਤੂ ਦੋਹਾਂ ਦੀ ਪ੍ਰਤੀਕ ਹੈ। ਪੰਜਾਬ ਦੇ ਹਰ ਗ਼ੁਲਾਮ ਦੇ ਹੱਥ ਵਿਚ ਉਹਨਾਂ ਨੇ ਤੇਗ਼ ਫੜਾ ਦਿੱਤੀ ਤਾਂ ਜੋ ਉਹ ਸੁਤੰਤਰ ਹੋ ਸਕਣ। ਆਪ ਖੰਡੇਧਾਰ ਦੀ ਪਾਹੁਲ ਦੇ 'ਅੰਮ੍ਰਿਤ' ਘੁੱਟ ਦੇ ਚਖਣ ਨਾਲ ਮਨੁੱਖ ਨੂੰ ਸੁਤੰਤਰ ਕਰ ਦਿੱਤਾ ਕਿਉਂਜੋ ਇਸ 'ਅੰਮ੍ਰਿਤ' ਵਿਚ ਨਾਮ ਸਿਮਰਨ ਦੀ ਸ਼ਬਦ-ਅਗਨੀ ਪ੍ਰਜਵਲਿਤ ਸੀ। ਇਹ ਸੀ ਗੁਰੂ ਗੋਬਿੰਦ ਸਿੰਘ ਦੀ ਕਲਾਧਾਰੀ ਸ਼ਕਤੀ।[593]

ਅਨਿਆ ਦੇ ਖ਼ਿਲਾਫ ਜੰਗੀ ਲੜਾਈ ਲਈ ਸਿੰਘ ਸਿਰ ਉੱਪਰ ਵੀ ਸ਼ਸਤਰ ਸਜਾ ਕੇ ਰਖਦੇ ਹਨ ਤੇ ਉਹਨਾਂ ਦਾ ਇਹ ਵਿਲੱਖਣ ਸਰੂਪ ਲੁਕਾਇਆ ਹੀ ਨਹੀਂ ਜਾ ਸਕਦਾ। ਇਸ ਤਰ੍ਹਾਂ ਪੂਰੇ ਸਤਿਗੁਰੂ ਨੇ ਇਹ ਪੂਰਾ ਸੂਰਾ ਖ਼ਾਲਸਾ

---

[591] ਉਹੀ, ਪੰਨਾ 23

[592] ਉਹੀ, ਪੰਨਾ 23

[593] ਪ੍ਰੋ. ਪੂਰਨ ਸਿੰਘ, ਸਿੱਖੀ ਦੀ ਆਤਮਾ,ਕਿਰਪਾਲ ਸਿੰਘ ਕਸੇਲ (ਅਨੁ.), ਪੰਨੇ 156-157

ਪੰਥ ਰਚਿਆ ਹੈ। ਇਸ ਲਈ ਜ਼ਰੂਰ ਹੀ ਖ਼ਾਲਸੇ ਦੀ ਰਚਨਾ ਸੰਸਾਰ ਦੀਆਂ ਅਸੁਰ ਸ਼ਕਤੀਆਂ ਖ਼ਿਲਾਫ਼ ਯੁੱਧ ਲਈ ਹੋਈ ਹੈ ਕਿਉਂਕਿ ਨਿਰਭਉ ਤੇ ਨਿਰਵੈਰ ਮਾਨਵੀ ਗੁਣਾਂ ਵਾਲਾ ਰਾਜ ਤੇ ਪਾਤਸ਼ਾਹੀ ਯੁੱਧਾਂ ਤੋਂ ਬਗੈਰ ਸੰਭਵ ਨਹੀਂ ਹੈ। ਇਸ ਲਈ ਖ਼ਾਲਸੇ ਨੂੰ ਸ਼ਕਤੀ ਦੇ ਚਿੰਨ੍ਹ ਦਿੱਤੇ:

ਸਿਰ ਪਰ ਚੱਕਰ ਕਰਦੈਂ ਧਾਰੈਂ। ਕਦ ਵਹਿ ਲੁਕੈਂ ਜਿਮ ਸ਼ੇਰਨਖ ਵਾਰੈਂ।

ਪੰਥ ਰਚਯੋ ਇਮ ਸਤਿਗੁਰ ਪੂਰੇ। ਜੁੱਧੈ ਖਾਤਰ ਕਰਨ ਜਰੂਰੇ।

ਬਿਨ ਜੁੱਧੈ ਕਬ ਪਯਤ ਪਤਿਸ਼ਾਹੀ। ਆਦਿ ਜੁੱਧੈ ਬਿਧ ਗੁਰੂ ਉਠਾਈ।[594]

ਖ਼ਾਲਸੇ ਦੇ ਸ਼ਸਤਰਾਂ ਬਾਰੇ ਡਾ. ਰਾਜਮੋਹਨ ਗਾਂਧੀ ਲਿਖਦੇ ਹਨ ਕਿ, 'ਨਿਸ਼ਾਨ ਸਾਹਿਬ ਦੋ ਕਿਰਪਾਨਾਂ ਵਿਚਕਾਰ ਖੰਡਾ ਹੈ ਇਸ ਚਿੰਨ੍ਹ ਵਿਚੋਂ ਭਵਿਖ ਦੀ ਸਟੇਟ ਦੇਖੀ ਜਾ ਸਕਦੀ ਹੈ ਜਦੋਂ ਕਿ ਕਈ ਕਹਿੰਦੇ ਹਨ ਕਿ ਕਿਰਪਾਨ ਰੱਬ ਦਾ ਪ੍ਰਤੀਕ ਹੈ, ਰੱਬ ਦਾ ਇਕ ਨਾਮ ਹੈ।[595] ਆਦਿ ਤੋਂ ਹੀ ਗੁਰੂ ਸਾਹਿਬ ਦਾ ਮੁਗ਼ਲ ਪਾਤਸ਼ਾਹੀ ਨਾਲ ਵੈਰ ਵਧ ਗਿਆ ਤਾਂ ਨੌਵੇਂ ਪਾਤਸ਼ਾਹ ਨੇ ਸ਼ਹਾਦਤ ਦੇ ਕੇ ਸਿੱਖਾਂ ਵਿਚ ਧਰਮ ਤੇ ਸੱਚ ਲਈ ਯੁੱਧ ਕਰਨ ਦੀ ਵਿਧੀ ਲਿਆਂਦੀ:

ਗੁਰੂ ਤੇਗ ਬਹਾਦਰ ਸਿਰਦਯੋ ਉਨਿ ਸਿਖ ਕਰੈਂ ਕਿਮ ਖੈਰ।[596]

ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਦੇ ਕੇ ਦਿੱਲੀ ਦੇ ਪਾਤਸ਼ਾਹ ਦੀ ਜੜ੍ਹ ਉਖੇੜ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਅੰਤਰਯਾਮਤਾ ਨਾਲ ਇਹ ਦੇਖ ਲਿਆ ਸੀ ਕਿ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੀ ਸਲਤਨਤ ਦੀ ਜੜ੍ਹ ਪੁੱਟ ਦਿੱਤੀ ਹੈ। ਜੜ੍ਹ ਪੁੱਟਣ ਨਾਲ ਸੁੱਕੇ ਇਸ ਦਰੱਖਤ ਨੂੰ ਡੇਗਣ ਲਈ ਖੰਡੇ ਦੀ ਹਨੇਰੀ ਲਿਆਉਣੀ ਜ਼ਰੂਰੀ ਹੈ। ਖੰਡੇ ਦੀ ਤਾਕਤ ਨਾਲ ਮੁਗ਼ਲਾਂ ਨਾਲ ਲੋਹਾ ਲੈ ਕੇ ਜੜ੍ਹ ਪੁੱਟ ਸੁੱਟੀਏ ਭਾਵ ਤੁਰਕਾਂ ਨੂੰ ਮਾਰ ਕੇ ਪਾਤਸ਼ਾਹੀ ਖੋਹ ਲਈਏ:

ਗੁਰ ਤੇਗ ਬਹਾਦ੍ਰ ਦੇਹ ਦਿੱਲੀ ਲਾਈ। ਦਿੱਲੀਪਤ ਉਨ ਜੜ੍ਹ ਉਖੜਾਈ।

ਗੁਰ ਗੋਬਿੰਦ ਸਿੰਘ ਸੋ ਲਖ ਲਈ। 'ਅਬ ਤੁਰਕਨ ਜੜ੍ਹ ਸੁੱਕ ਸੋ ਗਈ।

---

[594] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 23

[595] ਰਾਜਮੋਹਨ ਗਾਂਧੀ, ਪੰਜਾਬ ਔਰੰਗਜ਼ੇਬ ਤੋਂ ਮਾਉਂਟਬੈਟਨ ਤੱਕ ਦਾ ਇਤਿਹਾਸ, ਹਰਪਾਲ ਸਿੰਘ ਪੰਨੂ (ਅਨੁ.), ਪੰਨਾ 93

[596] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 23

ਪਰ ਕਟੈ ਪਕੈ ਬਿਨ ਗਿਰੇ ਸੁ ਨਾਹਿ। ਅਕੈ ਗਿਰੇ ਵਡ ਪੌਣ ਵਗਾਹਿ।

ਅਬ ਇਨ ਪਰ ਪੌਨ ਖੰਡੇ ਚਲਵੱਯੇ। ਮਾਰ ਇਸੈ ਢਬ ਇਨੈਂ ਗਿਰੱਯੈ'।

ਤੌਂ ਸਤਿਗੁਰ ਨਿਜ ਫੜ ਤਲਵਾਰ। ਅਬ ਲੱਯੈ ਪਾਤਿਸ਼ਾਹੀ ਤੁਰਕਨ ਮਾਰ।[597]

ਫਿਰ ਸਤਿਗੁਰਾਂ ਨੇ ਇਹ ਵਿਚਾਰ ਕੀਤੀ ਕਿ ਅਸੀਂ ਇਹ ਪਾਤਸ਼ਾਹੀ ਕੀ ਕਰਨੀ ਹੈ ਅਸੀਂ ਤਾਂ ਗੁਰੂ ਨਾਨਕ ਦੇ ਘਰ ਦੀ ਗੱਦੀ ਦੇ ਵਾਰਸ ਹਾਂ ਜਿਹਨਾਂ ਦੇ ਇਹੋ ਜਿਹੀਆਂ ਪਾਤਸ਼ਾਹੀਆਂ ਤਾਂ ਚਰਨੀਂ ਲਗਦੀਆਂ ਹਨ ਸਾਨੂੰ ਇਹੋ ਜਿਹੀ ਪਾਤਸ਼ਾਹੀ ਦੀ ਕੀ ਪਰਵਾਹ ਹੈ:

ਫਿਰ ਸਤਿਗੁਰ ਚਿਤ ਐਸ ਬਿਚਾਰੀ। 'ਹਮ ਕਜਾ ਕਰਨੀ ਸ਼ਾਹੀ ਨਿਕਾਰੀ॥

ਸ੍ਰੀ ਨਾਨਕ ਗੱਦੀ ਹਮ ਚਹਿਂ ਘਰੀ। ਜਿਸੈ ਪਤਿਸ਼ਾਹੀ ਚਰਨੀ ਪਰੀ।

ਹਮੈਂ ਪਤਿਸ਼ਾਹੀ ਕੀ ਕਜਾ ਪਰਵਾਹਿ। ਦੇਂ ਪਤਿਸ਼ਾਹੀ ਨਫ਼ਰਨ ਉਠਾਇ'॥[598]

ਸਤਿਗੁਰਾਂ ਨੇ ਚਿਤ ਵਿਚ ਠਾਣ ਲਈ ਕਿ ਮੁਗ਼ਲਾ ਪਾਤਸ਼ਾਹੀ ਨੇ ਜ਼ੁਲਮਾਂ ਦੀ ਅੱਤ ਕਰ ਦਿੱਤੀ ਹੈ ਇਸ ਕਰਕੇ ਮੁਗ਼ਲ ਪਾਤਸ਼ਾਹੀ ਖ਼ਤਮ ਕਰਕੇ ਪਰਬਤੀ ਰਾਜਿਆਂ ਨੂੰ ਰਾਜ ਦੇ ਦੇਈਏ ਪਰ ਸਤਿਗੁਰਾਂ ਨੇ ਵਿਚਾਰ ਕੀਤੀ ਕਿ ਇਹ ਪਰਬਤੀ ਰਾਜੇ ਪੱਥਰ ਪੂਜਣ ਵਾਲੇ ਹਨ, ਸਾਡੇ ਸਿੱਖ ਨਹੀਂ ਬਣਨਗੇ। ਜਿਸ ਤਰ੍ਹਾਂ ਪੱਥਰ ਪਾਣੀ ਵਿਚ ਨਹੀਂ ਭਿਜਦਾ ਉਸ ਤਰ੍ਹਾਂ ਹੀ ਇਹ ਬੁੱਤ ਪੂਜਣ ਵਾਲੇ ਪਾਤਸ਼ਾਹੀ ਦੇ ਲਾਇਕ ਨਹੀਂ ਤੇ ਇਹ ਗੁਰੂ-ਘਰ ਦੇ ਮੁੱਢ ਤੋਂ ਹੀ ਅਕ੍ਰਿਤਘਣ ਹਨ:

ਸਤਿਗੁਰ ਚਿਤ ਮਧ ਇਮ ਠਟੀ ਦਈਐ ਰਾਜਨ ਰਾਜ ਉਠਾਇ।

ਸਭ ਰਾਜਨ ਏ ਪਰਬਤੀ ਦਯੈ ਖੰਡੋ ਫੜਵਾਇ।

ਫਿਰ ਸਤਿਗੁਰ ਚਿਤ ਸੋਝੀ ਆਈ। ਏਹ ਕਬ ਸਿੱਖ ਬਨੈਂ ਹਮ ਆਈ।

ਮੁਖਤ ਨਿਆਮਤ ਇਨ ਕਿਮ ਦੱਯੈ। ਕਿਮ ਪੁਤ ਬਿਗਾਨੇ ਮੁੱਖ ਚੁਮੱਯੈ।

---

[597] ਉਹੀ, ਪੰਨਾ 23

[598] ਉਹੀ, ਪੰਨਾ 23

ਏਹ ਪੱਥਰ ਪੂਜਕ ਭਿੱਜ ਨ ਨੀਰੋ। ਓਇ ਆਦਿ ਅਕ੍ਰਿਤਘਣ ਘਰ ਗੁਰ ਤੀਰੋ।[599]

ਫਿਰ ਮਹਾਰਾਜ ਨੇ ਵਿਚਾਰ ਕੀਤੀ ਕਿ ਇਹ ਪਰਬਤੀ ਰਾਜੇ ਆਪਣੇ-ਆਪ ਨੂੰ ਰਾਜਪੂਤ ਸਿਪਾਹੀ ਸਦਵਾਉਂਦੇ ਹਨ ਇਸ ਕਰਕੇ ਇਹਨਾਂ ਨੇ ਕਦੋਂ ਕਹਿਣਾ ਹੈ ਕਿ ਸਾਨੂੰ ਪਾਤਸ਼ਾਹੀ ਗੁਰੂ ਨੇ ਦਿੱਤੀ ਹੈ। ਭਾਵ ਇਹਨਾਂ ਨੇ ਸਾਡੇ ਵੱਲੋਂ ਬਖਸ਼ਿਸ ਕੀਤੀ ਪਾਤਸ਼ਾਹੀ ਨੂੰ ਮੰਨਣਾ ਹੀ ਨਹੀਂ ਤੇ ਇਹ ਕਹਿਣਾ ਕਿ ਸਾਡੇ ਤਾਂ ਪਿਉ-ਦਾਦੇ ਰਾਜ ਕਰਦੇ ਆਏ ਹਨ:

ਰਾਜਪੂਤ ਸਦਾਵੈਂ ਆਪ ਸਿਪਾਹੀ। ਓਇ ਕਹੈਂ ਕਦੋਂ ਗੁਰ ਦਈ ਪਤਿਸ਼ਾਹੀ ।[600]

ਗੁਰੂ ਸਾਹਿਬ ਨੇ ਵਿਚਾਰ ਕੀਤੀ ਕਿ ਪਾਤਸ਼ਾਹੀ ਗਰੀਬ ਸਿੱਖਾਂ ਨੂੰ ਦੇਈਏ ਜਿਹੜੇ ਆ ਕੇ ਪੰਥ ਵਿਚ ਭਰਤੀ ਹੋਏ ਨੇ ਤੇ ਉਹ ਜਾਣਨਗੇ ਕਿ ਸਾਨੂੰ ਪਾਤਸ਼ਾਹੀ ਸਾਡੇ ਗੁਰੂ ਨੇ ਦਿੱਤੀ ਹੈ ਤੇ ਗਰੀਬ ਨਿਵਾਜ਼ ਗੁਰੂ ਦਾ ਘਰ ਗਰੀਬਾਂ ਨੂੰ ਨਿਵਾਜਣ ਵਾਲਾ ਹੈ ਇਸ ਕਰਕੇ ਹੀ ਅਸੀਂ ਗਰੀਬਾਂ ਨੂੰ ਪਾਤਸ਼ਾਹੀ ਦੇ ਕੇ ਨਿਵਾਜ਼ਾਂਗੇ:

ਅਬ ਦਯੈ ਪਤਸ਼ਾਹੰ ਗਰੀਬਨ ਉਠਾਇ। ਵੈ ਜਾਨੈ ਗੁਰ ਦਈ ਹੈ ਮਾਇ।[601]

ਗੁਰੂ ਜੀ ਨੇ ਕਿਹਾ ਕਿ ਨੀਵੀਆਂ ਤੇ ਨੀਚ ਜਾਤੀਆਂ ਵਾਲੇ ਜਿਹੜੇ ਰਾਜਨੀਤੀ ਦੀ ਬਾਤ ਨੂੰ ਵੀ ਨਹੀਂ ਜਾਣਦੇ, ਉਹਨਾਂ ਅਨਪੜ੍ਹ ਜੱਟ-ਬੂਟਾਂ, ਨੀਵੀਂ ਜਾਤੀ ਦੇ ਲੁਹਾਰ, ਤਰਖਾਣ, ਛੀਂਬੇ, ਕਲਾਲ, ਗੁੱਜਰ, ਭਠਿਆਰੇ, ਅਹੀਰ, ਕੰਬੋਜਾ, ਝਿਉਰ, ਨਾਈ, ਅਰੋੜੇ, ਸੁਨਿਆਰ, ਸੈਣੀ, ਚੂੜ੍ਹੇ, ਚਮਿਆਰ, ਭੱਟ, ਲੁਬਾਣੇ, ਘੁਮਿਆਰ ਵਰਗੀਆਂ ਕਮਜਾਤਾਂ ਜਿਹਨਾਂ ਨੂੰ ਕੋਈ ਨਹੀਂ ਪੁਛਦਾ ਤੇ ਮੰਗ ਕੇ ਖਾਂਦੀਆਂ ਹਨ, ਇਹਨਾਂ ਗਰੀਬਾਂ ਨੂੰ ਪਾਤਸ਼ਾਹੀ ਦੇਣੀ ਹੈ ਤਾਂ ਕਿ ਇਹ ਸਾਡੀ ਗੁਰਿਆਈ ਯਾਦ ਰੱਖਣ ਕਿ ਸਾਡੇ ਗੁਰੂ ਨੇ ਸਾਨੂੰ ਗਰੀਬਾਂ ਨੂੰ ਪਾਤਸ਼ਾਹੀਆਂ ਬਖਸ਼ੀਆਂ:

ਸਤ ਸਨਾਤਿ ਔ ਬਾਰਹ ਜਾਤ। ਜਾਤ ਨਹਿ ਰਾਜਨੀਤ ਕੀ ਬਾਤ।

ਜੱਟ ਬੂਟ ਕਹਿੰ ਜਿੰਹ ਜਗ ਮਾਂਹੀ। ਬਣੀਏਂ ਬਕਾਲ ਕਿਰਾੜ ਖੱਤ੍ਰੀ ਸਦਾਈਂ।

---

[599] ਉਹੀ, ਪੰਨਾ 23

[600] ਉਹੀ, ਪੰਨਾ 23

[601] ਉਹੀ, ਪੰਨਾ 23

ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ। ਛੀਪੇ ਕਲਾਲ ਨੀਚਨ ਪੈ ਕ੍ਰਿਪਾ ਕੀਨੀ।

ਗੁੱਜਰ ਗ੍ਵਾਰ ਹੀਰ ਕਮਜਾਤ। ਕੰਬੋਇ ਸੂਦਨ ਕੋਇ ਪੂਛੈ ਨ ਬਾਤ।

ਝੀਵਰ ਨਾਈ ਰੋੜੇ ਘੁਮਿਆਰ। ਸਾਇਣੀ ਸੁਨਿਆਰੇ ਚੂੜ੍ਹੇ ਚਮਿਆਰ।

ਭੱਟ ਔ ਬਾਹਮਣ ਹੁਤੇ ਮੰਗਵਾਰ। ਬਹੁਰੂਪੀਏ ਲੁਬਾਣੇ ਔ ਘੁਮਿਆਰ।

ਇਨ ਗ੍ਰੀਬ ਸਿੰਘਨ ਕੌ ਦਯੇ ਪਤਿਸ਼ਾਹੀ। ਏ ਯਾਦ ਰਖੈਂ ਹਮਰੀ ਗੁਰਿਆਈ।[602]

ਇਹਨਾਂ ਗਰੀਬਾਂ ਨੂੰ ਪਾਤਸ਼ਾਹੀ ਦੇਣ ਦੇ ਉਦੇਸ਼ ਲਈ ਹੀ ਗੁਰੂ ਜੀ ਨੇ ਸਿੱਖਾਂ ਨੂੰ ਲਲਕਾਰ ਕੇ ਕਿਹਾ ਕਿ ਸ਼ਸਤਰ ਫੜੋ ਤੇ ਤੁਰਕਾਂ ਨਾਲ ਜੰਗ ਕਰੋ। ਹੁਣ ਤੁਹਾਡਾ ਪਾਤਸ਼ਾਹੀ ਦਾ ਸਮਾਂ ਆ ਗਿਆ ਹੈ:

ਤੌ ਸਦਿ ਸਤਿਗੁਰ ਸਿਖ ਲਲਕਾਰੇ। 'ਫੜੋ ਸ਼ਸਤ੍ਰਨ ਲਿਹੁ ਤੁਰਕਨ ਮਾਰੇ'।[603]

ਗੁਰੂ ਜੀ ਦੀ ਇਹ ਗੱਲ ਸੁਣਕੇ ਸਿੱਖਾਂ ਨੂੰ ਬਹੁਤ ਡਰ ਆਇਆ ਤੇ ਗੁਰੂ ਜੀ ਨੂੰ ਕਹਿਣ ਲੱਗੇ ਕਿ ਮੁਗ਼ਲਾਂ ਕੋਲ ਬਹੁਤ ਹਥਿਆਰ ਤੇ ਭਾਰੀ ਗਿਣਤੀ ਵਿਚ ਫੌਜ ਦੀ ਨਫ਼ਰੀ ਹੈ। ਉਹ ਸਾਨੂੰ ਗਰੀਬਾਂ ਨੂੰ ਜ਼ਮੀਨ ਤੇ ਧਰਤੀ ਕਦੋਂ ਛੱਡਦੇ ਹਨ। ਅਸੀਂ ਮੁਗ਼ਲਾਂ ਨੂੰ ਕਦੋਂ ਹਰਾ ਸਕਦੇ ਹਾਂ, ਕਿਉਂਕਿ ਅਸੀਂ ਚਿੜੀਆਂ ਦੀ ਨਿਆਂਈ ਤੇ ਉਹ ਬਾਜਾਂ ਦੀ ਨਿਆਂਈ ਹਨ। ਚਿੜੀਆਂ ਬਾਜਾਂ ਨੂੰ ਕਿਵੇਂ ਮਾਰ ਸਕਦੀਆਂ ਹਨ। ਤੁਸੀਂ ਮਿਰਗਾਂ ਨੂੰ ਸ਼ੇਰਾਂ ਨਾਲ ਲੜਾਉਣ ਦੀ ਸੋਚ ਰਹੇ ਹੋ। ਉਹ ਮੁਗ਼ਲ ਤੇ ਪਠਾਣ ਸਿਪਾਹੀ ਹਨ ਉਹਨਾਂ ਕੋਲ ਰਾਜ ਹੋਣ ਕਰਕੇ ਉਹਨਾਂ ਦੇ ਸਿਪਾਹੀ ਆਦਿ ਤੋਂ ਹੀ ਲੜਦੇ ਆ ਰਹੇ ਹਨ ਤੇ ਅਸੀਂ ਜੱਟ-ਬੂਟ, ਨਾਈ ਤੇ ਤਰਖ਼ਾਣ ਕਮੀਨੀਆਂ ਜਾਤਾਂ ਨਾਲ ਸੰਬੰਧਿਤ ਹਾਂ। ਡਾ. ਗੰਡਾ ਸਿੰਘ ਇਹਨਾਂ ਜਾਤਾਂ ਦੀ ਹਾਲਤ ਦਸਦੇ ਹੋਏ ਲਿਖਦੇ ਹਨ, 'ਝਾੜੂ ਦੇਣ ਵਾਲੇ, ਨਾਈ ਅਤੇ ਹਲਵਾਈ, ਜਿਨ੍ਹਾਂ ਨੇ ਤਲਵਾਰ ਨੂੰ ਕਦੇ ਹੱਥ ਲਾ ਕੇ ਵੀ ਨਹੀਂ ਸੀ ਦੇਖਿਆ ਅਤੇ ਜਿਹਨਾਂ ਦੀਆਂ ਪੁਸ਼ਤਾਂ ਦੀਆਂ ਪੁਸ਼ਤਾਂ ਅਖੌਤੀ ਉੱਚੀਆਂ ਸ਼੍ਰੇਣੀਆਂ ਦੇ ਨਿਮਾਣੇ ਦਾਸਾਂ ਵਜੋਂ ਉਮਰਾਂ ਦੀਆਂ ਉਮਰਾਂ ਲੰਘਾ ਗਈਆਂ ਸਨ।'[604] ਇਹਨਾਂ ਨੀਵੀਆਂ ਜਾਤਾਂ ਦੇ ਟੋਲਿਆਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਰਾਜਪੂਤਾਂ

---

[602] ਉਹੀ, ਪੰਨਾ 24

[603] ਉਹੀ, ਪੰਨਾ 24

[604] ਪ੍ਰਿੰ. ਤੇਜਾ ਸਿੰਘ, ਡਾ. ਗੰਡਾ ਸਿੰਘ, ਡਾ. ਭਗਤ ਸਿੰਘ (ਅਨੁ.), ਸਿੱਖ ਇਤਿਹਾਸ, ਪੰਨਾ 73

ਨੂੰ ਸਿਪਾਹੀ ਬਣਾ ਕੇ ਮੁਗ਼ਲਾਂ ਨਾਲ ਲੜਾਉ। ਇਹ ਰਾਜਪੂਤ ਪਹਾੜੀ ਰਾਜੇ ਤੁਹਾਡਾ ਇਹ ਕਾਰਜ ਸਵਾਰ ਸਕਦੇ ਹਨ:

ਤੌ ਸਿੱਖਨ ਨੇ ਨਹਿਂ ਮਨਯੋ ਤੁਰਕਨ ਤੇ ਖੌਫ ਕੀਨ।

'ਉਨ ਪਹਿ ਫੌਜੈਂ ਅਤਿ ਘਨੀ ਕਬ ਛੋਡੈਂ ਰਾਜ ਜਮੀਨ'।

ਤੌ ਸਿੱਖਨ ਯੌ ਮੰਨੀ ਨ ਬਾਤ। ਹਮ ਤੇ ਤੁਰਕ ਕਬ ਮਾਰੇ ਜਾਤ।

ਅਸੀਂ ਚਿਰੀਆਂ ਵੈ ਸਾਨੀ ਬਾਜ। ਹਮ ਛੇਲੈ ਵੈ ਬਘਯਾੜਨ ਸਾਜ।

ਤੁਮ ਮ੍ਰਿਗਨ ਤੇ ਕਿਮ ਸ਼ੈਰ ਮ੍ਰਵਾਵੋ। ਲੌਤੀ ਕੋ ਪਾਣੀ ਮਗਰੀ ਪਰ ਚੜ੍ਹਾਵੋ।

ਵਹੁ ਆਦ ਸਿਪਾਹੀ ਮੁਗਲ ਪਠਾਨ। ਹਮ ਜੱਟ ਬੂਟ ਨਾਈ ਤਰਖਾਨ।

ਤੁਮ ਟੋਲੇ ਸਭ ਜਾਤ ਕਮੀਨ। ਹੁਤੇ ਜੋਊ ਸਭ ਸ਼ਸਤਰ ਹੀਨ।

ਲਲਕਾਰੋ ਰਜਪੂਤਹਿ ਰਾਜੇ। ਜੋਊ ਸਵਾਰੈਂ ਤੁਮਰੋ ਕਾਜੈ।[605]

ਸਤਿਗੁਰੂ ਜੀ ਨੇ ਵਿਚਾਰ ਕੀਤੀ ਕਿ ਅਸੀਂ ਸਿੱਖਾਂ ਨੂੰ ਪਾਤਸ਼ਾਹੀ ਬਖ਼ਸ਼ ਰਹੇ ਹਾਂ ਤੇ ਸਿੱਖ ਨਾਂਹ ਕਰ ਰਹੇ ਹਨ। ਅੰਤਰਜਾਮੀ ਗੁਰੂ ਜੀ ਨੇ ਸਾਰੀ ਬਿਧ ਜਾਣ ਲਈ ਕਿ ਉਹ ਪਾਤਸ਼ਾਹੀ ਦਾ ਹੌਂਸਲਾ ਕਿਉਂ ਨਹੀਂ ਕਰਦੇ, ਕਿਉਂਕਿ ਗੁਰੂ-ਘਰ ਵਿਚ ਸਿੱਖ ਬਣਨ ਲਈ ਚਲਦੀ ਚਰਣ ਪਾਹੁਲ ਤੇ ਸੇਲੀ ਟੋਪੀ ਦੀ ਪਾਹੁਲ ਦੀ ਅਨੂਪਤਾ ਇਸ ਗੱਲ ਵਿਚ ਸੀ ਕਿ ਇਹ ਤੇਜਧਾਰ ਦੀ ਥਾਂ ਸਾਂਤੀ ਸਰੂਪ ਸੀ ਤੇ ਇਸ ਨੂੰ ਧਾਰਨ ਕਰਨ ਵਾਲਾ ਸੇਵਕ ਤੇ ਦਇਆਵਾਨ ਬਣ ਜਾਂਦਾ ਸੀ। ਮਹਾਰਾਜ ਨੇ ਵਿਚਾਰ ਕੀਤੀ ਕਿ ਸਿੱਖਾਂ ਦੇ ਇਸ ਦਇਆ ਵਾਲੇ ਸਰੂਪ ਨੂੰ ਬਦਲ ਕੇ ਤੇਜਧਾਰੀ ਸਰੂਪ ਕਾਇਮ ਕੀਤਾ ਜਾਵੇ। ਸਤਿਗੁਰਾਂ ਨੇ ਇਹ ਧਾਰ ਲਈ ਕਿ ਹੁਣ ਸਿੱਖਾਂ ਨੂੰ ਤੇਜ ਪਾਹੁਲ ਦੇ ਧਾਰਨੀ ਕੀਤਾ ਜਾਵੇ:

ਤੌ ਸ੍ਰੀ ਸਤਿਗੁਰ ਸੋਚਿਓ 'ਕਯਾ ਯਹਿ ਸਿੱਖਨ ਕੀਨ।

ਹਮ ਚਹਿੰ ਦੇਂ ਪਾਤਿਸ਼ਾਹੀ ਸਿੱਖਨ ਉਨ ਨੈ ਨਾਹਿ ਨਾਹਿ ਕੀਨ'।

ਹੁਤੋ ਗੁਰੂ ਸ੍ਰੀ ਜਾਣੀ ਜਾਣ। ਸਭੀ ਬਿਧੀ ਗੁਰੂ ਲਈ ਪਛਾਣ।

---

[605] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 24

'ਯਹ ਚਰਣ ਪਾਹੁਲ ਹੈ ਸ਼ਾਂਤ ਸਰੂਪ। ਤੇਜ ਨਾਹਿ ਯਹਿ ਮਾਂਹਿ ਅਨੂਪ।

ਸੇਹਲੀ ਟੋਪੀ ਸਿਰ ਧਰੈਂ ਦਾਸਹਿ ਨਾਮ ਕਹਾਇ।

ਹੁਤੀ ਦਯਾ ਮੱਧ ਰੂਪ ਬਹੁ ਇਮ ਨਹਿੰ ਸ਼ਸਤ੍ਰ ਫੜਾਇ।

ਅਬ ਸਿੱਖਨ ਰੂਪ ਪਲਟਾਈਐ। ਤੇਜ ਧਾਰੀ ਜਿਮ ਲਖ ਭੌ ਖਾਈਐ।[606]

ਬੜੀ ਲੰਮੀ ਚੌੜੀ ਵਿਚਾਰ ਤੋਂ ਬਾਅਦ ਮਹਾਰਾਜ ਨੇ ਚਿੱਤ ਵਿਚ ਧਾਰ ਲਿਆ ਕਿ ਸਿੱਖਾਂ ਨੂੰ ਖੰਡੇ ਦੀ ਪਾਹੁਲ ਦੇਈਏ। ਇਸ ਤੇਜ ਖੰਡੇਧਾਰ ਪਾਹੁਲ ਨਾਲ ਖ਼ਾਲਸਾ ਹਠੀ ਹੋ ਜਾਵੇਗਾ ਤੇ ਝੂਠੀਆਂ ਪਾਤਸ਼ਾਹੀਆਂ ਰੋਲ ਕੇ ਹੰਨੇ ਹੰਨੇ ਪਾਤਿਸ਼ਾਹ ਹੋਵੇਗਾ:

ਪੜੇ ਪਤਿਸ਼ਾਹੀ ਇਮ ਇਨ ਖੋਇ। ਹੰਨੈ ਹੰਨੈ ਹਮ ਪਤਿਸ਼ਾਹ ਹੋਇ।[607]

ਮਹਾਰਾਜ ਨੇ ਵਿਚਾਰਿਆ ਕਿ ਐਸਾ ਖ਼ਾਲਸਾ ਸਾਜੀਏ ਕਿ ਜਿਹੜਾ ਜੰਗ ਦੇ ਮੈਦਾਨ ਵਿਚ ਲੋਹੇ ਵਾਂਗ ਕੱਟੇ ਤੇ ਪਰਵਾਹ ਨਾ ਕਰੇ ਅਤੇ ਖੰਡੇ ਦੀ ਪਾਹੁਲ ਪੀ ਕੇ ਮੈਦਾਨੇ ਜੰਗ ਵਿਚ ਖੰਡਿਆਂ ਨਾਲ ਲੜੇ। ਸਿਰਦਾਰ ਕਪੂਰ ਸਿੰਘ ਖ਼ਾਲਸੇ ਦੀ ਰਾਜਸੀ ਤੇ ਰੂਹਾਨੀ ਪ੍ਰਭੂਸਤਾ ਬਾਰੇ ਦਸਦੇ ਹਨ, "Sikh people stake their claim to the political and spiritual sovereignty, both, such being the original doctrine of Nanak."[608] ਰਾਜਸੀ ਤੇ ਅਧਿਆਤਮਕ ਤੌਰ 'ਤੇ ਜਾਗੇ ਖ਼ਾਲਸੇ ਵਿਚ ਅਜਿਹੇ ਗੁਣ ਹੋਣ ਕਿ ਖ਼ਾਲਸਾ ਖੁਦ ਖ਼ੁਦਾ ਹੋਵੇ ਤੇ ਉਸ ਵਿਚ ਖ਼ੁਦਾ ਵਾਲੇ ਗੁਣ ਹੋਣ ਤੇ ਉਹ ਇਕ ਅਕਾਲ ਪੁਰਖ ਸੱਚੇ ਪਾਤਸ਼ਾਹ ਤੋਂ ਬਿਨਾਂ ਕਿਸੇ ਹੋਰ ਦੀ ਈਨ ਨਾ ਮੰਨਦਾ ਹੋਵੇ:

ਕਾਣ ਕੂਟ ਵਾਂਗ ਲੋਹੇ ਕਰੈਂ। ਖੰਡੇ ਪਾਹੁਲ ਪੀ ਖੰਡਯੋ ਨ ਟਰੈਂ।

ਖਾਲਸੋ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ।

ਆਨ ਨ ਮਾਨੈ ਆਨ ਕੀ ਇਕ ਸੱਚੇ ਬਿਨ ਪਤਿਸ਼ਾਹ।[609]

---

[606] ਉਹੀ, ਪੰਨਾ 24

[607] ਉਹੀ, ਪੰਨਾ 24

[608] Kapur Singh, Sirdar, Sikhism And The Sikhs, Baldev Singh, p 273

[609] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 25

ਖ਼ਾਲਸੇ ਦੇ ਰੂਹਾਨੀ ਨਿਸ਼ਾਨੇ ਤੇ ਸਿਦਕ ਦੀ ਪਹੁੰਚ ਬਾਰੇ ਗੁਰੂ ਜੀ ਨੇ ਕਿਹਾ ਕਿ ਖ਼ਾਲਸੇ ਜਿੱਥੇ ਕਿਸੇ ਦੁਨਿਆਵੀ ਜਾਂ ਰਾਜਸੀ ਤਾਕਤ ਦਾ ਮੁਥਾਜ ਨਾ ਹੋਵੇ, ਉੱਥੇ ਉਹ ਰੂਹਾਨੀ ਤੌਰ 'ਤੇ ਵੀ ਅਕਾਲ ਪੁਰਖ ਤੇ ਗੁਰੂ ਤੋਂ ਬਿਨਾਂ ਕਿਸੇ ਹੋਰ ਮੱਤ ਦੇ ਧਾਰਮਿਕ ਕਰਮ ਕਾਂਡ ਦੀ ਬਜਾਇ ਸਿਰਫ਼ ਇਕ ਅਕਾਲ ਪੁਰਖ 'ਤੇ ਹੀ ਟੇਕ ਰੱਖੇ। ਪਹਿਲਾਂ ਧਾਰਨ ਕੀਤੇ ਸਾਰੇ ਰੀਤੀ ਰਿਵਾਜਾਂ ਨੂੰ ਤਿਆਗ ਕੇ ਇੱਕੋ ਬਾਟੇ ਵਿੱਚੋਂ ਪਾਹੁਲ ਲੈ ਕੇ ਅਕਾਲ ਪੁਰਖ ਦੀ ਫੌਜ ਦਾ ਸਿਪਾਹੀ ਅਖਵਾਏ:

ਭੂਤ ਪ੍ਰੇਤ ਔ ਮੜ੍ਹੀ ਮਸਾਣ। ਨਹਿਂ ਮਾਨੈ ਵਹਿ ਗੁਗੋ ਸੁਲਤਾਨ।

ਟਿੱਕੋ ਜਨੇਊ ਪਹਿਰੈ ਨ ਧੋਤੀ। ਇਕ ਸੁਨਹਿਰੇ ਖਾਹਿਂ ਗਹੁ ਗੋਤੀ।[610]

ਉਪਰੋਕਤ ਵਿਚਾਰ ਤੋਂ ਸਹਿਜੇ ਹੀ ਸਪਸ਼ਟ ਹੁੰਦਾ ਹੈ ਕਿ ਇਕ ਸਚਿਆਰ ਜਾ ਖ਼ਾਲਸ ਮਨੁੱਖ ਸਿਰਜਣ ਦਾ ਚੇਤਨ ਤੇ ਰੂਹਾਨੀ ਅਮਲ ਗੁਰੂ ਨਾਨਕ ਸਾਹਿਬ ਜੀ ਨੇ ਹੀ ਵਿੱਢ ਦਿੱਤਾ ਸੀ। ਉਸ ਨੂੰ ਰੂਹਾਨੀ ਤੇ ਇਤਿਹਾਸਕ ਪਾਣ ਚਾੜਨ ਲਈ ਗੁਰੂ ਸਾਹਿਬਾਨ ਨੇ ਦਸ ਜਾਮਿਆ ਰਾਹੀਂ ਸਵੈ ਨੂੰ ਵੀ ਸ਼ਾਮਿਲ ਕੀਤਾ। ਇਸ ਨਿਰਵੈਰ ਤੇ ਨਿਰਭਉ ਸਿਰਜਣਾ ਦੇ ਇਤਿਹਾਸਕ ਅਮਲ ਬਹੁਤ ਲੰਮੇਰੇ ਸਨ। ਗੁਰੂ ਸਾਹਿਬ ਨੇ ਮੀਰੀ ਨੂੰ ਪੀਰੀ ਤੇ ਪੀਰੀ ਨੂੰ ਮੀਰੀ ਵਿਚ ਸਮੋਣਾ ਸੀ। ਦੈਵੀ ਖੇਡ ਨੂੰ ਧਰਤੀ 'ਤੇ ਉਤਾਰ ਕੇ ਰਾਜਸੀ ਨਿਜ਼ਾਮ ਨੂੰ ਸ਼ੁੱਧ ਕਰਨਾ ਸੀ ਇਸ ਕਰਕੇ ਹੀ ਗੁਰੂ ਨਾਨਕ ਪਾਤਸ਼ਾਹ ਜੀ ਵੱਲੋਂ ਸਿਰਾਂ ਦੀ ਇਸ ਅਜਮਾਇਸੀ ਪ੍ਰਕਿਰਿਆ ਨੂੰ ਦਸਵੇਂ ਜਾਮੇ ਵਿਚ ਪੂਰਾ ਕਰਕੇ ਖ਼ਾਲਸਾਈ ਰੂਪ ਦਿੱਤਾ। ਗੁਰੂ ਸਾਹਿਬ ਅਖੌਤੀ ਧਰਮ ਤੇ ਰਾਜ ਦੁਆਰਾ ਗਰੀਬ ਤੇ ਲਿਤਾੜੇ ਲੋਕਾਂ ਨੂੰ ਅਸਲ ਧਰਮ ਤੇ ਦੈਵੀ ਰਾਜ ਰਾਹੀਂ ਹੀ ਸੱਚੀ ਪਾਤਸ਼ਾਹੀ ਸੌਂਪਣੀ ਚਾਹੁੰਦੇ ਸਨ। ਸੱਚੇ ਪਾਤਸ਼ਾਹ ਦੁਆਰਾ ਸਿੱਖਾਂ ਨੂੰ ਬਖਸ਼ੀ ਦੈਵੀ ਪਾਤਸ਼ਾਹੀ ਤੇ ਖ਼ਾਲਸਾ ਸਿਰਜਣਾ ਦੇ ਬਾਰੀਕ ਤੇ ਰਹੱਸਮਈ ਭੇਦਾਂ ਨੂੰ ਖ਼ਾਲਸੇ ਦੇ ਨਿਰੰਤਰ ਤੇ ਗਤੀਸ਼ੀਲ ਕਰਮ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਇਸ ਲਈ ਹੀ ਰਤਨ ਸਿੰਘ ਭੰਗੂ ਖ਼ਾਲਸਾ ਸਿਰਜਣਾ ਦੇ ਉਦੇਸ਼ ਨੂੰ ਧਰਤੀ ਤੇ ਅਕਾਲ ਪੁਰਖ ਦੇ ਹੀ ਪੂਰਕ 'ਭਯੋ ਖਾਲਸੋ ਵਡ ਕਲ ਧਾਰੀ' ਰੂਪ ਨਾਲ ਮੇਚ ਕੇ ਦੇਖਦਾ ਹੈ।

---

[610] ਉਹੀ, ਪੰਨਾ 25

### ੪.੪. ਸ੍ਰੀ ਅਕਾਲ ਤਖ਼ਤ ਸਾਹਿਬ

ਖ਼ਾਲਸਾ ਪੰਥ ਦੀ ਸਹਿਜ ਰਚਨਾ ਵਿਚ ਪੂਰਬਲੇ ਪੰਜ ਗੁਰੂ ਸਾਹਿਬਾਨ ਨੇ ਪੰਥ ਦੀ ਧਾਰਮਿਕ ਪੱਧਰ ਤੇ ਸਥਾਪਤੀ ਅਤੇ ਵਿਕਾਸ ਵਿਚ ਇਕ ਨਿਸ਼ਚਿਤ ਰੂਪ-ਰੇਖਾ ਤਿਆਰ ਕਰ ਦਿੱਤੀ ਸੀ। ਪੂਰਬਲੇ ਗੁਰੂ ਸਾਹਿਬਾਨ ਨੇ ਲੰਗਰ ਪ੍ਰਥਾ, ਕਥਾ ਕੀਰਤਨ ਅਤੇ ਹੋਰ ਧਾਰਮਿਕ ਰਹੁ-ਰੀਤਾਂ ਸਥਾਪਿਤ ਕੀਤੀਆਂ। ਇਸੇ ਦੌਰਾਨ ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ ਸ੍ਰੀ ਗੁਰੂ ਗ੍ਰੰਥ ਦੀ ਸੰਪਾਦਨਾ ਨੇ ਸਿੱਖ ਧਰਮ ਨੂੰ ਇਕ ਨਵੇਂ ਧਰਮ ਵਜੋਂ ਸਥਾਪਿਤ ਕਰ ਦਿੱਤਾ। ਪੂਰਬਲੇ ਗੁਰੂ ਸਾਹਿਬਾਨ ਨੇ ਸਮੇਂ-ਸਮੇਂ 'ਤੇ ਧਾਰਮਿਕ ਜੀਵਨ ਦੇ ਨਾਲ-ਨਾਲ ਪੰਥ ਨੂੰ ਰਾਜਨੀਤਿਕ ਪੱਧਰ 'ਤੇ ਚੇਤੰਨ ਕੀਤਾ। ਗੁਰੂ ਅੰਗਦ ਪਾਤਸ਼ਾਹ ਜੀ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ ਬਾਈ ਮੰਜੀਆਂ ਦੀ ਸਥਾਪਨਾ ਕਰਕੇ ਸਿੱਖੀ ਨੂੰ ਜਥੇਬੰਦਕ ਰੂਪ ਦੇ ਦਿੱਤਾ। ਰਤਨ ਸਿੰਘ ਬਾਈ ਮੰਜੀਆਂ ਨੂੰ ਰਾਜ ਦੇ ਵੱਖ-ਵੱਖ ਸੂਬਿਆਂ ਨਾਲ ਜੋੜਦਾ ਹੋਇਆ ਦਸਦਾ ਹੈ ਕਿ ਇਸ ਨਾਲ ਪਾਤਸ਼ਾਹੀ ਦਾਅਵੇ ਦਾ ਜਸ ਹੋਰ ਫੈਲ ਗਿਆ। ਇਸ ਦਾ ਹਵਾਲਾ ਆਪਣੀ ਸਤਿਗੁਰ ਦੀ ਬੰਸਾਵਲੀ ਵਿਚ ਸਾਖੀ ਵਿਚ ਦਿੰਦਾ ਹੈ:

ਅੰਗਦ ਤੇ ਗੁਰ ਭਯੋ ਅਮਰਦਾਸ। ਕੀਯੋ ਪਤਸ਼ਾਹੀ ਦਾਵਾ ਜਾਸ।

ਬਾਈ ਸੂਬੇ ਜਿਨ੍ਹੈਂ ਨਿਵਾਏ। ਪਤਿਸ਼ਾਹੀ ਦਾਵੈ ਜਿਤਨ ਜਤਾਏ॥[611]

ਗੁਰੂ ਅਰਜਨ ਪਾਤਸ਼ਾਹ ਜੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਣਾ, ਰੂਹਾਨੀ ਸ਼ਖ਼ਸੀਅਤ ਘੜਨ ਲਈ ਕੀਤੀ ਗਈ ਤੇ ਖ਼ਾਲਸਾ ਸਿਰਜਣਾ ਦੇ ਇਸ ਅਮਲ ਨੂੰ ਅੱਗੇ ਤੋਰਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੁਨਿਆਦ ਰੱਖੀ ਗਈ ਜਿਸ ਨਾਲ ਮੀਰੀ-ਪੀਰੀ ਦਾ ਇਹ ਕੇਂਦਰ ਰਾਜਨੀਤਿਕ ਸੰਸਥਾ ਦੇ ਰੂਪ ਵਿਚ ਸਾਹਮਣੇ ਆਉਣ ਲੱਗਾ। ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਨੇ ਸਿੱਖ ਪੰਥ ਦੇ ਰਾਜਨੀਤਿਕ ਦ੍ਰਿਸ਼ਟੀਕੋਣ ਨੂੰ ਨਿਰਧਾਰਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ''ਅਕਾਲ ਤਖ਼ਤ ਦੀ ਸਿਰਜਣਾ ਨਾਲ ਅਤੇ ਫਿਰ ਅਕਾਲ ਤਖ਼ਤ ਉੱਤੇ ਹੋਣ ਵਾਲੀਆਂ ਗਤੀਵਿਧੀਆਂ ਨਾਲ ਸਿੱਖ ਪੰਥ ਸਿੱਧੇ ਰੂਪ ਵਿੱਚ ਇੱਕ ਰਾਜਨੀਤਿਕ ਇਕਾਈ ਬਣ ਗਿਆ।''[612]

---

[611] ਉਹੀ, ਪੰਨਾ 17

[612] ਡਾ. ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ, ਪੰਨਾ 223

ਅਕਾਲ ਤਖ਼ਤ ਦੀ ਸਥਾਪਨਾ, ਮੰਤਵ ਅਤੇ ਇਤਿਹਾਸਕ ਮਹੱਤਤਾ ਸੰਬੰਧੀ ਵੱਖ-ਵੱਖ ਇਤਿਹਾਸਕ ਸੋਮਿਆਂ ਤੋਂ ਵਡਮੁੱਲੀ ਜਾਣਕਾਰੀ ਮਿਲਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਅਤੇ ਮਨੋਰਥ ਨੂੰ ਸਪਸ਼ਟ ਕਰਦੇ ਹਨ, ''ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਸੰਮਤ 1665 ਵਿੱਚ ਸ੍ਰੀ ਅੰਮ੍ਰਿਤਸਰ ਹਰਿਮੰਦਰ ਦੇ ਸਾਮ੍ਹਣੇ ਇੱਕ ਉੱਚਾ ਰਾਜ ਸਿੰਘਾਸਨ (ਸ਼ਾਹੀ ਤਖ਼ਤ) ਤਿਆਰ ਕਰਕੇ ਉਸ ਦਾ ਨਾਉਂ ''ਅਕਾਲ ਬੁੰਗਾ'' ਰੱਖਿਆ, ਜਿਸ ਥਾਂ ਸਵੇਰੇ ਅਤੇ ਸੰਝ ਨੂੰ ਦਿਵਾਨ ਲਗਾਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ, ਅਕਾਲ ਬੁੰਗਾ ਪੰਥਕ ਜਥੇਬੰਦੀ ਦਾ ਕੇਂਦਰ ਹੈ, ਪੰਥ ਇਸ ਥਾਂ ਮੁੱਢ ਤੋਂ ਗੁਰਮਤੇ ਸੋਧਦਾ ਆਇਆ ਹੈ। ਇਹ ਗੁਰਦੁਆਰਾ ਸਿੱਖਾਂ ਦਾ ਪਹਿਲਾ ਤਖ਼ਤ ਹੈ।''[613]

ਅਕਾਲ ਤਖ਼ਤ ਦੀ ਇਮਾਰਤ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਹੋਣ ਦਾ ਅਰਥ ਹੈ ਕਿ ਅਕਾਲ ਤਖ਼ਤ ਤੋਂ ਹੋਣ ਵਾਲੀ ਸਮੁੱਚੀ ਕਾਰਵਾਈ ਧਰਮ ਦੀ ਦਿਬ-ਦ੍ਰਿਸ਼ਟੀ ਦੀ ਦੇਖ-ਰੇਖ ਹੇਠ ਹੋਵੇਗੀ। ਅਕਾਲ ਤਖ਼ਤ ਦੇ ਨਾਮਕਰਨ ਸੰਬੰਧੀ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦਾ ਕਰਤਾ ਦਸਦਾ ਹੈ ਅਕਾਲ ਪੁਰਖ ਦੇ ਹੁਕਮ ਨਾਲ ਹੀ ਗੁਰੂ ਸਾਹਿਬ ਨੇ ਇਸ ਦਾ ਨਾਮ 'ਅਕਾਲ ਤਖ਼ਤ' ਰੱਖਿਆ:

ਤਾਂਤੇ ਇਹੁ ਠਾਂ ਤਖ਼ਤ ਸਵਾਰਉ।

ਮੇਰੇ ਨਾਮ ਤਾਂਹਿ ਮਹਿ ਧਾਰਉ।

ਤਖ਼ਤ ਅਕਾਲ ਨਾਮ ਤਿੰਹ ਕੀਜੈ।[614]

ਡਾ. ਗੁਰਭਗਤ ਸਿੰਘ ਅਕਾਲ ਤਖ਼ਤ ਦੇ ਸੰਕਲਪ ਨੂੰ ਸਪਸ਼ਟ ਕਰਦੇ ਹਨ, 'ਅਕਾਲ ਤਖ਼ਤ ਦੇ ਨਾਂ ਵਿੱਚ ਆਉਣ ਵਾਲੇ ਦੋਵੇਂ ਸ਼ਬਦ ''ਅਕਾਲ'' ਅਤੇ ''ਤਖ਼ਤ'' ''ਸ੍ਰੀ ਗੁਰੂ ਗ੍ਰੰਥ ਸਾਹਿਬ'' ਦੇ ਮਹੱਤਵਪੂਰਨ ਸ਼ਬਦ ਹਨ। ਮੂਲ ਮੰਤਰ ਵਿੱਚ ''ਅਕਾਲ'' ਕਰਤਾਪੁਰਖ ਦੀ ਸਦੀਵਤਾ ਦੱਸਣ ਲਈ ਇੱਕ ਵਿਸ਼ੇਸ਼ਣ ਵਜੋਂ ਵਰਤਿਆ ਗਿਆ ਹੈ। ''ਤਖ਼ਤ'' ਸ਼ਬਦ ਰਾਇ ਬਲਵੰਡ ਅਤੇ ਭਾਈ ਸਤੇ ਦੀ ਰਚੀ ''ਰਾਮਕਲੀ ਕੀ ਵਾਰ'' ਵਿੱਚ ਵਰਤਿਆ ਗਿਆ ਹੈ: 'ਝੁਲੈ ਸੁ ਛਤੁ ਨਿਰੰਜਨੀ ਮਲਿ ਤਖ਼ਤੁ ਬੈਠਾ ਗੁਰ ਹਟੀਐ।'....ਨਿਰੰਜਨੀ ਛਤਰ

---

613 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 36

614 ਭਗਤ ਸਿੰਘ, ਗੁਰ ਬਿਲਾਸ ਪਾਤਸ਼ਾਹੀ-੬, ਡਾ· ਗੁਰਮੁਖ ਸਿੰਘ (ਸੰਪਾ·), ਪੰਨਾ 246

ਵਾਲਾ ਰੌਸ਼ਨ ਤਖ਼ਤ ''ਸਚੇ ਪਾਤਿਸ਼ਾਹ'' ਦਾ ਹੈ। ਜੇ ਉਸ ਦੀ ਸਿਫ਼ਤ ਕੀਤੀ ਜਾਵੇ ਤਾਂ ਅਰਸ਼ੋਂ ਕੁਰਸੋਂ, ਸਮੁੱਚੇ ਈਸ਼ਵਰੀ ਮੰਡਲ ਤੋਂ, ਨੂਰ ਵਰ੍ਹਦਾ ਹੈ। ਗੁਰੂ ਸਾਹਿਬਾਨ ਇਸੇ ਤਖ਼ਤ ਉੱਤੇ ਬਿਰਾਜਮਾਨ ਹਨ, ਭਾਈ ਬਲਵੰਡ ਅਤੇ ਭਾਈ ਸੱਤੇ ਅਨੁਸਾਰ, ਅਕਾਲ ਤਖ਼ਤ ਦੀ ਸਿਰਜਣਾ ਅਤੇ ਸਾਜਣਾ ਪਿੱਛੇ ਗੁਰਬਾਣੀ ਵਿੱਚ ਸਿਰਜੇ ਤਖ਼ਤ ਦਾ ਮਾਡਲ ਹੀ ਕੰਮ ਕਰਦਾ ਹੈ।'[615] ਤਖ਼ਤ ਦੀ ਸਥਾਪਨਾ ਲਈ 'ਅਕਾਲ' ਸ਼ਬਦ ਨੂੰ ਸੂਚਕ ਵਜੋਂ ਵਰਤਣ ਦੀ ਵਿਆਖਿਆ ਡਾ. ਬਲਵੰਤ ਸਿੰਘ ਢਿੱਲੋਂ ਇਸ ਤਰ੍ਹਾਂ ਕਰਦੇ ਹਨ, ''ਅਕਾਲ ਤਖ਼ਤ ਦੀ ਸਥਾਪਨਾ ਪਿੱਛੇ ਸਭ ਤੋਂ ਉਲੇਖਨੀ ਤੱਥ ਇਹ ਹੈ ਕਿ ਇਹ ਗੁਰੂ ਹਰਗੋਬਿੰਦ ਦੇ ਦ੍ਰਿੜ੍ਹ ਵਿਸ਼ਵਾਸ ਨੂੰ ਪ੍ਰਗਟ ਕਰਦਾ ਹੈ ਕਿ ਉਹਨਾਂ ਦੀ ਪ੍ਰਥਮ ਵਫ਼ਾਦਾਰੀ ਅਕਾਲ ਪੁਰਖ ਲਈ ਹੈ ਨਾ ਕਿ ਮੁਗ਼ਲ ਬਾਦਸ਼ਾਹ ਜਾਂ ਦੁਨੀਆ ਦੇ ਕਿਸੇ ਹੋਰ ਤਾਜ ਜਾਂ ਤਖ਼ਤ ਲਈ। ਫਲਸਰੂਪ ਸਿੱਖਾਂ ਲਈ ਵੀ ਇਹ ਸਵਾਲ ਸੀ ਕਿ ਉਹ ਮੁਗ਼ਲ ਰਾਜ ਜਾਂ ਅਕਾਲ ਤਖ਼ਤ ਪ੍ਰਤੀ ਵਫਾਦਾਰੀ ਵਿੱਚੋਂ ਕਿਸੇ ਇੱਕ ਦੀ ਚੋਣ ਕਰਨ।''[616]

ਗੁਰੂ ਸਾਹਿਬ ਦੇ ਸਮੇਂ ਤੋਂ ਹੀ ਅਕਾਲ ਤਖ਼ਤ ਸਾਹਿਬ 'ਤੇ ਸਲਾਹ ਮਸ਼ਵਰਾ ਹੋਣ ਲੱਗ ਪਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਅਕਾਲ ਤਖ਼ਤ ਉੱਤੇ ਰਾਜਸੀ ਅਤੇ ਸੰਸਾਰਕ ਸੱਤਾ ਦੇ ਪਾਤਸ਼ਾਹ ਬਣ ਕੇ ਬਿਰਜਮਾਨ ਹੁੰਦੇ ਸਨ। ਭਾਵ ਹਰਿਮੰਦਰ ਸਾਹਿਬ ਵਿਚ ਸ਼ਾਂਤ ਰੂਪ ਅਤੇ ਅਕਾਲ ਤਖ਼ਤ ਉੱਤੇ ਉਹ ਰਾਜਸੀ ਰੂਪ ਵਿਚ ਬਿਰਾਜਮਾਨ ਸਨ:

ਸ਼ਾਂਤ ਰੂਪ ਹ੍ਵੈ ਮੈਂ ਰਹਹੂੰ ਹਰਿਮੰਦਰ ਕੈ ਮਾਹਿ।
ਰਜੋ ਰੂਪ ਇਹ ਠਾਂ ਰਹਊ ਅਕਾਲ ਤਖਤ ਸੁਖ ਪਾਇ॥[617]

ਗਿਆਨੀ ਗਿਆਨ ਸਿੰਘ ਅਕਾਲ ਤਖ਼ਤ ਸਾਹਿਬ ਦੀ ਰਚਨਾ ਸਮੇਂ ਆਮ ਸਿੱਖਾਂ ਵਿਚ ਪ੍ਰਚਲਿਤ ਧਾਰਨਾ ਦਾ ਜ਼ਿਕਰ ਕਰਦਾ ਦਸਦਾ ਹੈ ਕਿ ਸਿੰਘ ਕਹਿਣ ਲੱਗ ਪਏ ਕਿ ਹੁਣ ਗੁਰੂ ਦਾ ਰਾਜ ਹੋਵੇਗਾ:

---

615 ਡਾ. ਗੁਰਭਗਤ ਸਿੰਘ, ਅਕਾਲ ਤਖ਼ਤ, ਸਿੱਖੀ ਅਤੇ ਮਨੁੱਖਤਾ ਦਾ ਭਵਿੱਖ: ਇੱਕ ਸਮਕਾਲੀ ਪਰਿਪੇਖ (51-57), ਇੱਕੀਵੀਂ ਸਦੀ ਵਿੱਚ ਸਿੱਖਾਂ ਲਈ ਚੁਣੌਤੀਆਂ, ਪੰਨੇ 51-52

616 ਡਾ. ਬਲਵੰਤ ਸਿੰਘ ਢਿੱਲੋਂ, ਸ੍ਰੀ ਅਕਾਲ ਤਖ਼ਤ ਸਾਹਿਬ, (173-202), ਪ੍ਰਮੁੱਖ ਸਿੱਖ ਸੰਸਥਾਵਾਂ, ਪੰਨਾ 179

617 ਭਗਤ ਸਿੰਘ, ਗੁਰ ਬਿਲਾਸ ਪਾਤਸ਼ਾਹੀ-੬, ਡਾ॰ ਗੁਰਮੁਖ ਸਿੰਘ (ਸੰਪਾ॰), ਪੰਨਾ 257

ਅਬ ਰਾਜ ਹੋਇ ਹੈ ਗੁਰੂ ਕੇਰ। ਸਬ ਆਪਸ ਮੈਂ ਸਿਖ ਰਹੇ ਟੇਰ।[618]

ਭੰਗੂ ਦਸਦਾ ਹੈ ਕਿ ਇਤਿਹਾਸਕ ਦ੍ਰਿਸ਼ਟੀ ਤੋਂ ਅਕਾਲ ਤਖ਼ਤ ਸਾਹਿਬ ਅਦਾਲਤ ਦੀ ਭੂਮਿਕਾ ਨਿਭਾਉਂਦਾ ਸੀ। ਸਿੱਖਾਂ ਵਿਚ ਪੈਦਾ ਹੋਏ ਆਪਸੀ ਝਗੜਿਆਂ ਦਾ ਨਿਪਟਾਰਾ ਕਰਕੇ ਇਨਸਾਫ਼ ਬਖ਼ਸ਼ਦਾ ਸੀ:

ਲੂਟੋ ਖੋਹੋ ਹੋਇ ਜੋਊ ਤਿਨ ਕੋ ਮਿਲੈ ਨ ਸਾਫ।

ਝੂਠਨ ਕੋ ਤਨਖਾਹ ਕਰੈਂ ਔ ਸੱਚਨ ਕਰਾਵੈਂ ਮਾਫ॥[619]

ਆਪਣੀ ਰਾਜਸੀ ਤਾਕਤ ਵਧਾਉਣ ਲਈ ਵੱਡੀਆਂ ਮੁਹਿੰਮਾਂ, ਜੰਗ ਦੇ ਫੈਸਲੇ ਅਤੇ ਮੁਗ਼ਲ ਹਕੂਮਤ ਨਾਲ ਸਮਝੌਤੇ ਕਰਨ ਲਈ ਅਕਾਲ ਤਖ਼ਤ ਤੇ ਦਿਵਾਨ ਲਾ ਕੇ ਗੁਰਮਤੇ ਕੀਤੇ ਜਾਂਦੇ ਸਨ ਅਤੇ ਖ਼ਾਲਸਾ ਫੌਜਾਂ ਨੂੰ ਸਮੂਹ ਖ਼ਾਲਸੇ ਦਾ ਫੈਸਲਾ ਸੁਣਾਇਆ ਜਾਂਦਾ ਸੀ:

ਕਰ ਗੁਰਮਤੋ ਦੀਯੋ ਬਹੀਰ ਤੁਰਾਇ।[620]

ਦੁਨਿਆਵੀ ਝੂਠੇ ਪਾਤਸ਼ਾਹਾਂ ਨੂੰ ਨਾਕਾਮ ਕਰਨ ਵਿੱਚ ਲੋਕਾਂ ਦੀ ਸਹਾਇਤਾ ਕਰਨੀ ਅਕਾਲ ਤਖ਼ਤ ਦੀ ਵਚਨਬੱਧਤਾ ਵਿੱਚ ਸ਼ਾਮਿਲ ਹੈ। ਅਕਾਲ ਤਖ਼ਤ ਅਜਿਹੀ ਸੰਸਥਾ ਹੈ, ਜਿਸ ਨੇ ਰਾਜਨੀਤੀ, ਆਰਥਿਕਤਾ, ਧਰਮ ਅਤੇ ਨੈਤਿਕਤਾ ਦਾ ਸੰਚਾਲਨ ਗੁਰੂ ਵੱਲੋਂ ਆਰੰਭੀ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਕਰਨਾ ਹੈ। ਪੁਰਾਣੀਆਂ ਸੰਸਥਾਵਾਂ ਅਤੇ ਮਨੋਬਿਰਤੀਆਂ ਖ਼ਤਮ ਕਰਕੇ ਗੁਰੂ ਸਾਹਿਬ ਨੇ ਮੀਰੀ ਤੇ ਪੀਰੀ ਦੇ ਰੂਪ ਵਿੱਚ ਦੋ ਸਿਰਜਣਾਤਮਿਕ ਖੜਗ਼ਾਂ ਦਾ ਆਰੰਭ ਕਰਕੇ ਅਕਾਲ ਤਖ਼ਤ ਨੂੰ ਰੱਬੀ ਨੂਰ ਨਾਲ ਜੋੜ ਦਿੱਤਾ। ''ਦੋ ਖੜਗ਼ਾਂ ਦੇ ਰੱਖਿਅਕ, ਸੰਚਾਲਕ ਅਤੇ ਵਿਆਖਿਆਕਾਰ ਹੋਣ ਦੇ ਨਾਤੇ ਅਕਾਲ ਤਖ਼ਤ ਦੀ ਇਹ ਜਿੰਮੇਵਾਰੀ ਹੈ ਕਿ ਸਮੇਂ-ਸਮੇਂ ਅਨੁਸਾਰ, ਇਹ ਇਤਿਹਾਸ ਵਿੱਚ ਰੌਸ਼ਨ ਦਖ਼ਲ ਬਣੇ। ਇਹ ਦਖ਼ਲ ਕੇਵਲ ਸਿੱਖੀ ਦੇ ਪ੍ਰਸੰਗ ਵਿੱਚ ਹੀ ਨਹੀਂ, ਸਗੋਂ ਬਾਕੀ ਕੌਮਾਂ ਅਤੇ ਰਾਸ਼ਟਰਾਂ ਦੇ ਪ੍ਰਸੰਗ ਵਿੱਚ ਵੀ ਜਿੱਥੇ ਜਿੱਥੇ ਜਿੰਦਗੀ ਦੀ ਜੋਤ ਬੁਝਾਈ ਜਾ ਰਹੀ ਹੈ, ਰਾਜਨੀਤਿਕ, ਆਰਥਿਕ, ਨੈਤਿਕ ਜਾਂ ਧਾਰਮਿਕ ਪੱਧਰ ਉੱਤੇ ਅਕਾਲ ਤਖ਼ਤ ਲਈ ਜਾਇਜ਼ ਹੀ

---

[618] ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 121

[619] ਭਾਈ ਵੀਰ ਸਿੰਘ (ਸੰਪਾ.),ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 265

[620] ਉਹੀ, ਪੰਨਾ 334

ਨਹੀਂ, ਸਗੋਂ ਥਾਪੀ ਗਈ ਜਿੰਮੇਵਾਰੀ ਦੀ ਪਾਲਣਾ ਕਰਨਾ ਹੈ।''[621] ਗੁਰੂ ਸਾਹਿਬ ਦੀ ਸਮਾਜਿਕ ਸੰਗਠਨਾਂ ਪ੍ਰਤੀ ਦੂਰ-ਅੰਦੇਸ਼ੀ ਸੀ ਕਿ ਸਮਾਜ ਅਤੇ ਮਨੁੱਖ ਵਿਚ ਤਬਦੀਲੀ ਲਿਆਉਣ ਲਈ ਸਮਾਜਿਕ ਸੰਸਥਾਵਾਂ ਤਬਦੀਲ ਕਰ ਦਿੱਤੀਆਂ, ਜਿੱਥੋਂ ਸਮਾਜ ਅਤੇ ਮਨੁੱਖ ਦਾ ਵਿਗਾੜ ਆਰੰਭ ਹੁੰਦਾ ਸੀ।

ਗੁਰੂ ਸਾਹਿਬ ਤੋਂ ਬਾਅਦ ਅਕਾਲ ਤਖ਼ਤ ਇਕ ਰਾਜਨੀਤਿਕ ਚਾਨਣ ਮੁਨਾਰਾ ਬਣ ਗਿਆ। ਸਮੇਂ-ਸਮੇਂ ਤੇ ਪੰਥ ਨੇ ਸਮੂਹਿਕ ਫੈਸਲੇ ਲੈਣ, ਗੁਰਮਤਾ ਕਰਨ, ਸਰਬੱਤ ਖ਼ਾਲਸੇ ਬੁਲਾਉਣ ਲਈ ਅਕਾਲ ਤਖ਼ਤ ਸਾਹਿਬ ਵਿਖੇ ਇਕੱਤਰਤਾ ਕੀਤੀ। ਰਤਨ ਸਿੰਘ ਨੇ ਕਪੂਰ ਸਿੰਘ ਨੂੰ ਨਵਾਬੀ ਮਿਲਣ ਤੋਂ ਬਾਅਦ ਉਸ ਦੁਆਰਾ ਤਖ਼ਤ ਸਾਹਿਬ ਵਿਖੇ ਦਿਵਾਨ ਲਗਾਉਣ ਪੰਥਕ ਕੰਮ ਕਰਨ ਅਤੇ ਫੈਸਲੇ ਲੈਣ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ:

ਪੰਥ ਡੇਰਾ ਆਇ ਗੁਰ ਚਕ ਪਾਯੋ। ਨਿਤ ਨਿਤ ਖਾਲਸੈ ਹੁਵੈ ਸਵਾਯੋ॥
ਨਿਤਪ੍ਰਤਿ ਆਵਹਿਂ ਟਕੇ ਲਹੌਰ। ਨਿਬਾਬ ਵਰਤਾਵਹਿ ਪੰਥਹਿ ਕੋਰ।
ਅਕਾਲ ਬੁੰਗੇ ਬਹਿ ਲਗੈ ਦਿਵਾਨ। ਕਰੈਂ ਪ੍ਰਾਤਿ ਸਰ ਅੰਮ੍ਰਿਤ ਸ਼ਨਾਨ॥[622]

ਆਪਣੀ ਰਾਜਸੀ ਤਾਕਤ ਵਧਾਉਣ ਲਈ ਵੱਡੀਆਂ ਮੁਹਿੰਮਾਂ, ਜੰਗ ਦੇ ਫ਼ੈਸਲੇ ਅਤੇ ਮੁਗ਼ਲ ਹਕੂਮਤ ਨਾਲ ਸਮਝੌਤੇ ਅਕਾਲ ਤਖ਼ਤ ਤੇ ਦਿਵਾਨ ਲਾ ਕੇ ਗੁਰਮਤਾ ਕਰਕੇ ਕੀਤੇ ਜਾਂਦੇ ਸਨ। ਨਵਾਬ ਕਪੂਰ ਸਿੰਘ ਸਮੇਂ ਜਦੋਂ ਪੰਥ ਵਿਚ ਵਾਧਾ ਹੋਇਆ ਤਾਂ ਇਹਨਾਂ ਨੂੰ ਜਥੇਬੰਦਕ ਰੂਪ ਦੇਣ ਲਈ ਖ਼ਾਲਸੇ ਦੀ ਇਕੱਤਰਤਾ ਅਕਾਲ ਤਖ਼ਤ ਤੇ ਸੱਦੀ ਗਈ:

ਬਹੁਤ ਪੰਥ ਕੋ ਬਾਧਾ ਹੁਯੋ।
ਇਕ ਥਾਂ ਬਹੁਤੈ ਥੰਭਿ ਨ ਭਯੋ।
ਤਉ ਨਿਬਾਬ ਚਿਤ ਕੀਯੋ ਬਿਚਾਰ।

---

[621] ਡਾ. ਗੁਰਭਗਤ ਸਿੰਘ ਅਕਾਲ ਤਖ਼ਤ, ਸਿੱਖੀ ਅਤੇ ਮਨੁੱਖਤਾ ਦਾ ਭਵਿੱਖ: ਇੱਕ ਸਮਕਾਲੀ ਪਰਿਪੇਖ (51-57), ਇੱਕੀਵੀਂ ਸਦੀ ਵਿੱਚ ਸਿੱਖਾਂ ਲਈ ਚੁਣੌਤੀਆਂ, ਪੰਨਾ 54

[622] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 169

'ਕੋਊ ਜੁਗਤ ਬਣਾਈਐ ਜਿਤ ਹੋਇ ਸੰਭਾਰ'।

ਉਸੀ ਦਿਨ ਸੱਦ ਖਾਲਸੋ ਅਕਾਲ ਬੁੰਗੈ ਤਖਤ ਮਕਾਨ।[623]

ਫਿਰ ਸਾਰਿਆਂ ਨੇ ਸਲਾਹ ਕਰਕੇ ਪੰਜ ਡੇਰੇ ਸਥਾਪਿਤ ਕੀਤੇ ਅਤੇ ਹਰੇਕ ਡੇਰੇ ਦੇ ਜੱਥਿਆਂ ਨੇ ਆਪੋ-ਆਪਣੇ ਝੰਡੇ ਅਕਾਲ ਤਖ਼ਤ ਤੇ ਲਾ ਦਿੱਤੇ:

ਪੰਜ ਡੇਰਨ ਬਿਧ ਰਚ ਦਈ ਪੰਜ ਨਿਸ਼ਾਨ ਬਨਾਇ।

ਪੰਜੇ ਝੰਡੇ ਤੌ ਗਡੇ ਸ੍ਰੀ ਅਕਾਲ ਬੁੰਗੇ ਤੇ ਲਜਾਇ॥[624]

ਸਿੱਖ ਪੰਥ ਵੱਲੋਂ ਆਪਣੀਆਂ ਛੁਪਣਗਾਹਾਂ ਤੋਂ ਬਾਹਰ ਆ ਕੇ ਅੰਮ੍ਰਿਤਸਰ ਵਿਖੇ ਇਸ਼ਨਾਨ ਕਰਨ ਅਤੇ ਅਕਾਲ ਤਖ਼ਤ ਵਿਖੇ ਬੈਠਕੇ ਮਤਾ ਕਰਨ ਬਾਰੇ ਰਤਨ ਸਿੰਘ ਭੰਗੂ ਇਸ ਤਰ੍ਹਾਂ ਦਸਦਾ ਹੈ:

ਨਿਕਲ ਖੱਡ ਖੁੱਡਲ ਤੇ ਖਾਲਸੈ ਜੀ ਅੰਮ੍ਰਤਸਰ ਮੇਲੋ ਤੋ ਜਰੂਰ ਲਾਇਣਾ।

ਤਿਹ ਨ੍ਹਾਇ ਚਿਨਾਇਕੇ ਬੁੰਗੇ ਬੈਠੇ ਤੋ ਅਕਾਲ ਬੁੰਗੇ ਬੈਠ ਮਤੋ ਸਭ ਮਤਾਇਣਾ।[625]

ਸਿੱਖ ਦੀਵਾਲੀ, ਵਿਸਾਖੀ ਦੇ ਜੋੜ ਮੇਲਿਆਂ ਸਮੇਂ ਅਕਾਲ ਤਖ਼ਤ ਸਾਹਿਬ ਵਿਖੇ ਬੈਠ ਕੇ ਗੁਰਮਤੇ ਕਰਦੇ ਅਤੇ ਆਪਸੀ ਝਗੜਿਆਂ ਦਾ ਨਿਬੇੜਾ ਕਰਦੇ:

ਮੁਲਕ ਲੂਟ ਅੰਮ੍ਰਿਤਸਰ ਆਵੈਂ। ਦਿਵਾਲੀ ਬਿਸਾਖੀ ਮੇਲਾ ਲਾਵੈਂ।

ਬੈਠ ਹਰਿਮੰਦਰ ਸੁਨੈਂ ਸੁ ਗਯਾਨ। ਗੁਰ ਬਚਨਨ ਪਰ ਲਾਵੈਂ ਧਯਾਨ॥

ਅਕਾਲ ਬੁੰਗੈ ਚੜ੍ਹ ਤਖਤੇ ਬਹਿ ਹੈਂ। ਲਾਇ ਦੀਵਾਨ ਗੁਰਮਤੇ ਮਤੈ ਹੈਂ।

ਸ੍ਰਬਤ ਖਾਲਸੈ ਹੋਇ ਅਦਾਲਤ। ਅਸਿਖਨ ਗਾਰ ਸਿੰਘਨ ਪ੍ਰਤਿ ਪਾਲਤ॥[626]

---

[623] ਉਹੀ, ਪੰਨਾ 170

[624] ਉਹੀ, ਪੰਨਾ 170

[625] ਉਹੀ, ਪੰਨਾ 175

[626] ਉਹੀ, ਪੰਨਾ 265

ਕਸੂਰ ਦੀ ਲੜਾਈ ਵਾਲੀ ਸਾਖੀ ਵਿਚ ਰਤਨ ਸਿੰਘ ਦਸਦਾ ਹੈ ਕਿ ਸਿੱਖ ਅਕਾਲ ਤਖ਼ਤ ਵਿਖੇ ਰਹਿਰਾਸ ਸੁਣਦੇ ਅਤੇ ਆਪੋ-ਆਪਣੇ ਕਿਲ੍ਹਿਆਂ ਵਿਚ ਚਲੇ ਜਾਦੇ। ਬਿਨਾਂ ਕਿਸੇ ਵੈਰ-ਵਿਰੋਧ ਦੇ ਰਹਿੰਦੇ ਅਤੇ ਗੁਰਮਤੇ ਕਰਦੇ:

ਸਈ ਅਠਾਰਾਂ ਸਤਾਰ੍ਹੇ ਸਾਲ। ਡੇਰੇ ਕਰੇ ਗਿਰਦ ਅੰਮ੍ਰਿਤ ਤਾਲ।
ਬਸਾਖੀ ਨ੍ਹਾਇ ਸਿੰਘ ਭਏ ਤਿਆਰ। ਅੱਧਾ ਦਲ ਭਯੋ ਬਿਆਹੋਂ ਪਾਰ॥
ਪੰਜ ਮਿਸਲ ਥੀ ਊਹਾਂ ਰਹੀ। ਰਾਮਗੜ੍ਹੀਏ, ਘਨੱਯੇ, ਸੁਕ੍ਰਚਕਈਏ, ਨਕਈ।
ਭੰਗੀ ਹਰੀ ਸਿੰਘ ਥੋ ਊਹਾਂ ਰਹਯੋ। ਕਿਲੈ ਆਪਨੈ ਸੋ ਥੋ ਬਹਯੋ॥
ਅਕਾਲ ਬੁੰਗੈ ਪਹਰ ਤੀਜੇ ਆਵੈ। ਸੁਨ ਰਹਿਰਾਸ ਫਿਰ ਕਿਲੈ ਸਿਧਾਵੈ।
ਨਿਤ ਪ੍ਰਤਿ ਐਸੋ ਕਰਤ ਖਿਆਲ। ਬਰਸੈ ਮੀਂਹ ਭਾਵੇਂ ਵਗੈ ਵਾਲ॥
ਇਸੀ ਤੌਰ ਸਭ ਖਾਲਸੋ ਆਵੈ। ਸੁਨ ਅਰਦਾਸ ਸਭ ਡੇਰੈ ਸਿਧਾਵੈ।
ਬੈਰ ਪਾਪ ਤਹਿਂ ਕਰੈ ਨ ਕੋਇ। ਲਾਇ ਦਿਵਾਨ ਸਭ ਗੁਰਮਤੋ ਹੋਇ॥[627]

ਰਤਨ ਸਿੰਘ ਦਸਦਾ ਹੈ ਕਿ ਇਲਾਕਿਆਂ ਦੀ ਵੰਡ ਵੀ ਪੰਥ ਅਕਾਲ ਤਖ਼ਤ ਤੇ ਅਰਦਾਸ ਕਰਕੇ ਕਰਦਾ ਸੀ। ਅਰਦਾਸ ਉਪਰੰਤ ਜਿਸਨੂੰ ਜਿੱਥੇ ਕਿਤੇ ਇਲਾਕਾ ਮਿਲਿਆ ਉਹ ਉੱਥੇ ਬੈਠ ਗਿਆ:

ਇਮ ਹੁਤ ਥੋ ਖਾਲਸੋ ਮਿਥ ਤੁਰਯੋ ਕਰ ਬੁੰਗੇ ਅਕਾਲ ਅਰਦਾਸ।
'ਜੌ ਜਹਿਂ ਰੱਯਤ ਆਇ ਮਿਲੈ ਰਹਿ ਪਿੰਡ ਉਸੈ ਸਿੰਘ ਪਾਸ'॥
ਡੇਰਾ ਲੁਟਤੌਂ ਸਿੰਘ ਮੁੜੇ ਪੜੇ ਸੁ ਮੁਲਖਹਿ ਦੌੜ।
ਜੋ ਜਿਸ ਜਾਗਾ ਵੜ ਬਹਯੋ ਕਢਯੋ ਨ ਤਿਨ ਇਸ ਠੌਰ॥[628]

ਗੁਰਬਖਸ਼ ਸਿੰਘ ਵਾਲੀ ਸਾਖੀ ਵਿਚ ਰਤਨ ਸਿੰਘ ਦਸਦਾ ਹੈ ਕਿ ਭਾਈ ਸਾਹਿਬ ਨੇ ਅਬਦਾਲੀ ਨਾਲ ਲੜਨ ਵਾਸਤੇ ਅਕਾਲ ਤਖ਼ਤ ਵਿਖੇ ਗੁਰਮਤਾ ਕੀਤਾ ਅਤੇ ਲੜਨ ਲਈ ਹਦਾਇਤਾਂ ਦਿੱਤੀਆਂ:

---

[627] ਉਹੀ, ਪੰਨਾ 309

[628] ਉਹੀ, ਪੰਨਾ 320

ਪੜ੍ਹੈ ਰਹੁਰਾਸ ਲਗਜੋ ਪੰਥ ਦੀਵਾਨ। ਅਕਾਲ ਬੁੰਗੈ ਢਿਗਤਕਤ ਮਕਾਨ।

ਕਰ ਗੁਰਮਤੋ ਦੀਯੋ ਬਹੀਰ ਤੁਰਾਇ। ਛੜੀ ਫੌਜ ਕਿਛ ਰਹੀ ਉਸ ਥਾਇ॥

ਤਬ ਨਿਹੰਗ ਸਿੰਘ ਬਾਤ ਉਚਾਰੀ। 'ਹੈ ਕੋਊ ਸਿੰਘ ਇਸ ਪੰਥ ਮਝਾਰੀ।

ਲਾਇ ਸੀਸ ਕਰੈ ਦਰਗਹਿ ਪੁਕਾਰ। ਸੋ ਪੁਕਾਰ ਉਸ ਮੰਨੈ ਕਰਤਾਰ॥

ਹਠੀਆ ਤਪੀਆ ਜਪੀਆ ਜੋਇ। ਰਹਤਵਾਨ ਸਚਿਆਰ ਭੀ ਹੋਇ।

ਪਰਸੑਾਰਥ ਹਿਤ ਦੇਹਿ ਸੁ ਲਾਵੈ। ਵਾਂਗ ਤਾਰੂ ਸਿੰਘ ਤੁਰਕਨ ਗਲਾਵੈ'॥[629]

ਰਤਨ ਸਿੰਘ ਭੰਗੂ ਨੇ ਭਾਈ ਗੁਰਬਖਸ਼ ਸਿੰਘ ਵੱਲੋਂ ਅਕਾਲ ਤਖ਼ਤ ਵਿਖੇ ਦੁਸ਼ਮਣ ਦੇ ਟਾਕਰੇ ਸਮੇਂ ਸਿੱਖ ਫੌਜ ਦੀ ਅਗਵਾਈ ਲਈ ਤਿਆਰ ਹੋਣ ਦਾ ਬਹੁਤ ਭਾਵਪੂਰਤ ਵਰਨਣ ਕੀਤਾ ਹੈ:

ਸਬਦ ਪੜੈਂ ਸਿੰਘ ਸਾਜ ਬਜਾਵੈਂ। ਵਾਂਗ ਸੁਹਾਗਣਨ ਘੋੜੀਅਨ ਗਾਵੈਂ॥

ਉਠ ਅੰਮ੍ਰਿਤਸਰ ਸਿੰਘ ਜੀ ਨ੍ਹਾਯੋ। ਅਕਾਲ ਬੁੰਗੈ ਪਰ ਤਖਤ ਬਹਾਯੋ।

ਨਈ ਪੁਸ਼ਾਕ ਸਿੰਘ ਪਹਿਰ ਸੁਹਾਯੋ। ਜੰਘ ਕੱਛ ਗਲ ਚੋਲਾ ਪਾਯੋ॥

ਸੀਸ ਪੱਗ ਲਈ ਖ਼ੂਬ ਛਿਕਾਇ। ਧਰੇ ਚਕ੍ਰ ਸਿਰ ਪੋਚੇ ਦਾਇ।

ਚੱਕ੍ਰਨ ਕੈ ਮੱਧ ਕਰਦ ਗਡੋਈ। ਜਨੁ ਲਾੜੈ ਸਿਰ ਕਲਗੀ ਸੋਹੀ॥[630]

ਭਾਈ ਗੁਰਬਖਸ਼ ਸਿੰਘ ਨਿਹੰਗ ਸਿੰਘ ਦੀ ਸ਼ਹੀਦੀ ਉਪਰੰਤ ਲਾਸ਼ਾਂ ਦਾ ਸਸਕਾਰ ਅਕਾਲ ਤਖ਼ਤ ਦੇ ਪਿਛਲੇ ਪਾਸੇ ਇੱਕੋ ਥਾਂ ਉੱਤੇ ਕਰ ਦਿੱਤਾ ਗਿਆ:

ਮਿਲ ਸਿੰਘਨ ਯੌਂ ਬਾਤ ਠਹਿਰਾਈ। ਇਕ ਥਾਂ ਸਬਹਨ ਚਿਖਾ ਚਿਨਾਈ।

ਚਕ ਸਿੰਘਨ ਬਹੁ ਲਕੜੀ ਆਣੀ। ਅਕਾਲ ਬੁੰਗੈ ਕੇ ਪਿੱਛੈ ਠਾਣੀ॥[631]

---

[629] ਉਹੀ, ਪੰਨਾ 334

[630] ਉਹੀ, ਪੰਨਾ 335

[631] ਉਹੀ, ਪੰਨਾ 340

ਰਤਨ ਸਿੰਘ ਭੰਗੂ ਨੇ ਆਲਾ ਸਿੰਘ ਵੱਲੋਂ ਅਕਾਲ ਤਖ਼ਤ ਤੇ ਸਿੱਖ ਪੰਥ ਅੱਗੇ ਪੇਸ਼ ਹੋ ਕੇ ਬੇਨਤੀ ਕਰਨ ਦੇ ਬਿਰਤਾਂਤ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ:

ਪੰਥ ਨਿਕਲ ਜਬ ਮਾਲਵਯੋਂ ਜਾਵੈ। ਤੁਰਕ ਮਾਲਵੇ ਪਰ ਚੜ੍ਹ ਧਾਵੈਂ।
ਜਾਵੈਂ ਕੁਟ ਲੁਟ ਟਕੇ ਮੰਗਾਹਿਂ। ਜੇਤਿਕ ਉਨ ਤੇ ਦਏ ਨ ਜਾਹਿਂ॥
ਮੁਹਰੇ ਹੁਇ ਤੁਰੇ ਮਲੇਰੀ ਪਠਾਨ। ਓਇ ਚਾਹੈਂ ਦਯੇ ਕਢਵਾਯੋ ਹਿੰਦੁਵਾਨ।
ਮਲਵਯਨ ਇਮ ਮਿਥੀ ਸਲਾਹਿ। ਲਜਾਇ ਖਾਲਸੇ ਲਯੋ ਮਲੇਰੀ ਮ੍ਰਵਾਇ॥
ਇਮ ਮਿਥ ਤੁਰਯੋ ਆਲੋ ਸਿੰਘ ਆਪ। ਸਾਥ ਬੁਢਾ ਸਿੰਘ ਗੁਰਬਖਸ਼ ਸਿੰਘ ਥਾਪ।
ਪੰਥ ਅੰਮ੍ਰਿਤਸਰ ਹੁੱਤੇ ਡੇਰੇ। ਤੌਂ ਦਏ ਨਜ਼ਰਾਨੇ ਸਭ ਪੰਥ ਕੇਰੇ॥
ਹੁਤੋ ਪੰਥ ਅਕਾਲ ਬੁੰਗੇ ਲਗਯੋ ਦਿਵਾਨ। ਸੁਨੈ ਰਹਿਰਾਸ ਪੰਥ ਨਿਤ ਆਨ।
ਆਲੈ ਸਿੰਘ ਲਏ ਭਾਈ ਸਾਥ। ਜੋੜ ਖੜਯੋ ਖਾਲਸੈ ਢਿਗ ਹਾਥ॥[632]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅਕਾਲ ਤਖ਼ਤ ਸਿੱਖਾਂ ਲਈ ਹਮੇਸ਼ਾਂ ਮਾਰਗ ਦਰਸ਼ਕ ਤੇ ਪ੍ਰੇਰਨਾ ਸ੍ਰੋਤ ਰਿਹਾ ਹੈ। ਜਿੱਥੇ ਅਕਾਲ ਤਖ਼ਤ ਸਾਹਿਬ ਸਿੱਖ ਧਰਮ ਲਈ ਰਾਜਨੀਤਿਕ ਕੇਂਦਰ ਰਿਹਾ ਹੈ ਉੱਥੇ ਇਹ ਸਮੇਂ ਦੀਆਂ ਹਕੂਮਤਾਂ ਦੀਆਂ ਅੱਖਾਂ ਵਿਚ ਰੜਕਦਾ ਰਿਹਾ ਹੈ। ਇਹੀ ਕਾਰਨ ਸੀ ਕਿ ਕਈ ਵਾਰ ਇਸਨੂੰ ਢਾਹੁਣ ਦੀ ਕੋਸ਼ਿਸ਼ ਕੀਤੀ ਗਈ। ਅਬਦਾਲੀ ਵੱਲੋਂ ਇਸ ਤਰ੍ਹਾਂ ਦੀ ਹੀ ਕੋਸ਼ਿਸ਼ ਦਾ ਵਰਨਣ ਰਤਨ ਸਿੰਘ ਭੰਗੂ ਨੇ ਵੀ ਕੀਤਾ ਹੈ:

ਤਾਲ ਮੱਧ ਦਈ ਲਿੱਦ ਗਿਰਾਇ। ਜੌਂ ਬੀਜੇ ਜਾਉ ਖ਼ੂਦ ਚਰਾਇ।
ਮੱਧ ਹਰਮੰਦਰ ਢਾਹ ਤਿਨ ਦਯੋ। ਤਿਹ ਦਾਰੂ ਕੁਪੇ ਚਿਣਾਵਤ ਭਯੋ॥
ਦੀਨੀ ਤਿਨਕੌ ਅਗਨ ਲਗਾਂਇ। ਉਡੀ ਇਟ ਊਹਾਂ ਪਹੁੰਚੀ ਜਾਇ।[633]

---

[632] ਉਹੀ, ਪੰਨਾ 375

[633] ਉਹੀ, ਪੰਨਾ 289

ਪਰ ਇਹਨਾਂ ਕੋਸ਼ਿਸ਼ਾਂ ਦੇ ਬਾਵਜੂਦ ਅਕਾਲ ਤਖ਼ਤ ਹਮੇਸ਼ਾਂ ਸਿੱਖ ਪੰਥ ਲਈ ਰਾਜਨੀਤਿਕ ਸ਼ਕਤੀ ਦਾ ਸੋਮਾ ਬਣਿਆ ਰਿਹਾ ਹੈ ਤੇ ਇਤਿਹਾਸ ਦੇ ਹਰੇਕ ਦੌਰ ਵਿਚ ਸਿੱਖਾਂ ਨੂੰ ਅਧਿਆਤਮਿਕ ਅਤੇ ਸੰਸਾਰਕ ਪ੍ਰਭੂਸੱਤਾ ਦੇ ਜਥੇਬੰਦ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਰਿਹਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਪੰਥ ਦੇ ਹਰੇਕ ਰਾਜਸੀ ਅਤੇ ਸਮਾਜਿਕ ਫੈਸਲੇ ਲਈ ਅਕਾਲ ਤਖ਼ਤ ਤੇ ਦਿਵਾਨ ਸਜਾ ਕੇ, ਸਿੱਖਾਂ ਦੇ ਸਲਾਹ ਮਸ਼ਵਰੇ ਅਨੁਸਾਰ, ਪੂਰਨ ਲੋਕਤਾਂਤਰਿਕ ਢੰਗ ਨਾਲ ਕਰਨ ਦੀ ਪ੍ਰਥਾ ਨਿਸ਼ਚਿਤ ਕੀਤੀ। ਇਸ ਮਹਾਨ ਪਰੰਪਰਾ ਕਰਕੇ ਹੀ ਸਿੱਖ ਹਰ ਔਖੇ ਪੜਾਅ ’ਤੇ ਅਕਾਲ ਤਖ਼ਤ ਨੂੰ ਅਕਾਲ ਪੁਰਖ ਦਾ ਸਥਾਨ ਮੰਨ ਕੇ ਆਪਣੀਆਂ ਜਾਤੀ ਰੰਜਸ਼ਾਂ ਅਤੇ ਨਿੱਜੀ ਮੁਫ਼ਾਦ ਤਿਆਗ ਕੇ ਪੰਥ ਦੇ ਭਵਿੱਖ ਲਈ ਫ਼ੈਸਲੇ ਲੈਂਦੇ ਰਹੇ ਹਨ।

ਅਕਾਲ ਤਖ਼ਤ ਰਾਜਨੀਤਿਕ ਫੈਸਲੇ ਲੈਣ ਲਈ ਕੇਂਦਰ ਬਿੰਦੂ ਹੈ ਕਿਉਂਕਿ ਇਹ ਸਿੱਖ ਪੰਥ ਦੀ ਰਾਜਸੀ ਪ੍ਰਭੂਸੱਤਾ ਦਾ ਪ੍ਰਤੀਕ ਹੈ। ਇੱਥੋਂ ਕੀਤੇ ਗਏ ਹਰ ਫ਼ੈਸਲੇ ਨੂੰ ਪੰਥ ਦਾ ਫ਼ੈਸਲਾ ਮੰਨਿਆ ਜਾਂਦਾ ਹੈ। ਵਿਰੋਧੀ ਧਿਰ ਜਾਂ ਹਕੂਮਤ ਵੀ ਅਕਾਲ ਤਖ਼ਤ ਦੇ ਫ਼ੈਸਲੇ ਨੂੰ ਹੀ ਸਵੀਕਾਰਦੀ ਸੀ ਕਿਉਂਕਿ ਉਹ ਵੀ ਅਕਾਲ ਤਖ਼ਤ ਨੂੰ ਹੀ ਸਿੱਖਾਂ ਦੀ ਰਾਜਸੀ ਵਿਵਸਥਾ ਦਾ ਸੰਚਾਲਕ ਮੰਨਦੀ ਸੀ।

### 4.5. ਗੁਰਮਤਾ

ਖ਼ਾਲਸਾ ਪੰਥ ਨੂੰ ਜਥੇਬੰਦ ਕਰਨ ਅਤੇ ਰਾਜਸੀ ਮਾਰਗ ਦਰਸ਼ਨ ਕਰਨ ਵਿਚ ਗੁਰਮਤਿਆਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਇਸ ਲਈ ਗੁਰਮਤਾ ਸਿੱਖ ਰਾਜ ਦੀ ਮਹੱਤਵਪੂਰਨ ਸੰਸਥਾ ਹੈ। ਇਤਿਹਾਸ ਦੇ ਵੱਖ-ਵੱਖ ਦੌਰਾਂ ਵਿਚ ਨੀਤੀ ਨਿਰਧਾਰਿਤ ਕਰਨ ਅਤੇ ਫੈਸਲੇ ਲੈਣ ਲਈ ਗੁਰਮਤੇ ਹੁੰਦੇ ਰਹੇ ਹਨ। ਖ਼ਾਲਸਾ ਪੰਥ ਦੀ ਰਾਜਨੀਤਿਕ ਹੋਂਦ ਨੂੰ ਪਰਪੱਕ ਕਰਨ ਵਿਚ ਗੁਰਮਤੇ ਨੇ ਅਹਿਮ ਯੋਗਦਾਨ ਪਾਇਆ। ਗੁਰਮਤੇ ਨੇ ਨਵਾਂ ਜਮਹੂਰੀ ਸਿਧਾਂਤ ਕਾਇਮ ਕੀਤਾ। ਅਕਾਲ ਤਖ਼ਤ ਸਾਹਿਬ ਤੇ ਇਕੱਠਿਆਂ ਹੋ ਕੇ ਸਰਬੱਤ ਖ਼ਾਲਸਾ ਪੰਜਾਂ ਪਿਆਰਿਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਗੁਰਮਤਾ ਕਰਕੇ ਫੈਸਲਾ ਕਰਦਾ ਸੀ। ਇਸ ਲਈ ਅਕਾਲ ਤਖ਼ਤ ਅਤੇ ਸਰਬੱਤ ਖ਼ਾਲਸਾ ਗੁਰਮਤੇ ਦੀ ਸੰਸਥਾ ਨਾਲ ਕੁਦਰਤੀ ਰੂਪ ਵਿਚ ਜੁੜੀਆਂ ਹੋਈਆਂ ਸਨ। ਗੁਰਮਤਾ ਸਿੱਖ ਪ੍ਰਭੂਸੱਤਾ ਜਾਂ ਗੁਰਮਤਿ ਦੇ ਰਾਜਸੀ ਸਿਧਾਂਤ ਦੀ ਬੁਨਿਆਦ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਮਤੇ ਪ੍ਰਤੀ ਆਪਣੇ ਵਿਚਾਰ ਇਸ ਤਰ੍ਹਾਂ ਦਿੱਤੇ ਹਨ:

''ਪੁਰਾਣੇ ਸਿੰਘ ਸੰਸਾਰ ਅਤੇ ਧਰਮ ਦੇ ਕੰਮਾਂ ਨੂੰ ਆਰੰਭ ਕਰਨ ਤੋਂ ਪਹਿਲਾਂ ਦੀਵਾਨ ਵਿੱਚ ਸਲਾਹ ਕਰਦੇ ਸਨ, ਜੋ ਗੁਰ ਨਿਯਮਾਂ ਅਨੁਸਾਰ ਸਾਰੇ ਦੀਵਾਨ ਦੀ ਸੰਮਤੀ ਹੁੰਦੀ, ਉਸ ਦਾ ਨਾਉਂ ''ਗੁਰੁਮਤਾ'' ਕਿਹਾ ਜਾਂਦਾ, ਜੋ ਗੁਰੁਮਤੇ ਦੇ ਵਿਰੁੱਧ ਕੋਈ ਕਰਮ ਕਰੇ ਉਹ ਤਨਖ਼ਾਹੀਆ ਹੁੰਦਾ ਸੀ, ਖ਼ਾਲਸੇ ਦੇ ਗੁਰਮਤੇ ਅਕਾਲ-ਬੁੰਗੇ ਸਾਹਿਬ ਦੇ ਦੀਵਾਨ ਵਿੱਚ ਖਾਸ਼ ਕਰਕੇ ਅਤੇ ਹੋਲੇ ਮਹੱਲੇ ਦੇ ਸਮੇਂ ਤਖ਼ਤ ਕੇਸਗੜ੍ਹ ਹੋਇਆ ਕਰਦੇ ਸਨ।''[634]

ਭਾਈ ਵੀਰ ਸਿੰਘ ਗੁਰਮਤੇ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ, ''ਗੁਰਮਤਾ ਨਾਮ ਪੰਥ ਦੀ ਸ਼ਿਰੋਮਣੀ ਜਥੇਬੰਦੀ ਦਾ ਸੀ: ਹਾਂ, ਇਹ ਇਕ 'ਪੰਥਕ ਆਸ਼੍ਰਮ' ਸੀ - ਜੱਥੇਬੰਦੀ ਦਾ। ਉਸਦਾ ਤਰੀਕਾ ਇਹ ਹੁੰਦਾ ਸੀ ਕਿ ਅਕਾਲ ਬੁੰਗੇ ਦੇ ਅਕਾਲੀ ਪੰਥ ਦੇ ਸਾਰੇ ਜਥੇਦਾਰਾਂ ਤੇ ਜਿੰਮੇਵਾਰ ਸਰਦਾਰਾਂ, ਗ੍ਰੰਥੀਆਂ ਤੇ ਪ੍ਰਸਿੱਧ ਧਾਰਮਿਕ ਬਜ਼ੁਰਗੀ ਵਾਲਿਆਂ ਤੇ ਹੋਰ ਜ਼ਰੂਰੀ ਸਿੱਖਾਂ ਨੂੰ ਸੱਦਿਆ ਕਰਦੇ ਸਨ। ਨੀਯਤ ਸਮੇਂ ਤੇ ਸਭ ਨੇ ਆ ਹਾਜ਼ਰ ਹੋਣਾ। ਜੇ ਕਦੇ ਦੋ ਸਿੱਖ ਜਥੇ ਆਪੋ ਵਿੱਚ ਲੜ ਵੀ ਰਹੇ ਹੋਣ (ਜੋ ਮਿਸਲਾਂ ਦੇ ਸਮੇਂ ਦੀ ਗੱਲ ਹੈ) ਤਾਂ ਗੁਰਮਤੇ ਦਾ ਸੱਦਾ ਪਹੁੰਚਦੇ ਸਾਰ ਲੜਾਈ ਬੰਦ ਕਰਕੇ ਦੋਵੇਂ ਟੁਰ ਪੈਣਗੇ, ਰਸਤੇ ਵਿੱਚ ਯਾ ਗੁਰਦੁਵਾਰੇ ਅੱਪੜਕੇ ਆਪੋ ਵਿੱਚ ਕੋਈ ਬਦਲਾ ਨਹੀਂ ਲੈਣਗੇ, ਇਕ ਦੂਜੇ ਤੇ ਵਾਰ ਨਹੀਂ ਕਰਨਗੇ। ਗੁਰਮਤੇ ਦੇ ਨਿਯਤ ਸਮੇਂ ਅਕਾਲ ਬੁੰਗੇ ਦੇ ਹਜ਼ੂਰ ਸਭ ਪਾਸੇ ਤੋਂ ਰਸਤੇ ਬੰਦ ਮੈਦਾਨ ਵਿੱਚ ਦੀਵਾਨ ਸਜਦਾ, ਕੀਰਤਨ ਹੋ ਕੇ ਆਵਾਜ਼ਾ ਲਿਆ ਜਾਂਦਾ, ਫੇਰ ਕੜਾਹ ਪ੍ਰਸ਼ਾਦ ਵਰਤਦਾ, ਸਾਰੇ ਛਕਦੇ। ਚਾਹੇ ਕਿਸੇ ਜਾਤ, ਕਿਸੇ ਮਜ਼੍ਹਬ ਜਾਂ ਕਿਸੇ ਕੌਮ ਤੋਂ ਸਜੇ ਹੋਏ ਸਿੱਖ ਹੋਣ ਜੋ ਗੁਰਮਤੇ ਵਿੱਚ ਸ਼ਾਮਲ ਹੁੰਦੇ, ਸਾਰੇ ਉਸ ਵੇਲੇ ਇਕੱਠੇ ਛਕਦੇ। ਫੇਰ ਅਕਾਲੀ ਜਥੇਦਾਰ ਸਿੰਘ ਅਰਦਾਸਾ ਸੋਧਦਾ, ਇਸ ਤੋਂ ਮਗਰੋਂ ਹਰੇਕ ਆਇਆ ਸੱਜਣ ਉੱਠਕੇ ਅਕਾਲੀ ਜਥੇਦਾਰ ਦੇ ਸਨਮੁੱਖ ਹੋ ਆਖਦਾ ਕਿ ਮੈਂ ਸੱਚੇ ਸਤਿਗੁਰ ਦੀ ਹਜ਼ੂਰੀ ਵਿੱਚ ਪੰਥ ਦੇ ਸਾਂਝੇ ਭਲੇ ਲਈ ਆਇਆ ਹਾਂ। ਮੇਰਾ ਨਿਜ ਦਾ ਹਾਨ ਲਾਭ, ਕੋਈ ਲੋਭ ਲਾਲਚ, ਮੇਰੇ ਰਸਤੇ ਵਿੱਚ, ਮੇਰੀਆਂ ਵਿੱਚਾਰਾਂ ਵਿੱਚ ਕੋਈ ਖੋਟ, ਕੋਈ ਰਲਾ ਨਹੀਂ ਪਾਉਣਗੇ। ਇਸ ਪ੍ਰਤੱਗਯਾ ਦੇ ਮਗਰੋਂ ਫਿਰ ਅਰਦਾਸਾ ਸੋਧਕੇ ਕਾਰਜ ਆਰੰਭ ਹੁੰਦਾ। ਵਿਚਾਰਾਂ ਹੋ ਕੇ ਜੋ ਮਤਾ ਸੁਧ ਜਾਂਦਾ, ਅਰਥਾਤ ਫੈਸਲਾ ਹੋ ਜਾਂਦਾ, ਉਹ ਅਕਾਲੀ ਜਥੇਦਾਰ ਸਭ ਨੂੰ ਸੁਣਾ ਦੇਂਦਾ। ਫਿਰ

---

[634] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 420

ਸਾਰੇ ਆਪੋ ਆਪਣੇ ਥਾਂ ਟੁਰ ਜਾਂਦੇ। ਅਕਾਲੀਆਂ ਦਾ ਫਿਰ ਇਹ ਕੰਮ ਹੁੰਦਾ ਸੀ ਕਿ ਉਹ ਪੰਥਕ ਫੈਸਲਾ ਸਾਰੇ ਪੰਥ ਵਿੱਚ ਨੱਕ ਦੀ ਸੇਧੇ ਮਨੀਵੇ।''[635]

ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਦੇ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਗੁਰਮਤੇ ਤੋਂ ਪਹਿਲਾਂ ਸਿੱਖਾਂ ਵਿਚ ਮਤੇ ਕਰਨ ਦੀ ਪਰੰਪਰਾ ਆਮ ਪ੍ਰਚੱਲਿਤ ਸੀ। ਗੁਰੂ ਸਾਹਿਬਾਨ ਨੇ ਵੀ ਆਪਣੇ ਜੀਵਨ ਸਮੇਂ ਕਈ ਫੈਸਲੇ ਲੈਣ ਤੋਂ ਪਹਿਲਾਂ ਸੰਗਤ ਅਤੇ ਸਿੱਖਾਂ ਨਾਲ ਰਾਇ ਕਰਕੇ ਕੀਤੇ ਮਤੇ ਸਾਹਮਣੇ ਆਉਂਦੇ ਹਨ।

ਇਤਿਹਾਸਕ ਘਟਨਾਕ੍ਰਮ ਦੇ ਵਿਕਾਸ ਨਾਲ ਇਸ ਸੰਸਥਾ ਨੇ ਹੀ 'ਗੁਰਮਤਾ' ਸੰਸਥਾ ਦਾ ਰੂਪ ਧਾਰ ਲਿਆ। ਇਸ ਸੰਸਥਾ ਨੇ ਹੀ ਅਠਾਰਵੀਂ ਸਦੀ 'ਚ ਸਿੱਖਾਂ ਨੂੰ ਰਾਜਸੀ ਤੌਰ 'ਤੇ ਜਥੇਬੰਦ ਕਰਕੇ ਸੰਘਰਸ਼ ਦੇ ਰਾਹ ਤੋਰਿਆ। ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਵਿਚ ਗੁਰਮਤਾ ਸੰਸਥਾ ਦੀ ਵਿਧੀ ਪਰੰਪਰਾ ਅਤੇ ਸਮੇਂ-ਸਮੇਂ ਤੇ ਕੀਤੇ ਗਏ ਗੁਰਮਤਿਆਂ ਦਾ ਵਿਸਥਾਰ ਵਿਚ ਜ਼ਿਕਰ ਮਿਲਦਾ ਹੈ। ਸਿੱਖਾਂ ਵਲੋਂ ਲਏ ਗਏ ਫੈਸਲਿਆਂ ਨੂੰ ਉਸ ਨੇ ਕਿਤੇ 'ਮਤੇ' ਅਤੇ ਕਈ ਥਾਂ 'ਗੁਰਮਤੇ' ਵੀ ਲਿਖਿਆ ਹੈ। ਉਹ ਦਸਦਾ ਹੈ ਕਿ ਖ਼ਾਲਸੇ ਦੀ ਇਕੱਤਰਤਾ ਦੀਵਾਲੀ ਤੇ ਵਿਸਾਖੀ 'ਤੇ ਹੋਇਆ ਕਰਦੀ ਸੀ ਅਤੇ ਦਿਵਾਨ ਲਾ ਕੇ ਗੁਰਮਤੇ ਕਰਕੇ ਫੈਸਲੇ (ਮਤੇ) ਲਏ ਜਾਂਦੇ ਸਨ:

ਮੁਲਕ ਲੂਟ ਅੰਮ੍ਰਿਤਸਰ ਆਵੈਂ। ਦਿਵਾਲੀ ਬਿਸਾਖੀ ਮੇਲਾ ਲਾਵੈਂ।
ਬੈਠ ਹਰਿਮੰਦਰ ਸੁਨੈਂ ਸੁ ਗਯਾਨ। ਗੁਰ ਬਚਨਨ ਪਰ ਲਾਵੈਂ ਧਯਾਨ॥
ਅਕਾਲ ਬੁੰਗੈ ਚੜ੍ਹ ਤਖਤੇ ਬਹਿ ਹੈਂ। ਲਾਇ ਦੀਵਾਨ ਗੁਰਮਤੇ ਮਤੈ ਹੈਂ।
ਸ੍ਰਬਤ ਖਾਲਸੈ ਹੋਇ ਅਦਾਲਤ। ਅਸਿਖਨ ਗਾਰ ਸਿੰਘਨ ਪ੍ਰਤਿ ਪਾਲਤ॥[636]

ਅੰਗਰੇਜ਼ੀ ਦੀ ਆਕਸਫੋਰਡ ਡਿਕਸ਼ਨਰੀ ਵਿਚ ਮਤੇ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਗਿਆ ਹੈ,

---

[635] ਭਾਈ ਵੀਰ ਸਿੰਘ ਰਚਨਾਵਲੀ - ਜਿਲਦ ਦੂਜੀ (ਨਾਵਲ), ਸਤਵੰਤ ਕੌਰ (119-219), ਪੰਨੇ 196-97

[636] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 265

'ਕਿਸੇ ਕਮੇਟੀ ਜਾਂ ਕੌਂਸਲ ਵੱਲੋਂ ਕਿਸੇ ਮੁੱਦੇ ਉੱਤੇ ਪ੍ਰਗਟਾਈ ਗਈ ਵਿਚਾਰਾਤਮਕ ਆਮ ਸਹਿਮਤੀ ਨੂੰ ਮਤਾ ਕਿਹਾ ਜਾਂਦਾ ਹੈ।'[637]

ਅੰਮ੍ਰਿਤਸਰ ਜਾ ਕੇ ਅਕਾਲ ਤਖ਼ਤ ਦੇ ਸਨਮੁਖ ਗੁਰਮਤੇ ਵਿਚ ਹਿੱਸਾ ਲੈਣਾ ਹਰੇਕ ਸਿੱਖ ਦਾ ਜ਼ਰੂਰੀ ਕਰਮ ਸੀ। ਗੁਰਮਤਾ ਕਰਨ ਲਈ ਵੱਖ-ਵੱਖ ਸਾਰੇ ਧੜੇ ਆਪੋ ਆਪਣੀਆਂ ਨਿੱਜੀ ਰੰਜਸ਼ਾਂ ਖ਼ਤਮ ਕਰਕੇ ਦਿਵਾਨ ਲਾ ਕੇ ਅਕਾਲ ਤਖ਼ਤ ਸਾਹਿਬ ਉੱਤੇ ਇਕੱਤਰ ਹੋ ਗੁਰਮਤੇ ਕਰਦੇ ਸਨ। ਕਈ ਵਾਰ ਜਦੋਂ ਗੁਰਮਤਾ ਕਰਨ ਸਮੇਂ ਕੋਈ ਫੈਸਲਾ ਅਜਿਹਾ ਹੁੰਦਾ ਸੀ ਜਿਸ ਤੇ ਬਹੁਤ ਗੰਭੀਰਤਾ ਨਾਲ ਵਿਚਾਰ ਕਰਕੇ ਵੀ ਸਹਿਮਤੀ ਨਹੀਂ ਬਣਦੀ ਸੀ ਤਾਂ ਇਹ ਫੈਸਲਾ ਗ੍ਰੰਥ ਵਿੱਚੋਂ ਹੁਕਮ ਲੈ ਕੇ ਸਾਰਿਆਂ ਦੀ ਸਹਿਮਤੀ ਲੈ ਕੇ ਪਰਵਾਨ ਕਰ ਲਿਆ ਜਾਂਦਾ ਸੀ।

ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਗੁਰਮਤੇ ਦੀ ਪਰੰਪਰਾ ਨੂੰ ਖ਼ਾਲਸੇ ਦੀ ਇਕਜੁਟਤਾ ਦਾ ਪ੍ਰਗਟਾਅ ਦੱਸਿਆ ਹੈ:

ਕਾਂਮ ਪਰਤ ਥਾ ਜੋ ਕੁਛ ਕਬਹੀ। ਕਰਤ ਗੁਰਮਤਾ ਮਿਲ ਕਰ ਸਭ ਹੀ।
ਜਥੇਦਾਰ ਜੋ ਕੁਛ ਕਹਿ ਦੇਤਾ। ਸੋਈ ਪੰਥ ਮਾਨ ਸਭ ਲੇਤਾ।[638]

ਗੁਰਮਤਾ ਸੰਸਥਾ ਦਾ ਸਿੱਖ ਪਰੰਪਰਾ ਵਿਚ ਵਿਸ਼ੇਸ਼ ਸਥਾਨ ਹੈ ਕਿਉਂਕਿ ਇਸ ਨੇ ਸਿੱਖ ਰਾਜਸੀ ਸੰਕਲਪ ਨੂੰ ਗੰਭੀਰਤਾ ਤੇ ਗਤੀਸ਼ੀਲਤਾ ਪ੍ਰਦਾਨ ਕੀਤੀ। ਹੁਣ ਸਵਾਲ ਹੈ ਕਿ ਇਹ ਪਰੰਪਰਾ ਆਰੰਭ ਕਦੋਂ ਹੋਈ? ਭਾਈ ਵੀਰ ਸਿੰਘ ਅਨੁਸਾਰ ਇਸ ਦੀ ਆਰੰਭਤਾ ਗੁਰੂ ਗੋਬਿੰਦ ਸਿੰਘ ਸਮੇਂ 1704 ਈਂ ਵਿਚ ਚਮਕੌਰ ਦੀ ਜੰਗ ਵਿਚ ਹੋਈ:

''ਗੁਰਮਤੇ ਦੀ ਮਰਿਯਾਦਾ ਦਾ ਮੁੱਢ ਚਮਕੌਰ ਵਿੱਚ ਹੋਇਆ, ਮਾਨੋ ਪਹਿਲਾ ਗੁਰਮਤਾ ਉਸ ਕਸ਼ਟ ਵੇਲੇ ਹੋਇਆ ਤੇ ਹਜੂਰ ਸਾਹਿਬ ਸਤਿਗੁਰਾਂ ਨੇ ਸਿੰਘਾਂ ਨੂੰ ਇਸ ਦੀ ਪੂਰੀ ਜਾਚ ਸਿਖਾਈ।''[639] ਡਾ. ਹਰੀ ਰਾਮ

---

[637] A.S. Horn, Oxford Advanced Learner's Dictionary, p-1292

[638] ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ-1987, ਪੰਨੇ 660-61

[639] ਭਾਈ ਵੀਰ ਸਿੰਘ ਰਚਨਾਵਲੀ - ਜਿਲਦ ਦੂਜੀ (ਨਾਵਲ), ਸਤਵੰਤ ਕੌਰ (119-219), ਪੰਨਾ 197

ਗੁਪਤਾ ਵੀ ਭਾਈ ਵੀਰ ਸਿੰਘ ਦੇ ਇਸ ਵਿਚਾਰ ਨਾਲ ਸਹਿਮਤ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਪਹਿਲੇ ਪੰਥਕ ਗੁਰਮਤੇ ਬਾਰੇ ਭਾਈ ਵੀਰ ਸਿੰਘ ਦਸਦੇ ਹਨ, ''ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਪਹਿਲਾ ਪੰਥਕ ਗੁਰਮਤਾ ਬਾਬਾ ਸੰਤੋਖ ਸਿੰਘ ਜੀ ਦੀ ਜਥੇਦਾਰੀ ਵਿੱਚ ਹਜੂਰ ਸਾਹਿਬ ਹੋਇਆ ਤੇ ਆਖਰੀ ਗੁਰਮਤਾ ਨੁਸ਼ਹਿਰੇ ਦੀ ਲੜਾਈ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਜਥੇਦਾਰੀ ਤੇ ਬਾਬਾ ਫੂਲਾ ਸਿੰਘ ਅਕਾਲੀ ਦੇ ਪ੍ਰਬੰਧ ਵਿੱਚ ਹੋਇਆ।''[640] ਡਾ. ਹਰੀ ਰਾਮ ਗੁਪਤਾ ਨੇ ਗੁਰਮਤਿਆਂ ਦੇ ਇਤਿਹਾਸ ਦਾ ਅਧਿਐਨ ਕਰਕੇ ਦੱਸਿਆ ਹੈ, ''ਪਹਿਲਾ ਰਾਜਨੀਤਿਕ ਗੁਰਮਤਾ 1710 ਈ. ਵਿੱਚ ਸਰਹੰਦ ਦੀ ਲੜਾਈ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਕੀਤਾ ਅਤੇ ਆਖਰੀ ਰਾਜਨੀਤਿਕ ਗੁਰਮਤਾ 1809 ਈ. ਵਿੱਚ ਅੰਮ੍ਰਿਤਸਰ ਦੇ ਅਹਿਦਨਾਮੇ ਦੇ ਦਸਤਖ਼ਤ ਕਰਨ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਕੀਤਾ।''[641]

ਅਠਾਰਵੀਂ ਸਦੀ ਸਿੱਖ ਇਤਿਹਾਸ ਦਾ ਉਹ ਦੌਰ ਹੈ ਜਦੋਂ ਖ਼ਾਲਸਾ ਪੰਥ ਦੀ ਰਾਜਨੀਤਿਕ ਅਤੇ ਜਥੇਬੰਦਕ ਤਾਕਤ ਗੁਰਮਤਿਆਂ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਸੀ। ਭਾਵੇਂ ਇਹ ਪਰੰਪਰਾ ਗੁਰੂ ਸਾਹਿਬ ਤੋਂ ਹੀ ਚੱਲੀ ਆਉਂਦੀ ਸੀ ਪਰ ਅਠਾਰਵੀਂ ਸਦੀ ਦੀਆਂ ਇਤਿਹਾਸਕ ਪਰਿਸਥਿਤੀਆਂ ਨੇ ਇਸ ਸੰਸਥਾ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਜਦੋਂ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਤਾਂ ਸਿੰਘਾਂ ਨੇ ਮਤਾ ਕੀਤਾ ਕਿ ਨਵਾਬ ਦੇ ਸਿਪਾਹੀਆਂ ਨੂੰ ਮਾਰ ਕੇ ਭਾਈ ਤਾਰੂ ਸਿੰਘ ਜੀ ਨੂੰ ਛੁਡਾ ਲਿਆ ਜਾਵੇ ਤਾਂ ਭਾਈ ਤਾਰੂ ਸਿੰਘ ਜੀ ਨੇ ਇਹ ਕਹਿ ਕੇ ਮਨ੍ਹਾਂ ਕਰ ਦਿੱਤਾ ਕਿ ਅਸੀਂ ਪੰਥ ਖ਼ਾਤਰ ਕੁਰਬਾਨੀਆਂ ਕਰਨ ਵਾਲੇ ਗੁਰੂਆਂ ਦੇ ਸਿੰਘ ਹਾਂ ਅਤੇ ਸ਼ਹੀਦ ਹੋਣ ਤੋਂ ਨਹੀਂ ਡਰਦੇ:

'ਹਮ ਅਹਿਦੀਅਨ ਕੋ ਦੈ ਹੈਂ ਮਾਰ। ਕਰ ਜਾਵੈਂਗੇ ਪਿੰਡ ਉਜਾਰ॥

ਸਿੱਖ ਛੁਡਾਵਨ ਹੈ ਬਡ ਧਰਮ। ਗਊ ਬ੍ਰਹਮਨ ਤੇ ਸੌ ਗੁਨੋਂ ਕਰਮ'।

---

[640] ਉਹੀ, ਪੰਨਾ 197

[641] Hari Ram Gupta, History of the Sikhs-Vol. IV, p 385

ਇਮ ਕਰਨੇ ਕੋ ਤਜਾਰ ਹੋ ਆਏ। ਤਾਰੂ ਸਿੰਘ ਸੁਨ ਤੁਰਤ ਹਟਾਏ॥

'ਅਸੀਂ ਨ ਮਰਨੋਂ ਨੱਠਨ ਵਾਰੇ। ਅਸੀਂ ਜੁ ਮਰਿ ਹੈਂ ਮੁਗਲ ਦੁਵਾਰੇ।

ਸਿੱਖਨ ਕਾਰਨ ਗੁਰ ਸਿਰ ਲਾਏ। ਪੁਤ ਪੋਤ੍ਰੇ ਪੁਨ ਆਪ ਕੁਹਾਏ॥

ਪੰਥ ਬਧਾਵਨ ਖਾਤਰ ਤਾਈਂ। ਇਮ ਅਪਨੀ ਗੁਰ ਕੁਲ ਗਵਾਈ।

ਉਸਕੇ ਪੰਥੀ ਹਮੈਂ ਸਦਾਏਂ। ਹਮ ਕਰਨੇ ਤੇ ਕਿਮ ਨਠ ਜਾਏਂ॥[642]

ਜਦੋਂ ਸੁਬੇਗ ਸਿੰਘ ਨਵਾਬ ਦੀ ਫਰਿਆਦ ਲੈ ਕੇ ਖ਼ਾਲਸਾ ਪੰਥ ਪਾਸ ਆਇਆ ਤਾਂ ਪੰਥ ਵੱਲੋਂ ਕੀਤੇ ਮਤੇ ਬਾਰੇ ਰਤਨ ਸਿੰਘ ਇਸ ਤਰ੍ਹਾਂ ਦਸਦਾ ਹੈ:

ਤਬੈ ਖਾਲਸੇ ਬਾਤ ਬਿਚਾਰੀ। 'ਮਾਨੈਂਗੇ ਜੋ ਕਹੀ ਹਮਾਰੀ'।

ਸਭ ਸਿੰਘਨ ਨੇ ਮਤਾ ਪਕਾਯਾ। ਗੁਰੂ ਖਾਲਸੇ ਐਸ ਠਰ੍ਹਾਯਾ॥[643]

ਛੋਟੇ ਘੱਲੂਘਾਰੇ ਦੌਰਾਨ ਜਦੋਂ ਸਿੰਘ ਤੁਰਕਾਂ ਦੇ ਘੇਰੇ ਵਿਚ ਫਸ ਗਏ ਤਾਂ ਉਹਨਾਂ ਨੇ ਮਤਾ ਕੀਤਾ ਕਿ ਉਹਨਾਂ ਨੂੰ ਇੱਥੋਂ ਨਿਕਲ ਜਾਣਾ ਚਾਹੀਦਾ ਹੈ। ਇਸ ਬਿਰਤਾਂਤ ਨੂੰ ਕਵੀ ਨੇ ਇਸ ਤਰ੍ਹਾਂ ਲਿਖਿਆ ਹੈ:

ਯੌਂ ਤਬ ਖਾਲਸੇ ਮਤਾ ਮਤਾਯਾ। 'ਹਮ ਤੇ ਤੁਰਕ ਨ ਜਾਤ ਭਜਾਯਾ।

ਏ ਬਹੁਤੇ ਹਮ ਹੈਂ ਅਤਿ ਥੋੜੇ। ਭੂਖੇ ਹਮ ਔ ਭੂਖੇ ਘੋੜੇ॥

ਅਬ ਹਮ ਇਨ ਤੇ ਜਾਵੈਂ ਭਾਜ। ਸੂਧੇ ਹੁਇ ਫਿਰ ਕਰ ਹੈਂ ਕਾਜ।

ਚਾਰੋਂ ਕੁੰਟਨ ਕੋ ਭਜ ਜਾਵੋ। ਅਬ ਤੌਂ ਨਠ ਕਰ ਵਕਤ ਲੰਘਾਵੋ॥[644]

ਕਸੂਰ ਦੀ ਲੜਾਈ ਦੀ ਸਾਖੀ ਵਿਚ ਰਤਨ ਸਿੰਘ ਭੰਗੂ ਦਸਦਾ ਹੈ ਕਿ ਖ਼ਾਲਸਾ ਪੰਥ ਦੀਆਂ ਸਾਰੀਆਂ ਮਿਸਲਾਂ ਅਕਾਲ ਤਖ਼ਤ ਸਾਹਿਬ 'ਤੇ ਇਕੱਤਰ ਹੋ ਕੇ ਬਿਨਾਂ ਕਿਸੇ ਵੈਰ-ਵਿਰੋਧ ਦੇ ਫ਼ੈਸਲੇ ਕਰਿਆ ਕਰਦੀਆਂ ਸਨ:

---

[642] ਭਾਈ ਵੀਰ ਸਿੰਘ (ਸੰਪਾ.), ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 215

[643] ਉਹੀ, ਪੰਨਾ 237

[644] ਉਹੀ, ਪੰਨਾ 252

ਅਕਾਲ ਬੁੰਗੈ ਪਹਰ ਤੀਜੇ ਆਵੈ। ਸੁਨ ਰਹਿਰਾਸ ਫਿਰ ਕਿਲੈ ਸਿਧਾਵੈ।

ਨਿਤ ਪ੍ਰਤਿ ਐਸੋ ਕਰਤ ਖਿਆਲ। ਬਰਸੈ ਮੀਂਹ ਭਾਵੈਂ ਵਗੈ ਵਾਲ॥

ਇਸੀ ਤੌਰ ਸਭ ਖਾਲਸੋ ਆਵੈ। ਸੁਨ ਅਰਦਾਸ ਸਭ ਡੇਰੈ ਸਿਧਾਵੈ।

ਬੈਰ ਪਾਪ ਤਹਿਂ ਕਰੈ ਨ ਕੋਇ। ਲਾਇ ਦਿਵਾਨ ਸਭ ਗੁਰਮਤੋ ਹੋਇ॥[645]

ਕਈ ਵਾਰ ਅਜਿਹੇ ਮੌਕੇ ਆਏ ਜਦੋਂ ਖ਼ਾਲਸਾ ਪੰਥ ਇਕਮਤ ਨਹੀਂ ਹੋ ਸਕਿਆ। ਅਜਿਹੇ ਮੌਕੇ ਪੰਥ ਨੇ ਸਰਬਸੰਮਤੀ ਨਾਲ ਫੈਸਲਾ ਗੁਰੂ 'ਤੇ ਛੱਡ ਦਿੱਤਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਹੁਕਮਨਾਮੇ ਅਨੁਸਾਰ ਚੱਲਣ ਦਾ ਮਤਾ ਕੀਤਾ। ਕਸੂਰ ਦੇ ਬ੍ਰਾਹਮਣ ਦੀ ਕੰਨਿਆ ਛੁਡਾਉਣ ਸਮੇਂ ਅਜਿਹਾ ਹੀ ਮੌਕਾ ਆਇਆ ਜਦੋਂ ਬ੍ਰਾਹਮਣ ਦੀ ਲੜਕੀ ਛੁਡਾਉਣ ਲਈ ਕਸੂਰ 'ਤੇ ਹਮਲਾ ਕਰਨ ਲਈ ਸਹਿਮਤੀ ਨਹੀਂ ਬਣੀ। ਸਿਆਣੇ ਸਿੰਘਾਂ ਨੇ ਕਿਹਾ ਕਿ ਸਾਡੀ ਗਿਣਤੀ ਘੱਟ ਹੈ ਤੇ ਕਸੂਰ ਸ਼ਹਿਰ ਵਿਚ ਦੁਸ਼ਮਣ ਲੱਖਾਂ ਦੀ ਗਿਣਤੀ ਵਿਚ ਹੈ ਉਹਨਾਂ ਕੋਲ ਜੰਗੀ ਹਥਿਆਰ ਜ਼ਿਆਦਾ ਹਨ। ਹਰੀ ਸਿੰਘ ਨੇ ਹਮਲੇ ਦੀ ਜਿੱਦ ਕੀਤੀ ਤਾਂ ਸਾਰਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮਨਾਮਾ ਲੈ ਕੇ ਨਿਰਣਾ ਕਰਨ ਦਾ ਫੈਸਲਾ ਕੀਤਾ:

ਲੇਹੁ ਦਰਬਾਰੇ ਗ੍ਰੰਥ ਅਵਾਜ। ਦੇਉਗ ਬਚਨ ਹੋਣ ਕਾਜ ਅਕਾਜ'॥

ਸਰਬ ਘਨੱਯਨ ਕੈ ਦਿਲ ਆਈ। ਰਾਮਗੜ੍ਹੀਅਨ ਕੈ ਭੀ ਮਨ ਆਈ।

ਨਕਈਅਨ ਨੈ ਭੀ ਆਛੀ ਮਾਨੀ। ਕਰਨਹਾਰ ਯੌ ਕਰਨੀ ਠਾਨੀ॥[646]

ਅਰਦਾਸ ਕਰਨ ਉਪਰੰਤ ਜੋ ਹੁਕਮਨਾਮਾ ਆਇਆ। ਉਸਤੇ ਅਮਲ ਕਰਦੇ ਹੋਏ ਖ਼ਾਲਸਾ ਪੰਥ ਨੇ ਕਸੂਰ ਦੇ ਹਮਲਾ ਕਰ ਦਿੱਤਾ ਅਤੇ ਫ਼ਤਿਹ ਪ੍ਰਾਪਤ ਕੀਤੀ।

ਇਸ ਤਰ੍ਹਾਂ ਜਦੋਂ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਵਿਚ ਝਗੜਾ ਵੱਧ ਗਿਆ ਤਾਂ ਸਿਆਣੇ ਸਿੱਖਾਂ ਨੇ ਇਹ ਰਾਇ ਦਿੱਤੀ ਕਿ ਕੌਣ ਠੀਕ ਹੈ ਦਾ ਫੈਸਲਾ ਗੁਰੂ 'ਤੇ ਛੱਡ ਦਿੱਤਾ ਜਾਵੇ:

ਦੋਊ ਓਰ ਕੇ ਸਜਾਨੇ ਬੋਲੈਂ। 'ਜਿਮ ਸਭ ਬਚੈਂ ਬਾਤ ਕੋਊ ਟੋਲੈਂ।

---

[645] ਉਹੀ, ਪੰਨਾ 309

[646] ਉਹੀ, ਪੰਨਾ 310

ਜੌ ਤੁਮ ਮੰਨੋਂ ਹਮਾਰੀ ਸਲਾਹਿ। ਦੋਊ ਓਰ ਬਹੁ ਸ਼ਾਂਤ ਵਰਤਾਹਿਂ॥

ਕਰਤੇ-ਪੁਰਸ਼ ਪਰ ਰਾਖੋ ਬਾਤ। ਕਰਤਾ ਕਰੈ ਸੋਊ ਮੰਨ ਲਜੋ ਬਾਤ।[647]

ਕਸੂਰ ਉੱਤੇ ਹਮਲਾ ਕਰਨ ਤੋਂ ਪਹਿਲਾਂ ਖ਼ਾਲਸੇ ਨੇ ਗੁਰਮਤਾ ਕੀਤਾ ਕਿ ਦੁਸ਼ਮਣ ਦਾ ਖ਼ਾਤਮਾ ਕਰਨ ਤੋਂ ਪਹਿਲਾਂ ਕੁੱਟ-ਮਾਰ ਨਾ ਕੀਤੀ ਜਾਵੇ ਅਤੇ ਸਾਰੇ ਸਰਦਾਰ ਵਪਾਰੀਆਂ ਵਾਂਗ ਤੁਰ ਪਏ:

ਨਿਸ਼ਾਨਨ ਖੁਲਾਵੇ ਨ ਬਜਾਵੇ ਨਗਾਰੋ। ਰਾਹਨ ਛੇੜਜੋ ਮਤਿ ਹੁਇ ਪੁਕਾਰੋ'॥

ਗੁਰਮਤੋ ਖਾਲਸੈ ਥੋ ਯੌ ਕਰ ਲਯੋ। 'ਪਠਾਣ ਕਟੇ ਬਿਨ ਲੁਟਨ ਨ ਡਹਜੋ।

ਮੁਹਰੇ ਤੁਰੈਂ ਸੁ ਆਪ ਸ੍ਰਦਾਰ। ਜਿਮ ਕਰ ਵਪਾਰੀਏ ਅਏ ਵਪਾਰ॥[648]

ਸਰਹੰਦ ’ਤੇ ਤੀਜੀ ਵਾਰ ਹਮਲੇ ਸਮੇਂ ਖ਼ਾਲਸੇ ਨੇ ਸਹਿਬਜ਼ਾਦਿਆਂ ਦੇ ਸ਼ਹੀਦੀ ਸਥਾਨ ’ਤੇ ਦੇਹੁਰਾ (ਗੁਰਦੁਆਰਾ) ਦਾ ਮਤਾ ਕੀਤਾ:

ਸਭ ਖਾਲਸੈ ਮਿਲ ਮਤੋ ਠਹਿਰਾਯੋ। 'ਚਹੀਯਤ ਇਕ ਹੀ ਦੇਹਰੋ ਬਣਵਾਯੋ।

ਜਿਸ ਜਾਗਾ ਗੁਰ ਸੁਤ ਹੈਂ ਘਾਏ। ਜਿਸੈ ਠੌਰ ਉਨ ਗਲੇ ਕਟਾਏ॥[649]

ਅਬਦਾਲੀ ਨਾਲ ਲੜਾਈ ਸਮੇਂ ਸਿੰਘਾਂ ਨੇ ਭਾਈ ਗੁਰਬਖਸ਼ ਸਿੰਘ ਨਿਹੰਗ ਨੂੰ ਅਗਵਾਈ ਕਰਨ ਨੂੰ ਕਿਹਾ ਤਾਂ ਨਿਹੰਗ ਨੇ ਦੋਵੇਂ ਹੱਥ ਜੋੜ ਕੇ ਪੰਥ ਦੇ ਗੁਰਮਤੇ ਨੂੰ ਮੰਨ ਲਿਆ:

ਸੋ ਸਿੰਘਨ ਸੁਨ ਐਸੇ ਕਹਯੋ। ‘ਤੁਮ ਤੈ ਸਿੱਖ ਭਲੋ ਕੋ ਭਯੋ?

ਐਸੀ ਸ਼ਕਤਿ ਔਰ ਕਿਸ ਮਾਂਹਿ। ਪੁਜੈ ਪੁਕਾਰ ਜਿਸ ਸਚੀ ਦ੍ਰਗਾਹਿ’॥

ਸੋ ਸੁਨ ਸਿੰਘ ਜੀ ਮੰਨ ਲਈ ਹਾਥ ਜੋੜ ਸਿਰ ਨਾਇ।

ਖਾਲਸੈ ਅੱਗੈ ਜੋੜ ਹਥ ਗ਼ਾਨਾ ਲਯੋ ਬੰਧਾਇ॥[650]

---

[647] ਉਹੀ, ਪੰਨਾ 129

[648] ਉਹੀ, ਪੰਨਾ 312

[649] ਉਹੀ, ਪੰਨਾ 328

[650] ਉਹੀ, ਪੰਨਾ 334

ਜਦੋਂ ਸਿੰਘ ਅਬਦਾਲੀ ਦੇ ਜ਼ੁਲਮਾਂ ਤੋਂ ਅੱਕ ਗਏ ਤਾਂ ਪੰਥ ਨੇ ਅਬਦਾਲੀ ਨਾਲ ਫੈਸਲਾਕੁੰਨ ਲੜਾਈ ਲੜਨ ਦਾ ਗੁਰਮਤਾ ਕੀਤਾ:

ਸਿੰਘਨ ਸਭ ਮਿਲ ਲਾਯੋ ਦਿਵਾਨ। ਇਕਥਾਂ ਬਹਿ ਲੀਓ ਗੁਰਮਤਾ ਠਾਨ।
'ਅਬ ਖੜ੍ਹ ਲੜੋ ਸ਼ਾਹੁ ਕੇ ਸਾਥ। ਦੇਖ ਦਿਖਾਵੋ ਤਿਸ ਕੇ ਹਾਥ॥
ਨਿਤਪ੍ਰਤਿ ਆਨ ਦੇਤ ਹਮ ਦੁੱਖ। ਬਿਨਾਂ ਲੜੈ ਕਬ ਪਾਈਐ ਸੁੱਖ।
ਜੋ ਬਚ ਰਹੂਗੁ ਸੋ ਦੇਖ ਨਾ ਪਾਊਗ। ਜੋ ਜੋ ਮਰੂਗ ਸ੍ਵਰਗ ਸਿਧਾਊਗ'॥
ਯਹੀ ਬਾਤ ਲਈ ਪੰਥੈ ਠੱਟ। ਸੁਖ ਸੋਂ ਗੱਲ ਜਾਇ ਨਾ ਹੱਟ।
ਸਿੰਘ ਭੁਜੰਗਨ ਹਿਮ ਉਦਮ ਕੀਓ। 'ਜੈ ਜੈਕਾਰ ਪੰਥ' ਉਚਰੀਓ॥[651]

ਇਸ ਤਰ੍ਹਾਂ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚਲੇ ਬਹੁਤ ਸਾਰੇ ਹਵਾਲਿਆਂ ਤੋਂ ਪਤਾ ਚੱਲਦਾ ਹੈ ਕਿ ਗੁਰਮਤਿਆਂ ਦਾ ਸਿੱਖ ਧਰਮ ਵਿਚ ਅਹਿਮ ਸਥਾਨ ਹੈ। ਜ਼ਿਕਰਯੋਗ ਹੈ ਕਿ ਗੁਰਮਤਾ, ਅਕਾਲ ਤਖ਼ਤ ਸਾਹਿਬ ਅਤੇ ਸਰਬੱਤ ਖ਼ਾਲਸਾ ਸੰਸਥਾਵਾਂ ਆਪਸ ਵਿਚ ਜੁੜੀਆਂ ਹੋਈਆਂ ਹਨ। ਅਕਾਲ ਤਖ਼ਤ ਦੇ ਸਥਾਨ 'ਤੇ ਸਰਬੱਤ ਖ਼ਾਲਸਾ ਸੱਦ ਕੇ ਹੀ ਗੁਰਮਤੇ ਕੀਤੇ ਜਾਂਦੇ ਸਨ। ਅਕਾਲ ਤਖ਼ਤ 'ਤੇ ਸਾਲ ਵਿੱਚ ਦੋ ਵਾਰੀ ਵਿਸਾਖੀ ਅਤੇ ਦਿਵਾਲੀ ਨੂੰ ਸਰਬੱਤ ਖ਼ਾਲਸਾ ਸੱਦ ਕੇ ਗੁਰਮਤਾ ਕੀਤਾ ਜਾਂਦਾ ਸੀ। ਖ਼ਾਲਸਾ ਪੰਥ ਨੂੰ ਜੰਗਾਂ 'ਤੇ ਔਕੜਾਂ ਸਮੇਂ ਅਕਾਲ ਤਖ਼ਤ ਤੋਂ ਇਲਾਵਾ ਹੋਰ ਥਾਵਾਂ 'ਤੇ ਵੀ ਗੁਰਮਤੇ ਕਰਨੇ ਪਏ ਪਰ ਆਮ ਹਾਲਤਾਂ ਵਿਚ ਇਸ ਦਾ ਸੰਬੰਧ ਅਕਾਲ ਤਖ਼ਤ ਨਾਲ ਹੀ ਜੁੜਦਾ ਹੈ। ਸਰਬੱਤ ਖ਼ਾਲਸਾ ਵੀ ਗੁਰਮਤੇ ਨਾਲ ਸੰਬੰਧਤ ਹੈ ਕਿਉਂਕਿ ਗੁਰਮਤਾ ਕਰਨ ਲਈ ਹੀ ਸਰਬੱਤ ਖ਼ਾਲਸਾ ਸੱਦਿਆ ਜਾਂਦਾ ਸੀ।

ਉਪਰੋਕਤ ਵਿਚਾਰ ਤੋਂ ਸਿੱਧ ਹੁੰਦਾ ਹੈ ਕਿ ਗੁਰਮਤਾ ਅਜਿਹੀ ਮਹੱਤਵਪੂਰਨ ਸੰਸਥਾ ਹੈ ਜਿਸ ਨੇ ਖ਼ਾਲਸੇ ਦੀ ਜਥੇਬੰਦਕ ਸ਼ਕਤੀ ਨੂੰ ਦ੍ਰਿੜ੍ਹਤਾ ਪ੍ਰਦਾਨ ਕੀਤੀ। ਇਤਿਹਾਸ ਦੇ ਬਿਖੜੇ ਤੇ ਮੁਸ਼ਕਲਾਂ ਭਰੇ ਦੌਰਾਂ ਵਿਚ ਗੁਰਮਤਿਆਂ ਨੇ ਖ਼ਾਲਸਾ ਪੰਥ ਨੂੰ ਨਿਰਣਾਇਕ ਭੂਮਿਕਾ ਨਿਭਾਉਣ ਦੇ ਸਮਰੱਥ ਬਣਾਇਆ। ਗੁਰੂ ਸਾਹਿਬ ਦੇ ਜੀਵਨ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਇਸ ਸੰਸਥਾ ਨੇ ਸਿੱਖਾਂ ਨੂੰ ਇਕ ਰਾਜਨੀਤਿਕ ਧਿਰ ਦੇ ਰੂਪ ਵਿਚ

[651] ਉਹੀ, ਪੰਨਾ 345

ਸਥਾਪਿਤ ਕਰਕੇ ਆਪਣੇ ਰਾਜਸੀ ਹੱਕ ਲਈ ਜੂਝਣਾ ਸਿਖਾਇਆ। ਖ਼ਾਲਸਾ ਪੰਥ ਵੱਲੋਂ ਨਿਰਣਾ ਲੈਣ ਲਈ ਗੁਰਮਤਾ ਕਰਨ ਦੀ ਪ੍ਰਕਿਰਿਆ ਲੋਕਤੰਤਰ ਦੀ ਚੁਣਾਵੀ ਪ੍ਰਕਿਰਿਆ ਨਾਲੋਂ ਕਿਤੇ ਬਿਹਤਰ ਹੈ ਕਿਉਂਕਿ ਇਸ ਵਿਚ ਸਿਰਫ਼ ਸਿਆਣੇ, ਤਜਰਬੇਕਾਰ ਅਤੇ ਸੂਝਵਾਨ ਸਿੱਖਾਂ ਦੀ ਹੀ ਰਾਇ ਲਈ ਜਾਂਦੀ ਸੀ ਫਿਰ ਵੀ ਜੇ ਸਹਿਮਤੀ ਨਹੀਂ ਬਣਦੀ ਸੀ ਤਾਂ ਗੁਰੂ ਦਾ ਹੁਕਮ ਲੈ ਕੇ ਫੈਸਲਾ ਕਰ ਲਿਆ ਜਾਂਦਾ ਸੀ।

### ੫.6. ਰਾਜਸੀ ਸ਼ਕਤੀ ਦੇ ਚਿੰਨ੍ਹ ਤੇ ਸੰਕੇਤ

ਇਹਨਾਂ ਦੋਵੇਂ ਗ੍ਰੰਥਾਂ ਵਿਚ ਰਾਜ ਦੇ ਪ੍ਰਮੁੱਖ ਸੰਕਲਪਾਂ ਤੋਂ ਬਿਨਾਂ ਬਹੁਤ ਸਾਰੇ ਸੰਕੇਤ ਤੇ ਚਿੰਨ੍ਹ ਅਜਿਹੇ ਹਨ ਜਿਹੜੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਰਾਜਸੀ ਸ਼ਕਤੀ ਦਾ ਹੀ ਪ੍ਰਗਟਾਵਾ ਕਰਦੇ ਹਨ। ਇਹਨਾਂ ਚਿੰਨ੍ਹਾਂ ਦੀ ਵਰਤੋਂ ਦਾ ਸੰਖੇਪ ਰੂਪ ਵਿਚ ਆਉਣ ਦਾ ਕਾਰਨ ਇਹਨਾਂ ਗ੍ਰੰਥਾਂ ਦਾ ਸਾਹਿਤ ਦੇ ਕਾਵਿ-ਰੂਪ ਵਿਚ ਹੋਣਾ ਹੈ। ਜਿਹੜੇ ਸੰਕਲਪ ਨੂੰ ਵਾਰਤਕ ਵਿਚ ਵਿਸਥਾਰ ਵਿਚ ਆਖਿਆ ਜਾ ਸਕਦਾ ਹੈ ਉਸ ਨੂੰ ਕਾਵਿ ਵਿਚ ਚਿੰਨ੍ਹਾਂ, ਪ੍ਰਤੀਕਾਂ ਤੇ ਸੰਕੇਤਾਂ ਦੇ ਰੂਪ ਵਿਚ ਪ੍ਰਗਟ ਕੀਤਾ ਜਾਂਦਾ ਹੈ ਇਸ ਲਈ ਹੀ ਇਹਨਾਂ ਰਚਨਾਕਾਰਾਂ ਦੀਆਂ ਰਚਨਾਵਾਂ ਵਿਚ ਮਿਲਦੇ ਰਾਜਸੀ ਸੰਕੇਤ ਰਾਜਨੀਤਿਕ ਵਿਚਾਰਧਾਰਾ ਦਾ ਹੀ ਇਸ਼ਾਰਾ ਹਨ। ਪਾਠ ਦੇ ਇਸ ਹਿੱਸੇ ਵਿਚ 'ਗੁਰਬਿਲਾਸ ਪਾਤਸ਼ਾਹੀ ੧੦' ਤੇ 'ਪ੍ਰਾਚੀਨ ਪੰਥ ਪ੍ਰਕਾਸ਼' ਗ੍ਰੰਥ ਦੀਆਂ ਇਤਿਹਾਸਕ ਘਟਨਾਵਾਂ ਤੇ ਰਾਜਸੀ ਸੰਕੇਤਾਂ ਦੇ ਮਿਲਦੇ ਹਵਾਲਿਆਂ ਦਾ ਵਿਸ਼ਲੇਸ਼ਣ ਕੀਤਾ ਹੈ।

**ਗਰੁਬਿਲਾਸ ਪਾਤਸ਼ਾਹੀ ੧੦**

ਕੁਇਰ ਸਿੰਘ ਗੁਰੂ ਜੀ ਨੇ ਆਨੰਦਪੁਰ ਸਾਹਿਬ ਵਿਚ ਗੁਰੂ ਜੀ ਦੇ ਨਿਵਾਸ ਦੇ ਰਮਣੀਕ ਤੇ ਲਾਸਾਨੀ ਨਜ਼ਾਰਿਆਂ ਬਾਰੇ ਲਿਖਦਾ ਦਸਦਾ ਹੈ ਕਿ ਗੁਰੂ ਜੀ ਦੇ ਦਰਬਾਰ ਵਿਚ ਸੰਘਣੇ ਬਾਗ਼ ਤੇ ਉੱਚੇ ਝੰਡੇ ਝੂਲ ਰਹੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਦੀ ਠਾਠ-ਬਾਠ ਸ਼ਾਹੀ ਸੀ:

ਕੇਤ ਲਖੇ ਬਡ ਊਚ ਬਿਰਾਜਤ ਬਾਗ ਹੀ ਸਘਨ ਲਖੈ ਛਬਿ ਛਾਵੈ।[652]

[652] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 47

ਕਵੀ ਗੁਰੂ ਨੂੰ ਮਨੁੱਖ ਨਹੀਂ ਆਦਿ ਸ਼ਕਤੀ ਮੰਨਦਾ ਹੋਇਆ ਦਸਦਾ ਹੈ ਕਿ ਗੁਰੂ ਦੇ ਰਾਜ ਦਾ ਦਾਅਵਾ ਵੀ ਧਰਮ ਦੇ ਬ੍ਰਹਿਮੰਡੀ ਪਸਾਰੇ ਵਾਂਗ ਹੀ ਹੈ ਜਿਸ ਵਿਚ ਜਗਤ ਦੇ ਕੁੱਲ ਨਗਰ ਤੇ ਦੇਸ ਸ਼ਾਮਲ ਹੋ ਜਾਂਦੇ ਹਨ:

ਮਾਨੁਖ ਨਾਹਿ ਗੁਰੂ ਕੋ ਕਹਿਯੈ। ਆਦਿ ਅਨਾਦਿ ਸੁ ਅਚੁਤ ਲਹੀਯੈ।

ਤਾ ਕੋ ਲੇਖ ਤਵਨ ਕੇ ਸੰਗਾ। ਯਾ ਕੇ ਕਰਮ ਯਾਹਿ ਕੇ ਅੰਗਾ॥

ਉਨ ਕੋ ਦਾਵਾ ਸਗਲ ਖੁਦਾਈ। ਇਨ ਕੇ ਗ੍ਰਾਮ ਦੇਸ ਅਧਿਕਾਈ।[653]

ਜਦੋਂ ਰਾਜਾ ਭੀਮ ਚੰਦ ਆਪਣੇ ਰਾਜ ਕੁਮਾਰ ਦੇ ਵਿਆਹ ਲਈ ਬਰਾਤ ਲੈ ਕੇ ਜਾਣ ਲੱਗਾ ਤਾਂ ਨਿਹੰਗ ਸਿੰਘ ਉਸਨੂੰ ਅਤੇ ਰਾਜ ਕੁਮਾਰ ਨੂੰ ਫੜਕੇ ਗੁਰੂ ਜੀ ਪਾਸ ਲੈ ਗਏ। ਗੁਰੂ ਜੀ ਰਾਜਸੀ ਵਿਰੋਧੀ ਨਾਲ ਵੀ ਰਾਜਸੀ ਵਿਵਹਾਰ ਤੇ ਨੀਤੀ ਨਾਲ ਪੇਸ਼ ਆਏ। ਰਾਜਕੁਮਾਰ ਨੂੰ ਗੁਰੂ ਜੀ ਨੇ ਤੋਹਫ਼ੇ ਵਜੋਂ ਸ਼ਗਨ ਵਿਚ ਘੋੜਾ ਅਤੇ ਹੀਰਿਆਂ ਜੜੇ ਕੰਗਣ ਦਿੱਤੇ ਪਰ ਭੀਮ ਚੰਦ ਦੀ ਫੌਜ ਨੂੰ 'ਦੂਸਰ ਮਾਰਗ ਸੈਨਾ ਜਾਈ'[654] ਦਾ ਹੁਕਮ ਦੇ ਕੇ ਆਪਣੇ ਇਲਾਕੇ ਵਿੱਚੋਂ ਲੰਘਣ ਨਾ ਦਿੱਤਾ:

ਬਾਜਿ ਦੀਨ ਤਿਹ ਤੇ ਅਤਿਭਾਰੀ। ਕੰਕਨ ਪਟ ਦੀਨੇ ਅਧਿਕਾਰੀ।

ਕੁੰਡਲ ਦੀਏ ਸਾਜ ਸਨ ਭਾਰੇ। ਸੰਗ ਦੀਓ ਪੁਨਿ ਬਿੱਪ੍ਰ ਹਕਾਰੇ॥

ਕ੍ਰਿਪਾ ਰਾਮ ਜਿਹ ਨਾਮ ਵਖਾਨੇ। ਦੋ ਸਿਖ ਤਾ ਸੰਗ ਪਠੇ ਸੁਜਾਨੇ।

ਦੋ ਬਾਜੀ ਪੰਚ ਸਤ ਸੁਦਾਮਾ। ਹੇਤ ਨਿਉਦਰੇ ਪਠ ਮੁਖ ਧਾਮਾ॥[655]

ਕੁਇਰ ਸਿੰਘ ਅਨੁਸਾਰ ਭੰਗਾਣੀ ਦੀ ਜੰਗ ਤੋਂ ਬਾਅਦ ਸਿੱਖਾਂ ਦੇ ਹੌਂਸਲੇ ਇੰਨੇ ਵਧ ਗਏ ਕਿ ਉਹ ਮਹਾਰਾਜ ਅੱਗੇ ਬੇਨਤੀ ਕਰਨ ਲੱਗੇ ਕਿ ਗੁਰੂ ਜੀ ਜੇਕਰ ਆਗਿਆ ਦੇਵੇ ਤਾਂ ਸ੍ਰੀਨਗਰ ਤੋਂ ਲੈ ਕੇ ਦਿੱਲੀ ਤੱਕ ਜਿੰਨਾਂ ਵੀ ਰਾਜ ਹੈ ਉਸਨੂੰ ਖੰਡੇ ਨਾਲ ਜਿੱਤ ਕੇ ਉਸ ਦੀਆਂ ਸਾਰੀਆਂ ਹੱਦਾਂ ਇਕ ਕਰ ਦਈਏ:

---

[653] ਉਹੀ, ਪੰਨਾ 149

[654] ਉਹੀ, ਪੰਨਾ 85

[655] ਉਹੀ, ਪੰਨਾ 86

ਤੁਮ ਆਯਸ ਧਰ ਜੀਤ ਤ੍ਰਿਲੋਕਾ। ਏ ਕੇਤਕ ਰਾਜੈਂ ਗਨ ਸੋਕਾ।

ਸਿਰੀ ਨਗਰ ਕੋ ਜੀਤ ਲਿਆਵੈ। ਤਾ ਪਰ ਚਢੈਂ ਲੂਟ ਸੁਖ ਪਾਵੈ॥

ਦਿਲੀ ਲੂਟਤ ਹੋਤ ਨ ਬਾਰੀ। ਖੰਡਨ ਕਰੈਂ ਤੁਰਕ ਗਨ ਝਾਰੀ।

ਆਨੰਦ ਪੁਰ ਪਾਂਵਟ ਕੇ ਮਾਹੀ। ਏਕ ਰਾਜ ਕਰ ਹੈਂ ਅਨ ਚਾਹੀ॥[656]

ਦਸਵੇਂ ਅਧਿਆਇ ਦੀ ਇਕ ਸਾਖੀ ਵਿਚ ਕਵੀ ਦਸਦਾ ਹੈ ਕਿ ਜਦੋਂ ਅਨੰਦਪੁਰ ਵਿਚ ਪਸ਼ੂਆਂ ਲਈ ਘਾਹ-ਪੱਠਾ ਖ਼ਤਮ ਹੋ ਗਿਆ ਤਾਂ ਪੰਥ ਨੇ ਗੁਰੂ ਅੱਗੇ ਅਰਦਾਸ ਕੀਤੀ:

ਘਾਸ ਤ੍ਰਿਨਾ ਕਛੁ ਪਾਯਤ ਦਾਰੁ ਨਾ, ਆਨ ਕੈ ਸਿੱਖ ਗੁਰੂ ਕੋ ਸੁਨਾਵੈ॥

ਹੈ ਗੈ ਪੱਛ ਪਸੂ ਦੁਖ ਪਾਵਤ, ਪੰਥ ਅਰਦਾਸ ਕਰੀ ਗੁਰ ਪਾਹੀ।[657]

ਇਸ ਉਪਰੰਤ ਗੁਰੂ ਨੇ ਸਰਬੱਤ ਦੇ ਭਲੇ ਦੇ ਕਾਰਜ ਲਈ ਸਿੱਖਾਂ ਨੂੰ ਪਹਾੜ ਦੇ ਰਾਜਿਆਂ ਦੇ ਸਾਰੇ ਪਿੰਡਾਂ ਤੋਂ ਕਰ (ਕਰ) ਲੈਣ ਲਈ ਹੁਕਮ ਕੀਤਾ। ਨਾਲ ਹੀ ਫ਼ੁਰਮਾਨ ਕੀਤਾ ਕਿ ਜੇਕਰ ਕੋਈ ਇਹ ਕਰ ਨਹੀਂ ਦਿੰਦਾ ਤਾਂ ਉਸ ਰਾਜੇ ਦੇ ਪਿੰਡ ਤੋਂ ਸਖ਼ਤੀ ਨਾਲ ਕਰ ਇਕੱਠਾ ਕੀਤਾ ਜਾਵੇ। ਇਸ ਗੱਲ ਨੂੰ ਲਾਗੂ ਕਰਨ ਲਈ ਮਨ ਵਿਚ ਰੰਚਕ ਮਾਤਰ ਵੀ ਸੰਕਾ ਨਹੀਂ ਕਰਨਾ। ਸਿੱਖਾਂ ਨੂੰ ਲੋਕ ਭਲਾਈ ਲਈ ਕਰ ਇਕੱਠਾ ਕਰਨ ਦੀ ਇਹ ਉਦਾਹਰਨ ਸਿੱਖਾਂ ਦੇ ਰਾਜ ਸਥਾਪਿਤ ਕਰਨ ਦੀ ਮਿਸਾਲ ਹੈ:

"ਦੇਸ ਪਹਾੜ ਕੀ ਲੀਜੈ ਕਹੀ ਕਰ, ਰਾਜਨ ਗ੍ਰਾਮ ਲਖੋ ਜਿਤਨਾਹੀ।

ਰੰਚਕ ਤ੍ਰਾਸ ਕਰੋ ਨ ਮਨੰਤਰ, ਮਾਰ ਕੈ ਲੂਟ ਸੁ ਧੂਮ ਮਚਾਹੀ"॥

ਯੌਂ ਸੁਨ ਸਿੱਖ ਚੜ੍ਹੇ ਤਬੈ, ਦੇਸ ਦੇਸ ਕਰਿ ਲੂਟ।

ਰਾਜਨ ਪੁਰ ਹਲ ਚਾਲ ਭੀ, ਦੂਖ ਜਗਤ ਸਭ ਕੂਟ॥[658]

---

[656] ਉਹੀ, ਪੰਨਾ 98

[657] ਉਹੀ, ਪੰਨਾ 142

[658] ਉਹੀ, ਪੰਨਾ 142

ਕਵੀ ਕੁਇਰ ਸਿੰਘ ਆਨੰਦਪੁਰ ਸਾਹਿਬ ਦੇ ਘੇਰੇ ਵਾਲੀ ਘਟਨਾ ਦੇ ਹਵਾਲੇ ਨਾਲ ਗੁਰੂ ਵੱਲੋਂ ਰਚੇ ਦੋ ਕੌਤਕਾਂ ਬਾਰੇ ਦਸਦਾ ਹੈ ਕਿ ਜਦੋਂ ਦੁਸ਼ਮਣ ਦੇ ਦੂਤ ਦੁਵੱਲੀ ਗੱਲਬਾਤ ਲਈ ਆਏ ਤਾਂ ਗੁਰੂ ਜੀ ਨੇ ਉਹਨਾਂ ਦਾ ਬਹੁਤ ਆਦਰ ਕੀਤਾ ਉਹਨਾਂ ਨੂੰ ਅਨੇਕਾਂ ਪ੍ਰਕਾਰ ਦੇ ਖਾਧ-ਪਦਾਰਥ ਖਾਣ ਲਈ ਪਰੋਸੇ ਤੇ ਉਹਨਾਂ ਨੂੰ ਅੰਨ-ਧੰਨ ਦੇ ਬੇਅੰਤ ਖਜ਼ਾਨਿਆ ਦੇ ਦਰਸ਼ਨ ਕਰਵਾਏ:

ਪੁਨਿ ਆਯੋ ਕਾਜੀ ਇਕ ਦੂਤਾ। ਤਾ ਕੋ ਗੁਰ ਕਰ ਆਦਰ ਪੂਤਾ।
ਚੂਰਨ ਇੱਖ ਕਰੀ ਖੁਲਵਾਹੀ। ਦੂਧ ਪਾਨ ਸਭ ਰਸ ਖਟ ਭਾਈ॥
ਨਾਨਾ ਭਾਂਤਿਨ ਸੁਖ ਤਿਨ ਦੇਖਾ। ਅਨ ਧੰਨ ਕੋਸ ਅੰਤ ਨ ਲੇਖਾ।
ਕੋਸ ਖਾਤ ਅੰਨ ਧਨ ਘ੍ਰਿਤ ਕੇਰੇ। ਤਾਹਿ ਦਿਖਾਵਤ ਆਪ ਸੁ ਟੇਰੇ॥
ਏ ਸਬ ਖਾਇ ਬਹੁਰ ਉਠ ਜੈਹੈਂ। ਯਾ ਤੁਮ ਸੋ ਹਮ ਸੰਗਰ ਕੈ ਹੈਂ।[659]

ਔਰੰਗਜ਼ੇਬ ਤੇ ਪਹਾੜੀ ਰਾਜਿਆਂ ਦੇ ਦੂਤਾਂ ਨੇ ਅੰਨ-ਧੰਨ ਦੇ ਬੇਅੰਤ ਖਜ਼ਾਨੇ ਵੇਖ ਕੇ ਸੂਹ ਦਿੱਤੀ ਕਿ ਭਾਵੇਂ ਅਸੀਂ ਚਾਰ ਸਾਲ ਤੱਕ ਲਗਾਤਾਰ ਅਨੰਦਪੁਰ ਸਾਹਿਬ ਨੂੰ ਘੇਰੇ ਪਾ ਰੱਖੀਏ ਤਾਂ ਵੀ ਗੁਰੂ ਦੇ ਬੇਅੰਤ ਖਜ਼ਾਨੇ ਨਹੀਂ ਮੁੱਕਣਗੇ:

ਯਾ ਬਿਧਿ ਲਖ ਕੈ ਦੂਤ ਸੋ ਆਵੈਂ। ਜਾਇ ਨ੍ਰਿਪਨ ਸੋ ਬੈਨ ਸੁਨਾਵੈਂ॥
ਅਨ ਘਾਸ ਘ੍ਰਿਤ ਬਸਨ ਅਪਾਰਾ। ਗੁਰ ਕੋਸਨ ਕੋ ਅੰਤ ਨ ਪਾਰਾ।
ਸੁਨ ਕੈਸੇ ਤਬ ਐਸ ਬਖਾਨੈ। ਚਾਰ ਬਰਸ ਕੋ ਘੇਰਾ ਠਾਨੈ॥
ਚਾਰ ਬਰਸ ਲੌ ਅਨਗਨ ਕੋਸਾ। ਅਜ ਹੂੰ ਪਰੇ ਅੰਨ ਧਨ ਤੋਸਾ।[660]

ਗੁਰੂ ਜੀ ਵੱਲੋਂ ਦੂਤਾਂ ਦਾ ਇਹ ਸ਼ਾਹੀ ਸਵਾਗਤ ਦੇਖ ਕੇ ਸਿੰਘਾਂ ਨੇ ਗੁਰੂ ਨੂੰ ਕਿਹਾ ਕਿ ਅਸੀਂ ਮਹੀਨਿਆਂ ਤੋਂ ਭੁੱਖੇ ਰਹਿ ਰਹੇ ਹਾਂ ਸਾਨੂੰ ਅੰਨ ਨਹੀਂ ਮਿਲ ਰਿਹਾ ਤੁਰਕਾਂ ਨੂੰ ਤੁਸੀਂ ਮਿੱਠੇ ਸਲੂਨੇ ਪਦਾਰਥ ਪਰੋਸੇ ਹਨ।

---

[659] ਉਹੀ, ਪੰਨਾ 187

[660] ਉਹੀ, ਪੰਨਾ 187

ਸਿੰਘਾਂ ਨੇ ਗੁਰੂ ਨੂੰ ਇਹ ਵੀ ਕਿਹਾ ਕਿ ਦੁਸ਼ਮਣ ਆਪੋ-ਆਪਣੇ ਧਾਰਮਿਕ ਅਕੀਦਿਆਂ ਅਨੁਸਾਰ ਸਹੁੰਆਂ ਖਾ ਰਹੇ ਹਨ ਤੇ ਅਸੀਂ ਕਿਲ੍ਹਾ ਛੱਡ ਦੇਈਏ:

ਇਤ ਸਬ ਸਿੰਘ ਐਸ ਉਚਰਾਹੀ। "ਬਡ ਬਿਸ ਮੈ ਹਮ ਬਾਤ ਲਖਾਹੀ॥

ਹਮੈ ਨ ਦੇਤ ਅੰਨ ਕਿਛੁ ਖਾਹੀ ਤੁਰਕਨ ਸੋ ਅਤਿ ਦੇਤ ਭਨਾਹੀ।"

ਮਾਤਾ ਸੰਗ ਲਿਆਇ ਪੁਨਿ ਤੇਹੀ। "ਇਨ ਦੂਤਨ ਕੋ ਖਟਰਸ ਦੇਹੀ"॥

ਕਹੈਂ ਗੁਰੂ ਜੀ, "ਤੁਰਕ ਉਚਾਰੇਂ। ਗੌ ਸੂਕਰ ਸੌਗੰਧ ਪੁਕਾਰੇਂ।

ਬੇਦ ਪੁਰਾਨ ਬੀਚ ਤੁਮ ਦੇਹੀ। ਚਲੋ ਨ ਜਾਤੇ ਭਰਮ ਕਰੇਹੀ"॥[661]

ਸਿੱਖਾਂ ਦੀ ਇਹ ਗੱਲ ਸੁਣ ਕੇ ਗੁਰੂ ਜੀ ਨੇ ਕੌਤਕ ਕੀਤਾ। ਪੁਰਾਣੇ ਫਟੇ-ਪੁਰਾਣੇ ਕੱਪੜਿਆਂ ਤੇ ਜੁੱਤੀਆਂ ਦੇ ਥੈਲੇ ਭਰ ਕੇ ਦੁਸ਼ਮਣ ਵੱਲ ਤੋਰ ਦਿੱਤੇ:

ਸ੍ਰੀ ਗੁਰ ਕਹੈ, "ਝੂਠ ਵਹੁ ਕੈ ਹੈਂ। ਤੁਮੇ ਦਿਖਾਹਿ ਕੌਤੁਕੋ ਚਹਿ ਹੈਂ।"

ਤਬ ਕੌਤੁਕ ਹਿਤ ਚਮੜੇ ਲੀਨੇ। ਪਨ੍ਹੀ ਤੋਬਰੇ ਅੰਤ ਨ ਬੀਨੇ॥

ਕਾਠੀ ਜੀਨ ਮਲੀਨ ਮੰਗਾਈ। ਹਾਡ, ਪੁਰਾਨੇ ਚੀਰ, ਅਧਿਕਾਈ।

ਠੀਕਰ ਪਾਹਨ ਬੁਰਦ ਸੋ ਪੋਸਾ। ਊਨ ਕਪਾਸ ਮਲਨ ਭਰ ਕੋਸਾ॥

ਪਨੀ ਪੁਰਾਨੀ ਕੁਪੀਅਨ ਹੀਨੀ। ਏ ਸਬ ਏਕਠ ਕਰੀ ਸੁ ਚੀਨੀ।

ਭਿੰਨ ਭਿੰਨ ਕਰ ਗੂਨ ਭਰਾਹੀ। ਭਰੈ ਬੈਲ ਸਾ ਦਏ ਚਲਾਈ॥[662]

ਦੁਸ਼ਮਣ ਦੇ ਦੂਤਾਂ ਨੂੰ ਪੱਤਰ ਲਿਖ ਕੇ ਭੇਜ ਦਿੱਤਾ ਕਿ ਕਿਲ੍ਹਾ ਛੱਡਣ ਤੋਂ ਪਹਿਲਾਂ ਸਾਡਾ ਖਜ਼ਾਨਾ ਜਾ ਰਿਹਾ ਹੈ ਮਗਰੋਂ ਅਸੀਂ ਕੂਚ ਕਰਾਂਗੇ:

ਲਿਖ ਪਤ੍ਰ ਪਠੇ ਉਨ ਦੂਤਨ ਕੋ, ''ਤੁਮ ਬੈਨ ਧਰੇ ਹਮ ਜਾਂਹਿ ਤਜਾਹੀ।

---

[661] ਉਹੀ, ਪੰਨਾ 187

[662] ਉਹੀ, ਪੰਨਾ 187

ਪੂਰਬ ਕੋਸ ਖਜਾਨਾ ਚਲੈ'', ਸਬ ਸੁਹਰਤ ਭੀ ਗੁਰ ਕੂਚ ਕਰਾਹੀ।[663]

ਜਦੋਂ ਇਹ ਖਜ਼ਾਨੇ ਵਾਲੇ ਗੱਡੇ ਆਨੰਦਪੁਰ ਦੀ ਹੱਦਬੰਦੀ ਲੰਘੇ ਤਾਂ ਤੁਰਕ ਅਤੇ ਹਿੰਦੂ ਆਪੋ-ਆਪਣੇ ਧਰਮ ਦੀਆਂ ਖਾਧੀਆਂ ਕਸਮਾਂ ਭੁਲਾ ਕੇ ਖਜ਼ਾਨੇ ਨੂੰ ਲੁੱਟਣ ਪੈ ਗਏ:

ਮੋਰਚਾ ਲਾਂਘ ਗਏ ਗੁਰੂ ਕੋ ਜਬ, ਤਾਹਿ ਕੇ ਬੀਚ ਜਬੈ ਪ੍ਰਵਿਸਾਹੀ।

ਪੇਖ ਕੇ ਬਸ ਭਏ ਤਿਹ ਲੋਭ ਮੈ, ਧਰਮ ਦੀਓ ਤਜ ਕੈ ਤਿਨ ਨਾਹੀ।

ਜੋ ਗੁਰ ਏਕਠ ਯਾਹਿ ਕਰੀ, ਹਮ ਖੋਸਤ ਸੋ ਬਸ ਲੇਹ ਭਨਾਹੀ॥[664]

ਗੁਰੂ ਜੀ ਨੇ ਕਿਹਾ ਪਹਾੜੀਆਂ ਨੇ ਰਾਤ ਨੂੰ ਚੋਰਾਂ ਵਾਂਗ ਹਮਲਾ ਕਰਕੇ ਆਪਣੀ ਲਾਜ ਮਾਰ ਕੇ ਧਰਮ ਦਾ ਵਚਨ ਤੋੜ ਦਿੱਤਾ। ਅਜਿਹੇ ਮਨੁੱਖ ਦੀਨ ਤੇ ਦੁਨੀਆ ਵਿਚ ਧਰਕਾਰੇ ਜਾਂਦੇ ਹਨ:

ਧਰਮ ਕੌਲ ਭੂਪਨ ਕੋ ਬੋਰਾ। ਮਰੈ ਲਾਜ ਸੋ ਤੇ ਸਠ ਚੋਰਾ॥

ਜੇ ਕੋ ਯਾ ਬਿਧਿ ਗੁਰਮਤਿ ਤਜਾਗੇ। ਇਹ ਜਗ ਧ੍ਰਿਗਤਿਹ ਦੋਜਕ ਆਗੇ।[665]

ਦੁਸ਼ਮਣ ਵੱਲੋਂ ਟੁੱਟੇ-ਛਿੱਤਰਾਂ ਦੇ ਭਰੇ ਗੱਡੇ ਲੁੱਟਣ ਦੀ ਘਟਨਾ ਨੂੰ ਦਿਖਾਉਣ ਲਈ ਸਿੱਖਾਂ ਨੂੰ ਬੁਲਾ ਕੇ ਕਿਹਾ ਦੁਸ਼ਮਣ ਦਾ ਇਹ ਚਰਿੱਤਰ ਅੱਖਾਂ ਨਾਲ ਦੇਖੋ ਤੁਸੀਂ ਕਹਿ ਰਹੇ ਸੀ ਕਿ ਧਰਮ ਦੀਆਂ ਕਸਮਾਂ ਖਾ ਰਿਹਾ ਹੈ। ਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ ਕਿ ਇਕ ਗੱਲ ਪੱਕੀ ਮਨ ਵਿਚ ਠਾਣ ਲਵੋ ਕਿ ਪਹਾੜੀ ਰਾਜੇ ਕਾਇਰ ਤੇ ਕੱਚੇ ਹਨ ਤੇ ਇਹ ਕਦੇ ਵੀ ਬਚਨਾਂ ਦੇ ਸੱਚੇ ਨਹੀਂ ਰਹੇ। ਤੁਸੀਂ ਇਹਨਾਂ ਦੇ ਧਾਰਮਿਕ ਰਸਮਾਂ ਥੱਲੇ ਛੁਪੇ ਰਾਜਨੀਤਿਕ ਛਲ ਨੂੰ ਨਹੀਂ ਸਮਝਿਆ। ਗੁਰੂ ਨੇ ਪਹਾੜੀਆਂ ਦੀ ਕਚਿਆਈ ਬਾਰੇ ਸਪਸ਼ਟ ਕਿਹਾ ਕਿ ਪਹਾੜੀ ਰਾਜਿਆਂ ਵਰਗਾ ਧਰਤੀ 'ਤੇ ਕੋਈ ਦਗੇਬਾਜ਼ ਨਹੀਂ ਹੈ ਤੇ ਇਹ ਸੰਗਤ 'ਤੇ ਵੀ ਹਮਲਾ ਕਰਨਗੇ:

ਯਾ ਬਿਧਿ ਤਿਨੈ ਭਯੋ ਉਪਹਾਸਾ। ਸਾਹਿਬ ਬਿਗਸਯੋ ਪੇਖ ਤਮਾਸਾ॥

ਸ੍ਰੀ ਗੁਰ ਸਿੱਖ ਬੁਲਾਇ ਲਏ, ਕਹਯੋ, ''ਯਾਹਿ ਚਰਿਤ੍ਰ ਲਖੋ ਚਖ ਮਾਹੀ।

---

[663] ਉਹੀ, ਪੰਨਾ 187

[664] ਉਹੀ, ਪੰਨਾ 187

[665] ਉਹੀ, ਪੰਨਾ 189

ਤੁਮ ਤੋ ਕਹਤੇ ਪ੍ਰਭੁ ਧਰਮ ਬਖਾਨਤ, ਏਹ ਪਹਾਰੀਏ ਕਾਤੁਰ ਕਾਹੀ।

ਕਾਚੇ ਪਹਾਰੀਏ ਜਾਨ ਲਖੋ ਮਨ, ਬੈਨ ਕੇ ਸਾਚ ਕਬੈ ਇਹ ਨਾਹੀ।

ਤੁਮ ਜਾਨਤ ਨਾ ਇਨਕੇ ਛਲ ਕੋ, ਦਗੇ ਬਾਜ ਮਹਾਂ ਇਨਸੋ ਧਰ ਨਾਹੀ॥

ਜੌ ਹਮ ਕੂਚ ਕਰੈਂ ਇਤ ਤੇ, ਉਨ ਤੌ ਸਬ ਸੰਗਤ ਮੈ ਪ੍ਰਵਿਸਾਹੀ।[666]

ਗੁਰੂ ਜੀ ਸਿੱਖਾਂ ਨੂੰ ਪਹਾੜੀ ਰਾਜਿਆਂ ਤੇ ਦੁਸ਼ਮਣ ਦੀਆਂ ਅਣਗਿਣਤ ਰਾਜਨੀਤਿਕ ਤੇ ਯੁੱਧਨੀਤਿਕ ਚਾਲਾਂ ਬਾਰੇ ਦੱਸਕੇ ਸੰਸਾਰ ਵਿਚ ਖ਼ਾਲਸੇ ਦੇ ਸੱਚਾ ਰਾਜ ਹੋਣ ਦਾ ਬਚਨ ਕਰਦੇ ਹੋਏ ਕਿਲ੍ਹਾ ਨਾ ਛੱਡਣ ਦਾ ਧੀਰਜ ਦੇ ਰਹੇ ਹਨ:

ਯਾ ਬਿਧਿ ਕੇਤਕ ਕਾਲ ਬਿਤਜੋ, ਅਤਿ ਕਸਟ ਸੋ ਕਾਲ ਬਿਤਾਵਤ ਆਹੀ।

ਰਾਜ ਭਵੈ ਤੁਮਰੋ ਜਗ ਮੈ, ਸਬ ਧੀਰਜ ਧਾਰ ਰਹੋ ਮਨ ਮਾਹੀ।

ਅਗਨੰਤ ਚਰਿਤ੍ਰ ਕਰੇ ਪ੍ਰਭੁ ਜੂ ਤਬ, ਗਾਥ ਸੁਨੋ ਇਕ ਸਿੱਖ ਸੁਨਾਹੀ॥[667]

ਉਪਰੋਕਤ ਕੌਤਕ ਗੁਰੂ ਜੀ ਨੇ ਦੁਸ਼ਮਣ ਨੂੰ ਹੈਰਾਨ ਕਰਨ ਲਈ ਤੇ ਸਿੱਖਾਂ ਨੂੰ ਉਹਨਾਂ ਦੇ ਧਾਰਮਿਕ ਕਰਮਾਂ ਪਿੱਛੇ ਲੁਕੀ ਰਾਜਨੀਤਿਕ ਤੇ ਯੁੱਧਨੀਤਿਕ ਵਿਉਂਤਬੰਦੀ ਬਾਰੇ ਸਮਝਾਉਣ ਲਈ ਹੀ ਰਚੇ।

ਕੁਇਰ ਸਿੰਘ ਦਸਦਾ ਹੈ ਕਿ ਜਦੋਂ ਤਾਰਾ ਆਜ਼ਮ ਦੀ ਫੌਜ ਨੇ ਬਾਦਸ਼ਾਹ ’ਤੇ ਹਮਲਾ ਕੀਤਾ ਤਾਂ ਉਸ ਨੇ ਗੁਰੂ ਜੀ ਨੂੰ ਯਾਦ ਕੀਤਾ ਤਾਂ ਗੁਰੂ ਜੀ ਬਾਦਸ਼ਾਹ ਦੀ ਸਹਾਇਤਾ ਲਈ ਸਿੰਘਾਂ ਨਾਲ ਆ ਪਹੁੰਚੇ। ਇਸ ਜੰਗ ਵਿਚ ਬਾਦਸ਼ਾਹ ਦੀ ਜਿੱਤ ਹੋਈ। ਕਵੀ ਕੁਇਰ ਸਿੰਘ ਦਾ ਬਿਆਨ ਬਹੁਤ ਮਹੱਤਵਪੂਰਨ ਹੈ ਕਿ ਰਾਜਨੀਤੀ ਵਿਚ ਜਿੱਤ ਪ੍ਰਾਪਤ ਕਰਨ ਵਾਲੀ ਧਿਰ ਨਾਲ ਕਿਸ ਤਰ੍ਹਾਂ ਲੋਕ ਆਪਣੀ ਫੋਕੀ ਬਹਾਦਰੀ ਜੋੜ ਲੈਂਦੇ ਹਨ। ਜੋ-ਜੋ ਸੂਰਵੀਰ ਬਾਦਸ਼ਾਹ ਨੂੰ ਜਿੱਤ ਦੀ ਵਧਾਈ ਦੇਣ ਆ ਰਿਹਾ ਹੈ ਉਹ ਹਰ ਇਕ ਇਹ ਹੀ ਕਹਿ ਰਿਹਾ ਹੈ ਕਿ ਮੇਰੇ ਤੀਰ ਨਾਲ ਤਾਰਾ ਆਜ਼ਮ ਮਾਰਿਆ ਹੈ:

ਜੋ ਜੋ ਬੀਰ ਸਾਹਿ ਤਟ ਆਵਤ। ਨਿਜ ਪੁਰਖਤ ਸੁ ਸਾਹ ਸੁਨਾਵਤ॥

---

[666] ਉਹੀ, ਪੰਨਾ 189

[667] ਉਹੀ, ਪੰਨਾ 189

ਏਕ ਕਹੈਂ ਹਮ ਨੇ ਸਰ ਮਾਰਾ। ਦੂਸਰ ਕਹੇ ਜੋ ਮੋਹ ਪ੍ਰਹਾਰਾ।

ਅਨਤ ਬਦਤ ਮਮ ਦਯੋ ਗਿਰਾਈ। ਕੋ ਪੁਨਿ ਕਹੋ ਲੇਸ ਮਮ ਲਾਈ॥

ਇਹ ਬਿਧਿ ਬੀਰ ਸਾਹ ਤਟ ਕਹੈਂ। ਸੁਨ ਬਚ ਸਾਹ ਮੋਨ ਹ੍ਵੈ ਰਹੈ।

ਪੁਨਿ ਬੋਲਾ ਤਾ ਕੋ ਤਬ ਸੰਗਾ। ਦਸਤੇ ਲੇਹੁ ਮੰਗਾਇ ਖਤੰਗਾ॥

ਲੈ ਦਸਤੇ ਵਹਿ ਆਵਤ ਬੀਰ, ਕਿਸ ਵਹਿ ਸਾਥ ਮਿਲੈਂ ਨਹੀ ਬਾਨਾ।

ਸਾਹਿ ਧਰੈ ਕਰ ਆਪਨ ਬੀਚ, ਬਖਾਨਤ ਬੈਨ ਸੁਨੈ ਸਭ ਜੁਆਨਾ।[668]

ਕਵੀ ਦਸਦਾ ਹੈ ਕਿ ਜਦੋਂ ਬਾਦਸ਼ਾਹ ਸ਼ਾਹ ਨੇ ਤੀਰ ਮੰਗਵਾ ਕੇ ਪਹਿਚਾਣਿਆ ਤੇ ਕਿਹਾ ਕਿ ਮੈਂ ਜਾਣਦਾ ਹਾਂ ਕਿ ਤੀਰ ਕਿਸ ਦਾ ਹੈ?

ਸੁਨ ਬਤੀਆਂ ਤਿਹ ਸੈਨ ਕੀ, ਕਹਾ ਸਾਹ ਤਿਹ ਬਾਨ।

"ਮੈ ਜਾਨਤ ਤਿਨ ਕੋ ਭਲੈ, ਜਿਹ ਤਰਕਸ ਕਾ ਬਾਨ"॥[669]

ਕਵੀ ਅਨੁਸਾਰ ਬਾਦਸ਼ਾਹ ਨੇ ਅਹਿਸਾਨ ਮੰਨਿਆ ਕਿ ਗੁਰੂ ਜੀ ਦੀ ਸਹਾਇਤਾ ਨਾਲ ਹੀ ਮੈਨੂੰ ਰਾਜ ਮਿਲਿਆ ਹੈ। ਕਵੀ ਸਿੱਖਾਂ ਦੀ ਰਾਜਸੀ ਚੇਤਨਾ ਨੂੰ ਗੁਰੂ ਜੀ ਦੇ ਮੁਗ਼ਲਾਂ ਨੂੰ ਦਿੱਤੇ ਰਾਜ ਦੇ ਵਰ ਨਾਲ ਸਪਸ਼ਟ ਕਰ ਰਿਹਾ ਹੈ:

ਧੰਨ ਧੰਨ ਪ੍ਰਭੁ ਅਲਖ ਅਪਾਰਾ। ਨਿਹਚਲ ਕੀਨੋ ਰਾਜ ਹਮਾਰਾ।

ਦਜਾ ਧਾਰ ਹਮਰੇ ਗ੍ਰਿਹ ਆਏ। ਤਖਤ ਬਖਤ ਤੁਮ ਤੇ ਮਮ ਪਾਏ॥

ਬਾਬਰ ਔ ਤਿਮਰ ਲੰਗ ਕੋ, ਜਾ ਬਿਧਿ ਕਰੁਣਾ ਕੀਨ।

ਤਿਸੀ ਤਰਾਂ ਮੁਹਿ ਦਯਾਲ ਹ੍ਵੈ, ਰਾਜ ਸਿੰਘਾਸਨ ਦੀਨ॥[670]

---

[668] ਉਹੀ, ਪੰਨਾ 251

[669] ਉਹੀ, ਪੰਨਾ 251

[670] ਉਹੀ, ਪੰਨਾ 258

ਕਵੀ ਅਨੁਸਾਰ ਗੁਰੂ ਜੀ ਨੇ ਬਾਦਸ਼ਾਹ ਨੂੰ ਚੰਗਾ ਰਾਜ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਕਿਹਾ ਕਿ ਰਾਜਨੀਤੀ ਵੱਡਿਆਂ ਤੋਂ ਸਿੱਖਣੀ ਚਾਹੀਦੀ ਹੈ। ਰਾਜੇ ਨੂੰ ਆਪਣੀ ਪਰਜਾ ਨੂੰ ਇਸ ਤਰ੍ਹਾਂ ਸੰਭਾਲਣਾ ਚਾਹੀਦਾ ਹੈ ਜਿਵੇਂ ਮਾਲੀ ਫੁੱਲਾਂ ਨੂੰ ਕੰਡਿਆਂ ਦੀ ਵਾੜ ਕਰਦਾ ਹੈ। ਜਿਵੇਂ ਕੋਈ ਗਵਾਲਾ ਆਪਣੇ ਪਸ਼ੂਆਂ ਦੇ ਵੱਗ ਨੂੰ ਸ਼ੇਰਾ ਗਿੱਦੜਾਂ ਦੇ ਹਮਲੇ ਤੋਂ ਬਚਾ ਕੇ ਰੱਖਦਾ ਹੈ:

ਪੁਨਿ ਜਿਹ ਭਾਂਤ ਸੁ ਸਾਯਕ ਮਾਰਾ। ਪੂਛਤ ਕਹਤ ਨਾਥ ਅਵਤਾਰਾ।
ਪੁਨਿ ਗੁਰ ਕਹਯੋ ਯਹੀ ਬਿਧਿ ਕੀਜੈ। ਰਾਜਨੀਤਿ ਬਡਿਅਨ ਕੀ ਲੀਜੈ
ਚੁਗਲ ਸੰਗ ਨਹਿ ਕਰੋ ਪਿਆਰਾ। ਰੈਯਤ ਫੂਲਨ ਮਾਲ ਸੰਭਾਰਾ।
ਕੰਡਿਅਨ ਓੜ ਦੂਰ ਕਰੀਜੈ। ਖੇਤ੍ਰੀ ਫਲ ਮਾਲੀ ਸੁਖ ਕੀਜੈ॥
ਗ੍ਵਾਲਿਨ ਜਯੋਂ ਨਜਰ ਰਾਖਈ, ਅਪਨ ਮਾਲ ਕੇ ਬੀਚ।
ਸਿੰਘ ਸਤ੍ਰ ਬਿਕ੍ਰ ਦੁਸਟ ਨਰ, ਤਾਹਿ ਨਿਕਟ ਤੇ ਖਚ॥[671]

ਗਰੀਬ ਨੂੰ ਦੇਖ ਕੇ ਉਸਤੇ ਦਇਆ ਕਰੋ ਤੇ ਸਾਰਿਆਂ ਨੂੰ ਇਕ ਸਮਾਨ ਮੰਨੋ। ਰਾਜੇ ਦੀ ਭਗਤੀ ਨਿਆਂ ਕਰਨਾ ਹੀ ਹੈ ਤੇ ਰਾਜਾ ਗਰੀਬ ਤੇ ਸ਼ਾਹ ਸਾਰਿਆਂ ਨੂੰ ਇਕ ਸਮਾਨ ਮੰਨੇ:

ਰੰਕ ਦੇਖ ਕਰ ਦਯਾ ਕਰੀਜੈ। ਪੂਜ ਰਮਾ ਨੀਕੋ ਨਿਰਬੀਜੈ?।
ਜਿਉਂ ਖੇਤੀ ਮੈਂ ਹੋਇ ਕੰਡਜਾਰੀ। ਗਾਈ ਮੈਂ ਜਯੋਂ ਬੈਲ ਸੁ ਭਾਰੀ।
ਤਯੋਂ ਰੈਯਤ ਕੈ ਬੀਚ ਪਛਾਨੋ। ਇਨ ਕੋ ਤਾੜਨ ਅਧਿਕ ਪਛਾਨੋ।
ਬੰਧਨ ਗਾਈ ਬੈਲ ਨਥੀਜੈ। ਕੰਡਿਆਰੀ ਅਤਿ ਜੁਦਾ ਕਰੀਜੈ॥[672]

ਕਵੀ ਦਸਦਾ ਹੈ ਕਿ ਗੁਰੂ ਸਾਹਿਬ ਨੇ ਕਿਹਾ ਕਿ ਰਾਜੇ ਲਈ ਨਿਆਂ ਕਰਨਾ ਹੀ ਬੰਦਗੀ ਸਮਾਨ ਹੈ। ਰਾਜਾ ਖ਼ੁਦਾ ਨੂੰ ਹਾਜ਼ਰ-ਨਾਜ਼ਰ ਮੰਨ ਕੇ ਰੰਕ ਤੇ ਸ਼ਾਹ ਨੂੰ ਇਕ ਸਮਝ ਕੇ ਨਿਆਂ ਕਰੇ ਤੇ ਦੁਸ਼ਟਾਂ ਨਾਲ ਵੀ ਆਪਣੇ ਸਹਿਜ ਸੁਭਾ ਅਨੁਸਾਰ ਪੇਸ਼ ਆਵੇ ਐਸਾ ਰਾਜਾ ਹੀ ਰਾਜ ਦੇ ਯੋਗ ਹੈ:

---

[671] ਉਹੀ, ਪੰਨਾ 259

[672] ਉਹੀ, ਪੰਨਾ 260

ਰਾਜਨ ਕੋ ਬੰਦਗੀ ਯਹੀ, ਨਜਾਇ ਬੀਚ ਪਰਮਾਨ।

ਰੰਕ ਸਾਹ ਸਭ ਏਕ ਖੁਦ, ਬਾ ਖੁਦਾਇ ਕੋ ਮਾਨ॥

ਐਸਾ ਸਾਹ ਹੋਇ ਅਧਿਕਾਈ। ਦੁਸ਼ਟ ਸੰਗ ਨਹਿ ਕਰੈ ਸੁਭਾਈ।

ਕੈ ਅਪਨੇ ਕਾਰਜ ਚਿਤ ਲਾਈ। ਜਾ ਮੈ ਦੂਖ ਨ ਕੋਈ ਆਹੀ॥

ਨੇਬ ਹੋਇ ਜਾ ਕੋ ਸੋ ਬਿਰਾਗੀ। ਬੁਰੇ ਕਾਮ ਮੈ ਦ੍ਰਿਸ੍ਟਿ ਨ ਲਾਗੀ।

ਆਪਨ ਕੋ ਸਭ ਆਪ ਸੁ ਮਾਨ। ਮੁਖ ਸੇ ਅੰਗ ਸਭੇ ਕਰ ਜਾਨ॥

ਦ੍ਰਿਸ੍ਟਿ ਕਰੇ ਆਪਨ ਚਿਤ ਲਾਈ। ਕਾਹੂ ਗਏ ਨ ਖਿਝਤ ਸਦਾਈ।

ਤੈਸੇ ਆਪਨ ਕੋ ਯਹਿ ਮਾਨੋ। ਨਿਕਟਿ ਖੁਦਾਇ ਨਜਾਇ ਕੈ ਠਾਨੋ॥

ਸੁਨਤ ਬਾਤ ਸਾਹਿਬ ਕੀ ਐਸੀ। ਮਨ ਮੈ ਭਯੋ ਬਿਰਾਗ ਬਿਸੇਖੀ।

ਧੰਨ ਸਤਿਗੁਰ ਹੈ ਜੋ ਅਵਤਾਰਾ। ਰਾਜ ਬੀਚ ਅਰ ਜੋਗ ਉਤਾਰਾ॥[673]

ਪਹਾੜ੍ਹੀ ਰਾਜੇ ਗੁਰੂ ਜੀ ਦੀ ਰਾਜਸੀ ਰਹਿਣੀ-ਬਹਿਣੀ ਤੋਂ ਬਹੁਤ ਔਖੇ ਸਨ। ਭੀਮ ਚੰਦ ਰਾਜਾ ਗੁਰੂ ਜੀ ਦੀ ਵਧ ਰਹੀ ਰਾਜਸੀ ਆਭਾ ਨਾਲ ਈਰਖਾ ਪ੍ਰਗਟ ਕਰਦਾ ਹੋਇਆ ਇਕ ਥਾਂ ਦੋ ਰਾਜਿਆਂ ਦੇ ਰਹਿਣ ਨੂੰ ਦੁੱਖ ਦਾ ਕਾਰਨ ਦਸਦਾ ਹੈ:

ਇਕ ਥਾਨ ਦੋਊ ਨ੍ਰਿਪ ਦੂਖ ਲਹੈ, ਜਿਮ ਏਕ ਅਰੰਨ ਮੈ ਦੋ ਸਿੰਘ ਭਾਰੀ।

ਕੇਹਰਿ ਦੋਇ ਬਨੇ ਨਹਿ ਸੋਭਤ, ਐਸ ਹੀ ਭਾਂਤ ਮਿਯਾਨ ਕਟਾਰੀ।[674]

ਇਸ ਈਰਖਾ ਵਿਚ ਗੁਰੂ ਸਾਹਿਬ ਨੂੰ ਲੜਾਈ ਦਾ ਸੱਦਾ ਦਿੰਦਾ ਹੈ ਤਾਂ ਗੁਰੂ ਜੀ ਸਿੱਖ ਸੰਗਤਾਂ ਨੂੰ ਧੀਰਜ ਦਿੰਦੇ ਦਸਦੇ ਹਨ ਕਿ ਯੁੱਧ ਤੋਂ ਡਰ ਕੇ ਅਸੀਂ ਕਦ ਤੱਕ ਆਪਣਾ ਟਿਕਾਣਾ ਬਦਲਦੇ ਰਹਾਂਗੇ। ਗੁਰੂ ਜੀ ਨੇ ਫਰਮਾਇਆ ਕਿ ਅਸੀਂ ਯੁੱਧ ਕਰਕੇ ਤੁਰਕਾਂ ਦਾ ਖ਼ਾਤਮਾ ਕਰਾਂਗੇ:

ਅਨਿਕ ਸਮਰ ਯਾ ਜਗਤ ਮੈ, ਹਮ ਕਹੁ ਬਨ ਹੈਂ ਆਨ।

[673] ਉਹੀ, ਪੰਨਾ 260

[674] ਉਹੀ, ਪੰਨਾ 77

ਤਾ ਕੋ ਤ੍ਰਾਸ ਸੁ ਮਾਨ ਕੈ, ਜੈ ਹੈ ਕਿਤ ਕਿਤ ਥਾਨ॥

ਸ੍ਰੀ ਗੁਰ ਦੇਵ ਪਠਾ ਹਮ ਕੋ, ਧਰ ਜੁੱਧ ਕਰੈਂ ਸਭ ਤੁਰਕ ਬਿਦਾਰੈ।[675]

ਕੁਇਰ ਸਿੰਘ ਗੁਰੂ ਦੀ ਰਾਜਸੀ ਸ਼ਾਨ ਨੂੰ ਬਿਆਨ ਕਰਦਾ ਦਸਦਾ ਹੈ ਕਿ ਗੁਰੂ ਜੀ ਸਿੰਘਾਸਣ 'ਤੇ ਬਿਰਾਜ ਕੇ ਦਿਵਾਨ ਲਗਾਉਂਦੇ ਹਨ। ਕਵੀ ਗੁਰੂ ਨੂੰ ਨਗਾਰੇ ਦੇ ਈਸ਼ (ਸਵਾਮੀ) ਦਸਦਾ ਹੋਇਆ ਕਹਿੰਦਾ ਹੈ ਕਿ ਗੁਰੂ ਜੀ ਨੇ ਰਣਜੀਤ ਨਗਾਰੇ ਤੇ ਚੋਟ ਲਗਾਕੇ ਸ਼ਿਕਾਰ ਖੇਲਣ ਦੀ ਆਗਿਆ ਦਿੱਤੀ ਤਾਂ ਮਸੰਦਾਂ ਨੇ ਗੁਰੂ ਜੀ ਦੇ ਇਸ ਰਾਜਸੀ ਕਾਰਜ ਤੋਂ ਘਬਰਾ ਕੇ ਮਾਤਾ ਜੀ ਕੋਲ ਸ਼ਿਕਾਇਤ ਕਰ ਕੇ ਪਹਾੜੀ ਰਾਜਿਆਂ ਨਾਲ ਲੜਨ ਤੋਂ ਵਰਜਿਆ:

ਸਿੰਘਾਸਨ ਚੜ੍ਹ ਲਾਇ ਦਿਵਾਨਾ। ਬੋਲੇ ਨੌਬਤੇਸ ਸੁਖਦਾਨਾ।

ਸ੍ਰੀ ਨਿਦੇਸ਼ ਮੁਖ ਤੇ ਦੀ ਐਸੇ। "ਕਰੋ ਤਯਾਰ ਨੌਬਤੇ ਤੈਸੇ॥

ਆਜ ਅਖੇਟ ਖੇਲ ਹੈਂ ਭਾਰੀ। ਸ੍ਰੀ ਰਣਜੀਤ ਚੌਬ ਕਰ ਧਾਰੀ।"

ਏਹੀ ਬਾਤ ਮਸੰਦਨ ਸੁਨੀ। ਮਾਤਾ ਤੀਰ ਬੇਗ ਜਾ ਭਨੀ॥

"ਹੇ ਮਾਤਾ! ਨਾਤੀ ਸਮਝਾਵਉ। ਰਾਜਨ ਸੋ ਮਤਿ ਰਾਰ ਬਢਾਵਉ।

ਹਮ ਹੈਂ ਜਗਤ ਪੂਜ ਨਿਰਵਾਦੀ। ਹਮ ਕਉ ਬਨਤ ਨ ਐਸੀ ਸਾਦੀ॥[676]

ਜਦੋਂ ਸਿੱਖਾਂ ਨੇ ਨਗਾਰਾ ਤਿਆਰ ਨਾ ਕੀਤਾ ਤਾਂ ਗੁਰੂ ਜੀ ਗਰਜ਼ ਕੇ ਬੋਲੇ ਕਿ ਅਸੀਂ ਰਾਜਿਆਂ ਤੋਂ ਡਰਨਾ ਨਹੀਂ ਹੈ। ਗੁਰੂ ਜੀ ਨੇ ਕਿਹਾ ਇਹ ਗੱਲ ਸਾਨੂੰ ਪ੍ਰਵਾਨ ਨਹੀਂ ਕਿ ਅਸੀਂ ਰਾਜਿਆ ਤੋਂ ਡਰ ਕੇ ਨਗਾਰਾ ਨਾ ਵਜਾਈਏ:

"ਨੌਬਤ ਕਿਮ ਤਿਯਾਰ ਨਹੀ ਕੀਨਾ।" ਮਾਤਾ ਜੀ ਕੋ ਭੇਦ ਸੁ ਚੀਨਾ।

ਮਾਤਾ ਕੇ ਬਚ ਸਭ ਕਹਿ ਦੀਨੇ। ਤਬ ਗਜ ਕੇ ਬੋਲਤ ਗੁਰ ਚੀਨੇ॥

ਕਾ ਹਮ ਰਾਜਾ ਤੇ ਡਰਪੈ ਹੈਂ। ਤਾ ਕੇ ਤ੍ਰਾਸ ਨ ਨਾਦ ਬਜੈ ਹੈਂ।

---

[675] ਉਹੀ, ਪੰਨਾ 79

[676] ਉਹੀ, ਪੰਨਾ 69

ਕਹਾਂ ਭਯੋ ਜੋ ਰਾਜਾ ਆਯੋ। ਹਮ ਤਾ ਕੋ ਕਛੁ ਮੁਲਖ ਛਿਨਾਯੋ॥

ਜੌ ਪੈ ਯੌਂ ਹੀ ਕਰ ਹੈਂ ਰਾਰਾ। ਆਗੇ ਕਹਾ ਨਾਰਿ ਤਨ ਧਾਰਾ।

ਤਿਨ ਯੌ ਕਹੀ, "ਪ੍ਰਭੁ ਅਸਿ ਪਾਨਾ। ਮਾਤਾ ਕੋਪ ਕਰਤ ਬਿਧ ਨਾਨਾ।

ਤਾ ਕੇ ਡਰ ਨਹਿ ਨਾਦ ਬਜਾਯੋ। ਆਗੇ ਜਯੋ ਤੁਮਰੇ ਮਨ ਭਾਯੋ"॥[677]

ਗੁਰੂ ਜੀ ਦੀ ਇਹ ਲਲਕਾਰ ਸੁਣ ਕੇ ਪਹਾੜ ਦੀਆਂ ਬਾਈ ਧਾਰਾਂ ਦੇ ਰਾਜੇ ਸੁਣ ਕੇ ਕੰਬਣ ਲੱਗੇ ਅਤੇ ਆਪਣੇ ਵਜ਼ੀਰਾਂ ਨੂੰ ਬੁਲਾ ਕੇ ਇਸ ਸਾਰੇ ਭੇਦ ਦੀ ਜਾਣਕਾਰੀ ਲੈਣ ਲੱਗੇ। ਵਜ਼ੀਰਾਂ ਨੇ ਇਹ ਸਾਰੀ ਜਾਣਕਾਰੀ ਲੈ ਕੇ ਰਾਜਿਆਂ ਨੂੰ ਦਸਦਿਆਂ ਕਿਹਾ ਕਿ ਗੁਰੂ ਨਾਨਕ ਦੀ ਗੁਰਗੱਦੀ 'ਤੇ ਉਹਨਾਂ ਦੇ ਵਾਰਸ ਗੁਰੂ ਗੋਬਿੰਦ ਸਿੰਘ ਬਿਜਾਰਮਾਨ ਹੋ ਗਏ ਹਨ। ਉਹਨਾਂ ਦੀ ਇਹ ਮਹਿਮਾਂ ਚੌਦਾਂ ਲੋਕਾਂ ਵਿਚ ਫੈਲ ਗਈ ਹੈ ਅਤੇ ਮਾਖੋਵਾਲ ਨਾਂ ਦੇ ਅਸਥਾਨ 'ਤੇ ਨਗਾਰੇ ਦੀਆਂ ਧਮਕਾਂ ਪੈ ਰਹੀਆਂ ਹਨ:

ਸੁਨ ਕੈ ਸਨਿ ਦੇਸ ਧਰੀ ਸਿਰ ਪੈ ਤਬ ਚੋਬਨ ਸੋ ਭਲ ਦੁੰਦਭਿ ਵਾਰੀ।

ਕਾਂਪਤ ਭਯੋ ਤਿਨ ਕੋ ਸੁਨਕੈ ਸਭ ਧਾਰ ਪਹਾਰ ਕੀ ਤ੍ਰਾਸ ਅਪਾਰੀ।

ਨ੍ਰਿਪ ਦੇਸ ਕਲੂਰ ਮੈ ਰਾਜਤ ਥੋ ਮਨ ਚੌਕ ਰਹਯੋ ਸੁਨ ਕੈ ਹੀਆ ਭਾਰੀ।

ਮੰਤ੍ਰੀ ਤਾਹਿ ਵਜੀਰ ਬੁਲਾਇ ਕੈ ਪੂਛਤ ਭੇਦ ਸਭੋ ਸੁਖ ਕਾਰੀ॥

ਤਬ ਮੰਤ੍ਰੀ ਸਭ ਗਾਥ ਸੁਨਾਈ। ਪੂਰਬ ਆਦਿ ਜੋ ਛੋਰ ਸੁਨਾਈ।

"ਸ੍ਰੀ ਗੁਰ ਨਾਨਕ ਕੇ ਅਸਥਾਨਾ। ਨਾਤੀ ਹਰਿ ਗੋਬਿੰਦ ਦਾ ਜਾਨਾ॥

ਗੋਬਿੰਦ ਸਿੰਘ ਗੁਰੂ ਸੁਖਕਾਰੀ। ਜਨ ਸ੍ਰੀ ਰਾਮ ਕ੍ਰਿਸਨ ਅਵਤਾਰੀ।

ਰੂਪ ਅਨੂਪ ਨ ਯਾ ਸਮ ਕੋਈ। ਚੌਦਹਿ ਲੋਕ ਜਪੈ ਜਿਨ ਲੋਈ॥

ਤਾ ਕੋ ਬਜਤੋ ਯਾਹਿ ਨਗਾਰਾ। ਮਾਖੋਵਾਲ ਪੁਰੀ ਕੇ ਮੰਝਾਰਾ।

ਪੂਰਬ ਤੇ ਆਏ ਇਹ ਥਾਨਾ। ਕਰੁਨਾ ਸਿੰਧੁ ਨਾਥ ਸੁਖਦਾਨਾ"॥[678]

---

[677] ਉਹੀ, ਪੰਨਾ 70

[678] ਉਹੀ, ਪੰਨੇ 70-71

ਕਵੀ ਖ਼ਾਲਸੇ ਦੇ ਜੰਗਾਂ-ਯੁੱਧਾਂ ਵਿਚ ਧਰਮ ਕਾਰਜ ਲਈ ਲੱਗੇ ਸਿਰਾਂ ਨੂੰ ਖ਼ਾਲਸਾ ਰਾਜ ਦੀ ਨੀਂਹ ਮੰਨਦਾ ਹੈ:

ਜਹਿ ਤੁਰਕਨ ਕੇ ਹੋਇ ਅਖਾਰੇ। ਜਾਹਿ ਸੀਸ ਲਾਗੇ ਬਹੁ ਪਜਾਰੇ।

ਤਾਹਿ ਖਾਲਸਾ ਕਰ ਹੈ ਰਾਜ। ਸੀਸ ਲਗੇ ਜੋ ਸਤਿਗੁਰ ਕਾਜ॥

ਏ ਮਾਯਾ ਕੀ ਲੀਲਾ ਜਾਨ। ਜਨਮ ਮਰਨ ਦੋਨੋ ਨਹਿ ਮਾਨੋ।''[679]

**ਪ੍ਰਾਚੀਨ ਪੰਥ ਪ੍ਰਕਾਸ਼**

ਰਤਨ ਸਿੰਘ ਅਨੁਸਾਰ ਅਠਾਰਵੀਂ ਸਦੀ ਵਿਚ ਖ਼ਾਲਸਾ ਪੰਥ ਵੱਲੋਂ ਜਲਾਲਾਬਾਦ ਦੇ ਹਾਕਮ ਪਾਸੋਂ ਇਕ ਬਾਹਮਣ ਦੀ ਧੀ ਨੂੰ ਛੁਡਾ ਕੇ ਉਸਦੇ ਘਰ ਵਸਾਉਣਾ ਰਾਜਸੀ ਨਿਆਂ ਦੀ ਇਕ ਉੱਘੀ ਉਦਾਹਰਨ ਹੈ:

ਸ਼ਹਰ ਲੁਹਾਰੀ ਜਲਾਲੈਬਾਦ। ਸੱਯਦ ਹੁਤੋ ਮਸਤ ਬਹੁ ਆਦ।

ਉਨੈ ਬਾਮਨ ਬੇਟੀ ਫੜ ਲਈ। ਉਸੈ ਅਦਾਲਤ ਨ ਕਿਨਹੂੰ ਦਈ॥

ਪੂਰਬ ਦੱਖਨ ਵੁਹ ਫਿਰ ਥੱਕਾ। ਉਨੈਂ ਆਇ ਫਿਰ ਗੁਰ ਪੰਥ ਤੱਕਾ।

ਹੁਤੋ ਪੰਥ ਥੋ ਮਾਝੇ ਮਾਂਹਿ। ਉਸੈ ਫਰਯਾਦ ਕਰੀ ਆਇ ਤਾਂਹਿ॥

ਸਭੋ ਹਕੀਕਤ ਪੰਥ ਸੁਨਾਈ। 'ਕਰੋ ਉਪਰਾਲਾ ਨਹੀਂ ਮਰ ਰਹੋਂ ਯਾਹੀ।

ਤੁਮ ਪਰਸ੍ਵਾਰਥੀ ਹੋ ਜਗ ਮਾਂਹੀ। ਤੁਮ ਬਿਨ ਕੋ ਛੱਤ੍ਰੀ ਜਗ ਨਾਂਹੀ'॥[680]

ਉਸਨੂੰ ਪੰਥ ਨੇ ਆਪਣੀ ਧੀ ਬਣਾਇਆ ਤੇ ਉਸ ਦੇ ਬਾਪ ਨੂੰ ਬੁਲਾ ਕੇ ਲੜਕੀ ਦੇ ਸਹੁਰੇ ਘਰ ਲੜਕੀ ਨੂੰ ਵਸਾਉਣ ਵਾਸਤੇ ਹਲਕਾਰੇ ਘੱਲ ਦਿੱਤੇ:

ਕਹਯੋ ਪੰਥ 'ਤੂੰ ਬੇਟੀ ਹਮਾਰੀ। ਦਯੁਗੁ ਮਿਲਾਇ ਅਬ ਦੋ ਕੁਲ ਥਾਰੀ'॥

ਸੱਦ ਪੰਥ ਉਸ ਪਿਤਾ ਪੁਛਾਯਾ। ਉਨ ਉਸ ਪਿੰਡ ਸੁਸਰਾਰ ਬਤਾਯਾ।

ਸੁਨਤ ਪੰਥ ਦਏ ਹਲਕਾਰੇ ਤੋਰ। ਕਹੀ ਪੰਥ 'ਹਮ ਆਵੈਂ ਤੁਮ ਕੋਰ॥

[679] ਉਹੀ, ਪੰਨਾ 283

[680] ਭਾਈ ਵੀਰ ਸਿੰਘ (ਸੰਪਾ.),ਪ੍ਰਾਚੀਨ ਪੰਥ ਪ੍ਰਕਾਸ਼, ਪੰਨੇ 357-358

ਇਕੈ ਤੁ ਹਮ ਸੰਗ ਕਰੋ ਲਰਾਈ। ਇਕੈ ਤੁ ਬੇਟੀ ਲਿਹੋ ਪੰਥ ਰਲਾਈ।

ਇਹ ਬੇਟੀ ਅਬ ਪੰਥਹ ਭਈ। ਅਬ ਤੁਮ ਲੇਹੋ ਇਸੇ ਰਲਈ'॥

ਯੌ ਕਹਿ ਕੈ ਤਹਿਂ ਪੰਥ ਭੀ ਡੰਕੇ ਦੀਏ ਲਗਾਇ।[681]

ਜਦੋਂ ਉਹਨਾਂ ਦੀ ਸਮਾਜਿਕ ਬਰਾਦਰੀ ਨੇ ਲੜਕੀ ਨੂੰ ਪ੍ਰਵਾਨ ਕਰਨ ਤੋਂ ਨਾਂਹ ਨੁੱਕਰ ਕੀਤੀ ਤਾਂ ਲੜਕੀ ਦੇ ਸਹੁਰੇ ਪਿੰਡ ਦੇ ਪੰਚ-ਸਰਪੰਚਾਂ ਨੂੰ ਬੁਲਾ ਕੇ ਦੋਵੇਂ ਧਿਰਾਂ ਦੀ ਹਾਜ਼ਰੀ ਵਿਚ ਬਾਹਮਣ ਦੀ ਇਸ ਧੀ ਨੂੰ ਸਮਾਜਿਕ ਇਨਸਾਫ਼ ਦਿਵਾਇਆ ਤੇ ਆਪਣੀ ਧੀ ਸਮਝ ਕੇ ਸ਼ਗਨ ਵੀ ਦਿੱਤਾ:

ਦੋੜ ਦਯੌੜੇ ਕਰ ਤਬੀ ਪਹੁੰਚਯੋ ਤਿਸ ਪਿੰਡ ਜਾਇ॥

ਉਸੀ ਪਿੰਡ ਕੇ ਪੈਂਚ ਬੁਲਾਏ। ਦੀਨੀ ਉਨ ਸਭ ਗਲ ਸਮਝਾਏ।

ਸੋਊ ਬਾਤ ਪੰਚਨ ਮੰਨ ਲਈ। ਚਹੁ ਬਰਨੀ ਪੰਚਾਇਤ ਬਿਪ ਸੰਗ ਅਈ॥

ਚਹੁੰ ਬਰਨਨ ਇਮ ਲਈ ਠਹਿਰਾਏ। 'ਵਹਿ ਕਰੈ ਰਸੋਈ ਹਮ ਲੇਹਿਂ ਖਾਏ'।

ਸਸੁਰਾਰ ਪੇਈਏ ਦੁਇ ਟੱਬਰ ਜੋਰ। ਖੁਲਾਇ ਰਸੋਈ ਘਰ ਦਏ ਤੋਰ॥

ਸਦ ਭਰਤੇ ਉਸ ਬਾਂਹ ਫੜਵਾਈ। ਔਰ ਬਾਤ ਤਊ ਪੰਥ ਜੀਅ ਆਈ।

ਕਹਯੋ ਉਨ੍ਹੈਂ 'ਦਯੋ ਕੰਬਲੀ ਇਕ ਡਾਲ। ਕੰਨਜਾਂਦਾਨ ਤਹਿਂ ਪੰਥ ਦੈਗੁ ਘਾਲ॥

ਇਸੈ ਪੰਥ ਨਿਜ ਬੇਟੀ ਕਹਯੋ। ਇਸ ਕੋ ਚਹੀਅਤ ਦਾਜ ਭੀ ਦਯੋ'।

ਜਬ ਉਸ ਨੇ ਦਯੋ ਕਪੜੋ ਡਾਲ। ਲਗੇ ਚੁਤਰਫੋਂ ਪੜਨੈਂ ਮਾਲ॥

ਕਿਨੈ ਰੁਪੱਯੋ ਕਿਨ ਮੋਹਰੈਂ ਪੈਸੇ ਕੌਡੀ ਅਪਾਰ।

ਬਹੁਤ ਦਰਬ ਇਕਠੀ ਭਈ ਵਹਿ ਬਿੱਪਰ ਭਯੋ ਨਿਹਾਲ॥[682]

ਸਿੱਖ ਇਤਿਹਾਸ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਵੱਡੇ ਘੱਲੂਘਾਰੇ ਤੋਂ ਬਾਅਦ ਸਿੱਖਾਂ ਦਾ ਥੋੜੇ ਸਮੇਂ ਵਿਚ ਹੀ ਮੁੜ ਜਥੇਬੰਦ ਹੋਣਾ ਉਹਨਾਂ ਦੀ ਰਾਜਨੀਤਿਕ ਸ਼ਕਤੀ ਤੇ ਸੂਝ-ਬੂਝ ਦਾ ਪ੍ਰਤੀਕ ਹੈ। ਅਬਦਾਲੀ

---

681 ਉਹੀ, ਪੰਨਾ 359

682 ਉਹੀ, ਪੰਨੇ 359-360

ਨੇ ਸੋਚਿਆ ਵੀ ਨਹੀਂ ਸੀ ਕਿ ਵੱਡੇ ਘੱਲੂਘਾਰੇ ਤੋਂ ਬਾਅਦ ਵੀ ਸਿੱਖ ਇੰਨੀ ਛੇਤੀ ਜਥੇਬੰਦ ਹੋ ਜਾਣਗੇ। ਹਾਲਾਤ ਇੱਥੋਂ ਤੱਕ ਬਣ ਗਏ ਸਨ ਕਿ ਅਬਦਾਲੀ ਨੇ ਆਲਾ ਸਿੰਘ ਰਾਹੀਂ ਸਿੱਖਾਂ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ:

ਤਬ ਆਲੈ ਸਿੰਘ ਸ਼ਾਹੈ ਕਹਯੋ 'ਤੂੰ ਖਾਲਸੈ ਹਮੈ ਮਿਲਾਇ।
ਏ ਦੰਗੋ ਹਮ ਸੋ ਨਹਿੰ ਕਰੈਂ ਮੁਲਖ ਆਪਨੋ ਲੇਹਿ ਲਿਖਾਇ'॥[683]

ਇਸ ਸਮੇਂ ਤੱਕ ਸਿੱਖ ਰਾਜਨੀਤਿਕ ਤੌਰ 'ਤੇ ਚੇਤੰਨ ਹੋ ਗਏ ਸਨ ਕਿ ਰਾਜ ਮੰਗ ਕੇ ਨਹੀਂ ਮਿਲਦਾ ਅਤੇ ਉਹਨਾਂ ਨੇ ਸਮਝੌਤਾ ਕਰਨ ਤੋਂ ਮਨ੍ਹਾਂ ਕਰ ਦਿੱਤਾ:

ਆਲਾ ਸਿੰਘ ਤਬ ਵਕੀਲ ਘਲਾਯਾ। ਸਭ ਖਾਲਸੈ ਪੈ ਸੋ ਚਲ ਆਯਾ।
ਨਾਨੂ ਸਿੰਘ ਥੋ ਗਰੇ ਸੁ ਵਾਲ। ਜਿਨ ਜਾ ਆਖਯੋ ਸ਼ਾਹਿ ਸੁਵਾਲ॥
ਤਊ ਖਾਲਸੈ ਉੱਤਰ ਦਯੋ। 'ਰਾਜ ਮੰਗਯੋ ਕਬ ਕਿਸਨੈ ਦਯੋ।
ਤੁਰਕਨ ਔ ਸਿੰਘਨ ਕਜਾ ਮੇਲ। ਬਰੂਦ ਅਗਨ ਕੋ ਜਿਮ ਹੈ ਖੇਲ।
ਹਮਕੋ ਸਤਿਗੁਰ ਰਾਜ ਲਿਖ ਦੀਆ। ਖਾਲਸੈ ਦੇਇ ਭੇਟ ਸਿਰ ਲੀਆ'॥[684]

ਰਤਨ ਸਿੰਘ ਖ਼ਾਲਸੇ ਦੀਆਂ ਮੱਲਾਂ ਦੀ ਵੰਡ ਵਾਲੀ ਸਾਖੀ ਵਿਚ ਦਸਦਾ ਹੈ ਕਿ ਖ਼ਾਲਸਾ ਸਰਹੰਦ ਲੁੱਟਣ ਤੋਂ ਬਾਅਦ ਉਤਸ਼ਾਹ ਵਿਚ ਆ ਗਿਆ। ਬੁੱਢਾ ਦਲ ਨੇ ਆਪਣੀ ਤਾਕਤ ਵਿਚ ਹੋਰ ਵਾਧਾ ਕਰਕੇ ਦਿੱਲੀ ਵੱਲ ਨੂੰ ਚੜ੍ਹਾਈ ਕਰ ਦਿੱਤੀ ਤੇ ਤਰਨਾ ਦਲ ਲਾਹੌਰ ਵੱਲ ਨੂੰ ਮੁੜ ਪਿਆ:

ਬ੍ਰਿਧ ਦਲ ਕਹਿ ਚੜ੍ਹੋ ਦਿੱਲੀ ਓਰ।
ਤਰੁਨ ਕਹੈ ਮੁੜੋ ਵੱਲ ਲਹੌਰ।[685]

ਖ਼ਾਲਸੇ ਨੇ ਦਿੱਲੀ ਤੇ ਨੇੜੇ-ਤੇੜੇ ਦੇ ਸਾਰੇ ਮੁੱਖ ਸ਼ਹਿਰਾਂ 'ਤੇ ਕਬਜ਼ਾ ਕਰ ਲਿਆ। ਜਮਨਾ ਨਦੀ ਤੱਕ

---

683 ਉਹੀ, ਪੰਨਾ 309

684 ਉਹੀ, ਪੰਨਾ 309

685 ਉਹੀ, ਪੰਨਾ 331

ਪਹਾੜ ਦੇ ਸਾਰੇ ਕਿਲ੍ਹੇ ’ਤੇ ਵੀ ਕਬਜ਼ਾ ਕਰ ਲਿਆ। ਮਾਲਵੇ ਦੇ ਸਰਦਾਰਾਂ ਨੂੰ ਜੀਂਦ ਕੈਂਥਲ ਦੇ ਇਲਾਕੇ ਦੀ ਸਰਦਾਰੀ ਦੇ ਦਿੱਤੀ। ਸਰਹੰਦ ਨੂੰ ਖ਼ਾਲਸੇ ਨੇ ਆਪਣਾ ਪੜਾਅ ਬਣਾ ਲਿਆ। ਜਗਰਾਉਂ, ਬਠਿੰਡਾ, ਮਲੇਰਕੋਟਲੇ ਦਾ ਕੁਝ ਇਲਾਕਾ ਘਾਹ-ਪੱਠੇ ਤੇ ਬੀੜ ਲਈ ਸਾਂਝਾ ਰੱਖ ਲਿਆ:

ਦਸ ਮਿਸਲ ਰਲ ਥੋ ਕਹਯੋ ‘ਇਹ ਰਹਯੋ ਸਾਂਝ ਸਭ ਥਾਂਇ।
ਆਵਤ ਜਾਤੀ ਫੌਜ ਕੋ ਧਰੈ ਬੀੜ ਇਸ ਨਾਇ’॥
ਹੁਤੋ ਰਾਇ ਜਿਗਰਾਵਨ ਵਾਲ। ਆਇ ਮਿਲਯੋ ਵਹਿ ਖਾਲਸੈ ਨਾਲ।[686]

ਇਸ ਇਲਾਕੇ ਵਿਚ ਪੜਾਅ ਕਰਕੇ ਇੱਥੋਂ ਹੀ ਹਜ਼ਾਰਾਂ ਸਿੰਘ ਇਕੱਠੇ ਹੋ ਕੇ ਆਲੇ-ਦੁਆਲੇ ਦੇ ਇਲਾਕਿਆਂ ’ਤੇ ਚੜ੍ਹਾਈ ਕਰਦੇ ਸਨ। ਇਸ ਸਥਾਨ ਨੂੰ ਸਾਰਿਆਂ ਇਲਾਕਿਆਂ ਦਾ ਕੇਂਦਰ ਮੰਨ ਲਿਆ:

ਹੁਤੀ ਖਾਲਸੇ ਭੀ ਯਹੀ ਸਲਾਹਿ। ‘ਚਹੀਯੇ ਮੁਲਕ ਯਹ ਸਾਂਝੇ ਰਖਾਹਿਂ॥
ਤੀਨ ਠੌਰ ਯਹ ਸਾਂਝ ਰਖਾਵੇ। ਘੋੜੈ ਚਰਨ ਕੋ ਥਾਉਂ ਬਨਾਵਾਵੇ’।
ਸਰਬੱਤ ਖਾਲਸੇ ਉਜਾੜਯੋ ਨਾਂਹਿ। ਅਗੈ ਚਲਨ ਕੋ ਯਹ ਰਹਿਗ ਰਾਹਿ॥
ਔਰ ਮੁਲਖ ਕਰ ਰਖਿਓ ਪਿਆਰਾ। ਜੋ ਵੜ ਬਹਯੋ ਸਗਤੋ ਔ ਮਾੜਾ।
ਜਿਨ ਰੱਯਤ ਸਿਉਂ ਕੀਓ ਸਨੇਹ। ਕਰਯੋ ਰੱਯਤ ਨੇ ਉਸਸੋਂ ਨੇਹੁ॥
ਭਗਤੂ ਔ ਮਹਰਾਜਿਕੇ ਰੰਘੜ ਔਰ ਪਠਾਨ।
ਰਖਯੋ ਬੀੜ ਸਭ ਖਾਲਸੈ ਔ ਰਾਹਿ ਦਿੱਲੀ ਕੌ ਜਾਣ॥[687]

ਖ਼ਾਲਸੇ ਦੇ ਰਾਜ ਦੀ ਭੂਗੋਲਿਕ ਵੰਡ ਦਾ ਇਹ ਇਕ ਨਮੂਨਾ ਹੈ ਕਿ ਆਪਣੇ ਘੋੜਿਆਂ, ਜਾਨਵਰਾਂ ਦੀ ਖ਼ੁਰਾਕ ਅਤੇ ਪੜਾਅ ਲਈ ਇਸ ਕੇਂਦਰ ਨੂੰ ਚਰਾਂਦ ਅਤੇ ਬੀੜ ਵਜੋਂ ਫੌਜ ਦੀ ਠਹਿਰ ਬਣਾ ਦਿੱਤਾ। ਅਠਾਰਵੀਂ ਸਦੀ ’ਚ ਅਜਿਹੇ ਰਾਜਸੀ ਸੰਕੇਤ ਖ਼ਾਲਸੇ ਦੀ ਸਦੀਵ ਬਾਦਸ਼ਾਹਤ ਦੀ ਹਾਮੀ ਭਰਦੇ ਹਨ।

---

[686] ਉਹੀ, ਪੰਨਾ 332

[687] ਉਹੀ, ਪੰਨਾ 332

ਇਸ ਤੋਂ ਬਾਅਦ ਸਿੱਖ ਮਿਸਲਾਂ ਦੇ ਰੂਪ ਵਿਚ ਜਥੇਬੰਦਕ ਸ਼ਕਤੀਆਂ ਦੇ ਤੌਰ ’ਤੇ ਉੱਭਰੇ। ਉਹਨਾਂ ਨੇ ਆਪਣੇ ਇਲਾਕੇ ਵੰਡ ਲਏ ਅਤੇ ਨਿਆਂਇਕ ਫੈਸਲੇ ਲੈਣ ਲੱਗੇ। ਕਸੂਰ ਦੇ ਬ੍ਰਾਹਮਣ ਦੀ ਕੰਨਿਆ ਛੁਡਾਉਣ ਦਾ ਪ੍ਰਸੰਗ ਇਸ ਗੱਲ ਦਾ ਸੰਕੇਤ ਹੈ ਕਿ ਸਿੱਖ ਰਾਜਨੀਤਿਕ ਸ਼ਕਤੀ ਬਣ ਚੁੱਕੇ ਸਨ। ਉਹਨਾਂ ਨੇ ਵੱਖ-ਵੱਖ ਇਲਾਕਿਆਂ ’ਤੇ ਆਪਣਾ ਕਬਜ਼ਾ ਜਮਾ ਲਿਆ। ਉਹਨਾਂ ਨੇ ਅਬਦਾਲੀ ਵੱਲੋਂ ਭੇਜੇ ਤੁੰਮਨਦਾਰ ਭਜਾ ਦਿੱਤੇ। ਜਦੋਂ ਅਬਦਾਲੀ ਨੇ ਆਖਰੀ ਹਮਲਾ ਕੀਤਾ ਤਾਂ ਸਿੱਖ ਉਸ ਸਮੇਂ ਤੱਕ ਇੰਨੇ ਜਥੇਬੰਦ ਹੋ ਚੁੱਕੇ ਸਨ ਕਿ ਉਹਨਾਂ ਨੇ ਅਬਦਾਲੀ ਨਾਲ ਆਰ-ਪਾਰ ਦੀ ਲੜਾਈ ਲੜਨ ਦਾ ਫੈਸਲਾ ਕੀਤਾ। ਸਿੱਖਾਂ ਦੀਆਂ ਮਿਸਲਾਂ ਨੇ ਵਾਰੀ-ਵਾਰੀ ਹਮਲੇ ਕਰਕੇ ਅਬਦਾਲੀ ਦੇ ਨੱਕ ਵਿਚ ਦਮ ਕਰ ਦਿੱਤਾ। ਹਾਲਾਤ ਇਹ ਬਣ ਗਏ ਕਿ ਅਬਦਾਲੀ ਨੂੰ ਆਪਣੀ ਸੁਰੱਖਿਅਤ ਵਾਪਸੀ ਦਾ ਡਰ ਸਤਾਉਣ ਲੱਗਾ ਅਤੇ ਉਸਨੇ ਆਪਣੇ ਫ਼ੌਜਦਾਰ ਜਹਾਨ ਖ਼ਾਨ ਨੂੰ ਸੱਦਾ ਭੇਜ ਦਿੱਤਾ:

ਹਕੀਕਤ ਸਭ ਲਿਖ ਉਸੈ ਘਲਾਈ। ‘ਜੋ ਮੁਹਿ ਚਾਹੋ ਤੌਂ ਪਹੁੰਚੋ ਆਈ।
ਜੋ ਜਿਸ ਸਮਝਤ ਹਮ ਕਿਛ ਨਾਂਹਿ। ਉਸੀ ਖਾਲਸੈ ਲਯੋ ਬਕਾਇ॥
ਕਯਾ ਜਾਨੋ ਗੁਰ ਜਗਾ ਗਿਰਾਈ। ਜਾਂ ਤੇ ਮੈਂ ਪੈ ਸਖਤੀ ਆਈ।
ਕਯਾ ਜਾਨੋ ਸਦੀ ਬਾਰਾਂ ਢੁੱਕੀ। ਤੁਰਕਨ ਜੜ੍ਹ ਅਬ ਉਖੜਨ ਢੁੱਕੀ’॥
ਸੁਨਤ ਖਬਰ ਉਠ ਜਹਾਨਾ ਧਾਯੋ। ਅਟਕ ਲੰਘ ਮਧ ਪੰਜਾਬੈ ਆਯੋ।
ਅਹਿਮਦ ਸ਼ਾਹੁ ਤਬ ਡੇਰੋ ਤਰਾਯੋ। ਵਲ ਲਾਹੌਰ ਡੇਰਾ ਸਿੰਘਨ ਪਾਯੋ॥
ਲਹੌਰ ਵੜਯੋ ਤਬ ਚਾਹਤ ਸ਼ਾਹਿ। ਨਹੀਂ ਸਿੰਘ ਉਸ ਦੇਵੇਂ ਰਾਹਿ।
ਰਾਤ ਅਕਾਵੈਂ ਦਿਨੈ ਅਕਾਹਿਂ। ਥੋੜੈ ਬਹੁਤੇ ਡਰੈਂ ਸੁ ਨਾਂਹਿ॥[688]

ਜਦੋਂ ਜਹਾਨ ਖ਼ਾਨ ਅਬਦਾਲੀ ਨੂੰ ਆ ਕੇ ਮਿਲਿਆ ਤਾਂ ਉਸਦੇ ਸਾਹ ਵਿਚ ਸਾਹ ਆਇਆ:

ਆਇ ਜਹਾਨੋ ਸ਼ਾਹ ਰਲਯੋ ਬਜਾਸੈ ਰਾਵੀ ਮਾਂਹਿ।

[688] ਉਹੀ, ਪੰਨਾ 346

ਮਿਲੇ ਪਿਆਸੇ ਨੀਰ ਸਮ ਜੇਠ ਹਾੜ ਰੁਤ ਮਾਂਹਿ॥[689]

ਰਤਨ ਸਿੰਘ ਭੰਗੂ ਦਸਦਾ ਹੈ ਕਿ ਅਬਦਾਲੀ ਨੂੰ ਆਪਣੀ ਇਸ ਆਖਰੀ ਹਮਲੇ ਦੀ ਬਹੁਤ ਨਮੋਸ਼ੀ ਹੋਈ:

ਸ਼ਾਹਿ ਮੁੜਯੋ ਬਡ ਨਮੋਸੀ ਪਾਇ। ਇਸ ਆਵਨ ਕੋ ਬਹੁ ਪਛਤਾਇ।

ਕਹਿ 'ਚਿੜੀਅਨ ਹਮ ਬਾਜ ਦਏ ਗਾਰ। ਕਰੇ ਛੇਲੂਅਨ ਹਮ ਸ਼ੇਰ ਖ੍ਵਾਰ॥

ਇਨਕੀ ਮੱਦਦ ਆਪ ਖੁਦਾਇ। ਪੁਜਯੋ ਨ ਬਲ ਹਮ ਇਨ ਪਰ ਕਾਇ।

ਇਨ ਮੇਂ ਸ਼ਕਤ ਕਿਛ ਆਹਿ ਕਰੀਮ। ਕਰ ਦੇਖਯੋ ਹਮ ਬਹੁਤ ਫਹੀਮ॥[690]

ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਿੱਖ ਇਕ ਰਾਜਨੀਤਿਕ ਸ਼ਕਤੀ ਵਜੋਂ ਅਬਦਾਲੀ ਦੇ ਦਿਲੋ-ਦਿਮਾਗ 'ਤੇ ਛਾ ਗਏ ਸਨ। ਇਸ ਤਰ੍ਹਾਂ ਸਿੰਘਾਂ ਵਲੋਂ ਦਿੱਲੀ ਦੇ ਕਬਜ਼ਾ ਕਰਕੇ ਗੁਰ ਸਥਾਨ ਬਣਾਉਣੇ, ਬਾਦਸ਼ਾਹ ਤੋਂ ਕਰ ਵਿਚ ਹਿੱਸਾ ਲੈਣਾ, ਅਤੇ ਬਾਦਸ਼ਾਹ ਨੂੰ ਮਿਲਣ ਵਾਲੇ ਪ੍ਰਸੰਗ ਸਿੱਖਾਂ ਦੀ ਰਾਜਨੀਤਿਕ ਸ਼ਕਤੀ ਉਭਾਰ ਨੂੰ ਬਿਆਨ ਕਰਦੇ ਹਨ।

ਸਿੰਘਾਂ ਵੱਲੋਂ ਕਸੂਰ ਦੀ ਜਿੱਤ ਤੋਂ ਬਾਅਦ ਬਾਦਸ਼ਾਹ ਬਹੁਤ ਘਬਰਾ ਗਿਆ ਤਾਂ ਉਸਨੇ ਸਮਰੂ ਬੇਗਮ ਰਾਹੀਂ ਬਘੇਲ ਸਿੰਘ ਨਾਲ ਸਮਝੌਤਾ ਕਰ ਲਿਆ। ਇਸ ਸਮਝੌਤੇ ਵਿਚ ਬਾਦਸ਼ਾਹ ਨੇ ਕਰ ਵਿੱਚੋਂ ਛੇ ਆਨੇ ਹਿੱਸਾ ਦੇਣਾ ਮੰਨ ਲਿਆ ਅਤੇ ਬਘੇਲ ਸਿੰਘ ਨਾਲ ਸੱਤ ਦੇਹੁਰੇ (ਗੁਰਦੁਆਰੇ) ਬਣਵਾਉਣ ਦਾ ਸਮਝੌਤਾ ਕੀਤਾ:

ਤੌ ਬੇਗਮ ਤੁਰਕ ਘੱਲੇ ਵਕੀਲ। ਲੈ ਲੈ ਪਾਲਕਣ ਔ ਬਡ ਫੀਲ॥

ਜਾਇ ਬਘੇਲ ਸਿੰਘ ਜੀ ਲਯਾਇ। ਢਿਗ ਦਿੱਲੀ ਦਏ ਡੇਰੇ ਕਰਵਾਇ।

ਤੌ ਬੇਗਮ ਸਿੰਘ ਜੀ ਪਹਿ ਆਏ। ਦਈ ਛਜਾਨੀ ਪਤਿਸ਼ਾਹ ਲਿਖਾਏ॥

ਕਸਮ ਨੇਮ ਦਊ ਓਰ ਤੇ ਬੇਗਮ ਦਏ ਕਰਾਇ।

---

[689] ਉਹੀ, ਪੰਨਾ 346

[690] ਉਹੀ, ਪੰਨਾ 347

'ਡੇਹਰੇ ਸੱਤ ਚੜ੍ਹਾਵਣੇ' ਸਿੰਘ ਜੀ ਲਏ ਲਿਖਾਇ॥[691]

ਫਿਰ ਬਘੇਲ ਸਿੰਘ ਨੇ ਦਿੱਲੀ ਦੀ ਸਬਜ਼ੀ ਮੰਡੀ ਵਿਚ ਡੇਰਾ ਲਾ ਲਿਆ ਅਤੇ ਕਰ ਆਉਣ ਲੱਗਾ ਅਤੇ ਉਸਦਾ ਹੁਕਮ ਚੱਲਣ ਲੱਗਾ:

ਸਬਜ਼ੀ ਮੰਡੀ ਡੇਰਾ ਲਾਇਓ ਔ ਚਬੂਤਰਜੋਂ ਛਜਾਨੀ ਆਇ।

ਹੁਕਮ ਦਿੱਲੀ ਮੱਧ ਸਿੰਘ ਤੁਰੇ ਮਿਲੇ ਸੂਬੇ ਬਹੁ ਆਇ॥[692]

ਇਸ ਤੋਂ ਬਾਅਦ ਧਾਰਮਿਕ ਸਥਾਨਾਂ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ। ਮੁਗ਼ਲ ਹਕੂਮਤ ਨੇ ਗੁਰੂ ਤੇਗ ਬਹਾਦਰ ਜੀ ਸੰਬੰਧਿਤ ਸਥਾਨਾਂ 'ਤੇ ਮਸੀਤਾਂ ਬਣਾ ਦਿੱਤੀਆਂ ਸਨ:

ਹੁਤੀ ਤੇਗ ਬਹਾਦਰ ਜਾਗਾ ਦੋਊ। ਉੱਪਰ ਮਸੀਤ ਚਿਣ ਰਖੀ ਥੀ ਸੋਊ।[693]

ਸਰਦਾਰ ਬਘੇਲ ਸਿੰਘ ਨੇ ਕਿਹਾ ਕਿ ਮਸੀਤਾਂ ਢਾਹ ਕੇ ਹੀ ਦੇਹੁਰੇ ਬਣਾਏ ਜਾਣਗੇ:

ਸਿੰਘ ਜੀ ਕਹਯੋ 'ਮਸੀਤ ਹੋਵੈ ਗੇਰ। ਤੌ ਡੇਹਰੋ ਬਨਾਵੈਂਗੇ ਫੇਰ'॥[694]

ਮਸੀਤਾਂ ਢਾਹੁਣ ਦੇ ਮਸਲੇ 'ਤੇ ਮੁਸਲਮਾਨਾਂ ਨੇ ਵਿਰੋਧ ਸ਼ੁਰੂ ਕਰ ਦਿੱਤਾ। ਉਹਨਾਂ ਨੇ ਬਾਦਸ਼ਾਹ ਨੂੰ ਸ਼ਿਕਾਇਤ ਕੀਤੀ ਕਿ ਜਿਹਨਾਂ ਮਸੀਤਾਂ ਵਿਚ ਬੈਠ ਕੇ ਅਸੀਂ ਨਮਾਜ਼ ਪੜ੍ਹਦੇ ਹਾਂ ਜਿਉਂਦੇ ਜੀਅ ਅਸੀਂ ਇਹਨਾਂ ਨੂੰ ਢਹਿਣ ਨਹੀਂ ਦੇਵਾਂਗੇ ਪਰ ਬਾਦਸ਼ਾਹ ਨੇ ਕਿਹਾ ਕਿ ਮੈਂ ਬਘੇਲ ਸਿੰਘ ਨਾਲ ਲਿਖਤੀ ਸਮਝੌਤਾ ਕਰ ਚੁੱਕਿਆ ਹਾਂ ਜੇ ਅਸੀਂ ਸਮਝੌਤਾ ਤੋੜਾਂਗੇ ਤਾਂ ਉਹ ਸਾਡਾ ਮੁਲਕ ਉਜਾੜ ਦੇਣਗੇ ਤੇ ਅਸੀਂ ਦੋਵੇਂ ਜਹਾਨਾਂ ਵਿਚ ਝੂਠੇ ਪੈ ਜਾਵਾਂਗੇ:

ਸੁਨ ਤੁਰਕਨ ਤਹਿੰ ਅਗ ਲਗੀ ਗਿਰਨ ਮਸੀਤਨ ਨਾਇ।

'ਗੇਰ ਮਸੀਤੈਂ ਕਿਮ ਜੀਏਂ ਜਹਿੰ ਬੈਸ ਨਿਮਾਜ਼ ਪੜ੍ਹਾਇੰ'॥

---

[691] ਉਹੀ, ਪੰਨਾ 361

[692] ਉਹੀ, ਪੰਨਾ 361

[693] ਉਹੀ, ਪੰਨਾ 361

[694] ਉਹੀ, ਪੰਨਾ 361

ਮਿਲ ਸਭ ਤੁਰਕ ਗਏ ਸ਼ਾਹਿ ਕੋਲ। ਸਭੀ ਮੁਲਾਣੇ ਸਦ ਲਏ ਬੋਲ।

'ਭਯੋ ਕਾਫਰ' ਕਹਿੰ 'ਅਬ ਪਤਸ਼ਾਹਿ। ਆਖੇ ਮਸੀਤ ਦੁਏ ਦਿਹੋ ਗਿਰਾਇ॥

ਹਮ ਜੀਵਤ ਕਿਮ ਮਸੀਤ ਗਿਰਨ ਦੇਹਿੰ। ਬਿਨਾਂ ਦਿੱਲੀ ਕਰਵਾਏ ਥੇਹ'।

ਸ਼ਾਹ ਕਹੀ 'ਤੁਮ ਅਗੈ ਨ ਕਹੀ। ਹਮ ਦਈ ਲਿਖਾਇ ਅਬ ਔਖੀ ਭਈ॥

ਜੋ ਹਮ ਲਿਖਤ ਚਹੈਂ ਅਬ ਮੋੜੀ। ਬਘੇਲ ਸਿੰਘ ਸੌਂ ਹੋ ਜਾਇ ਤੋੜ ਵਿਛੋੜੀ।

ਡੇਰਾ ਪਾਉਗੁ ਚਕ ਹਮ ਦੇਸ਼ ਮਾਂਹਿ। ਹਮ ਕੌਲ ਕਸਮ ਤੇ ਝੂਠੇ ਪਾਹਿੰ॥

ਵਹਿ ਤੁਰਤ ਦੇਵੈ ਮੁਲਖ ਉਜਾੜ। ਕਜਾ ਜਾਣੈਂ ਲੇ ਦਿੱਲੀ ਹੀ ਮਾਰ।

ਹਮ ਕੋ ਤੁਮ ਖਰਾਬ ਕਰਵਾਵੋ। ਦੁਊ ਜਹਾਨੋਂ ਹਮੈਂ ਗੁਵਾਵੋ'॥[695]

ਹਾਲਾਤ ਨੂੰ ਵੇਖਦੇ ਹੋਏ ਭਾਈ ਬਘੇਲ ਸਿੰਘ ਨੇ ਸਾਰੇ ਪੰਥ ਨੂੰ ਬੁਲਾ ਲਿਆ ਅਤੇ ਸ਼ਾਮ, ਦਾਮ, ਦੰਡ, ਭੇਦ ਦੀ ਨੀਤੀ ਵਰਤਦੇ ਹੋਏ ਸਭਨਾਂ ਤੋਂ ਲਿਖਤੀ ਹਮਾਇਤ ਲੈ ਲਈ:

ਤੌਂ ਸਿੰਘ ਜੀ ਸਭ ਪੰਥ ਬੁਲਾਯੋ। ਦਿੱਲੀ ਗਿਰਦੈ ਤੁਰਤ ਡ੍ਹਾਕੋ ਲਵਾਯੋ।

ਜਿਨ ਜਿਨ ਬੀ ਬਹੁ ਹੁੱਜਤ ਕਰੀ। ਮੁਲਕ ਉਨ੍ਹੈਂ ਲੁੱਟਯੋ ਤਿਸ ਘਰੀ॥

ਜੇ ਉਹ ਆਇ ਹੁਏ ਮਿੰਨਤਦਾਰ। ਉਸ ਮੁਲਕੋਂ ਦਏ ਸਿੰਘ ਨਿਕਾਰ।

ਇਸੀ ਭਾਂਤ ਸਭ ਅਰਥੀ ਭਏ। ਲਿਖਾਇ ਸਭਨ ਤੇ ਕਾਗਜ਼ ਲਏ॥

ਜਿਨ ਕੋ ਹੁਤੋ ਨ ਮੁਲਖ ਜਗੀਰ। ਉਨ ਦੈ ਦਰਬ ਕੀਏ ਤਾਬੈਗੀਰ।

ਕਿਸੈ ਲੜਾਈ ਕਿਸ ਵਿਚੇ ਭਿੜਾਇ। ਕਿਸੈ ਬੰਧ ਕਿਸ ਦੇਹ ਛੁਡਾਇ॥

ਪਾੜ ਝੀੜ ਲੀਰਾਂ ਕਰ ਦਏ। ਹੱਥ ਸਭਨ ਕੇ ਲਿਖਾਇ ਕਟ ਲਏ।

ਕਿਸੈ ਖੁਹਾਇ ਕਿਸ ਦਿਵਾਵੈ ਜਗੀਰ। ਲਿਖਤ ਲਿਖਾਈ ਇਸ ਤਤਬੀਰ॥[696]

---

[695] ਉਹੀ, ਪੰਨੇ 361-362

[696] ਉਹੀ, ਪੰਨਾ 362

ਇਸ ਲਿਖਤੀ ਸਮਝੌਤੇ ਨੂੰ ਬਾਦਸ਼ਾਹ ਕੋਲ ਭੇਜਿਆ ਗਿਆ। ਬਾਦਸ਼ਾਹ ਸਮਝੌਤੇ ਨੂੰ ਦੇਖ ਕੇ ਖੁਸ਼ ਹੋ ਗਿਆ ਅਤੇ ਮਸੀਤ ਢਾਹੁਣ ਦੀ ਸਹਿਮਤੀ ਦੇ ਦਿੱਤੀ ਤਾਂ ਸਾਰੇ ਸਿੰਘਾਂ ਨੂੰ ਬੁਲਾ ਕੇ ਰਕਾਬਗੰਜ਼ ਵਿਖੇ ਬਣੀ ਵੱਡੀ ਮਸੀਤ ਢਾਹ ਦਿੱਤੀ ਗਈ ਇਸ ਉਪਰੰਤ ਝੰਡੇ ਗੱਡ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਗਿਆ ਤੇ ਖੁਸ਼ੀਆਂ ਮਨਾਈਆਂ ਗਈਆਂ:

ਜੋ ਉਨ ਲਿਖਤੈਂ ਥੀ ਲਿਖੀ ਸਿੰਘ ਸਭ ਇਕ ਥਾਂ ਕੀਨ।
ਰਾਮ ਦਿਆਲ ਦਿਵਾਨ ਹਰ ਸ਼ਾਹ ਅੱਗੈ ਧਰ ਦੀਨ॥
ਦੇਖ ਸ਼ਾਹ ਬਹੁ ਖੁਸ਼ੀਆਂ ਭਯੋ। 'ਹਮੈਂ ਕਾਫਰ ਸਿੰਘ ਇਕਲੋ ਨ ਕੀਓ।
ਹਮਰੇ ਸੰਗ ਤੁਮ ਬਹੁ ਮਿਲਵਾਏ। ਅਬ ਤੁਰਤ ਦੇਵੋ ਜਾਇ ਗਿਰਾਏ'॥
ਯੌ ਲਿਖਵਾਇ ਦਿਵਾਨ ਲਿਆਯੋ। ਸਭ ਦਲ ਕੋ ਸਿੰਘ ਹੁਕਮ ਦਿਵਾਯੋ।
'ਦਿਓ ਮਸੀਤ ਅਬ ਬਡੀ ਗਿਰਾਇ। ਰਕਾਬਗੰਜ ਕੇ ਹੈ ਜੋ ਮਾਂਹਿ'॥
ਸੁਨ ਯਹ ਬਾਤ ਹਲਕਾਰੇ ਧਾਇ। ਮੁੰਗਲੀ ਮੇਖ ਔ ਕੁਹਾੜੇ ਫੜ ਆਇ।
ਕਹੀ ਕੁਦਾਲ ਬਹੁ ਹਥੌੜੇ ਮੰਗਵਾਇ। ਭੰਨਨ ਪੱਟਨ ਸਭ ਲਾਗੇ ਜਾਇ॥
ਹੁਤ ਪਥਰਨ ਬਹੁ ਚੂਨੇ ਧਾਰੀ। ਕਿਤੇ ਪੱਥਰ ਕਿਤੇ ਇੱਟ ਦਈ ਡਾਰੀ।
ਪਹਿਰ ਦੋ ਇਕ ਮੈਂ ਸੋ ਦਈ ਢਾਇ। ਐਸੀ ਭਈ ਸਤਿਗੁਰੂ ਰਜਾਇ॥
ਸ੍ਰੀ ਤੇਗ਼ ਬਹਾਦਰ ਦੇਹ ਜਹਿੰ ਹੁਤੀ ਥੀ ਦਾਧੀ ਠੌਰ।
ਡਿਹਰੋ ਛੇਵੋਂ ਤਹਿ ਰਚਯੋ ਝੰਡੋ ਗਡਯੋ ਕਰ ਧੌੜ॥
ਕਰ ਕੜਾਹ ਤਹਿੰ ਸਿੰਘਨ ਬਹੁ ਲਜਾਇ ਕਰ ਦੀਓ ਵਰਤਾਇ।
ਤੁਰਕਨ ਘਰ ਸੋਗੋ ਭਯੋ ਔ ਸਿੰਘਨ ਮਨ ਮੁਖ ਪਾਇ॥[697]

[697] ਉਹੀ, ਪੰਨਾ 362

ਮੁਗ਼ਲ ਹਕੂਮਤ ਨੇ ਗੁਰੂ ਸਾਹਿਬ ਦੇ ਸ਼ਹੀਦੀ ਸਥਾਨ ’ਤੇ ਵੀ ਮਸੀਤ ਬਣਾ ਦਿੱਤੀ ਸੀ। ਇਸ ਸਥਾਨ ਦੀ ਪਛਾਣ ਨਹੀਂ ਹੋ ਰਹੀ ਸੀ ਤਾਂ ਭਾਈ ਬਘੇਲ ਸਿੰਘ ਨੇ ਇਕ ਮਾਸ਼ਕੀ ਦੀ ਧੀ ਨੂੰ ਬੁਲਾ ਕੇ ਉਸ ਸਥਾਨ ਦੀ ਪਛਾਣ ਕਰਵਾਈ:

ਰਹਯੋ ਸੱਤਵੇਂ ਸੀਸ ਜੁ ਗੰਜ। ਹੁਤੀ ਠੌਰ ਥੀ ਤਹਿਂ ਅਤਿਰੰਜ।
ਇਕ ਵਲ ਖੂਹੀ ਇਕ ਵਲ ਮਸੀਤ। ਨਹਿਂ ਜਾਪੈ ਗੁਰ ਜਗਾਥੀ ਕੀਤ॥
ਤੌਂ ਇਕ ਊਹਾਂ ਬੀ ਮਾਸ਼ਕਨ ਪੁਰਾਨੀ। ਸੋ ਸਿੰਘ ਜੀ ਸੱਦ ਪੁਛੀ ਸਿਆਨੀ।
ਉਨੈ ਕਹੀ ‘ਹਮ ਪਤਾ ਬਤਾਈਂ। ਹਿੰਦੂ ਪੀਰ ਈਹਾਂ ਚੌਂਕੀ ਡਸਾਈ॥
ਮਸੀਤ ਕੰਧ ਤਹਿਂ ਉਪਰ ਚੌਥਾਂਈ। ਤਹਿਂ ਸਤਿਗੁਰ ਸਿਰ ਤੇਗ ਲਗਵਾਈ।
ਪੂਰਬ ਵਲ ਥੇ ਮੁਖ ਕਰ ਬਹੇ। ਲਗੀ ਤੇਗ ਸਿਰ ਅਗੈ ਗਿਰ ਅਏ॥
ਔਰ ਲੋਕ ਦੇਖਨ ਬਹੁ ਆਏ। ਹਮ ਪਿਤ ਹੁਤ ਤਹਿਂ ਮਸਕ ਭ੍ਰਵਾਏ’।[698]

ਜਦੋਂ ਇਸ ਮਸੀਤ ਨੂੰ ਢਾਹੁਣ ਲੱਗੇ ਤਾਂ ਝਗੜਾ ਹੋ ਗਿਆ। ਝਗੜਾ ਸੁਣ ਕੇ ਵਜ਼ੀਰ ਉੱਥੇ ਆ ਗਿਆ ਤੇ ਵਜ਼ੀਰ ਨੇ ਖ਼ਾਲਸੇ ਨੂੰ ਅਗਲੇ ਦਿਨ ਤੱਕ ਰੁਕਣ ਲਈ ਕਿਹਾ:

ਸੁਨ ਭੁਜੰਗੀ ਤੁਰਤ ਚਲੇ ਢਹਾਵਨ। ਸੁਨ ਦੰਗੇ ਭਯੋ ਵਜ਼ੀਰ ਕੋ ਆਵਨ।
ਵਜ਼ੀਰ ਕਹੀ ‘ਤੁਮ ਅਬ ਥੰਮ੍ਹੋ ਹਮ ਆਵੈਂ ਕਲ ਸਿੰਘ ਕੋਲ।
ਜਿਮ ਸਿੰਘ ਜੀ ਆਖੈਂ ਤਿਮ ਕਰੈਂ ਕਿਮ ਕਹੈਂ ਬ੍ਰਿਥੋ ਅਬ ਬੋਲ’॥[699]

ਅਗਲੇ ਦਿਨ ਵਜ਼ੀਰ ਨੇ ਆ ਕੇ ਬਘੇਲ ਸਿੰਘ ਨਾਲ ਸਲਾਹ ਕਰਕੇ ਮਸੀਤ ਦਾ ਇਕ ਹਿੱਸਾ ਤੁੜਵਾ ਦਿੱਤਾ। ਖ਼ਾਲਸੇ ਨੇ ਦਿੱਲੀ ਦੇ ਕੇਂਦਰ ਵਿਚ ਦੇਹੁਰਾ ਬਣਾ ਕੇ ਖ਼ਾਲਸੇ ਦਾ ਨਿਸ਼ਾਨ ਝੁਲਾ ਕੇ ਨਗਾਰੇ ਵਜਾਏ ਗਏ

---

[698] ਉਹੀ, ਪੰਨਾ 363

[699] ਉਹੀ, ਪੰਨਾ 363

ਅਤੇ ਕੜਾਹ ਪ੍ਰਸ਼ਾਦਿ ਵਰਤਾਇਆ ਗਿਆ। ਇਹ ਸਭ ਸਰਦਾਰ ਬਘੇਲ ਸਿੰਘ ਦੀ ਰਾਜਸੀ ਸੂਝ-ਬੂਝ ਤੇ ਕੂਟਨੀਤੀ ਕਰਕੇ ਹੀ ਸੰਭਵ ਹੋਇਆ:

ਪ੍ਰਾਤ ਭਈ ਤੌਂ ਅਯੋ ਵਜ਼ੀਰ। ਆਇ ਸਿੰਘ ਪੈ ਕਰ ਤਤਬੀਰ।
ਕਿਛਕ ਮਸੀਤ ਕੀ ਪਿਛਾੜੀ ਤੁੜਾਈ। ਕਿਛਕ ਅਗਯੋਂ ਭੀ ਰਖੀ ਬਨਾਈ॥
ਮੱਧ ਦਿੱਲੀ ਲਯੋ ਦੇਹਰੋ ਚਿਣਾਇ। ਸਤਮੋ ਝੰਡੇ ਇਮ ਦੀਓ ਝੁਲਾਇ।
ਬਜਾਇ ਨਗਾਰੇ ਕੜਾਹੁ ਕਰਾਏ। ਸਿਖ ਪਰਸੰਨ ਚੁਤਰਫੋਂ ਆਏ॥[700]

ਰਤਨ ਸਿੰਘ ਭੰਗੂ ਇਕ ਹੋਰ ਸਾਖੀ ਵਿਚ ਸਰਦਾਰ ਬਘੇਲ ਸਿੰਘ ਦੀ ਬਾਦਸ਼ਾਹ ਨਾਲ ਮੁਲਾਕਾਤ ਦਾ ਵਰਨਣ ਦੋ ਬਰਾਬਰ ਦੇ ਰਾਜਿਆਂ ਦੀ ਰਾਜਸੀ ਮਿਲਣੀ ਵਾਂਗ ਕਰਦਾ ਹੈ। ਇਸ ਮੁਲਾਕਾਤ ਦਾ ਹਰੇਕ ਪ੍ਰਸੰਗ ਰਾਜਸੀ ਨੁਕਤੇ ਤੋਂ ਬਹੁਤ ਅਹਿਮ ਹੈ। ਬਾਦਸ਼ਾਹ ਨੇ ਸੋਚਿਆ 'ਮੇਰੇ ਜਿਹੜੇ ਵਜ਼ੀਰ ਉਸ ਕੋਲ ਜਾਂਦੇ ਹਨ ਤਾਂ ਆ ਕੇ ਖ਼ੂਬ ਸਿਆਣਪ ਦੀਆਂ ਗੱਲਾਂ ਮੈਨੂੰ ਦਸਦੇ ਹਨ।' ਬਾਦਸ਼ਾਹ ਨੇ ਆਪਣੇ ਵਜ਼ੀਰ ਨੂੰ ਮੁਲਾਕਾਤ ਦੀ ਇੱਛਾ ਪ੍ਰਗਟ ਕਰਦੇ ਹੋਏ ਬਘੇਲ ਸਿੰਘ ਕੋਲ ਭੇਜਿਆ:

ਤੌਸ਼ਾਹਿ ਕੇ ਦਿਲ ਇਕ ਦਿਨ ਅਈ। ਮੁਲਾਕਾਤ ਨ ਸਿੰਘ ਕਬ ਭਈ।
ਜੋ ਮੋਹਿ ਅੰਬੀਰ ਸਿੰਘ ਪਹਿ ਜਾਵੈਂ। ਬਹੁਤ ਖ਼ੂਬੀ ਉਸ ਮੋਹਿ ਸੁਨਾਵੈਂ'॥
ਵਜ਼ੀਰ ਘੱਲਯੋ ਮੁਲਾਕਾਤ ਠਹਿਰਾਵਣ। 'ਜਿਮ ਆਵੈ ਤਿਮ ਕਰੋ ਲਿਆਵਣ'।
ਆਇ ਵਜੀਰ ਕਹੀ ਤਿਮ ਬਾਤ। 'ਸੱਦਯੋ ਸ਼ਾਹ ਤੁਸਾਂ ਕਰਨ ਮੁਲਾਕਾਤ'॥
ਤੌਂ ਸਿੰਘ ਜੀ ਦਯੋ ਵਜੀਰੈ ਸੁਨਾਇ। 'ਹਮ ਕਠਨ ਕਰਨ ਮੁਲਾਕਾਤ ਹੈ ਸ਼ਾਹਿ।[701]

ਜਦੋਂ ਬਾਦਸ਼ਾਹ ਬਘੇਲ ਸਿੰਘ ਨੂੰ ਮਿਲਣ ਦੀ ਇੱਛਾ ਪ੍ਰਗਟ ਕਰਦਾ ਹੈ ਤਾਂ ਸਰਦਾਰ ਬਘੇਲ ਸਿੰਘ ਨੇ ਕਿਹਾ ਕਿ ਅਸੀਂ ਸ਼ਸਤਰਾਂ ਤੇ ਸਿੰਘਾਂ ਸਮੇਤ ਬਰਾਬਰ ਦੇ ਬਾਦਸ਼ਾਹ ਦੀ ਤਰ੍ਹਾਂ ਰਾਜਸੀ ਸਲੀਕੇ

[700] ਉਹੀ, ਪੰਨਾ 363

[701] ਉਹੀ, ਪੰਨਾ 363

(Protocol) ਨਾਲ ਮਿਲਾਂਗੇ, ਜੇ ਤੁਹਾਨੂੰ ਇਹ ਸ਼ਰਤਾਂ ਮਨਜ਼ੂਰ ਹਨ ਤਾਂ ਮੁਲਾਕਾਤ ਜ਼ਰੂਰ ਸੰਭਵ ਹੋ ਸਕਦੀ ਹੈ। ਸਰਦਾਰ ਬਘੇਲ ਸਿੰਘ ਨੇ ਵਜ਼ੀਰ ਨੂੰ ਆਖਿਆ ਕਿ ਸਾਡੀ ਬਾਦਸ਼ਾਹ ਨਾਲ ਮੁਲਾਕਾਤ ਹੋਣੀ ਔਖੀ ਹੈ। ਜਿਹੜੇ ਅਮੀਰ ਵਜ਼ੀਰ ਬਾਦਸ਼ਾਹ ਨੂੰ ਮਿਲਦੇ ਹਨ ਉਹ ਦੋਵੇਂ ਹੱਥ ਜੋੜ ਕੇ ਤੇ ਝੁਕ-ਝੁਕ ਕੇ ਸਲਾਮਾਂ ਕਰਦੇ ਹਨ। ਮੁਲਾਕਾਤੀ ਆਪਣੇ ਨਾਲ ਸ਼ਸਤਰ ਨਹੀਂ ਲੈ ਕੇ ਜਾਂਦਾ ਜਦਕਿ ਅਸੀਂ ਸ਼ਸਤਰਾਂ ਬਿਨਾਂ ਇਕ ਪੈਰ ਨਹੀਂ ਤੁਰਦੇ:

ਸ਼ਾਹਿ ਮਿਲਤ ਹੈਂ ਹਥ ਬੰਧ ਦੋਇ। ਕਰ ਹੈਂ ਕੁਨਸੋ ਝੁਕ ਝੁਕ ਸੋਇ॥
ਨਹਿਂ ਸ਼ਸਤਰ ਕੋਊ ਸਾਥ ਲਿਜਾਵੈ। ਹਮ ਬਿਨ ਸ਼ਸਤ੍ਰ ਨ ਪੈਰ ਉਠਾਵੈਂ।
ਹਮਰੈ ਪੰਥ ਮੱਧ ਹੈ ਯਹਿ ਆਣ। ਨਹਿਂ ਸਿਰ ਧਰਨੋ ਹਥ ਤੁਰਕਨ ਜਾਣ॥
ਔ ਏਕਲ ਹਮ ਕਜਾ ਦੇਖਣੋ ਹਮ ਦੇਖਣ ਖੂਬ ਸਿਪਾਹਿ।
ਇਮ ਕਰ ਹਮਰੀ ਨਹਿਂ ਬਨੈ ਮੁਲਾਕਾਤ ਪਤਿਸ਼ਾਹਿ॥
ਔ ਫੌਜ ਹਮਾਰੀ ਹੈ ਹਠ ਵਾਰੀ। ਮਤ ਕਰ ਜਾਵੈ ਸੋਊ ਖਵਾਰੀ।
ਇਤੀ ਬਾਤ ਜੌ ਹੁਇ ਮਨਜੂਰ। ਮੁਲਾਕਾਤ ਹੋ ਜਾਵਗੁ ਜ਼ਰੂਰ'॥[702]

ਬਾਦਸ਼ਾਹ ਨੇ ਬਘੇਲ ਸਿੰਘ ਦੀ ਤਜਵੀਜ਼ ਮੰਨ ਲਈ। ਰਾਮਦਿਆਲ ਨੇ ਸਰਦਾਰ ਬਘੇਲ ਨੂੰ ਮੁਲਾਕਾਤ ਨਾਲ ਸੰਬੰਧਿਤ ਤਿਆਰੀ ਦਾ ਸਾਰਾ ਹਾਲ ਸੁਣਾਇਆ। ਸਵੇਰ ਹੁੰਦੇ ਸਾਰ ਹੀ ਬਾਦਸ਼ਾਹ ਵੱਲੋਂ ਵਜ਼ੀਰ ਸਰਦਾਰ ਬਘੇਲ ਸਿੰਘ ਨੂੰ ਲੈਣ ਵਾਸਤੇ ਆਇਆ। ਬਘੇਲ ਸਿੰਘ ਜੀ ਪਾਸ ਆ ਕੇ ਵਜ਼ੀਰ ਨੇ ਕਿਹਾ ਕਿ ਜਿਵੇਂ ਤੁਹਾਡੀ ਮਰਜ਼ੀ ਹੋਵੇ ਉਸ ਤਰ੍ਹਾਂ ਚੱਲੋ। ਸਰਦਾਰ ਬਘੇਲ ਸਿੰਘ ਨੇ ਆਪਣੇ ਨਾਲ ਥੋੜੀ ਜਿਹੀ ਫੌਜ ਹੀ ਤੋਰੀ। ਸਾਰੇ ਸਰਦਾਰਾਂ ਨੂੰ ਸੱਦ ਕੇ ਸਿੰਘ ਜੀ ਨੇ ਸਾਰੀ ਗੱਲ ਸਮਝਾ ਦਿੱਤੀ:

ਆਇ ਰਾਮਦਯਾਲ ਸਭ ਸਿੰਘ ਜੀ ਸੁਨਾਯੋ। ਲੈਨ ਵਜੀਰ ਹੋਤ ਪ੍ਰਾਤੇ ਆਯੋ।
ਕਹੀ ਵਜੀਰ ਤਬ ਸਿੰਘ ਜੀ ਪਾਸੋਂ ਆਇ। 'ਜਿਮ ਮਨ ਮਾਨੈ ਤਿਮ ਚੜ੍ਹਿਓ ਧਾਇ।

[702] ਉਹੀ, ਪੰਨੇ 363-364

ਤੌਂ ਸਿੰਘ ਫੌਜ ਥੋੜੀਓ ਚੜ੍ਹਾਈ। ਸੱਦ ਸ੍ਰਦਾਰ ਸਭ ਲਏ ਸਮਝਾਈ।[703]

ਇਸ ਉਪਰੰਤ ਫੌਜ ਨੂੰ ਚੱਲਣ ਦਾ ਹੁਕਮ ਕੀਤਾ। ਸਰਦਾਰ ਬਘੇਲ ਸਿੰਘ ਦੀਆਂ ਫੌਜਾਂ ਦੇ ਅੱਗੇ-ਅੱਗੇ ਨਕੀਬ ਹੋਕਾਂ ਦਿੰਦਾ ਚੱਲ ਰਿਹਾ ਸੀ। ਨਾਲ ਹੀ ਹੋਰ ਹਲਕਾਰੇ ਅਤੇ ਚੋਬਦਾਰ ਅੱਗੇ ਅੱਗੇ ਨੱਠ ਰਹੇ ਸਨ। ਸਿੰਘ ਜੀ ਨੇ ਜਿਗਾ ਕਲਗ਼ੀ ਅਤੇ ਹੋਰ ਗਹਿਣੇ ਸਜਾਏ ਹੋਏ ਸਨ ਜੋ ਇਸ ਤਰ੍ਹਾਂ ਚਮਕ ਰਹੇ ਸਨ ਜਿਵੇਂ ਚੰਦ ਅਤੇ ਸੂਰਜ ਦੀ ਰਿਸ਼ਮਾਂ ਹੋਣ। ਭੱਟ ਤੇ ਨਕੀਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਦੇ ਸ਼ਬਦ ਗਾਉਂਦੇ ਜਾ ਰਹੇ ਸਨ। ਸਿੰਘ ਜੀ ਹਾਥੀ ਦੇ ਹੌਦੇ ਵਿਚ ਬੈਠ ਕੇ ਜਾ ਰਹੇ ਸਨ ਅਤੇ ਸੀਸ ਉੱਪਰ ਲਿਸ਼ਕਦਾ ਚੌਰ ਝੁੱਲ ਰਿਹਾ ਸੀ। ਤੇਜ਼ ਘੋੜੇ ਅੱਗੇ-ਅੱਗੇ ਚੱਲ ਰਹੇ ਸਨ:

ਤੌਂ ਸਿੰਘ ਜੀ ਫੌਜ ਦਈ ਤੁਰਾਈ। ਮੁਹਰੇ ਨਕੀਬ ਥੋ ਬੋਲਤੇ ਜਾਈ॥
ਔਰ ਹਲਕਾਰੇ ਚੋਬਦਾਰ ਘਨੇ। ਅਗੈ ਅਗੈ ਸਿੰਘ ਸੋਊ ਜਾਇਂ ਭਨੇ।
ਅਤ੍ਰ ਪਤ੍ਰ ਥਿਰ ਸਿੰਘ ਜੀ ਛਾਜੈ। ਚੰਦ ਸੂਰਜ ਕੀ ਰਿਸ਼ਮ ਬਿਰਾਜੈ॥
ਅਗੈ ਭੱਟ ਬਿਰਦਾਵਲ ਪੜਤੈ ਜਾਹਿਂ। ਗੁਰੂ ਗ੍ਰੰਥ ਦੀ ਮਹਿਮਾ ਮਾਂਹਿ।
ਤੁਰਯੋ ਸਿੰਘ ਚੜ੍ਹ ਫੀਲ ਅੰਬਾਰੀ। ਹਿਲੈ ਚੌਰ ਗੋਲ ਝਿਲਮਿਲ ਕਾਰੀ॥
ਘੋੜੇ ਕੋਤਲ ਅਗੈ ਤੁਰਾਏ। ਜਿਸੀ ਤੋਰ ਸਿੰਘ ਚਲੈ ਰਖਾਏ।[704]

ਇਸ ਤਰ੍ਹਾਂ ਭੰਗੂ ਦਸਦਾ ਹੈ ਕਿ ਸਰਦਾਰ ਦੀ ਸਵਾਰੀ ਵੱਡੇ ਕਿਲ੍ਹੇ ਦੇ ਲਾਗੇ ਪਹੁੰਚ ਗਈ ਤਾਂ ਬਾਦਸ਼ਾਹ ਨੇ ਅੱਗੋਂ ਆਪਣਾ ਵਜ਼ੀਰ ਬਘੇਲ ਸਿੰਘ ਦਾ ਸਵਾਗਤ ਕਰਨ ਵਾਸਤੇ ਭੇਜਿਆ:

ਇਸੀ ਤੌਰ ਜਾਇ ਪਹੁੰਚਿਓ ਬਡੇ ਕਿਲੇ ਕੇ ਪਾਸ।
ਬਜੀਰ ਸੁ ਅਗਯੋਂ ਸ਼ਾਹ ਘਲਯੋ ਇਸਤਕਬਾਲ ਕਰਨ ਖਾਸ॥[705]

---

[703] ਉਹੀ, ਪੰਨਾ 364

[704] ਉਹੀ, ਪੰਨਾ 364

[705] ਉਹੀ, ਪੰਨਾ 364

ਕਿਲ੍ਹੇ ਅੱਗੇ ਪਹੁੰਚ ਕੇ ਸਿੰਘ ਜੀ ਹਾਥੀ ਤੋਂ ਉਤਰ ਗਏ ਅਤੇ ਆਪਣੇ ਪਸੰਦੀਦਾ ਘੋੜੇ ਉੱਪਰ ਸਵਾਰ ਹੋ ਗਏ। ਘੋੜਿਆਂ 'ਤੇ ਚੜ੍ਹੇ ਚੜ੍ਹਾਏ ਸਿੰਘ ਕਿਲ੍ਹੇ ਵਿਚ ਦਾਖ਼ਲ ਹੋ ਗਏ। ਨੇੜੇ ਖੜੇ ਅਮੀਰਾਂ ਵਜ਼ੀਰਾਂ ਨੇ ਸਿੰਘਾਂ ਦਾ ਸਵਾਗਤ ਕੀਤਾ। ਚੰਗੀ ਥਾਂ ਵੇਖ ਕੇ ਸਰਦਾਰ ਬਘੇਲ ਸਿੰਘ ਨੂੰ ਘੋੜੇ ਤੋਂ ਉਤਾਰ ਲਿਆ। ਇਸ ਮੌਕੇ ਸਰਦਾਰ ਦੇ ਨਾਲ ਦੁਲਚਾ ਸਿੰਘ ਤੇ ਸੱਦਾ ਸਿੰਘ ਜਿਹੇ ਕਈ ਨਾਮੀ ਸਰਦਾਰ ਸਨ। ਹੋਰ ਸਾਰੀ ਫੌਜ ਨੂੰ ਘੋੜਿਆਂ 'ਤੇ ਸਵਾਰ ਹੀ ਰਹਿਣ ਦਿੱਤਾ। ਸਿੰਘਾਂ ਦੇ ਸ਼ਸਤਰ ਵਸਤਰ ਆਮ ਵਾਂਗ ਹੀ ਕਸੇ ਕਸਾਏ ਸਨ ਤੇ ਉਹ ਇਸੇ ਤਰ੍ਹਾਂ ਬਾਦਸ਼ਾਹ ਦੀ ਤਰਫ਼ ਚਲਦੇ ਗਏ। ਰਤਨ ਸਿੰਘ ਦਸਦੇ ਹਨ ਕਿ ਅੱਗੇ ਬਾਦਸ਼ਾਹ ਖ਼ੂਬ ਕਚਹਿਰੀ ਲਾ ਕੇ ਬੈਠਾ ਸੀ। ਹਿੰਦੂ ਅਤੇ ਤੁਰਕ ਵਜ਼ੀਰ ਆਪੋ-ਆਪਣੀ ਯੋਗ ਥਾਂ ਬੈਠੇ। ਬਾਦਸ਼ਾਹ ਨੇ ਉੱਥੇ ਹਾਜ਼ਰ ਹਿੰਦੂ ਅਮੀਰਾਂ-ਵਜ਼ੀਰਾਂ ਨੂੰ ਹੁਕਮ ਕੀਤਾ ਕਿ ਜਦੋਂ ਸਿੰਘ ਆਉਣ ਤੁਸੀਂ ਉਹਨਾਂ ਨੂੰ ਪਹਿਲਾਂ ਫਤਹਿ ਬੁਲਾਉਣੀ:

ਤਹਿਂ ਸਿੰਘ ਜੀ ਦਯੋ ਹਸਤੀ ਛੋਰੇ। ਤੌਂ ਚੜ੍ਹ ਤੁਰਯੋ ਨਿਜ ਖਾਸ ਘੋਰੇ।
ਚੜ੍ਹੇ ਚੜ੍ਹਾਇ ਵੜੇ ਮਧ ਕਿਲੇ। ਹੁਤੇ ਜਨਕ ਕੇ ਅਗੇ ਰਲ ਮਿਲੇ॥
ਢੁਇ ਨੇੜੈ ਲਏ ਵਜੀਰ ਖੜਾਇ। ਭਲੀ ਠੌਰ ਲੀਓ ਸਿੰਘ ਉਤਰਾਇ।
ਸਿੰਘ ਜੀ ਸਾਥ ਸ੍ਰਦਾਰ ਲਏ ਕਈ। ਦੁਲਚਾ ਸਿੰਘ, ਸੱਦਾ ਸਿੰਘ ਜੁਈ॥
ਔਰ ਫੌਜ ਰਖਿ ਚੜ੍ਹੀ ਚੜ੍ਹਾਈ। ਪੰਜ ਸਤ ਸ੍ਰਦਾਰ ਲਏ ਉਤਰਾਈ।
ਸ਼ਸਤ੍ਰ ਬਸਤ੍ਰ ਤਹਿਂ ਕਸੇ ਕਸਾਏ। ਬੇਸ਼ਕ ਸ਼ਾਹਿ ਵਲ ਤੁਰਤੇ ਗਏ॥
ਅੱਗੈ ਸ਼ਾਹਿ ਖੂਬ ਲਾਈ ਕਚਹਿਰੀ। ਹਿੰਦੂ ਤੁਰਕ ਬੈਠੇ ਨਿਜ ਨਿਜ ਠਹਿਰੀ।
ਤਹਿਂ ਹਿੰਦੂਅਨ ਸ਼ਾਹਿ ਇਮ ਫੁਰਮਯੋ। 'ਅੱਗੈ ਸਿੰਘਨ ਤੁਮ ਫਤੇ ਬੁਲਾਯੋ'॥[706]

ਤਦ ਸਰਦਾਰ ਦੁਲਚਾ ਸਿੰਘ ਨੇ ਰਾਮਦਿਆਲ ਵਜ਼ੀਰ ਨੂੰ ਆਖਿਆ ਕਿ ਉਹ ਪ੍ਰਚੱਲਿਤ ਰਿਵਾਜ਼ ਅਨੁਸਾਰ ਝੁਕ ਕੇ ਨਮਸਕਾਰ ਕਰਦਾ ਜਾਵੇ:

ਤੌਂ ਦੁਲਚੈ ਸਿੰਘ ਆਖਿਓ ਰਾਮ ਦਜਾਲ ਸਮੁਝਾਇ।

[706] ਉਹੀ, ਪੰਨੇ 364-365

'ਤੂੰ ਤੋ ਆਪਨ ਵੱਲ ਤੇ ਕੁੰਨਸੋ ਕਰਤੋ ਜਾਇ॥[707]

ਸਰਦਾਰਾਂ ਨੇ ਕਮਾਨਾਂ ਫੜੀਆਂ ਹੋਈਆਂ ਸਨ। ਇਸ ਤਰ੍ਹਾਂ ਸਿੰਘ ਬਾਦਸ਼ਾਹ ਦੇ ਸਨਮੁਖ ਹੋਏ। ਰਾਮਦਿਆਲ ਅਤੇ ਇਕ ਹੋਰ ਵਜ਼ੀਰ ਕੁੰਨਸ ਕਰਦੇ ਜਾ ਰਹੇ ਸਨ। ਹਿੰਦੂ ਦਰਬਾਰੀ ਸਿੰਘਾਂ ਨੂੰ ਗੁਰ-ਫ਼ਤਹਿ ਬੁਲਾ ਰਹੇ ਸਨ ਅਤੇ ਸਿੰਘ ਗੱਜ ਕੇ ਫ਼ਤਹਿ ਦਾ ਜਵਾਬ ਦੇ ਰਹੇ ਸਨ। ਰਾਮਦਿਆਲ ਨੇ ਬਾਦਸ਼ਾਹ ਨੂੰ ਜਾ ਸਲਾਮ ਕੀਤੀ ਅਤੇ ਸਿੰਘ ਜੀ ਫ਼ਤਹਿ ਬੁਲਾਈ:

ਹੱਥ ਕਮਾਨ ਸਿਰਦਾਰਨ ਲਈ। ਚਲੇ ਸਨਮੁਖ ਹੁਇ ਪਤਿਸ਼ਾਹੈ ਪਈ।

ਇਕ ਵਲ ਰਾਮ ਦਜਾਲ ਦੂਈ ਵਲ ਵਜੀਰ। ਕਰਤ ਕੁੰਨਸ ਤੁਰੇ ਅਪਨ ਤਤਬੀਰ।

ਉਤ ਵਲ ਹਿੰਦੂ ਗੁਰ ਫਤੇ ਬੁਲਾਵੈਂ। ਊਚੇ ਸੁਨ ਸੁਨ ਸਿੰਘ ਅਗਜੋਂ ਮਨਾਵੈ।

ਰਾਮ ਦਜਾਲ ਕੁੰਨਸ ਜਾਇ ਕਰੀ। ਸਿੰਘ ਜੀ ਮੁਖੋਂ ਗੁਰ ਫਤੇ ਉਚਰੀ॥[708]

ਰਤਨ ਸਿੰਘ ਦਸਦਾ ਹੈ ਕਿ ਸਿੰਘਾਂ ਦੇ ਦਰਸ਼ਨ ਕਰਕੇ ਬਾਦਸ਼ਾਹ ਬੜਾ ਖੁਸ਼ ਹੋਇਆ ਅਤੇ ਬਾਦਸ਼ਾਹ ਨੇ ਵਜ਼ੀਰ ਨੂੰ ਸੱਦ ਕੇ ਕਿਹਾ ਕਿ ਉਹ ਆਪਣੀ ਕੁਰਸੀ ਸਿੰਘ ਸਾਹਿਬ ਵਾਸਤੇ ਛੱਡੇ ਅਤੇ ਹੋਰ ਦਰਬਾਰੀਆਂ ਨੂੰ ਦੂਸਰੇ ਸਿੰਘਾਂ ਵਾਸਤੇ ਕੁਰਸੀਆਂ ਛੱਡਣ ਨੂੰ ਕਹੇ:

ਦੇਖ ਸ਼ਾਹੁ ਬਹੁ ਖੁਸ਼ ਭਯੋ ਸੱਦ ਵਜ਼ੀਰ ਕਹੀ ਸਮਝਾਇ।

'ਸਿੰਘ ਕੋ ਕੁਰਸੀ ਤੁਮ ਦਯੋ ਔਰ ਅਮੀਰੇ ਤੇ ਦਿਵਾਇ'॥[709]

ਭੰਗੂ ਦਸਦਾ ਹੈ ਕਿ ਬਾਦਸ਼ਾਹ ਨੇ ਸਰਦਾਰ ਬਘੇਲ ਸਿੰਘ ਨੂੰ ਆਪਣੀ ਫੌਜ ਕੋਲੋਂ ਸਲਾਮੀ ਦਵਾਈ। ਬਾਦਸ਼ਾਹ ਨੇ ਵੀ ਦੋਵੇਂ ਹੱਥ ਉੱਪਰ ਚੁੱਕ ਕੇ ਫੌਜ ਤੋਂ ਸਲਾਮੀ ਲਈ। ਬਾਦਸ਼ਾਹ ਨੇ ਸਿੰਘ ਜੀ ਨੂੰ ਕੁਰਸੀ ਵੱਲ ਇਸ਼ਾਰਾ ਕਰਕੇ ਬਿਰਾਜਮਾਨ ਹੋਣ ਦਾ ਸੰਕੇਤ ਦਿੱਤਾ। ਸਰਦਾਰ ਬਘੇਲ ਸਿੰਘ ਬਾਦਸ਼ਾਹ ਦੇ ਸਨਮੁਖ ਕੁਰਸੀ ਤੇ ਬੈਠ ਗਏ। ਬਾਦਸ਼ਾਹ ਨੇ ਇਸ ਮੌਕੇ ਸਿੰਘਾਂ ਦੀ ਖ਼ੈਰ-ਸੁੱਖ ਪੁੱਛੀ ਅਤੇ ਮਿੱਤਰਤਾ ਭਰੇ ਵਤੀਰੇ ਨਾਲ ਸਿੰਘਾਂ

---

707 ਉਹੀ, ਪੰਨਾ 365

708 ਉਹੀ, ਪੰਨਾ 365

709 ਉਹੀ, ਪੰਨਾ 365

ਨਾਲ ਗੱਲਬਾਤ ਕੀਤੀ। ਹੋਰ ਸਰਦਾਰਾਂ ਦਾ ਵੀ ਪੂਰਾ ਮਾਣ-ਸਤਿਕਾਰ ਕੀਤਾ ਤੇ ਉਹਨਾਂ ਨੂੰ ਵੀ ਕੁਰਸੀਆਂ ’ਤੇ ਬਿਰਾਜਮਾਨ ਕੀਤਾ:

ਸਿੰਘ ਜੀ ਸ਼ਾਹੇ ਕਮਾਨ ਦਿਵਾਈ। ਲਈ ਸ਼ਾਹਿ ਦੁਇ ਹੱਥ ਉਠਾਈ।

ਸ਼ਾਹਿ ਹੱਥ ਕੁਰਸੀ ਵਲ ਕਰਯੋ। ਪਰ ਸਨਮੁਖ ਸਿੰਘ ਅਗੈ ਬਹਿ ਰਹਯੋ॥

ਖੈਰ ਖਰੀਅਤ ਬਹੁ ਪੁਛੀ ਪਤਿਸ਼ਾਹ। ਕਰੀ ਗੱਲੈਂ ਜੋਊ ਦੋਸਤੀ ਰਾਹਿ।

ਔਰ ਸ੍ਰਦਾਰਨ ਕੋ ਦਿਵਾਈ ਕਮਾਨ। ਦਿਵਾਇ ਕੁਰਸੀ ਦੀਯੋ ਬਹੁ ਮਾਨ।[710]

ਰਤਨ ਸਿੰਘ ਅਨੁਸਾਰ ਬਾਦਸ਼ਾਹ ਅਤੇ ਬਘੇਲ ਸਿੰਘ ਦੀਆਂ ਜੋ ਹੋਰ ਗੱਲਾਂ ਹੋਈਆਂ ਜੇਕਰ ਉਹਨਾਂ ਦਾ ਜ਼ਿਕਰ ਕਰੀਏ ਤਾਂ ਗ੍ਰੰਥ ਬਹੁਤ ਵੱਧ ਜਾਵੇਗਾ। ਸਰਦਾਰ ਬਘੇਲ ਸਿੰਘ ਨੂੰ ਬਾਦਸ਼ਾਹ ਨੇ ਬਹੁਤ ਵੱਡਾ ਸ਼ਾਹੀ ਰੁਤਬਾ ਦਿੱਤਾ:

ਔਰ ਬਾਤ ਸਭ ਹੀ ਲਿਖੀ ਗ੍ਰੰਥ ਬਹੁਤ ਬਢ ਜਾਇ।

ਸ਼ਾਹੀ ਮਰਾਤਬ ਬਹੁ ਬਡੋ ਸੋ ਸਿੰਘ ਜੀ ਦਯੋ ਪਤਿਸ਼ਾਹਿ॥[711]

ਬਾਦਸ਼ਾਹ ਨੂੰ ਮਿਲਣ ਸਮੇਂ ਬਘੇਲ ਸਿੰਘ ਦੀ ਖ਼ਾਲਸਾਈ ਤੇ ਰਾਜਸੀ ਠਾਠ-ਬਾਠ ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਇਸ ਸਮੇਂ ਤੱਕ ਇਕ ਰਾਜਸੀ ਸ਼ਕਤੀ ਵਜੋਂ ਉੱਭਰ ਚੁੱਕੇ ਸਨ ਅਤੇ ਉਸ ਸਮੇਂ ਦੀ ਮੁਗ਼ਲ ਹਕੂਮਤ ਉਹਨਾਂ ਦੀ ਇਸ ਰਾਜਸੀ ਤਾਕਤ ਅੱਗੇ ਬਲਹੀਨ ਮਹਿਸੂਸ ਕਰਦੀ ਸੀ।

ਜਦੋਂ ਸੁਬੇਗ ਸਿੰਘ ਖ਼ਾਲਸੇ ਕੋਲ ਹਕੂਮਤ ਦੀ ਨਵਾਬੀ ਲੈ ਕੇ ਆਇਆ ਤਾਂ ਖ਼ਾਲਸੇ ਦੇ ਉਸ ਸਮੇਂ ਦੇ ਜਥੇਦਾਰ ਦਰਬਾਰਾ ਸਿੰਘ ਵੱਲੋਂ ਸੁਬੇਗ ਸਿੰਘ ਨੂੰ ਜਿਹੜਾ ਉੱਤਰ ਦਿੱਤਾ ਗਿਆ। ਉਸ ਵਿੱਚੋਂ ਖ਼ਾਲਸੇ ਦੇ ਦੈਵੀ ਪਾਤਸ਼ਾਹੀ ਦੇ ਦਾਅਵੇ ਦੇ ਦਰਸ਼ਨ ਹੁੰਦੇ ਹਨ। ਦਰਬਾਰਾ ਸਿੰਘ ਨੇ ਕਿਹਾ ਕਿ ਸਾਨੂੰ ਪਾਤਸ਼ਾਹ ਦਾ ਹੰਨੇ ਹੰਨੇ ਪਾਦਸ਼ਾਹੀ ਦਾ ਬਚਨ ਹੈ ਇਸ ਕਰਕੇ ਅਸੀਂ ਹਕੂਮਤ ਦੀਆਂ ਝੂਠੀਆਂ ਨਵਾਬੀਆਂ ਨਹੀਂ ਲੈਂਦੇ। ਸਾਡਾ ਪਾਤਸ਼ਾਹੀ

[710] ਉਹੀ, ਪੰਨਾ 365

[711] ਉਹੀ, ਪੰਨਾ 365

ਦਾ ਦਾਅਵਾ ਹੈ ਭਾਵ ਅਸੀਂ ਖ਼ੁਦ ਪਾਤਸ਼ਾਹ ਹਾਂ। ਗੁਰੂ ਦਾ ਸਾਡੇ ਲਈ ਇਹ ਬਚਨ ਹੈ ਕਿ ਸਾਨੂੰ ਇੱਥੇ ਦੀ ਪਾਤਸ਼ਾਹੀ ਜਾ ਅਗਲੀ ਦਰਗਾਹ ਦੀ ਪਾਤਸ਼ਾਹੀ ਦੇਵੇਗਾ। ਗੁਰੂ ਦਾ ਇਹ ਬਚਨ ਸਥਿਰ ਤੇ ਅਟੱਲ ਹੈ:

ਦਰਬਾਰੈ ਸਿੰਘ ਅਗਜੋਂ ਕਹੀ। 'ਅਸੀਂ ਨਿਬਾਬੀ ਕਦ ਚਹੈਂ ਲਈ।

ਹਮਕੋ ਸਤਿਗੁਰ ਬਚਨ ਪਤਿਸ਼ਾਹੀ। ਹਮ ਕੌ ਜਾਪਤ ਢਿਗ ਸੋਊ ਆਹੀ॥

ਹਮ ਰਾਖਤ ਪਤਿਸ਼ਾਹੀ ਦਾਵਾ। ਜਾਂ ਇਤ ਕੋ ਜਾਂ ਅਗਲੋ ਪਾਵਾ।

ਜੋ ਸਤਿਗੁਰ ਸਿੱਖਨ ਕਹੀ ਬਾਤ। ਹੋਗੁ ਸਾਈ ਨਹਿੰ ਖਾਲੀ ਜਾਤ॥

ਧ੍ਰੂ ਵਿਧਰਤ ਔ ਧਵਲ ਡੁਲਾਇ। ਸਤਿਗੁਰ ਬਚਨ ਨ ਖਾਲੀ ਜਾਇ।[712]

ਇਸ ਕਰਕੇ ਅਸੀਂ ਗੁਰੂ ਵੱਲੋਂ ਬਖ਼ਸ਼ੀ ਪਾਤਸ਼ਾਹੀ ਦਾਅਵਾ ਛੱਡ ਕੇ ਛੋਟੀਆਂ ਨਵਾਬੀਆਂ ਨਹੀਂ ਲੈਂਦੇ। ਸਾਨੂੰ ਗੁਰੂ ਨੇ ਸਾਰਿਆਂ ਨੂੰ ਪਾਤਸ਼ਾਹ ਬਣਾਇਆ ਹੈ, ਅਸੀਂ ਪਰਾਏ ਅਧੀਨ ਨਹੀਂ ਰਹਿ ਸਕਦੇ। ਖ਼ਾਲਸਾ ਜਿੱਥੇ-ਜਿੱਥੇ ਵੀ ਜਮੀਨ ਮੱਲੇਗਾ ਉੱਥੇ ਹੀ ਪਾਤਸ਼ਾਹੀ ਹੋਵੇਗੀ ਤੇ ਤਖ਼ਤ ਬਣੇਗਾ। ਖਾਲਸੇ ਦੇ ਇਸ ਦੈਵੀ ਪਾਤਸ਼ਾਹੀ ਦੇ ਦਾਅਵੇ ਬਾਰੇ ਭੰਗੂ ਦਸਦਾ ਹੈ:

ਪਤਿਸ਼ਾਹੀ ਛਡ ਕਿਮ ਲਹੈਂ ਨਿਬਾਬੀ। ਪਰਾਧੀਨ ਜਿਹ ਮਾਂਹਿ ਖਰਾਬੀ॥

ਹਮ ਪਤਿਸ਼ਾਹੀ ਸਤਿਗੁਰ ਦਈ ਹੰਨੈ ਹੰਨੈ ਲਾਇ।

ਜਹਿੰ ਜਹਿੰ ਬਹੈਂ ਜਮੀਨ ਮਲ ਤਹਿੰ ਤਹਿੰ ਤਖਤ ਬਨਾਇੰ॥

ਇਸੀ ਭਾਂਤ ਬਹੁ ਸਿੱਖਨ ਕਹੀ। 'ਹਮ ਕੋ ਲੋੜ ਨਿਬਾਬੀ ਨਹੀਂ।

ਉਨ ਮਾਂਗੀ ਕਬ ਦਈ ਪਤਿਸ਼ਾਹੀ। ਪੰਥ ਛਡ ਬਹਜੋ ਕਬ ਉਨਕੇ ਪਾਹੀ॥[713]

ਬਾਅਦ ਵਿਚ ਸਾਰੇ ਪੰਥ ਦੀ ਰਜ਼ਾਮੰਦੀ ਤੇ ਰਾਜਸੀ ਨੁਕਤੇ ਤੋਂ ਸਿਆਣਪ ਵਰਤ ਕੇ ਖਾਲਸੇ ਨੂੰ ਜਥੇਬੰਦ ਕਰਨ ਲਈ ਇਹ ਨਵਾਬੀ ਘੋੜਿਆਂ ਦੀ ਸੇਵਾ ਕਰਨ ਵਾਲੇ ਨਵਾਬ ਨੂੰ ਦੇਣਾ ਵੀ ਖ਼ਾਲਸੇ ਦੀ ਪਾਤਸ਼ਾਹੀ ਦੇ ਦੈਵੀ ਦਾਅਵੇ ਦੀ ਉਦਾਹਰਨ ਹੈ:

---

[712] ਉਹੀ, ਪੰਨਾ 168

[713] ਉਹੀ, ਪੰਨਾ 168

ਸਿੰਘ ਕਪੂਰ ਝਲੈ ਪੱਖੋ ਥੋਈ। ਕ੍ਰਿਪਾ ਨਜ਼ਰ ਪੰਥ ਉਸ ਵਲ ਹੋਈ।

ਅਵਾਜ਼ ਅਕਾਲੋਂ ਪੰਥਹਿ ਸੁਨ ਪਾਈ। 'ਗੁਰੂ ਗ੍ਰੰਥ ਬਚ ਮੰਨ ਲਿਹੁ ਭਾਈ!।

ਟਹਲ ਕਰਤ ਇਸ ਮਹਲ ਪੁਚਾਵੋ। ਕਪੂਰ ਸਿੰਘ ਕੋ ਸਿਰੋਪਾਉ ਪਹਿਰਾਵੋ'।

ਕਹਯੋ ਪੰਥ 'ਚਕੋ ਸਿੰਘ ਭੁਜੰਗੀ'। ਕਰ ਕਰ ਕੁਨਸ ਉਨ ਆਖੀ ਚੰਗੀ॥

'ਪੰਜ ਭੁਜੰਗੀਅਨ ਚਰਨੀ ਛੁਹਾਇ। ਧਰੋ ਸੀਸ ਮੋਹਿ ਪਵਿਤ੍ਰ ਕਰਾਇ।

ਪੰਜ ਭੁਜੰਗੀਅਨ ਚਰਨ ਬਲ ਪਾਈ। ਸਿੰਘ ਸਸੋ ਹੁਇ, ਪ੍ਰਬਤ ਭਏ ਰਾਈ।

ਬਾਜਨ ਕੋ ਚਿਰੀਆਂ ਤੋਰ ਖਾਹਿਂ। ਪਾਵੈ ਖਾਲਸੋ ਬਲ ਜਿਹ ਮਾਂਹਿ'।

ਹੋਇ ਪ੍ਰਸੰਨ ਬਿਧ ਖਾਲਸੈ ਕਰੀ। ਪੁਸ਼ਾਕ ਨਿਬਾਬੀ ਕਪੂਰ ਸਿੰਘ ਸਿਰ ਧਰੀ।[714]

ਰਤਨ ਸਿੰਘ ਇਕ ਇਤਿਹਾਸਕ ਪ੍ਰਸੰਗ ਵਿਚ ਦਸਦਾ ਹੈ ਕਿ ਜਦੋਂ ਚੜ੍ਹਤ ਸਿੰਘ ਨੇ ਸਰ ਬੁਲੰਦ ਖਾਂ ਨੂੰ ਗ੍ਰਿਫ਼ਤਾਰ ਕਰਕੇ ਕਿਲੇ ਨੂੰ ਹੀ ਠਾਣਾ ਬਣਾ ਲਿਆ। ਚੜ੍ਹਤ ਸਿੰਘ ਨੇ ਰੋਹਤਾਸ ਦੀ ਇਕ ਰਿਆਸਤ ਹੀ ਮੱਲ ਲਈ ਤੇ ਸਾਰਾ ਮੁਲਕ ਚੜ੍ਹਤ ਸਿੰਘ ਨੂੰ ਨਜ਼ਰਾਨਾ ਲੈ ਕੇ ਮਿਲਿਆ:

ਉਸ ਅਸਬਾਬ ਸਭ ਲੀਨੋ ਸਾਂਭ। ਠਾਣਾਂ ਕੀਨੋ ਕਿਲੇ ਦਰਾਮ।

ਮੁਲਕ ਚੁਤਰਫੀ ਸਭ ਆਇ ਮਿਲਾ। ਗਿਰਦ ਰਵਤਾਸ ਹੋ ਤਥੋ ਜ਼ਿਲਾ[715]

ਸਿੰਘਾਂ ਨੇ ਆਪਣੀ ਪਾਤਸ਼ਾਹੀ ਦੀ ਦਰਿਆ-ਦਿਲੀ ਦਿਖਾਉਂਦੇ ਹੋਏ ਬੁਲੰਦ ਖਾਂ ਨਾਲ ਰਾਜਸੀ ਆਗੂਆਂ ਵਾਲਾ ਵਿਵਹਾਰ ਕੀਤਾ। ਉਸ ਨੂੰ ਰਾਹ ਦਾ ਖ਼ਰਚ ਦੇ ਕੇ ਆਪਣੇ ਮੁਲਕ ਦੀ ਹੱਦ ਟਪਾ ਕੇ ਛੱਡ ਦਿੱਤਾ:

ਸ਼ਾਹਿ ਚਾਚਾ ਫੜਕੇ ਛਡ ਦਯੋ। ਸ਼ਾਹਿ ਸਿਰ ਸ਼ਾਹਿ ਸੋਊ ਕਹਯੋ'॥

ਚੜ੍ਹ ਸਿੰਘ ਸੁਨ ਚਿਤ ਮੈਂ ਬਸੀ ਦੀਨੋ ਉਸੈ ਤੁਰਾਇ।

ਖਰਚ ਦੀਓ ਉਸ ਰਾਹਿ ਕੋ ਦੀਨੋ ਅਟਕ ਟਪਾਇ॥[716]

---

[714] ਉਹੀ, ਪੰਨਾ 169

[715] ਉਹੀ, ਪੰਨਾ 324

[716] ਉਹੀ, ਪੰਨਾ 325

ਰਤਨ ਸਿੰਘ ਖ਼ਾਲਸੇ ਦੀ ਦੈਵੀ ਬਖ਼ਸ਼ਿਸ਼ ਦੀ ਨਿਰੰਤਰਤਾ ਤੇ ਗਤੀਸ਼ੀਲਤਾ ਬਾਰੇ ਵਿਚਾਰ ਕਰਦਾ ਹੋਇਆ ਖ਼ਾਲਸੇ ਨੂੰ ਸੁੰਮੇਵਾਣੀ ਨਦੀ ਨਾਲ ਤੁਲਨਾ ਦਿੰਦਾ ਹੈ। ਸੁੰਮੇਵਾਣੀ ਨਦੀ ਬਰਸਾਤੀ ਨਾਲ਼ਾ ਨਹੀਂ ਹੁੰਦੀ ਜਿਸਦਾ ਪਾਣੀ ਸੁੱਕ ਜਾਂਦਾ ਹੈ ਇਸ ਤਰਾਂ ਹੀ ਖ਼ਾਲਸਾ ਸੋਮੇ ਜਾਂ ਚਸ਼ਮੇ ਵਿੱਚੋਂ ਫੁੱਟਦੀ ਨਦੀ ਵਾਂਗ ਹੈ ਜਿਸਦਾ ਪਾਣੀ ਅਮੁੱਕ ਤੇ ਨਿਰੰਤਰ ਵਹਿੰਦਾ ਰਹਿੰਦਾ ਹੈ। ਖ਼ਾਲਸਾ ਨੂੰ ਭਾਵੇਂ ਵਕਤ ਦੀਆਂ ਹਕੂਮਤਾਂ ਨੇ ਲੱਖਾਂ ਮੁਸੀਬਤਾਂ ਦਿੱਤੀਆਂ ਪਰ ਖ਼ਾਲਸੇ ਦਾ ਪਸਾਰਾ ਲਗਾਤਾਰ ਵਧਿਆ। ਜਿਸ ਤਰਾਂ ਸੁੰਮੇਵਾਣੀ ਨਦੀ ਪਿੱਛੇ ਚਸ਼ਮਾ ਹੁੰਦਾ ਹੈ ਉਸ ਤਰ੍ਹਾਂ ਹੀ ਖ਼ਾਲਸੇ ਦਾ ਵਾਧਾ ਗੁਰੂ ਕਰਦਾ ਹੈ ਸਪਸ਼ਟ ਹੈ ਕਿ ਖ਼ਾਲਸੇ ਦਾ ਪਾਤਸ਼ਾਹੀ ਦਾਅਵਾ ਦੈਵੀ ਤੇ ਧੁਰੋਂ ਗੁਰੂ ਨਾਲ ਜੁੜਿਆ ਹੋਇਆ ਹੈ:

ਖਾਲਸਾ ਭਯੋ ਅਖੂਟ ਨਦੀ ਜਿਮ ਸੁੰਮੋਵਾਣੀ।
ਅਗਲੇ ਆਗੈ ਤੁਰੇ ਔਰ ਝਬ ਆਵੈ ਪਾਣੀ।
ਸਤਿਗੁਰ ਵਧਾਯਾ ਖਾਲਸਾ ਸਭ ਆਖ ਉਚਾਰੇ।
ਜੋ ਦੁਸ਼ਮਨ ਥੇ ਖਾਲਸੈ ਸੋ ਥੋਹਰ ਜਿਉਂ ਗਾਰੇ॥[717]

ਰਤਨ ਸਿੰਘ ਖ਼ਾਲਸੇ ਦੀ ਦ੍ਰਿੜਤਾ ਤੇ ਦਾਅਵੇ ਬਾਰੇ ਦੋ ਪੰਕਤੀਆਂ ਵਿਚ ਬਹੁਤ ਤੱਤ-ਵਿਚਾਰ ਦਿੰਦਾ ਹੈ ਕਿ ਗੁਰੂ ਨੇ ਖ਼ਾਲਸੇ ਨੂੰ ਖੁਦ ਖ਼ੁਦਾ ਬਣਾਇਆ ਹੈ ਤਾਂ ਕਿ ਉਹ ਇਸ ਧਰਤੀ 'ਤੇ ਸੱਚੇ ਪਾਤਸ਼ਾਹ (ਗੁਰੂ) ਤੋਂ ਬਿਨਾਂ ਕਿਸੇ ਦੀ ਈਨ ਨਾ ਮੰਨੇ:

ਖਾਲਸੋ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ।
ਆਨ ਨ ਮਾਨੈ ਆਨ ਕੀ ਇਕ ਸੱਚੇ ਬਿਨ ਪਤਿਸ਼ਾਹ॥[718]

'ਗੁਰਬਿਲਾਸ ਪਾਤਸ਼ਾਹੀ ੧੦' ਤੇ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਰਾਜਨੀਤਿਕ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਜ਼ੁਲਮ ਅਤੇ ਅਨਿਆ ਦੇ ਖ਼ਿਲਾਫ਼ ਗੁਰੂ ਜੀ ਦੀ ਰਾਜਸੀ ਪ੍ਰਤੀਬੱਧਤਾ ਨੇ ਛੇਵੇਂ ਜਾਮੇ ਵਿਚ ਮੀਰੀ-ਪੀਰੀ ਦਾ ਰੂਪ ਲੈ ਲਿਆ ਤੇ ਗੁਰੂ ਜੀ ਦੇ ਸੱਚਾ ਪਾਤਸ਼ਾਹ ਹੋਣ ਦਾ

---

[717] ਉਹੀ, ਪੰਨਾ 289

[718] ਉਹੀ, ਪੰਨਾ 23-25

ਇਲਾਹੀ ਜਲਾਲ ਇਤਿਹਾਸ ਵਿਚ ਉਤਰਨ ਲੱਗਾ ਜਿਸ ਨੇ ਅਕਾਲ ਤਖ਼ਤ ਦੀ ਰਚਨਾ ਕਰਕੇ ਅਕਾਲ ਦਾ ਸੱਚਾ ਤਖ਼ਤ ਦਾ ਕਾਇਮ ਕਰ ਦਿੱਤਾ। ਸੱਚੇ ਪਾਤਸ਼ਾਹ ਦੁਆਰਾ ਅਕਾਲ ਤਖ਼ਤ ਦੀ ਸਿਰਜਣਾ ਨਾਲ ਮੀਰੀ-ਪੀਰੀ ਦਾ ਇਹ ਰੂਪ ਖ਼ਾਲਸਾ ਸਾਜਣਾ ਵਿਚ ਤਬਦੀਲ ਹੋ ਗਿਆ। ਇਸ ਨਿਰੰਤਰ ਤੇ ਗਤੀਸ਼ੀਲ ਅਕਾਲੀ ਕਾਫ਼ਲਿਆਂ ਨੇ ਗੁਰਮਤਿਆਂ ਰਾਹੀਂ ਧਰਤੀ ’ਤੇ ਰਾਜਸੀ ਤੇ ਸਮਾਜਿਕ ਨਿਆਂ ਦੀਆਂ ਨਵੀਆਂ ਪੈੜਾਂ ਪਾਈਆਂ ਜਿਸ ਦੇ ਅਨੇਕਾਂ ਇਸ਼ਾਰੇ ਇਹਨਾਂ ਗ੍ਰੰਥਾਂ ਵਿਚ ਮਿਲਦੇ ਹਨ।

# ਸਾਰ

‘ਗੁਰਬਿਲਾਸ ਪਾਤਸ਼ਾਹੀ ੧੦’ ਤੇ ‘ਪ੍ਰਾਚੀਨ ਪੰਥ ਪ੍ਰਕਾਸ਼’ ਵਿਲੱਖਣ ਧਾਰਮਿਕ ਤੇ ਇਤਿਹਾਸਕ ਰਚਨਾਵਾਂ ਹਨ। ਗੁਰਬਿਲਾਸ ਪਾਤਸ਼ਾਹੀ ੧੦ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਅਮਲ ਤੇ ਕਾਰਜਾਂ ਨੂੰ ਕਾਵਿ ਰਾਹੀਂ ਪੇਸ਼ ਕਰਨ ਵਾਲੀ ਵਿਲੱਖਣ ਤੇ ਨਿਰਾਲੀ ਰਚਨਾ ਹੈ। ਗੁਰੂ ਜੀ ਦੀ ਸੰਸਾਰ ਯਾਤਰਾ ਤੋਂ ਲਗਭਗ ਚਾਰ ਪੰਜ ਦਹਾਕੇ ਬਾਅਦ ਰਚੇ ਇਸ ਗ੍ਰੰਥ ਦੀ ਕੋਈ ਪ੍ਰਮਾਣਿਕ ਰਚਨਾ ਤਰੀਕ ਨਹੀਂ ਮਿਲਦੀ। ਕੁਇਰ ਸਿੰਘ ਨੇ ਗੁਰੂ-ਘਰ ਦੇ ਸ਼ਰਧਾਲੂ ਵਜੋਂ ਸਾਹਿਤ ਦੀ ਬਿਲਾਸ ਪਰੰਪਰਾ ਤੇ ਚਰਿਤ ਕਾਵਿ ਰਾਹੀਂ ਭਾਈ ਮਨੀ ਸਿੰਘ ਦੇ ਧਾਰਮਿਕ ਤੇ ਰੂਹਾਨੀ ਅਨੁਭਵ ਨੂੰ ਆਧਾਰ ਬਣਾ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦਾ ਚਿਤਰਨ ਕੀਤਾ ਹੈ। ਗੁਰਬਿਲਾਸ ਇਤਿਹਾਸ ਦੀ ਪਰੰਪਰਾਗਤ ਵਿਆਖਿਆ, ਗੁਰੂ ਦੇ ਦੈਵੀ ਪ੍ਰਭਾਵ ਦੀ ਸਿਰਜਣਾ, ਗੁਰੂ-ਜੰਗਾਂ ਤੇ ਗੁਰੂ-ਪਿਆਰ ਨੂੰ ਉਜਾਗਰ ਕਰਨ ਵਾਲੀ ਰਸਦਾਇਕ ਰਚਨਾ ਹੈ ਜਿਸ ਦਾ ਗੁਰਮਤਿ ਸਾਹਿਤ ਵਿਚ ਵਿਸ਼ੇਸ਼ ਥਾਂ ਹੈ।

ਪ੍ਰਾਚੀਨ ਪੰਥ ਪ੍ਰਕਾਸ਼ ਅਠਾਰਵੀਂ ਸਦੀ ਦੇ ਸਿੱਖ ਇਤਿਹਾਸ ਦਾ ਮੁੱਢਲਾ ਇਤਿਹਾਸਕ ਸ੍ਰੋਤ ਗ੍ਰੰਥ ਹੈ। ਰਤਨ ਸਿੰਘ ਰਵਾਇਤੀ ਇਤਿਹਾਸਕਾਰ ਨਹੀਂ ਬਲਕਿ ਰਾਜਨੀਤਿਕ ਸੋਝੀ ਰੱਖਣ ਵਾਲਾ ਗੁਰਸਿੱਖ ਸੀ ਜਿਸਦੇ ਰਚੇ ਸ੍ਰੀ ਗੁਰ ਪੰਥ ਪ੍ਰਕਾਸ਼ ਨੂੰ ਪ੍ਰਾਚੀਨ ਪੰਥ ਪ੍ਰਕਾਸ਼ ਵੀ ਕਿਹਾ ਜਾਂਦਾ ਹੈ। ਗ੍ਰੰਥ ਦਾ ਵਿਸ਼ਾ ਤੇ ਉਦੇਸ਼ ਖਾਲਸੇ ਦੀ ਉਤਪਤੀ ਤੇ ਪਾਸਾਰੇ ਦਾ ਇਤਿਹਾਸਕ ਅਤੇ ਸਿਧਾਂਤਕ ਪ੍ਰਸੰਗ ਸਿਰਜਣਾ ਹੈ। ਅਧਿਐਨ ਤੋਂ ਪਤਾ ਲਗਦਾ ਹੈ ਕਿ ਖ਼ਾਲਸੇ ਦੀ ਉਤਪਤੀ ਤੇ ਰਾਜ ਦੀ ਬਖ਼ਸ਼ਿਸ਼ ਦੇ ਸਿਧਾਂਤ ਨੂੰ ਭੰਗੂ ਨੇ ਸਿੱਖ ਸੰਘਰਸ਼ ਤੇ ਸ਼ਹੀਦੀਆਂ ਦੀ ਲੰਮੀ ਗਾਥਾ ਰਾਹੀਂ ਦੈਵੀ ਬਖ਼ਸ਼ਿਸ਼ ਨਾਲ ਜੋੜਿਆ ਹੈ। ਭੰਗੂ ਨੇ ਗ੍ਰੰਥ ਦੀ ਇਤਿਹਾਸਕ ਤਰਤੀਬ ਦੀ ਥਾਂ ਰਾਜ ਦੇ ਦਾਅਵੇ, ਖ਼ਾਲਸਾ ਸਾਜਣਾ ਤੇ ਪੰਥ ਦੇ ਪਸਾਰ ਨਾਲ ਸੰਬੰਧਿਤ ਸਾਖੀਆਂ ਨੂੰ ਉਭਾਰਿਆ ਹੈ। ਰਤਨ ਸਿੰਘ ਗ੍ਰੰਥ ਦੀ ਪ੍ਰਮਾਣਕਿਤਾ ਤੇ ਸੋਧ ਨੂੰ ਲਿਖਤੀ ਅਤੇ ਮੌਖਿਕ ਗਵਾਹੀਆਂ ਦੇ ਆਧਾਰ ’ਤੇ ਤਸਦੀਕ ਕਰਦਾ ਹੈ। ਗ੍ਰੰਥ ਵਿਚਲੇ ਬਹਾਦਰੀ ਦੇ ਕਾਵਿ ਪ੍ਰਸੰਗਾਂ ਦੀ ਘੋੜਿਆਂ ਵਰਗੀ ਚਾਲ ਤੇ ਰਵਾਨਗੀ, ਸਿੰਘਾਂ ਦਾ ਗੁਰੂ ਤੇ ਅਕਾਲ ਉੱਪਰ ਵਿਸ਼ਵਾਸ, ਖ਼ਾਲਸਾ ਪੰਥ ਦੇ ਪਸਾਰੇ ਦੀ ਸਿਖ਼ਰ ਹੈ। ਖ਼ਾਲਸਾਈ ਸੰਘਰਸ਼ ਦਾ ਇਹ ਜਜ਼ਬਾ ਹੀ ਪਾਤਸ਼ਾਹੀ ਦੇ ਸੁਪਨੇ ਦੀ ਤਾਂਘ ਨਾਲ ਅਠਾਰਵੀਂ ਸਦੀ ਦੇ ਪੂਰੇ ਇਤਿਹਾਸ ਉੱਪਰ ਛਾ ਜਾਂਦਾ ਹੈ।

ਗੁਰਬਿਲਾਸ ਤੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਵਿਸ਼ੇਸ਼ ਇਤਿਹਾਸਕ ਹਵਾਲਿਆਂ ਤੇ ਸਿਧਾਂਤਾਂ ਵਜੋਂ ਮਿਲਦੀ ਵਿਚਾਰ ਨੂੰ ਗੁਰਬਾਣੀ, ਭਾਈ ਗੁਰਦਾਸ, ਭਾਈ ਕਾਨ੍ਹ ਸਿੰਘ ਨਾਭਾ, ਪੁਰਾਤਨ ਸਿੱਖ ਸ੍ਰੋਤਾਂ ਤੇ ਸਿੱਖ ਪੰਥ ਵਿਸ਼ਵਕੋਸ਼ ਦੇ ਹਵਾਲੇ ਨਾਲ ਪੜਤਾਲਣ ਤੋਂ ਪਤਾ ਚਲਦਾ ਹੈ ਕਿ ਦੋਵੇਂ ਗ੍ਰੰਥਾਂ ਦੀ ਮੂਲ ਭਾਵਨਾ ਸਿੱਖੀ ਦੇ ਅਧਿਆਤਮਕ ਤੇ ਸਿਧਾਂਤਿਕ ਪ੍ਰਸੰਗਾਂ ਨੂੰ ਹੀ ਦ੍ਰਿੜ ਕਰਾਉਂਦੀ ਹੈ। ਦੋਵੇਂ ਗ੍ਰੰਥਾਂ ਦੇ ਆਦਿ ਵਿਚ ਮਿਲਦਾ ਮੰਗਲਾਚਰਣ ਗੁਰਮਤਿ ਦੇ ਪ੍ਰਮੁੱਖ ਸਿਧਾਂਤ ੴ ਨਾਲ ਸ਼ੁਰੂ ਹੋ ਕੇ, ਅਕਾਲ ਪੁਰਖ ਤੇ ਗੁਰੂ ਦੀ ਚਰਨ ਬੰਦਨਾ ਕਰਦਾ ਹੈ। ਮੰਗਲਾਚਰਣ ਵਿਚ ਇਕ ਅਕਾਲ 'ਤੇ ਵਿਸ਼ਵਾਸ ਦਾ ਪ੍ਰਗਟਾਵਾ ਇਨ੍ਹਾਂ ਰਚਨਾਵਾਂ ਦੀਆਂ ਸਿਧਾਂਤਕ ਤਰਜ਼ੀਹਾਂ ਨਿਸ਼ਚਿਤ ਕਰਦਾ ਹੈ। ਇਹਨਾਂ ਗ੍ਰੰਥਾਂ ਵਿਚ ਅਕਾਲ ਪੁਰਖ, ਕੁਦਰਤ, ਜੀਵ ਤੇ ਮੁਕਤੀ ਦੇ ਸੰਕਲਪ ਗੁਰਮਤਿ ਦੇ ਦ੍ਰਿਸ਼ਟੀਕੋਣ ਦੇ ਮੂਲ ਸਿਧਾਂਤ ਨਾਲ ਮੇਲ ਖਾਂਦੇ ਹਨ। ਗੁਰੂ ਤੇ ਸੰਗਤ ਦੇ ਰੂਹਾਨੀ ਤੇ ਜਥੇਬੰਦਕ ਸਰੂਪ ਨੂੰ ਇਨ੍ਹਾਂ ਗ੍ਰੰਥਾਂ ਨੇ ਇਤਿਹਾਸਕ ਪ੍ਰਸੰਗਾਂ ਰਾਹੀਂ ਬਹੁਤ ਖ਼ੂਬਸੂਰਤੀ ਨਾਲ ਚਿਤਰਿਆ ਹੈ ਜਿਹੜਾ ਇਨ੍ਹਾਂ ਗ੍ਰੰਥਾਂ ਦੀ ਸਿਧਾਂਤਕ ਪ੍ਰਮਾਣਿਕਤਾ ਨੂੰ ਪਕਿਆਈ ਬਖ਼ਸ਼ਦਾ ਹੈ। ਨਾਮ, ਸਿੱਖੀ ਦੇ ਰੂਹਾਨੀ ਮੰਡਲਾਂ ਦੀ ਅਛੋਹ ਤੇ ਨਿਰਮਲ ਵਸਤੂ ਹੈ। ਇਹਨਾਂ ਗ੍ਰੰਥਾਂ ਵਿਚ ਨਾਮ ਦੇ ਮਿਲਦੇ ਹਵਾਲਿਆਂ ਦਾ ਅਧਿਐਨ ਨਾਮ ਦੀ ਮਹਿਮਾ ਤੇ ਉੱਚਤਾ ਦਰਸਾਉਂਦਾ ਹੈ। ਗੁਰਮੁਖ, ਗੁਰਬਾਣੀ ਵਿਚ ਚਿਤਵੀ ਸਚਿਆਰ ਸ਼ਖ਼ਸੀਅਤ ਹੈ। ਅਜਿਹੇ ਗੁਰਮੁਖਾਂ ਦੀਆਂ ਕੁਰਬਾਨੀਆਂ ਤੇ ਬੇਅੰਤ ਘਾਲਣਾਵਾਂ ਦਾ ਇਤਿਹਾਸ ਕਲਮਬੰਦ ਕਰਨਾ ਗ੍ਰੰਥਕਾਰਾਂ ਦੀ ਪ੍ਰਾਪਤੀ ਹੈ। ਸੇਵਾ ਨੂੰ ਰਚਨਾਕਾਰਾਂ ਨੇ ਵੱਡੇ ਭਾਗਾਂ ਦੀ ਨਿਸ਼ਾਨੀ ਤੇ ਅਰਦਾਸ ਨੂੰ ਸਾਰੀਆਂ ਬਰਕਤਾਂ ਦਾ ਖਜ਼ਾਨਾ ਮੰਨਿਆ ਹੈ। ਰਤਨ ਸਿੰਘ ਨੇ ਸੇਵਾ ਨੂੰ ਕਪੂਰ ਸਿੰਘ ਦੀ ਨਵਾਬੀ ਤੇ ਭਾਈ ਤਾਰੂ ਸਿੰਘ ਦੀ ਸ਼ਹਾਦਤ ਨਾਲ ਜੋੜ ਕੇ ਵਡਿਆਇਆ ਹੈ। ਰਚਨਾਵਾਂ ਵਿਚ ਹਰ ਔਖੇ ਸੌਖੇ ਸਮੇਂ ਪੁਰਾਤਨ ਤੰਤੀ-ਸਾਜਾਂ ਰਾਹੀਂ ਕਥਾ ਕੀਰਤਨ ਤੇ ਕੜਾਹ ਪ੍ਰਸਾਦਿ ਬਣਾਉਣ ਦਾ ਜ਼ਿਕਰ ਸਿੱਖ ਰਹਿਤ ਦੀ ਦ੍ਰਿੜਤਾ ਤੇ ਗੁਰੂ-ਘਰ ਦੀਆਂ ਅਮੀਰ ਪਰੰਪਰਾਵਾਂ ਦਾ ਪ੍ਰਮਾਣ ਹੈ।

ਦੋਵੇਂ ਗ੍ਰੰਥਾਂ ਵਿਚ ਮੀਰੀ-ਪੀਰੀ ਦੇ ਸਿਧਾਂਤ ਦੀਆਂ ਝਲਕਾਂ ਸੰਮਿਲਤ ਰੂਪ ਵਿਚ ਮਿਲਦੀਆਂ ਹਨ। ਕੁਇਰ ਸਿੰਘ ਨੇ ਗੁਰੂ ਜੀ ਦੇ ਸ਼ਾਹੀ ਠਾਠ-ਬਾਠ ਤੇ ਸਿੰਘਾਸਨ ਨੂੰ ਸ਼ਾਹਾਂ ਦੇ ਸ਼ਾਹ ਦਾ ਸਿੰਘਾਸਣ ਦੱਸਿਆ ਹੈ ਤੇ ਗੁਰੂ ਜੀ ਨੂੰ ਦੁਨੀਆ ਦੇ ਸੱਚੇ ਰਾਜੇ ਨਾਲ ਤਸ਼ਬੀਹ ਦੇ ਕੇ ਗੁਰੂ ਜੀ ਦੇ 'ਸੱਚੇ ਪਾਤਸ਼ਾਹ' ਦੇ ਰੂਪ ਨੂੰ ਚਿਤਰਿਆ ਹੈ ਜਿਹੜਾ ਸਿੱਖੀ ਦੇ ਮੀਰੀ-ਪੀਰੀ ਦੇ ਸਿਧਾਂਤ ਦੀ ਰੂਹਾਨੀ ਤੇ ਸੰਸਾਰਕ ਤਰਜ਼ਮਾਨੀ ਦਾ ਸਿਖ਼ਰ

ਹੈ। ਕੁਇਰ ਸਿੰਘ ਵੱਲੋਂ ਜੰਗ ਵਰਨਣ, ਰਣਜੀਤ ਨਗਾਰੇ ਦੀ ਧਮਕ ਤੇ ਚਿੜੀਆਂ ਤੋਂ ਬਾਜ਼ ਤੜਾਉਣ ਦੇ ਹਵਾਲੇ ਖ਼ਾਲਸੇ ਦੀ ਰਾਜਨੀਤਿਕ ਪ੍ਰਭੁਸਤਾ ਦੀ ਗਵਾਹੀ ਭਰਦੇ ਹਨ। ਕੁਇਰ ਸਿੰਘ ਗੁਰੂ ਨੂੰ ਮਨੁੱਖ ਦੀ ਥਾਂ ਆਦਿ ਸ਼ਕਤੀ ਮੰਨਦਾ ਹੋਇਆ ਗੁਰੂ ਦੇ ਰਾਜ ਦਾ ਦਾਅਵਾ ਵੀ ਧਰਮ ਦੇ ਬ੍ਰਹਿਮੰਡੀ ਪਸਾਰੇ ਵਾਂਗ ਚਿਤਵਦਾ ਹੈ। ਭੰਗੂ ਇਤਿਹਾਸਕ ਹਵਾਲਿਆਂ ਨਾਲ ਰਾਜ ਨੂੰ ਗੁਰੂ ਵੱਲੋਂ ਬਖਸ਼ੀ ਦੈਵੀ ਦਾਤ ਤੇ ਸੀਸ ਭੇਟ ਕਰਕੇ ਲਈ ਦੈਵੀ ਅਮਾਨਤ ਸਮਝਦਾ ਹੈ। ਭੰਗੂ ਅਨੁਸਾਰ ਇਤਿਹਾਸਕ ਦ੍ਰਿਸ਼ਟੀ ਤੋਂ ਅਕਾਲ ਤਖ਼ਤ ਸਾਹਿਬ ਅਦਾਲਤ ਦੀ ਭੂਮਿਕਾ ਨਿਭਾਉਂਦਾ ਹੈ। ਕੁਇਰ ਸਿੰਘ ਅਨੁਸਾਰ ਖ਼ਾਲਸਾ ਸਾਜਣਾ ਦਾ ਮੰਤਵ ਗ਼ਰੀਬ ਲੋਕਾਂ ਨੂੰ ਜਗਤ ਦੇ ਰਾਜੇ ਬਣਾਉਣਾ ਤੇ ਰਤਨ ਸਿੰਘ ਭੰਗੂ ਅਨਸਾਰ ਗ਼ਰੀਬ ਸਿੱਖਾਂ ਨੂੰ ਪਾਤਿਸ਼ਾਹੀ ਦੇਣਾ ਹੈ। ਕੁਇਰ ਸਿੰਘ ਵੱਲੋਂ ਬਹਾਦਰ ਸ਼ਾਹ ਦੀ ਗੁਰੂ ਜੀ ਨਾਲ ਮੁਲਾਕਾਤ ਤੇ ਰਤਨ ਸਿੰਘ ਵੱਲੋਂ ਬਘੇਲ ਸਿੰਘ ਦਾ ਦਿੱਲੀ ਦੇ ਬਾਦਸ਼ਾਹ ਨੂੰ ਮਿਲਣ ਜਾਣ ਦਾ ਦ੍ਰਿਸ਼ ਖ਼ਾਲਸੇ ਦੇ ਪਾਤਸ਼ਾਹੀ ਦਾਅਵੇ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ। ਕਪੂਰ ਸਿੰਘ ਦੀ ਨਵਾਬੀ ਦਾ ਪ੍ਰਸੰਗ ਦਸਦਾ ਹੈ ਕਿ ਸਿੱਖ ਲਈ ਨਵਾਬੀ ਪਾਉਣ ਲਈ ਗੁਰੂ ਦੀ ਬਖ਼ਸ਼ਿਸ਼ ਦਾ ਪਾਤਰ ਹੋਣਾ ਜ਼ਰੂਰੀ ਹੈ ਇਹ ਭਾਵਨਾ ਹੀ ਖ਼ਾਲਸੇ ਦੀ ਬਾਦਸ਼ਾਹੀ ਨੂੰ ਪੀਰੀ ਨਾਲ ਜੋੜਦੀ ਹੈ। ਖਾਲਸੇ ਦੇ ਸਰਬੱਤ ਦੇ ਭਲੇ ਵਾਲੇ ਸਮਾਜਿਕ ਤੇ ਰਾਜਨੀਤਿਕ ਪ੍ਰਬੰਧ ਸਿਰਜਣ ਦੀ ਇਕ ਉਦਾਹਾਰਨ ਬਾਹਮਣ ਦੀ ਧੀ ਉਸਦੇ ਘਰ ਵਸਾਉਣ ਵਾਲੇ ਪ੍ਰਸੰਗ ਤੋਂ ਮਿਲਦੀ ਹੈ। ਕੁਇਰ ਸਿੰਘ ਵੱਲੋਂ ਗੁਰੂ ਦੇ ਸਿੰਘਾਸਣ ਨੂੰ ਆਦਿ ਸਿੰਘਾਸਣ ਦੱਸਣਾ ਤੇ ਰਤਨ ਸਿੰਘ ਵੱਲੋਂ ਖ਼ਾਲਸੇ ਨੂੰ ਖ਼ੁਦਾ ਕਹਿਣਾ ਤੇ ਗੁਰੂ ਤੋਂ ਬਿਨਾਂ ਧਰਤੀ ਦੇ ਕਿਸੇ ਹੋਰ ਸਮਾਜਿਕ ਜਾਂ ਰਾਜਸੀ ਪ੍ਰਬੰਧ ਦੀ ਅਧੀਨਗੀ ਨਾ ਕਬੂਲਣ ਦੀ ਧਾਰਨਾ ਉਜਾਗਰ ਕਰਨਾ ਹੀ ਇਹਨਾਂ ਰਚਨਾਵਾਂ ਦੀ ਪ੍ਰਾਪਤੀ ਹੈ। ਇਹੀ ਸਿੱਖੀ ਦੇ ਮੀਰੀ-ਪੀਰੀ ਦੇ ਸਿਧਾਂਤ ਦੀ ਬੁਨਿਆਦ ਹੈ।

ਇਤਿਹਾਸਕ ਅਤੇ ਧਾਰਮਿਕ ਪਰੰਪਰਾ ਦੇ ਸੁਮੇਲ ਇਹਨਾਂ ਗ੍ਰੰਥਾਂ ਵਿੱਚੋਂ ਸਾਨੂੰ ਸਿੱਖਾਂ ਦੇ ਸਿਧਾਂਤਕ, ਰਾਜਸੀ ਅਤੇ ਧਾਰਮਿਕ ਅਨੁਭਵਾਂ ਦੇ ਅਨੇਕ ਝਲਕਾਰੇ ਮਿਲਦੇ ਹਨ ਜਿਸ ਕਰਕੇ ਕੁਝ ਊਣਤਾਈਆਂ ਤੇ ਸਿਧਾਂਤਿਕ ਸੀਮਾਵਾਂ ਦੇ ਬਾਵਜੂਦ ਸਿੱਖ-ਸਾਹਿਤ ਵਿਚ ਇਹ ਗ੍ਰੰਥ ਆਪਣਾ ਨਿਵੇਕਲਾ ਸਥਾਨ ਰਖਦੇ ਹਨ।

# ਪੁਸਤਕ ਸੂਚੀ

**ਪੰਜਾਬੀ**

1. ਓਅੰਕਾਰ ਸਿੰਘ, ਕਬਿੱਤ ਸਵੈਯੇ ਭਾਈ ਗੁਰਦਾਸ (ਅਨੁਕ੍ਰਮਣਿਕਾ ਤੇ ਕੋਸ਼), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1993

2. ਅਜਮੇਰ ਸਿੰਘ, ਕਿਸ ਬਿਧ ਰੁਲੀ ਪਾਤਸ਼ਾਹੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ-2007

3. ਅਮਰ ਸਿੰਘ ਚਾਕਰ (ਸ.) (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-2016

4. ਆਚਾਰੀਆ ਮੰਮਟ, ਕਾਵਿ ਪ੍ਰਕਾਸ਼, ਰਾਜਿੰਦਰ ਸਿੰਘ ਸ਼ਾਸਤਰੀ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1981

5. ਐਫ. ਮੈਕਸਮੂਲਰ, ਧਰਮ ਦੀ ਉਤਪਤੀ ਤੇ ਵਿਕਾਸ, ਤਾਰਨ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-2002

6. ਐਮ ਹਿਰਿਅਨਾ, ਭਾਰਤੀ ਦਰਸ਼ਨ ਦੀ ਰੂਪ-ਰੇਖਾ, ਪ੍ਰਭਕੀਰਤਨ ਸਿੰਘ (ਅਨੁ.), ਯੂਨੀਸਟਾਰ-1993

7. ਐਮਰਸਨ, ਐਮਰਸਨ ਦੇ ਨਿਬੰਧ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1989

8. ਐਲ. ਐਮ. ਜੋਸ਼ੀ, ਜੋਧ ਸਿੰਘ (ਸੰਪਾ.), ਵਿਸ਼੍ਵ ਧਰਮ ਸੰਗ੍ਰਹਿ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-2000

9. ਈ. ਐਚ. ਕਾਰ, ਡਾ. ਐਸ. ਡੀ. ਗਜਰਾਨੀ (ਅਨੁ), ਮਦਾਨ ਪਬਲਿਸ਼ਿੰਗ ਹਾਊਸ, ਪਟਿਆਲਾ-2014

10. ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.) ਕਵੀ ਸੈਨਾਪਤਿ, ਸ੍ਰੀ ਗੁਰੁ ਸੋਭਾ, ਸਿੱਖ ਇਤਿਹਾਸ ਰਿਸਰਚ ਬੋਰਡ(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ-2016

11. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਭਾਸ਼ਾ ਵਿਭਾਗ, ਪੰਜਾਬ-2003
12. ਸਿੱਖ ਰਹਿਤ ਮਰਯਾਦਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ-2011
13. ਸੁੱਖਾ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਗੁਰਸ਼ਰਨ ਕੌਰ ਜੱਗੀ (ਸੰਪਾ.), ਭਾਸ਼ਾ ਵਿਭਾਗ, ਪੰਜਾਬ-1989
14. ਸ਼ੇਰ ਸਿੰਘ (ਪ੍ਰੋਫੈਸਰ), ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-1998,
15. ਸੋਹਣ ਸਿੰਘ ਸ਼ੀਤਲ, ਸਿੱਖ ਇਤਿਹਾਸ ਦੇ ਸੋਮੇ, ਲਾਹੌਰ ਬੁਕ ਸ਼ਾਪ, ਲੁਧਿਆਣਾ-1981
16. ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ (ਸੰਪੂਰਨ ਸਟੀਕ), ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਜਥੇਦਾਰ ਛਿਆਨਵੇਂ ਕ੍ਰੋੜੀ, ਬੁੱਢਾ ਦਲ ਪੰਜਵਾਂ ਤਖਤ ਪ੍ਰਿੰਟਿੰਗ ਪ੍ਰੈਸ, ਪਟਿਆਲਾ-2000
17. ਹਰਚੰਦ ਸਿੰਘ ਬੇਦੀ (ਡਾ.), ਇੱਕੀਵੀਂ ਸਦੀ ਵਿੱਚ ਸਿੱਖਾਂ ਲਈ ਚੁਣੌਤੀਆਂ, ਖ਼ਾਲਸਾ ਕਾਲਜ, ਅੰਮ੍ਰਿਤਸਰ-2001
18. ਹਰਪਾਲ ਸਿੰਘ ਪੰਨੂ, ਗੁਰੂ ਨਾਨਕ ਦਾ ਕੁਦਰਤ ਸਿਧਾਂਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1987
19. ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖ਼ਾਲਸਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ-2004
20. ਹੀਰਾ ਸਿੰਘ ਦਰਦ (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ (ਭਾਗ ਪਹਿਲਾ), ਸਿੱਖ ਇਤਿਹਾਸ ਰਿਸਰਚ ਬੋਰਡ, ਸ੍ਰੀ ਅੰਮ੍ਰਿਤਸਰ-2004
21. ਹੈਰੋਲਡ ਜੇ. ਲਾਸਕੀ, ਪ੍ਰੋ. ਹਰਮੰਦਰ ਸਿੰਘ (ਅਨੁ.) ਰਾਜਨੀਤਿਕ ਵਿਆਕਰਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1994
22. ਕਪੂਰ ਸਿੰਘ, ਸਿਰਦਾਰ, ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ-2014

23. ਕਰਤਾਰ ਸਿੰਘ ਦਾਖਾ (ਪੰਡਿਤ), ਗੁਰੂ ਕਾਵਯ ਦਰਸ਼ਨ, ਧਰਮ ਪ੍ਰਚਾਰ ਕਮੇਟੀ, ਸ਼੍ਰੋ: ਗੁ: ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-2009

24. ਕਵਿ ਸੈਨਾਪਤਿ, ਸ੍ਰੀ ਗੁਰ ਸੋਭਾ, ਸਮਸ਼ੇਰ ਸਿੰਘ ਅਸ਼ੋਕ (ਸੰਪਾ.), ਸਿੱਖ ਇਤਿਹਾਸ ਰਿਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ-2016

25. ਕਵੀ ਚੂੜਾਮਣੀ ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਪਹਿਲੀ, ਭਾਸ਼ਾ ਵਿਭਾਗ, ਪੰਜਾਬ-1989

26. ਕਾਨ੍ਹ ਸਿੰਘ ਨਾਭਾ, ਗੁਰਮਤ ਮਾਰਤੰਡ (ਭਾਗ ਪਹਿਲਾ) (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ-1978

27. ਕਿਰਪਾਲ ਸਿੰਘ (ਸੰਪਾ.), ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1974

28. ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1986

29. ਕੌਟਿਲਯ, ਅਰਥ ਸ਼ਾਸਤਰ, ਵਾਚਸਪਤਿ ਗੈਰੋਲਾ (ਵਿਆਖਿਆਕਾਰ), ਚੋਖੰਬਾ ਵਿੱਦਿਆ ਭਵਨ, ਵਾਰਾਣਸੀ-1984

30. ਗਰਜਾ ਸਿੰਘ (ਗਿਆਨੀ) (ਸੰਪਾ.), ਸ਼ਹੀਦ ਬਿਲਾਸ ਭਾਈ ਮਨੀ ਸਿੰਘ, ਕ੍ਰਿਤ ਕਵੀ ਸੇਵਾ ਸਿੰਘ, ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ-1961

31. ਗਿਆਨ ਸਿੰਘ, (ਗਿਆਨੀ) ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ-1987

32. ਗੁਰਚਰਨ ਸਿੰਘ, (ਗਿਆਨੀ) (ਅਨੁ.) ਸ੍ਰੀ ਮਹਾਂ ਭਾਰਤ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ-2004

33. ਗੁਰਤੇਜ ਸਿੰਘ ਅਤੇ ਸਵਰਨਜੀਤ ਸਿੰਘ (ਸੰਪਾ.), ਸ਼ਹੀਦ-ਬਿਲਾਸ ਸੰਤ ਜਰਨੈਲ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ-2005

34. ਗੁਰਤੇਜ ਸਿੰਘ, ਸਿੰਘਨਾਦ (ਲੇਖ ਸੰਗ੍ਰਹਿ), ਸਿੰਘ ਬ੍ਰਦਰਜ਼, ਅੰਮ੍ਰਿਤਸਰ-2002

35. ਗੁਰਬਚਨ ਸਿੰਘ ਤਾਲਿਬ (ਪ੍ਰੋ.) (ਸੰਪਾ.), ਪ੍ਰੋ. ਜਨਕ ਸਿੰਘ (ਅਨੁ.), ਧਰਮ ਦੀ ਉਤਪਤੀ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-2007

36. ਗੁਰਬਚਨ ਸਿੰਘ ਨਈਅਰ (ਡਾ.), ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ(1469-1849) ਅਧਿਐਨ ਤੇ ਮੁਲਾਂਕਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯਨੀਵਰਸਿਟੀ, ਪਟਿਆਲਾ-2010

37. ਗੁਰਬਚਨ ਸਿੰਘ ਨਈਅਰ, ਮੌਖਿਕ ਇਤਿਹਾਸ (ਮੁੱਢਲੀਆਂ ਸਿੱਖ ਲਿਖਤਾਂ ਦੇ ਸੰਦਰਭ ਵਿੱਚ), ਨੈਸ਼ਨਲ ਬੁੱਕ ਆਰਗੇਨਾਈਜੇਸ਼ਨ, ਨਵੀਂ ਦਿੱਲੀ-1990

38. ਗੁਰਬਚਨ ਕੌਰ (ਡਾ.)(ਸੰਪਾ.), ਗੁਰਕੀਰਤ ਪ੍ਰਕਾਸ਼, ਕ੍ਰਿਤ ਵੀਰ ਸਿੰਘ ਬਲ, ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ, ਪਟਿਆਲਾ-1986

39. ਗੁਰਭਗਤ ਸਿੰਘ (ਡਾ.), ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿੱਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ-2003

40. ਗੁਰਮੀਤ ਸਿੰਘ ਸਿੱਧੂ, ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ, ਗੁਰਗਿਆਨ ਬੁਕਸ, ਪਟਿਆਲਾ-2014

41. ਗੁਰਮੁਖ ਸਿੰਘ (ਡਾ.)(ਸੰਪਾ.), ਕ੍ਰਿਤ ਭਗਤ ਸਿੰਘ, ਗੁਰਬਿਲਾਸ ਪਾਤਸ਼ਾਹੀ-੬, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1997

42. ਗੁਰਮੁਖ ਸਿੰਘ (ਡਾ.)(ਸੰਪਾ.), ਕ੍ਰਿਤ ਭਾਈ ਸੋਭਾ ਰਾਮ, ਗੁਰ-ਬਿਲਾਸ ਬਾਬਾ ਸਾਹਿਬ ਸਿੰਘ ਬੇਦੀ, ਪਾਤਸ਼ਾਹੀ-੬, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1997

43. ਗੁਰਮੁਖ ਸਿੰਘ (ਡਾ.)(ਸੰਪਾ.), ਗੁਰੂ ਨਾਨਕ ਬੰਸ ਪ੍ਰਕਾਸ਼, ਕ੍ਰਿਤ ਸੁਖਬਾਸੀ ਰਾਮ ਬੇਦੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1986

44. ਚਾਣਕਯ ਨੀਤੀ, ਪਦਮ ਨਾਥ ਸ਼ਾਸਤਰੀ (ਅਨੁ.), ਭਾਸ਼ਾ ਵਿਭਾਗ, ਪੰਜਾਬ-1989

45. ਜਸਬੀਰ ਸਿੰਘ ਆਹਲੂਵਾਲੀਆ (ਡਾ.), ਸਿੱਖ ਚਿੰਤਨ ਦਾਰਸ਼ਨਿਕ ਅਤੇ ਸੰਸਥਾਤਮਕ ਵਿਕਾਸ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ-1999

46. ਜਸਬੀਰ ਸਿੰਘ ਆਹਲੂਵਾਲੀਆ (ਡਾ.), ਸਿੱਖ ਫ਼ਲਸਫ਼ੇ ਦੀ ਭੂਮਿਕਾ, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ-1976

47. ਜਸਵਿੰਦਰ ਕੌਰ (ਡਾ.), ਜਨਮਸਾਖੀ ਸਾਹਿਤ: ਚਰਿਤਰ ਨਿਰਮਾਣ ਜੁਗਤਾਂ, ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ-2006

48. ਜਗਜੀਤ ਸਿੰਘ, ਸਿੱਖ ਇਨਕਲਾਬ, ਲੋਕਗੀਤ ਪ੍ਰਕਾਸ਼ਨ, ਸਰਹਿੰਦ-1987

49. ਜੀਤ ਸਿੰਘ ਸ਼ੀਤਲ (ਡਾ.)(ਸੰਪਾ.), ਸ੍ਰੀ ਗੁਰ ਪੰਥ ਪ੍ਰਕਾਸ਼, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ-2005

50. ਤਾਰਨ ਸਿੰਘ (ਅਨੁ.), ਧਰਮ ਦੀ ਉਤਪਤੀ ਅਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-2002

51. ਤੇਜਾ ਸਿੰਘ (ਪਿੰ.), ਡਾ. ਗੰਡਾ ਸਿੰਘ, ਸਿੱਖ ਇਤਿਹਾਸ, ਡਾ. ਭਗਤ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-2013

52. ਦਰਸ਼ਨ ਸਿੰਘ (ਡਾ.), ਧਰਮ ਅਧਿਐਨ ਅਤੇ ਸਿੱਖ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ-2000

53. ਦਿੱਤ ਸਿੰਘ ਜੀ ਗਿਆਨੀ (ਭਾਈ), ਨੀਤੀ ਪ੍ਰਕਾਸ਼, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ-2016

54. ਧਰਮ ਅਧਿਐਨ: ਅਕਾਦਮਿਕ-ਪਰਿਪੇਖ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1997

55. ਨਰਿੰਦਰ ਕੌਰ ਭਾਟੀਆ (ਸੰਪਾ·), ਜਸਵਿੰਦਰ ਕੌਰ ਢਿੱਲੋਂ, ਪ੍ਰਮੁੱਖ ਸਿੱਖ ਸੰਸਥਾਵਾਂ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ-2005

56. ਨਾਗਸੇਨ ਕ੍ਰਿਤ, ਮਿਲਿੰਦ ਪ੍ਰਸ਼ਨ, ਹਰਪਾਲ ਸਿੰਘ ਪੰਨੂ, ਰਾਜੇਸ਼ ਰੰਜਨ(ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ-2012

57. ਪਿਆਰ ਸਿੰਘ (ਡਾ.), ਖੋਜ: ਸਿੱਧਾਂਤ ਤੇ ਵਿਹਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1995

58. ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ-1991
59. ਪੂਰਨ ਸਿੰਘ (ਪ੍ਰੋ.), ਸਿੱਖੀ ਦੀ ਆਤਮਾ,ਕਿਰਪਾਲ ਸਿੰਘ ਕਸੇਲ (ਅਨੁ.), ਲਾਹੌਰ ਬੁਕ ਸ਼ਾਪ, ਲੁਧਿਆਣਾ-2002
60. ਪੂਰਨ ਸਿੰਘ, ਕਿਰਪਾਲ ਸਿੰਘ ਕਸੇਲ (ਅਨੁ.) ਦਸ ਗੁਰੂ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1999
61. ਪ੍ਰਦੀਪ ਸਚਦੇਵਾ, ਪੱਛਮੀ ਰਾਜਨੀਤਿਕ ਚਿੰਤਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ-1994
62. ਬਚਿੱਤ੍ਰ ਨਾਟਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-2000
63. ਬਲਵੰਤ ਸਿੰਘ ਢਿੱਲੋਂ (ਡਾ.), (ਸੰਪਾ.), ਸ੍ਰੀ ਗੁਰ ਪੰਥ ਪ੍ਰਕਾਸ਼, ਕ੍ਰਿਤ ਰਤਨ ਸਿੰਘ ਭੰਗੂ, ਸਿੰਘ ਬ੍ਰਦਰਜ਼, ਅੰਮ੍ਰਿਤਸਰ-2004
64. ਬਲਵੰਤ ਸਿੰਘ ਢਿੱਲੋਂ (ਡਾ.), ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ, ਸਿੰਘ ਬ੍ਰਦਰਜ਼, ਅੰਮ੍ਰਿਤਸਰ-2011
65. ਬਾਬਾ ਸੰਤਾ ਸਿੰਘ ਜੀ, ਅਕਾਲੀ, ਸਿੰਘ ਸਾਹਿਬ, ਬੁੱਢਾ ਦਲ ਪੰਜਵਾਂ ਤਖ਼ਤ ਪ੍ਰਿਟਿੰਗ ਪ੍ਰੈਸ, ਪਟਿਆਲਾ-2000
66. ਭਗਤ ਸਿੰਘ, ਗੁਰ ਬਿਲਾਸ ਪਾਤਸ਼ਾਹੀ-੬, ਡਾ· ਗੁਰਮੁਖ ਸਿੰਘ (ਸੰਪਾ·), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1997
67. ਭਾਈ ਵੀਰ ਸਿੰਘ ਰਚਨਾਵਲੀ-ਜਿਲਦ ਦੂਜੀ (ਨਾਵਲ), ਸਤਵੰਤ ਕੌਰ (119-219), ਭਾਸ਼ਾ ਵਿਭਾਗ, ਪੰਜਾਬ -1973
68. ਮਹਿੰਦਰ ਸਿੰਘ ਰੰਧਾਵਾ, ਪੂਰਨ ਸਿੰਘ ਦੀ ਵਾਰਤਕ, ਸਾਹਿਤ ਅਕਾਦੇਮੀ, ਨਵੀਂ ਦਿੱਲੀ-1986
69. ਮਨਜੀਤ ਸਿੰਘ, ਧਰਮ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-2016
70. ਮੋਹਨ ਲਾਲ ਸ਼ਰਮਾ (ਅਨੁ.), ਮਨੂ ਸਿਮ੍ਰਿਤੀ, ਭਾਸ਼ਾ ਵਿਭਾਗ ਪੰਜਾਬ-1989

71. ਰਾਜਮੋਹਨ ਗਾਂਧੀ, ਪੰਜਾਬ ਔਰੰਗਜ਼ੇਬ ਤੋਂ ਮਾਊਂਟਬੈਟਨ ਤੱਕ ਦਾ ਇਤਿਹਾਸ, ਹਰਪਾਲ ਸਿੰਘ ਪੰਨੂ (ਅਨੁ.), ਯੂਨੀਸਟਾਰ-2015
72. ਵਜ਼ੀਰ ਸਿੰਘ (ਡਾ.), ਸਿੱਖ ਦਰਸ਼ਨਧਾਰਾ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ-2012
73. ਵਜ਼ੀਰ ਸਿੰਘ (ਡਾ.), ਫ਼ਲਸਫ਼ਾ ਤੇ ਸਿੱਖ ਫ਼ਲਸਫ਼ਾ, ਮਦਾਨ ਪਬਲਿਸ਼ਰਜ, ਪਟਿਆਲਾ-1980
74. ਵਿਸ਼ਾਲ ਕੁਮਾਰ (ਡਾ.), ਪੰਜਾਬੀ ਮਹਾਕਾਵਿ ਬਦਲਦੇ ਪਰਿਪੇਖ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ-2012
75. ਵੀਰ ਸਿੰਘ (ਸੰਪਾ.) (ਭਾਈ ਸਾਹਿਬ ਭਾਈ), ਪ੍ਰਾਚੀਨ ਪੰਥ ਪ੍ਰਕਾਸ਼, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ- 2008
76. ਵੀਰ ਸਿੰਘ, ਦੇਵੀ ਪੂਜਨ ਪੜਤਾਲ, ਅਮ੍ਰਿਤਸਰ: ਵਜ਼ੀਰ-ਏ-ਹਿੰਦ ਪ੍ਰੈਸ-1963

**English**

1. Adolf Kaegi, Life in Ancient India, Susil Gupta Ltd., Calcuutta-1950
2. Andrew Heywood, Politics, Palgrave MacMillan, New York-2007
3. Antony Giddens and David Held (Ed.), Class, Power and Conflict, MacMillan, London-1982
4. Avinas Chander Das, Rgvedic Culture, R. Cambray & Co. Calcutta-1925
5. Benoy Kumar Sarkar, Prof., (Transl.), Sukra-Niti-Sara, Panini Office, Allahabad-1913
6. C.E.M. Joad, Introduction to Modern Political Theory, Oxford At The Clarendon Press, London-1924

7. Carole Pateman, Participation and Democratic Theory, Cambridge University Press-1970
8. David Held, Political Theory and the Modern State, Maya Polity, New Delhi-1998
9. Ernest Barker, Greek Political Theory, Methuen & Co. Ltd. London-1960
10. G. S. Dhillon, Insights Into Sikh Religion And History, Singh & Singh Publishers, Chandigarh-1991
11. George H. Sabine, A History of Political Theory, Oxford University Press, Calcutta-1959
12. Gurtej Singh (Eng. Tran.), Sri Gur Panth Prakash, Vol. I, Vol. II, Singh Brothers Amritsar-2015
13. Gustavo Gutverrez, A theology of Liberation, Orbis Books Maryknoll, New York-1973
14. Harbans Singh, Lal Mani Joshi, An Introduction to Indian Religions, Punjabi University, Patiala-1973
15. Hari Ram Gupta, History of the Sikhs-Vol. IV, Munshi Ram, Manohar Lal Publishers-1982
16. Jasbir Singh Mann, Kharak Singh (Edt.), Recent Researches in Sikhism, Punjabi University, Patiala-2002
17. Kapur Singh, Sirdar, Sikhism And The Sikhs, Baldev Singh, Kapurthala-2011

18. Kapur Singh, Sirdar, Sikhism For Modern Man, Guru Nanak Dev University, Amritsar-2010

19. Kulwant Singh (Eng. Tran.), Sri Gur Panth Prakash, Vol. I, Institute of Sikh Studies, Chandigarh-2006

20. Kulwant Singh (Eng. Tran.), Sri Gur Panth Prakash, Vol. II, Institute of Sikh Studies, Chandigarh-2010

21. Michael Stausberg (Ed.), Contemporary Theories of Religion, Routledge, New York-2009

22. Nicolas Berdyaev, The meaning of History, Semantron Press, San Rafeal CA-2009

23. Om Prakash, Political Ideas in The Puranas, Panchanada Publications, Allahabad-1977

24. Paul Tillich, Systemetic Theology, Vol-1, The University of Chicago Press, Chicago-1951

25. R. G. Collingwood, The Idea of History, Oxford University Press-2007

26. Raymond G. Gettell, History of Political Thought, George Allen & Unwin Ltd, London-1936

27. Robert Jackson and George Sorenson, Introduction to International Relations Oxford University Press, New York-2015

28. Satshchandra Chatterjee and Dhirendramohan Datta, An intoduction to indian Philosophy, Rupa Publications India Pvt. Ltd., New Delhi-2012

29. Satya Parkash, Hindu Religion And Morality, Asian Publication Services, New Delhi-1985

30. Sures Chandra Banerji, A Companion to Dharmaśāstra, D.K. Printworld (P) Ltd, New Delhi-1998

31. Surjit Hans, A Reconstruction of Sikh History from Sikh Literature, ABS Publication, Jalandhar-1988

32. Tirlochan Singh, Thelogical Concept of Sikhism, Sikhism, L.M. Joshi (Ed.), Punjabi university Patiala-1980

33. Vachaspati Gairola, Shri (Ed.), Kautilya, Arthaśatra and The Cānakya Sutra-1984

34. Wazir Singh, Dr., (Ed.), Religious Pluralism and Co-Existance, Publication Bureau, Punjabi University, Patiala-1986

35. William Ebenstein, Modern Political Thought, Oxford & IBH Publishing Co. New Delhi-1970

**ਹਿੰਦੀ**

1. मिश्र राम दास, डा. जियालाल हणडु (संपा.), रास विलास, भाषा विभाग पंजाब-1978
2. सुखा सिंह, गुरविलास, जय भगवान गोयल (संपा.) भाषा विभाग, पंजाब-1970
3. गंगा सहाय शर्मा (डा.), वालमीकि रामायण, संस्कृत साहित्य प्रकाशन, नई दिल्ली-2009

**ਕੋਸ਼ ਅਤੇ ਡਿਕਸ਼ਨਰੀਆਂ**


1. ਕਾਨ੍ਹ ਸਿੰਘ ਨਾਭਾ (ਭਾਈ), ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ-1999
2. ਰਤਨ ਸਿੰਘ ਜੱਗੀ (ਡਾ.),
    - ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ- 2005
    - ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ- 2005
3. ਰਤਨ ਸਿੰਘ ਜੱਗੀ (ਡਾ.)
    - ਰਤਨ ਸਿੰਘ ਜੱਗੀ (ਡਾ.), ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-2002
    - ਰਤਨ ਸਿੰਘ ਜੱਗੀ (ਡਾ.), ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-2002
4. A.S. Horn ,Oxford Advanced Learner's Dictionary ,Oxford University Press-2005
5. Alan E. Kazdin (Ed.) Encyclopedia of Psychology, Vol. 7, Oxford University Press-2000
6. Albert J. Nevins, M.M. (Compiled and ed.), The Maryknoll Catholic Dictionary
7. Albert J. Nevins, M.M. (Compiled and edited), The Maryknoll Catholic Dictionary, Dimension Books 9, New York-1965

8. Encyclopædia of Religion and Ethics, James Hastings (edited.), Volume X, T. & T. CLARK, Edinburgh-1967

9. Encyclopedia of World Religions, Octopus Books Limited, London-1975

10. James Hasting (Ed), Encyclopedia of Religion and Ethics Vol. XII, T & T Clark, Edinburgh-1967

11. K. Srinivas, Vempaty Kutumba Sastry, A Concise Dictionary of Philosophy, D.K. Printworld (P) Ltd.-2007

12. वामन शिवराम आप्टे, संस्कृत-हिन्दी कोश, रचना प्रकाशन, जयपुर-2006

### ਖੋਜ-ਪ੍ਰਬੰਧ (ਥੀਸਿਸ)

1. ਹਰਦੇਵ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਸੁੱਖਾ ਸਿੰਘ ਦਾ ਧਰਮ ਸ਼ਾਸਤਰੀ ਅਧਿਐਨ (ਪੀਐਚ.ਡੀ. ਖੋਜ-ਪ੍ਰਬੰਧ), ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-2013

2. ਗੁਰਮੇਲ ਸਿੰਘ, ਮਧ-ਕਾਲੀਨ ਸਿੱਖ-ਸਾਹਿਤ ਦਾ ਗੁਰਮਤਿ ਦ੍ਰਿਸ਼ਟੀਕੋਣ ਇਕ ਅਧਿਐਨ, (ਪੀਐਚ.ਡੀ. ਖੋਜ-ਪ੍ਰਬੰਧ), ਗੁਰੂ ਗੋਬਿੰਦ ਸਿੰਘ ਧਰਮ ਅਧਿਐਨ, ਪੰਜਾਬੀ ਯੂਨੀਵਰਸਿਟੀ-2008

3. ਮੱਖਣ ਸਿੰਘ, ਅਠਾਰਵੀਂ ਸਦੀ ਦੌਰਾਨ ਸਿੱਖਾਂ ਦੇ ਰਾਜਨੀਤਿਕ ਫੈਸਲੇ (ਭਾਈ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਅਨੁਸਾਰ),(ਐਮ.ਫਿਲ ਖੋਜ-ਨਿਬੰਧ), ਗੁਰੂ ਗੋਬਿੰਦ ਸਿੰਘ ਧਰਮ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ-2009

4. Hrinder Singh Chprha, Editing of Panth Parkash Of Ratan Singh Bhangoo by Bhai Veer Singh, Ph.d. Thesis, Department of History, Guru

Nanak Dev University, Amritsar-1990 Ph.D. Thesis, Department of History-1990

5. Kavita Rani, Select Gurmukhi Sources on Medievel Sikh History From 1469-1799- A Historical Analysis (Ph.D. Thesis)-2006

6. देवी दास, भाई सुखा सिँह व कुईर सिँह के गुरविलास का तुलनातमक अघिययन, गुरू नानक देव विश्वविद्यालय, अमृतसर-1980

**ਰਸਾਲੇ ਤੇ ਖੋਜ ਪੱਤ੍ਰਿਕਾਵਾਂ**

1. ਹਰਦੇਵ ਸਿੰਘ, ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਵਿਚ ਕਵੀ ਕੁਇਰ ਸਿੰਘ ਦਾ ਯੋਗਦਾਨ, ਪ੍ਰੋਸੀਡਿੰਗ, ਪੰਜਾਬ ਹਿਸਟਰੀ ਕਾਨਫਰੰਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ-2013

2. ਹਰਪਾਲ ਸਿੰਘ ਬੁੱਘਾ, ਪ੍ਰਾਚੀਨ ਪੰਥ ਪ੍ਰਕਾਸ਼: ਸ੍ਰ ਰਤਨ ਸਿੰਘ ਭੰਗੂ (ਸਿੱਖ ਇਤਿਹਾਸ ਦ੍ਰਿਸ਼ਟੀ ਦੇ ਵਿਸ਼ੇਸ਼ ਸੰਦਰਭ 'ਚ), ਪ੍ਰੋਸੀਡਿੰਗ, ਪੰਜਾਬ ਹਿਸਟਰੀ ਕਾਨਫਰੰਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-2012

3. ਕਿਰਪਾਲ ਸਿੰਘ (ਡਾ.), ਪ੍ਰਾਚੀਨ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ) ਦੀ ਇਤਿਹਾਸਕ ਮਹਾਨਤਾ, ਸਿੰਘ ਸਭਾ ਪੱਤ੍ਰਿਕਾ, ਸ੍ਰੀ ਅੰਮ੍ਰਿਤਸਰ, ਅਗਸਤ-1978

4. ਕਿਰਪਾਲ ਸਿੰਘ (ਡਾ·), ਪ੍ਰਾਚੀਨ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ) ਦੀ ਇਤਿਹਾਸਕ ਮਹਾਨਤਾ, ਗੁਰਦਿੱਤ ਸਿੰਘ ਗਿਆਨੀ (ਸੰਪਾ.), ਸਿੰਘ ਸਭਾ ਪਤ੍ਰਿਕਾ, ਸ੍ਰੀ ਅੰਮ੍ਰਿਤਸਰ, ਅਗਸਤ-1978

5. ਗੁਰਮੇਲ ਸਿੰਘ, ਸ੍ਰੀ ਗੁਰ ਪੰਥ ਪ੍ਰਕਾਸ਼: ਸਰਦਾਰ ਰਤਨ ਸਿੰਘ ਭੰਗੂ, ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ-2005, ਪੰਜਾਬੀ ਯੂਨੀਵਰਸਿਟੀ, ਪਟਿਆਲਾ

6. ਗੁਲਜਾਰ ਸਿੰਘ ਕੰਗ (ਡਾ.), ਸ· ਰਤਨ ਸਿੰਘ ਭੰਗੂ, ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ-2007, ਪੰਜਾਬੀ ਯੂਨੀਵਰਸਿਟੀ, ਪਟਿਆਲਾ-2008

7. ਧਰਮ ਸਿੰਘ, ਗੁਰਬਿਲਾਸਾਂ ਤੋਂ ਮਹਾਕਾਵਿ ਤੱਕ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ-30 ਜੁਲਾਈ 2014

8. ਬਲਵਿੰਦਰ ਕੌਰ ਜੋਸ਼ੀ (ਡਾ.), ਪ੍ਰਾਚੀਨ ਪੰਥ ਪ੍ਰਕਾਸ਼: ਸ: ਰਤਨ ਸਿੰਘ ਭੰਗੂ: ਇੱਕ ਪਰਿਚਯ, ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ-2005, ਪੰਜਾਬੀ ਯੂਨੀਵਰਸਿਟੀ, ਪਟਿਆਲਾ

9. ਮੋਹਣਬੀਰ ਕੌਰ, ਰਤਨ ਸਿੰਘ ਭੰਗੂ ਦਾ ਸਿੱਖ ਸ਼ਹੀਦਾਂ ਪ੍ਰਤੀ ਨਜ਼ਰੀਆ, ਪ੍ਰੋਸੀਡਿੰਗ, ਪੰਜਾਬ ਹਿਸਟਰੀ ਕਾਨਫਰੰਸ-2013, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ

10. Avital Simhony, Beyond Negative and Positive Freedom: T.H. Green's View of Freedom, Political Theory, Vol. 21, no. 1, Feb 1993

11. Joel Blau, Theories of Welfare State, Social Science Review, Vol. 63, no. 1, March 1989

12. Kiranjeet kaur, Koer Singh's Gurbilas Patshahi-10: A Historical Source of Medieval Sikh History, Proceedings of South Asian History Conference, Publication Bureau, Punjabi Univarsity Patiala-2014

13. ਡਾ. ਗੁਰਦੇਵ ਸਿੰਘ, ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ, ਪੰਜਾਬੀ ਪੀਡੀਆ, ,"http://punjabipedia.org/topic.aspx?txt=ਮੰਗਲਾਚਰਣ," ਪੰਜਾਬੀ ਯੂਨੀਵਰਸਿਟੀ, ਪਟਿਆਲਾ ,1.26 pm, 08-03-2010

14. www.cfilt.iitb.ac.in/hindishabdamitra/advanced/शास्त्र, Center for Indian Language Teechnology, 19, February, 2019

# ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ ਦਾ ਧਾਰਮਿਕ ਅਤੇ ਰਾਜਨੀਤਿਕ ਵਿਸ਼ਲੇਸ਼ਣ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਮਾਜ ਵਿਗਿਆਨ
ਫੈਕਲਟੀ ਅਧੀਨ ਪੀਐੱਚ. ਡੀ. ਦੀ ਡਿਗਰੀ ਲਈ ਪੇਸ਼
ਖੋਜ-ਪ੍ਰਬੰਧ
(2019)


ਨਿਗਰਾਨ
ਡਾ. ਹਰਪਾਲ ਸਿੰਘ ਪੰਨੂ
ਪ੍ਰੋਫੈਸਰ (ਰਿਟਾ.)
ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖੋਜਾਰਥੀ
ਮੱਖਣ ਸਿੰਘ


(Established Under Punjab Act No. 35 of 1961)


ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸਾਰ

‘ਗੁਰਬਿਲਾਸ ਪਾਤਸ਼ਾਹੀ ੧੦’ ਤੇ ‘ਪ੍ਰਾਚੀਨ ਪੰਥ ਪ੍ਰਕਾਸ਼’ ਵਿਲੱਖਣ ਧਾਰਮਿਕ ਤੇ ਇਤਿਹਾਸਕ ਰਚਨਾਵਾਂ ਹਨ। ਗੁਰਬਿਲਾਸ ਪਾਤਸ਼ਾਹੀ ੧੦ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਅਮਲ ਤੇ ਕਾਰਜਾਂ ਨੂੰ ਕਾਵਿ ਰਾਹੀਂ ਪੇਸ਼ ਕਰਨ ਵਾਲੀ ਵਿਲੱਖਣ ਤੇ ਨਿਰਾਲੀ ਰਚਨਾ ਹੈ। ਗੁਰੂ ਜੀ ਦੀ ਸੰਸਾਰ ਯਾਤਰਾ ਤੋਂ ਲਗਭਗ ਚਾਰ ਪੰਜ ਦਹਾਕੇ ਬਾਅਦ ਰਚੇ ਇਸ ਗ੍ਰੰਥ ਦੀ ਕੋਈ ਪ੍ਰਮਾਣਿਕ ਰਚਨਾ ਤਰੀਕ ਨਹੀਂ ਮਿਲਦੀ। ਕੁਇਰ ਸਿੰਘ ਨੇ ਗੁਰੂ-ਘਰ ਦੇ ਸ਼ਰਧਾਲੂ ਵਜੋਂ ਸਾਹਿਤ ਦੀ ਬਿਲਾਸ ਪਰੰਪਰਾ ਤੇ ਚਰਿਤ ਕਾਵਿ ਰਾਹੀਂ ਭਾਈ ਮਨੀ ਸਿੰਘ ਦੇ ਧਾਰਮਿਕ ਤੇ ਰੂਹਾਨੀ ਅਨੁਭਵ ਨੂੰ ਆਧਾਰ ਬਣਾ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦਾ ਚਿਤਰਨ ਕੀਤਾ ਹੈ। ਗੁਰਬਿਲਾਸ ਇਤਿਹਾਸ ਦੀ ਪਰੰਪਰਾਗਤ ਵਿਆਖਿਆ, ਗੁਰੂ ਦੇ ਦੈਵੀ ਪ੍ਰਭਾਵ ਦੀ ਸਿਰਜਣਾ, ਗੁਰੂ-ਜੰਗਾਂ ਤੇ ਗੁਰੂ-ਪਿਆਰ ਨੂੰ ਉਜਾਗਰ ਕਰਨ ਵਾਲੀ ਰਸਦਾਇਕ ਰਚਨਾ ਹੈ ਜਿਸ ਦਾ ਗੁਰਮਤਿ ਸਾਹਿਤ ਵਿਚ ਵਿਸ਼ੇਸ਼ ਥਾਂ ਹੈ।

ਪ੍ਰਾਚੀਨ ਪੰਥ ਪ੍ਰਕਾਸ਼ ਅਠਾਰਵੀਂ ਸਦੀ ਦੇ ਸਿੱਖ ਇਤਿਹਾਸ ਦਾ ਮੁੱਢਲਾ ਇਤਿਹਾਸਕ ਸ੍ਰੋਤ ਗ੍ਰੰਥ ਹੈ। ਰਤਨ ਸਿੰਘ ਰਵਾਇਤੀ ਇਤਿਹਾਸਕਾਰ ਨਹੀਂ ਬਲਕਿ ਰਾਜਨੀਤਿਕ ਸੋਝੀ ਰੱਖਣ ਵਾਲਾ ਗੁਰਸਿੱਖ ਸੀ ਜਿਸਦੇ ਰਚੇ ਸ੍ਰੀ ਗੁਰ ਪੰਥ ਪ੍ਰਕਾਸ਼ ਨੂੰ ਪ੍ਰਾਚੀਨ ਪੰਥ ਪ੍ਰਕਾਸ਼ ਵੀ ਕਿਹਾ ਜਾਂਦਾ ਹੈ। ਗ੍ਰੰਥ ਦਾ ਵਿਸ਼ਾ ਤੇ ਉਦੇਸ਼ ਖਾਲਸੇ ਦੀ ਉਤਪਤੀ ਤੇ ਪਾਸਾਰੇ ਦਾ ਇਤਿਹਾਸਕ ਅਤੇ ਸਿਧਾਂਤਕ ਪ੍ਰਸੰਗ ਸਿਰਜਣਾ ਹੈ। ਅਧਿਐਨ ਤੋਂ ਪਤਾ ਲਗਦਾ ਹੈ ਕਿ ਖ਼ਾਲਸੇ ਦੀ ਉਤਪਤੀ ਤੇ ਰਾਜ ਦੀ ਬਖ਼ਸ਼ਿਸ਼ ਦੇ ਸਿਧਾਂਤ ਨੂੰ ਭੰਗੂ ਨੇ ਸਿੱਖ ਸੰਘਰਸ਼ ਤੇ ਸ਼ਹੀਦੀਆਂ ਦੀ ਲੰਮੀ ਗਾਥਾ ਰਾਹੀਂ ਦੈਵੀ ਬਖ਼ਸ਼ਿਸ਼ ਨਾਲ ਜੋੜਿਆ ਹੈ। ਭੰਗੂ ਨੇ ਗ੍ਰੰਥ ਦੀ ਇਤਿਹਾਸਕ ਤਰਤੀਬ ਦੀ ਥਾਂ ਰਾਜ ਦੇ ਦਾਅਵੇ, ਖ਼ਾਲਸਾ ਸਾਜਣਾ ਤੇ ਪੰਥ ਦੇ ਪਸਾਰ ਨਾਲ ਸੰਬੰਧਿਤ ਸਾਖੀਆਂ ਨੂੰ ਉਭਾਰਿਆ ਹੈ। ਰਤਨ ਸਿੰਘ ਗ੍ਰੰਥ ਦੀ ਪ੍ਰਮਾਣਕਿਤਾ ਤੇ ਸੋਧ ਨੂੰ ਲਿਖਤੀ ਅਤੇ ਮੌਖਿਕ ਗਵਾਹੀਆਂ ਦੇ ਆਧਾਰ ’ਤੇ ਤਸਦੀਕ ਕਰਦਾ ਹੈ। ਗ੍ਰੰਥ ਵਿਚਲੇ ਬਹਾਦਰੀ ਦੇ ਕਾਵਿ ਪ੍ਰਸੰਗਾਂ ਦੀ ਘੋੜਿਆਂ ਵਰਗੀ ਚਾਲ ਤੇ ਰਵਾਨਗੀ, ਸਿੰਘਾਂ ਦਾ ਗੁਰੂ ਤੇ ਅਕਾਲ ਉੱਪਰ ਵਿਸ਼ਵਾਸ, ਖ਼ਾਲਸਾ ਪੰਥ ਦੇ ਪਸਾਰੇ ਦੀ ਸਿਖ਼ਰ ਹੈ। ਖ਼ਾਲਸਾਈ ਸੰਘਰਸ਼ ਦਾ ਇਹ ਜਜ਼ਬਾ ਹੀ ਪਾਤਸ਼ਾਹੀ ਦੇ ਸੁਪਨੇ ਦੀ ਤਾਂਘ ਨਾਲ ਅਠਾਰਵੀਂ ਸਦੀ ਦੇ ਪੂਰੇ ਇਤਿਹਾਸ ਉੱਪਰ ਛਾ ਜਾਂਦਾ ਹੈ।

ਗੁਰਬਿਲਾਸ ਤੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਵਿਸ਼ੇਸ਼ ਇਤਿਹਾਸਕ ਹਵਾਲਿਆਂ ਤੇ ਸਿਧਾਂਤਾਂ ਵਜੋਂ ਮਿਲਦੀ ਵਿਚਾਰ ਨੂੰ ਗੁਰਬਾਣੀ, ਭਾਈ ਗੁਰਦਾਸ, ਭਾਈ ਕਾਨ੍ਹ ਸਿੰਘ ਨਾਭਾ, ਪੁਰਾਤਨ ਸਿੱਖ ਸ੍ਰੋਤਾਂ ਤੇ ਸਿੱਖ ਪੰਥ ਵਿਸ਼ਵਕੋਸ਼ ਦੇ ਹਵਾਲੇ ਨਾਲ ਪੜਤਾਲਣ ਤੋਂ ਪਤਾ ਚਲਦਾ ਹੈ ਕਿ ਦੋਵੇਂ ਗ੍ਰੰਥਾਂ ਦੀ ਮੂਲ ਭਾਵਨਾ ਸਿੱਖੀ ਦੇ ਅਧਿਆਤਮਕ ਤੇ ਸਿਧਾਂਤਿਕ ਪ੍ਰਸੰਗਾਂ ਨੂੰ ਹੀ ਦ੍ਰਿੜ ਕਰਾਉਂਦੀ ਹੈ। ਦੋਵੇਂ ਗ੍ਰੰਥਾਂ ਦੇ ਆਦਿ ਵਿਚ ਮਿਲਦਾ ਮੰਗਲਾਚਰਣ ਗੁਰਮਤਿ ਦੇ ਪ੍ਰਮੁੱਖ ਸਿਧਾਂਤ ੧ਓ ਨਾਲ ਸ਼ੁਰੂ ਹੋ ਕੇ, ਅਕਾਲ ਪੁਰਖ ਤੇ ਗੁਰੂ ਦੀ ਚਰਨ ਬੰਦਨਾ ਕਰਦਾ ਹੈ। ਮੰਗਲਾਚਰਣ ਵਿਚ ਇਕ ਅਕਾਲ 'ਤੇ ਵਿਸ਼ਵਾਸ ਦਾ ਪ੍ਰਗਟਾਵਾ ਇਨ੍ਹਾਂ ਰਚਨਾਵਾਂ ਦੀਆਂ ਸਿਧਾਂਤਕ ਤਰਜ਼ੀਹਾਂ ਨਿਸ਼ਚਿਤ ਕਰਦਾ ਹੈ। ਇਹਨਾਂ ਗ੍ਰੰਥਾਂ ਵਿਚ ਅਕਾਲ ਪੁਰਖ, ਕੁਦਰਤ, ਜੀਵ ਤੇ ਮੁਕਤੀ ਦੇ ਸੰਕਲਪ ਗੁਰਮਤਿ ਦੇ ਦ੍ਰਿਸ਼ਟੀਕੋਣ ਦੇ ਮੂਲ ਸਿਧਾਂਤ ਨਾਲ ਮੇਲ ਖਾਂਦੇ ਹਨ। ਗੁਰੂ ਤੇ ਸੰਗਤ ਦੇ ਰੂਹਾਨੀ ਤੇ ਜਥੇਬੰਦਕ ਸਰੂਪ ਨੂੰ ਇਨ੍ਹਾਂ ਗ੍ਰੰਥਾਂ ਨੇ ਇਤਿਹਾਸਕ ਪ੍ਰਸੰਗਾਂ ਰਾਹੀਂ ਬਹੁਤ ਖ਼ੂਬਸੂਰਤੀ ਨਾਲ ਚਿਤਰਿਆ ਹੈ ਜਿਹੜਾ ਇਨ੍ਹਾਂ ਗ੍ਰੰਥਾਂ ਦੀ ਸਿਧਾਂਤਕ ਪ੍ਰਮਾਣਿਕਤਾ ਨੂੰ ਪਕਿਆਈ ਬਖ਼ਸ਼ਦਾ ਹੈ। ਨਾਮ, ਸਿੱਖੀ ਦੇ ਰੂਹਾਨੀ ਮੰਡਲਾਂ ਦੀ ਅਛੋਹ ਤੇ ਨਿਰਮਲ ਵਸਤੂ ਹੈ। ਇਹਨਾਂ ਗ੍ਰੰਥਾਂ ਵਿਚ ਨਾਮ ਦੇ ਮਿਲਦੇ ਹਵਾਲਿਆਂ ਦਾ ਅਧਿਐਨ ਨਾਮ ਦੀ ਮਹਿਮਾ ਤੇ ਉੱਚਤਾ ਦਰਸਾਉਂਦਾ ਹੈ। ਗੁਰਮੁਖ, ਗੁਰਬਾਣੀ ਵਿਚ ਚਿਤਵੀ ਸਚਿਆਰ ਸ਼ਖ਼ਸੀਅਤ ਹੈ। ਅਜਿਹੇ ਗੁਰਮੁਖਾਂ ਦੀਆਂ ਕੁਰਬਾਨੀਆਂ ਤੇ ਬੇਅੰਤ ਘਾਲਣਾਵਾਂ ਦਾ ਇਤਿਹਾਸ ਕਲਮਬੰਦ ਕਰਨਾ ਗ੍ਰੰਥਕਾਰਾਂ ਦੀ ਪ੍ਰਾਪਤੀ ਹੈ। ਸੇਵਾ ਨੂੰ ਰਚਨਾਕਾਰਾਂ ਨੇ ਵੱਡੇ ਭਾਗਾਂ ਦੀ ਨਿਸ਼ਾਨੀ ਤੇ ਅਰਦਾਸ ਨੂੰ ਸਾਰੀਆਂ ਬਰਕਤਾਂ ਦਾ ਖਜ਼ਾਨਾ ਮੰਨਿਆ ਹੈ। ਰਤਨ ਸਿੰਘ ਨੇ ਸੇਵਾ ਨੂੰ ਕਪੂਰ ਸਿੰਘ ਦੀ ਨਵਾਬੀ ਤੇ ਭਾਈ ਤਾਰੂ ਸਿੰਘ ਦੀ ਸ਼ਹਾਦਤ ਨਾਲ ਜੋੜ ਕੇ ਵਡਿਆਇਆ ਹੈ। ਰਚਨਾਵਾਂ ਵਿਚ ਹਰ ਔਖੇ ਸੌਖੇ ਸਮੇਂ ਪੁਰਾਤਨ ਤੰਤੀ-ਸਾਜਾਂ ਰਾਹੀਂ ਕਥਾ ਕੀਰਤਨ ਤੇ ਕੜਾਹ ਪ੍ਰਸਾਦਿ ਬਣਾਉਣ ਦਾ ਜ਼ਿਕਰ ਸਿੱਖ ਰਹਿਤ ਦੀ ਦ੍ਰਿੜਤਾ ਤੇ ਗੁਰੂ-ਘਰ ਦੀਆਂ ਅਮੀਰ ਪਰੰਪਰਾਵਾਂ ਦਾ ਪ੍ਰਮਾਣ ਹੈ।

ਦੋਵੇਂ ਗ੍ਰੰਥਾਂ ਵਿਚ ਮੀਰੀ-ਪੀਰੀ ਦੇ ਸਿਧਾਂਤ ਦੀਆਂ ਝਲਕਾਂ ਸੰਮਿਲਤ ਰੂਪ ਵਿਚ ਮਿਲਦੀਆਂ ਹਨ। ਕੁਇਰ ਸਿੰਘ ਨੇ ਗੁਰੂ ਜੀ ਦੇ ਸ਼ਾਹੀ ਠਾਠ-ਬਾਠ ਤੇ ਸਿੰਘਾਸਨ ਨੂੰ ਸ਼ਾਹਾਂ ਦੇ ਸ਼ਾਹ ਦਾ ਸਿੰਘਾਸਣ ਦੱਸਿਆ ਹੈ ਤੇ ਗੁਰੂ ਜੀ ਨੂੰ ਦੁਨੀਆ ਦੇ ਸੱਚੇ ਰਾਜੇ ਨਾਲ ਤਸ਼ਬੀਹ ਦੇ ਕੇ ਗੁਰੂ ਜੀ ਦੇ 'ਸੱਚੇ ਪਾਤਸ਼ਾਹ' ਦੇ ਰੂਪ ਨੂੰ ਚਿਤਰਿਆ ਹੈ ਜਿਹੜਾ ਸਿੱਖੀ ਦੇ ਮੀਰੀ-ਪੀਰੀ ਦੇ ਸਿਧਾਂਤ ਦੀ ਰੂਹਾਨੀ ਤੇ ਸੰਸਾਰਕ ਤਰਜ਼ਮਾਨੀ ਦਾ ਸਿਖ਼ਰ

ਹੈ। ਕੁਇਰ ਸਿੰਘ ਵੱਲੋਂ ਜੰਗ ਵਰਨਣ, ਰਣਜੀਤ ਨਗਾਰੇ ਦੀ ਧਮਕ ਤੇ ਚਿੜੀਆਂ ਤੋਂ ਬਾਜ਼ ਤੜਾਉਣ ਦੇ ਹਵਾਲੇ ਖ਼ਾਲਸੇ ਦੀ ਰਾਜਨੀਤਿਕ ਪ੍ਰਭੁਸਤਾ ਦੀ ਗਵਾਹੀ ਭਰਦੇ ਹਨ। ਕੁਇਰ ਸਿੰਘ ਗੁਰੂ ਨੂੰ ਮਨੁੱਖ ਦੀ ਥਾਂ ਆਦਿ ਸ਼ਕਤੀ ਮੰਨਦਾ ਹੋਇਆ ਗੁਰੂ ਦੇ ਰਾਜ ਦਾ ਦਾਅਵਾ ਵੀ ਧਰਮ ਦੇ ਬ੍ਰਹਿਮੰਡੀ ਪਸਾਰੇ ਵਾਂਗ ਚਿਤਵਦਾ ਹੈ। ਭੰਗੂ ਇਤਿਹਾਸਕ ਹਵਾਲਿਆਂ ਨਾਲ ਰਾਜ ਨੂੰ ਗੁਰੂ ਵੱਲੋਂ ਬਖਸ਼ੀ ਦੈਵੀ ਦਾਤ ਤੇ ਸੀਸ ਭੇਟ ਕਰਕੇ ਲਈ ਦੈਵੀ ਅਮਾਨਤ ਸਮਝਦਾ ਹੈ। ਭੰਗੂ ਅਨੁਸਾਰ ਇਤਿਹਾਸਕ ਦ੍ਰਿਸ਼ਟੀ ਤੋਂ ਅਕਾਲ ਤਖ਼ਤ ਸਾਹਿਬ ਅਦਾਲਤ ਦੀ ਭੂਮਿਕਾ ਨਿਭਾਉਂਦਾ ਹੈ। ਕੁਇਰ ਸਿੰਘ ਅਨੁਸਾਰ ਖ਼ਾਲਸਾ ਸਾਜਣਾ ਦਾ ਮੰਤਵ ਗ਼ਰੀਬ ਲੋਕਾਂ ਨੂੰ ਜਗਤ ਦੇ ਰਾਜੇ ਬਣਾਉਣਾ ਤੇ ਰਤਨ ਸਿੰਘ ਭੰਗੂ ਅਨਸਾਰ ਗ਼ਰੀਬ ਸਿੱਖਾਂ ਨੂੰ ਪਾਤਿਸ਼ਾਹੀ ਦੇਣਾ ਹੈ। ਕੁਇਰ ਸਿੰਘ ਵੱਲੋਂ ਬਹਾਦਰ ਸ਼ਾਹ ਦੀ ਗੁਰੂ ਜੀ ਨਾਲ ਮੁਲਾਕਾਤ ਤੇ ਰਤਨ ਸਿੰਘ ਵੱਲੋਂ ਬਘੇਲ ਸਿੰਘ ਦਾ ਦਿੱਲੀ ਦੇ ਬਾਦਸ਼ਾਹ ਨੂੰ ਮਿਲਣ ਜਾਣ ਦਾ ਦ੍ਰਿਸ਼ ਖ਼ਾਲਸੇ ਦੇ ਪਾਤਸ਼ਾਹੀ ਦਾਅਵੇ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ। ਕਪੂਰ ਸਿੰਘ ਦੀ ਨਵਾਬੀ ਦਾ ਪ੍ਰਸੰਗ ਦਸਦਾ ਹੈ ਕਿ ਸਿੱਖ ਲਈ ਨਵਾਬੀ ਪਾਉਣ ਲਈ ਗੁਰੂ ਦੀ ਬਖ਼ਸ਼ਿਸ਼ ਦਾ ਪਾਤਰ ਹੋਣਾ ਜ਼ਰੂਰੀ ਹੈ ਇਹ ਭਾਵਨਾ ਹੀ ਖ਼ਾਲਸੇ ਦੀ ਬਾਦਸ਼ਾਹੀ ਨੂੰ ਪੀਰੀ ਨਾਲ ਜੋੜਦੀ ਹੈ। ਖਾਲਸੇ ਦੇ ਸਰਬੱਤ ਦੇ ਭਲੇ ਵਾਲੇ ਸਮਾਜਿਕ ਤੇ ਰਾਜਨੀਤਿਕ ਪ੍ਰਬੰਧ ਸਿਰਜਣ ਦੀ ਇਕ ਉਦਾਹਾਰਨ ਬਾਹਮਣ ਦੀ ਧੀ ਉਸਦੇ ਘਰ ਵਸਾਉਣ ਵਾਲੇ ਪ੍ਰਸੰਗ ਤੋਂ ਮਿਲਦੀ ਹੈ। ਕੁਇਰ ਸਿੰਘ ਵੱਲੋਂ ਗੁਰੂ ਦੇ ਸਿੰਘਾਸਣ ਨੂੰ ਆਦਿ ਸਿੰਘਾਸਣ ਦੱਸਣਾ ਤੇ ਰਤਨ ਸਿੰਘ ਵੱਲੋਂ ਖ਼ਾਲਸੇ ਨੂੰ ਖ਼ੁਦਾ ਕਹਿਣਾ ਤੇ ਗੁਰੂ ਤੋਂ ਬਿਨਾਂ ਧਰਤੀ ਦੇ ਕਿਸੇ ਹੋਰ ਸਮਾਜਿਕ ਜਾਂ ਰਾਜਸੀ ਪ੍ਰਬੰਧ ਦੀ ਅਧੀਨਗੀ ਨਾ ਕਬੂਲਣ ਦੀ ਧਾਰਨਾ ਉਜਾਗਰ ਕਰਨਾ ਹੀ ਇਹਨਾਂ ਰਚਨਾਵਾਂ ਦੀ ਪ੍ਰਾਪਤੀ ਹੈ। ਇਹੀ ਸਿੱਖੀ ਦੇ ਮੀਰੀ-ਪੀਰੀ ਦੇ ਸਿਧਾਂਤ ਦੀ ਬੁਨਿਆਦ ਹੈ।

ਇਤਿਹਾਸਕ ਅਤੇ ਧਾਰਮਿਕ ਪਰੰਪਰਾ ਦੇ ਸੁਮੇਲ ਇਹਨਾਂ ਗ੍ਰੰਥਾਂ ਵਿੱਚੋਂ ਸਾਨੂੰ ਸਿੱਖਾਂ ਦੇ ਸਿਧਾਂਤਕ, ਰਾਜਸੀ ਅਤੇ ਧਾਰਮਿਕ ਅਨੁਭਵਾਂ ਦੇ ਅਨੇਕ ਝਲਕਾਰੇ ਮਿਲਦੇ ਹਨ ਜਿਸ ਕਰਕੇ ਕੁਝ ਊਣਤਾਈਆਂ ਤੇ ਸਿਧਾਂਤਿਕ ਸੀਮਾਵਾਂ ਦੇ ਬਾਵਜੂਦ ਸਿੱਖ-ਸਾਹਿਤ ਵਿਚ ਇਹ ਗ੍ਰੰਥ ਆਪਣਾ ਨਿਵੇਕਲਾ ਸਥਾਨ ਰਖਦੇ ਹਨ।

# Gurbilas Patshahi ੧੦ Kirt Koer Singh ate Prachin Panth Prakash Kirt Ratan Singh Bhangu da Dharmik ate Rajnitik Vishleshan

An
Abstract
Faculty of Social Sciences of the Punjabi Univrsity Patiala in fulfilment of the Requirment for the Degree of
DOCTOR OF PHILOSPHY
(2019)

Supervisor

Dr. Harpal Singh Pannu
Prof. (Retd.)
Religious Studies Department
Punjabi University Patiala

Research Scholar

Makhan Singh

PUNJABI UNIVERSITY PATIALA
(Established Under Punjab Act No. 35 of 1961)

Guru Gobind Singh Department of Religious Studies
Punjabi University, Patiala

# Gurbilas Patshahi ੧੦ Kirt Koer Singh ate Prachin Panth Prakash Kirt Ratan Singh Bhangu da Dharmik ate Rajnitik Vishleshan

**An**

**Abstract**

**Faculty of Social Sciences of the Punjabi Univrsity Patiala in fulfilment of the Requirment for the Degree of**

**DOCTOR OF PHILOSPHY**

(2019)


**Supervisor**

**Dr. Harpal Singh Pannu**
**Prof. (Retd.)**
**Religious Studies Department**
**Punjabi University Patiala**

**Research Scholar**

**Makhan Singh**


PUNJABI UNIVERSITY PATIALA

(Established Under Punjab Act No. 35 of 1961)


**Guru Gobind Singh Department of Religious Studies**
**Punjabi University, Patiala**

## Abstract

The basic material for this research - 'Gurbilas Patshahi 10 authored by Koer Singh and Pracheen Panth Prakash authored by Ratan Singh Bhangu', are Sikh religious and historic texts in poetry. The author of Gurbilas Patshahi 10, Koer Singh, was a devout Sikh who narrated the battles, historic incidents, Sikh doctrines, and life and sketch of Guru Sahib in his text. Author of Pracheen Panth Prakash, Rattan Singh Bhangu who heir of a legendary Sikh martyr, narrated the emergence and expansion of the Khalsa order. The Pracheen Panth Prakash establishes the doctrine of Sikh sovereignty with the divine grace of emergence and expansion of the Khalsa order through epic narration of Sikh struggle and martyrdoms.

This research work presents the analytical study, need and importance of the work done, and historic and literary dispositions of these texts. For this study primary and secondary techniques of Theology and Political Science are used. For religious analysis, the understandings of Theology and Sikh Theology were developed through the study of origin of the religion, its meanings and definitions; origin of the theology, its definitions and forms. For political analysis the Western works related to the State, from Aristotle to the works related to modern Welfare State, and the concept of Just King under Indian Tradition were discussed. The doctrine of serene unity of 'Miri & Piri' (religion and politics) is also discussed in brief.

In accordance with the Gurmat the initial stanzas of both the texts begin with "ੴ" (Ek-Onkar) which demarcates the basic lines of these writings. The theological concepts of God, Nature, Life and Salvation are envisioned as per Gurmat in these texts. Guru, Sangat and Naam are unique concepts of the Gurmat. The historical and doctrinal

discussion of these concepts, as found in the Gurbilas and Pracheen Panth Prakash, is analyzed with comparative reference to Gurbani, Bhai Gurdas and Bhai Kahan Singh Nabha. The doctrinal analysis of views of the authors of these text in relation to Tankhan, Ardas, Sewa and Kurehat is also conducted.

Both the texts carry brief but important references to the glimpses of the doctrine of Miri and Piri that is subjected to political analysis with reference to political institutions of Sri Akal Takht Sahib, Gurmata, Khalsa Panth, Panj Pyare and Sarbat Khalsa after briefly introducing their concepts. The political aspects of historic events narrated in these text are also analysis.

**Details of repetitive keywords**

1. **Analysis**
2. **Study**
3. **Poetry**
4. **Doctrine**
5. **Guru**

# ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ ਦਾ ਧਾਰਮਿਕ ਅਤੇ ਰਾਜਨੀਤਿਕ ਵਿਸ਼ਲੇਸ਼ਣ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਮਾਜ ਵਿਗਿਆਨ
ਫੈਕਲਟੀ ਅਧੀਨ ਪੀਐੱਚ. ਡੀ. ਦੀ ਡਿਗਰੀ ਲਈ ਪੇਸ਼ ਖੋਜ-ਪ੍ਰਬੰਧ ਦਾ
ਤੱਤ-ਸਾਰ

**ABSTRACT**
(2019)


ਨਿਗਰਾਨ
ਡਾ. ਹਰਪਾਲ ਸਿੰਘ ਪੰਨੂ
ਪ੍ਰੋਫੈਸਰ (ਰਿਟਾ.)
ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖੋਜਾਰਥੀ
ਮੱਖਣ ਸਿੰਘ


(Established Under Punjab Act No. 35 of 1961)


ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ ਦਾ ਧਾਰਮਿਕ ਅਤੇ ਰਾਜਨੀਤਿਕ ਵਿਸ਼ਲੇਸ਼ਣ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਮਾਜ ਵਿਗਿਆਨ
ਫੈਕਲਟੀ ਅਧੀਨ ਪੀਐੱਚ. ਡੀ. ਦੀ ਡਿਗਰੀ ਲਈ ਪੇਸ਼ ਖੋਜ-ਪ੍ਰਬੰਧ ਦਾ

ਤੱਤ-ਸਾਰ

**ABSTRACT**

(2019)


ਨਿਗਰਾਨ | ਖੋਜਾਰਥੀ

ਡਾ. ਹਰਪਾਲ ਸਿੰਘ ਪੰਨੂ | ਮੱਖਣ ਸਿੰਘ
ਪ੍ਰੋਫੈਸਰ (ਰਿਟਾ.)
ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ


(Established Under Punjab Act No. 35 of 1961)


ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਤੱਤ-ਸਾਰ

ਅਧਿਐਨ ਸਮੱਗਰੀ ਦੇ ਆਧਾਰ ਗ੍ਰੰਥ 'ਗੁਰ ਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ' ਕਾਵਿ ਰੂਪ ਵਿਚ ਰਚਿਤ ਧਾਰਮਿਕ ਅਤੇ ਇਤਿਹਾਸਕ ਸਿੱਖ ਸ੍ਰੋਤ ਹਨ। ਇਸ ਦਾ ਰਚੇਤਾ ਕੁਇਰ ਸਿੰਘ ਗੁਰੂ ਘਰ ਦਾ ਸਰਧਾਲੂ ਸਿੱਖ ਸੀ ਜਿਸਨੇ ਗੁਰਬਿਲਾਸ ਵਿੱਚ ਦਸਵੇਂ ਗੁਰੂ ਜੀ ਦੀਆਂ ਜੰਗਾਂ, ਇਤਿਹਾਸਕ ਘਟਨਾਵਾਂ, ਸਿੱਖ ਸਿਧਾਂਤਾਂ ਤੇ ਗੁਰੂ ਜੀ ਦੇ ਜੀਵਨ ਚਰਿੱਤਰ ਤੇ ਸ਼ਖ਼ਸੀਅਤ ਦਾ ਬਾਖੂਬੀ ਵਰਨਣ ਹੈ। ਸ਼ਹੀਦਾਂ ਦੀ ਅੰਸ ਬੰਸ ਵਿਚ ਪੈਦਾ ਹੋਏ ਰਤਨ ਸਿੰਘ ਨੇ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਖਾਲਸੇ ਦੇ ਉਤਪਤੀ ਤੇ ਪਾਸਾਰੇ ਦਾ ਵਿਸਥਾਰ ਰੂਪ ਵਿਚ ਵਰਨਣ ਕੀਤਾ ਹੈ। ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਸਿੱਖ ਸੰਘਰਸ਼ ਤੇ ਸ਼ਹੀਦੀਆਂ ਦੀ ਲੰਮੀ ਗਾਥਾ ਰਾਹੀਂ ਰਾਜ ਦੀ ਬਖਸ਼ਿਸ਼ ਦੇ ਸਿਧਾਂਤ ਤੇ ਖਾਲਸੇ ਦੀ ਉਤਪਤੀ ਤੇ ਪਾਸਾਰ ਨੂੰ ਦੈਵੀ ਬਖਸ਼ਿਸ਼ ਨਾਲ ਜੋੜਿਆ ਹੈ।

ਖੋਜ ਅਧਿਐਨ ਵਿਚ ਕਾਰਜ ਸਰਵੇਖਣ, ਪੇਸ਼ ਅਧਿਐਨ ਦੀ ਲੋੜ ਤੇ ਮਹੱਤਤਾ ਦਰਸਾਉਣ ਦੇ ਨਾਲ-ਨਾਲ ਇਹਨਾਂ ਗ੍ਰੰਥਾਂ ਦੀ ਇਤਿਹਾਸਕ ਤੇ ਸਾਹਿਤਕ ਪ੍ਰਵਿਰਤੀ ਬਾਰੇ ਦੱਸਿਆ ਹੈ। ਅਧਿਆਨ ਲਈ ਧਰਮ ਸਾਸ਼ਤਰੀ ਤੇ ਰਾਜਨੀਤੀ ਸ਼ਾਸ਼ਤਰ ਦੀਆਂ ਮੁੱਖ ਤੇ ਸਹਾਇਕ ਅਧਿਐਨ ਵਿਧੀਆ ਦੀ ਵਰਤੋਂ ਕੀਤੀ ਗਈ ਹੈ। ਧਾਰਮਿਕ ਵਿਸ਼ਲੇਸ਼ਣ ਲਈ ਧਰਮ ਦੇ ਆਰੰਭ, ਅਰਥ ਤੇ ਪਰਿਭਾਸ਼ਾ ਦੀ ਜਾਣਕਾਰੀ ਉਪਰੰਤ ਧਰਮ-ਸਾਸ਼ਤਰ ਦੇ ਆਰੰਭ, ਸਰੂਪ ਤੇ ਪਰਿਭਾਸ਼ਾ ਰਾਹੀਂ ਧਰਮ-ਸਾਸ਼ਤਰ ਤੇ ਸਿੱਖ ਧਰਮ ਸਾਸ਼ਤਰ ਨੂੰ ਜਾਣਿਆ ਗਿਆ ਹੈ। ਰਾਜਨੀਤਿਕ ਵਿਸ਼ਲੇਸ਼ਣ ਲਈ ਰਾਜ ਦੇ ਪੱਛਮੀ ਸਿਧਾਂਤ ਰਾਹੀਂ ਅਰਸਤੂ ਤੋਂ ਲੈ ਕੇ ਰਾਜ ਦੇ ਕਲਿਆਣਕਾਰੀ ਰੂਪ ਸਮੇਤ ਭਾਰਤੀ ਪਰੰਪਰਾ ਦੇ ਧਰਮੀ ਰਾਜੇ ਦੇ ਸਰੂਪ ਨੂੰ ਵੀ ਚਿਤਰਿਆ ਗਿਆ ਹੈ। ਸਿੱਖੀ ਦੇ ਮੀਰੀ-ਪੀਰੀ ਦੇ ਸਿਧਾਂਤ ਦੀ ਸੁਮੇਲਤਾ ਦੇ ਸਹਿਜ ਰੂਪ ਨੂੰ ਸੰਖੇਪ ਵਿਚ ਬਿਆਨ ਕੀਤਾ ਹੈ।

ਦੋਵੇਂ ਗ੍ਰੰਥਾਂ ਦੇ ਆਦਿ ਵਿੱਚ ਮਿਲਦਾ ਮੰਗਲਾਚਰਣ ਗੁਰਮਤਿ ਦੇ ਪ੍ਰਮੁੱਖ ਸਿਧਾਂਤ ੧ਓ ਨਾਲ ਸ਼ੁਰੂ ਹੁੰਦਾ ਹੈ ਜਿਹੜਾ ਇਨ੍ਹਾਂ ਰਚਨਾਵਾਂ ਦੀਆਂ ਤਰਜੀਹਾਂ ਨਿਸਚਿਤ ਕਰਦਾ ਹੈ। ਇਹਨਾਂ ਗ੍ਰੰਥਾਂ ਵਿਚ ਮਿਲਦੇ ਧਰਮ ਸ਼ਾਸ਼ਤਰੀ ਸਿਧਾਂਤ ਅਕਾਲਪੁਰਖ, ਕੁਦਰਤ, ਜੀਵ ਤੇ ਮੁਕਤੀ ਨੂੰ ਗੁਰਮਤਿ ਦੇ ਦ੍ਰਿਸ਼ਟੀਕੋਣ ਤੋਂ ਉਜਾਗਰ ਕੀਤਾ ਹੈ। ਗੁਰੂ, ਸੰਗਤ ਤੇ ਨਾਮ ਗੁਰਮਤਿ ਦਾ ਨਿਵੇਕਲਾ ਸਿਧਾਂਤ ਹੈ। ਗੁਰਬਿਲਾਸ ਤੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ

ਇਹਨਾਂ ਸਿਧਾਂਤਾਂ ਦੀ ਵਿਸ਼ੇਸ਼ ਇਤਿਹਾਸਕ ਹਵਾਲਿਆਂ ਤੇ ਸਿਧਾਂਤਾਂ ਵਜੋਂ ਮਿਲਦੀ ਵਿਚਾਰ ਨੂੰ ਗੁਰਬਾਣੀ, ਭਾਈ ਗੁਰਦਾਸ਼ ਤੇ ਭਾਈ ਸਿੰਘ ਨਾਭਾ ਦੇ ਹਵਾਲੇ ਨਾਲ ਪੜਤਾਲਿਆ ਗਿਆ ਹੈ। ਤਨਖਾਹ, ਅਰਦਾਸ, ਸੇਵਾ, ਕੁਰਹਿਤ ਆਦਿ ਵਿਸ਼ਿਆ ਤੇ ਰਚਨਾਕਾਰਾਂ ਦੇ ਆਏ ਵਿਚਾਰਾਂ ਦਾ ਸਿਧਾਂਤਕ ਨੁਕਤਿਆਂ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ।

ਦੋਵੇਂ ਗ੍ਰੰਥਾਂ ਵਿਚ ਮਿਲਦੇ ਅੰਸ਼ਿਕ ਤੇ ਮਹੱਤਵਪੂਰਨ ਹਵਾਲਿਆਂ ਵਿਚ ਮੀਰੀ ਪੀਰੀ ਦੇ ਸਿਧਾਂਤ ਦੀ ਝਲਕਾਂ ਸੰਮਿਲਤ ਰੂਪ ਵਿਚ ਮਿਲਦੀਆਂ ਹਨ ਜਿਨ੍ਹਾਂ ਦੇ ਰਾਜਨੀਤਿਕ ਵਿਸ਼ਲੇਸ਼ਣ ਲਈ ਸ੍ਰੀ ਅਕਾਲ ਤਖਤ ਸਾਹਿਬ, ਗੁਰਮਤਾ, ਖਾਲਸਾ ਪੰਥ, ਪੰਜ ਪਿਆਰੇ ਤੇ ਸਰਬੱਤ ਖਾਲਸਾ ਦੀਆਂ ਰਾਜਨੀਤਿਕ ਸੰਸ਼ਥਾਵਾਂ ਬਾਰੇ ਜਾਣਨ ਉਪਰੰਤ ਗ੍ਰੰਥਾਂ ਵਿਚਲੀ ਸਮੱਗਰੀ ਦੀ ਅੰਸਕ ਤੇ ਸੰਜੁਗਤ ਜਾਣਕਾਰੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਹਨਾਂ ਰਚਨਾਵਾਂ ਵਿਚ ਮਿਲਦੇ ਇਤਿਹਾਸਕ ਵਾਕਿਆਤਾਂ ਵਿਚ ਉਭਰਦੇ ਰਾਜਨੀਤਿਕ ਅੰਸ ਵੀ ਵਿਸ਼ਲੇਸ਼ਣ ਦਾ ਹਿੱਸਾ ਹਨ।

**ਵਾਰ-ਵਾਰ ਆਏ ਪੰਜ ਸ਼ਬਦਾਂ ਦਾ ਵੇਰਵਾ (ਕੀਵਰਡ)**

1. **ਵਿਸ਼ਲੇਸ਼ਣ**
2. **ਅਧਿਐਨ**
3. **ਕਾਵਿ**
4. **ਸਿਧਾਂਤ**
5. **ਗੁਰੂ**

# ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ ਮੇਰੇ ਵੱਲੋਂ '**ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ ਦਾ ਧਾਰਮਿਕ ਅਤੇ ਰਾਜਨੀਤਿਕ ਵਿਸ਼ਲੇਸ਼ਣ**' ਵਿਸ਼ੇ ਉੱਤੇ ਪੀਐੱਚ. ਡੀ. ਦੀ ਡਿਗਰੀ ਲਈ ਲਿਖਿਆ ਗਿਆ ਖੋਜ-ਪ੍ਰਬੰਧ ਮੇਰੀ ਮੌਲਿਕ ਰਚਨਾ ਹੈ। ਇਹ ਖੋਜ-ਪ੍ਰਬੰਧ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਨਿਗਰਾਨ**

**ਡਾ. ਹਰਪਾਲ ਸਿੰਘ ਪੰਨੂ**
**ਪ੍ਰੋਫੈਸਰ (ਰਿਟਾ.)**
**ਧਰਮ ਅਧਿਐਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**ਖੋਜਾਰਥੀ**

**ਮੱਖਣ ਸਿੰਘ**

# ਧੰਨਵਾਦ

- ਇਸ ਖੋਜ-ਪ੍ਰਬੰਧ ਨੂੰ ਪੇਸ਼ ਕਰਦਿਆਂ ਸਭ ਤੋਂ ਪਹਿਲਾਂ ਅਕਾਲ ਪੁਰਖ ਨੂੰ ਸਿਜਦਾ ਕਰਦਾ ਹਾਂ ਤੇ ਸੱਚੇ ਪਾਤਸ਼ਾਹ ਦਾ ਸ਼ੁਕਰਗੁਜਾਰ ਹਾਂ ਜਿਸ ਨੇ ਔਕੜਾਂ ਭਰੇ ਇਸ ਸਮੇਂ ਵਿਚ ਰਹਿਮਤ ਭਰਿਆ ਹੱਥ ਮੇਰੇ ਸਿਰ 'ਤੇ ਰੱਖਿਆ, ਜਿਹੜਾ ਬਿਆਨ ਤੋਂ ਬਾਹਰ ਹੈ।
- ਆਪਣੇ ਨਿਗਰਾਨ ਪ੍ਰੋ. ਹਰਪਾਲ ਸਿੰਘ ਪੰਨੂ ਦਾ ਦਿਲ ਦੀਆਂ ਗਹਿਰਾਈਆਂ ਤੋਂ ਸ਼ੁਕਰੀਆ ਅਦਾ ਕਰਦਾ ਹਾਂ ਜਿਹਨਾਂ ਦਾ ਥਾਪੜਾ, ਹੌਂਸਲਾ ਤੇ ਉਤਸ਼ਾਹ ਮੈਨੂੰ ਲਗਾਤਾਰ ਹਿੰਮਤ ਦਿੰਦਾ ਰਿਹਾ।
- ਆਪਣੇ ਵਿਭਾਗ ਦੇ ਮੁਖੀ ਡਾ. ਗੁਰਮੀਤ ਸਿੰਘ ਸਿੱਧੂ ਦਾ ਵੀ ਧੰਨਵਾਦੀ ਹਾਂ ਜਿਹਨਾਂ ਇਸ ਖੋਜ ਕਾਰਜ ਵਿਚ ਹਰ ਬਣਦੀ ਮੱਦਦ ਦਿੱਤੀ।
- ਇਸ ਦੇ ਨਾਲ ਹੀ ਭਾਈ ਕਾਨ੍ਹ ਸਿੰਘ ਨਾਭਾ ਲਾਇਬਰੇਰੀ ਤੇ ਡਾ. ਗੰਡਾ ਸਿੰਘ ਪੰਜਾਬੀ ਰੈਫਰੈਂਸ ਲਾਇਬਰੇਰੀ ਦੇ ਅਮਲੇ ਸਮੇਤ ਆਪਣੇ ਵਿਭਾਗ ਦੇ ਕਰਮਚਾਰੀਆਂ, ਰਿਸਰਚ ਬ੍ਰਾਂਚ ਅਤੇ ਥੀਸਿਸ ਸ਼ੈੱਕਸ਼ਨ ਦੇ ਅਮਲੇ ਦਾ ਵੀ ਧੰਨਵਾਦੀ ਹਾਂ ਜਿਹਨਾਂ ਨੇ ਇਸ ਖੋਜ ਕਾਰਜ ਦੀ ਸੰਪੂਰਨਤਾ ਵਿੱਚ ਯੋਗਦਾਨ ਪਾਇਆ।
- ਆਪਣੀਆਂ ਧੀਆਂ ਤੇ ਪਰਿਵਾਰ ਦੇ ਸਮੂਹ ਮੈਂਬਰਾਂ ਦਾ ਵੀ ਮੈਂ ਤਹਿ ਦਿਲੋਂ ਰਿਣੀ ਹਾਂ ਜਿਨ੍ਹਾਂ ਨੇ ਖਿੜੇ ਮੱਥੇ ਮੈਨੂੰ ਹਰ ਪੱਖੋਂ ਸਹਿਯੋਗ ਦਿੱਤਾ।
- ਬਿਨਾਂ ਨਾਮ ਲਏ ਇਕ ਐਸੀ ਨਿਰਮਲ ਰੂਹ ਦਾ ਵੀ ਸ਼ੁਕਰੀਆ ਅਦਾ ਕਰਨਾ ਚਾਹੁੰਦਾ ਹਾਂ ਜਿਹਨਾਂ ਦਾ ਨਿਰਮਲ ਭੈਅ ਇਸ ਦੌਰਾਨ ਮੇਰੇ ਨਾਲ ਰਿਹਾ।
- ਉਹਨਾਂ ਸਭ ਦੋਸਤਾਂ-ਮਿੱਤਰਾਂ ਤੇ ਸਹਿਯੋਗੀਆਂ ਦਾ ਵੀ ਧੰਨਵਾਦੀ ਹਾਂ ਜਿਹਨਾਂ ਦੀ ਮੱਦਦ ਤੇ ਹੌਂਸਲੇ ਤੋਂ ਬਿਨਾਂ ਇਹ ਕਾਰਜ ਅਧੂਰਾ ਸੀ।

ਮੱਖਣ ਸਿੰਘ

# ਸਮਰਪਣ

ਉਹਨਾਂ ਪਿਆਰਿਆਂ ਦੀਆਂ ਸੱਧਰਾਂ ਤੇ ਤਾਂਘਾਂ ਨੂੰ

ਜਿਹਨਾਂ ਇਸ ਸਮੇਂ ਦੌਰਾਨ ਮੇਰੇ ਕਦਮਾਂ ਨੂੰ

ਪਿੱਛੇ ਨਾ ਪੈਣ ਦਿੱਤਾ

# ਤਤਕਰਾ

**ਭੂਮਿਕਾ** **i-v**

**ਪਾਠ ਪਹਿਲਾ - ਜਾਣ ਪਛਾਣ** **01- 58**

1.1. ਗੁਰਬਿਲਾਸ ਪਾਤਸ਼ਾਹੀ ੧੦: ਜਾਣ ਪਛਾਣ 01

*1.1.1. ਰਚਨਾਕਾਰ* *02*

*1.1.2. ਜੀਵਨ ਅਤੇ ਸ਼ਖ਼ਸੀਅਤ* *02*

*1.1.3. ਗੁਰਬਿਲਾਸ ਪਰੰਪਰਾ* *04*

*1.1.4. ਗ੍ਰੰਥ ਰਚਨਾ ਅਤੇ ਪ੍ਰਕਾਸ਼ਨ* *09*

*1.1.5. ਆਧਾਰ ਸਮੱਗਰੀ ਤੇ ਪ੍ਰਮਾਣਿਕਤਾ* *11*

*1.1.6. ਵਿਸ਼ਾ ਵਸਤੂ* *13*

*1.1.7. ਕਥਾਨਕ* *14*

*1.1.8. ਗ੍ਰੰਥ ਦੀ ਬਣਤਰ, ਕਾਵਿਕ ਖ਼ੂਬੀਆਂ ਤੇ ਛੰਦ* *27*

***1.1.8.1. ਭਾਸ਼ਾ*** ***27***

***1.1.8.2. ਅਲੰਕਾਰ*** ***29***

***1.1.8.3. ਕਾਵਿ-ਰਸ*** ***30***

***1.1.8.4. ਛੰਦ*** ***31***

1.2. ਪ੍ਰਾਚੀਨ ਪੰਥ ਪ੍ਰਕਾਸ਼: ਜਾਣ ਪਛਾਣ 33

*1.2.1. ਰਚਨਾਕਾਰ* *34*

*1.2.2. ਪਰਿਵਾਰਕ ਪਿਛੋਕੜ* *36*

*1.2.3. ਜੀਵਨ ਅਤੇ ਸ਼ਖ਼ਸੀਅਤ* *37*

*1.2.4. ਪ੍ਰਾਚੀਨ ਪੰਥ ਪ੍ਰਕਾਸ਼ ਨਾਂ ਕਿਉਂ?* 39

*1.2.5. ਗ੍ਰੰਥ ਰਚਨਾ ਅਤੇ ਪ੍ਰਕਾਸ਼ਨ* 40

*1.2.6. ਆਧਾਰ-ਸਮੱਗਰੀ* 42

***1.2.6.1. ਲਿਖਤੀ ਸ੍ਰੋਤ*** 43

***1.2.6.2. ਮੌਖਿਕ ਸ੍ਰੋਤ*** 44

*1.2.7. ਗ੍ਰੰਥ ਲਿਖਣ ਦਾ ਕਾਰਨ* 45

*1.2.8. ਵਿਸ਼ਾ ਤੇ ਉਦੇਸ਼* 47

***1.2.8.1. ਇਤਿਹਾਸਕ*** 48

***1.2.8.2. ਸਿਧਾਂਤਕ*** 50

*1.2.9. ਪ੍ਰਮਾਣਿਕਤਾ* 52

*1.2.10. ਗ੍ਰੰਥ ਦੀ ਬਣਤਰ, ਕਾਵਿਕ ਖੂਬੀਆਂ ਤੇ ਛੰਦ* 54

**ਪਾਠ ਦੂਜਾ - ਧਾਰਮਿਕ ਅਤੇ ਰਾਜਨੀਤਿਕ ਵਿਸ਼ਲੇਸ਼ਣ: ਸਰੂਪ, ਸਿਧਾਂਤ ਤੇ ਵਿਧੀ** **59-126**

2.1. ਕਾਰਜ ਸਰਵੇਖਣ 59

2.2. ਪ੍ਰਸਤੁਤ ਅਧਿਐਨ: ਲੋੜ ਅਤੇ ਮਹੱਤਤਾ 66

2.3. ਵਿਸ਼ੇ ਦੀ ਸੀਮਾ ਤੇ ਅਧਿਐਨ ਵਿਧੀ 68

2.4. ਆਧਾਰ ਗ੍ਰੰਥਾਂ ਦੀ ਇਤਿਹਾਸਕ ਤੇ ਸਾਹਿਤਿਕ ਪ੍ਰਕਿਰਤੀ 71

2.5. ਧਰਮ ਤੇ ਧਰਮ-ਸ਼ਾਸਤਰ 79

*2.5.1. ਧਰਮ* 79

***2.5.1.1. ਧਰਮ: ਅਰੰਭ ਤੇ ਪਰਿਭਾਸ਼ਾ*** 80

***2.5.1.2. ਧਰਮ: ਸਰੂਪ ਤੇ ਖੇਤਰ*** 87

*2.5.2. ਧਰਮ-ਸ਼ਾਸਤਰ* 90

*2.5.2.1. ਧਰਮ-ਸ਼ਾਸਤਰ: ਅਰੰਭ ਤੇ ਪਰਿਭਾਸ਼ਾ* *91*

*2.5.2.2. ਧਰਮ-ਸ਼ਾਸਤਰ: ਸਰੂਪ ਤੇ ਖੇਤਰ* *95*

2.6. ਸਿੱਖ ਧਰਮ ਤੇ ਧਰਮ-ਸ਼ਾਸਤਰ 98

2.7. ਰਾਜ ਦਾ ਸਿਧਾਂਤ ਤੇ ਸਰੂਪ 104

*2.7.1. ਰਾਜ ਦਾ ਸਿਧਾਂਤ* *105*

*2.7.2. ਪੱਛਮੀ ਰਾਜ ਚਿੰਤਨ ਪ੍ਰਣਾਲੀ* *105*

*2.7.3. ਭਾਰਤੀ ਪਰੰਪਰਾ ਵਿਚ ਰਾਜ ਦਾ ਸੰਕਲਪ* *113*

2.8. ਰਾਜ ਦਾ ਸਿੱਖ ਸਿਧਾਂਤ (ਮੀਰੀ-ਪੀਰੀ) 119

**ਪਾਠ ਤੀਜਾ - ਧਾਰਮਿਕ ਵਿਸ਼ਲੇਸ਼ਣ: ਗੁਰਬਿਲਾਸ ਪਾਤਸ਼ਾਹੀ ੧੦ ਤੇ ਪ੍ਰਾਚੀਨ ਪੰਥ ਪ੍ਰਕਾਸ਼ 127- 202**

3.1. ਮੰਗਲਾਚਰਣ 127

3.2. ਅਕਾਲ ਪੁਰਖ 130

3.3. ਕੁਦਰਤ ਤੇ ਕਰਾਮਾਤ 133

3.4. ਜੀਵਾਤਮਾ 138

3.5. ਮੁਕਤੀ 141

3.6. ਗੁਰੂ 150

3.7. ਸੰਗਤ 161

3.8. ਨਾਮ 166

3.9. ਗੁਰਮੁਖ 173

3.10. ਸੇਵਾ 176

3.11. ਅਰਦਾਸ 179

3.12. ਲੰਗਰ 185

3.13. ਰਹਿਤ 188

3.14. ਕਥਾ-ਕੀਰਤਨ 191

3.15. ਕੜਾਹ ਪ੍ਰਸ਼ਾਦਿ 195

3.16. ਤਨਖ਼ਾਹ 199

**ਪਾਠ ਚੌਥਾ- ਰਾਜਨੀਤਿਕ ਵਿਸ਼ਲੇਸ਼ਣ: ਗੁਰਬਿਲਾਸ ਪਾਤਸ਼ਾਹੀ ੧੦ ਤੇ ਪ੍ਰਾਚੀਨ ਪੰਥ ਪ੍ਰਕਾਸ਼ 203-293**

4.1. ਮੀਰੀ-ਪੀਰੀ ਦਾ ਸਿਧਾਂਤ 203

4.2. ਸੱਚਾ ਪਾਤਸ਼ਾਹ 210

4.3. ਖਾਲਸਾ ਸਾਜਣਾ 220

4.4. ਸ੍ਰੀ ਅਕਾਲ ਤਖ਼ਤ ਸਾਹਿਬ 244

4.5. ਗੁਰਮਤਾ 253

4.6. ਰਾਜਸੀ ਸ਼ਕਤੀ ਦੇ ਚਿੰਨ੍ਹ ਤੇ ਸੰਕੇਤ 262

**ਸਾਰ 294-296**

**ਪੁਸਤਕ ਸੂਚੀ 297-310**

# ਭੂਮਿਕਾ

ਗੁਰੂ ਨਾਨਕ ਪਾਤਿਸ਼ਾਹ ਜੀ ਦੀ ਆਮਦ ਨੇ ਧਰਤੀ ’ਤੇ ਚਾਨਣ ਦੀਆਂ ਅਜਿਹੀਆਂ ਕਿਰਨਾਂ ਸੁੱਟੀਆਂ ਕਿ ਜਗਤ ਦੇ ਤਮਾਮ ਸੂਖਮ ਤੇ ਸਥੂਲ ਸਮਾਜੀ ਪ੍ਰਬੰਧ ਰੁਸ਼ਨਾ ਗਏ। ਅਕਾਲ ਦੀ ਬਖ਼ਸ਼ ਦਰ ਪ੍ਰਾਪਤ ਇਸ ਰੂਹਾਨੀ ਤੇ ਕੁਦਰਤੀ ਵਰਤਾਰੇ ਨੇ ਸਿੱਖਾਂ ਦੀ ਗਿਆਨਸ਼ਿਲਾ ਦਾ ਆਧਾਰ ‘ਸ਼ਬਦ ਗੁਰੂ’ ਸਥਾਪਿਤ ਕੀਤਾ। ਸਚਿਆਰ ਮਨੁੱਖ ਦੀ ਘਾੜਤ ਘੜਨ ਲਈ ਰੱਬੀ ਗਿਆਨ ਦੇ ਸਦੀਵੀ ਪ੍ਰਬੰਧ ਦੀ ਸਿਰਜਣਾ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨੁੱਖਤਾ ਦਾ ਰਹਿਬਰ ਥਾਪਿਆ। ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਗੁਰੂ ਦੇ ਸਰਧਾਲੂ ਸਿੱਖਾਂ ਨੇ ਗੁਰੂ ਸਾਹਿਬਾਨ ਦੇ ਜੀਵਨ, ਅਮਲ ਦੇ ਕਥਾ-ਬਿਰਤਾਂਤ ਲਿਖਣ ਲਈ ਵੱਖ-ਵੱਖ ਇਤਿਹਾਸਕ ਗ੍ਰੰਥਾਂ ਦੀ ਰਚਨਾ ਕੀਤੀ। ਗੁਰੂ ਤੇ ਗੁਰੂ ਪੰਥ ਦੀ ਨਿਆਰੀ ਹਸਤੀ ਦੀ ਹੋਂਦ ਦਰਸਾਉਣ ਲਈ ਸਾਹਿਤ ਦੀ ਕਾਵਿ ਤੇ ਸਾਖੀ ਵਿਧਾ ਹੀ ਸਭ ਤੋਂ ਵਧੇਰੇ ਪ੍ਰਚੱਲਿਤ ਰੂਪ ਹਨ, ਇਹੀ ਕਾਰਨ ਹੈ ਕਿ ਸਿੱਖ ਇਤਿਹਾਸ ਦੇ ਮੂਲ ਸ੍ਰੋਤ ਜ਼ਿਆਦਾਤਰ ਕਾਵਿ ਤੇ ਸਾਖੀ ਬਿਰਤਾਂਤ ਵਿਚ ਹਨ। ਗੁਰੂ ਸ਼ਖ਼ਸੀਅਤ, ਗੁਰ ਇਤਿਹਾਸ, ਗੁਰੂ ਸਾਹਿਬ ਦੇ ਰੂਹਾਨੀ ਜਲੌਅ ਤੇ ਪੰਥ ਦੇ ਘਾਲਣਾ ਭਰੇ ਇਤਿਹਾਸ ਨੂੰ ਸਾਹਿਤ ਦੇ ਕਾਵਿ ਤੇ ਸਾਖੀ ਬਿਰਤਾਂਤ ਵਾਲੀਆਂ ਰਚਨਾਵਾਂ ਨੇ ਬਾਖ਼ੂਬੀ ਚਿਤਰਿਆ ਹੈ। ਹਥਲੇ ਖੋਜ-ਪ੍ਰਬੰਧ ਦੇ ਆਧਾਰ ਗ੍ਰੰਥ ‘ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ’ ਵੀ ਇਸੇ ਲੜੀ ਦਾ ਹਿੱਸਾ ਹਨ। ਇਹ ਰਚਨਾਵਾਂ ਕਾਵਿਕ ਤੇ ਸਾਹਿਤਕ ਅਮੀਰੀ ਨਾਲ ਭਰਪੂਰ ਹੋਣ ਦੇ ਨਾਲ-ਨਾਲ ਮੁਢਲੇ ਇਤਿਹਾਸਕ ਸ੍ਰੋਤਾਂ ਦੇ ਤੌਰ ’ਤੇ ਵੀ ਆਪਣੀ ਵਿਸ਼ੇਸ਼ ਮਹੱਤਤਾ ਰੱਖਦੀਆਂ ਹਨ।

ਕੁਇਰ ਸਿੰਘ ਨੇ 'ਬਿਲਾਸ' ਦੀ ਭਾਰਤੀ ਪਰੰਪਰਾ ਨੂੰ ਅੱਗੇ ਤੋਰਦੇ ਹੋਏ ਗੁਰੂ ਜੀ ਦੇ ਜੀਵਨ ਨੂੰ 'ਗੁਰਬਿਲਾਸ' ਦੇ ਰੂਪ ਵਿੱਚ ਉਜਾਗਰ ਕੀਤਾ ਹੈ। ਇਹ ਪਹਿਲਾ ਗ੍ਰੰਥ ਹੈ ਜਿਸ ਵਿੱਚ ਗੁਰੂ ਸਾਹਿਬ ਦੇ ਮੁਢਲੇ ਜੀਵਨ ਦਾ ਵਿਸਥਾਰਤ ਵੇਰਵਾ ਦਿੱਤਾ ਗਿਆ ਹੈ। ਇਸ ਰਚਨਾ ਨੇ ਗੁਰੂ ਸਾਹਿਬ ਦੀਆਂ ਜੰਗਾਂ, ਖਾਲਸਾ ਸਾਜਣਾ ਦਾ ਅਦੁੱਤੀ ਵਰਤਾਰਾ, ਰਹਿਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਤੋਂ ਇਲਾਵਾ ਗੁਰੂ ਜੀ ਦੇ ਜੀਵਨ ਉਦੇਸ਼ਾਂ ਤੇ ਪ੍ਰਾਪਤੀਆਂ ਦੇ ਰੂਹਾਨੀ ਰੰਗਾਂ ਅਤੇ ਦੁਨਿਆਵੀ ਸਫ਼ਰਾਂ ਨੂੰ ਕਾਵਿ ਰੂਪ ਵਿਚ ਬੜੇ ਖ਼ੂਬਸੂਰਤ ਅਤੇ ਰੌਚਕਤਾ ਭਰੇ ਅੰਦਾਜ਼ ਰਾਹੀਂ ਬਿਆਨ ਕੀਤਾ ਹੈ।

ਸਿੱਖ ਇਤਿਹਾਸ ਵਿਚ ਰਤਨ ਸਿੰਘ ਭੰਗੂ ਦਾ 'ਸ੍ਰੀ ਗੁਰ ਪੰਥ ਪ੍ਰਕਾਸ਼' ਸਭ ਤੋਂ ਪਹਿਲਾ ਪੰਥ ਪ੍ਰਕਾਸ਼ ਹੈ। ਇਸ ਗ੍ਰੰਥ ਨੇ ਕਪਤਾਨ ਮਰੇ ਅਤੇ ਰਤਨ ਸਿੰਘ ਭੰਗੂ ਦੇ ਆਪਸੀ ਸੰਵਾਦ ਨੂੰ ਕਾਵਿਕ ਰੂਪ ਵਿਚ ਪੇਸ਼ ਕੀਤਾ ਹੈ। ਰਚਨਾਕਾਰ ਨੇ ਆਪਣੀ ਰਚਨਾ ਦਾ ਆਧਾਰ ਸਿੱਖ ਸੰਘਰਸ਼ ਦੇ ਚਸ਼ਮਦੀਦ ਗਵਾਹਾਂ ਤੇ ਆਪਣੇ ਵੱਡੇ ਵਡੇਰਿਆਂ ਤੋਂ ਮਿਲੀ ਜਾਣਕਾਰੀ ਨੂੰ ਬਣਾਇਆ ਹੈ। ਇਸ ਤਰ੍ਹਾਂ ਇਹ ਗ੍ਰੰਥ ਸਿੱਖ ਪੰਥ ਨਾਲ ਸੰਬੰਧਿਤ ਰੂਹਾਨੀ ਵਰਤਾਰਿਆਂ ਤੇ ਸਿੱਖ ਸੰਘਰਸ਼ ਦੀਆਂ ਯਾਦਾਂ ਦਾ ਇਕ ਪ੍ਰਮਾਣਿਕ ਸ੍ਰੋਤ ਹੋਣ ਦਾ ਦਾਅਵਾ ਰਖਦਾ ਹੈ। ਹਥਲੇ ਖੋਜ-ਕਾਰਜ ਵਿਚ ਉਪਰੋਕਤ ਪ੍ਰਮਾਣਿਕ ਰਚਨਾਵਾਂ ਦਾ ਧਾਰਮਿਕ ਅਤੇ ਰਾਜਨੀਤਿਕ ਆਧਾਰ ਤੇ ਵਿਧੀਵਤ ਅਧਿਐਨ ਕੀਤਾ ਗਿਆ ਹੈ।

ਗੁਰੂ ਸਾਹਿਬ ਦੇ ਜੀਵਨ ਚਰਿਤਰ, ਸਿੱਖ ਇਤਿਹਾਸ, ਗੁਰੂ ਜੰਗਾਂ, ਸਿੱਖ ਸੰਘਰਸ਼ ਅਤੇ ਸਿੱਖ ਸਿਧਾਂਤਾਂ ਦੀ ਪੇਸ਼ਕਾਰੀ ਪੱਖੋਂ ਇਹ ਗ੍ਰੰਥ ਉੱਤਮ ਰਚਨਾਵਾਂ ਹਨ। ਇਹਨਾਂ ਵਿਚਲੀ ਛੰਦ-ਬੰਦੀ, ਰਸ, ਰੂਪਕ ਤੇ ਅਲੰਕਾਰਾਂ ਨੇ ਇਹਨਾਂ ਰਚਨਾਵਾਂ ਨੂੰ ਰੌਚਿਕ ਤੇ ਰਸਦਾਇਕ ਬਣਾ ਦਿੱਤਾ ਹੈ। ਇਹ ਰਚਨਾਵਾਂ ਸਾਹਿਤਕ ਪੱਖੋਂ ਮੱਧ ਕਾਲ ਦੇ ਸਾਹਿਤ ਵਿਚ ਵਧੀਆ ਦਰਜੇ ਦੇ ਕਾਵਿ ਰੂਪ ਹਨ। ਪਰ ਹਥਲੇ ਖੋਜ-ਕਾਰਜ ਦਾ ਮਨੋਰਥ ਇਹਨਾਂ ਗ੍ਰੰਥਾਂ ਦੀ ਸਾਹਿਤਕ ਕਸਵੱਟੀ ਤੇ ਪਰਖ ਕਰਨ ਦੀ ਬਜਾਇ ਇਹਨਾਂ ਰਚਨਾਵਾਂ ਦੀ ਧਾਰਮਿਕ ਅਤੇ ਰਾਜਨੀਤਿਕ ਮਹੱਤਤਾ ਦਾ ਅਧਿਐਨ ਕਰਨਾ ਹੈ। ਇਸ ਅਧਿਐਨ ਕਾਰਜ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੈ।

ਪਹਿਲਾ ਪਾਠ ਗੁਰਬਿਲਾਸ ਪਾਤਸ਼ਾਹੀ ੧੦ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਦੀ ਜਾਣ ਪਛਾਣ ਨਾਲ ਸੰਬੰਧਿਤ ਹੈ। ਪਾਠ ਦੇ ਪਹਿਲੇ ਹਿੱਸੇ ਵਿਚ ਗੁਰਬਿਲਾਸ ਦੇ ਕਰਤਾ ਕੁਇਰ ਸਿੰਘ ਦੇ ਜੀਵਨ ਸ਼ਖ਼ਸੀਅਤ ਸੰਬੰਧੀ ਮਿਲਦੇ ਵੇਰਵਿਆਂ ਨੂੰ ਸਾਂਝਾ ਕੀਤਾ ਗਿਆ ਹੈ। ਰੂਹਾਨੀ ਸ਼ਖ਼ਸੀਅਤਾਂ ਦੇ ਜੀਵਨ ਚਰਿਤ ਲਿਖਣ ਲਈ ਪ੍ਰਚਲਿਤ ਹੋਈ ਪਰੰਪਰਾ ਗੁਰਬਿਲਾਸ ਬਾਰੇ ਦੱਸਿਆ ਗਿਆ ਹੈ। ਗ੍ਰੰਥ ਰਚਨਾ ਅਤੇ ਪ੍ਰਕਾਸ਼ਨ ਦੀ ਜਾਣਕਾਰੀ ਤੋਂ ਬਾਅਦ ਗ੍ਰੰਥ ਦੀ ਆਧਾਰ ਸਮੱਗਰੀ ਤੇ ਪ੍ਰਮਾਣਿਕਤਾ ਸੰਬੰਧੀ ਵੇਰਵੇ ਦਿੱਤੇ ਹਨ। ਸੰਖੇਪ ਵਿਚ ਵਿਸ਼ਾ-ਵਸਤੂ ਦੀ ਜਾਣ ਪਛਾਣ ਕਰਾਉਂਦਿਆਂ ਕਥਾਨਕ ਵਿਚ ਸਾਰੇ ਅਧਿਆਇਆਂ ਦਾ ਤੱਤ ਸਾਰ ਪੇਸ਼ ਕੀਤਾ ਹੈ। ਗ੍ਰੰਥ ਦੀ ਬਣਤਰ, ਕਾਵਿਕ ਖ਼ੂਬੀਆਂ ਵਿਚਲੇ ਹਿੱਸੇ ਵਿਚ ਗ੍ਰੰਥ ਦੀ ਭਾਸ਼ਾ, ਅਲੰਕਾਰਾਂ, ਛੰਦਾਂ ਤੇ ਕਾਵਿ ਵਿਧਾ ਦੀਆਂ ਖ਼ੂਬੀਆਂ ਦਾ ਜ਼ਿਕਰ ਕੀਤਾ ਹੈ। ਅਖੀਰ ਵਿਚ ਗ੍ਰੰਥ ਵਿਚਲੀਆਂ ਕੁਝ ਊਣਤਾਈਆਂ ਬਾਰੇ ਦੱਸਿਆ ਹੈ।

ਪਾਠ ਦੇ ਦੂਜੇ ਹਿੱਸੇ ਵਿਚ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਕਰਤਾ ਰਤਨ ਸਿੰਘ ਭੰਗੂ ਬਾਰੇ ਮਿਲਦੇ ਵੇਰਵਿਆਂ ਨੂੰ ਆਧਾਰ ਬਣਾ ਕੇ ਰਚਨਾਕਾਰ ਦੇ ਪਿਛੋਕੜ ਤੇ ਜੀਵਨ ਸ਼ਖ਼ਸੀਅਤ ਬਾਰੇ ਚਾਨਣਾ ਪਾਇਆ ਗਿਆ ਹੈ। ਰਤਨ ਭੰਗੂ ਦੀ ਰਚਨਾ ਸ੍ਰੀ ਗੁਰ ਪੰਥ ਪ੍ਰਕਾਸ਼ ਦਾ ਨਾਂ 'ਪ੍ਰਾਚੀਨ ਪੰਥ ਪ੍ਰਕਾਸ਼' ਵਜੋਂ ਪ੍ਰਚੱਲਿਤ ਹੋਣ ਦੇ ਕਾਰਨ ਬਾਰੇ ਦੱਸਣ ਉਪਰੰਤ ਗ੍ਰੰਥ ਰਚਨਾ ਦੇ ਰਚਨਾ ਸਾਲ ਤੇ ਹੁਣ ਤੱਕ ਹੋਏ ਪ੍ਰਕਾਸ਼ਨਾਂ ਬਾਰੇ ਚਾਨਣਾ ਪਾਇਆ ਗਿਆ ਹੈ। ਗ੍ਰੰਥਾਂ ਦੀ ਆਧਾਰ ਸਮੱਗਰੀ ਦੇ ਮੌਖਿਕ ਪਰੰਪਰਾ ਜਾਂ ਲਿਖਤੀ ਪਰੰਪਰਾ ਨਾਲ ਸੰਬੰਧਿਤ ਹੋਣ ਦੀ, ਗ੍ਰੰਥ ਵਿਚਲੇ ਹਵਾਲਿਆਂ ਰਾਹੀਂ ਪੁਸ਼ਟੀ ਕੀਤੀ ਹੈ। ਗ੍ਰੰਥ ਲਿਖਣ ਦਾ ਕਾਰਨ ਤੇ ਮਨੋਰਥ ਦੱਸਣ ਉਪਰੰਤ ਵਿਸ਼ੇ ਦੇ ਉਦੇਸ਼ ਦਾ ਇਤਿਹਾਸਕ ਤੇ ਸਿਧਾਂਤਿਕ ਪਹਿਲੂਆਂ ਤੋਂ ਅਧਿਐਨ ਕੀਤਾ ਗਿਆ ਹੈ। ਗ੍ਰੰਥਾਂ ਦੀ ਇਤਿਹਾਸਕ ਸਮੱਗਰੀ ਦੀ ਪ੍ਰਮਾਣਿਕਤਾ ਬਾਰੇ ਵਿਚਾਰ ਕਰਨ ਉਪਰੰਤ ਇਹਨਾਂ ਦੀ ਕਾਵਿਕ ਤੇ ਸਾਹਿਤਕ ਮਹੱਤਤਾ 'ਤੇ ਚਾਨਣਾ ਪਾਇਆ ਹੈ। ਅਖੀਰ ਵਿਚ ਗ੍ਰੰਥ ਰਚਨਾ ਦੇ ਸਮੁੱਚੇ ਅਧਿਐਨ ਦੌਰਾਨ ਸਾਹਮਣੇ ਆਈਆਂ ਕੁਝ ਊਣਤਾਈਆਂ ਦਾ ਜ਼ਿਕਰ ਕੀਤਾ ਹੈ।

ਦੂਜੇ ਪਾਠ ਵਿਚ ਧਾਰਮਿਕ ਅਤੇ ਰਾਜਨੀਤਿਕ ਵਿਸ਼ਲੇਸ਼ਣ ਲਈ ਸਰੂਪ, ਸਿਧਾਂਤ ਅਤੇ ਅਧਿਐਨ ਵਿਧੀ ਦਾ ਖ਼ਾਕਾ ਉਲੀਕਿਆ ਗਿਆ ਹੈ। ਪਾਠ ਦੇ ਸ਼ੁਰੂ ਵਿਚ ਹੁਣ ਤੱਕ ਗ੍ਰੰਥਾਂ ਸੰਬੰਧੀ ਹੋਏ ਖੋਜ ਕਾਰਜਾਂ ਦਾ ਸੰਖੇਪ ਵੇਰਵਾ ਦਿੱਤਾ ਗਿਆ ਹੈ। ਇਸ ਉਪਰੰਤ ਹਥਲੇ ਖੋਜ-ਕਾਰਜ ਦੀ ਲੋੜ ਅਤੇ ਮਹੱਤਤਾ ਨੂੰ ਦਰਸਾਇਆ ਗਿਆ ਹੈ। ਵਿਸ਼ੇ ਦੇ ਅਧਿਐਨ ਦੀਆਂ ਸੀਮਾਵਾਂ ਦੱਸਣ ਦੇ ਨਾਲ-ਨਾਲ ਅਧਿਐਨ ਸਮੱਗਰੀ ਦੀ ਸੀਮਾ ਬਾਰੇ ਦੱਸਿਆ ਗਿਆ ਹੈ। ਧਾਰਮਿਕ ਤੇ ਰਾਜਨੀਤਿਕ ਵਿਸ਼ਲੇਸ਼ਣ ਲਈ ਵਰਤੀਆਂ ਵੱਖ-ਵੱਖ ਖੋਜ ਵਿਧੀਆਂ ਦਾ ਸੰਖੇਪ ਵੇਰਵਾ ਦਿੱਤਾ ਗਿਆ ਹੈ। ਭਾਈ ਵੀਰ ਸਿੰਘ ਦੁਆਰਾ ਦਰਸਾਈ ਕੋਮਲ ਉਨਰੀ ਇਤਿਹਾਸਕ ਪ੍ਰਵਿਰਤੀ ਦੀ ਕਸਵੱਟੀ 'ਤੇ ਇਹਨਾਂ ਗ੍ਰੰਥਾਂ ਦੀ ਇਤਿਹਾਸਕ ਤੇ ਸਾਹਿਤਕ ਪ੍ਰਵਿਰਤੀ ਨੂੰ ਵਾਚਿਆ ਗਿਆ ਹੈ। ਧਾਰਮਿਕ ਅਧਿਐਨ ਲਈ ਧਰਮ ਦੇ ਆਰੰਭ, ਪਰਿਭਾਸ਼ਾ ਅਤੇ ਧਰਮ ਦੇ ਖੇਤਰ ਤੇ ਸਰੂਪ ਬਾਰੇ ਦੱਸਿਆ ਗਿਆ ਹੈ। ਧਰਮ-ਸ਼ਾਸਤਰ ਦੀ ਪਰਿਭਾਸ਼ਾ ਤੇ ਆਰੰਭਤਾ ਨੂੰ ਬਿਆਨਦੇ ਹੋਏ ਇਸ ਦੇ ਸਰੂਪ ਤੇ ਖੇਤਰ ਨੂੰ ਪਰਿਭਾਸ਼ਿਤ ਕੀਤਾ ਹੈ। ਸਿੱਖ ਧਰਮ ਤੇ ਸਿੱਖ ਧਰਮ-ਸ਼ਾਸਤਰ ਦੇ ਸਰੂਪ ਅਤੇ ਸਿਧਾਂਤਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਸਿੱਖ ਰਾਜ ਦੇ ਸਿਧਾਂਤ ਦੀ ਬਣਤਰ ਸਮਝਣ ਤੋਂ ਪਹਿਲਾਂ ਰਾਜ ਦੇ ਸਰੂਪ ਬਾਰੇ ਜਾਣਨਾ ਜ਼ਰੂਰੀ ਸਮਝਦੇ ਹੋਏ ਰਾਜ ਸੰਬੰਧੀ ਪੱਛਮੀ ਅਤੇ ਭਾਰਤੀ ਵਿਚਾਰਧਾਰਾ ਦਾ ਸੰਖੇਪ ਵੇਰਵਾ ਦਿੱਤਾ ਗਿਆ ਹੈ। ਇਸ

ਉਪਰੰਤ ਸਿੱਖ ਧਰਮ ਵਿਚ ਰਾਜ ਦੇ ਸਿੱਖ ਸਿਧਾਂਤ ਬਾਰੇ ਸੰਖੇਪ ਜਾਣਕਾਰੀ ਦੇ ਕੇ ਅਗਲੇ ਦੋਵੇਂ ਪਾਠਾਂ ਦੇ ਅਧਿਐਨ ਦਾ ਮੁੱਢ ਬੰਨ੍ਹਿਆ ਹੈ।

ਤੀਜੇ ਪਾਠ ਵਿਚ ਦੋਵਾਂ ਗ੍ਰੰਥਾਂ ਦੇ ਧਾਰਮਿਕ ਵਿਸ਼ਲੇਸ਼ਣ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਪਾਠ ਵਿਚ ਇਹਨਾਂ ਗ੍ਰੰਥਾਂ ਵਿਚਲੇ ਅਧਿਆਤਮਕ, ਸਿਧਾਂਤਕ ਤੇ ਸਿੱਖ ਰਹੁ ਰੀਤ ਨਾਲ ਸੰਬੰਧਿਤ ਵਿਸ਼ਿਆਂ ਦਾ ਸਿੱਖ ਧਰਮ ਦੇ ਨੁਕਤਾ ਨਿਗਾਹ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ। ਇਹਨਾਂ ਦੋਵੇਂ ਗ੍ਰੰਥਾਂ ਦੀ ਸ਼ੁਰੂਆਤ ਵਿਚ ਆਏ ਮੰਗਲਾਚਰਣ ਦੇ ਸਰੂਪ ਦੀ ਮਹੱਤਤਾ ਨੂੰ ਸਮਝ ਕੇ ਗੁਰਮਤਿ ਦੇ ਸਿਧਾਂਤਕ ਨੁਕਤੇ ਤੋਂ ਇਸ ਦੀ ਮਾਨਤਾ ਤਹਿ ਕੀਤੀ ਗਈ ਹੈ। ਇਸ ਤੋਂ ਬਾਅਦ ਇਨ੍ਹਾਂ ਗ੍ਰੰਥਾਂ ਵਿਚ ਅਕਾਲ ਪੁਰਖ, ਕੁਦਰਤ ਤੇ ਕਰਾਮਾਤ, ਜੀਵਾਤਮਾ, ਤੇ ਮੁਕਤੀ ਸੰਬੰਧੀ ਮਿਲਦੇ ਸੰਕਲਪਾਂ ਦਾ ਸਿੱਖ ਧਰਮ-ਸ਼ਾਸਤਰ ਦੇ ਸਿਧਾਂਤਕ ਨੁਕਤੇ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ। ਕੁਇਰ ਸਿੰਘ ਤੇ ਰਤਨ ਸਿੰਘ ਭੰਗੂ ਦੀ ਰਚਨਾ ਵਿਚ ਇਹਨਾਂ ਸਿਧਾਂਤਾਂ ਦਾ ਸੰਮਲਿਤ ਰੂਪ ਮਿਲਦਾ ਹੈ। ਗੁਰੂ, ਸੰਗਤ ਤੇ ਨਾਮ ਸਿੱਖ ਧਰਮ ਦੇ ਬੁਨਿਆਦੀ ਸੰਕਲਪ ਹਨ। ਇਹਨਾਂ ਸੰਕਲਪਾਂ ਦੀ ਇਤਿਹਾਸਕ ਤੇ ਧਾਰਮਿਕ ਮਹੱਤਤਾ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਹਵਾਲੇ ਨਾਲ ਅਧਿਐਨ ਕੀਤਾ ਹੈ। ਸੇਵਾ, ਅਰਦਾਸ ਅਤੇ ਲੰਗਰ ਗੁਰਮਤਿ ਦੇ ਅਧਿਆਤਮਕ ਤੇ ਸਮਾਜਿਕ ਸੰਕਲਪ ਹਨ। ਇਹ ਸ਼ਬਦ ਇਹਨਾਂ ਗ੍ਰੰਥਾਂ ਵਿਚ ਕਈ ਵਾਰ ਆਏ ਹਨ ਜਿਸ ਆਧਾਰ ’ਤੇ ਇਹਨਾਂ ਦੀ ਇਤਿਹਾਸਕ ਮਹੱਤਤਾ ਨੂੰ ਉਜਾਗਰ ਕੀਤਾ ਗਿਆ ਹੈ। ਇਸੇ ਤਰ੍ਹਾਂ ਰਹਿਤ, ਕਥਾ-ਕੀਰਤਨ, ਕੜਾਹ ਪ੍ਰਸ਼ਾਦਿ ਤੇ ਤਨਖ਼ਾਹ ਆਦਿ ਪਰੰਪਰਾਵਾਂ ਸੰਬੰਧੀ ਮਿਲਦੀਆਂ ਸਾਖੀਆਂ ਤੇ ਵਾਕਿਆਤਾਂ ਦਾ ਅਧਿਐਨ ਕੀਤਾ ਗਿਆ ਹੈ।

ਚੌਥੇ ਪਾਠ ਵਿਚ ਗੁਰਬਿਲਾਸ ਪਾਤਸ਼ਾਹੀ ੧੦ ਤੇ ਪ੍ਰਾਚੀਨ ਪੰਥ ਪ੍ਰਕਾਸ਼ ਦਾ ਰਾਜਨੀਤਿਕ ਵਿਸਲੇਸ਼ਣ ਸ਼ਾਮਿਲ ਹੈ। ਇਹਨਾਂ ਰਚਨਾਵਾਂ ਦਾ ਰਚਨਾ ਕਾਲ ਮੱਧਯੁੱਗ ਦੇ ਉਸ ਸਮੇਂ ਨਾਲ ਸੰਬੰਧਿਤ ਹੈ ਜਦੋਂ ਇਸ ਖਿੱਤੇ ਵਿਚ ਰਾਜਨੀਤਿਕ ਉੱਥਲ-ਪੁੱਥਲ ਚੱਲ ਰਹੀ ਸੀ। ਇਸ ਕਰਕੇ ਇਹਨਾਂ ਗ੍ਰੰਥਾਂ ਵਿਚ ਰਾਜ ਅਤੇ ਰਾਜਸੀ ਪ੍ਰਬੰਧ ਸੰਬੰਧੀ ਕਾਫ਼ੀ ਪ੍ਰਸੰਗ ਮਿਲਦੇ ਹਨ। ਇਹਨਾਂ ਪ੍ਰਸੰਗਾਂ ਦਾ ਰਾਜਨੀਤਿਕ ਵਿਸ਼ਲੇਸ਼ਣ ਕੀਤਾ ਗਿਆ ਹੈ। ਮੀਰੀ-ਪੀਰੀ ਦਾ ਸੰਕਲਪ ਗੁਰਮਤਿ ਦਾ ਰਾਜਨੀਤਿਕ ਸਿਧਾਂਤ ਹੈ ਜਿਸ ਨੂੰ ਛੇਵੇਂ ਪਾਤਸ਼ਾਹ ਨੇ ਅਮਲੀ ਰੂਪ ਦਿੱਤਾ। ਇਸ ਪਾਠ ਵਿਚ ਮੀਰੀ-ਪੀਰੀ ਦੇ ਵਿਲੱਖਣ ਸੰਕਲਪ ਦੀ ਗੁਰਬਾਣੀ ਤੇ ਇਤਿਹਾਸਕ ਨੁਕਤੇ ਤੋਂ ਮਹੱਤਤਾ ਦਰਸਾ ਕੇ ਗੁਰਬਿਲਾਸ ਤੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਮਿਲਦੇ ਮੀਰੀ-ਪੀਰੀ ਦੇ ਸੰਕੇਤਾਂ ਤੇ

ਘਟਨਾਵਾਂ ਦੇ ਆਧਾਰ ’ਤੇ ਇਹਨਾਂ ਗ੍ਰੰਥਾਂ ਦਾ ਰਾਜਨੀਤਿਕ ਅਧਿਐਨ ਕੀਤਾ ਗਿਆ ਹੈ। ਸੱਚੇ ਪਾਤਸ਼ਾਹ ਦਾ ਸੰਕਲਪ ਸਿੱਖ ਧਰਮ ਦਾ ਨਿਰਾਲਾ ਸਿਧਾਂਤ ਹੈ ਜਿਹੜਾ ਦੋਵੇਂ ਜਹਾਨਾਂ ਦੀ ਅਗਵਾਈ ਕਰਦਾ ਹੈ। ਇਸ ਨਿਰਾਲੇ ਸਿਧਾਂਤ ਦਾ ਵਰਨਣ ਇਹਨਾਂ ਗ੍ਰੰਥਾਂ ਵਿਚ ਸਹਿਜ ਰੂਪ ਵਿਚ ਸ਼ਾਮਿਲ ਹੈ। ਜਿਸ ਦਾ ਇਹਨਾਂ ਗ੍ਰੰਥਾਂ ਵਿਚ ਮਿਲਦੇ ਹਵਾਲਿਆਂ ਦੇ ਆਧਾਰ ’ਤੇ ਵਿਸ਼ਲੇਸ਼ਣ ਕੀਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਧਰਮ ਦਾ ਰਾਜਨੀਤਿਕ ਕੇਂਦਰ ਹੈ। ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਮਿਲਦੇ ਇਤਿਹਾਸਕ ਹਵਾਲਿਆਂ ਨਾਲ ਅਕਾਲ ਤਖ਼ਤ ਦੇ ਕੇਂਦਰੀ ਰੋਲ ਦੀ ਚਰਚਾ ਕੀਤੀ ਗਈ ਹੈ। ਗੁਰੂ ਨਾਨਕ ਸਾਹਿਬ ਦਾ ਇਤਿਹਾਸਕ ਮਿਸ਼ਨ ਸਚਿਆਰ ਮਨੁੱਖ ਤੋਂ ਸ਼ੁਰੂ ਹੋ ਕੇ ਖਾਲਸਾ ਸਿਰਜਣਾ ’ਤੇ ਆ ਕੇ ਸੰਪੂਰਨ ਹੋਇਆ। ਇਸ ਇਤਿਹਾਸਕ ਵਰਤਾਰੇ ਨੂੰ ਦੋਵੇਂ ਗ੍ਰੰਥਾਂ ਵਿਚ ਦਿੱਤੀ ਪ੍ਰਮੁੱਖਤਾ ਦਾ ਅਧਿਐਨ ਖਾਲਸਾ ਸਾਜਣਾ ਦੇ ਸਿਰਲੇਖ ਹੇਠ ਕੀਤਾ ਗਿਆ ਹੈ। ਗੁਰਮਤੇ ਤੇ ਸਰਬੱਤ ਖਾਲਸੇ ਸੰਬੰਧੀ ਪ੍ਰਚੀਨ ਪੰਥ ਪ੍ਰਕਾਸ਼ ਵਿਚ ਮਿਲਦੇ ਪ੍ਰਸੰਗਾਂ ਦਾ ਰਾਜਨੀਤਿਕ ਪੱਖ ਤੋਂ ਅਧਿਐਨ ਕੀਤਾ ਗਿਆ ਹੈ। ਅਖੀਰ ਵਿਚ ਇਹਨਾਂ ਦੋਵੇਂ ਗ੍ਰੰਥਾਂ ਵਿਚ ਮਿਲਦੇ ਰਾਜਸੀ ਚਿੰਨ੍ਹਾਂ ਅਤੇ ਸੰਕੇਤਾਂ ਨੂੰ ਰਾਜਨੀਤਿਕ ਨੁਕਤੇ ਤੋਂ ਵਾਚਿਆ ਗਿਆ ਹੈ।